

# ਖਾੜਕੂ ਯੋਧੇ

-ਮਨਿੰਦਰ ਸਿੰਘ ਬਾਜਾ



# ਤਤਕਰਾ


ਦੋ ਸ਼ਬਦ 5
ਇਤਨਾ ਜ਼ੁਲਮ ਸਹਾ ਕਿ..... 8
ਜ਼ਖ਼ਮਾਂ ਦੀ ਦਾਸਤਾਨ 10
ਸ਼ਹੀਦ ਭਾਈ ਬੇਅੰਤ ਸਿੰਘ ਮਲੋਆ 14
ਸ਼ਹੀਦ ਭਾਈ ਮੇਜਰ ਸਿੰਘ ਨਾਗੋਕੇ 20
ਜੂਨ 1984 ਦੇ ਘੱਲੂਘਾਰੇ ਵਿਚੋਂ.... 25
ਸ਼ਹੀਦ ਜਨਰਲ ਭਾਈ ਲਾਭ ਸਿੰਘ 26
ਸ਼ਹੀਦ ਭਾਈ ਸੁਖਵਿੰਦਰ ਸਿੰਘ ਪੱਪੂ ਗੋਰਾ 41
ਸ਼ਹੀਦ ਭਾਈ ਗੁਰਮੁਖ ਸਿੰਘ ਨਾਗੋਕੇ 45
ਸ਼ਹੀਦ ਭਾਈ ਮਥਰਾ ਸਿੰਘ 48
ਭਾਈ ਗੁਰਨਾਮ ਸਿੰਘ ਪਹਿਲਵਾਨ ਸੁਲਤਾਨਵਿੰਡ 64
ਸ਼ਹੀਦ ਭਾਈ ਸੁਖਦੇਵ ਸਿੰਘ ਸਖੀਰਾ 69
ਸ਼ਹੀਦ ਭਾਈ ਜਗਬੀਰ ਸਿੰਘ ਜੱਗਾ ਨਾਗੋਕੇ 75
ਸ਼ਹੀਦ ਭਾਈ ਮਹਿੰਦਰ ਸਿੰਘ ਖ਼ਾਲਸਾ 77
ਸ਼ਹੀਦ ਭਾਈ ਸੁਬੇਗ ਸਿੰਘ 81
ਸ਼ਹੀਦ ਭਾਈ ਰਣਜੀਤ ਸਿੰਘ ਰਾਣਾ ਠੇਠਰਕੇ 91
ਸ਼ਹੀਦ ਭਾਈ ਦੇਸਾ ਸਿੰਘ ਕਬਰਵਾਲਾ 96
ਸ਼ਹੀਦ ਭਾਈ ਬਿਕਰਮਜੀਤ ਸਿੰਘ ਕੰਮੋਕੇ 102
ਸ਼ਹੀਦ ਭਾਈ ਹਰਜਿੰਦਰ ਸਿੰਘ ਠੱਕਰ ਸੰਧੂ 108
ਸ਼ਹੀਦ ਭਾਈ ਤਰਸੇਮ ਸਿੰਘ ਕੋਹਾੜ 111
ਸ਼ਹੀਦ ਡਾ: ਭਾਈ ਗੁਰਨਾਮ ਸਿੰਘ ਬੁੱਟਰ 118
ਸ਼ਹੀਦ ਡਾ: ਭਾਈ ਬਰਜਿੰਦਰ ਸਿੰਘ ਪੰਜਵੜ 126
ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ 131
ਪੰਥਕ ਕਮੇਟੀ ਵੱਲੋਂ ਖ਼ਾਲਿਸਤਾਨ.... 139
ਬੀ.ਟੀ.ਐਫ.ਕੇ. ਦੀ ਸਥਾਪਨਾ 141
ਵਿਸ਼ੇਸ਼ ਇੰਟਰਵਿਊ-ਬਾਬਾ ਮਾਨੋਚਾਹਲ 149
ਬਾਬਾ ਮਾਨੋਚਾਹਲ ਦਾ ਕੌਮ ਦੇ ਨਾਂ ਸੰਦੇਸ਼ 159
ਸਰਬੱਤ ਖ਼ਾਲਸਾ-ਫ਼ਰਵਰੀ 1986 164
ਸ਼ਹੀਦ ਭਾਈ ਕਾਰਜ ਸਿੰਘ ਥਾਂਦੇ 174
ਸ਼ਹੀਦ ਭਾਈ ਸੁਖਵਿੰਦਰ ਸਿੰਘ ਸੰਘਾ 180
ਪਿੰਡ ਮੂਸੇ ਦਾ ਆਰ-ਪਾਰ ਦਾ ਮੁਕਾਬਲਾ 188
ਸ਼ਹੀਦ ਭਾਈ ਰਛਪਾਲ ਸਿੰਘ ਛੰਦੜਾ 199
ਭਾਈ ਬਿਕਰਮਜੀਤ ਸਿੰਘ ਨਾਰਲਾ 203
ਸ਼ਹੀਦ ਭਾਈ ਭੁਪਿੰਦਰ ਸਿੰਘ ਭਿੰਦਾ ਕੰਮੋਕੇ 210
ਖਾੜਕੂ ਜਥੇਬੰਦੀ ਦਸਮੇਸ਼ ਰੈਜੀਮੈਂਟ ਦੇ ਸੂਰਮੇ 215
ਮੱਤੇਵਾਲ ਮੁਕਾਬਲੇ ਦੇ ਜੁਝਾਰੂ 228
ਸ਼ਹੀਦ ਭਾਈ ਤਰਸੇਮ ਸਿੰਘ ਮੱਤੇਵਾਲ 229
ਸ਼ਹੀਦ ਭਾਈ ਗੁਰਨਾਮ ਸਿੰਘ ਮੱਤੇਵਾਲ 231
ਸ਼ਹੀਦ ਗਿਆਨੀ ਭਾਈ ਅਰੂੜ ਸਿੰਘ 232
ਸ਼ਹੀਦ ਭਾਈ ਅਵਤਾਰ ਸਿੰਘ ਬ੍ਰਹਮਾ 239
ਸ਼ਹੀਦ ਭਾਈ ਵਰਿਆਮ ਸਿੰਘ ਖੱਪਿਆਂਵਾਲੀ 252
ਸ਼ਹੀਦ ਭਾਈ ਜੁਗਰਾਜ ਸਿੰਘ ਤੂਫ਼ਾਨ 260
ਸ਼ਹੀਦ ਭਾਈ ਜੁਗਰਾਜ ਸਿੰਘ ਸਮਾਲਸਰ 270
ਸ਼ਹੀਦ ਭਾਈ ਗੁਰਮੇਜ ਸਿੰਘ ਵਿਲਵਾਂ 277
ਸ਼ਹੀਦ ਭਾਈ ਮਨਜੀਤ ਸਿੰਘ ਖੁਜਾਲਾ 284
ਸ਼ਹੀਦ ਭਾਈ ਰੇਸ਼ਮ ਸਿੰਘ ਥਾਂਦੇ 290
ਸ਼ਹੀਦ ਭਾਈ ਕੁਲਦੀਪ ਸਿੰਘ ਮੁੱਛਲ 296
ਸ਼ਹੀਦ ਬਾਬਾ ਰਣਜੀਤ ਸਿੰਘ ਦਿਆਲਗੜ੍ਹ 305
ਸ਼ਹੀਦ ਭਾਈ ਸ਼ਲਵਿੰਦਰ ਸਿੰਘ ਕਿਰਤੋਵਾਲ 309
ਸ਼ਹੀਦ ਭਾਈ ਦਲਵਿੰਦਰ ਸਿੰਘ ਉਗਰੇਵਾਲ 315
ਰਿਬੇਰੋ ਹਮਲਾ ਕਾਂਡ 318
ਸ਼ਹੀਦ ਭਾਈ ਅਨੋਖ ਸਿੰਘ ਬੱਬਰ 322
ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ 328
ਸ਼ਹੀਦ ਭਾਈ ਮਨਜੀਤ ਸਿੰਘ ਦਰਗਾਬਾਦ 338


***

# ਖਾੜਕੂ ਯੋਧੇ

*ਲੇਖਕ :*

**ਮਨਿੰਦਰ ਸਿੰਘ ਬਾਜਾ**

*ਪਰੂਫ ਰੀਡਰ :*

**ਬਘੇਲ ਸਿੰਘ ਬਾਗੀ**

*ਪ੍ਰਕਾਸ਼ਕ :*

**ਗੁਰਮਤਿ ਪੁਸਤਕ ਭੰਡਾਰ** (31 ਨੰਬਰ ਵਾਲੇ)

ਦੁਕਾਨ ਨੰ : 154, ਸਕੂਟਰ ਸਟੈਂਡ ਦੇ ਉੱਪਰ,

ਘੰਟਾ ਘਰ ਮਾਰਕੀਟ, ਅੰਮ੍ਰਿਤਸਰ।

# KHARKOO ZODEY

*by*

**Maninder Singh Baja**

© ਪ੍ਰਕਾਸ਼ਕ

ਪਹਿਲੀ ਵਾਰ : 2009

ਕੀਮਤ : 300/- ਰੁਪਏ

*ਪਰੂਫ ਰੀਡਰ :*

**ਬਘੇਲ ਸਿੰਘ ਬਾਗੀ**

*ਪ੍ਰਕਾਸ਼ਕ :*

**ਗੁਰਮਤਿ ਪੁਸਤਕ ਭੰਡਾਰ** (31 ਨੰਬਰ ਵਾਲੇ)

ਦੁਕਾਨ ਨੰ : 154, ਸਕੂਟਰ ਸਟੈਂਡ ਦੇ ਉੱਪਰ,

ਘੰਟਾ ਘਰ ਮਾਰਕੀਟ, ਅੰਮ੍ਰਿਤਸਰ।

ਫੋਨ : 0183-5101231

ਮੋਬਾਇਲ : 98726-58302, 98151-61234

*ਪ੍ਰਿੰਟਰ :*

**ਦਸ਼ਮੇਸ਼ ਪ੍ਰਿੰਟਿੰਗ ਪ੍ਰੈਸ, ਜਲੰਧਰ।**

Printed in India

# ਦੋ ਸ਼ਬਦ

ਸਿੱਖ ਇਤਿਹਾਸ ਪੜ੍ਹੀਏ ਤਾਂ ਸਾਨੂੰ ਉਹਨਾਂ ਸ਼ਹੀਦਾਂ ਦੀ ਯਾਦ ਤਾਜ਼ਾ ਹੋ ਆਉਂਦੀ ਹੈ, ਜਿਨ੍ਹਾਂ ਨੇ ਚੌਰਾਹਿਆਂ ਵਿਚ ਬੈਠ ਕੇ ਆਪਣੇ ਸਰੀਰ ਨੂੰ ਕਟਾਇਆ। ਉਹਨਾਂ ਸ਼ਹੀਦਾਂ ਦੀ ਯਾਦ ਸਾਡੇ ਡੌਲਿਆਂ ਨੂੰ ਫਰਕਣ ਦਾ ਜੋਸ਼ ਲਿਆਉਂਦੀ, ਜਿਨ੍ਹਾਂ ਸ਼ਹੀਦਾਂ ਨੇ ਰੰਬੀਆਂ ਨਾਲ ਖੱਪਰ ਲੁਹਾਇਆ, ਆਰਿਆਂ ਨਾਲ ਦੋ ਫਾੜ ਹੋ ਗਏ, ਬੰਦ-ਬੰਦ ਕਟਵਾ ਦਿੱਤਾ, ਜਿਹੜੇ ਉੱਬਲਦੀਆਂ ਦੇਗਾਂ ਵਿਚ ਬੈਠ ਗਏ, ਉਹਨਾਂ ਦੀ ਕਥਾ ਸੁਣ ਕੇ ਜਿਹੜੇ ਸ਼ਹੀਦਾਂ ਨੇ 18 ਕਿਲੋ ਦਾ ਖੰਡਾ ਉਠਾ ਕੇ ਜ਼ਾਲਮਾਂ ਨਾਲ ਕੱਟੇ ਹੋਏ ਸੀਸ ਨੂੰ ਤਲੀ ਉਪਰ ਰੱਖ ਕੇ ਲੜਿਆ ਹੈ ਤਾਂ ਹਰ ਮਾਂ ਆਪਣੇ ਪੁੱਤਰ ਨੂੰ ਸ਼ਹੀਦੀ ਗਾਨਾ ਬੰਨ੍ਹਣ ਵਾਸਤੇ ਤਿਆਰ ਹੋ ਜਾਂਦੀ ਹੈ। ਕਹਿੰਦੇ ਹਨ ਕਿ ਸ਼ਹੀਦਾਂ ਦੀਆਂ ਕਹਾਣੀਆਂ ਨਹੀਂ ਹੁੰਦੀਆਂ, ਸ਼ਹੀਦਾਂ ਦੀਆਂ ਵਾਰਾਂ ਹੁੰਦੀਆਂ ਨੇ, ਸ਼ਹੀਦਾਂ ਦੀ ਕਥਾ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਤੋਂ ਲੈ ਕੇ ਅੱਜ ਤਕ ਸ਼ਹੀਦਾਂ ਦੀ ਕਤਾਰ ਬਣੀ ਆਈ ਹੈ। ਇਤਿਹਾਸ ਇਹ ਵੀ ਲਿਖਦਾ ਹੈ ਕਿ ਕਿਸੇ ਸਿੱਖ ਨੇ ਖੰਡੇ ਨਾਲ ਰਾਜ ਕੀਤਾ, ਕਿਸੇ ਨੇ ਇਕ ਡੰਡੇ ਮਾਤਰ ਨਾਲ ਰਾਜ ਕੀਤਾ, ਕਿਸੇ ਸਿੱਖ ਨੇ ਤੀਰਾਂ ਨਾਲ ਰਾਜ ਕੀਤਾ, ਕਿਸੇ ਨੇ ਬਾਹੂਬਲ ਸ਼ਕਤੀ ਨਾਲ ਰਾਜ ਕੀਤਾ ਅਤੇ ਕਿਸੇ ਨੇ ਭਗਤੀ ਨਾਲ ਰਾਜ ਕੀਤਾ। ਕਿਸੇ ਸਿੱਖ ਨੇ ਆਪਣੇ ਧਰਮ ਨੂੰ ਦਾਗ਼ ਨਹੀਂ ਲੱਗਣ ਦਿੱਤਾ ਅਤੇ ਸਰੀਰ ਉਪਰ ਕਸ਼ਟ ਸਹਾਰਦੇ ਹੋਏ ਸ਼ਹੀਦੀ ਪਾ ਗਏ। ਉਹਨਾਂ ਦੀ ਕੁਰਬਾਨੀ ਨੂੰ ਦੇਖਿਆ ਜਾਵੇ ਤਾਂ ਖੋਪਰੀਆਂ ਲੁਹਾਉਣ ਵਾਲੇ ਸਿੱਖਾਂ ਨਾਲੋਂ ਘੱਟ ਨਹੀਂ ਹਨ। ਅੱਜ ਕੱਲ ਵੀ ਸਿੱਖਾਂ ਨੂੰ ਜ਼ਾਲਮਾਂ ਰਾਹੀਂ ਗੱਡੀਆਂ ਪਿੱਛੇ ਪਾ ਕੇ ਧੂਹਿਆ ਜਾਂਦਾ ਹੈ, ਉਹਨਾਂ ਦੀਆਂ ਅੱਖਾਂ ਕੱਢ ਦਿੰਦੇ ਹਨ। ਜ਼ਾਲਮ ਉਂਗਲਾਂ ਦੇ ਨਹੁੰ ਜਮੂਰਾਂ ਨਾਲ ਖਿੱਚ ਦਿੰਦੇ ਹਨ। ਵਿਰਸੇ ਵਿਚ ਮਿਲਿਆ ਇਹ ਸ਼ਹੀਦੀ ਦੌਰ ਅਜੇ ਖ਼ਤਮ ਨਹੀਂ ਹੋਇਆ, ਜ਼ਾਲਮ ਦੀਆਂ ਲੂੰਬੜ-ਚਾਲਾਂ ਨਾਲ ਲੜਦਿਆਂ ਸਿੱਖ ਸ਼ਹਾਦਤਾਂ ਪਾਉਣ ਤੋਂ ਅਜੇ ਟਲੇ ਨਹੀਂ। ਲੱਤਾਂ ਤੇ ਬਾਹਵਾਂ ਦਾ ਮਾਸ ਚੀਰ ਕੇ ਨਮਕ ਪਾਇਆ ਜਾਂਦਾ ਹੈ, ਪਰ ਗੁਰੂ ਦੇ ਲਾਲ ਸੀਅ ਨਹੀਂ ਕਰਦੇ। ਉਹਨਾਂ ਨੇ ਵੀ ਆਪਣੇ ਮਾਂ ਦੇ ਚੁੰਘੇ ਹੋਏ ਦੁੱਧ ਨੂੰ ਦਾਗ਼ ਨਹੀਂ ਲਾਇਆ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਫ਼ੁਰਮਾਏ ਅਨੁਸਾਰ ਕੀਤਾ ਹੈ:

**ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ॥**

ਧਰਮੀ ਸਿੱਖਾਂ ਨੇ ਆਪਣੇ ਕਲਗੀਆਂ ਵਾਲੇ ਨੂੰ ਯਾਦ ਕੀਤਾ ਅਤੇ ਲੜਾਈ ਦੇ ਮੈਦਾਨ ਅੰਦਰ ਆ ਗਏ।

## ਪਹਿਲਾ ਮਰਣ ਕਬੂਲ ਜੀਵਨ ਕੀ ਛਡਿ ਆਸ॥

ਇਹਨਾਂ ਸ਼ਬਦਾਂ ਨੂੰ ਪਰਵਾਨ ਕੀਤਾ ਯੋਧਿਆਂ ਨੇ, ਸਿੱਖਾਂ ਨੇ ਜ਼ਾਲਮਾਂ ਨਾਲ ਡਟ ਕੇ ਮੁਕਾਬਲੇ ਕੀਤੇ। ਆਪਣੇ ਸੱਚਖੰਡ ਦਰਬਾਰ ਸਾਹਿਬ ਦੀ ਸ਼ਾਨ ਨੂੰ ਕਾਇਮ ਰੱਖਿਆ। ਜਿਸ ਦਿਨ ਤੋਂ ਜ਼ਾਲਮ ਸਰਕਾਰ ਨੇ ਸਾਡੇ ਧਰਮ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ, ਉਸ ਦਿਨ ਤੋਂ ਹੀ ਐਸੀ ਖ਼ਾਲਿਸਤਾਨ ਦੀ ਨੀਂਹ ਰੱਖ ਦਿੱਤੀ ਗਈ ਸੀ ਅਤੇ ਵਦਰੌਣੀ ਜ਼ਾਲਮਾਂ ਨਾਲ ਲੜਨ ਦੀ ਤਿਆਰੀ ਕਰ ਲਈ ਸੀ। ਜਿਨ੍ਹਾਂ ਨੇ ਖ਼ਾਲਿਸਤਾਨ ਦੀ ਲੜਾਈ ਅੰਦਰ ਸ਼ਹਾਦਤ ਦਾ ਜਾਮ ਪੀਤਾ, ਉਹਨਾਂ ਨੂੰ ਯਾਦ ਕਰਦੇ ਹਾਂ ਤਾਂ ਸਾਡੀ ਸਾਰੀ ਆਤਮਾ ਸਾਨੂੰ ਪੁਕਾਰ-ਪੁਕਾਰ ਕੇ ਆਖਦੀ ਹੈ ਕਿ ਲੜਨ ਵਾਸਤੇ ਤਿਆਰ ਹੋ ਜਾਉ। ਅਸੀਂ ਖ਼ਾਲਿਸਤਾਨ ਤਾਂ ਬਣਾ ਲੈਣਾ ਸੀ ਪਰ ਸਾਡੇ ਹੀ ਕੁਝ ਸਿੱਖਾਂ ਨੇ ਆਪਣੀ ਨੀਂਹ ਨੂੰ ਪੈਰਾਂ ਥੱਲਿਉਂ ਕੱਢ ਦਿੱਤਾ ਸੀ। ਕੀ ਉਹ ਪੰਜਾਬ ਦੀ ਧਰਤੀ ਅਤੇ ਮਾਂ ਪੰਜਾਬਣ ਦੇ ਘਰ ਪੈਦਾ ਨਹੀਂ ਹੋਏ ਸਨ? ਉਹਨਾਂ ਆਪਣੇ ਪੈਰਾਂ ਉਪਰ ਕਹੀ ਮਾਰੀ, ਸਾਡੀ ਪਿੱਠ ਵਿਚ ਛੁਰੀ ਮਾਰਨ ਵਾਲੇ ਗ਼ੱਦਾਰੋ, ਤੁਹਾਡਾ ਨਾਮ ਸੁਣਨ 'ਤੇ ਸਾਡਾ ਹੱਥ ਏ.ਕੇ. ਸੰਤਾਲੀ ਦੇ ਘੋੜੇ ਉਪਰ ਚਲਾ ਜਾਂਦਾ ਹੈ। ਕਹਿੰਦੇ ਹਨ ਕਿ ਗ਼ੱਦਾਰ ਆਪਣੇ ਹੀ ਹਨ, ਇਹਨਾਂ ਨੇ ਗੁਰੂਆਂ ਨੂੰ ਨਹੀਂ ਬਖ਼ਸ਼ਿਆ। ਪਹਿਲੇ ਦਿਨ ਤੋਂ ਸਿੱਖਾਂ ਨਾਲ ਗ਼ੱਦਾਰੀ ਹੁੰਦੀ ਆਈ ਹੈ। ਜਿੰਨੀ ਸਿੱਖ ਮਾਰਸ਼ਲ ਕੌਮ ਹੈ, ਉਤਨੇ ਹੀ ਇਸ ਵਿਚ ਗ਼ੱਦਾਰ ਵੀ ਹਨ। ਜਦੋਂ ਸਿੱਖਾਂ ਦਾ ਨਾਮ ਕੌਮ ਦੇ ਗ਼ੱਦਾਰਾਂ ਵਿਚ ਲਿਖਦਾ ਹਾਂ ਤਾਂ ਮੇਰੀ ਕਲਮ ਵੀ ਰੁਕ-ਰੁਕ ਰੋਂਦੀ ਹੈ, ਧਾਹਾਂ ਮਾਰਦੀ ਹੈ। ਆਪਣੇ ਹੀ ਭਰਾਵਾਂ ਨੂੰ, ਆਪਣੇ ਹੀ ਬੱਚਿਆਂ ਨੂੰ ਘੇਰੇ ਪਵਾ ਕੇ ਸ਼ਹੀਦ ਕਰਾ ਦਿੱਤਾ। ਕੀ ਜੋ ਆਪਣੇ ਪਰਿਵਾਰ ਨੂੰ ਛੱਡ ਕੇ ਮਰਨ ਵਾਸਤੇ ਲੜਾਈ ਦੇ ਮੈਦਾਨ ਅੰਦਰ ਰਹਿੰਦੇ ਹਨ, ਕੀ ਉਹਨਾਂ ਨੇ ਖ਼ਾਲਿਸਤਾਨ ਬਣਾ ਕੇ ਇਕੱਲਿਆਂ ਰਾਜ ਕਰਨਾ ਸੀ? ਤੁਹਾਡੀਆਂ ਬੱਚੀਆਂ ਦੀ ਬੇਇੱਜ਼ਤੀ ਨੂੰ ਰੋਕਿਆ, ਮਾੜਿਆਂ ਤੋਂ ਹਿਫ਼ਾਜ਼ਤ ਕੀਤੀ। ਉਹਨਾਂ ਨੂੰ ਪੁੱਛੋ, ਜਿਹੜੇ ਲੜਕੀ ਦੀ ਸ਼ਾਦੀ ਤੋਂ 6 ਮਹੀਨੇ ਪਹਿਲਾਂ ਹੀ ਅੱਥਰੂ ਵਹਾਉਣਾ ਸ਼ੁਰੂ ਕਰ ਦਿੰਦੇ ਸਨ, ਜਿਹੜੇ ਸੌ-ਸੌ ਬਰਾਤੀਆਂ ਨੂੰ ਨਹੀਂ ਸੀ ਸੰਭਾਲ ਸਕਦੇ। ਆਪਣੀ ਇੱਜ਼ਤ ਨੂੰ ਬਚਾਉਣ ਵਾਸਤੇ ਕਰਜ਼ੇ ਥੱਲੇ ਆਉਣਾ ਪੈਂਦਾ ਸੀ। ਉਹਨਾਂ ਦੀ ਮਦਦ ਕੀਤੀ ਖਾੜਕੂ ਨੌਜਵਾਨਾਂ ਨੇ। ਗਿਆਰਾਂ ਆਦਮੀ ਬਰਾਤੀ ਕਰ ਦਿੱਤੇ। ਆਰਾਮ ਨਾਲ ਆਨੰਦ ਕਾਰਜ ਹੋ ਜਾਂਦਾ ਸੀ। ਹੁਣ ਫਿਰ ਵੇਖੋ, ਬੱਸਾਂ ਦੇ ਸੱਜੇ-ਖੱਬੇ ਲਮਕ ਕੇ ਜਾਣੋ ਨਹੀਂ ਹਟਦੇ। ਅਸੀਂ ਕੀ ਕਹਿਣਾ ਹੈ, ਮਰੋ। ਹੁਣ ਅਸੀਂ ਤੁਹਾਨੂੰ ਮਰਨੋਂ ਨਹੀਂ ਬਚਾਵਾਂਗੇ। ਇਸ ਵਿਚ ਕੀ ਮਾੜੀ ਗੱਲ ਸੀ, ਜੋ ਤੁਹਾਨੂੰ ਚੰਗੀ ਨਹੀਂ ਲੱਗੀ? ਸਿੱਖਾਂ ਨੇ ਜੋ ਵੀ ਨੀਂਹ ਰੱਖੀ, ਉਹ ਗ਼ਲਤ ਨਹੀਂ ਰੱਖੀ। ਪਰ ਤੁਸੀਂ ਵੀ ਸਿੱਖ ਹੀ ਸੀ, ਤੁਸੀਂ ਕਿਉਂ ਆਪਣੇ ਭਰਾਵਾਂ ਨੂੰ ਸ਼ਹੀਦ ਕਰਵਾਉਣਾ ਸ਼ੁਰੂ ਕਰ ਦਿੱਤਾ? ਯਾਦ ਰੱਖੋ, ਤੁਹਾਨੂੰ ਉਪਰ ਵਾਲਾ ਕਦੀ ਮਾਫ਼ ਨਹੀਂ ਕਰੇਗਾ। ਜਿਸ ਮਾਂ ਦੇ ਪੁੱਤਰ ਨੂੰ ਘੇਰੇ ਅੰਦਰ ਲਿਆ ਕੇ ਤੁਸੀਂ ਜ਼ਾਲਮ ਵਰਦੋਈ ਦੇ ਹੱਥ ਦਿੱਤਾ, ਉਸ ਨੂੰ ਕੋਈ ਪੁੱਛ ਕੇ ਦੇਖੇ, ਕਿੰਨੇ ਕੀਰਨੇ ਪਾ ਰਹੀ ਹੈ। ਉਸ ਭੈਣ ਨੂੰ ਪੁੱਛੋ, ਜਿਸ ਦਾ ਇਕੱਲਾ ਵੀਰ ਸੀ, ਜੋ ਹੁਣ ਰੱਖੜੀ ਬੰਨ੍ਹਣ ਤੋਂ ਵੀ ਤਰਸ ਰਹੀ

ਹੈ। ਕੀ ਤੁਸੀਂ ਉਸ ਦੇ ਵੀਰ ਨੂੰ ਸ਼ਹੀਦ ਕਰਵਾ ਕੇ ਉਹਨਾਂ ਪਰਿਵਾਰਾਂ ਦੀ ਖ਼ੁਸ਼ੀ ਦੀ ਨਿੱਘ ਅੰਦਰ ਆਪ ਰਹਿਣਾ ਚਾਹੁੰਦੇ ਹੋ? ਉਸ ਪਿਤਾ ਨੂੰ ਪੁੱਛੋ ਜੋ ਪੁੱਤਰ ਦੀ ਬਲਦੀ ਚਿਖਾ ਤਕ ਨਹੀਂ ਦੇਖ ਸਕਿਆ। ਕਈ ਖਾੜਕੂਆਂ ਦੇ ਪਿਤਾ ਤਾਂ ਜ਼ੁਲਮਾਂ ਦੀ ਮਾਰ ਖਾਂਦੇ-ਖਾਂਦੇ ਵਾਹਿਗੁਰੂ ਨੂੰ ਪਿਆਰੇ ਹੋ ਗਏ ਅਤੇ ਕਈ ਖੂੰਡੀ ਦੇ ਸਹਾਰੇ ਵਕਤ ਗੁਜ਼ਾਰ ਰਹੇ ਹਨ। ਇਸ ਸਮੇਂ ਦੌਰਾਨ ਕਈ ਇਨਸਾਨਾਂ ਨੂੰ ਤੱਤੀ ਹਵਾ ਲੱਗੀ ਹੈ। ਕਿਸੇ ਦੇ ਮਾਮੇ ਦਾ ਪੁੱਤਰ, ਕਿਸੇ ਦੀ ਮਾਸੀ ਦਾ ਪੁੱਤਰ, ਤਾਏ ਦਾ ਪੁੱਤਰ, ਚਾਚੇ ਦਾ ਪੁੱਤਰ ਸ਼ਹੀਦ ਹੋ ਗਿਆ। ਕਿਸੇ ਪਿੰਡ ਵਿਚੋਂ ਦਸ-ਦਸ, ਕਿਸੇ ਪਿੰਡ ਵਿਚੋਂ 15 ਅਤੇ ਕਿਸੇ ਪਿੰਡ ਵਿਚੋਂ 20 ਖਾੜਕੂ ਨੌਜਵਾਨ ਖ਼ਾਲਿਸਤਾਨ ਦੀ ਲੜਾਈ ਅੰਦਰ ਸ਼ਹੀਦ ਹੋ ਗਏ। ਵੇਖਿਆ ਜਾਵੇ ਤਾਂ ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹੇ ਵਿਚ ਬਹੁਤ ਹੀ ਜ਼ਿਆਦਾ ਖਾੜਕੂ ਨੌਜਵਾਨ ਸ਼ਹੀਦ ਹੋ ਗਏ। ਅਖ਼ਬਾਰ ਦੀ ਖ਼ਬਰ ਅਨੁਸਾਰ 25000 (ਪੰਜੀ ਹਜ਼ਾਰ) ਨੌਜਵਾਨ ਸਿੱਖ ਖ਼ਾਲਸਾ ਰਾਜ ਦੀ ਸਥਾਪਤੀ ਵਾਸਤੇ ਸ਼ਹੀਦੀ ਜਾਮ ਪੀ ਗਏ। ਉਹਨਾਂ ਨੌਜਵਾਨਾਂ ਤੋਂ ਜ਼ਿਆਦਾ ਉਹਨਾਂ ਦੇ ਪਰਿਵਾਰਾਂ ਨੇ ਹਿੱਸਾ ਪਾਇਆ ਹੈ। ਛੇ-ਛੇ ਮਾਰਾਂ ਮਾਰੀਆਂ ਜ਼ਾਲਮਾਂ ਨੇ, ਮਾਤਾਵਾਂ ਦੀ ਬੇਇੱਜ਼ਤੀ ਕੀਤੀ ਗਈ, ਭੈਣਾਂ 'ਤੇ ਤਸ਼ੱਦਦ ਕੀਤਾ ਗਿਆ, ਮਾਲ-ਡੰਗਰ ਖੋਹ ਲਿਆ, ਪੈਸਾ-ਧੇਲਾ ਵੀ ਕੋਲ ਨਾ ਰਹਿਣ ਦਿੱਤਾ, ਸਕੂਟਰ, ਟਰੈਕਟਰ ਤੀਕ ਜ਼ਬਤ ਕਰ ਲਏ। ਕੀ ਅਜਿਹੇ ਕਰਨ ਵਾਲੇ ਵੀ ਸਿੱਖ ਹੀ ਸਨ? ਉਹ ਹੈ ਤਾਂ ਸਿੱਖ ਹੀ ਸਨ ਪਰ ਉਹ ਸਿੱਖ ਸਨ ਜਿਹੜੇ ਪਹਿਲਾਂ ਮੁਸਲਮਾਨ ਅਤੇ ਸਿੱਖਾਂ ਨੂੰ ਇਕੱਠਿਆਂ ਸੰਸਕਾਰ ਕਰ ਦਿੱਤਾ ਸੀ, ਉਹ ਪੰਜਾਬ ਮਾਂ ਦੇ ਘਰ ਪੈਦਾ ਹੋ ਕੇ ਧਰਮ ਨੂੰ ਪਿੱਛੇ ਕਰਨਾ ਚਾਹੁੰਦੇ ਸਨ।

ਪਰ ਅਜਿਹਾ ਹੋ ਨਹੀਂ ਸਕਿਆ। ਬੇਸ਼ੱਕ ਸਮੇਂ ਦੇ ਕਾਲ-ਚੱਕਰ ਵਿਚ ਅਸੀਂ ਬਹੁਤ ਕੁਝ ਗਵਾ ਲਿਆ ਹੈ, ਪਰ ਇਕ ਗੱਲ ਤਾਂ ਅੱਜ ਸਪੱਸ਼ਟ ਹੈ ਕਿ ਸਿੱਖ ਇਕ ਵੱਖਰੀ ਕੌਮ ਵਜੋਂ ਦੁਨੀਆਂ ਦੇ ਨਕਸ਼ੇ 'ਤੇ ਉਭਰ ਕੇ ਆਈ ਹੈ। ਕੋਈ ਮਾਈ ਦਾ ਲਾਲ ਨਹੀਂ ਕਹਿ ਸਕਦਾ ਕਿ ਸਿੱਖ ਇਤਿਹਾਸ ਨਹੀਂ, ਮਿਥਿਹਾਸ ਹੈ। ਜੇ ਕੱਲ ਵੀ ਬੰਦ-ਬੰਦ ਕਟਾਉਣ ਵਾਲੇ ਸਨ ਤਾਂ ਅੱਜ ਵੀ ਮੌਜੂਦ ਹਨ, ਕੱਲ ਵੀ ਮੀਰ ਮਨੂੰ ਦੀ ਜੇਲ੍ਹ 'ਚ ਜੇ ਬੱਚਿਆਂ ਦੇ ਟੋਟੇ ਗਲਾਂ ਵਿਚ ਪੁਆ ਕੇ ਉਸ ਮਾਲਕ ਦਾ ਭਾਣਾ ਮਿੱਠਾ ਕਰ ਕੇ ਮੰਨਣ ਵਾਲੀਆਂ ਮਾਵਾਂ ਸਨ ਤਾਂ ਅੱਜ ਵੀ ਹਨ। ਇਸ ਕਿਤਾਬ ਵਿਚ ਉਹਨਾਂ ਜੁਝਾਰੂ ਯੋਧਿਆਂ ਦੀ ਸੂਰਮਗਤੀ ਦਾ ਜ਼ਿਕਰ ਕਰਦੇ-ਕਰਦੇ ਕਈ ਵਾਰ ਉਹਨਾਂ ਦੇ ਪਰਿਵਾਰਾਂ ਨਾਲ ਵਾਪਰੇ ਦੁਖਾਂਤ ਦੀ ਗੱਲ ਵੀ ਤੁਰੀ ਹੈ, ਜਿਸ ਨੂੰ ਅਸੀਂ ਸਮੇਂ ਦੀ ਘਾਟ ਕਾਰਨ ਤੇ ਵਿਸ਼ੇ ਦੀ ਨਾਜ਼ੁਕਤਾ ਕਾਰਨ ਬਹੁਤਾ ਜ਼ਿਆਦਾ ਬਿਆਨ ਨਹੀਂ ਕਰ ਸਕੇ।

ਸਦਾ-ਸਦਾ ਭੁੱਲਣਹਾਰ ਹਾਂ, ਤੁਸੀਂ ਪਾਠਕ ਸੰਗਤ ਰੂਪ ਵਿਚ ਤੇ ਗੁਰੂ ਸਮਰੱਥ ਰੂਪ ਵਿਚ ਬਖ਼ਸ਼ ਸਕਦਾ ਹੈ। ਇਸ ਵਿਚ ਮੇਰਾ ਕੁਝ ਨਹੀਂ ਹੈ, ਸਭ ਕੁਝ ਮੇਰੇ ਗੁਰੂ ਦੀ ਬਖ਼ਸ਼ਿਸ਼ ਹੈ ਤੇ ਉਸ ਦੀ ਰਹਿਮਤ ਹੈ।

*ਮਨਿੰਦਰ ਸਿੰਘ ਬਾਜਾ*

# ਇਤਨਾ ਜ਼ੁਲਮ ਸਹਾ ਕਿ ਇੰਤਹਾ ਹੋ ਗਈ.....

ਭਾਰਤ ਅੰਦਰ ਸਿੱਖਾਂ ਦੀ ਆਬਾਦੀ ਇਥੋਂ ਦੀ ਕੁਲ ਵੱਸੋਂ ਦਾ ਦੋ ਪ੍ਰਤੀਸ਼ਤ ਹਿੱਸਾ ਵੀ ਨਹੀਂ, ਪਰ ਇਸ ਲਈ ਆਪਾ ਕੁਰਬਾਨ ਕਰਨ ਵਾਲੇ ਸਪੂਤਾਂ ਤੇ ਦੇਸ਼ ਦੀ ਜ਼ਿੰਮੇਵਾਰੀ ਲਈ ਘਾਲੀਆਂ ਘਾਲਣਾਂ ਦੇ ਬਿਨਾਂ ਇਤਿਹਾਸ, ਇਤਿਹਾਸ ਨਹੀਂ ਰਹਿੰਦਾ। ਬਦੇਸ਼ੀ ਤਾਕਤਾਂ ਵਿਰੁੱਧ ਸਾਰਾ ਜੀਵਨ ਹੀ ਜਬਰ ਤੇ ਜ਼ੁਲਮ ਕਰਨ ਵਾਲਿਆਂ ਦੇ ਖ਼ਾਤਮੇ ਲਈ ਲੇਖੇ ਲਾਇਆ। ਗੁਰੂਆਂ ਦੇ ਬਚਨਾਂ 'ਤੇ ਚੱਲਦਿਆਂ ਸਿੱਖ ਕੌਮ ਨੇ ਸੁਤੰਤਰਤਾ ਦਾ ਰਾਹ ਅਪਣਾਇਆ। ਜਦ ਸਾਰਾ ਹਿੰਦੁਸਤਾਨ ਭੋਗ-ਬਿਲਾਸ ਵਿਚ ਖਚਿਤ ਹੋਇਆ ਗ਼ੁਲਾਮ ਹੋ ਗਿਆ ਤਾਂ ਇਧਰ ਖ਼ਾਲਸੇ ਨੇ 1849 ਈਸਵੀ ਤਕ ਅੰਗਰੇਜ਼ਾਂ ਦੇ ਮਨਹੂਸ ਪੈਰਾਂ ਨੂੰ ਇਸ (ਪੰਜਾਬ) ਦੀ ਧਰਤੀ 'ਤੇ ਨਹੀਂ ਰੱਖਣ ਦਿੱਤਾ। ਜਦ 1849 ਵਿਚ ਪੰਜਾਬ ਦੀ ਧਰਤੀ ਉੱਤੇ ਅੰਗਰੇਜ਼ਾਂ ਨੇ ਪੂਰੇ ਹਿੰਦੁਸਤਾਨ ਨੂੰ ਗ਼ੁਲਾਮ ਬਣਾ ਲਿਆ ਤਾਂ ਕੁਝ ਸਮਾਂ ਪਾ ਕੇ ਸਿੱਖ ਕੌਮ ਦੇ ਬਹਾਦਰ ਸਪੂਤਾਂ ਨੇ 1850 'ਚ ਬਗ਼ਾਵਤ ਕਰ ਦਿੱਤੀ। ਬਾਬਾ ਰਾਮ ਸਿੰਘ ਜੀ ਨੇ ਨਾ-ਮਿਲਵਰਤਣ ਲਹਿਰ ਚਲਾ ਕੇ ਵੱਡੀ ਪੱਧਰ ਉੱਤੇ ਬਦੇਸ਼ੀ ਹਕੂਮਤ ਦਾ ਬਾਈਕਾਟ ਕਰ ਦਿੱਤਾ। ਮੰਜ਼ਲ-ਦਰ-ਮੰਜ਼ਲ ਸਿੱਖਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਲਈ ਕੁਰਬਾਨੀਆਂ ਆਰੰਭ ਕਰ ਦਿੱਤੀਆਂ।

1. 1907 ਵਿਚ ਸ. ਅਜੀਤ ਸਿੰਘ ਨੇ 'ਪਗੜੀ ਸੰਭਾਲ ਜੱਟਾ' ਲਹਿਰ ਚਲਾਈ।
2. 1913 ਈਸਵੀ ਵਿਚ ਬਾਬਾ ਸੋਹਣ ਸਿੰਘ ਭਕਨਾ ਨੇ 'ਗ਼ਦਰ ਪਾਰਟੀ' ਦੀ ਨੀਂਹ ਰੱਖੀ।
3. 1914 ਵਿਚ ਬਾਬਾ ਗੁਰਦਿੱਤ ਸਿੰਘ ਜੀ ਨੇ ਕਾਮਾਗਾਟਾਮਾਰੂ ਜਹਾਜ਼ ਦੀ ਵਿਉਂਤ ਬਣਾਈ। ਪੌਣੇ ਚਾਰ ਸੌ ਵਿਦੇਸ਼ੀ ਭਾਰਤੀਆਂ ਨੂੰ ਆਜ਼ਾਦੀ ਲਈ ਪ੍ਰੇਰਿਆ ਤੇ ਬਜਬਜ ਘਾਟ 'ਤੇ ਸੁਤੰਤਰਤਾ ਲਈ ਛਾਤੀਆਂ 'ਚ ਕਈ ਸਿੰਘਾਂ ਨੇ ਗੋਲੀਆਂ ਖਾਧੀਆਂ।
4. ਸ. ਕਰਤਾਰ ਸਿੰਘ ਸਰਾਭਾ ਨੇ ਆਜ਼ਾਦੀ ਲਈ ਜੂਝਦਿਆਂ 14 ਨਵੰਬਰ 1917 ਨੂੰ 12 ਸਿੱਖ ਸਾਥੀਆਂ ਸਮੇਤ ਫ਼ਾਂਸੀ ਦੇ ਰੱਸੇ ਚੁੰਮੇ।
5. ਅਪਰੈਲ 1919 ਦੀ ਵਿਸਾਖੀ ਵਾਲੇ ਦਿਨ ਜੱਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ

ਕਾਂਡ ਵਿਚ ਸ਼ਹੀਦ ਹੋਣ ਵਾਲੇ 1300 ਦੇਸ਼ ਭਗਤਾਂ ਵਿਚੋਂ 799 ਸਿੱਖ ਸਨ ਅਤੇ ਇਸ ਖ਼ੂਨੀ ਕਾਂਡ ਦਾ ਬਦਲਾ ਲੈਣ ਵਾਲਾ ਸ਼ਹੀਦ ਊਧਮ ਸਿੰਘ ਸੁਨਾਮ 20 ਸਾਲ ਬਾਅਦ ਫ਼ਾਂਸੀ ਦੇ ਤਖ਼ਤੇ 'ਤੇ ਝੂਲ ਗਿਆ।

6. ਫਿਰ 9 ਅਗਸਤ 1921 ਨੂੰ ਜੱਲ੍ਹਿਆਂ ਵਾਲੇ ਬਾਗ਼ ਅੰਮ੍ਰਿਤਸਰ ਵਿਖੇ ਨਿਰੋਲ ਅਕਾਲੀ ਝੰਡੇ ਹੇਠਾਂ ਗੁਰੂ ਕੇ ਬਾਗ਼ ਦਾ ਮੋਰਚਾ ਆਰੰਭਿਆ। ਇਸ ਮੋਰਚੇ ਨਾਲ ਅਹਿੰਸਾ ਦੀ ਅਜਿਹੀ ਮਿਸਾਲ ਕਾਇਮ ਕੀਤੀ ਕਿ ਫੋਕੀ ਗਾਂਧੀਵਾਦੀ ਅਹਿੰਸਾ ਨੂੰ ਵੀ ਸ਼ਰਮ ਆ ਗਈ।

7. ਸ. ਭਗਤ ਸਿੰਘ ਨੇ ਦੇਸ਼ ਦੇ ਦੁਸ਼ਮਣਾਂ ਨੂੰ ਮਾਰ ਕੇ ਫ਼ਾਂਸੀ ਦੇ ਰੱਸੇ ਚੁੰਮੇ।

ਸਿੱਖ ਕੌਮ ਵੱਲੋਂ ਕੀਤੀਆਂ ਵੱਡੀਆਂ ਕੁਰਬਾਨੀਆਂ ਵੇਖ ਕੇ ਮੌਲਾਨਾ ਆਜ਼ਾਦ, ਆਜ਼ਾਦੀ ਦੇ ਪਰਵਾਨਿਆਂ ਦੇ ਅੰਕੜਿਆਂ ਦੀ ਪੁਸ਼ਟੀ ਆਪ ਕਰਦਾ ਹੈ:

| ਨੰ. | ਜੋ ਸਜ਼ਾ ਮਿਲੀ | ਗ਼ੈਰ-ਸਿੱਖ | ਸਿੱਖ | ਜੋੜ |
|---|---|---|---|---|
| 1. | ਫ਼ਾਂਸੀ ਮਿਲੀ | 28 | 93 | 121 |
| 2. | ਉਮਰ ਕੈਦ | 499 | 2147 | 2646 |
| 3. | ਜੱਲ੍ਹਿਆਂ ਵਾਲੇ ਬਾਗ਼ ਦੇ ਸ਼ਹੀਦ | 501 | 799 | 1300 |
| 4. | ਬਜਬਜ ਘਾਟ ਦੇ ਸ਼ਹੀਦ | 46 | 67 | 113 |
| 5. | ਕੂਕਾ ਲਹਿਰ ਦੇ ਸ਼ਹੀਦ | — | 91 | 91 |
| 6. | ਅਕਾਲੀ ਲਹਿਰ ਦੇ ਸ਼ਹੀਦ | — | 500 | 500 |
| | ਕੁਲ ਜੋੜ | 1074 | 3697 | 4771 |

ਆਜ਼ਾਦੀ ਤੋਂ ਪਹਿਲਾਂ ਉਸ ਸਮੇਂ ਦੇ ਨੈਸ਼ਨਲ ਲੀਡਰਾਂ ਦੇ ਸਿੱਖ ਕੌਮ ਪ੍ਰਤੀ ਇਹ ਵਿਚਾਰ ਸਨ:

ਮੈਂ ਪ੍ਰਨਾਮ ਕਰਦਾ ਹਾਂ ਅਕਾਲੀਆਂ (ਸਿੱਖਾਂ) ਨੂੰ ਜਿਨ੍ਹਾਂ ਦੇਸ਼ ਦੀ ਆਜ਼ਾਦੀ ਲਈ ਘੋਲ ਆਰੰਭਿਆ ਹੈ।

*—ਪੰਡਿਤ ਜਵਾਹਰ ਲਾਲ ਨਹਿਰੂ*

ਗੁਰੂ ਕੇ ਬਾਗ਼ ਦੇ ਮੋਰਚੇ 'ਚ ਹੀ ਦੇਸ਼ ਦੀ ਸੁਤੰਤਰਤਾ ਦੀ ਲਹਿਰ ਉੱਠੀ ਹੈ ਅਤੇ ਹੁਣ ਇਸੇ ਨੇ ਹੀ ਦੇਸ਼ ਨੂੰ ਆਜ਼ਾਦ ਕਰਵਾਉਣਾ ਹੈ।

*—ਪੰਡਿਤ ਮਦਨ ਮੋਹਨ ਮਾਲਵੀਆ*

ਸਿੱਖਾਂ ਨੇ ਸਾਨੂੰ ਆਜ਼ਾਦੀ ਪ੍ਰਾਪਤੀ ਦੀ ਜਾਚ ਸਿਖਾ ਦਿੱਤੀ ਹੈ। ਹੁਣ ਦੁਨੀਆਂ ਦੀ ਕੋਈ ਤਾਕਤ ਸਾਨੂੰ ਗ਼ੁਲਾਮ ਨਹੀਂ ਰੱਖ ਸਕਦੀ।

*—ਡਾ. ਸੈਫ਼ੁਦੀਨ ਕਿਚਲੂ*

ਸਿੱਖ ਕੌਮ ਦੇ ਇਹਨਾਂ ਸ਼ੇਰਾਂ ਦੇ ਹੁੰਦਿਆਂ ਹੁਣ ਦੇਸ਼ ਗ਼ੁਲਾਮ ਨਹੀਂ ਰਹਿ ਸਕਦਾ।

*—ਦਾਦਾ ਭਾਈ ਨਾਰੋਜੀ*

ਆਜ਼ਾਦੀ ਹਰ ਇਕ ਦਾ ਹੱਕ ਹੈ, ਅਸੀਂ ਕੁਪੁੱਤਰ ਹਾਂ, ਪਰ ਅਕਾਲੀ (ਸਿੱਖ) ਸਪੁੱਤਰ ਹਨ, ਜਿਹੜੇ ਆਪਣੇ ਇਸ ਹੱਕ ਲਈ ਲੜ ਰਹੇ ਹਨ।

*—ਲਾਲਾ ਲਾਜਪਤ ਰਾਏ*

ਮਾਰਚ 1931 ਨੂੰ ਗੁਰਦੁਆਰਾ ਸੀਸ ਗੰਜ ਦਿੱਲੀ ਵਿਖੇ ਸਿੱਖ ਸੰਗਤਾਂ ਨੂੰ ਸੰਬੋਧਨ ਕਰਦਿਆਂ ਗਾਂਧੀ ਨੇ ਕਿਹਾ ਸੀ :

> *"ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਬਚਨਾਂ ਅਤੇ ਕਾਂਗਰਸ ਵੱਲੋਂ ਪ੍ਰਵਾਨ ਕੀਤੇ ਮਤਿਆਂ ਉੱਤੇ ਪੂਰਾ ਇਤਬਾਰ ਕਰੋ। ਤੁਹਾਡੀ ਕੌਮ ਨਾਲ ਕੀ, ਅਸੀਂ ਇਕ ਵਿਅਕਤੀ ਨਾਲ ਵੀ ਵਿਸ਼ਵਾਸਘਾਤ ਨਹੀਂ ਕਰਾਂਗੇ। ਜੇ ਕਾਂਗਰਸ ਅਜਿਹਾ ਕਰੇਗੀ ਤਾਂ ਆਪਣੀ ਤਬਾਹੀ ਆਪ ਮਚਾ ਲਵੇਗੀ। ਤੁਸੀਂ ਦਿਲਾਂ ਵਿਚੋਂ ਵਹਿਮ ਕੱਢ ਦਿਉ। ਮੇਰੇ ਅਤੇ ਕਾਂਗਰਸ ਦਰਮਿਆਨ ਪਰਮਾਤਮਾ ਸਾਖੀ ਹੈ, ਅਸੀਂ ਵਾਅਦਿਆਂ ਉੱਤੇ ਪੂਰੇ ਉਤਰਾਂਗੇ।"*

ਸਿੱਖਾਂ ਨੂੰ ਆਜ਼ਾਦੀ ਦਾ ਨਿੱਘ ਦੇਣ ਵਾਲੇ ਅਜਿਹੇ ਸੈਂਕੜੇ ਵਾਅਦੇ ਸਰਕਾਰੀ ਰਿਕਾਰਡਾਂ ਵਿਚ ਮੌਜੂਦ ਪਏ ਹਨ ਪਰ ਆਜ਼ਾਦ ਭਾਰਤ ਅੰਦਰ ਹਿੰਦੂਵਾਦੀ ਲੀਡਰਾਂ ਉੱਤੇ ਮਜ਼ਹਬ ਦਾ ਜਨੂੰਨ ਭਾਰੀ ਪੈ ਗਿਆ। ਮਜ਼ਹਬ ਦਾ ਅੰਨ੍ਹਾ ਜੋਸ਼ ਜੋ ਦੂਸਰਿਆਂ ਲਈ ਜ਼ੁਲਮ ਬਣ ਕੇ ਵਰ੍ਹਿਆ, ਉਸ ਦਾ ਹਾਲ ਕਲਮ ਦੀ ਨੋਕ ਨਾਲ ਬਿਆਨਣਾ ਸੰਭਵ ਨਹੀਂ। ਪਿਛਲੇ 1947 ਤੋਂ ਹੁਣ ਤਕ ਹਿੰਦੁਸਤਾਨ ਅੰਦਰ ਅਜਿਹੇ ਮਜ਼ਹਬ 'ਚ ਅੰਨ੍ਹੇ ਕਈ ਜਨੂੰਨੀ ਪੈਦਾ ਹੋਏ, ਜਿਹਨਾਂ ਨੇ ਆਪਣੇ ਕੀਤੇ ਵਾਅਦਿਆਂ ਤੋਂ ਮੁੱਕਰ ਕੇ, ਸਿੱਖਾਂ ਦੀਆਂ ਕੁਰਬਾਨੀਆਂ ਨੂੰ ਭੁੱਲ ਕੇ ਉਲਟਾ ਪੰਜਾਬ ਵਿਚ ਸਿੱਖਾਂ ਉੱਤੇ ਅਜਿਹਾ ਜ਼ੁਲਮ ਕੀਤਾ ਕਿ ਦਿਲ ਦਹਿਲ ਉੱਠਦਾ ਹੈ।

## ਕੌਮ ਦੇ ਪਿੰਡੇ 'ਤੇ ਲੱਗੇ ਅਣਗਿਣਤ ਜ਼ਖ਼ਮਾਂ ਦੀ ਦਾਸਤਾਨ

- 10 ਅਕਤੂਬਰ 1947 ਨੂੰ ਆਜ਼ਾਦੀ ਦੀ ਲੜਾਈ ਲਈ 85% ਕੁਰਬਾਨੀਆਂ ਦੇਣ ਵਾਲੇ ਸਿੱਖਾਂ ਸੰਬੰਧੀ ਗ੍ਰਹਿ ਮੰਤਰੀ ਸਰਦਾਰ ਪਟੇਲ ਨੇ ਇਕ ਗੁਪਤ ਫ਼ਿਰਕੂ ਪੱਤਰ ਕੱਢ ਕੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਕਿ, 'ਸਿੱਖ ਸਮੁੱਚੇ ਤੌਰ 'ਤੇ ਜਮਾਂਦਰੂ ਫ਼ਸਾਦੀ ਅਤੇ ਜਰਾਇਮ ਪੇਸ਼ਾ ਲੋਕ ਹਨ ਤੇ ਇਕ ਸੂਬੇ ਦੇ ਅਮਨ-ਪਸੰਦ ਹਿੰਦੂਆਂ ਲਈ ਖ਼ਤਰੇ ਭਰੀ ਵੰਗਾਰ ਬਣ ਸਕਦੇ ਹਨ। ਡਿਪਟੀ ਕਮਿਸ਼ਨਰ ਇਹਨਾਂ ਪ੍ਰਤੀ ਵਿਸ਼ੇਸ਼ ਸਾਧਨ ਅਪਣਾਉਣ।
- 26 ਜਨਵਰੀ 1950 ਨੂੰ ਭਾਰਤ ਦਾ ਸੰਵਿਧਾਨ ਲਾਗੂ ਕਰਦੇ ਸਮੇਂ ਸਿੱਖ ਧਰਮ

ਨੂੰ ਹਿੰਦੂ ਧਰਮ ਦਾ ਹੀ ਇਕ ਹਿੱਸਾ ਮੰਨਿਆ ਗਿਆ ਅਤੇ ਸਿੱਖ ਕੌਮ ਦੀ ਵੱਖਰੀ ਪਹਿਚਾਣ ਮੰਨਣ ਤੋਂ ਇਨਕਾਰ ਕਰ ਦਿੱਤਾ ਗਿਆ।

ਮਾਰਚ 1953 ਨੂੰ ਅਕਾਲੀਆਂ ਦੀ ਮਦਦ ਨਾਲ ਸ. ਗਿਆਨ ਸਿੰਘ ਰਾੜੇਵਾਲਾ ਦੀ ਅਗਵਾਈ ਹੇਠਲੀ ਦੇਸ਼ ਦੀ ਪਹਿਲੀ ਗ਼ੈਰ-ਕਾਂਗਰਸੀ (ਗ਼ੈਰ-ਹਿੰਦੂਸ਼ਾਹੀ ਸਰਕਾਰ) ਨੂੰ ਧਾਰਾ 356 ਦੀ ਵਰਤੋਂ ਕਰ ਕੇ ਭੰਗ ਕਰ ਦਿੱਤਾ ਗਿਆ।

ਜਨਵਰੀ 1955 ਨੂੰ ਗ਼ੈਰ-ਕਾਨੂੰਨੀ ਅਤੇ ਗ਼ੈਰ-ਵਿਧਾਨਕ ਢੰਗ ਨਾਲ ਪੰਜਾਬ ਦੇ ਰਾਵੀ, ਬਿਆਸ ਦੇ ਪਾਣੀ ਵਿਚੋਂ 51% ਹਿੱਸਾ ਰਾਜਸਥਾਨ ਨੂੰ ਦੇ ਦਿੱਤਾ ਗਿਆ। ਵੱਡੀ ਪੱਧਰ ਉੱਤੇ ਪੰਜਾਬ ਨੂੰ ਪਾਣੀਊਂ ਅੰਗਹੀਣ ਬਣਾ ਦਿੱਤਾ।

ਅਪਰੈਲ 1955 ਨੂੰ ਹੀ ਪੰਜਾਬੀ ਬੋਲੀ ਉੱਤੇ ਆਧਾਰਿਤ ਸੂਬੇ ਦੀ ਮੰਗ ਰੱਦ ਕਰ ਦਿੱਤੀ ਗਈ, ਜਦਕਿ ਭਾਸ਼ਾ ਦੇ ਆਧਾਰ ਉੱਤੇ ਚਾਰ ਨਵੇਂ ਰਾਜ ਕੇਰਲਾ, ਕਰਨਾਟਕ, ਆਂਧਰਾ ਪ੍ਰਦੇਸ਼ ਅਤੇ ਮਹਾਂਰਾਸ਼ਟਰ ਬਣਾਉਣ ਦੀ ਮੰਗ ਕਬੂਲ ਲਈ ਗਈ। ਸਿੱਖਾਂ ਨਾਲ ਸ਼ਰੇਆਮ ਧ੍ਰੋਹ ਕੀਤਾ ਗਿਆ, ਜਿਸ ਕਾਰਨ ਸਿੱਖਾਂ ਵਿਚ ਬੇਗਾਨਗੀ ਦੀ ਭਾਵਨਾ ਪ੍ਰਚੰਡ ਹੋਣੀ ਲਾਜ਼ਮੀ ਸੀ।

4 ਜੁਲਾਈ 1955 ਨੂੰ ਆਜ਼ਾਦ ਭਾਰਤ ਵਿਚ ਪਹਿਲੀ ਵਾਰ ਸ੍ਰੀ ਦਰਬਾਰ ਸਾਹਿਬ ਅੰਦਰ ਪੁਲਿਸ ਦਾਖ਼ਲ ਹੋਈ ਅਤੇ ਇਸ ਦਾ ਵਿਰੋਧ ਕਰ ਰਹੀਆਂ ਸਿੱਖ ਸੰਗਤਾਂ ਉੱਤੇ ਅੱਥਰੂ ਗੈਸ ਦੇ ਗੋਲਿਆਂ ਅਤੇ ਡਾਂਗਾਂ ਦੀ ਬੁਛਾੜ ਕੀਤੀ ਗਈ।

ਜੂਨ 1960 ਵਿਚ ਸਿੱਖ ਕੌਮ ਦੀਆਂ ਦੋ ਅਖ਼ਬਾਰਾਂ 'ਪ੍ਰਭਾਤ' ਅਤੇ 'ਅਕਾਲੀ' ਉੱਤੇ ਪਾਬੰਦੀ ਲਗਾ ਦਿੱਤੀ ਗਈ ਤਾਂ ਜੋ ਪੰਜਾਬ ਅਤੇ ਇਸ ਵਿਚਲੀ ਸਿੱਖੀ ਦੀ ਗੱਲ ਕਰਨ ਜੋਗਾ ਬਾਕੀ ਨਾ ਬਚੇ।

ਨਵੰਬਰ 1966 ਨੂੰ ਦਸ ਸਾਲਾਂ ਦੀ ਜੱਦੋ-ਜਹਿਦ ਅਤੇ ਹਜ਼ਾਰਾਂ ਕੁਰਬਾਨੀਆਂ ਤੋਂ ਬਾਅਦ ਵੀ ਇਕ ਲੂਲ੍ਹਾ-ਲੰਗੜਾ ਪੰਜਾਬੀ ਸੂਬਾ ਹੀ ਦਿੱਤਾ ਗਿਆ। ਜਿਸ ਵਿਚੋਂ ਕਈ ਪੰਜਾਬੀ ਬੋਲਦੇ ਇਲਾਕੇ ਅਤੇ ਰਾਜਧਾਨੀ ਨੂੰ ਪੰਜਾਬ ਤੋਂ ਬਾਹਰ ਰੱਖਿਆ ਗਿਆ। ਪੰਜਾਬ ਦੁਨੀਆਂ ਦਾ ਇਕੋ ਇਕ ਸੂਬਾ ਹੈ ਜਿਸ ਤੋਂ ਉਸ ਦੇ ਆਪਣੇ ਦਰਿਆਈ ਪਾਣੀਆਂ ਅਤੇ ਹੈੱਡ ਵਰਕਸ 'ਤੇ ਕੰਟਰੋਲ ਦਾ ਹੱਕ ਖੋਹ ਲਿਆ ਗਿਆ।

24 ਮਾਰਚ 1976 ਨੂੰ ਕੇਂਦਰ ਸਰਕਾਰ ਨੇ ਪੰਜਾਬ ਦੇ ਹਿੱਸੇ ਆਏ 70 ਐੱਲ.ਏ.ਐੱਫ਼. ਪਾਣੀ ਵਿਚੋਂ 35 ਐੱਲ.ਏ.ਐੱਫ਼. ਪਾਣੀ ਹਰਿਆਣੇ ਨੂੰ ਦੇ ਦਿੱਤਾ। ਇਸ ਪਾਣੀ ਤੋਂ ਪਣ-ਬਿਜਲੀ ਵਰਤਣ ਦਾ ਹੱਕ ਵੀ ਹਰਿਆਣੇ ਨੂੰ ਦੇ ਦਿੱਤਾ ਗਿਆ। ਇਸ ਤਰ੍ਹਾਂ ਪੰਜਾਬ ਦੀ 7 ਲੱਖ ਏਕੜ ਜ਼ਮੀਨ ਨੂੰ ਬੰਜਰ ਬਣਾਉਣ ਦਾ ਹੁਕਮ ਜਾਰੀ ਕਰ ਦਿੱਤਾ।

13 ਅਪਰੈਲ 1978 ਨੂੰ ਸਰਕਾਰ ਦੀ ਸ਼ਹਿ ਪ੍ਰਾਪਤ ਗੁਰਬਚਨੇ ਨੇ ਸਿੱਖ ਗੁਰੂਆਂ ਅਤੇ ਸਿੱਖੀ ਸਿਧਾਂਤਾਂ ਵਿਰੁੱਧ ਕੂੜ ਪ੍ਰਚਾਰ ਆਰੰਭ ਕਰ ਦਿੱਤਾ। ਆਪ

ਗੁਰੂ ਬਣ ਕੇ 'ਅਵਤਾਰ ਬਾਣੀ' ਰਚ ਬੈਠਾ। ਇਸ ਸਮੇਂ ਦੌਰਾਨ ਥਾਂ-ਥਾਂ ਇਸ ਦੇ ਵਿਰੋਧ ਵਿਚ ਭੁਗਤ ਰਹੇ ਸਿੱਖਾਂ ਉੱਤੇ ਤਸ਼ੱਦਦ ਅਤੇ ਗ੍ਰਿਫ਼ਤਾਰੀਆਂ ਹੁੰਦੀਆਂ ਰਹੀਆਂ। ਇਹਨਾਂ ਨਕਲੀ ਨਿਰੰਕਾਰੀਆਂ ਨੇ ਸ਼ਾਂਤਮਈ ਰੋਸ ਪ੍ਰਗਟ ਕਰਨ ਗਏ 13 ਸਿੰਘਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਨਰਕਧਾਰੀਏ ਗੁਰਬਚਨੇ ਨੂੰ ਸਰਕਾਰੀ ਛਤਰ-ਛਾਇਆ ਹੇਠ ਪੰਜਾਬ ਤੋਂ ਬਾਹਰ ਭੇਜਿਆ ਗਿਆ ਤੇ ਫੇਰ ਉਸ ਵਿਰੁੱਧ ਦਰਜ ਕੇਸ ਦਾ ਮੁਕੱਦਮਾ ਵੀ ਪੰਜਾਬ ਤੋਂ ਬਾਹਰ ਹਰਿਆਣੇ ਚਲਾਇਆ ਗਿਆ।

- 1981 ਨੂੰ ਸਿੱਖ ਕੌਮ ਦੇ ਮਹਾਨ ਆਗੂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਵਿਰੋਧ ਵਿਚ ਭੁਗਤ ਰਹੀ ਹਿੰਦ ਸਰਕਾਰ ਨੇ ਚੰਦੋ ਕਲਾਂ ਵਿਖੇ ਦਮਦਮੀ ਟਕਸਾਲ ਦੀਆਂ ਬੱਸਾਂ ਨੂੰ ਅੱਗ ਲਗਾ ਦਿੱਤੀ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀਆਂ, ਗੁਟਕੇ ਆਦਿ ਪਵਿੱਤਰ ਚੀਜ਼ਾਂ ਵੀ ਸੜ ਗਈਆਂ। ਕਾਨੂੰਨਾਂ ਨੂੰ ਛਿੱਕੇ ਟੰਗ ਕੇ ਸੰਤਾਂ ਦੀ ਗ੍ਰਿਫ਼ਤਾਰੀ ਵੀ ਕੀਤੀ ਗਈ। ਚੌਂਕ ਮਹਿਤਾ ਵਿਚ ਸਿੱਖਾਂ ਉੱਤੇ ਭਾਰੀ ਜ਼ੁਲਮ ਕੀਤਾ ਗਿਆ।
- ਜੂਨ 1984 ਵਿਚ ਸਿੱਖਾਂ ਦੀ ਮਾਨਸਿਕਤਾ 'ਤੇ ਡੂੰਘਾ ਜ਼ਖ਼ਮ ਦਿੰਦਿਆਂ ਕੇਂਦਰੀ ਸਰਕਾਰ ਵੱਲੋਂ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਕਰ ਕੇ ਹਜ਼ਾਰਾਂ ਨਿਰਦੋਸ਼ ਸ਼ਰਧਾਲੂਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਗੁਰੂ ਸਾਹਿਬ ਦੇ ਹੱਥ-ਲਿਖਤ ਬਹੁਮੁੱਲੇ ਖਰੜੇ ਅਤੇ ਪੋਥੀਆਂ ਸਿੱਖ ਰੈਫ਼ਰੈਂਸ ਲਾਇਬਰੇਰੀ ਵਿਚੋਂ ਗ਼ਾਇਬ ਕਰ ਦਿੱਤੇ ਗਏ।
- ਨਵੰਬਰ 1984 ਵਿਚ ਦਿੱਲੀ, ਕਾਨਪੁਰ, ਬੋਕਾਰੋ ਅਤੇ ਉੱਤਰੀ ਭਾਰਤ ਦੇ ਕਈ ਹੋਰ ਸ਼ਹਿਰਾਂ ਵਿਚ ਸਿੱਖ ਕਤਲੇਆਮ ਵਿਚ ਸਿੱਖ ਨੌਜਵਾਨਾਂ, ਬੱਚਿਆਂ, ਬੁੱਢਿਆਂ ਨੂੰ ਬੇਰਹਿਮੀ ਨਾਲ ਮਾਰਿਆ ਗਿਆ। ਧੀਆਂ-ਭੈਣਾਂ ਦੀ ਬੇਪਤੀ ਕੀਤੀ ਗਈ ਅਤੇ ਇਸ ਸਭ ਦੇ ਦੋਸ਼ੀਆਂ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਗਿਆ।
- 26 ਜਨਵਰੀ 1986 ਨੂੰ ਐਨ ਮੌਕੇ 'ਤੇ ਆ ਕੇ ਚੰਡੀਗੜ੍ਹ ਪੰਜਾਬ ਨੂੰ ਸੌਂਪਣ ਦੀ ਤਜਵੀਜ਼ ਰੱਦ ਕਰ ਦਿੱਤੀ ਗਈ।
- 1984-95 ਦੌਰਾਨ ਸਰਕਾਰ ਦੀਆਂ ਜ਼ੁਲਮੀ ਕਾਰਵਾਈਆਂ ਤੋਂ ਤੰਗ ਆ ਕੇ ਬਾਗ਼ੀ ਹੋਏ 25000 ਸਿੱਖ ਨੌਜਵਾਨ, ਜਿਨ੍ਹਾਂ ਨੂੰ ਸਰਕਾਰ ਵੱਲੋਂ ਫੜ ਕੇ ਲਾਪਤਾ ਕਰ ਦਿੱਤਾ ਗਿਆ। ਇਹਨਾਂ 25000 ਨੌਜਵਾਨਾਂ ਦੀ ਫ਼ਾਈਲ ਤਿਆਰ ਕਰਨ ਵਾਲੇ ਜਸਵੰਤ ਸਿੰਘ ਖਾਲੜਾ ਨੂੰ ਵੀ ਸਰਕਾਰ ਨੇ ਚੁੱਕ ਕੇ ਕਤਲ ਕਰ ਦਿੱਤਾ ਅਤੇ ਫ਼ਾਈਲ ਗ਼ਾਇਬ ਕਰ ਦਿੱਤੀ।

ਸਰਕਾਰ ਵੱਲੋਂ ਗ਼ਾਇਬ ਕੀਤੇ 25000 ਨੌਜਵਾਨਾਂ ਨੂੰ ਸਰਕਾਰੀ ਤਸੀਹੇ ਕੇਂਦਰਾਂ ਵਿਚ ਸ਼ਹੀਦ ਕਰ ਦਿੱਤਾ ਗਿਆ, ਜਿਥੇ ਪੰਜਾਬ ਦੇ ਗੱਭਰੂਆਂ ਦੇ ਚੱਡੇ ਚੀਰੇ ਜਾਂਦੇ, ਲੂਣ ਸੁੱਟਿਆ ਜਾਂਦਾ, ਸਰੀਰ ਦੇ ਨਾਜ਼ੁਕ ਅੰਗਾਂ ਉੱਤੇ ਕਰੰਟ ਲਾਇਆ

ਜਾਂਦਾ, ਫੱਟਿਆਂ ਨਾਲ ਬੰਨ੍ਹ ਕੇ ਪਾਣੀ ਅੰਦਰ ਗੋਤੇ ਦਿੱਤੇ ਜਾਂਦੇ, ਨਹੁੰ ਖਿੱਚ ਲਏ ਜਾਂਦੇ ਸਨ। ਪੰਜਾਬ ਦੀਆਂ ਅਣਗਿਣਤ ਧੀਆਂ-ਭੈਣਾਂ ਦੀ ਇੱਜ਼ਤ ਅਤੇ ਬਜ਼ੁਰਗਾਂ ਦੀ ਧੌਲੀ ਦਾੜ੍ਹੀ ਖੱਜਲ-ਖ਼ੁਆਰ ਕੀਤੀ ਗਈ। ਪੰਜਾਬ ਦੀਆਂ ਮੜ੍ਹੀਆਂ ਵਿਚ ਲਹੂ ਚੋਅ-ਚੋਅ ਪੈਂਦਾ ਰਿਹਾ।

ਆਪਣੇ ਉੱਤੇ ਹੋਏ ਘੋਰ ਜ਼ੁਲਮ, ਤਸ਼ੱਦਦ, ਵਿਤਕਰਿਆਂ ਦੀ ਲੰਮੀ ਦਾਸਤਾਨ ਨੂੰ ਵੇਖ ਕੇ ਪੰਜਾਬ ਦੀ ਰੂਹ ਕੁਰਲਾ-ਕੁਰਲਾ ਰਹੀ ਹੈ। ਪੰਜਾਬ ਦੀ ਆਤਮਾ ਬਹੁਤ ਵੱਡੇ ਜ਼ੁਲਮ ਦਾ ਬੋਝ ਆਪਣੇ ਸੀਨੇ ਉੱਤੇ ਲਈ ਖਲੋਤੀ ਹੈ। ਹੱਸਣਾ ਭੁੱਲ ਬੈਠੀ ਹੈ। ਪੰਜਾਬ ਦੀ ਕੁਦਰਤ ਡੂੰਘੀਆਂ ਚਿੰਤਾਵਾਂ ਵਿਚ ਗੁਆਚੀ ਰਹਿੰਦੀ ਹੈ। ਇਥੋਂ ਦੀ ਹਵਾ ਹਜ਼ਾਰਾਂ ਬੇਕਸੂਰ ਨੌਜਵਾਨਾਂ ਦੇ ਖ਼ੂਨ ਦੀ ਨਮੀ ਆਪਣੇ ਅੰਦਰ ਲਈ ਬੈਠੀ ਵਗਦੀ ਹੈ। ਇਥੋਂ ਦੇ ਦਰਿਆ ਅਜੇ ਤਕ ਲਾਲ ਰੰਗ ਦੇ ਵਗਦੇ ਹਨ। ਫੁੱਲਾਂ ਅਤੇ ਕਲੀਆਂ ਨੇ ਮਹਿਕਾਂ ਵੰਡਣੀਆਂ ਬੰਦ ਕਰ ਦਿੱਤੀਆਂ ਹਨ, ਵਿਚਾਰੇ ਮਹਿਕਾਂ ਵੀ ਕੀਹਨੂੰ ਵੰਡਣ ? ਬੁੱਢੇ ਮਾਂ-ਪਿਉ ਨੂੰ, ਜਿਹਨਾਂ ਦੇ ਪੁੱਤ ਮੱਛੀਆਂ ਦੀ ਖ਼ੁਰਾਕ ਬਣੇ ਹਨ ਜਾਂ ਅਨਾਥ ਬੱਚਿਆਂ ਨੂੰ, ਜਿਹਨਾਂ ਦੀਆਂ ਵਿਧਵਾ ਮਾਵਾਂ ਪਿਉ ਦੇ ਆ ਜਾਣ ਦਾ ਝੂਠਾ ਧਰਵਾਸ ਦਿੰਦੀਆਂ ਹਨ। ਇਥੋਂ ਦੀ ਮਿੱਟੀ ਦਾ ਜ਼ੱਰਾ-ਜ਼ੱਰਾ ਜ਼ਖ਼ਮੀ ਹੈ, ਵਿਚਾਰੀ ਆਪਣੇ ਉੱਤੇ ਰੱਖੇ ਜਾਂਦੇ ਹਰ ਕਦਮ ਨੂੰ ਬੜੀ ਮੁਸ਼ਕਿਲ ਨਾਲ ਝੱਲਦੀ ਹੈ।

ਸਾਹ-ਸੱਤ-ਹੀਣ ਬੁਰੀ ਤਰ੍ਹਾਂ ਜ਼ਖ਼ਮੀ ਪਏ ਪੰਜਾਬ ਨੂੰ ਉਡੀਕ ਹੈ ਕਿ ਕੋਈ ਅਜਿਹਾ ਆਵੇ, ਜੋ ਪੰਜਾਬ ਦੀ ਮੋਈ ਪਈ ਕੁਦਰਤ ਦਾ ਕੇਸ ਪਰਮਾਤਮਾ ਦੀ ਕਚਹਿਰੀ ਵਿਚ ਲੜ ਸਕੇ ਕਿ ਇਸ ਦੀ ਰੂਹ ਕੁਰਲਾ ਕਿਉਂ ਰਹੀ ਹੈ ? ਕਿ ਇਥੋਂ ਦੀ ਹਵਾ ਅੰਦਰ ਖ਼ੂਨੀ ਨਮੀ ਕਿਉਂ ਹੈ ? ਕਿ ਇਥੋਂ ਦੇ ਦਰਿਆ ਲਾਲ ਰੰਗ ਦੇ ਕਿਉਂ ਵਗਦੇ ਹਨ ? ਕਿ ਇਥੋਂ ਦੇ ਫੁੱਲ-ਕਲੀਆਂ ਮਹਿਕਾਂ ਕਿਉਂ ਨਹੀਂ ਵੰਡਦੇ ? ਕਿ ਇਥੋਂ ਦੀ ਮਿੱਟੀ ਦਾ ਜ਼ੱਰਾ-ਜ਼ੱਰਾ ਜ਼ਖ਼ਮੀ ਕਿਉਂ ਪਿਆ ਹੈ ? ਇਸ ਮਹਾਂ ਦੁਖਾਂਤ ਨੂੰ ਮਹਿਸੂਸ ਕਰਨ ਵਾਲੇ ਕਿਸੇ ਕਵੀ ਨੇ ਇਉਂ ਲਿਖਿਆ ਹੈ :

**ਦੁਨੀਆਂ ਇਹ ਸਾਡੇ ਲਈ ਹੋਈ ਏ ਹਨੇਰ।**
**ਮੁੱਦਤਾਂ ਬੀਤ ਗਈਆਂ ਹੋਈ ਨਾ ਸਵੇਰ।**

# ਸ਼ਹੀਦ ਭਾਈ ਬੇਅੰਤ ਸਿੰਘ ਮਲੋਆ

## ਇੰਦਰਾ ਸੋਧਕ ਕਾਂਡ



ਅਜਿਹੇ ਅਣਖੀਲੇ ਜੁਝਾਰੂ ਬੱਬਰ ਸ਼ੇਰਾਂ ਵਿੱਚੋਂ ਹਨ, ਸ਼ਹੀਦ ਸ. ਬੇਅੰਤ ਸਿੰਘ ਮਲੋਆ। ਸ. ਬੇਅੰਤ ਸਿੰਘ ਦਾ ਜਨਮ ਪਿਤਾ ਸ: ਸੁੱਚਾ ਸਿੰਘ ਦੇ ਘਰ ਮਾਤਾ ਕਰਤਾਰ ਕੌਰ ਦੀ ਕੁੱਖੋਂ ੪ ਮਈ ਸੰਨ ੧੯੫੦ ਨੂੰ ਪਿੰਡ ਮਲੋਆ (ਨੇੜੇ ਚੰਡੀਗੜ੍ਹ) ਵਿਖੇ ਹੋਇਆ। ਸ: ਬੇਅੰਤ ਸਿੰਘ ਹੁਰੀਂ ਪੰਜ ਭਰਾ ਤੇ ਇਕ ਭੈਣ ਹਨ। ਵੱਡੇ ਭਰਾ ਸ: ਸਮਸ਼ੇਰ ਸਿੰਘ, ਗੁਰਦਰਸ਼ਨ ਸਿੰਘ ਦੋਵੇਂ ਫਸਟ ਕਲਾਸ ਸੈਸ਼ਨ ਜੱਜ ਹਨ, ਭਾਈ ਸਾਹਿਬ ਬੇਅੰਤ ਸਿੰਘ ਜੀ ਤੀਜੀ ਥਾਂ ਸਨ, ਛੋਟੇ ਭਰਾ ਕਿਰਪਾਲ ਸਿੰਘ, ਦਲਜੀਤ ਸਿੰਘ ਤੇ ਛੋਟੀ ਭੈਣ ਗੁਰਦਿਆਲ ਕੌਰ ਹੈ। ਸ਼ਹੀਦ ਭਾਈ ਬੇਅੰਤ ਸਿੰਘ ਦਾ ਪਰਿਵਾਰ ਜੁਲਾਹਾ ਸਿੱਖ ਹੈ। ਆਪ ਜੀ ਦੇ ਦਾਦਾ ਗਿਆਨੀ ਪ੍ਰਤਾਪ ਸਿੰਘ ਜੀ ਨੇ ਸੰਨ 1905 ਵਿਚ ਜਦੋਂ ਇੱਕ ਸਿੱਖ ਪ੍ਰਚਾਰਕ ਪਿੰਡ ਮਲੋਆ ਸਿੱਖੀ ਦਾ ਪ੍ਰਚਾਰ ਕਰਨ ਆਇਆ, ਤਾਂ ਸਿੱਖ ਧਰਮ ਦੇ ਉੱਚੇ ਸੁੱਚੇ ਅਸੂਲ, ਬਰਾਬਰ ਭਾਈਚਾਰਕ ਸਾਂਝ ਊਚ-ਨੀਚ ਦੇ ਬਿਨਾਂ ਭੇਦ ਭਾਵ, ਸੰਗਤ-ਪੰਗਤ, ਗੁਰਬਾਣੀ ਉਪਦੇਸ਼, ਖ਼ਾਲਸਈ ਰਵਾਇਤਾਂ ਤੋਂ ਪ੍ਰਭਾਵਿਤ ਹੋ ਕੇ ਸਿੱਖ ਧਰਮ ਨੂੰ ਬਹੁਤ ਸਾਰੇ ਦਲਿਤ ਪਰਿਵਾਰਾਂ ਦੇ ਨਾਲ ਆਪ ਵੀ ਸਿੱਖ ਧਰਮ ਨੂੰ ਅਪਣਾਇਆ ਤੇ ਅੰਮ੍ਰਿਤ ਛਕ ਕੇ ਸਿੰਘ ਸਰੂਪ ਧਾਰਨ ਕੀਤਾ। ਗਿਆਨੀ ਪ੍ਰਤਾਪ ਸਿੰਘ ਮਲੋਆ ਨੇ ਆਪ ਤੇ ਆਪਣੇ ਸਾਰੇ ਪਰਿਵਾਰ ਨੂੰ ਅੰਮ੍ਰਿਤ ਛਕਾ ਲਿਆ, ਭਾਈ ਬੇਅੰਤ ਸਿੰਘ ਦੀ ਉਮਰ ਉਸ ਸਮੇਂ ਇਕ ਸਾਲ ਸੀ। ਗਿਆਨੀ ਪ੍ਰਤਾਪ ਸਿੰਘ ਜੁਝਾਰੂ ਸਿੱਖ ਵਿਚਾਰਧਾਰਾ ਦੇ ਪੱਕੇ ਧਾਰਨੀ ਬਣ ਗਏ। ਜਨਮ ਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ ਨਨਕਾਣਾ ਸਾਹਿਬ (ਪਾਕਿਸਤਾਨ) ਨਰਾਇਣੂ ਮਹੰਤ ਤੋਂ ਅਜ਼ਾਦ ਕਰਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਵਿਚ ਗਿਆਨੀ ਪ੍ਰਤਾਪ ਸਿੰਘ ਸਰਗਰਮ ਰਹੇ ਅਤੇ ਨਨਕਾਣਾ ਸਾਹਿਬ ਗੁਰਦੁਆਰਾ ਸਾਹਿਬ 'ਚ ਨਰਾਇਣੂ ਮਹੰਤ ਵੱਲੋਂ ਸਿੰਘਾਂ ਦੇ ਜਥੇ ਦੀ ਕਤਲੇਆਮ ਵੇਲੇ ਜਥੇ ਜੋ ਮੁੜ ਗਏ ਸਨ, ਉਨ੍ਹਾਂ ਵਿਚ ਗਿਆਨੀ ਪ੍ਰਤਾਪ ਸਿੰਘ ਵੀ ਸ਼ਾਮਲ ਸੀ। ਜਦੋਂ ਗੁਰਦੁਆਰਾ ਨਨਕਾਣਾ ਸਾਹਿਬ ਮਹੰਤਾਂ ਤੋਂ ਪੰਥ ਨੇ ਅਜ਼ਾਦ ਕਰਵਾ ਲਿਆ ਤਾਂ ਗ੍ਰੰਥੀ ਸਿੰਘ ਦੀ ਸੇਵਾ ਵੀ ਕਰਦੇ ਰਹੇ। ਗਿਆਨੀ ਪ੍ਰਤਾਪ ਸਿੰਘ

ਦੇ ਘਰ ਭਗਵਾਨ ਕੌਰ ਦੀ ਕੁੱਖੋਂ ਪੰਜ ਪੁੱਤਰਾਂ ਤੇ ਤਿੰਨ ਪੁੱਤਰੀਆਂ ਨੇ ਜਨਮ ਲਿਆ। ਦਲੀਪ ਸਿੰਘ, ਸੁੱਚਾ ਸਿੰਘ (ਸ਼ਹੀਦ ਬੇਅੰਤ ਸਿੰਘ ਦੇ ਪਿਤਾ ਜੀ) ਮਨੀ ਸਿੰਘ, ਮੇਹਰ ਸਿੰਘ, ਅਖੰਡ ਕੀਰਤਨੀ ਜਥੇ 'ਚ, ਬਹਾਦਰ ਸਿੰਘ ਅਤੇ ਪੁੱਤਰੀਆਂ ਲਾਭ ਕੌਰ, ਗੁਰਨਾਮ ਕੌਰ, ਮਹਿਤਾਬ ਕੌਰ ਸਨ। ਬਾਪੂ ਸੁੱਚਾ ਸਿੰਘ ਬਚਪਨ ਵਿਚ ਆਪਣੇ ਸਾਥੀਆਂ ਨਾਲ ਪੰਡਤ ਕੋਲ ਪੜ੍ਹਨੇ ਪਏ, ਉਹ ਉਰਦੂ ਦੇ ਅੱਖ਼ਰ ਅਲਫ.ਬੇ.ਪੇ.ਜੇ. ਪੜ੍ਹਾਉਣ ਲੱਗਾ ਤਾਂ ਸੁੱਚਾ ਸਿੰਘ ਤੇ ਸਾਥੀ ਸਿੱਖ ਮੁੰਡਿਆਂ ਅਜੈਬ ਸਿੰਘ, ਸਤਵੰਤ ਸਿੰਘ, ਕਿਰਪਾਲ ਸਿੰਘ, ਹਰਨਾਮ ਸਿੰਘ, ਜਾਗਰ ਸਿੰਘ ਨੇ ਪੜ੍ਹਨੋਂ ਇਨਕਾਰ ਕਰ ਦਿੱਤਾ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਾਲੀ ਗੁਰਮੁਖੀ ਪੜ੍ਹਨੀ ਹੈ, ਸ੍ਰੀ ਗੁਰੂ ਅੰਗਦ ਦੇਵ ਵਾਲੀ ਗੁਰਮੁਖੀ ਪੰਜਾਬੀ ਸਾਨੂੰ ਪੜ੍ਹਾਉ। ਪੰਡਤ ਜੀ ਗੁਰਮੁਖੀ ਪੜ੍ਹੇ ਨਹੀਂ ਸਨ, ਇਸ ਕਰਕੇ ਉਸ ਕੋਲੋਂ ਹਟ ਕੇ ਬਾਬਾ ਭਗਵਾਨ ਦਾਸ ਜੀ ਤੋਂ ਗੁਰਮੁਖੀ ਅੱਖਰਾਂ ਦੀ ਸਿੱਖਿਆ ਲਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਬਾਣੀ ਦੇ ਪਾਠ ਦੀ ਸੰਥਿਆ ਲਈ। ਬਾਪੂ ਸੁੱਚਾ ਸਿੰਘ ਜੀ ਪਿਤਾ ਪੁਰਖੀ ਖੱਡੀ ਦਾ ਕੰਮ ਕਰਨ ਲੱਗ ਪਏ, ਹੱਥੀਂ ਤਿਆਰ ਕੀਤਾ ਕੱਪੜਾ, ਵਪਾਰੀ ਬਹੁਤ ਦੂਰ ਤਕ ਲੈ ਕੇ ਜਾਂਦੇ ਸਨ, ਖੱਡੀ ਦੇ ਕੰਮ 'ਚ ਚੰਗਾ ਮੁਨਾਫਾ ਤੇ ਵਧੀਆ ਕੰਮ ਚੱਲਿਆ ਸੀ, ਜਿਸ ਸਦਕਾ ਬਾਪੂ ਸੁੱਚਾ ਸਿੰਘ ਮਲੋਆ ਆਪਣੇ ਪੰਜ ਪੁੱਤਰਾਂ ਅਤੇ ਧੀ ਨੂੰ ਉੱਚ ਵਿਦਿਆ ਦਿਵਾਉਣ ਵਿਚ ਕਾਮਯਾਬ ਹੋ ਗਏ। ਦੋ ਪੁੱਤਰ ਸਮਸ਼ੇਰ ਸਿੰਘ, ਗੁਰਦਰਸ਼ਨ ਸਿੰਘ ਸੈਸ਼ਨ ਜੱਜ ਦੇ ਅਹੁਦੇ 'ਤੇ ਹਨ ਅਤੇ ਦੋ ਕਿਰਪਾਲ ਸਿੰਘ ਦਲਜੀਤ ਸਿੰਘ ਇੰਗਲੈਂਡ ਵਿਚ ਵੱਸੇ ਹੋਏ ਹਨ, ਸ਼ਹੀਦ ਸ: ਬੇਅੰਤ ਸਿੰਘ ਦਿੱਲੀ ਪੁਲਿਸ ਵਿਚ ਸਬ ਇੰਸਪੈਕਟਰ ਵਜੋਂ ਭਰਤੀ ਹੋਏ। ਸੰਨ 1960 ਵਿਚ ਸ਼ਹੀਦ ਬੇਅੰਤ ਸਿੰਘ 10 ਸਾਲ ਦੀ ਉਮਰ ਵਿਚ ਸੀ, ਨੇ ਵੀ ਅੰਮ੍ਰਿਤ ਛਕ ਲਿਆ। ਪਰ ਬਾਅਦ ਵਿਚ ਕਾਲਜ ਦੀ ਪੜ੍ਹਾਈ ਵੇਲੇ ਬੇਅੰਤ ਸਿੰਘ ਦਾ ਅੰਮ੍ਰਿਤ ਭੰਗ ਹੋ ਗਿਆ ਸੀ। ਪਰ ਸ: ਬੇਅੰਤ ਸਿੰਘ ਗੁਰੂ ਸਾਹਿਬਾਨ ਦਾ ਇਤਿਹਾਸ, ਕੁਰਬਾਨੀ ਅਠਾਰ੍ਹਵੀਂ ਸਦੀ ਦੇ ਸੂਰਬੀਰ ਬਹਾਦਰ ਯੋਧਿਆਂ ਦੇ ਸੂਰਮਗਤੀ ਭਰੇ ਕਾਰਨਾਮਿਆਂ ਤੋਂ ਬੇਹੱਦ ਪ੍ਰਭਾਵਿਤ ਸੀ, ਪਰ ਨਾਲ ਨਾਲ ਕਮਿਊਨਿਸਟ ਵਿਚਾਰਧਾਰਾ ਵੀ ਭਾਰੂ ਹੋ ਗਈ ਤੇ ਹਰ ਗੱਲ 'ਤੇ ਦੁਚਿੱਤੀ ਵਿਚ ਰਹਿਣ ਦਾ ਸੁਭਾ ਬਣ ਗਿਆ ਸੀ। ਭਾਈ ਬੇਅੰਤ ਸਿੰਘ ਨੇ ਦੁਬਾਰਾ ਅੰਮ੍ਰਿਤ, 24 ਅਕਤੂਬਰ 1984 ਨੂੰ ਇੰਦਰਾ ਗਾਂਧੀ ਨੂੰ ਸੋਧਣ ਤੋਂ ਸਿਰਫ ਇਕ ਹਫ਼ਤਾ ਪਹਿਲਾਂ ਛਕਿਆ ਸੀ। ਭਾਈ ਬੇਅੰਤ ਸਿੰਘ ਨੇ ਮੁੱਢਲੀ ਵਿਦਿਆ ਮਲੋਆ, ਤੀਰਾ ਹਮੀਰਪੁਰ ਅਤੇ ਖਾਲਸਾ ਹਾਈ ਸਕੂਲ ਤੋਂ ਪ੍ਰਾਪਤ ਕੀਤੀ। ਸੈਕਟਰ 23 ਚੰਡੀਗੜ੍ਹ ਦੇ ਹਾਇਰ ਸੈਕੰਡਰੀ ਸਕੂਲ ਵਿਚੋਂ ਹਾਇਰ ਸੈਕੰਡਰੀ ਪਾਸ ਕੀਤੀ। ਬਾਅਦ ਵਿਚ ਸੈਕਟਰ 11 ਦੇ ਸਰਕਾਰੀ ਕਾਲਜ ਵਿਚ ਦਾਖਲ ਹੋਏ। ਇਸੇ ਹੀ ਸਮੇਂ (1969-70) ਵਿਚ ਉਨ੍ਹਾਂ ਪੰਜਾਬ ਯੂਨੀਵਰਸਿਟੀ ਤੋਂ ਰੂਸੀ ਭਾਸ਼ਾ ਡਿਪਲੋਮਾ ਪਾਸ ਕੀਤਾ ਤੇ ਬਾਅਦ ਵਿਚ ਦਿੱਲੀ ਚਲੇ ਗਏ, ਤੇ ਦਿੱਲੀ ਪੁਲਿਸ ਵਿਚ ਸਬ-ਇੰਸਪੈਕਟਰ ਵਜੋਂ ਭਰਤੀ ਹੋ ਗਏ। 1976 ਵਿਚ ਨਵੀਂ ਦਿੱਲੀ, ਬਿਸ਼ਨੂੰ ਗਾਰਡਨ ਦੇ ਤਰਖਾਣ ਸਿੱਖ ਸ: ਬਲਜੀਤ ਸਿੰਘ ਦੀ ਸਪੁੱਤਰੀ ਬਿਮਲ ਕੌਰ ਨਾਲ ਵਿਆਹ

ਕਰਵਾਇਆ, ਬਿਮਲ ਕੌਰ ਉਸ ਸਮੇਂ ਲੇਡੀ ਹਾਰਡਿੰਗ ਹਸਪਤਾਲ ਵਿਚ ਨਰਸਿੰਗ ਦਾ ਕੋਰਸ ਕਰਦੀ ਸੀ, ਇਹ ਇਨ੍ਹਾਂ ਦਾ ਪ੍ਰੇਮ ਵਿਆਹ ਸੀ ਤੇ ਦੋਵਾਂ ਪਰਿਵਾਰਾਂ ਦੀ ਸਹਿਮਤੀ ਸੀ। ਇਨ੍ਹਾਂ ਦੇ ਦੋ ਪੁੱਤਰਾਂ ਤੇ ਇਕ ਲੜਕੀ ਨੇ ਜਨਮ ਲਿਆ।

ਭਾਈ ਬੇਅੰਤ ਸਿੰਘ ਦੀ ਨੌਕਰੀ ਉਸ ਸਮੇਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮੁੱਢਲੀ ਸੁਰੱਖਿਆ ਗਾਰਦ ਵਿਚ ਰਹੀ ਤੇ ਉਹਨਾਂ ਬੜੀ ਵਫਾਦਾਰੀ ਤੇ ਤਨਦੇਹੀ ਨਾਲ ਡਿਊਟੀ ਨੂੰ ਨਿਭਾਇਆ। ਜੂਨ 1984 ਵਿਚ ਇੰਦਰਾ ਗਾਂਧੀ (ਪ੍ਰਧਾਨ ਮੰਤਰੀ) ਦੇ ਹੁਕਮ 'ਤੇ ਸ੍ਰੀ ਹਰਿਮੰਦਰ ਸਾਹਿਬ 'ਤੇ ਵਰਤਾਇਆ ਫੌਜੀ ਹਮਲਾ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਨੂੰ ਮਨਾਉਣ ਆਏ ਸਿੱਖਾਂ ਦੀ ਕਤਲੇਆਮ, ਸ੍ਰੀ ਹਰਿਮੰਦਰ ਸਾਹਿਬ ਨੂੰ ਭਾਰਤੀ ਫੌਜ ਦੀਆਂ ਗੋਲੀਆਂ ਨਾਲ ਛਲਣੀ ਕਰ ਦਿੱਤਾ ਗਿਆ, ਸ੍ਰੀ ਅਕਾਲ ਤਖਤ ਸਾਹਿਬ ਨੂੰ ਤੋਪਾਂ ਟੈਂਕਾਂ ਨਾਲ ਢਾਹ ਦਿੱਤਾ। ਸਿੱਖਾਂ ਦੀ ਇੱਜ਼ਤ ਦੀ ਪੱਗ, ਹਿੰਦੂਸਤਾਨੀ ਸਰਕਾਰ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਪੈਰਾਂ ਹੇਠ ਰੋਲ ਦਿੱਤੀ। ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਸਿੱਖ ਕੌਮ ਦੀ ਅਜ਼ਾਦੀ ਤੇ ਸਿੱਖ ਹੱਕਾਂ ਦੀ ਅਜ਼ਾਦੀ ਦੇ ਸੰਘਰਸ਼ ਨੂੰ ਭਾਈ ਬੇਅੰਤ ਸਿੰਘ ਅੱਤਵਾਦੀ ਕਾਰਵਾਈਆਂ ਹੀ ਮੰਨਦਾ ਸੀ ਤੇ ਸਹੀ ਅਰਥਾਂ ਵਿਚ ਹਿੰਦੂਸਤਾਨ ਦੀ ਏਕਤਾ ਤੇ ਅਖੰਡਤਾ ਦੇ ਨਾਅਰੇ ਦਾ ਮੁੱਦਈ ਸੀ। ਜੂਨ 1984 ਵਿਚ ਘੱਲੂਘਾਰੇ ਦੀ ਨਮੋਸ਼ੀ ਦੀ ਮਾਰੀ ਸਿੱਖ ਕੌਮ ਜਲਾਲਤ ਦੀ ਜ਼ਿੰਦਗੀ ਜੀਅ ਰਹੀ ਸੀ। ਅਗਸਤ 1984 'ਚ ਕਈ ਥਾਵਾਂ 'ਤੇ ਬਾਜ਼ ਆਉਣ ਦੀਆਂ ਖਬਰਾਂ ਆਉਣੀਆਂ ਸ਼ੁਰੂ ਹੋ ਗਈਆਂ। ਬਾਜ਼ (ਪੰਛੀ) ਬਾਦਸ਼ਾਹੀ ਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਸਿੱਖ ਮਨਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੰਦੇਸ਼ ਪਹੁੰਚਾਉਣ ਦਾ ਦੂਤ ਮੰਨਿਆ ਜਾਂਦਾ ਹੈ। ਜਦੋਂ ਵੀ ਸਿੱਖ ਕੌਮ ਉੱਤੇ ਭੀੜ ਬਣਦੀ ਹੈ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸਿੱਖਾਂ ਨੂੰ ਜ਼ੁਲਮ ਵਿਰੁੱਧ ਟੱਕਰ ਲੈਣ ਦਾ ਸੰਦੇਸ਼ ਬਾਜ਼ ਰਾਹੀਂ ਭੇਜ ਦੇਂਦੇ ਹਨ ਤੇ ਸਿੱਖ ਜ਼ਾਲਮਾਂ ਨੂੰ ਲੋਹੇ ਦੇ ਚਣੇ ਚਬਾਉਣ ਲੱਗ ਪੈਂਦੇ ਹਨ। ਇਹ ਹਕੀਕਤ ਤੌਰ ਤੇ ਸਚਿਆਈ ਹੈ ਕਿ ਜੂਨ 1984 ਦੇ ਘੱਲੂਘਾਰੇ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਉੱਪਰ ਹੋਏ ਹਿੰਦੂਸਤਾਨੀ ਸਰਕਾਰ ਦੇ ਫੌਜੀ ਹਮਲੇ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਾਜ਼, ਪੰਜਾਬ ਦੇ ਗੁਰਦੁਆਰਿਆਂ 'ਚ ਆਮ ਥਾਵਾਂ 'ਤੇ ਆਇਆ। ਬਾਜ਼ ਗੁਰਦੁਆਰਾ ਸਾਹਿਬ ਦੇ ਨਿਸ਼ਾਨ ਸਾਹਿਬ ਦੇ ਥੜ੍ਹੇ 'ਤੇ ਆ ਕੇ ਬੈਠ ਜਾਂਦਾ, ਸਿੱਖ ਸੰਗਤਾਂ ਦਰਸ਼ਨ ਕਰਨ ਲਈ ਜਾਂਦੀਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਅਰੰਭ ਹੋ ਜਾਂਦੇ। ਭੋਗ ਪੈਂਦਾ, ਅਰਦਾਸ ਉਪਰੰਤ ਦੇਗ ਦਾ ਪ੍ਰਸ਼ਾਦ ਜੋ ਸੰਗਤ ਕੌਲ ਵਿਚ ਪਾ ਕੇ ਅੱਗੇ ਰੱਖ ਦੇਂਦੀਆਂ, ਬਾਜ਼ ਪ੍ਰਸ਼ਾਦ ਛਕ ਕੇ ਉੱਡ ਜਾਂਦਾ, ਇਹ ਕੌਤਕ ਪੰਜਾਬ ਅੰਦਰ ਆਮ ਹੀ ਵੇਖਿਆ ਗਿਆ।

ਜੂਨ 1984 ਤੋਂ ਬਾਅਦ ਦਿੱਲੀ ਦੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਬਾਜ਼ ਆਇਆ, ਨਿਸ਼ਾਨ ਸਾਹਿਬ ਦੇ ਥੜ੍ਹਾ ਸਾਹਿਬ 'ਤੇ ਬੈਠ ਗਿਆ। ਹਜ਼ਾਰਾ ਦੀ ਗਿਣਤੀ ਵਿਚ ਸਿੱਖ ਸੰਗਤਾਂ ਦਰਸ਼ਨ ਕਰਨ ਆਈਆਂ। ਜਿਨ੍ਹਾਂ ਵਿਚ ਸ਼ਹੀਦ ਸ: ਕਿਹਰ ਸਿੰਘ

ਮੁਸਤਫਾਬਾਦ, ਜੋ ਦਿੱਲੀ ਸਿਵਲੀਅਨ ਮਹਿਕਮੇ ਵਿਚ ਕਲਰਕ ਦੀ ਨੌਕਰੀ ਕਰਦਾ ਸੀ ਤੇ ਬੇਅੰਤ ਸਿੰਘ ਦਾ ਰਿਸ਼ਤੇਦਾਰੀ ਵਿਚ ਫੁੱਫੜ ਲੱਗਦਾ ਸੀ, ਬਾਜ਼ ਦੇ ਦਰਸ਼ਨ ਕਰਕੇ ਸ਼ਾਮ ਨੂੰ ਵਾਪਸ ਆ ਰਿਹਾ ਸੀ। ਐਤਵਾਰ ਦਾ ਦਿਨ ਸੀ; ਅੱਗੋਂ ਭਾਈ ਬੇਅੰਤ ਸਿੰਘ ਮਿਲ ਪਿਆ, ਕਹਿੰਦਾ—ਫੁੱਫੜ ਜੀ ! ਅੱਗੇ ਤਾਂ ਗੁਰਦੁਆਰਾ ਸਾਹਿਬ ਮੱਥਾ ਟੇਕ ਕੇ ਵਾਪਸ ਛੇਤੀ ਆ ਜਾਂਦੇ ਸੀ, ਮੈਂ ਦੋ ਵਾਰ ਮਿਲਣ ਗਿਆ ਤੁਸੀਂ ਮਿਲੇ ਨਹੀਂ ? ਭਾਈ ਕਿਹਰ ਸਿੰਘ ਜੋ ਧਾਰਮਿਕ ਵਿਚਾਰਾਂ ਦਾ ਤੇ ਸਿੱਖੀ ਦੀ ਜੁਝਾਰੂ ਵਿਚਾਰਧਾਰਾ ਦਾ ਧਾਰਨੀ ਸੀ ਕਹਿੰਦਾ—ਬੇਅੰਤ ਸਿੰਘ ! ਅੱਜ ਗੁਰਦੁਆਰਾ ਰਕਾਬਗੰਜ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਬਾਜ਼ ਆਇਆ ਦਰਸ਼ਨ ਕਰਦਿਆਂ ਸਾਰਾ ਦਿਨ ਲੰਘ ਗਿਆ। ਤੂੰ ਵੀ ਦਰਸ਼ਨ ਕਰ ਆਉਣੇ ਸੀ। ਬੇਅੰਤ ਸਿੰਘ ਕਹਿੰਦਾ—ਫੁੱਫੜ ਜੀ, ਤੁਸੀਂ ਵੀ ਬਹੁਤੇ ਭੋਲੇ ਜੇ, ਗੁਰੂ ਗੋਬਿੰਦ ਸਿੰਘ ਜੀ ਦਾ ਬਾਜ਼ ਕਾਹਦਾ ਆਉਣਾ, ਕੋਈ ਲਗੜ ਚਿੜੀ ਜਹੀ ਕਿਤੇ ਬਨ੍ਹੇਰੇ 'ਤੇ ਆ ਕ ਬੈਠ ਜਾਵੇ, ਸਿੱਖ ਪਾਗ਼ਲਾਂ ਵਾਂਗ ਰੌਲਾ ਪਾਈ ਜਾਂਦੇ। ਅੱਗੇ ਤੁਹਾਡੇ ਵਰਗੇ ਅਫਵਾਹਾਂ ਫੈਲਾਉਣ ਵਾਲਿਆਂ ਨੇ ਪੰਜਾਬ ਦੇ ਹਾਲਾਤ ਵਿਗਾੜ ਦਿੱਤੇ, ਸਰਕਾਰ ਨੇ ਸਖਤੀ ਵਰਤ ਕੇ ਹਾਲਾਤ 'ਤੇ ਕਾਬੂ ਪਾਇਆ, ਹੁਣ ਤੁਸੀਂ ਝੱਲੇ ਹੋਏ ਫਿਰਦੇ। ਮੈਂ ਨਹੀਂ ਐਹੋ ਜਿਹੀਆਂ ਗੱਲਾਂ 'ਤੇ ਵਿਸ਼ਵਾਸ ਰੱਖਦਾ। ਬੇਅੰਤ ਸਿੰਘ ਦੀਆਂ ਖਰ੍ਹਵੀਆਂ ਗੱਲਾਂ ਨੇ ਦਰਵੇਸ਼ ਕਿਹਰ ਸਿੰਘ ਦੇ ਕੋਮਲ ਮਨ ਨੂੰ ਠੇਸ ਪਹੁੰਚਾਈ। ਦੋਵੇਂ ਆਪੋ ਆਪਣੇ ਘਰਾਂ ਦੇ ਰਸਤੇ ਪੈ ਗਏ। ਅਗਲੇ ਦਿਨ ਬੇਅੰਤ ਸਿੰਘ ਡਿਊਟੀ 'ਤੇ ਗਿਆ ਤਾਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸੁਰੱਖਿਆ ਗਾਰਦ ਵਿਚ ਤਾਇਨਾਤ ਸ: ਬਲਬੀਰ ਸਿੰਘ ਸਬ-ਇੰਸਪੈਕਟਰ ਨੇ ਬੇਅੰਤ ਸਿੰਘ ਨਾਲ ਗੱਲ ਛੇੜੀ—ਭਾਈ ਬੇਅੰਤ ਸਿੰਘ ਜੀ ਗੁਰੂ ਗੋਬਿੰਦ ਸਿੰਘ ਦਾ ਬਾਜ਼, ਸਿੱਖਾਂ ਨੂੰ ਵੰਗਾਰਦਾ, ਕਹਿੰਦਾ ਕੁਝ ਕਰੋ ਜਾਂ ਮਰੋ ? ਬੇਅੰਤ ਸਿੰਘ ਕਹਿੰਦਾ—ਬਲਬੀਰ ਸਿੰਘ, ਮੈਂ ਨਹੀਂ ਇਹੋ ਜਿਹੀਆਂ ਕੱਚੀਆਂ ਗੱਲਾਂ ਨੂੰ ਮੰਨਦਾ। ਬਲਬੀਰ ਸਿੰਘ ਕਹਿੰਦਾ—ਭਾਈ ਬੇਅੰਤ ਸਿੰਘ, ਤੂੰ ਕਿਵੇਂ ਮੰਨੇਗਾ ? ਬੇਅੰਤ ਸਿੰਘ ਕਹਿੰਦਾ—ਜੇ ਬਾਜ਼ ਮੇਰੇ ਹੱਥ ਉੱਤੇ ਆ ਕੇ ਬੈਠ ਜਾਵੇ, ਫਿਰ ਮੰਨਾਂਗਾ ਹੀ ਨਹੀਂ, ਜੋ ਸਿੱਖ ਚਾਹੁੰਦੇ ਕਰਾਂਗਾ ਵੀ। ਇੰਨੀ ਗੱਲ ਕਰਦਿਆਂ ਬਾਜ਼ ਉੱਡਦਾ ਹੋਇਆ, ਟਾਹਲੀ ਉਤੇ ਬੈਠ ਗਿਆ, ਹੇਠਾਂ ਦੋਵੇਂ ਸਿੱਖ ਇੰਸਪੈਕਟਰ ਡਿਊਟੀ ਉੱਤੇ ਹੀ ਹੌਲੀ ਹੌਲੀ ਪੰਜਾਬੀ ਵਿਚ ਗੱਲਾਂ ਕਰ ਰਹੇ ਸਨ। ਲਾਗੇ ਇੰਡੋ ਤਿੱਬਤੀ ਪੁਲਿਸ ਦੇ ਜਵਾਨ ਵੀ ਸਨ। ਉਹ ਪੰਜਾਬੀ ਨੂੰ ਸਮਝ ਨਹੀਂ ਸੀ ਸਕਦੇ। ਟਾਹਲੀ 'ਤੇ ਬੈਠਾ ਬਾਜ਼ ਵੇਖ ਕੇ ਬਲਬੀਰ ਸਿੰਘ ਨੇ ਕਿਹਾ—ਭਾਈ ਬੇਅੰਤ ਸਿੰਘ ! ਗੁਰੂ ਸਾਹਿਬ ਨੇ ਬਾਜ਼ ਭੇਜ ਦਿੱਤਾ, ਆਪਾਂ ਨੂੰ ਸੁਨੇਹਾ ਦੇਂਦਾ, ਅਸੀਂ ਸਮਝ ਨਹੀਂ ਰਹੇ। ਬੇਅੰਤ ਸਿੰਘ ਕਹਿੰਦਾ—ਬਲਬੀਰ ਸਿੰਘ, ਜੇ ਗੁਰੂ ਸਾਹਿਬ ਦਾ ਬਾਜ਼ ਸਾਨੂੰ ਸੱਚਮੁੱਚ ਕੁਰਬਾਨੀ ਕਰਨ ਦਾ ਸੁਨੇਹਾ ਦੇਣ ਆਇਆ, ਮੇਰੇ ਹੱਥ 'ਤੇ ਬੈਠ ਜਾਵੇ, ਮੈਂ ਹਰ ਤਰ੍ਹਾਂ ਦੀ ਕੁਰਬਾਨੀ ਕਰਾਂਗਾ। ਬੇਅੰਤ ਸਿੰਘ ਕੋਈ ਹੋਰ ਗੱਲ ਕਰਦਾ, ਬਾਜ਼ ਟਾਹਲੀ ਤੋਂ ਉੱਡ ਕੇ ਬੇਅੰਤ ਸਿੰਘ ਦੇ ਹੱਥ ਉਤੇ ਬੈਠ ਗਿਆ, ਫਿਰ ਕੀ ਸੀ, ਬੇਅੰਤ ਸਿੰਘ ਦੇ ਮਨ ਉੱਤੋਂ ਨਾਸਤਿਕਤਾ ਦੀਆਂ ਸਾਰੀਆਂ ਪਰਤਾਂ ਲਹਿ ਗਈਆਂ। ਅੱਖਾਂ ਵਿੱਚੋਂ ਹੰਝੂ ਵਗੀ ਜਾਣ,



ਇੰਦਰਾਂ ਗਾਂਧੀ ਦੇ ਸੁਰੱਖਿਆ ਗਾਰਡ ਵਜੋਂ ਭਾਈ ਬੇਅੰਤ ਸਿੰਘ ਦੀ ਪੁਰਾਣੀ ਤਸਵੀਰ

ਦੇਸ਼ ਦੀ ਏਕਤਾ ਅਖੰਡਤਾ ਦਾ ਮੁੱਦਈ, ਸ੍ਰੀ ਹਰਿਮੰਦਰ ਸਾਹਿਬ ਛਲਣੀ ਹੋਏ, ਸ੍ਰੀ ਅਕਾਲ ਤਖਤ ਸਾਹਿਬ ਢੱਠੇ ਹੋਏ ਅਤੇ ਹਜ਼ਾਰਾਂ ਸਿੱਖਾਂ ਦੇ ਹਰਿਮੰਦਰ ਸਾਹਿਬ ਹੋਏ ਕਤਲੇਆਮ ਜੋ ਲੋਕਾਂ ਤੋਂ ਸੁਣੇ ਸੀ, ਉਸਦੀ ਤਸਵੀਰ ਅੱਖਾਂ ਸਾਹਮਣੇ ਆ ਗਈ ਅਤੇ ਹਿੰਦੁਸਤਾਨੀ ਮੋਹ ਵੀ ਜਾਂਦਾ ਰਿਹਾ। ਬਲਬੀਰ ਸਿੰਘ ਤੇ ਇੰਡੋ ਤਿੱਬਤੀਅਨ ਗਾਰਡ ਦੇ ਜਵਾਨ ਵੀ ਅਜਬ ਨਜ਼ਾਰੇ ਵੇਖ ਰਹੇ ਸਨ। ਖਾਕੀ ਵਰਦੀ ਵਿਚ ਪੁਲਿਸ ਇੰਸਪੈਕਟਰ ਦੇ ਹੱਥ 'ਤੇ ਬਾਜ਼ ਬੈਠਾ, ਜੂਨ 1984 'ਚ ਘੱਲੂਘਾਰਾ ਸ੍ਰੀ ਹਰਿਮੰਦਰ ਸਾਹਿਬ 'ਚ ਸਿੱਖਾਂ ਦੀ ਇੱਜ਼ਤ ਦੀ ਰੁਲੀ ਪੱਗ ਨੂੰ ਸਿੱਖਾਂ ਦੇ ਸਿਰਾਂ ਉਤੇ ਚੁੱਕ ਕੇ ਰੱਖਣ ਦਾ ਸੁਨੇਹਾ ਦੇ ਰਿਹਾ ਸੀ। ਮੋਟੀਆਂ ਲਾਲ ਸੂਹੀਆਂ ਅੱਖਾਂ (ਬਾਜ਼ ਦੀਆਂ) ਬੇਅੰਤ ਸਿੰਘ ਦੇ ਚਿਹਰੇ 'ਤੇ ਟਿਕੀਆਂ ਹੋਈਆਂ ਸਨ ਤੇ ਬੇਅੰਤ ਸਿੰਘ ਤੋਂ ਵਾਅਦਾ-ਵਫ਼ਾ ਕਰਨ ਦਾ ਜਵਾਬ ਉਡੀਕ ਰਹੀਆਂ ਸਨ। ਬੇਅੰਤ ਸਿੰਘ ਦੇ ਮੂੰਹੋਂ ਨਿਕਲਿਆ ਧੰਨ ਗੁਰੂ ਗੋਬਿੰਦ ਸਿੰਘ ਜੀ, ਤੂੰ ਤਾਂ ਦਿਲਾਂ ਦੀਆਂ ਜਾਣਨ ਵਾਲਾ, ਹੁਣ ਸਿੱਖ ਸੇਵਕ ਨੂੰ ਉੱਦਮ ਤੇ ਬਲ ਬਖ਼ਸ਼ ਕਿ ਮੈਂ ਸਿੱਖ ਕੌਮ ਸਿਰ ਹਕੂਮਤ ਵੱਲੋਂ ਚਾੜ੍ਹੀ ਭਾਜੀ, ਜ਼ਾਲਮਾਂ ਨੂੰ ਸੋਧ ਕੇ ਵਾਪਸ ਕਰ ਸਕਾਂ। ਬੇਅੰਤ ਸਿੰਘ ਦੀ ਕਾਇਆ-ਪਲਟ ਹੋ ਗਈ। ਹੁਣ ਉਸਨੂੰ ਮੌਤ ਵਿੱਚੋਂ ਵੀ ਜ਼ਿੰਦਗੀ ਨਜ਼ਰ ਆ ਰਹੀ ਸੀ, 18ਵੀਂ ਸਦੀ ਦੇ ਸ਼ਹੀਦ ਭਾਈ ਸੁੱਖਾ ਸਿੰਘ ਭਾਈ ਮਹਿਤਾਬ ਸਿੰਘ ਦਾ ਵਾਰਸ ਬਣਨ ਦਾ ਮਨ ਵਿਚ ਉਸ ਨੇ ਪੱਕਾ ਫੈਸਲਾ ਕਰ ਲਿਆ ਸੀ। ਬੇਅੰਤ ਸਿੰਘ ਅਗਲੇ ਦਿਨ ਕਿਹਰ ਸਿੰਘ ਦੇ ਘਰ ਗਿਆ ਤੇ ਆਪਣੇ ਦਿਲ ਦੀ ਭਾਵਨਾ ਤੇ ਸਾਰੀ ਹਕੀਕਤ ਬਿਆਨ ਕਰ ਦਿੱਤੀ। ਉਸ ਤੋਂ ਸਿਵਾ ਕੋਈ ਹੋਰ ਉਸਦਾ ਇੰਨਾ ਵੱਡਾ ਵਿਸ਼ਵਾਸ ਪਾਤਰ ਵੀ ਨਹੀਂ ਸੀ। ਹੁਣ ਬੇਅੰਤ ਸਿੰਘ ਤੇ ਕਿਹਰ ਸਿੰਘ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਜੂਨ 1984 ਵਿਚ ਹੋਈ ਬੀਤੀ ਅੱਖੀਂ ਵੇਖਣਾ

ਚਾਹੁੰਦੇ ਸਨ ਤੇ ਇਕ ਗੱਭਰੂ ਸਾਥੀ ਸਤਵੰਤ ਸਿੰਘ ਨੂੰ ਹੋਰ ਨਾਲ ਗੰਢ ਲਿਆ ਸੀ। ਅੰਮ੍ਰਿਤਸਰ ਹੋਈ ਬੀਤੀ ਵੇਖ ਕੇ ਵਾਪਸ ਦਿੱਲੀ ਜਾ ਕੇ 24 ਅਕਤੂਬਰ 1984 ਨੂੰ ਸ: ਬੇਅੰਤ ਸਿੰਘ ਨੇ ਆਪਣੀ ਪਤਨੀ ਬਿਮਲ ਕੌਰ ਨਾਲ ਦਿੱਲੀ ਦੇ ਗੁਰਦੁਆਰਾ ਸਾਹਿਬ ਤੋਂ ਅੰਮ੍ਰਿਤ ਛਕ ਕੇ, ਸਿੱਖੀ ਸਰੂਪ ਧਾਰਨ ਕਰ ਲਿਆ। 25 ਅਕਤੂਬਰ ਤੋਂ ਹੀ ਬਿਮਲ ਕੌਰ ਨੇ ਸਕੂਟਰ ਚਲਾਉਣ ਸਮੇਂ ਹੈਲਮੈੱਟ ਪਾਉਣ ਤੋਂ ਇਨਕਾਰ ਕਰ ਦਿੱਤਾ। ਸਿਰ ਉੱਪਰ ਕੇਸਕੀ ਸਜਾਉਣੀ ਸ਼ੁਰੂ ਕਰ ਦਿੱਤੀ। ਬੀਬੀ ਬਿਮਲ ਕੌਰ ਖਾਲਸਾ ਦੇ ਨਾਂ ਨਾਲ ਪ੍ਰਸਿੱਧ ਹੋਈ ਤੇ ਸਿੱਖ ਸੰਘਰਸ਼ ਵਿਚ ਹਿੱਸਾ ਵੀ ਪਾਇਆ ਤੇ 1989 ਦੀਆਂ ਪਾਰਲੀਮੈਂਟ ਚੋਣਾਂ ਵਿਚ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਸਿੱਖ ਸੰਘਰਸ਼ ਵਿਚ ਬੜੀ ਦਲੇਰੀ ਨਾਲ ਹਿੱਸਾ ਪਾਇਆ, ਅਖੌਤੀ ਪੰਥਕ ਅਕਾਲੀ ਮੁੱਖ ਮੰਤਰੀ ਸੁਰਜੀਤ ਸਿਹੁੰ ਬਰਨਾਲਾ ਸਰਕਾਰ ਦੇ ਜਬਰ ਦਾ ਸਾਹਮਣਾ ਵੀ ਕੀਤਾ ਅਤੇ ਕਈ ਵਾਰ ਜੇਲ੍ਹਾਂ ਵੀ ਕੱਟੀਆਂ। ਭਾਈ ਬੇਅੰਤ ਸਿੰਘ ਦੀ ਸ਼ਹੀਦੀ ਤੋਂ ਬਾਅਦ ਆਪਣਾ ਸਮੁੱਚਾ ਜੀਵਨ ਸਿੱਖ ਕੌਮ ਦੇ ਸੰਘਰਸ਼ ਨੂੰ ਸਮਰਪਿਤ ਕਰ ਦਿੱਤਾ। ਬੀਬੀ ਬਿਮਲ ਕੌਰ ਖਾਲਸਾ ਕਿਸੇ ਗੁਪਤ ਦੁਸ਼ਮਣ ਦੀ ਚਾਲ ਸਾਜ਼ਿਸ਼ ਦਾ ਸ਼ਿਕਾਰ ਹੋ ਸਿੱਖ ਕੌਮ ਨੂੰ ਵਿਛੋੜਾ ਦੇ ਗਈ। ਬੀਬੀ ਬਿਮਲ ਕੌਰ ਖਾਲਸਾ ਦਾ ਜੀਵਨ ਸਿੱਖ ਬੀਬੀਆਂ ਲਈ ਪ੍ਰੇਰਨਾ ਦਾ ਸਰੋਤ ਰਹੇਗਾ। ਸ਼ਹੀਦ ਬੇਅੰਤ ਸਿੰਘ ਤੇ ਬੀਬੀ ਬਿਮਲ ਕੌਰ ਖਾਲਸਾ ਦੇ ਦੋ ਬੇਟੇ ਸਰਬਜੀਤ ਸਿੰਘ, ਜਸਵਿੰਦਰ ਸਿੰਘ ਤੇ ਇਕ ਬੇਟੀ ਹੈ, ਜੋ ਪਿੱਛੇ ਛੱਡ ਗਏ ਹਨ।

ਸ਼ਹੀਦ ਭਾਈ ਸਤਵੰਤ ਸਿੰਘ, ਭਾਈ ਕਿਹਰ ਸਿੰਘ ਦੀ ਬਰਸੀ ਤੇ ਸ਼ਹੀਦ ਭਾਈ ਸਤਵੰਤ ਸਿੰਘ ਦੇ ਘਰ ਪਿੰਡ ਅਗਵਾਨ ਖੁਰਦ (ਨੇੜੇ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ) 6 ਜਨਵਰੀ 2005 ਨੂੰ ਸਵੇਰੇ 6 ਵਜੇ ਬਾਪੂ ਤਰਲੋਕ ਸਿੰਘ ਤੇ ਬਾਪੂ ਸੁੱਚਾ ਸਿੰਘ ਮਲੋਆ ਇਕੱਠੇ ਇੱਕੋ ਮੰਜੇ 'ਤੇ ਸੁੱਤੇ ਹੋਏ ਸਨ, ਬਾਪੂ ਤਰਲੋਕ ਸਿੰਘ ਤੇ ਸ. ਕਿਰਪਾਲ ਸਿੰਘ ਖਾਲਸਾ ਅਤੇ ਸ. ਦਲਬੀਰ ਸਿੰਘ ਬਾਠ ਭੀਲੋਵਾਲ, ਅਤੇ ਸ: ਗੁਰਮੀਤ ਸਿੰਘ ਸਾਬਕਾ ਏ.ਐੱਸ.ਆਈ (ਦਿੱਲੀ ਪੁਲਿਸ) ਪਿੰਡ ਅਗਵਾਨ ਖੁਰਦ ਦੀ ਹਾਜ਼ਰੀ ਵਿਚ ਉਪ੍ਰੋਕਤ ਜਾਣਕਾਰੀ ਬਾਪੂ ਸੁੱਚਾ ਸਿੰਘ ਐਮ.ਪੀ. ਨੇ ਇਸ ਲੇਖਕ ਨੂੰ ਨੋਟ ਕਰਾਈ। ਬਾਜ਼ ਬਾਰੇ ਜਾਣਕਾਰੀ ਸ਼ਹੀਦ ਭਾਈ ਸਤਵੰਤ ਸਿੰਘ ਦੇ ਪੱਗਵੱਟ ਭਰਾ ਜਿਗਰੀ ਦੋਸਤ ਸ. ਹਰਜਿੰਦਰ ਸਿੰਘ ਨੇ ਨੋਟ ਕਰਾਈ। ਬਾਪੂ ਸੁੱਚਾ ਸਿੰਘ ਮਲੋਆ (ਸਾਬਕਾ ਐਮ.ਪੀ.) ਪਿਤਾ ਸ਼ਹੀਦ ਸ. ਬੇਅੰਤ ਸਿੰਘ ਨੇ ਆਪਣੀ ਉਮਰ 102 ਸਾਲ 21 ਦਿਨ ਲਿਖਾਈ । ਜਨਮ ਮਿਤੀ 16 ਦਸੰਬਰ 1902 ਦੱਸਿਆ । ਬਾਪੂ ਸੁੱਚਾ ਸਿੰਘ ਸਾਬਕਾ ਐਮ.ਪੀ. ਪੁੱਤਰ ਗਿਆਨੀ ਪ੍ਰਤਾਪ ਸਿੰਘ ਵਾਸੀ ਪਿੰਡ ਮਲੋਆ (ਪਿਤਾ ਸ਼ਹੀਦ ਬੇਅੰਤ ਸਿੰਘ) 6 ਜਨਵਰੀ, 2005 ਨੂੰ ਮੁਲਾਕਾਤੀ ਮਨਿੰਦਰ ਸਿੰਘ ਬਾਜਾ।

***

ਘਲੂਘਾਰਾ ਜੂਨ 1984 ਦੇ ਸ਼ਹੀਦ

# ਸ਼ਹੀਦ ਮੇਜਰ ਸਿੰਘ ਨਾਗੋਕੇ

## ਦਮਦਮੀ ਟਕਸਾਲ



ਸਿੱਖਾਂ ਦੇ ਅਣਖੀਲੇ ਇਤਿਹਾਸ ਅੰਦਰ ਜ਼ਿਲ੍ਹਾ ਅੰਮ੍ਰਿਤਸਰ ਦੇ ਇਤਿਹਾਸਕ ਕਸਬਾ ਖਡੂਰ ਸਾਹਿਬ ਦੇ ਨਾਲ ਲੱਗਦੇ ਨਗਰ/ਪਿੰਡ ਨਾਗੋਕੇ ਦਾ ਨਾਂ ਬਹੁਤ ਉੱਚਾ ਹੈ। ਭਾਰਤ ਦੀ ਆਜ਼ਾਦੀ ਦੇ ਸੰਗਰਾਮੀ/ਦੇਸ਼ ਭਗਤ ਸਿੱਖ ਲੀਡਰ ਸਰਦਾਰ ਊਧਮ ਸਿੰਘ ਨਾਗੋਕੇ ਵੀ ਇਸ ਪਿੰਡ ਦੇ ਹੋਏ ਹਨ। ਖ਼ਾਲਸੇ ਦੇ ਜਨਮ ਦਿਨ ਵਿਸਾਖੀ 13 ਅਪਰੈਲ 1978 ਨੂੰ ਸਿੱਖਾਂ ਦੇ ਇਤਿਹਾਸਕ ਕੇਂਦਰੀ ਸਥਾਨ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਪਵਿੱਤਰ ਧਰਤੀ ਉੱਤੇ ਨਕਲੀ ਨਿਰੰਕਾਰੀਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੀਤੀ ਜਾ ਰਹੀ ਨਿੰਦਾ ਨਾ ਸਹਾਰਦੇ ਹੋਏ 13 ਸਿੰਘ ਨਕਲੀ ਨਿਰੰਕਾਰੀਆਂ ਦੀਆਂ ਗੋਲੀਆਂ ਦਾ ਨਿਸ਼ਾਨਾ ਬਣ ਕੇ ਸ਼ਹਾਦਤ ਦਾ ਜਾਮ ਪੀ ਗਏ।

13 ਅਪਰੈਲ 1978 ਦੇ ਵਿਸਾਖੀ ਦੇ ਦਿਹਾੜੇ ਸ੍ਰੀ ਅੰਮ੍ਰਿਤਸਰ ਵਿਖੇ ਨਕਲੀ ਨਿਰੰਕਾਰੀਆਂ ਵੱਲੋਂ ਕੀਤੀ ਗਈ ਬੁਰਛਾਗਰਦੀ ਨਾਲ ਸ਼ਹਾਦਤ ਤੋਂ ਬਾਅਦ ਆਰੰਭੇ ਮੌਜੂਦਾ ਸਿੱਖ ਸੰਘਰਸ਼ ਦੌਰਾਨ ਮੈਦਾਨ-ਏ-ਜੰਗ ਵਿਚ ਨਿਤਰਣ, ਜੂਝਣ ਵਾਲੇ ਬਹਾਦਰ ਸਿੰਘਾਂ ਵਿਚੋਂ ਹੀ ਭਾਈ ਮੇਜਰ ਸਿੰਘ ਨਾਗੋਕੇ ਹੋਏ ਹਨ।

ਭਾਈ ਮੇਜਰ ਸਿੰਘ ਦਾ ਜਨਮ ਸੰਨ 1950 ਵਿਚ ਪਿਤਾ ਸ. ਹਰਬੰਸ ਸਿੰਘ ਦੇ ਘਰ ਮਾਤਾ ਹਰਭਜਨ ਕੌਰ ਦੀ ਕੁੱਖੋਂ ਪਿੰਡ ਨਾਗੋਕੇ, ਜਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਭਾਈ ਸਾਹਿਬ ਜੀ ਦੀ ਵੱਡੀ ਭੈਣ ਸਵਰਨ ਕੌਰ ਹੈ। ਭਾਈ ਸਾਹਿਬ ਦੀ ਉਮਰ ਹਾਲੇ ਇਕ ਸਾਲ ਦੀ ਸੀ ਕਿ ਮਾਤਾ ਅਕਾਲ ਚਲਾਣਾ ਕਰ ਗਏ। ਦੋਵਾਂ ਭੈਣ-ਭਰਾ ਦਾ ਪਾਲਣ-ਪੋਸ਼ਣ ਦਾਦੀ ਨੇ ਕੀਤਾ। ਭਾਈ ਮੇਜਰ ਸਿੰਘ ਜੀ ਨੇ ਦਸਵੀਂ ਤਕ ਪੜ੍ਹਾਈ ਪਿੰਡ ਨਾਗੋਕੇ ਦੇ ਹਾਈ ਸਕੂਲ ਤੋਂ ਕੀਤੀ। ਪਿਤਾ ਜੀ ਨੇ ਸਕੂਲ ਦੀ ਵਿਦਿਆ ਦੇ ਨਾਲ-ਨਾਲ ਭਾਈ ਮੇਜਰ ਸਿੰਘ ਜੀ ਨੂੰ ਨਜ਼ਦੀਕ ਹੀ ਇਤਿਹਾਸਕ ਨਗਰ ਖਡੂਰ ਸਾਹਿਬ ਵਿਖੇ ਬਾਬਾ ਤਾਰਾ ਸਿੰਘ ਜੀ ਨਿਰਮਲੇ ਸੰਤ ਮਹਾਂਪੁਰਖਾਂ ਪਾਸ ਗੁਰਬਾਣੀ ਪਾਠ ਸੰਥਿਆ ਦੀ ਸਿੱਖਿਆ ਵਾਸਤੇ ਸੰਤ ਮਹਾਂਪੁਰਖਾਂ ਦੇ ਲੜ ਲਾਇਆ, ਜਿਥੇ ਮੇਜਰ ਸਿੰਘ ਜੀ ਨੇ ਮਹਾਂਪੁਰਖਾਂ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ

ਜੀ ਦੀਆਂ ਚਾਰ ਸੰਥਿਆ ਅਰਥਾਂ ਸਮੇਤ ਕੀਤੀਆਂ। ਭਾਈ ਸਾਹਿਬ ਜੀ ਨੂੰ ਸੱਤ ਬਾਣੀਆਂ ਨਿਤਨੇਮ ਜ਼ੁਬਾਨੀ ਕੰਠ ਸਨ। ਐਮਰਜੈਂਸੀ ਵਿਰੁੱਧ ਸੰਤ ਕਰਤਾਰ ਸਿੰਘ ਜੀ ਭਿੰਡਰਾਂਵਾਲਿਆਂ ਵੱਲੋਂ ਕੱਢੇ ਗਏ 36ਵੇਂ ਜਲੂਸ ਵਿਚ ਸਾਥੀ ਸਿੰਘਾਂ ਸਮੇਤ ਸ਼ਾਮਲ ਹੋਏ ਤਾਂ ਦਮਦਮੀ ਟਕਸਾਲ ਦੇ ਸੰਪਰਕ ਵਿਚ ਆ ਗਏ ਅਤੇ ਉਸ ਦਿਨ ਤੋਂ ਟਕਸਾਲ ਦੇ ਤਨੋਂ-ਮਨੋਂ ਮੁਰੀਦ ਹੋ ਗਏ। ਭਾਈ ਮੇਜਰ ਸਿੰਘ ਗੁਰਬਾਣੀ ਦੇ ਰਸੀਏ ਸਨ। ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਦੀ ਰੌਲ-ਸੇਵਾ ਦੀ ਭੇਟਾ ਨਹੀਂ ਸਨ ਲੈਂਦੇ। ਆਪ ਜੀ ਦਾ ਵਿਚਾਰ ਸੀ ਕਿ ਗੁਰਬਾਣੀ ਦਾ ਪਾਠ ਬਿਨਾਂ ਚੰਗੇ ਭਾਗਾਂ ਦੇ ਨਹੀਂ ਕੀਤਾ ਜਾ ਸਕਦਾ। ਗੁਰਬਾਣੀ ਪਾਠ ਭਾਗਾਂ ਵਾਲਿਆਂ ਨੂੰ ਨਸੀਬ ਹੁੰਦਾ ਹੈ। ਗੁਰਬਾਣੀ ਦਾ ਪਾਠ ਸਿਮਰਨ ਮਨੁੱਖ ਨੂੰ ਨਿਰਭੈ, ਨਿਰਵੈਰ, ਬਹਾਦਰ, ਤਿਆਗੀ, ਤਪੱਸਵੀ ਬਣਾਉਂਦਾ ਹੈ। ਆਪ ਜੀ ਇਤਨੇ ਫ਼ੁਰਤੀਲੇ ਸਨ ਕਿ ਗੱਤਕਾ ਖੇਡਦਿਆਂ ਪੰਜ ਵਿਰੋਧੀਆਂ ਦੇ ਵਾਰ ਢਾਲ 'ਤੇ ਰੋਕ ਸਕਦੇ ਸਨ। ਕਬੱਡੀ ਦੇ ਬਹੁਤ ਵਧੀਆ ਖਿਡਾਰੀ ਸਨ, ਸ਼ਰਤ ਲਾ ਕੇ ਘੋੜੇ ਨਾਲ ਰੇਸ ਲਾ ਕੇ ਘੋੜੇ ਨੂੰ ਜਿੱਤ ਜਾਂਦੇ ਸਨ। ਆਪਣੇ ਪਿੰਡ ਦੇ ਸਾਥੀਆਂ ਨੂੰ ਗੱਤਕੇਬਾਜ਼ੀ ਵਿਚ ਮਾਹਿਰ ਕਰ ਕੇ ਬੇਅੰਤ ਖ਼ੁਸ਼ੀ ਮਹਿਸੂਸ ਕਰਦੇ ਸਨ। ਭਾਈ ਸਾਹਿਬ ਜੀ ਦੀ ਸ਼ਾਦੀ ਗੁਰੂ ਮਰਿਆਦਾ ਅਨੁਸਾਰ ਸੰਨ 1974 ਵਿਚ ਬੀਬੀ ਜਸਵਿੰਦਰ ਕੌਰ ਪੁੱਤਰੀ ਸ. ਚਾਨਣ ਸਿੰਘ ਵਾਸੀ ਪੱਖੋਕੇ ਨਾਲ ਹੋਈ। ਤਿੰਨ ਪੁੱਤਰ ਕੁਲਦੀਪ ਸਿੰਘ, ਗੁਰਪ੍ਰੀਤ ਸਿੰਘ, ਅਜੈਪਾਲ ਸਿੰਘ ਹਨ।

ਸੰਨ 1978 ਦੀ 8 ਤੋਂ 10 ਅਪਰੈਲ ਨੂੰ ਖਡੂਰ ਸਾਹਿਬ ਵਿਖੇ ਦਮਦਮੀ ਟਕਸਾਲ ਵੱਲੋਂ ਗੁਰਮਤਿ ਕੀਰਤਨ, ਕਥਾ ਸਮਾਗਮ ਕੀਤਾ ਜਾ ਰਿਹਾ ਸੀ, ਜਿਸ ਵਿਚ ਸਿੱਖ ਸੰਗਤਾਂ ਦੂਰੋਂ-ਨੇੜਿਉਂ ਪੁੱਜ ਕੇ ਗੁਰਬਾਣੀ ਕਥਾ ਕੀਰਤਨ ਦਾ ਆਨੰਦ ਮਾਣ ਰਹੀਆਂ ਸਨ। ਭਾਈ ਸਾਹਿਬ ਮੇਜਰ ਸਿੰਘ ਨੇ ਆਪਣੇ ਕਰੀਬੀ ਸਾਥੀਆਂ, ਭਾਈ ਕੁਲਵੰਤ ਸਿੰਘ ਨਾਗੋਕੇ, ਭਾਈ ਲੱਖਾ ਸਿੰਘ ਨਾਗੋਕੇ, ਭਾਈ ਜੱਗਾ ਸਿੰਘ ਨਾਗੋਕੇ, ਭਾਈ ਜੱਸਾ ਸਿੰਘ ਨਾਗੋਕੇ, ਭਾਈ ਬੀਰ ਸਿੰਘ ਨਾਗੋਕੇ, ਭਾਈ ਨਾਜ਼ਰ ਸਿੰਘ ਨਾਗੋਕੇ, ਭਾਈ ਬੁੱਕਣ ਸਿੰਘ ਨਾਗੋਕੇ, ਭਾਈ ਧੰਨਾ ਸਿੰਘ ਬਹਾਦਰਪੁਰ, ਭਾਈ ਗੁਰਮੁਖ ਸਿੰਘ ਬਹਾਦਰਪੁਰ, ਭਾਈ ਹਰਦੇਵ ਸਿੰਘ ਬਹਾਦਰਪੁਰ ਸਮੇਤ ਗੁਰਮਤਿ ਸਮਾਗਮ ਵਿਚ ਸ਼ਾਮਲ ਹੋ ਕੇ ਗੁਰਬਾਣੀ ਪਾਠ, ਕਥਾ, ਕੀਰਤਨ ਸੁਣਨ ਅਤੇ ਲੰਗਰ ਵਿਚ ਹੱਥੀਂ ਸੇਵਾ ਕਰਨ ਦਾ ਅਨੰਦ ਮਾਣਿਆ। ਸਾਰੇ ਸਿੰਘ ਸਮਾਗਮ ਦੇ ਆਖ਼ਰੀ ਦਿਨ 11 ਅਪਰੈਲ 1978 ਨੂੰ ਦਮਦਮੀ ਟਕਸਾਲ ਦੇ ਪੰਜਾਂ ਪਿਆਰਿਆਂ ਹੱਥੋਂ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ ਅਤੇ ਇਸ ਦਿਨ ਦਮਦਮੀ ਟਕਸਾਲ ਨੂੰ ਸਮਰਪਿਤ ਹੋ ਗਏ। ਜਦੋਂ ਸ਼ਾਮ ਨੂੰ ਖਡੂਰ ਸਾਹਿਬ ਦੇ ਗੁਰਮਤਿ ਸਮਾਗਮ ਦੇ ਭੋਗ ਦੀ ਸਮਾਪਤੀ ਦੀ 11 ਅਪਰੈਲ 1978 ਨੂੰ ਅਰਦਾਸ ਹੋਈ/ਕੀਤੀ ਗਈ ਤਾਂ ਭਾਈ ਮੇਜਰ ਸਿੰਘ ਨੇ ਆਪਣੇ 15 ਸਾਥੀਆਂ ਸਮੇਤ ਦਮਦਮੀ ਟਕਸਾਲ ਦੇ ਚੌਦਵੇਂ ਮੁਖੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੂੰ ਬੇਨਤੀ ਕੀਤੀ ਕਿ ਅਸੀਂ ਆਪ ਜੀ ਦੀ ਅਗਵਾਈ ਹੇਠ

ਦਮਦਮੀ ਟਕਸਾਲ ਵਿਚ ਰਹਿ ਕੇ ਸੇਵਾ ਕਰਨੀ ਚਾਹੁੰਦੇ ਹਾਂ। ਸੰਤ ਜੀ, ਕਿਰਪਾ ਕਰ ਕੇ ਜਥੇ ਨਾਲ ਰਹਿਣ ਦੀ ਆਗਿਆ ਬਖ਼ਸ਼ੋ। ਸੰਤ ਜਰਨੈਲ ਸਿੰਘ ਜੀ ਨੇ ਸਿੰਘਾਂ ਨੂੰ ਜਥੇ ਵਿਚ ਆਉਣ 'ਤੇ ਜੀ ਆਇਆਂ ਕਿਹਾ ਕਿ ਦਮਦਮੀ ਟਕਸਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੱਚੇ ਸਤਿਗੁਰਾਂ ਦੇ ਪੁੱਤਰਾਂ ਦੀ ਜਥੇਬੰਦੀ ਹੈ, ਦਾਸ ਤਾਂ ਸੰਗਤਾਂ ਦਾ ਸੇਵਾਦਾਰ ਹੈ। ਸੰਤ ਜਰਨੈਲ ਸਿੰਘ ਜੀ 11 ਅਪਰੈਲ 1978 ਨੂੰ ਖਡੂਰ ਸਾਹਿਬ ਗੁਰਮਤਿ ਸਮਾਗਮ ਦੀ ਸਮਾਪਤੀ ਤੋਂ ਬਾਅਦ ਜਥੇ ਸਮੇਤ ਸ੍ਰੀ ਅੰਮ੍ਰਿਤਸਰ ਨੂੰ ਰਵਾਨਾ ਹੋਏ ਤਾਂ ਭਾਈ ਮੇਜਰ ਸਿੰਘ ਆਪਣੇ ਸਾਥੀਆਂ ਸਮੇਤ ਜਥੇ ਨਾਲ ਅੰਮ੍ਰਿਤਸਰ ਪਹੁੰਚ ਗਏ। ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਦੀਦਾਰੇ ਕੀਤੇ, ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਜਥੇ ਦੇ ਵਫ਼ਾਦਾਰ ਸਿਪਾਹੀ ਬਣ ਗਏ।

13 ਅਪਰੈਲ 1978 ਨੂੰ ਸਵੇਰੇ ਅੰਮ੍ਰਿਤ ਵੇਲੇ ਅਖੰਡ ਕੀਰਤਨੀ ਜਥੇ ਦੇ ਭਾਈ ਫ਼ੌਜਾ ਸਿੰਘ ਜੀ ਨੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੂੰ ਆ ਕੇ ਦੱਸਿਆ ਕਿ ਸੰਤ ਜੀ, ਨਕਲੀ ਨਿਰੰਕਾਰੀ ਗੁਰਬਚਨਾ ਸ੍ਰੀ ਅੰਮ੍ਰਿਤਸਰ ਸਾਹਿਬ ਸ਼ਹਿਰ ਅੰਦਰ ਬੀ-ਬਲਾਕ ਰੇਲਵੇ ਕਾਲੋਨੀ ਵਿਚ ਆਪਣਾ ਕੂੜ-ਕੁਪੱਤ ਦਾ ਸਮਾਗਮ ਕਰ ਰਿਹਾ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਿੱਖੀ ਵਿਰੁੱਧ ਨਿੰਦਾ, ਬੋਲ-ਕੁਬੋਲ ਕਰ ਰਿਹਾ ਹੈ। ਸੰਤ ਜੀ, ਆਪਾਂ ਨੂੰ ਸ਼ਾਂਤਮਈ ਢੰਗ ਨਾਲ ਰੋਸ ਜ਼ਰੂਰ ਪ੍ਰਗਟ ਕਰਨਾ ਚਾਹੀਦਾ ਹੈ। ਗੁਰੂ ਸਾਹਿਬਾਨ ਅਤੇ ਸਿੱਖੀ ਦੀ ਨਿੰਦਿਆ ਸੁਣਨਾ ਸਿੱਖ ਦਾ ਕਰਮ ਨਹੀਂ। ਸੰਤ ਜਰਨੈਲ ਸਿੰਘ ਜੀ ਨੇ ਕਿਹਾ ਕਿ ਜਥੇਦਾਰ ਫ਼ੌਜਾ ਸਿੰਘ ਜੀ, ਅਸੀਂ ਹਰ ਤਰ੍ਹਾਂ ਆਪ ਜੀ ਨਾਲ ਸਹਿਯੋਗ ਕਰਨ ਲਈ ਤਿਆਰ-ਬਰ-ਤਿਆਰ ਹਾਂ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੇ ਜੀਵਨ ਸਿੰਘ ਉਮਰਾਨੰਗਲ, ਜੋ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਅਕਾਲੀਆਂ 'ਚ ਸਿਰਕੱਢ ਲੀਡਰ ਸੀ, ਉਸ ਨੂੰ ਕਿਹਾ ਕਿ ਤੁਸੀਂ ਜਥੇਦਾਰ ਜੀ, ਮੰਤਰੀ ਹੋ ਤੇ ਪੰਜਾਬ ਵਿਚ ਅਕਾਲੀ ਸਰਕਾਰ ਹੈ, ਇਸ ਲਈ ਆਪਣੇ ਅਧਿਕਾਰਾਂ ਦੀ ਵਰਤੋਂ ਕਰ ਕੇ ਨਕਲੀ ਨਿਰੰਕਾਰੀਆਂ ਦਾ ਸਮਾਗਮ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਪਮਾਨ ਰੋਕਿਆ ਜਾਵੇ। ਪਰ ਅਕਾਲੀ ਇਹ ਜੁਰਅੱਤ ਕਿਵੇਂ ਕਰ ਸਕਦੇ ਸੀ, ਜਿਹੜੇ ਨਕਲੀ ਨਿਰੰਕਾਰੀਆਂ ਦੀਆਂ ਵੋਟਾਂ ਦੀ ਭੀਖ ਮੰਗ ਕੇ ਰਾਜ-ਭਾਗ ਦੇ ਸੁਖ ਭੋਗ ਰਹੇ ਸਨ।

ਅਕਾਲੀ, ਰਾਜ-ਭਾਗ ਇਹਨਾਂ ਕੋਲ ਹੋਵੇ ਤਾਂ ਬੇਸ਼ਰਮ ਹੋ ਜਾਂਦੇ ਹਨ, ਫਿਰ ਧਰਮ ਅਤੇ ਸਿੱਖ ਮਰਿਆਦਾ ਪਵੇ ਢੱਠੇ ਖੂਹ ਵਿਚ। ਕੁਰਸੀ ਹੇਠੋਂ ਨਿਕਲ ਜਾਵੇ ਫਿਰ 'ਪੰਥ ਨੂੰ ਖ਼ਤਰਾ ਹੈ' ਦੇ ਨਾਅਰੇ ਲਾਉਂਦੇ ਹਨ, ਮੋਰਚੇ ਲਾਉਂਦੇ ਹਨ। ਜੀਵਨ ਸਿੰਘ ਉਮਰਾਨੰਗਲ ਨੇ ਸੰਤ ਜਰਨੈਲ ਸਿੰਘ ਜੀ ਨੂੰ ਇਹ ਜਵਾਬ ਦਿੱਤਾ ਕਿ ਪੰਜਾਬ ਸਰਕਾਰ ਸੈਕੂਲਰ, ਧਰਮ-ਨਿਰਪੱਖ ਸਰਕਾਰ ਹੈ, ਇਸ ਵਿਚ ਹਰ ਇਕ ਨੂੰ ਆਪਣੇ ਧਰਮ ਦਾ ਪ੍ਰਚਾਰ ਕਰਨ ਦੀ ਖੁੱਲ੍ਹ ਹੈ। ਸੰਤ ਜਰਨੈਲ ਸਿੰਘ ਜੀ ਨੇ ਕਿਹਾ ਕਿ ਜਥੇਦਾਰ ਜੀ, ਆਪਣੇ ਧਰਮ ਦਾ ਪ੍ਰਚਾਰ ਤਾਂ ਹਰ ਇਕ ਨੂੰ ਕਰਨ ਦਾ ਹੱਕ ਤਾਂ ਹੋਣਾ ਜ਼ਰੂਰੀ ਹੈ ਪਰ ਕਿਥੇ ਧਰਮ ਦੀ ਨਿੰਦਾ ਕਰਨ ਦਾ ਹੱਕ ਨਹੀਂ ਹੋਣਾ ਚਾਹੀਦਾ।

ਆਖ਼ਰ ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਨੇ ਫ਼ੈਸਲਾ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਖ਼ਿਲਾਫ਼ ਕੀਤੇ ਜਾ ਰਹੇ ਭੰਡੀ ਪ੍ਰਚਾਰ ਨੂੰ ਰੋਕਣ ਲਈ ਅਰਦਾਸ ਕਰ ਕੇ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟ ਕੀਤਾ ਜਾਵੇ। ਸਿੰਘਾਂ ਨੇ ਸੰਤ ਜਰਨੈਲ ਸਿੰਘ ਜੀ ਨੂੰ ਰੋਕ ਕੇ ਕਿਹਾ ਕਿ ਦਮਦਮੀ ਟਕਸਾਲ ਦੇ ਸਿੰਘ ਭਾਈ ਰਣਬੀਰ ਸਿੰਘ ਫ਼ੌਜੀ ਅਤੇ ਜਥੇਦਾਰ ਫ਼ੌਜਾ ਸਿੰਘ ਅਖੰਡ ਕੀਰਤਨੀ ਜਥਾ ਦੀ ਅਗਵਾਈ ਹੇਠ ਰੋਸ ਮਾਰਚ ਕਰ ਕੇ, ਨਿਰੰਕਾਰੀ ਪੰਡਾਲ ਸਾਹਮਣੇ ਰੋਸ ਪ੍ਰਗਟ ਕਰਨਗੇ। ਅਰਦਾਸ ਕਰ ਕੇ ਸਿੰਘਾਂ ਦਾ ਜਥਾ ਭਾਈ ਫ਼ੌਜਾ ਸਿੰਘ ਜੀ ਅਤੇ ਭਾਈ ਰਣਬੀਰ ਸਿੰਘ ਜੀ ਫ਼ੌਜੀ ਦੀ ਅਗਵਾਈ ਹੇਠ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦਾ ਹੋਇਆ ਬੀ-ਬਲਾਕ ਰੇਲਵੇ ਕਾਲੋਨੀ ਨੂੰ, ਜਿਥੇ ਨਿਰੰਕਾਰੀ ਆਪਣਾ ਸਮਾਗਮ ਕਰ ਰਹੇ ਸਨ, ਵੱਲ ਪੈਦਲ ਤੁਰਦਾ ਹੋਇਆ ਗਿਆ। ਨਿਰੰਕਾਰੀ ਦਿੱਲੀ ਦਰਬਾਰ ਦੀ ਸ਼ਹਿ 'ਤੇ ਹੰਕਾਰੇ ਹੋਏ ਪਹਿਲਾਂ ਹੀ ਫੁੰਕਾਰੇ ਮਾਰ ਰਹੇ ਸਨ। ਉਹਨਾਂ ਸਿੰਘਾਂ ਦੇ ਰੋਸ ਮਾਰਚ ਨੂੰ ਜਾਣਨ ਦੀ ਕੀ ਸੋਚਣੀ ਸੀ, ਉਹ ਤਾਂ ਸਿੱਖਾਂ ਦੇ ਘਰ ਅੰਦਰ ਆ ਕੇ ਵੰਗਾਰ ਰਹੇ ਸਨ ਕਿ ਉਹਨਾਂ ਸਿੱਖੀ ਨੂੰ, ਸਿੱਖੀ ਸਰੂਪ ਨੂੰ ਤਹਿਸ-ਨਹਿਸ ਕਰਨ ਦੀ ਪੱਕੀ ਧਾਰੀ ਹੋਈ ਸੀ। ਸਿੰਘ ਅਜੇ ਪੰਡਾਲ ਤੋਂ ਕਾਫੀ ਦੂਰ ਸਨ ਕਿ ਨਿਰੰਕਾਰੀ ਗੁਰਬਚਨੇ ਦੇ ਇਸ਼ਾਰੇ 'ਤੇ ਉਸ ਦੀ ਗੰਡਾ ਸੈਨਾ ਨੇ ਸਿੰਘਾਂ ਦੇ ਜਥੇ ਉਪਰ ਅੰਨ੍ਹੇਵਾਹ ਗੋਲੀਆਂ ਦੀ ਬੁਛਾੜ ਕਰ ਦਿੱਤੀ। ਪੁਲਿਸ ਅਧਿਕਾਰੀ ਵੀ ਗੁਰਬਚਨੇ ਨਿਰੰਕਾਰੀ ਦੇ ਪੈਰ-ਪੂਜਕ ਚੇਲੇ ਚਾਟੜੇ ਹੀ ਸਨ, ਜਿਹਨਾਂ ਨੇ ਸਿੰਘਾਂ ਵੱਲ ਅੱਥਰੂ ਗੈਸ ਦੇ ਗੋਲੇ ਸੁੱਟ ਕੇ ਨਿਰੰਕਾਰੀਆਂ ਦੀ ਮਦਦ ਕੀਤੀ। ਨਿਰੰਕਾਰੀ ਗੁਰਬਚਨੇ ਦੇ ਗੁੰਡਿਆਂ ਨੇ ਗੋਲੀਆਂ ਨਾਲ ਡਿੱਗੇ ਸਿੰਘਾਂ ਉੱਤੇ ਬਰਛੇ, ਤਲਵਾਰਾਂ, ਗੰਡਾਸਿਆਂ ਨਾਲ ਵਾਰ ਕਰ-ਕਰ ਕੇ ਕੋਹ-ਕੋਹ ਕੇ ਸ਼ਹੀਦ ਕੀਤਾ। 13 ਸਿੰਘ ਸ਼ਹੀਦ ਹੋ ਗਏ, 150 ਤੋਂ ਵੱਧ ਦਮਦਮੀ ਟਕਸਾਲ ਤੇ ਅਖੰਡ ਕੀਰਤਨੀ ਜਥੇ ਦੇ ਸਿੰਘ ਸਖਤ ਜ਼ਖਮੀ ਹੋਏ। ਜ਼ਖ਼ਮੀ ਹੋਣ ਵਾਲਿਆਂ ਵਿਚ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਵੀ ਸਨ। ਸ਼ਹੀਦ ਸਿੰਘਾਂ ਅਤੇ ਜ਼ਖ਼ਮੀ ਸਿੰਘਾਂ ਦੇ ਖ਼ੂਨ ਨਾਲ ਧਰਤੀ ਰੰਗੀ ਗਈ। ਨਰਕਧਾਰੀ ਗੁਰਬਚਨੇ ਦਾ ਤਿੰਨ ਘੰਟੇ ਬਾਅਦ ਵਿਚ ਵੀ ਅਕਾਲੀ ਪੰਥਕ ਸਰਕਾਰ ਦੀ ਸਰਪ੍ਰਸਤੀ ਹੇਠ ਸਮਾਗਮ ਚਲਦਾ ਰਿਹਾ। ਸਾਰੇ ਸਿੱਖ ਜਗਤ ਵਿਚ 13 ਅਪਰੈਲ 1978 ਦੇ ਖ਼ੂਨੀ ਘੱਲੂਘਾਰੇ ਨਾਲ ਹਾਹਾਕਾਰ ਮੱਚ ਗਈ। ਇਹ ਖ਼ੂਨੀ ਸਾਕਾ ਭਾਈ ਮੇਜਰ ਸਿੰਘ ਨਾਗੋਕੇ, ਭਾਈ ਅਨੋਖ ਸਿੰਘ ਦੀਆਂ ਅੱਖਾਂ ਦੇ ਸਾਹਮਣੇ ਵਾਪਰਿਆ। ਬਾਦਲ ਸਾਹਿਬ ਦੀ ਅਕਾਲੀ ਪੰਥਕ ਸਰਕਾਰ ਨੇ ਪੂਰੀ ਹਿਫ਼ਾਜ਼ਤ ਨਾਲ ਨਰਕਧਾਰੀ ਗੁਰਬਚਨੇ ਨੂੰ ਇਸ ਖ਼ੂਨੀ ਘੱਲੂਘਾਰੇ ਤੋਂ ਬਾਅਦ ਪੁਲਿਸ ਗਾਰਦ ਦੀ ਸੁਰੱਖਿਆ ਵਿਚ ਦਿੱਲੀ ਪਹੁੰਚਾਇਆ। ਨਿਰੰਕਾਰੀ ਗੁਰਬਚਨੇ ਉੱਤੇ ਅੰਮ੍ਰਿਤਸਰ ਦੇ ਖ਼ੂਨੀ ਘੱਲੂਘਾਰੇ ਵਿਚ ਸ਼ਹੀਦ ਹੋਏ ਸਿੰਘਾਂ ਦਾ ਮੁਕੱਦਮਾ ਸਰਕਾਰ ਨੇ ਦਰਜ ਤਾਂ ਕੀਤਾ ਪਰ ਸੁਣਵਾਈ ਕਰਨਾਲ ਸ਼ਹਿਰ (ਹਰਿਆਣਾ) ਦੀ ਅਦਾਲਤ ਵਿਚ ਸ਼ੁਰੂ ਹੋਈ, ਜੋ ਪੰਥਕ ਅਕਾਲੀ ਸਰਕਾਰ ਦੀ ਨਿਕੰਮੀ ਪੈਰਵੀ ਕਰਕੇ ਨਿਰੰਕਾਰੀ ਗੁਰਬਚਨਾ ਆਪਣੇ

65-70 ਗੁੰਡਿਆਂ ਸਮੇਤ ਬਰੀ ਹੋ ਗਿਆ। ਨਿਰੰਕਾਰੀਆਂ ਨੇ ਸਿੱਖਾਂ ਦੇ ਜ਼ਖ਼ਮੀ ਹਿਰਦਿਆਂ ਉੱਤੇ ਲੂਣ ਛਿੜਕਣ ਲਈ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਸਿੱਖਾਂ ਦਾ ਛੇਵਾਂ ਗੁਰੂ ਹਰਿਗੋਬਿੰਦ ਸਾਹਿਬ 52 ਬੰਦੀ ਛੁਡਾ ਕੇ ਲਿਆਇਆ ਸੀ, ਸਾਡਾ ਗੁਰੂ ਗੁਰਬਚਨਾ 70 ਬੰਦੀ ਛੁਡਾ ਕੇ ਲਿਆਇਆ ਹੈ।

ਭਾਈ ਗਿਆਨ ਸਿੰਘ ਜੀ (ਮਿਸਤਰੀ ਸਿੰਘ) ਨਿਰੰਕਾਰੀ ਦੇ ਬੰਗਲੇ ਵਿਚ ਕੰਮ ਕਰਦਾ ਸੀ। ਭਾਈ ਰਣਜੀਤ ਸਿੰਘ, ਭਾਈ ਕਾਬਲ ਸਿੰਘ ਵਰਗੇ ਪੰਥਕ ਕਾਜ ਨੂੰ ਸਿਰੇ ਚੜ੍ਹਾਉਣ ਲਈ ਜਾਨਾਂ ਤਲੀ 'ਤੇ ਧਰ ਕੇ ਮੈਦਾਨ-ਏ-ਜੰਗ ਵੱਲ ਤੁਰ ਪਏ। ਅੰਜਾਮ ਦੇਣ ਲਈ ਹੋਰ ਮਰਜੀਵੜੇ ਸਿੰਘਾਂ ਦੇ ਸਹਿਯੋਗ ਦੀ ਵੀ ਲੋੜ ਸੀ।

ਭਾਈ ਗਿਆਨ ਸਿੰਘ ਜੀ ਦੇ ਸਹੁਰੇ ਪਿੰਡ ਨਾਗੋਕੇ ਸਨ। ਇਸ ਕਰਕੇ ਅਕਸਰ ਹੀ ਭਾਈ ਗਿਆਨ ਸਿੰਘ ਦਾ ਪਿੰਡ ਨਾਗੋਕੇ ਆਉਣਾ ਜਾਣਾ ਰਹਿੰਦਾ ਸੀ। ਭਾਈ ਗਿਆਨ ਸਿੰਘ ਦਾ ਭਾਈ ਮੇਜਰ ਸਿੰਘ ਨਾਲ ਮੇਲ ਹੋ ਗਿਆ ਤੇ ਸੋਚ-ਵਿਚਾਰ ਤੋਂ ਬਾਅਦ ਭਾਈ ਮੇਜਰ ਸਿੰਘ ਨਾਗੋਕੇ ਅਤੇ ਭਾਈ ਅਮਰੀਕ ਸਿੰਘ ਜੀ (ਸ਼ਹੀਦ) ਦੀ ਅਗਵਾਈ ਹੇਠ 16 ਸਿੰਘ ਪੰਜਾਬ ਤੋਂ ਨਿਰੰਕਾਰੀ ਗੁਰਬਚਨੇ ਨੂੰ ਸੋਧਣ ਲਈ ਦਿੱਲੀ ਨੂੰ ਰਵਾਨਾ ਹੋਏ। ਭਾਈ ਮੇਜਰ ਸਿੰਘ ਨੇ ਅਸਲੇ ਵਾਲੀ ਗੱਡੀ ਦੀ ਦਿੱਲੀ ਤਕ ਡਰਾਇਵਰੀ ਕੀਤੀ। ਰਣਨੀਤੀ ਅਨੁਸਾਰ 16 ਸਿੰਘ ਹੀ ਨਿਰੰਕਾਰੀ ਗੁਰਬਚਨੇ ਦੀ ਕੋਠੀ ਦੁਆਲੇ ਘੇਰਾ ਪਾ ਕੇ ਦਾਖ਼ਲ ਹੋਏ। ਕੰਡੇਦਾਰ ਲੱਗੀਆਂ ਤਾਰਾਂ ਕੱਟ ਕੇ ਅੰਦਰ ਲੰਘੇ ਸਨ। ਜਦੋਂ ਨਰਕਧਾਰੀ ਗੁਰਬਚਨਾ ਪਹਾੜ ਗੰਜ ਤੋਂ ਆਪਣੇ ਪਰਤਾਪੇ ਬਾਡੀਗਾਰਡ ਨਾਲ ਕੋਠੀ ਅੰਦਰ ਰਾਤ ਵੇਲੇ ਦਾਖ਼ਲ ਹੋਇਆ ਤਾਂ ਸਿੰਘਾਂ ਨੇ ਗੋਲੀਆਂ ਮਾਰ ਕੇ ਦੋਹਾਂ ਨੂੰ ਉਡਾ ਦਿੱਤਾ ਅਤੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾ ਦਿੱਤੇ। ਅਕਾਲ ਪੁਰਖ ਵਾਹਿਗੁਰੂ ਦੀ ਕਿਰਪਾ ਸਦਕਾ 16 ਸਿੰਘ ਹੀ ਨਿਰੰਕਾਰੀ ਨੂੰ ਸੋਧ ਕੇ ਚੜ੍ਹਦੀ ਕਲਾ ਵਿਚ ਪੰਜਾਬ ਆਪੋ ਆਪਣਿਆਂ ਟਿਕਾਣਿਆਂ ਪਰ ਪਹੁੰਚ ਗਏ। ਸਿੰਘਾਂ ਨੇ ਹਥਿਆਰ ਜਮਨਾ ਨਦੀ ਦਿੱਲੀ ਵਿਚ ਸੁੱਟ ਦਿੱਤੇ। ਦਿੱਲੀ ਦੀ ਪੁਲਿਸ ਅਤੇ ਸੀ.ਬੀ.ਆਈ. ਭਾਈ ਮੇਜਰ ਸਿੰਘ ਨੂੰ ਫੜਨ ਲਈ ਪਿੰਡ ਨਾਗੋਕੇ ਛਾਪੇ ਮਾਰਦੀ ਰਹੀ, ਪਰ ਭਾਈ ਸਾਹਿਬ ਜੀ ਪੱਕੇ ਤੌਰ 'ਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਨਾਲ ਮਹਿਤਾ ਚੌਂਕ ਰਹਿੰਦੇ ਸਨ। ਜਦੋਂ ਸੰਤਾਂ ਨੂੰ ਗ੍ਰਿਫ਼ਤਾਰ ਕਰਨ ਲਈ ਚੰਦੋ ਕਲਾਂ ਹਰਿਆਣਾ 'ਚ ਪੰਜਾਬ ਪੁਲਿਸ ਨੇ ਛਾਪਾ ਮਾਰਿਆ ਤਾਂ ਆਪ ਸੰਤ ਜੀ ਦੇ ਨਾਲ ਟਰੱਕ ਰਾਹੀਂ ਮਹਿਤਾ ਪਹੁੰਚ ਗਏ। ਹਾਈਜੈਕਰ ਭਾਈ ਮੁਸੀਬਤ ਸਿੰਘ ਨੂੰ ਰਾਜਾਸਾਂਸੀ ਹਵਾਈ ਅੱਡੇ ਉੱਤੇ ਗੋਲੀ ਮਾਰ ਕੇ ਸ਼ਹੀਦ ਕਰਨ ਵਾਲੇ ਗੁਰਬਚਨੇ (ਗਿਆਨੀ) ਡੀ.ਐੱਸ.ਪੀ. ਅਤੇ ਉਸ ਦੇ ਪਰਿਵਾਰ ਨੂੰ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਸੋਧ ਦਿੱਤਾ, ਮੱਖਣ ਹੌਲਦਾਰ, ਭਗਵਾਨ ਸਿੰਘ ਥਾਣੇਦਾਰ ਸੁਲਤਾਨਪੁਰ ਲੋਧੀ ਨੂੰ ਸਾਥੀ ਮੋਟਰ ਸਾਈਕਲ ਸਵਾਰਾਂ ਨਾਲ ਗੱਡੀ ਚਾੜ੍ਹਿਆ ਸੀ। ਭਾਈ ਮੇਜਰ ਸਿੰਘ, ਭਾਈ ਮਨਬੀਰ ਸਿੰਘ ਚਹੇੜੂ, ਭਾਈ ਸੁਰਿੰਦਰ ਸਿੰਘ ਸੋਢੀ, ਭਾਈ ਲਾਭ ਸਿੰਘ ਜੀ ਦੁਸ਼ਟਾਂ ਦੀ ਸੋਧਾਈ ਕਰਨ ਵਿਚ ਸਫਲ ਰਹੇ। ***

# ਜੂਨ 1984 ਦੇ ਘੱਲੂਘਾਰੇ ਵਿੱਚੋਂ ਉਪਜੀ ਸੂਰਮਗਤੀ

ੴ
ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ
॥ ਜਪੁ ॥
ਆਦਿ ਸਚੁ ਜੁਗਾਦਿ ਸਚੁ
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥



ਜਦੋਂ ਵੀ ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੀ ਬੇਹੁਰਮਤੀ ਦੀ ਗੱਲ ਚੱਲਦੀ ਹੈ ਤਾਂ ਸਿੱਖ ਵਿਰੋਧੀ ਹਾਕਮਾਂ ਮੱਸਾ ਰੰਗੜ, ਅਹਿਮਦਸ਼ਾਹ ਅਬਦਾਲੀ, ਇੰਦਰਾ ਗਾਂਧੀ ਅਤੇ ਜਨਰਲ ਵੈਦਿਆ ਦੇ ਸਿੱਖਾਂ ਉੱਪਰ ਜ਼ੁਲਮਾਂ ਦੀ ਤਸਵੀਰ ਅੱਖਾਂ ਸਾਹਮਣੇ ਆ ਜਾਂਦੀ ਹੈ। ਇਹਨਾਂ ਖਲਨਾਇਕਾਂ ਦੇ ਨਾਲ ਹੀ, ਖਾਲਸਾ ਪੰਥ ਦੇ ਜੁਝਾਰੂ ਬੱਬਰ ਸ਼ੇਰਾਂ ਭਾਈ ਸੁੱਖਾ ਸਿੰਘ ਮਾੜੀ ਕੰਬੋਕੀ, ਭਾਈ ਮਹਿਤਾਬ ਸਿੰਘ ਮੀਰਾਂ ਕੋਟ (ਮੱਸਾ ਰੰਗੜ ਕਾਂਡ) ਭਾਈ ਬੇਅੰਤ ਸਿੰਘ ਮਲੋਆ, ਭਾਈ ਸਤਵੰਤ ਸਿੰਘ ਅਗਵਾਨ ਖੁਰਦ, ਭਾਈ ਕਿਹਰ ਸਿੰਘ ਮੁਸਤਫਾਬਾਦ (ਇੰਦਰਾ ਕਾਂਡ), ਭਾਈ ਮਥਰਾ ਸਿੰਘ ਚੌੜਾ ਮਧਰਾ, ਭਾਈ ਹਰਜਿੰਦਰ ਸਿੰਘ ਜਿੰਦਾ (ਗਦਲੀ) ਅਤੇ ਭਾਈ ਸੁਖਦੇਵ ਸਿੰਘ ਸੁੱਖਾ (ਰਾਜਸਥਾਨੀ) ਵੈਦਿਆ ਕਾਂਡ ਦਾ ਸ਼ਾਨਾਂਮੱਤਾ ਇਤਿਹਾਸ ਅੱਖਾਂ ਸਾਹਮਣੇ ਆ ਜਾਂਦਾ ਹੈ, ਇਤਿਹਾਸ ਦੇ ਵਿਦਿਆਰਥੀਆਂ ਦੇ ਦਿਲਾਂ ਦੀ ਧੜਕਣ ਤੇਜ਼ ਹੋ ਜਾਂਦੀ ਹੈ ਅਤੇ ਸਿੱਖਾਂ ਦਾ ਮਨੋਬਲ ਉੱਚਾ ਹੋ ਜਾਂਦਾ ਹੈ ਤੇ ਸਿੱਖ ਕੌਮ ਨਾਅਰਾ ਬੁਲੰਦ ਕਰਦੀ ਹੈ, 'ਦੇਗ ਤੇਗ ਫਤਹਿ', 'ਰਾਜ ਕਰੇਗਾ ਖ਼ਾਲਸਾ, ਆਕੀ ਰਹੇ ਨਾ ਕੋਇ' ਅਤੇ ਸਿੱਖ ਮੌਤ ਵਿੱਚੋਂ ਵੀ ਜ਼ਿੰਦਗੀ ਭਾਲਦੇ ਹਨ ?

***

## ਦਿਨ ਦਿਹਾੜੇ ਸਫ਼ਲ ਖਾੜਕੂ ਐਕਸ਼ਨ ਕਰਨ ਵਾਲਾ ਅਣਖ਼ੀਲਾ ਜਰਨੈਲ

# ਸ਼ਹੀਦ ਜਨਰਲ ਭਾਈ ਲਾਭ ਸਿੰਘ ਪੰਜਵੜ

## ਮੁਖੀ-ਖ਼ਾਲਿਸਤਾਨ ਕਮਾਂਡੋ ਫ਼ੋਰਸ



ਸਿੱਖ ਇਤਿਹਾਸ ਵਿਚ ਪਿੰਡ ਪੰਜਵੜ ਜ਼ਿਲ੍ਹਾ ਅੰਮ੍ਰਿਤਸਰ ਦਾ ਨਾਮ ਬੜਾ ਉੱਚਾ ਹੈ। ਅੰਮ੍ਰਿਤਸਰ ਤੋਂ ਭਿੱਖੀਵਿੰਡ ਜਾਂਦਿਆਂ ਝਬਾਲ ਤੋਂ ਅੱਗੇ ਖੱਬੇ ਹੱਥ ਸੜਕ ਤੋਂ 2 ਕੁ ਕਿਲੋਮੀਟਰ ਹਟਵਾਂ ਪਿੰਡ ਹੈ, ਪੰਜਵੜ । ਇਸੇ ਪਿੰਡ ਦਾ 18ਵੀਂ ਸਦੀ ਦਾ ਮਸ਼ਹੂਰ ਖਾੜਕੂ ਭਾਈ ਛੱਜਾ ਸਿੰਘ ਪੰਜਵੜ ਹੋਇਆ ਹੈ, ਜਿਸ ਨੇ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਜੰਗੀ ਮੁਹਿੰਮਾਂ ਵਿਚ ਭਾਗ ਲਿਆ ਅਤੇ ਖ਼ਾਲਸੇ ਦੀ ਹਰ ਮੁਹਿੰਮ ਵਿਚ ਮੋਹਰੀ ਰਿਹਾ। ਭਾਈ ਛੱਜਾ ਸਿੰਘ ਪੰਜਵੜ ਭੰਗੀ ਮਿਸਲ ਦੇ ਬਾਨੀ ਸਿੰਘਾਂ 'ਚੋਂ ਪ੍ਰਮੁੱਖ ਸਿੰਘ ਸੀ, ਭੰਗੀ ਮਿਸਲ ਦਾ ਸਿਰਦਾਰ ਮੁਖੀ ਸ: ਹਰੀ ਸਿੰਘ ਭੰਗੀ ਪਿੰਡ ਪੰਜਵੜ ਵਿਆਹਿਆ ਸੀ, ਇਸ ਕਰਕੇ ਬਹੁਤਾ ਕਰਕੇ ਸ. ਹਰੀ ਸਿੰਘ ਭੰਗੀ ਵੀ ਪੰਜਵੜ ਕਰਕੇ ਹੀ ਜਾਣਿਆ ਜਾਂਦਾ ਸੀ।

ਸਿੱਖ ਕੌਮ ਦੀ ਅਜ਼ਾਦੀ ਦੇ ਸੰਘਰਸ਼ ਵਿਚ ਵੀਹਵੀਂ ਸਦੀ ਦੇ ਮਹਾਨ ਨੀਤੀਵਾਨ ਜੁਝਾਰੂ ਸਿੰਘਾਂ ਵਿਚੋਂ ਹੋਏ ਹਨ, ਪਿੰਡ ਪੰਜਵੜ ਜ਼ਿਲ੍ਹਾ ਅੰਮ੍ਰਿਤਸਰ ਦੇ ਦੋ ਸੂਰਮੇ ਡਾ: ਬਰਜਿੰਦਰ ਸਿੰਘ ਪੰਜਵੜ ਅਤੇ ਜਨਰਲ ਲਾਭ ਸਿੰਘ ਪੰਜਵੜ। ਭਿੱਖੀਵਿੰਡ ਤੋਂ ਜਾਂਦਿਆਂ ਜਦੋਂ ਪੰਜਵੜ ਦਾ ਗੇਟ ਆਉਂਦਾ ਹੈ ਤਾਂ ਇਤਿਹਾਸ ਦੇ ਵਿਦਿਆਰਥੀਆਂ ਦੇ ਸਾਹ ਰੁੱਕ ਜਾਂਦੇ ਹਨ ਤੇ ਦਿਲਾਂ ਦੀ ਧੜਕਣਾਂ ਤੇਜ਼ ਹੋ ਜਾਂਦੀਆਂ ਹਨ। ਜਨਰਲ ਲਾਭ ਸਿੰਘ ਪੰਜਵੜ ਅਤੇ ਡਾ: ਬਰਜਿੰਦਰ ਸਿੰਘ ਪੰਜਵੜ ਦੇ ਖ਼ਾਲਿਸਤਾਨੀ ਸੰਘਰਸ਼ ਵਿਚ ਪਾਏ ਬਹੁਮੁੱਲੇ ਯੋਗਦਾਨ, ਮਹਾਨ ਸੱਚੀ-ਸੁੱਚੀ ਨੀਤੀ, ਖਾੜਕੂ ਦਲੇਰਾਨਾਂ ਐਕਸ਼ਨਾਂ ਦੀ ਤਸਵੀਰ ਸਿੱਖਾਂ ਸਾਹਮਣੇ ਆ ਜਾਂਦੀ ਹੈ ਤੇ ਪੈਦਲ ਜਾਂਦਿਆਂ ਦੇ ਪਿੰਡ ਸਾਹਮਣੇ ਆਉਂਦਿਆਂ ਦਮ ਰੁਕ ਜਾਂਦੇ ਹਨ, ਇਕ ਸਿੱਖ ਦੂਜੇ ਨੂੰ ਬੜੇ ਮਾਣ ਨਾਲ ਕਹਿੰਦਾ ਹੈ, "ਭਾਊ, ਇਹ ਹੈ ਜਨਰਲ ਲਾਭ ਸਿੰਘ ਤੇ ਡਾ: ਬਰਜਿੰਦਰ ਸਿੰਘ ਪੰਜਵੜ ਦਾ ਪਿੰਡ! ਜੇ ਕੋਈ ਅਨਜਾਣ ਪੁੱਛ ਲਵੇ, ਜਨਰਲ ਲਾਭ ਸਿੰਘ ਕਿਹੜਾ ? ਜਾਣਕਾਰ



ਜਨਰਲ ਲਾਭ ਸਿੰਘ ਆਪਣੇ ਪਰਿਵਾਰ ਨਾਲ

ਜਾਂਦਾ, ਯਾਰ ਖ਼ਾਲਿਸਤਾਨ ਕਮਾਂਡੋ ਫੋਰਸ ਦਾ ਮੁਖੀ ਜਰਨੈਲ, ਜਨਰਲ ਲਾਭ ਸਿੰਘ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਵੀ ਇਸ ਪਿੰਡ ਦਾ ਹੀ ਹੈ।”

ਪਿਤਾ ਸ: ਪੂਰਨ ਸਿੰਘ, ਮਾਤਾ ਮਹਾਰਾਨੀ ਕੁਲਵੰਤ ਕੌਰ ਦੇ ਲਾਡਲੇ ਸ. ਸੁਖਦੇਵ ਸਿੰਘ ‘ਸੁੱਖਾ ਸਿਪਾਹੀ’, ਖ਼ਾਲਸਾ ਪੰਥ/ਸਿੱਖ ਸੰਘਰਸ਼ ਦੇ ਜੁਝਾਰੂ ਅਣਖੀਲੇ ਜਰਨੈਲ ਸ਼ਹੀਦ ਜਨਰਲ ਲਾਭ ਸਿੰਘ ਦਾ ਜਨਮ 11 ਅਗਸਤ 1952, ਮੁਤਾਬਕ 27 ਸਾਵਣ ਬਿਕ੍ਰਮੀ ਸੰਮਤ 2009 ਨੂੰ ਪਿੰਡ ਪੰਜਵੜ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਵੱਡੇ ਭਰਾ ਸ: ਦਲਜੀਤ ਸਿੰਘ ਜੀ ਹਨ ਜੋ ਪਿਤਾ-ਪੁਰਖੀ ਖੇਤੀਬਾੜੀ ਦਾ ਧੰਦਾ ਕਰਦੇ ਹਨ। ਭਾਈ ਸਾਹਿਬ ਸੁਖਦੇਵ ਸਿੰਘ ਨੇ ਦਸਵੀਂ ਤਕ ਦੀ ਪੜ੍ਹਾਈ ਪੰਜਵੜ ਦੇ ਹਾਈ ਸਕੂਲ ਤੋਂ ਅਤੇ 12ਵੀਂ ਤਕ ਬੀੜ ਵਾਲਾ ਬੁੱਢਾ ਸਾਹਿਬ ਕਾਲਜ ਤੋਂ ਪਾਸ ਕੀਤੀ। ਭਾਈ ਸਾਹਿਬ ਕਬੱਡੀ ਦੇ ਚੰਗੇ ਖਿਡਾਰੀ ਸਨ। ਪਿਤਾ ਜੀ ਛੋਟੇ ਹੁੰਦਿਆਂ ਦੇ ਅਕਾਲ ਚਲਾਣਾ ਕਰ ਗਏ ਸਨ। ਭਾਈ ਸਾਹਿਬ 1971 ਵਿਚ ਪੰਜਾਬ ਪੁਲਿਸ ਵਿਚ ਭਰਤੀ ਹੋ ਗਏ। ਭਾਈ ਸੁਖਦੇਵ ਸਿੰਘ ਦਾ ਆਨੰਦ ਕਾਰਜ 1977 ’ਚ ਬੀਬੀ ਦਵਿੰਦਰ ਕੌਰ ਪੁੱਤਰੀ ਚਰਨ ਸਿੰਘ ਵਾਸੀ ਉੜਮੁੜ ਟਾਂਡਾ ਨਾਲ ਹੋਈ ਤੇ ਦੋ ਸਪੁੱਤਰ ਰਾਜੇਸ਼ਵਰ ਸਿੰਘ ਤੇ ਪਰਦੀਪ ਸਿੰਘ ਪੈਦਾ ਹੋਏ। 13 ਅਪ੍ਰੈਲ 1978 ਨੂੰ ਵਿਸਾਖੀ ਦੇ ਦਿਹਾੜੇ ਅੰਮ੍ਰਿਤਸਰ ਦੀ ਧਰਤੀ ’ਤੇ ਨਕਲੀ ਨਿਰੰਕਾਰੀਆਂ ਹੱਥੋਂ ਵਾਪਰੇ ਖ਼ੂਨੀ ਕਾਂਡ, ਜਿਸ ਵਿਚ 13 ਸਿੰਘ ਸ਼ਹੀਦ ਹੋਏ ਤੇ 150 ਤੋਂ ਵੱਧ ਸਖ਼ਤ ਜ਼ਖ਼ਮੀ ਹੋਏ ਤੋਂ ਬਾਅਦ ਭਾਈ ਸੁਖਦੇਵ ਸਿੰਘ ਸੁੱਖਾ ਸਿਪਾਹੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੀ ਜੁਝਾਰੂ-ਵਿਚਾਰਧਾਰਾ, ਖ਼ਾਲਸਾਈ ਰਵਾਇਤਾਂ ਵੱਲ ਖਿੱਚੇ ਗਏ ਤੇ ਸੰਤ ਜਰਨੈਲ ਸਿੰਘ ਜੀ ਦੇ ਸੰਪਰਕ ਵਿਚ ਆਏ। ਇਹਨੀਂ ਦਿਨੀਂ ਪੰਜਾਬ ਪੁਲਿਸ ਅੰਦਰ ਸਿੱਖ ਨੌਜਵਾਨ ਦਿਲਾਂ ਅੰਦਰ ਖ਼ਾਲਸਾਈ ਜੁਝਾਰੂ ਰਵਾਇਤਾਂ ਨੂੰ ਕਾਇਮ ਰੱਖਣ ਖ਼ਾਤਿਰ ਆਪਾ ਵਾਰਨ, ਕੁਰਬਾਨੀ ਕਰਨ ਦਾ ਜਜ਼ਬਾ ਉਭਰ ਕੇ ਸਾਹਮਣੇ ਆਇਆ। ਪੰਜਾਬ ਪੁਲਿਸ ਬਹੁਤ ਸਾਰਾ ਹਿੱਸਾ ਸੰਤ ਜਰਨੈਲ ਸਿੰਘ ਜੀ ਦੀ ਖ਼ਾਲਸਾਈ ਵਿਚਾਰਧਾਰਾ ਦੀ ਗੁਪਤ ਰੂਪ ਵਿਚ ਆਪਣੇ ਦਿਲਾਂ ਵਿਚ ਰਹਿਨੁਮਾਈ ਕਬੂਲਦਾ ਹੋਇਆ ਸਿੱਖ ਵਿਰੋਧੀ ਪੰਥ-ਦੋਖੀਆਂ ਨੂੰ ਸੋਧਣ ਲਈ ਹਰ ਤਰ੍ਹਾਂ ਦੀ ਕੁਰਬਾਨੀ ਕਰ ਕੇ ਸਿੱਖ ਇਤਿਹਾਸ ਦੀਆਂ ਨਵੀਆਂ ਪੈੜਾਂ ਸਿਰਜ ਰਿਹਾ ਸੀ। ਇਨ੍ਹਾਂ ਬਹਾਦਰ ਸੂਰਮਿਆਂ ਵਿਚ ਹੀ ਪੰਜਾਬ ਪੁਲਿਸ ਦਾ ਸੁਖਦੇਵ ਸਿੰਘ ‘ਸੁੱਖਾ ਸਿਪਾਹੀ’ ਦਾ ਨਾਂ ਆਉਂਦਾ ਹੈ, ਜਿਸਨੇ ਨੌਕਰੀ ਕਰਦਿਆਂ ਹੀ ਕਈ ਸਿੱਖ ਪੰਥ ਦੇ ਦੋਖੀ ਬੇਅੰਤ ਕਾਤਲਾਂ ਨੂੰ ਸੋਧਾ ਲਾ ਕੇ ਨਰਕਧਾਮ ਦੀ ਗੱਡੀ ਚੜ੍ਹਾਇਆ।

ਸੰਨ 1982 'ਚ ਜੇਠ ਮਹੀਨੇ ਦੀ ਸੰਗਰਾਂਦ ਵਾਲੇ ਦਿਨ ਪੰਜਾਬ ਪੁਲਿਸ ਦੀ ਨੌਕਰੀ ਛੱਡ ਕੇ ਸੁਖਦੇਵ ਸਿੰਘ 'ਸੁੱਖਾ ਸਿਪਾਹੀ' ਘਰ ਆ ਗਿਆ ਤੇ ਮਾਤਾ ਜੀ ਕੁਲਵੰਤ ਕੌਰ ਨੂੰ ਕਿਹਾ—ਬੀਬੀ ! ਮੈਂ ਨੌਕਰੀ ਛੱਡ ਕੇ ਸਿੱਖ ਕੌਮ ਦੀ ਸੇਵਾ ਕਰਨ ਦਾ ਸੰਕਲਪ ਧਾਰ ਕੇ ਆ ਗਿਆ ਹਾਂ। ਪੰਜਾਬ ਪੁਲਿਸ ਦਾ ਕੋਈ ਅਫਸਰ ਆਵੇ, ਮੁਲਾਜ਼ਮ ਆਵੇ ਪੁੱਛ-ਗਿੱਛ ਕਰਨ ਲਈ, ਕੋਈ ਨਿਆਂ ਨਹੀਂ ਦੇਣਾ। ਉਸ ਦਿਨ ਤੋਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਜਥੇ 'ਚ ਰਲ ਗਿਆ, ਅੰਮ੍ਰਿਤ ਛਕ ਕੇ ਸਿੰਘ ਸਰੂਪ ਵਿਚ ਪ੍ਰਪੱਕ ਹੋ ਗਿਆ। ਸੰਤ ਜਰਨੈਲ ਸਿੰਘ ਜੀ ਨੇ ਪਿਆਰ ਨਾਲ ਨਾਂ ਭਾਈ ਲਾਭ ਸਿੰਘ ਰੱਖਿਆ। ਜਨਰਲ ਲਾਭ ਸਿੰਘ ਨੂੰ ਸੰਤ ਭਿੰਡਰਾਂਵਾਲੇ ਦੀ ਨੇੜਿਓਂ ਸੰਗਤ ਮਾਨਣ ਦਾ ਅਤੇ ਭਾਈ ਸੁਰਿੰਦਰ ਸਿੰਘ ਸੋਢੀ, ਭਾਈ ਮਨਬੀਰ ਸਿੰਘ ਚਹੇੜੂ, ਭਾਈ ਮੇਜਰ ਸਿੰਘ ਨਾਗੋਕੇ, ਭਾਈ ਮਥਰਾ ਸਿੰਘ ਦੇ ਸਾਥ (ਜੂਨ 1984 ਦੇ ਘੱਲੂਘਾਰੇ ਤੋਂ ਪਹਿਲਾਂ ਹੀ) ਅਜਿਹੇ ਦਲੇਰਾਨਾ ਜੁਝਾਰੂ ਕਾਰਨਾਮੇ ਕਰਨ ਦਾ ਸੁਭਾਗ ਅਤੇ ਮਾਣ ਹਾਸਲ ਹੋ ਚੁੱਕਾ ਸੀ ਕਿ ਸਿੱਖ ਸੰਘਰਸ਼ ਦੇ ਹਾਮੀ ਸੱਥਾਂ 'ਚ ਭਾਈ ਲਾਭ ਸਿੰਘ ਦੀ ਬਹਾਦਰੀ ਦਾ ਜ਼ਿਕਰ ਬੜੇ ਫ਼ਖ਼ਰ ਨਾਲ ਕਰਦੇ ਸਨ। ਡੀ.ਆਈ.ਜੀ. ਅਟਵਾਲ ਕਤਲ ਕਾਂਡ, ਹਰਬੰਸ ਲਾਲ ਖੰਨਾ ਜਿਹੜਾ ਕਹਿੰਦਾ ਹੁੰਦਾ ਸੀ ਕਿ ਦੁੱਕੀ ਤਿੱਕੀ ਖਹਿਣ ਨਹੀਂ ਦੇਣੀ ਸਿਰ 'ਤੇ ਪੱਗੜੀ ਰਹਿਣ ਨਹੀਂ ਦੇਣੀ, ਨੂੰ ਸੋਧਾ ਲਾਉਣਾ, ਸਿੱਖ ਵਿਰੋਧੀ ਹਿੰਦ ਸਮਾਚਾਰ ਸਮੂੰਹ ਦੇ ਲਾਲਾ ਜਗਤ ਨਰਾਇਣ ਦਾ ਛੋਕਰਾ, ਜੋ ਲਾਲੇ ਦੇ ਕਤਲ ਤੋਂ ਬਾਅਦ, ਸਿੱਖਾਂ ਨਾਲ ਨਫ਼ਰਤ ਕਰਦਾ ਸੀ, 'ਜੱਗਬਾਣੀ' ਦੇ ਐਡੀਟਰ ਰਮੇਸ਼ ਚੰਦਰ ਨੂੰ 12 ਮਈ 1984 ਨੂੰ ਜਲੰਧਰ ਦੇ ਨਾਮਦੇਵ ਚੌਕ, ਹਾਈ ਜੈਕਰ ਸ਼ਹੀਦ ਮੁਸੀਬਤ ਸਿੰਘ ਦੇ ਕਾਤਲ ਗਿਆਨੀ ਗੁਰਬਚਨ ਸਿਹੁੰ ਡੀ.ਐੱਸ.ਪੀ. ਨੂੰ ਸੋਧਣ ਵਾਲਿਆਂ 'ਚ ਖ਼ਾਲਸਾ ਪੰਥ ਵੱਲੋਂ ਭਾਈ ਲਾਭ ਸਿੰਘ ਪੰਜਵੜ ਦਾ ਨਾਂ ਬੜੇ ਮਾਣ ਨਾਲ ਲਿਆ ਜਾਂਦਾ ਸੀ। ਭਾਈ ਲਾਭ ਸਿੰਘ, ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਬਹੁਤ ਨਜ਼ਦੀਕੀ ਸਿੰਘਾਂ ਵਿਚੋਂ ਇਕ ਸਮਝਿਆ ਜਾਂਦਾ ਸੀ। ਸੰਤ ਜੀ ਹਮੇਸ਼ਾਂ 'ਸਾਡਾ ਲਾਭ ਸਿੰਘ' ਕਹਿ ਕੇ ਪਿਆਰ ਸਤਿਕਾਰ ਨਾਲ ਬੁਲਾਉਂਦੇ ਸਨ।

ਜੂਨ 1984 ਨੂੰ ਦਰਬਾਰ ਸਾਹਿਬ ਉਪਰ ਹੋਏ ਫੌਜੀ ਹਮਲੇ ਵੇਲੇ ਭਾਈ ਲਾਭ ਸਿੰਘ ਨੂੰ ਹੋਰਨਾਂ ਸਿੰਘਾਂ ਨਾਲ ਗ੍ਰਿਫ਼ਤਾਰ ਕਰ ਲਿਆ ਗਿਆ, ਹਿੰਦ ਫੌਜ ਦੇ ਫੌਜੀ ਕੈਂਪਾਂ ਵਿਚ ਕਰੜੀ ਤਫਤੀਸ਼ ਤੋਂ ਬਾਅਦ ਹੋਰਨਾਂ ਸਿੰਘਾਂ ਦੇ ਨਾਲ ਰਾਜਸਥਾਨ ਦੀ ਜੋਧਪੁਰ ਜੇਲ੍ਹ 'ਚ ਬੰਦ ਕਰ ਦਿੱਤਾ। ਕੁਝ ਚਿਰ ਬਾਅਦ 12 ਮਈ 1984 ਨੂੰ ਰਮੇਸ਼ ਚੰਦਰ ਦੇ ਕਤਲ ਕੇਸ ਦਾ ਮੁਕੱਦਮਾ ਦਰਜ ਕਰਕੇ ਉਸਨੂੰ ਜਲੰਧਰ ਜੇਲ੍ਹ 'ਚ ਤਬਦੀਲ ਕਰ ਦਿੱਤਾ ਗਿਆ। ਮਾਰਚ 1986 'ਚ ਜਦੋਂ ਭਾਈ ਲਾਭ ਸਿੰਘ ਪੰਜਵੜ, ਭਾਈ ਗੁਰਿੰਦਰ ਸਿੰਘ ਭੋਲਾ ਤਰਨ ਤਾਰਨ, ਭਾਈ ਦਲਜੀਤ ਸਿੰਘ ਮਾਹਲਾਂ ਨੂੰ ਖਾੜਕੂ ਸਿੰਘਾਂ ਭਾਈ ਮਨਬੀਰ ਸਿੰਘ ਚਹੇੜੂ, ਭਾਈ ਜਰਨੈਲ ਸਿੰਘ ਹਲਵਾਰਾ ਨੇ ਸਾਥੀ ਸਿੰਘਾਂ ਸਮੇਤ ਰਮੇਸ਼ ਚੰਦਰ ਕਤਲ ਦੇ ਮੁਕੱਦਮੇ ਦੀ ਪੇਸ਼ੀ 'ਤੇ ਆਏ ਭਾਈ ਲਾਭ ਸਿੰਘ ਨੂੰ ਦੋ ਸਾਥੀਆਂ ਸਮੇਤ ਪੁਲਿਸ ਪਾਰਟੀ ਤੇ ਜਲੰਧਰ ਕਚਹਿਰੀਆਂ 'ਚ ਹਮਲਾ ਕਰਕੇ ਅਜ਼ਾਦ ਕਰਾ,

ਬਚ ਨਿਕਲਣ ਵਿਚ ਕਾਮਯਾਬ ਹੋ ਗਏ। ਭਾਈ ਲਾਭ ਸਿੰਘ ਸਿੱਖ ਸੰਘਰਸ਼ ਨੂੰ ਅੱਗੇ ਤੋਰਨ ਲਈ ਮੈਦਾਨੇ ਜੰਗ 'ਚ ਵਿਚਰਣ ਲੱਗਾ, ਜਾਂਬਾਜ਼ੀ ਦੀਆਂ ਸਿਫ਼ਤਾਂ ਸਿੱਖਾਂ ਦੇ ਘਰਾਂ ਅੰਦਰ ਹੋਣ ਲੱਗੀਆਂ। ਸਿੱਖੀ ਵਿਰੋਧੀ ਭਾਈ ਲਾਭ ਸਿੰਘ ਦਾ ਨਾਂ ਸੁਣ ਕੇ ਥਰਥਰ ਕੰਬਣ ਲੱਗੇ। ਕਈ ਵਾਰੀ ਦੂਰਦਰਸ਼ਨ ਨੇ ਟੈਲੀਵਿਜ਼ਨ 'ਤੇ ਜਨਰਲ ਲਾਭ ਸਿੰਘ ਤੇ ਭਾਈ ਹਰਜਿੰਦਰ ਸਿੰਘ ਜਿੰਦਾ ਦੀਆਂ ਤਸਵੀਰਾਂ ਦਿਖਾ ਕੇ ਰੈੱਡ-ਅਲਰਟ ਕੀਤਾ ਜਾਂਦਾ ਤਾਂ ਸਿੱਖੀ ਵਿਰੋਧੀ ਘਰਾਂ 'ਚੋਂ ਬਾਹਰ ਨਹੀਂ ਸੀ ਨਿਕਲਦੇ। ਜਨਰਲ ਲਾਭ ਸਿੰਘ ਖਾੜਕੂ ਸੰਘਰਸ਼ ਅੰਦਰ ਇਕ ਨੀਤੀਵਾਨ ਤੇ ਜਾਂਬਾਜ਼ ਜਰਨੈਲ ਸੀ। ਭਾਈ ਮਨਬੀਰ ਸਿੰਘ ਚਹੇੜੂ ਉਰਫ਼ ਜਨਰਲ ਹਰੀ ਸਿੰਘ ਨੂੰ ਪੰਜਾਬ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਤਾਂ ਜੁਝਾਰੂ ਸਿੰਘਾਂ ਵਿਚ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਨਵੇਂ ਮੁਖੀ ਸਬੰਧੀ ਵਿਚਾਰ ਚੱਲੀ ਤਾਂ ਬਾਬਾ ਠਾਕੁਰ ਸਿੰਘ ਜੀ ਖ਼ਾਲਸਾ ਦੀ ਸਲਾਹ ਉੱਤੇ ਜੁਝਾਰੂ ਸਿੰਘਾਂ ਦੀ ਨਿਗਾਹ ਭਾਈ ਲਾਭ ਸਿੰਘ 'ਤੇ ਟਿਕ ਗਈ। ਸਰਬ-ਸੰਮਤੀ ਨਾਲ ਭਾਈ ਲਾਭ ਸਿੰਘ ਨੂੰ ਖ਼ਾਲਿਸਤਾਨ ਕਮਾਂਡੋ ਫੋਰਸ ਦਾ ਜਰਨੈਲ ਥਾਪਿਆ ਗਿਆ। ਵੇਖੋ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ। 18ਵੀਂ ਸਦੀ ਵਿਚ ਖ਼ਾਲਸੇ ਨੇ ਘੋੜਿਆਂ ਦੀ ਸੇਵਾ ਕਰਨ ਵਾਲੇ ਫ਼ੈਜ਼ਲਪੁਰ/ਸਿੰਘਪੁਰ ਪਿੰਡ ਦੇ ਭਾਈ ਕਪੂਰ ਸਿੰਘ ਨੂੰ ਖ਼ਾਲਸਾ ਪੰਥ ਦਾ ਨਵਾਬ ਕਪੂਰ ਸਿੰਘ (ਸਿੰਘਪੁਰੀਆ) ਬਣਾ ਦਿੱਤਾ ਸੀ। ਇਤਿਹਾਸ ਦੀ ਤਵਾਰੀਖ਼ ਨੇ ਦੁਹਰਾਇਆ, ਜੁਝਾਰੂ ਸਿੰਘ ਨੇ ਸਿੰਘਪੁਰਾ ਦੇ ਨੇੜੇ ਦੇ ਹੀ ਪਿੰਡ ਪੰਜਵੜ ਦੇ ਪੰਜਾਬ ਪੁਲਿਸ ਦੇ ਸਿਪਾਹੀ ਨੂੰ 20ਵੀਂ ਸਦੀ ਦੇ ਸਿੱਖ ਸੰਘਰਸ਼ ਦੇ ਜੁਝਾਰੂ ਸਿੰਘਾਂ ਦਾ ਜਰਨੈਲ ਜਨਰਲ ਲਾਭ ਸਿੰਘ (ਪੰਜਵੜ) ਬਣਾ ਦਿੱਤਾ। ਸਿੱਖ ਕੌਮ ਜਨਰਲ ਲਾਭ ਸਿੰਘ ਦੇ ਸਿਦਕ, ਅਡੋਲਤਾ, ਜਾਂਬਾਜ਼ੀ ਭਰੇ ਖਾੜਕੂ ਦਲੇਰਾਨਾ ਸ਼ਾਨਾਂਮੱਤੇ ਇਤਿਹਾਸਕ ਕਾਰਨਾਮਿਆਂ ਕਰਕੇ ਉਸਦੀ ਸੂਰਬੀਰਤਾ ਤੋਂ ਕਾਇਲ ਸੀ, ਹੁਣ ਤਾਂ ਸਿੱਖ ਮਾਤਾਵਾਂ ਦਾ ਪੱਤ ਲਾਭ ਸਿੰਘ ਸੀ, ਸਿੱਖ ਭੈਣਾਂ ਦਾ ਵੀਰ ਜਨਰਲ ਲਾਭ ਸਿੰਘ ਸੀ ਤੇ ਸਿੱਖ ਨੌਜਵਾਨਾਂ ਦੇ ਦਿਲਾਂ ਦੀ ਧੜਕਣ, ਜ਼ਾਲਮ ਹਕੂਮਤ ਨਾਲ ਬਹਾਦਰੀ ਨਾਲ ਟੱਕਰ ਲੈਣ ਵਾਲਾ ਜਨਰਲ ਲਾਭ ਸਿੰਘ ਸੀ, ਜਿਸਦੀ ਚੜ੍ਹਦੀ ਕਲਾ ਸਮੁੱਚੀ ਸਿੱਖ ਕੌਮ ਦੀ ਚੜ੍ਹਦੀ ਕਲਾ ਸੀ। ਜਨਰਲ ਲਾਭ ਸਿੰਘ ਨਿਰਦੋਸ਼ਾਂ ਦਾ ਖ਼ੂਨ ਵਹਾਉਣ 'ਚ ਵਿਸ਼ਵਾਸ ਨਹੀਂ ਸੀ ਰੱਖਦਾ ਤੇ ਨਾ ਹੀ ਲੋਕਾਂ ਤੋਂ ਜਬਰੀ ਫਿਰੌਤੀਆਂ ਲੈਣ ਦੇ ਹੱਕ ਵਿਚ ਸੀ। ਸਿੱਖ ਸੰਘਰਸ਼ ਦੀਆਂ ਲੋੜਾਂ ਪੂਰੀਆਂ ਕਰਨ ਲਈ ਬੈਂਕਾਂ ਲੁੱਟਣੀਆਂ, ਮਰਦਾਨਗੀ ਵਾਲੇ ਕਦਮ ਸਨ। ਲੁਧਿਆਣਾ ਬੈਂਕ 'ਚੋਂ 5 ਕਰੋੜ 76 ਲੱਖ ਦੀ ਡਕੈਤੀ ਦਿਨ ਦਿਹਾੜੇ ਦੋ ਦਰਜਨ ਦੇ ਕਰੀਬ ਜੁਝਾਰੂ ਸਿੰਘਾਂ ਵੱਲੋਂ, ਇਕ ਵੀ ਗੋਲੀ ਚਲਾਏ ਬਿਨਾਂ, ਬੈਂਕ ਸਟਾਫ ਦੇ ਬਿਨਾਂ ਸ਼ੱਕ, ਮੁਲਾਜ਼ਮਾਂ ਤੋਂ ਹੀ ਗੱਡੀ/ਵੈਨ ਵਿਚ ਨੋਟ ਅਤੇ ਸੀਕ ਖਾਤੇ ਰਖਾ ਕੇ ਲੈ ਜਾਣਾ, ਹਿੰਦੁਸਤਾਨ 'ਚ ਹੀ ਨਹੀਂ ਸਗੋਂ ਏਸ਼ੀਆ ਦੇ ਮੁਲਕਾਂ ਦੇ ਇਤਿਹਾਸ ਵਿਚ ਜਨਰਲ ਲਾਭ ਸਿੰਘ ਦੀਆ ਗੁਰੀਲਾ ਰਣਨੀਤੀਆਂ ਦੀ ਮਿਸਾਲ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ। ਭਰੋਸੇਯੋਗ ਸੂਤਰਾਂ ਅਨੁਸਾਰ ਲੁਧਿਆਣਾ ਬੈਂਕ ਡਿਕੈਤੀ, ਜਨਰਲ ਲਾਭ ਸਿੰਘ ਤੇ ਭਾਈ ਸਤਨਾਮ ਸਿੰਘ ਬਾਵਾ ਦਾ ਇੰਨਾ

ਜ਼ਿਆਦਾ ਰੋਹਬ ਸੀ, ਕਿ ਬੈਂਕ ਦਾ ਕੋਈ ਵੀ ਮੁਲਾਜ਼ਮ ਸਮਝ ਨਾ ਸਕਿਆ ਕਿ ਬੈਂਕ ਵਿਚ ਡਾਕਾ ਪੈ ਰਿਹਾ ਹੈ, ਸਾਰੇ ਜਨਰਲ ਲਾਭ ਸਿੰਘ ਤੇ ਭਾਈ ਸਤਨਾਮ ਸਿੰਘ ਬਾਵਾ ਨੂੰ ਸਲੂਟ ਹੀ ਮਾਰਦੇ ਰਹੇ ਤੇ ਸਮਝਦੇ ਰਹੇ ਕਿ ਦਿੱਲੀ ਤੋਂ ਵੱਡੇ ਸਾਹਬ, ਬੈਂਕ ਦਾ ਖਾਤਾ/ਕੰਮ ਕਾਜ ਚੈੱਕ ਕਰਨ ਆਏ ਹਨ। ਜਨਰਲ ਲਾਭ ਸਿੰਘ ਤੇ ਭਾਈ ਸਤਨਾਮ ਸਿੰਘ ਬਾਵਾ 24 ਦੇ ਕਰੀਬ ਜੁਝਾਰੂ ਸਿੰਘਾਂ ਨਾਲ ਦੋ ਘੰਟੇ ਬੈਂਕ 'ਚ ਰਹੇ। ਬੈਂਕ ਦੇ ਰਾਖੇ, ਜੁਝਾਰੂ ਸਿੰਘਾਂ ਦਾ ਹੁਕਮ ਵਜਾਉਂਦੇ ਹੇ। ਸਿੰਘਾਂ ਦੇ ਚਿਹਰਿਆਂ ਉੱਪਰ ਕੋਈ ਵੀ ਭੈ ਜਾਂ ਚਿੰਤਾ ਦਾ ਚਿੰਨ੍ਹ ਨਹੀਂ ਸੀ ਦਿਖਾਈ ਦੇਂਦਾ। ਜਨਰਲ ਲਾਭ ਸਿੰਘ ਤੇ ਭਾਈ ਸਤਨਾਮ ਸਿੰਘ ਬਾਵਾ ਨੇ ਅਫਸਰੀ ਰੋਹਬ ਵਿਚ ਬੈਂਕ ਅਧਿਕਾਰੀਆਂ ਨੂੰ ਕਿਹਾ—ਸ਼ਾਮ ਨੂੰ ਪੰਜ ਵਜੇ ਫਲਾਣੇ ਥਾਣੇ ਵਿਚੋਂ ਬੈਂਕ ਖਾਤੇ ਤੇ ਕੈਸ਼ ਲੈ ਆਉਣਾ। ਬੈਂਕ ਅਧਿਕਾਰੀਆਂ, ਜੁਝਾਰੂ ਸਿੰਘਾਂ ਦੇ ਜਰਨੈਲ ਦੇ ਹੁਕਮ ਅੱਗੇ, ਸਿਰ ਝੁਕਾਇਆ। ਸਿੰਘਾਂ ਦੀ ਗੁਰੀਲਾ ਰਣਨੀਤੀ ਨੂੰ ਕੋਈ ਨਾ ਸਮਝ ਸਕਿਆ। ਜਨਰਲ ਲਾਭ ਸਿੰਘ, ਬੜੀ ਹੀ ਸਿਆਣਪ ਤੇ ਜਾਂਬਾਜ਼ੀ ਨਾਲ ਖ਼ਾਲਿਸਤਾਨ ਦੇ ਸੰਘਰਸ਼ ਦੇ ਇਤਿਹਾਸ ਦੇ ਪੰਨੇ ਲਿਖ ਕੇ ਬਿਨਾਂ ਸ਼ੱਕ ਦੇ ਚਲਾ ਗਿਆ। ਸ਼ਾਮ ਨੂੰ ਬੈਂਕ ਅਧਿਕਾਰੀਆਂ, ਦੱਸੇ ਗਏ ਥਾਣੇ 'ਤੇ ਫੋਨ ਕਰਕੇ ਪੁੱਛਿਆ ਕਿ ਬੈਂਕ ਖਾਤੇ ਤੇ ਰਿਕਾਰਡ ਸਾਹਬ ਜੀ ਲੈ ਜਾਈਏ, ਚੈੱਕ ਕਰ ਲਏ .....? ਤੇ ਅੱਗੋਂ ਸਬੰਧਤ ਥਾਣੇ ਤੋਂ ਮੁਨਸ਼ੀ ਨੇ ਕਿਹਾ—ਕਿਹੜੇ ਬੈਂਕ ਖਾਤੇ ਦੀ ਗੱਲ ਕਰਦੇ ਹੋ ? ਤਾਂ ਭਾਂਡਾ ਭੱਜਿਆ ਕਿ ਅੱਤਵਾਦੀ ਲੁਧਿਆਣਾ ਦੀ ਬੈਂਕ ਲੁੱਟ ਕੇ, ਨਾਲ ਹਿਸਾਬ ਕਿਤਾਬ ਤੇ ਵਹੀ ਖਾਤਾ ਤੇ ਗੱਡੀ ਵੀ ਲੈ ਗਏ ਹਨ ਤਾਂ ਅਗਲੇ ਦਿਨ ਸਿੰਘਾਂ ਦੀ ਬਹਾਦਰੀ ਅਤੇ ਬੈਂਕ ਲੁੱਟੇ ਜਾਣ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਲੱਗ ਗਈਆਂ। "...ਅੱਤਵਾਦੀਆਂ ਵੱਲੋਂ ਲੁਧਿਆਣਾ 'ਚ ਬੈਂਕ ਡਾਕਾ, 5 ਕਰੋੜ 76 ਲੱਖ ਰੁਪਏ ਲੁੱਟੇ, ਏਸ਼ੀਆ ਦੀ ਸਭ ਤੋਂ ਵੱਡੀ ਬੈਂਕ ਡਕੈਤੀ....? ਲੁਧਿਆਣਾ ਦੀਆਂ ਕਚਹਿਰੀਆਂ 'ਚੋਂ ਅੱਤਵਾਦੀਆਂ ਭਾਈ ਅਨੋਖ ਸਿੰਘ ਬੱਬਰ ਨੂੰ ਛੁਡਾ ਕੇ ਲੈ ਗਏ, ਇਸ ਘਟਨਾ 'ਚ ਦੋ ਅੱਤਵਾਦੀ ਮਾਰੇ ਗਏ, ਕਈ ਮੁਲਾਜ਼ਮ ਵੀ ਮਾਰੇ ਗਏ।"

ਲੁਧਿਆਣਾ ਦੀ ਬੈਂਕ ਡਕੈਤੀ ਤੋਂ ਬਾਅਦ ਸਿੰਘਾਂ ਕੋਲ ਹਥਿਆਰਾਂ ਦੀ ਘਾਟ ਨਾ ਰਹੀ। ਇਹਨੀਂ ਦਿਨੀਂ ਹੀ ਏ.ਕੇ. 47 ਅਸਾਲਟ ਗੰਨਾਂ ਸਿੰਘਾਂ ਦੇ ਹੱਥਾਂ 'ਚ ਆਮ ਦੇਖੀਆਂ ਜਾਣ ਲੱਗੀਆਂ। ਕਿਹਾ ਜਾਂਦਾ ਹੈ ਕਿ ਜਨਰਲ ਲਾਭ ਸਿੰਘ ਕੱਲੀ ਕਮਾਂਡੋ ਫੋਰਸ ਹੀ ਨਹੀਂ, ਸਮੂੰਹ ਜੁਝਾਰੂ ਗਰੁੱਪਾਂ ਨੂੰ ਬਰਾਬਰ ਦਾ ਸਨਮਾਨ ਦੇਂਦੇ ਸਨ, ਤੇ ਨਿਰਵਿਵਾਦ ਜੁਝਾਰੂ ਜਰਨੈਲ ਸਨ। ਪਰਾਈਆਂ ਧੀਆਂ-ਭੈਣਾਂ ਨੂੰ ਆਪਣੀਆਂ ਸਮਝਣ ਦੇ ਸਿੱਖੀ ਅਸੂਲ 'ਤੇ ਖ਼ੁਦ ਚੱਲਦੇ ਅਤੇ ਸਿੰਘਾਂ ਨੂੰ ਬਹੁਮੁੱਲੀਆਂ ਸਿਖਿਆਵਾਂ ਦਿੰਦੇ ਰਹਿੰਦੇ। ਪੰਜਾਬ ਅੰਦਰ ਅਖੌਤੀ ਪੰਥਕ ਅਕਾਲੀ ਸਰਕਾਰ ਹੋਣ ਦੇ ਬਾਵਜੂਦ ਸਿੱਖਾਂ ਉਤੇ ਹਕੂਮਤ ਦੇ ਜ਼ੁਲਮ ਦੀ ਹਨੇਰੀ ਝੁੱਲ ਰਹੀ ਸੀ। ਸਿੰਘਾਂ ਨੂੰ ਗ੍ਰਿਫ਼ਤਾਰ ਕਰ ਕੇ ਅਦਾਲਤ 'ਚ ਪੇਸ਼ ਕਰਨ ਦੀ ਥਾਂ ਤਸੀਹੇ ਦੇ ਕੇ ਝੂਠੇ ਪੁਲਿਸ ਮੁਕਾਬਲਿਆਂ ਵਿਚ ਖ਼ਤਮ ਕਰ ਦਿੱਤਾ ਜਾਂਦਾ। ਸਿੰਘਾਂ ਨੂੰ ਬੜੇ ਹੀ ਹੌਲਨਾਕ ਤਸੀਹੇ ਦੇ ਕੇ ਸ਼ਹੀਦ ਕੀਤਾ ਜਾਂਦਾ। ਪੰਜਾਬ ਦਾ ਗਵਰਨਰ ਸਿਧਾਰਥ ਸ਼ੰਕਰ ਰੇਅ ਅਤੇ ਪੰਜਾਬ ਪੁਲਿਸ ਦਾ ਮੁਖੀ

ਪੁਲੀਓ ਫਰਾਂਸਿਸ ਰਿਬੈਰੋ, ਜ਼ਕਰੀਆ ਖ਼ਾਨ (18ਵੀਂ ਸਦੀ ਦੇ) ਜ਼ੁਲਮਾਂ ਨੂੰ ਮਾਤ ਪਾ ਰਹੇ ਸਨ। ਭਾਈ ਗੁਰਜੀਤ ਸਿੰਘ ਕਾਕਾ ਨੂੰ ਜਿਉਂਦੇ ਨੂੰ ਸਾੜੇ ਜਾਣ, ਭਾਈ ਅਨੋਖ ਸਿੰਘ ਬੱਬਰ, ਦੀ ਖੋਪਰੀ ਲਾਹੁਣ, ਜਿਉਂਦੇ ਦੀਆਂ ਅੱਖਾਂ ਕੱਢ ਦੇਣ, ਕੰਨ ਤੇ ਜ਼ੁਬਾਨ ਕੱਟ ਕੇ ਅੰਗ ਅੰਗ ਤੋੜ ਦੇਣ, ਪੰਥਕ ਕਮੇਟੀ ਮੈਂਬਰ ਭਾਈ ਗੁਰਦੇਵ ਸਿੰਘ ਉਸਮਾਨ ਵਾਲਾ ਦਾ ਅੰਗ-ਅੰਗ/ਬੰਦ-ਬੰਦ ਕੱਟ ਕੇ ਸ਼ਹੀਦ ਕਰਨ ਦੇ ਭੇਦ ਧਰਮੀ ਪੁਲਿਸ ਵਾਲਿਆਂ ਰਾਹੀਂ ਬਾਹਰ ਆਏ ਕਿ ਰਿਬੈਰੋ ਉਪਰੋ-ਥਲੀ ਇਸ ਤਰ੍ਹਾਂ ਤਸੀਹੇ ਦੇ ਕੇ ਸ਼ਹੀਦ ਕਰਵਾਉਂਦਾ ਹੈ। ਇਹ ਹਾਲ ਸੁਣ ਕੇ ਜਨਰਲ ਲਾਭ ਸਿੰਘ ਨੇ ਕਿਹਾ ਕਿ ਧਰਮੀ ਸਿੰਘੋ, ਤੁਸੀਂ ਸਾਨੂੰ ਸਹਿਯੋਗ ਦੇਵੋ, ਤੁਸੀਂ ਆਪਣੀ ਡਿਊਟੀ ਕਰੋ! ਖ਼ਾਲਸਾ ਫੌਜ ਹੁਣ ਆਪਣੀ ਡਿਊਟੀ ਆਪ ਤਿਆਰ ਕਰੇਗੀ। ਜਨਰਲ ਲਾਭ ਸਿੰਘ ਨੇ ਰਣਨੀਤੀ ਨੂੰ ਅੰਜਾਮ ਦੇਣ ਲਈ ਪੂਰੀ ਤਿਆਰੀ ਕਰਕੇ ਪੰਜਾਬ ਪੁਲਿਸ ਦੇ ਅਫ਼ਸਰਾਂ ਦੇ ਭੇਸ ਵਿਚ ਪੁਲਿਸ ਅਫ਼ਸਰਾਂ ਵਾਲੀ ਜੀਪ ਰਾਹੀਂ ਡੀ.ਐੱਸ.ਪੀ. ਰੈਂਕ ਦੇ ਕਪਤਾਨ ਬਣ ਕੇ 3 ਅਕਤੂਬਰ 1986 ਨੂੰ ਪੰਜਾਬ ਪੁਲਿਸ ਦੇ ਮੁਖੀ ਜੇ.ਐੱਫ. ਰਿਬੇਰੋ ਉਪਰ ਪੀ.ਏ.ਪੀ. ਕੰਪਲੈਕਸ ਜਲੰਧਰ ਵਿਖੇ ਹਮਲਾ ਕੀਤਾ ਤਾਂ ਰਿਬੇਰੋ ਲੋਟਣੀਆਂ ਖਾਣ ਲੱਗ ਪਿਆ। ਉਸਦੀ ਘਰਵਾਲੀ ਜਖ਼ਮੀ ਹੋਈ। ਸਿੰਘਾਂ ਨੇ ਸਮਝਿਆ, ਰਿਬੈਰੋ ਗੋਲੀਆਂ ਲੱਗਣ ਨਾਲ ਤੜਫ ਰਿਹਾ ਹੈ, ਪਰ ਉਸਦੀ ਵਧੀ ਸੀ ਟਰੇਂਡ ਅਫਸਰ ਸੀ, ਲੰਮਾ ਪੈ ਜਾਣ ਨਾਲ ਸਿੰਘਾਂ ਦੇ ਹਮਲੇ 'ਚ ਬਚ ਗਿਆ। ਸਿੰਘਾਂ ਦਾ ਜਥਾ ਗੱਡੀ ਛੱਡ ਕੇ ਪੈਦਲ ਹੀ ਕੰਪਲੈਕਸ 'ਚੋਂ ਬਾਹਰ ਨਿਕਲ ਗਿਆ। ਜਿਹੜਾ ਪੁਲਿਸ ਮੁਖੀ ਰਿਬੈਰੋ, ਛੇਤੀ ਹੀ ਅੱਤਵਾਦੀ ਖ਼ਤਮ ਕਰ ਦਿਆਂਗੇ ਕਹਿੰਦਾ, ਪੱਤਰਕਾਰ ਕਾਨਫਰੰਸ ਵਿਚ ਨਹੀਂ ਸੀ ਥੱਕਦਾ, ਜਦੋਂ ਪੱਤਰਕਾਰਾਂ ਨੇ ਪੁੱਛਿਆ ਕਿ ਜਨਾਬ ਅੱਤਵਾਦੀ ਖ਼ਤਮ ਹੋ ਰਹੇ ਹਨ ? ਤਾਂ ਰਿਬੈਰੋ ਕਹਿ ਰਿਹਾ ਸੀ "ਮੈਨੂੰ ਗੌਡ (ਪਰਮਾਤਮਾ) ਨੇ ਅੱਤਵਾਦੀਆਂ ਤੋਂ ਬਚਾ ਲਿਆ ਹੈ।" ਜਿਹੜਾ ਪੁਲਿਸ ਮੁਖੀ ਰਿਬੈਰੋ, ਗੋਲੀ ਬਦਲੇ ਗੋਲੀ ਦੀ ਨੀਤੀ ਦਾ ਐਲਾਨ ਕਰਦਾ ਸੀ, ਜਦੋਂ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਨੇ ਉਸ ਦੇ ਕਿਲ੍ਹੇ ਅੰਦਰ ਆ ਕੇ ਵੰਗਾਰਿਆ ਤਾਂ ਗੋਲੀ ਚਲਾਉਣ ਦੀ ਬਜਾਏ/ਥਾਂ, ਧਰਤੀ 'ਤੇ ਲੇਟਣ ਲੱਗ ਪਿਆ, ਉਸਦੇ ਬਹਾਦਰ ਜਵਾਨਾਂ 'ਚੋਂ ਇਕ ਵੀ ਮਾਈ ਦਾ ਲਾਲ ਸਿੰਘਾਂ ਦਾ ਮੁਕਾਬਲਾ ਨਾ ਕਰ ਸਕਿਆ, ਸਿੰਘ ਉਸਦੇ ਕਈ ਸਿਪਾਹੀਆਂ ਨੂੰ ਮਾਰ ਕੇ, ਲਲਕਾਰਦੇ ਹੋਏ ਨਿਕਲ ਗਏ।

ਸਭ ਤੋਂ ਪਹਿਲਾਂ ਸਿੱਖ ਸਮਾਜ ਸੁਧਾਰ ਲਹਿਰ ਦਾ ਏਜੰਡਾ ਜਨਰਲ ਲਾਭ ਸਿੰਘ ਨੇ ਸਾਹਮਣੇ ਲਿਆਂਦਾ, ਤੇ ਅਮਲੀ ਰੂਪ ਵਿਚ ਲਾਗੂ ਕਰਨ ਲਈ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਦੀ ਹੈਸੀਅਤ ਚੀਫ ਜਨਰਲ ਭਾਈ ਲਾਭ ਸਿੰਘ, ਲੈਃ ਜਨਰਲ ਭਾਈ ਹਰਜਿੰਦਰ ਸਿੰਘ ਜਿੰਦਾ ਦੇ ਦਸਤਖਤਾਂ ਹੇਠ ਐਲਾਨ ਕੀਤਾ ਕਿ ਜਿਹੜਾ ੧੫ ਤਰ੍ਹਾਂ ਦੇ ਸਮਾਜ ਸੁਧਾਰ ਪ੍ਰੋਗਰਾਮ ਦੇ ਐਲਾਨਨਾਮੇ ਦੀ ਉਲੰਘਣਾ ਕਰੇਗਾ ਉਸਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ।

1 ਹਰ ਗੁਰੂ ਦਾ ਸਿੱਖ ਅੰਮ੍ਰਿਤ ਛਕ ਕੇ ਸਿੱਖੀ ਦੀ ਰਹਿਤ ਮਰਿਆਦਾ ਦਾ ਪੱਕਾ ਧਾਰਨੀ

ਹੋਵੇ। ਅੰਮ੍ਰਿਤ ਛਕ ਕੇ ਬੇਅਦਬੀ ਕਰਨ ਵਾਲਾ, ਦੋਸ਼ੀ ਮੰਨਿਆ ਜਾਵੇਗਾ।

2. ਸਿੱਖੀ ਦੇ ਪ੍ਰਚਾਰਕ, ਰਾਗੀ, ਢਾਡੀ, ਗੁਰੂ ਘਰ ਦੇ ਪ੍ਰਬੰਧਕ, ਗ੍ਰੰਥੀ ਜੋ ਮੀਟ ਸ਼ਰਾਬ ਦਾ ਸੇਵਨ ਕਰੇਗਾ ਦੋਸ਼ੀ ਮੰਨਿਆ ਜਾਵੇਗਾ।
3. ਵਿਆਹ ਸ਼ਾਦੀ ਵਿਚ ਮੀਟ ਸ਼ਰਾਬ ਦੀ ਮਨਾਹੀ ਹੋਵੇਗੀ। ਲਾਊਡ ਸਪੀਕਰ ਅਤੇ ਲੱਚਰ ਗਾਣੇ ਗਾਉਣ ਵਾਲੇ ਗਾਇਕ ਅਤੇ ਲੇਖਕ, ਅੱਗੇ ਤੋਂ ਸਜ਼ਾ ਦੇ ਭਾਗੀਦਾਰ ਹੋਣਗੇ।
4. ਵਿਆਹ 'ਚ ਲਾੜੇ ਸਮੇਤ ਗਿਆਰਾਂ ਬਰਾਤੀ ਸੱਦੇ ਜਾਣ, ਬੀਬੀਆਂ ਮਿਲਣੀ ਨਹੀਂ ਜਾਣਗੀਆਂ। ਹੁਕਮ ਦੀ ਉਲੰਘਣਾ ਕਰਨ 'ਤੇ ਸਜ਼ਾ ਭੁਗਤਣ ਲਈ ਤਿਆਰ ਰਹਿਣ।
5. ਵਿਆਹ ਬਿਨਾਂ ਦਾਜ ਲਏ/ਦਿੱਤੇ ਕੀਤਾ ਜਾਵੇ, ਦਾਜ ਦੇ ਲੋਭੀਆਂ ਨੂੰ ਸਿੰਘ ਕਿਸੇ ਵੀ ਕੀਮਤ 'ਤੇ ਨਹੀਂ ਬਖ਼ਸ਼ਣਗੇ।
6. ਪੰਜਾਬ ਅੰਦਰ ਮੀਟ ਵੇਚਣ ਵਾਲੇ ਸ਼ਰਾਬ ਦੇ ਠੇਕੇਦਾਰ ਆਪਣਾ ਧੰਦਾ ਬੰਦ ਕਰਨ, ਨਹੀਂ ਤਾਂ ਸਖ਼ਤ ਸਜ਼ਾ ਭੁਗਤਣ ਲਈ ਤਿਆਰ ਰਹਿਣ।
7. ਮਾਲ ਮਹਿਕਮੇ ਅਤੇ ਬਿਜਲੀ ਮਹਿਕਮੇ ਦੇ ਅਧਿਕਾਰੀ, ਕਰਮਚਾਰੀ, ਰਿਸ਼ਵਤ ਲੈਣੀ ਬੰਦ ਕਰ ਦੇਣ। ਕਿਸੇ ਵੀ ਮਹਿਕਮੇ ਦਾ ਰਿਸ਼ਵਤ ਲੈਣ ਵਾਲਾ, ਮੌਤ ਦੀ ਸਜ਼ਾ ਦਾ ਭਾਗੀਦਾਰ ਹੋਵੇਗਾ।
8. ਖਾੜਕੂ ਸਿੰਘਾਂ ਦੀ ਮੁਖਬਰੀ ਕਰਨ ਵਾਲੇ ਪੁਲਿਸ ਦੇ ਚੁਗਲਾਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ।
9. ਸਿੰਘਾਂ ਉਤੇ ਜ਼ੁਲਮ ਤਸ਼ੱਦਦ ਕਰਨ ਵਾਲੇ ਝੂਠੇ ਪੁਲਿਸ ਮੁਕਾਬਲੇ ਬਣਾਉਣ ਵਾਲੇ ਅਫਸਰਾਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇਗੀ।
10. ਪੰਜਾਬ ਦੇ ਸਾਰੇ ਦਫਤਰਾਂ ਵਿਚ ਸਾਰਾ ਕੰਮਕਾਜ ਪੰਜਾਬੀ ਵਿਚ ਲਾਗੂ ਕੀਤਾ ਜਾਵੇ, ਨਹੀਂ ਤਾਂ ਸਬੰਧਤ ਅਫਸਰ ਸਜ਼ਾ ਦੇ ਭਾਗੀ ਹੋਣਗੇ।
11. ਪੰਜਾਬ ਦੇ ਸਕੂਲਾਂ, ਕਾਲਜਾਂ ਵਿਚ ਖ਼ਾਲਿਸਤਾਨੀ ਪਹਿਰਾਵਾ, ਲੜਕੇ ਕੇਸਰੀ ਪੱਗਾਂ, ਚਿੱਟੀਆਂ ਕਮੀਜ਼ਾਂ, ਕਾਲੀਆਂ ਪੈਂਟਾਂ ਅਤੇ ਲੜਕੀਆਂ ਕੇਸਰੀ ਚੁੰਨੀਆਂ, ਚਿੱਟੀਆਂ ਕਮੀਜ਼ਾਂ, ਕਾਲੀਆਂ ਸਲਵਾਰਾਂ, ਦੀ ਵਰਦੀ ਹੋਵੇਗੀ। 'ਜਨ ਗਨ ਮਨ ਦੀ ਥਾਂ, ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ ਪੂਰਾ ਸ਼ਬਦ ਸਵੇਰ ਦੀ ਸਕੂਲ ਪ੍ਰਾਰਥਨਾ ਵਿਚ ਪੜ੍ਹਿਆ ਜਾਵੇਗਾ।
12. ਪੰਜਾਬ ਅੰਦਰ ਖ਼ਾਲਸੇ ਦੀ ਸਰਜ਼ਮੀਨ 'ਤੇ ਤਮਾਕੂ ਨੋਸ਼ੀ ਕਰਨ, ਬੀੜੀ ਸਿਗਰਟ, ਬੜਾ ਗੁਟਕਾ, ਪੋਸਤ, ਸ਼ਰਾਬ ਵੇਚਣ/ਵਰਤੋਂ ਕਰਨ 'ਤੇ ਪੂਰੀ ਤਰ੍ਹਾਂ ਮਨਾਹੀ ਹੋਵੇਗੀ। ਹੁਕਮ ਅਦੂਲੀ ਦੀ ਸਜ਼ਾਏ ਮੌਤ ਹੋਵੇਗੀ।
12. ਵਾਲ ਕੱਟਣ ਦਾ ਕੰਮ ਕਰਨ ਵਾਲੇ ਨਾਈ, ਅਤੇ ਬਿਊਟੀ ਪਾਰਲਰ ਤੇ ਭੜਕੀਲੇ ਫੈਸ਼ਨ ਤਿਆਰ ਕਰਨ ਵਾਲੇ ਆਪਣਾ ਹੋਰ ਕੋਈ ਕੰਮ ਧੰਦਾ ਸ਼ੁਰੂ ਕਰ ਲੈਣ, ਪੰਜਾਬੀ ਸਿੱਖ ਸਭਿਆਚਾਰ ਨਾਲ ਖਿਲਵਾੜ ਕਰਨ ਵਾਲੇ, ਸਜ਼ਾ ਦੇ ਭਾਗੀ

ਹੋਣਗੇ। ਬੱਸਾਂ, ਕਾਲਜਾਂ ਵਿਚ ਲੜਕੀਆਂ ਨਾਲ ਛੇੜ ਛਾੜ ਕਰਨ ਵਾਲੇ, ਵਿਆਹੀਆਂ ਲੜਕੀਆਂ ਨੂੰ ਆਪਣੇ ਘਰਾਂ 'ਚ ਨਾ ਵਸਾਉਣ ਵਾਲਿਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ।

14. ਧਾਗੇ ਤਵੀਤਾਂ, ਚੌਕੀਆਂ ਲਾ ਕੇ, ਅਖੌਤੀ ਤਾਂਤਰਿਕ ਪੁੱਛਾਂ ਦੇਣ ਵਾਲੇ ਆਪਣੀਆਂ ਦੁਕਾਨਦਾਰੀਆਂ ਬੰਦ ਕਰਨ ਤੇ ਲੋਕਾਂ ਦੀ ਲੁੱਟ ਬੰਦ ਕਰਨ ਨਹੀਂ ਤਾਂ ਮੌਤ ਦੀ ਸਜ਼ਾ ਦੇ ਹੱਕਦਾਰ ਹੋਣਗੇ।

15. ਦਾਜ ਦੀ ਖਾਤਰ ਨੂੰਹਾਂ ਨੂੰ ਸਾੜਨ ਵਾਲਿਆਂ ਨੂੰ ਅਤੇ ਨਵ ਜੰਮੀਆਂ ਧੀਆਂ ਨੂੰ ਮਾਰਨ ਵਾਲੇ ਸਖ਼ਤ ਸਜ਼ਾ ਦੇ ਭਾਗੀ ਹੋਣਗੇ।

ਜਨਰਲ ਲਾਭ ਸਿੰਘ ਵੱਲੋਂ ਅਖ਼ਬਾਰਾਂ ਵਿਚ ਉਪ੍ਰੋਕਤ ਐਲਾਨਨਾਮੇ ਤੋਂ ਬਾਅਦ ਪੰਜਾਬ ਦੀ ਧਰਤੀ 'ਤੇ ਭਰਵਾਂ ਹੁੰਗਾਰਾ ਮਿਲਿਆ। ਅਮਲੀ ਰੂਪ ਵਿਚ ਖ਼ਾਲਿਸਤਾਨ ਕਮਾਂਡੋ ਫੋਰਸ ਵੱਲੋਂ ਦਰਸ਼ਨੀ ਐਕਸ਼ਨ ਕਰਕੇ, ਆਕੀ ਦੋਸ਼ੀਆਂ ਨੂੰ ਗੱਡੀ ਚੜ੍ਹਾਇਆ ਗਿਆ, ਗੰਦੇ ਗੀਤਾਂ/ਲੱਚਰਤਾ ਦੇ ਬਾਦਸ਼ਾਹ ਚਮਕੀਲਾ ਦੀ ਅਸ਼ਲੀਲ ਜੋੜੀ ਪਾਰਟੀ ਸਮੇਤ ਦੋਆਬਾ ਦੇ ਖ਼ਾਲਿਸਤਾਨ ਕਮਾਂਡੋਜ਼ ਨੇ ਨਰਕਧਾਮ ਪਹੁੰਚਾ ਦਿੱਤਾ। ਤਰਨ ਤਾਰਨ 'ਚ ਬੁੱਚੜਾਂ ਨੂੰ ਗੱਡੀ ਚੜ੍ਹਾਇਆ ਗਿਆ, ਦਾਜ ਦੇ ਲੋਭੀਆਂ ਅਤੇ ਨੂੰਹਾਂ ਛੱਡਣ ਵਾਲੇ ਸਹੁਰਿਆਂ, ਤਵੀਤ ਧਾਗੇ, ਪੁੱਛਾਂ ਦੇਣ ਵਾਲੇ, ਅਤੇ 11 ਤੋਂ ਵੱਧ ਬਰਾਤੀਆਂ ਦੇ ਜਦੋਂ ਖਾੜਕੂ ਸਿੰਘਾਂ ਨੇ ਪਾਸੇ ਭੰਨੇ ਤਾਂ ਸਮਾਜ ਸੁਧਾਰ ਲਾਗੂ ਹੋ ਗਿਆ। ਕੁਝ ਸਕੂਲਾਂ ਦੇ ਖ਼ਾਲਸਾ ਵਰਦੀ ਦਾ ਵਿਰੋਧ ਕਰਨ ਵਾਲੇ ਅਧਿਆਪਕ ਸਿੰਘਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ, ਤਾਂ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਖ਼ਾਲਸਾ ਸਰਜ਼ਮੀਨ ਤੇ ਸਮਾਜ ਸੁਧਾਰ ਦਾ ਪਰਚਮ ਝੂਲਣ ਲੱਗਾ। ਸਾਰੇ ਪਾਸੇ ਜਨਰਲ ਲਾਭ ਸਿੰਘ ਦੇ ਐਲਾਨਨਾਮੇ ਦੇ ਅਮਲੀ ਰੂਪ ਵਿਚ ਦਰਸ਼ਨ ਹੋਣ ਲੱਗੇ। ਗ਼ਰੀਬ ਪਰਜਾ ਵਿਚ ਖ਼ੁਸ਼ੀ ਦੀ ਲਹਿਰ ਸੀ ਤੇ ਖ਼ਾਲਸਾ ਰਾਜ ਦੇ ਵਿਰੋਧੀਆਂ ਦੀਆਂ ਧੌਣਾਂ ਨੀਵੀਆਂ ਹੋ ਗਈਆਂ। ਸਹੁਰਿਆਂ ਵੱਲੋਂ ਛੱਡੀਆਂ ਨੂੰਹਾਂ, ਆਪਣੇ ਘਰਾਂ 'ਚ ਦੁਬਾਰਾ ਸੁਖੀ ਵੱਸਣ ਲੱਗੀਆਂ, ਨਾਈਆਂ ਤੇ ਕਸਾਈਆਂ ਦੀਆਂ ਦੁਕਾਨਾਂ ਬੰਦ ਹੋ ਗਈਆਂ, ਪੁੱਛਾਂ ਦੇਣ ਵਾਲੇ ਅਖ਼ਬਾਰਾਂ ਵਿਚ ਸਪਸ਼ਟੀਕਰਨ ਦੇਣ ਲੱਗੇ, ਕਿਸੇ ਬਰਾਤ ਵਿਚ 11 ਤੋਂ ਵੱਧ ਬਰਾਤੀ ਨਹੀਂ ਸੀ ਜਾਂਦੇ, ਨਾ ਹੀ ਹੁਣ ਵਾਂਗ, ਮਿਲਣੀ ਔਰਤਾਂ ਦੀ ਹੋੜ ਜਾਂਦੀ ਸੀ ਤੇ ਨਾ ਹੀ ਮਹਿਰਿਆਂ ਦੀ ਪੰਜਵੀਂ ਬਰਾਤ ਸੱਦੀ ਜਾਂਦੀ ਸੀ। ਪੰਜਾਬੀ ਸਭਿਆਚਾਰ ਤਬਾਹ ਕਰਨ ਵਾਲਿਆਂ ਦੀਆਂ ਦੁਕਾਨਾਂ ਬੰਦ ਹੋ ਗਈਆਂ। ਇਕ ਵਾਪਰੀ ਘਟਨਾ ਯਾਦ ਆ ਗਈ, ਸਮਾਜ ਸੁਧਾਰ ਲਹਿਰ ਦੇ ਦਿਨਾਂ ਵਿਚ ਮੁਕਤਸਰ ਦੇ ਵੜਿੰਗ ਪਿੰਡ ਵਿਚ ਕੁਲਦੀਪ ਸੰਧੂ ਦਾ ਅਖਾੜਾ ਲੱਗਾ ਸੀ, ਉਹ ਆਪਣੇ ਆਪ ਨੂੰ ਸੰਧੂ ਜੱਟ ਹੋਣ ਕਰਕੇ ਬਹਾਦਰ ਤੇ ਦਲੇਰ ਸਮਝਦਾ ਸੀ। ਜੁਝਾਰੂ ਸਿੰਘਾਂ ਦੇ ਐਲਾਨਨਾਮੇ ਨੂੰ ਐਵੇਂ ਫੋਕੀਆਂ ਧਮਕੀਆਂ ਸਮਝਦਾ ਸੀ ਤੇ ਸਟੇਜ ਤੋਂ ਕਹਿਣ ਲੱਗਾ—ਮੈਂ ਜਿਵੇਂ ਅੱਗੇ ਪੰਜਾਬੀ ਸਭਿਆਚਾਰ ਦੀ ਸੇਵਾ ਕਰਦਾ ਰਿਹਾ ਹਾਂ ਤੇ ਕਰਦੇ ਰਹਾਂਗੇ, ਮੈਂ ਕਿਸੇ ਦੀ ਪਰਵਾਹ ਨਹੀਂ ਕਰਦਾ। ਜਦੋਂ ਪੂਰੀ ਮਸਤੀ 'ਚ ਆਪਣਾ ਚਰਚਿਤ ਗੀਤ—"ਛੜੇ ਬੰਦੇ ਦੀ

ਹੁੰਦੀ ਆ ਅੱਖ ਇੱਲ ਵਰਗੀ ਨੀ ਛੜੇ ਬੰਦੇ ਦੀ" "ਮੇਰਾ ਕੱਲ ਦਾ ਕਾਲਜਾ ਦੁੱਖਦਾ ਵੇ ਮੇਰਾ ਕੱਲ੍ਹ ਦਾ.....।" ਤਾਂ ਦੋ ਜੁਝਾਰੂ ਸਿੱਖ ਨੌਜਵਾਨ ਉੱਠੇ ਜਿਨ੍ਹਾਂ ਖੇਸਾਂ ਦੀਆਂ ਬੁੱਕਲਾਂ ਮਾਰੀਆਂ ਹੋਈਆਂ ਸਨ, ਇੰਝ ਲੱਗਦੇ ਸੀ, ਜਿਵੇਂ ਜੱਟਾਂ ਦੇ ਮੁੰਡੇ ਪੱਠੇ ਵੱਢ ਕੇ ਆਏ ਹੋਣ। ਇਕ ਸਟੇਜ 'ਤੇ ਚੜ੍ਹ ਗਿਆ ਤੇ ਦੂਜਾ ਹੇਠਾਂ ਖਲੋ ਗਿਆ। ਸਟੇਜ 'ਤੇ ਚੜ੍ਹੇ ਜੁਝਾਰੂ ਨੇ ਦੀਦਾਰ ਸੰਧੂ ਦੀ ਪੱਗ ਲਾਹ ਲਈ, ਸੰਧੂ ਨੇ ਸਮਝਿਆ ਸੀ ਕਿ ਗੱਭਰੂ ਸਪੈਸ਼ਲ ਇਨਾਮ ਦੇਣ ਆਇਆ। ਪਰ ਸਿੰਘ ਨੇ ਇਕ ਹੱਥ ਨਾਲ ਪੱਗ ਲਾਹੀ ਤੇ ਦੂਜੇ ਹੱਥ ਨਾਲ ਤੂੰਬੀ ਖੋਹ ਕੇ ਦੋ ਤਿੰਨ, ਦੀਦਾਰ ਸੰਧੂ ਦੇ ਮੂੰਹ 'ਤੇ ਸਿਰ 'ਚ ਮਾਰੀਆਂ, ਮਸਤੀ 'ਚ ਘੁੰਮਰਾਂ ਪਾਉਂਦਾ ਦੀਦਾਰ ਸੰਧੂ ਪੱਥਰ ਦਾ ਬੁੱਤ ਬਣ ਗਿਆ। ਰਹਿ ਗਈ ਹੇਕ ਗਲੇ ਵਿਚ ਈ, ਗਾਉਣ ਵਾਲੀ ਜਿਹੜੀ ਹਾਸੇ ਬਿਖੇਰਦੀ ਸੀ, ਮੀਂਹ ਦੇ ਛਾਂਡੇ ਨਾਲ ਜਿਵੇਂ ਭਿੱਜੀ ਬੱਕਰੀ ਕੰਬਦੀ ਕੰਬੀ ਜਾਵੇ। ਸਾਜੇ ਬਾਜੇ ਵਾਲੇ ਭੱਜ ਗਏ, ਮੈਂ ਵੀ ਅਖਾੜਾ ਵੇਖਣ ਗਿਆ ਸੀ, ਜਦੋਂ ਲੋਕ ਜੁਝਾਰੂ ਸਿੰਘਾਂ ਤੋਂ ਡਰਦੇ ਭੱਜੇ, ਮੈਂ ਵੀ ਡਰਦਾ ਭੱਜਣ ਲੱਗਾ ਤਾਂ ਮੇਰਾ ਟੁੱਟਾ ਰਬੜ ਦਾ ਬੂਟ ਲਹਿ ਗਿਆ, ਜਦੋਂ ਫੜਨ ਲੱਗਾ ਤਾਂ ਹੇਠਾਂ ਡਿੱਗ ਪਿਆ। ਫਿਰ ਕੀ ਸੀ, ਅਖਾੜਾ ਵੇਖਣ ਆਏ ਲੋਕ ਮੇਰੇ ਡਿੱਗੇ ਪਏ ਦੇ ਉਤੋਂ ਦੀ ਲੰਘਦੇ ਗਏ, ਮੈਂ ਹੇਠਾਂ ਡਿੱਗਾ, ਆਖਦਾ ਸਾਂ ਅੱਜ ਗੁਰੂ ਰੱਖ ਲਏ, ਫਿਰ ਨਹੀਂ ਆਉਂਦਾ ਗਾਉਣ ਵਾਲਿਆਂ ਦਾ ਅਖਾੜਾ ਵੇਖਣ। ਫਿਰ ਮੈਨੂੰ ਨਹੀਂ ਪਤਾ, ਦੀਦਾਰ ਸੰਧੂ ਨਾਲ ਸਟੇਜ 'ਤੇ ਕੀ ਬੀਤੀ। ਉਸ ਪਿਛੋਂ ਦੀਦਾਰ ਸੰਧੂ ਦਾ ਅਖਾੜਾ ਲੱਗਾ ਨਹੀਂ ਸੁਣਿਆ, ਤੇ ਨਾ ਹੀ ਮੈਂ ਗਾਉਣ ਵਾਲੇ ਵੇਖਣ ਗਿਆ। ਮੈਂ ਭਾਵੇਂ ਉਦੋਂ ਛੋਟਾ ਸੀ, ਪਰ ਮੇਰੇ ਮਨ 'ਚ ਵੀ ਡਰ ਬਹਿ ਗਿਆ ਸੀ ਕਿ ਜਨਰਲ ਲਾਭ ਸਿੰਘ ਨੇ ਜੋ ਐਲਾਨ ਕੀਤਾ, ਉਹ ਮਜ਼ਾਕ ਨਹੀਂ ਸਗੋਂ ਸੱਚੀ ਹਕੀਕਤ ਹੈ। ਮੇਰੇ ਹੇਠਾਂ ਡਿੱਗ ਜਾਣ 'ਤੇ ਲੋਕਾਂ ਦੇ ਭੱਜੇ ਜਾਂਦਿਆਂ ਦੇ ਮੇਰੇ ਲੱਕ/ਢੂਈ 'ਚ ਵੱਜੇ ਹੋਏ ਠੁੱਡੇ, ਮੈਨੂੰ ਅੱਜ ਵੀ ਜਨਰਲ ਲਾਭ ਸਿੰਘ ਦੇ ਧੜੱਲੇਦਾਰ ਸਟੈਂਡ ਅਤੇ ਸਮਾਜ ਸੁਧਾਰ ਲਹਿਰ ਦੇ ਅਮਲ ਤੇ ਜੋਬਨ ਦੀ ਯਾਦ ਤਾਜ਼ਾ ਕਰਾਉਂਦੇ ਨ।

ਸੰਨ 1987-88 ਦੇ ਦਿਨਾਂ ਵਿਚ ਜੁਝਾਰੂ ਸਿੰਘਾਂ ਕੋਲ ਏ.ਕੇ. 47 ਅਸਾਲਟ ਦੇ ਆ ਜਾਣ ਤੇ ਦਿਲਕਸ਼ ਹਥਿਆਰ ਹੋਣ ਕਰਕੇ ਨੌਜਵਾਨਾਂ ਦੀ ਖਾੜਕੂ ਸੰਘਰਸ਼ 'ਚ ਸ਼ਾਮਲ ਹੋਣ ਦੀ ਦਿਲਚਸਪੀ ਵਧ ਗਈ, ਖਾੜਕੂ ਸਫ਼ਾਂ ਵਿਚ ਆਪ ਨੌਜਵਾਨਾਂ ਦੀ ਵੱਡੀ ਗਿਣਤੀ 'ਚ ਸ਼ਮੂਲੀਅਤ ਜਿਥੇ ਹਕੂਮਤ ਲਈ ਸਿਰਦਰਦੀ ਸੀ, ਉਥੇ ਜੁਝਾਰੂ ਆਗੂਆਂ ਦੇ ਹੱਥੋਂ ਵੀ ਸੰਘਰਸ਼ ਉਪਰ ਪਕੜ ਢਿੱਲੀ ਪੈ ਗਈ, ਜਿਸ ਕਾਰਨ ਫਿਰੌਤੀਆਂ ਅਤੇ ਨਿਰਦੋਸ਼ਾਂ ਦੇ ਨਿੱਜੀ ਰੰਜ਼ਿਸਾਂ ਕਾਰਨ ਕਤਲਾਂ ਵਿਚ ਵਾਧਾ ਹੋਇਆ। ਜਿਸ ਕਰਕੇ ਲੋਕਾਂ ਦਾ ਸਿੱਖ ਸੰਘਰਸ਼ ਨਾਲੋਂ ਮੋਹ ਭੰਗ ਹੋਣਾ ਕੁਦਰਤੀ ਸੀ। ਜਿਸ ਦਾ ਪ੍ਰਤੱਖ ਸਰੂਪ, 1988 ਬਲੈਕ ਥੰਡਰ/ਕਾਲੀ ਗਰਜ ਸ੍ਰੀ ਹਰਿਮੰਦਰ ਸਾਹਿਬ 'ਤੇ ਕਮਾਂਡੋ ਐਕਸ਼ਨ ਵੇਲੇ ਵੇਖਣ 'ਚ ਆਇਆ। ਜਦੋਂ 10 ਦਿਨ ਜੁਝਾਰੂ ਸਿੰਘਾਂ ਨੂੰ ਹਿੰਦੁਸਤਾਨੀ ਫੋਰਸਾਂ ਨੇ ਘੇਰ ਛੱਡਿਆ; ਪਾਣੀ, ਬਿਜਲੀ ਬੰਦ ਕਰਨ ਦੇ ਨਾਲ ਉੱਚੀਆਂ ਇਮਾਰਤਾਂ ਤੋਂ ਸਰਕਾਰੀ ਫੋਰਸਾਂ ਨੇ ਫਾਇਰਿੰਗ ਕਰ ਕੇ, ਨੱਕ 'ਚ ਦਮ ਕਰ ਦਿੱਤਾ। ਜਿਸ ਦੇ ਲੰਬੇ

ਘੇਰੇ ਤੋਂ ਮਜਬੂਰ ਹੋ ਕੇ ਖਾੜਕੂ ਸਿੰਘਾਂ ਨੂੰ ਵੱਡੀ ਗਿਣਤੀ ਵਿਚ ਆਤਮ ਸਮਰਪਨ ਕਰਨਾ ਪਿਆ। ਪਰ ਕੁਝ ਧਰਮੀ ਸਿੰਘ ਸ਼ਹੀਦੀ ਪ੍ਰਾਪਤ ਕਰਨ ਦੀ ਅਰਦਾਸ ਨੂੰ ਭਾਈ ਕਾਰਜ ਸਿੰਘ ਥਾਂਦੇ, ਭਾਈ ਸੁਰਜੀਤ ਸਿੰਘ ਪੈਂਟਾ, ਭਾਈ ਜੋਗਾ ਸਿੰਘ, ਭਾਈ ਜਗੀਰ ਸਿੰਘ, ਭਾਈ ਵਰਿਆਮ ਸਿੰਘ ਬੱਗਾ ਆਦਿ ਨੇ ਆਤਮ ਸਮਰਪਨ ਕਰਨ ਨਾਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਰਾਖੀ ਕਰਦਿਆਂ ਸ਼ਹੀਦੀ ਪ੍ਰਾਪਤ ਕੀਤੀ। ਨਿਸਚੇ ਹੀ ਜੁਝਾਰੂ ਸਿੰਘਾਂ ਦੀ ਇਹ ਇਕ ਵੱਡੀ ਹਾਰ ਸੀ ਤੇ ਹਿੰਦੁਸਤਾਨੀ ਹਕੂਮਤ ਦੀ ਵੱਡੀ ਪ੍ਰਾਪਤੀ ਸੀ। ਇਸ ਸੱਚੀ ਹਕੀਕਤ 'ਤੇ ਆਮ ਜੁਝਾਰੂ ਆਗੂਆਂ ਨੇ ਪਰਦਾ-ਪੋਸ਼ੀ ਦੀ ਨੀਤੀ ਹੀ ਅਪਨਾਈ। ਜਨਰਲ ਲਾਭ ਸਿੰਘ ਨੇ ਇਸ ਸੱਚੀ ਹਕੀਕਤ ਨੂੰ ਇਕ ਵੰਗਾਰ ਵਜੋਂ ਕਬੂਲਿਆ ਅਤੇ ਸਿੱਖ ਸੰਘਰਸ਼ ਵਿਚ ਆਈਆਂ ਖਾਮੀਆਂ ਨੂੰ ਦੂਰ ਕਰਨ ਲਈ ਸੁਚੇਤ ਬੁੱਧੀਜੀਵੀਆਂ, ਸਿੱਖ ਸੰਘਰਸ਼ ਦੇ ਸ਼ੁਭਚਿੰਤਕਾਂ ਦਾ ਸਹਿਯੋਗ ਲੈ ਕੇ ਚੱਲਣ ਨੂੰ ਤਰਜੀਹ ਦਿੱਤੀ ਅਤੇ ਸਿਰਤੋੜ ਯਤਨ ਅਰੰਭ ਕਰ ਦਿੱਤੇ। ਜਨਰਲ ਲਾਭ ਸਿੰਘ ਨੇ ਨੰਗੀ ਅੱਖ ਨਾਲ ਸਿੱਖ ਸੰਘਰਸ਼ ਦੀਆਂ ਕਮਜ਼ੋਰੀਆਂ ਨੂੰ ਵੇਖਦਿਆਂ, ਜਬਰੀ ਫਿਰੌਤੀਆਂ, ਮੁਖਬਰੀ ਦੇ ਨਾਂ 'ਤੇ ਸਿੱਖ ਪਰਿਵਾਰਾਂ ਦੀ ਕਤਲੇਆਮ, ਗ਼ਲਤੀ ਕਰਨ ਵਾਲੇ ਨੂੰ ਮੌਤ ਦੀ ਸਜ਼ਾ ਦੇਣ ਤੋਂ ਪਹਿਲਾਂ ਤਾੜਨਾ ਕਰਕੇ ਸੁਧਰ ਜਾਣ ਦਾ ਮੌਕਾ ਦੇਣਾ, ਆਮ ਵਿਅਕਤੀ, ਕਰਮਚਾਰੀਆਂ ਦੀ ਕਤਲੇਆਮ ਨਾ ਕਰਨ, ਸਿਰਫ ਘੱਟ ਤੋਂ ਘੱਟ ਅਤੇ ਹਕੂਮਤ ਦੇ ਵੱਡੇ, ਸਿੱਖ ਸੰਘਰਸ਼ ਦੇ ਵਿਰੋਧੀ ਪੁਰਜ਼ਿਆਂ ਨੂੰ ਢੂੰਡਣ ਦਾ ਅਮਲ ਅਰੰਭ ਕੀਤਾ। ਲੋਕ ਸ਼ਕਤੀ ਨੂੰ ਸਿੱਖ ਸੰਘਰਸ਼ ਦੀ ਸਭ ਤੋਂ ਵੱਡੀ ਲੋੜ ਸਮਝਿਆ ਅਤੇ ਸਾਥੀ ਸਿੰਘਾਂ ਨੂੰ ਹਦਾਇਤਾਂ ਕੀਤੀਆਂ ਕਿ ਸਿੱਖ ਸੰਘਰਸ਼ ਵਿਚ ਜਨਰਲ, ਲੈਫਟੀਨੈਂਟ ਤੇ ਭੈ ਦੇ ਕੇ ਨਹੀਂ, ਸਗੋਂ ਲੋਕਾਂ ਦੇ ਪੁੱਤਰ ਤੇ ਸੇਵਾਦਾਰ ਬਣ ਕੇ ਵਿਚਰਿਆ ਜਾਵੇ। ਲੋਕ ਜੁਝਾਰੂ ਸਿੰਘਾਂ ਨੂੰ ਆਪਣੇ ਪੁੱਤਰ ਸਮਝ ਕੇ ਆਪਣੀ ਬੁੱਕਲ ਵਿਚ ਲੁਕਾਉਣ। ਪੰਜਾਬ ਪੁਲਿਸ ਤੇ ਹੋਰ ਸੁਰੱਖਿਆ ਫੋਰਸਾਂ ਵਿਚ ਦਹਿਸ਼ਤ ਵਾਲਾ ਨਹੀਂ, ਮਿੱਤਰਤਾ ਵਾਲਾ ਮਾਹੌਲ ਪੈਦਾ ਕੀਤਾ ਜਾਵੇ, ਤਾਂਕਿ ਹਕੂਮਤ ਦੇ ਜ਼ਾਲਮ ਪੁਰਜ਼ੇ ਤੋੜਨਾ ਸੁਖਾਲਾ ਹੋ ਸਕੇ। ਹਰ ਕੋਈ ਸਾਨੂੰ ਆਪਣਾ ਮਿੱਤਰ ਸਮਝੇ, ਲੋਕ ਸਾਨੂੰ ਵੇਖ ਕੇ ਬੂਹੇ ਬੰਦ ਨਾ ਕਰਨ। ਲੋਕ ਸਾਡੀ ਹੋਣੀ ਨੂੰ ਆਪਣੀ ਹੋਣੀ ਨਾਲ ਜੋੜ ਲੈਣ ਅਮਲਾਂ ਦੇ ਦਿਨਾਂ ਦੀ ਸ਼ੁਰੂਆਤ ਵਿਚ ਜਨਰਲ ਲਾਭ ਸਿੰਘ ਸਿੱਖ ਸੰਘਰਸ਼ ਨੂੰ ਅੰਦਰੂਨੀ ਬਾਹਰੀ ਖ਼ਤਰਿਆਂ ਨਾਲ ਜੂਝਣ ਲਈ ਸਿਰਤੋੜ ਯਤਨਾਂ ਦੇ ਅਮਲਾਂ ਵਿਚ ਜੁਟਿਆ ਹੋਇਆ ਸੀ ਕਿ ਗ਼ੱਦਾਰ ਦੀ ਗਦਾਰੀ ਕਾਰਨ, ਦੁਸ਼ਮਣ ਦਾ ਹੱਥ ਸ਼ੇਰਦਿਲ ਜਨਰਲ ਲਾਭ ਸਿੰਘ ਦੇ ਘੋਰਨੇ ਤਕ ਪਹੁੰਚ ਗਿਆ। ਜਨਰਲ ਲਾਭ ਸਿੰਘ ਜ਼ਿਲ੍ਹਾ ਹੁਸ਼ਿਆਰਪੁਰ 'ਚ ਆਪਣੇ ਛਿਪਣਗਾਹ ਟਿਕਾਣੇ 'ਤੇ ਰਿਹਾ ਸੀ। ਨਿਰਮਲ ਸਿਹੁੰ ਨਿੰਮਾ ਨਾਂ ਦਾ ਆਦਮੀ ਠੇਕੇਦਾਰ ਗੁਰਦਿੱਤ ਸਿੰਘ ਦੇ ਘਰ ਆਏ ਹਨ, ਜ਼ਰੂਰੀ ਮੀਟਿੰਗ ਹੈ, ਸੁਬ੍ਹਾ ਉਨ੍ਹਾਂ ਚਲੇ ਜਾਣਾ ਹੈ, ਇਸ ਲਈ ਆਪਾਂ ਨੂੰ ਜ਼ਰੂਰੀ ਪਹੁੰਚਣਾ ਚਾਹੀਦਾ ਹੈ। ਜਨਰਲ ਲਾਭ ਸਿੰਘ ਦਾ ਵਿਸ਼ਵਾਸ ਪਾਤਰ ਸੀ, ਇਸ ਲਈ ਜਨਰਲ ਲਾਭ ਸਿੰਘ, ਨਿਰਮਲ ਸਿਹੁੰ ਗ਼ੱਦਾਰ ਦੀ ਚਾਲ ਨਾ ਸਮਝ ਸਕਿਆ। ਰਾਤ ਉੱਠ ਕੇ ਉਸੇ ਵਕਤ ਨਾਲ ਤੁਰ ਪਿਆ ਤੇ ਗੁਰਦਿੱਤ ਸਿੰਘ ਠੇਕੇਦਾਰ ਦੀ

ਰਿਹਾਇਸ਼ 'ਤੇ ਪਹੁੰਚ ਗਿਆ। ਜਨਰਲ ਲਾਭ ਸਿੰਘ ਨੂੰ ਸਿੰਘਾਂ ਦਾ ਇੰਤਜ਼ਾਰ ਕਰਨ ਲਈ ਕਿਹਾ ਤੇ ਆਪ ਠੇਕੇਦਾਰ ਦੀ ਘਰਵਾਲੀ ਤੋਂ ਗਰਮ ਦੁੱਧ ਲੈਣ ਚਲਾ ਗਿਆ, ਬੀਬੀ ਨੇ ਦੁੱਧ ਦਾ ਜੱਗ ਤੇ ਗਲਾਸ ਫੜਾ ਦਿੱਤੇ, ਪਰ ਗਦਾਰ ਨੇ ਦੁੱਧ ਲੈ ਕੇ ਜਾਂਦਿਆਂ ਵਿਚ ਕੋਈ ਬੇਹੋਸ਼ੀ ਵਾਲੀ ਚੀਜ਼ ਪਾ ਦਿੱਤੀ। ਨਿਰਭੈ ਜਨਰਲ ਲਾਭ ਸਿੰਘ ਨੇ ਦੁੱਧ ਪੀ ਲਿਆ ਤੇ ਬੇਹੋਸ਼ ਹੋ ਗਿਆ। ਗਦਾਰ ਨੇ ਅਜੀਤ ਸਿਹੁੰ ਸੰਧੂ (ਮਾਨਾਂਵਾਲਾ) ਜੋ ਉਦੋਂ ਡੀ.ਐਸ.ਪੀ. ਸੀ, ਨੂੰ ਵਾਇਰਲੈੱਸ ਕੀਤੀ ਤਾਂ ਉਸਨੇ ਕਿਹਾ ਕਿ ਗੋਲੀਆਂ ਮਾਰ ਕੇ ਜੀਪ 'ਚ ਪਾ ਕੇ ਬਾਹਰ ਲੈ ਆ, ਬਾਕੀ ਮੁਕਾਬਲੇ ਦੀ ਕਹਾਣੀ ਅਸੀਂ ਆਪ ਬਣਾ ਲਵਾਂਗੇ। ਗਦਾਰ ਨੇ ਬੇਹੋਸ਼ ਪਏ ਜਨਰਲ ਲਾਭ ਸਿੰਘ ਨੂੰ (ਜੋ ਕਿ ਤੇੜ ਕਛਹਿਰਾ ਤੇ ਚਾਦਰ ਤੇ ਗਲ ਬਨੈਣ ਵਿਚ ਸੀ ਤੇ ਉਸ ਰਾਤ ਮੀਂਹ ਵੀ ਪੈ ਰਿਹਾ ਸੀ) ਦਿਲ ਦੀ ਸੇਧ ਰੱਖ ਕੇ ਖੱਬੇ ਪਾਸੇ ਤੋਂ ਗੋਲੀਆਂ ਮਾਰੀਆਂ ਜੋ ਦਿਲ ਨੂੰ ਚੀਰ ਕੇ ਸੱਜੇ ਪਾਸੇ ਕੱਛ ਅਤੇ ਮੋਢੇ ਵਿਚ ਦੀ ਲੰਘ ਗਈਆਂ। ਹਿੰਦੁਸਤਾਨ ਦੀ ਫੋਰਸ ਦੇ ਲੱਖਾਂ ਦੇ ਘੇਰੇ ਵਿਚੋਂ ਹੱਥ 'ਤੇ ਹੱਥ ਮਾਰ ਕੇ ਨਿਕਲ ਜਾਣ ਵਾਲਾ ਸੂਰਮਾ, ਗਦਾਰ ਦੀ ਗਦਾਰੀ ਨੇ ਕੁਝ ਮਿੰਟਾਂ ਵਿਚ ਹੀ ਸਿੱਖ ਸੰਘਰਸ਼ ਤੋਂ ਖੋਹ ਲਿਆ। ਨਿਰਮਲ ਗਦਾਰ ਜਨਰਲ ਲਾਭ ਸਿੰਘ ਨੂੰ ਜੀਪ ਵਿਚ ਰੱਖ ਕੇ, ਠੇਕੇਦਾਰ ਗੁਰਦਿੱਤ ਸਿੰਘ ਦੇ ਘਰੋਂ ਲੈ ਗਿਆ। ਠੇਕੇਦਾਰ ਪਰਿਵਾਰ ਗਦਾਰ ਨੂੰ ਗਾਲ੍ਹਾਂ ਕੱਢਦਾ ਹੋਇਆ ਬੁਰਾ ਭਲਾ ਕਹਿਣ ਲੱਗਾ ਕਿ ਤੂੰ ਅਕ੍ਰਿਤਘਣਾਂ ਵਾਲੀ ਕੀਤੀ, ਪਹਿਲਾਂ ਭਰਾ ਬਣਿਆ ਤੇ ਗਦਾਰੀ ਕਰਕੇ ਸੂਰਮਾ ਮਾਰ ਕੇ ਸਾਨੂੰ ਵੀ ਕਲੰਕਤ ਕਰ ਦਿੱਤਾ। ਨਿਰਮਲ ਗਦਾਰ ਨੇ ਧਮਕੀ ਦਿੱਤੀ ਕਿ ਜੇ ਕਿਸੇ ਕੋਲ ਸਚਾਈ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸਾਰਾ ਪਰਿਵਾਰ ਖਤਮ ਕਰ ਦਵਾਂਗਾ। ਨਿਰਮਲ ਗਦਾਰ ਨੇ 11 ਅਤੇ 12 ਜੁਲਾਈ 1988 ਦੀ ਵਿਚਕਾਰਲੀ ਰਾਤ ਨੂੰ ਜਨਰਲ ਲਾਭ ਸਿੰਘ ਨੂੰ ਸ਼ਹੀਦ ਕਰਕੇ ਪੰਜਾਬ ਪੁਲਿਸ ਦੇ ਡੀ.ਐੱਸ.ਪੀ. ਅਜੀਤ ਸਿਹੁੰ ਸੰਧੂ (ਮਾਨਾਂਵਾਲਾ) ਨੂੰ ਜਿਸ ਜਗ੍ਹਾ 'ਤੇ ਉਸ ਨੇ ਕਿਹਾ ਸੀ ਪੁਲਿਸ ਮੁਕਾਬਲੇ ਦੀ ਕਹਾਣੀ ਬਣਾਉਣ ਲਈ ਸੁੱਟ ਦਿੱਤਾ। ਡੀ.ਐੱਸ.ਪੀ. ਹੁਸ਼ਿਆਰਪੁਰ ਨੇ ਪੁਲਿਸ ਮੁਕਾਬਲੇ ਦੀ ਕਹਾਣੀ ਬਣਾਉਂਦਿਆਂ ਕਹਾ ਕਿ ਅੱਜ ਤੜਕੇ ਪੰਜਾਬ ਪੁਲਿਸ ਤੇ ਸੀ.ਆਰ.ਪੀ. ਨੇ ਨਾਕਾ ਲਾਇਆ ਹੋਇਆ ਸੀ ਕਿ ਗੱਡੇ ਦੇ ਪਿਛੇ ਦੋ ਵਿਅਕਤੀ ਆ ਰਹੇ ਸਨ, ਪੁਲਿਸ ਨੇ ਰੁਕਣ ਲਈ ਕਿਹਾ ਤਾਂ ਉਨ੍ਹਾਂ ਪੁਲਿਸ ਪਾਰਟੀ 'ਤੇ ਗੋਲੀ ਚਲਾ ਦਿੱਤੀ, ਸੁਰੱਖਿਆ ਫੋਰਸਾਂ ਨੇ ਵੀ ਜਵਾਬੀ ਗੋਲੀ ਚਲਾਈ, ਇਸ ਦੁਪਾਸੀ ਫਾਇਰਿੰਗ 'ਚ ਹੋਏ ਮੁਕਾਬਲੇ ਦੌਰਾਨ ਇਕ ਅੱਤਵਾਦੀ ਭੱਜਣ ਵਿਚ ਸਫਲ ਹੋ ਗਿਆ ਤੇ ਇਕ ਮਾਰਿਆ ਗਿਆ। ਮਾਰੇ ਗਏ ਅੱਤਵਾਦੀ ਕੋਲੋਂ ਇਕ ਡਾਇਰੀ ਬਰਾਮਦ ਹੋਈ ਹੈ ਤੇ ਜੁੱਤੀ ਵੀ ਉਸਨੇ ਚਾਦਰ 'ਚ ਲਪੇਟ ਕੇ ਹੱਥ 'ਚ ਫੜੀ ਹੋਈ ਸੀ, ਤੋਂ ਸ਼ਨਾਖਤ ਜਨਰਲ ਲਾਭ ਸਿੰਘ ਵਜੋਂ ਹੋਈ ਹੈ। ਜਨਰਲ ਲਾਭ ਸਿੰਘ ਖ਼ਾਲਿਸਤਾਨ ਕਮਾਂਡੋ ਫੋਰਸ ਦਾ ਮੁਖੀ ਸੀ ਤੇ ਉਹ 3 ਅਕਤੂਬਰ 1986 ਨੂੰ ਪੀ.ਏ.ਪੀ. ਜਲੰਧਰ ਕੰਪਲੈਕਸ ਵਿਖੇ ਪੰਜਾਬ ਪੁਲਿਸ ਦੇ ਸਾਬਕਾ ਮੁਖੀ ਰਿਬੈਰੋ 'ਤੇ ਹਮਲਾ ਕਰਨ ਵਾਲਿਆਂ ਵਿਚ ਵੀ ਸ਼ਾਮਲ ਸੀ– ਹਿੰਦ ਸਮਾਚਾਰ ਸਮੂਹ ਦੇ ਐਡੀਟਰ ਰਮੇਸ਼ ਚੰਦਰ ਦੇ ਕਤਲ ਵਿਚ ਵੀ ਸ਼ਾਮਲ ਸੀ

ਤੇ ਇਸ ਨੂੰ ਇਸ ਕੇਸ ਦੀ ਜਲੰਧਰ ਕਚਹਿਰੀ 'ਚ ਪੇਸ਼ੀ ਸਮੇਂ ਮਨਬੀਰ ਸਿੰਘ ਚਹੇੜੂ ਪੁਲਿਸ ਪਾਰਟੀ 'ਤੇ ਹਮਲਾ ਕਰਕੇ ਛੁਡਾ ਕੇ ਲੈ ਗਿਆ ਸੀ। ਮਨਬੀਰ ਸਿੰਘ ਚਹੇੜੂ ਦੀ ਗ੍ਰਿਫਤਾਰੀ ਤੋਂ ਬਾਅਦ ਪੰਜਾਬ ਪੁਲਿਸ ਦਾ ਭਗੌੜਾ, ਸੁਖਦੇਵ ਸਿੰਘ 'ਸੁੱਖਾ ਸਿਪਾਹੀ' ਖ਼ਾਲਿਸਤਾਨ ਕਮਾਂਡੋ ਫੋਰਸ ਦੇ ਆਪੇ ਬਣਿਆ ਜਨਰਲ ਸੀ ਤੇ ਪੰਜਾਬ ਪੁਲਿਸ ਨੂੰ ਅਨੇਕਾਂ ਕਤਲ ਕੇਸਾਂ ਤੇ ਬੈਂਕ ਡਕੈਤੀਆਂ ਵਿਚ ਭਾਲ ਸੀ।

ਅੰਮ੍ਰਿਤਸਰ 'ਚ ਕੇ.ਪੀ.ਐੱਸ. ਗਿੱਲ ਪੰਜਾਬ ਪੁਲਿਸ ਦਾ ਮੁਖੀ, ਵਿਸ਼ੇਸ਼ ਤੌਰ 'ਤੇ ਬੁਲਾਈ ਪੱਤਰਕਾਰਾਂ ਦੀ ਪ੍ਰੈੱਸ ਕਾਨਫਰੰਸ ਅੰਦਰ ਮੁੱਛਾਂ ਨੂੰ ਵੱਟ ਦੇਂਦਾ ਹੋਇਆ ਛਾਤੀ ਫੁਲਾਈ ਕਹਿ ਰਿਹਾ ਸੀ ਜਨਰਲ ਲਾਭ ਸਿੰਘ ਦਾ ਪੁਲਿਸ ਹੱਥੋਂ ਮੁਕਾਬਲੇ 'ਚ ਮਾਰਿਆ ਜਾਣਾ ਸਭ ਤੋਂ ਵੱਡੀ ਸਫ਼ਲਤਾ ਹੈ, ਤੇ ਖ਼ਾਲਿਸਤਾਨ ਦੇ ਸੰਘਰਸ਼ ਦਾ ਲੱਕ ਟੁੱਟ ਗਿਆ ਹੈ। ਬਾਕੀ ਅੱਤਵਾਦੀਆਂ ਵਿਚ ਅਜਿਹਾ ਸੂਝਵਾਨ ਕੋਈ ਨਹੀਂ ਹੈ। ਪੁਲਿਸ ਮੁਕਾਬਲੇ ਵਿਚ ਹਿੱਸਾ ਲੈਣ ਵਾਲੇ ਅਧਿਕਾਰੀਆਂ ਦਾ ਰੈਂਕ ਵਧਾਇਆ ਜਾਵੇਗਾ। ਜਨਰਲ ਲਾਭ ਸਿੰਘ ਹਿੰਦੁਸਤਾਨ ਵਿਚ ਸਭ ਤੋਂ ਖ਼ਤਰਨਾਕ ਦਹਿਸ਼ਤ ਪਸੰਦ ਸੀ। ਭਾਰਤੀ ਖੁਫੀਆ ਏਜੰਸੀਆਂ ਲੰਬੇ ਸਮੇਂ ਤੋਂ ਜਨਰਲ ਲਾਭ ਸਿੰਘ ਦੀ ਭਾਲ ਕਰ ਰਹੀਆਂ ਸਨ, ਜਨਰਲ ਲਾਭ ਸਿੰਘ ਦਾ ਅੱਤਵਾਦੀ ਕਾਰਵਾਈਆਂ ਪਿੱਛੇ ਦਿਮਾਗ਼ ਕੰਮ ਕਰਦਾ ਸੀ ਤੇ ਵੱਡੀਆਂ ਅੱਤਵਾਦੀ ਕਾਰਵਾਈਆਂ ਵਿਚ ਆਪ ਉਹ ਮੋਹਰੀ ਹੋ ਕੇ ਸਾਥੀਆਂ ਦੀ ਅਗਵਾਈ ਕਰਦਾ ਸੀ। ਪੁਲਿਸ ਨੂੰ ਸੂਹ ਮਿਲੀ ਸੀ ਕਿ ਜਨਰਲ ਲਾਭ ਸਿੰਘ ਨੇ ਆਪਣੀ ਪਤਨੀ ਨੂੰ ਮਿਲਣ ਆਉਣਾ ਹੈ, ਇਸੇ ਸੂਚਨਾ 'ਤੇ ਪੁਲਿਸ ਨੇ ਨਾਕਾ ਲਾਇਆ ਹੋਇਆ ਸੀ। ਜਦੋਂ ਪੁਲਿਸ ਦੇ ਘੇਰੇ 'ਚ ਆਏ ਜਾਣ 'ਤੇ ਉਹ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ ਤੇ ਉਸਦਾ ਇਕ ਸਾਥੀ ਬਚ ਨਿਕਲਣ 'ਚ ਕਾਮਯਾਬ ਹੋ ਗਿਆ। ਜਨਰਲ ਲਾਭ ਸਿੰਘ ਦੇ ਕਬਜ਼ੇ ਵਿਚੋਂ ਇਕ ਪਿਸਤੌਲ ਤੇ ਕੁਝ ਜਿੰਦਾ ਕਾਰਤੂਸ ਅਤੇ ਇਕ ਹੱਥ ਲਿਖਤ ੧੬ ਸਫ਼ਿਆਂ ਦੀ ਦਸਤਾਵੇਜ਼ ਬਰਾਮਦ ਹੋਈ ਹੈ। ਜਿਸ ਵਿਚ ਜਨਰਲ ਲਾਭ ਸਿੰਘ ਨੇ ਸਿੱਖ ਸੰਘਰਸ਼ ਦੀਆਂ ਖਾਮੀਆਂ ਦੀ ਪੜਚੋਲ ਕੀਤੀ ਹੋਈ ਹੈ।

ਭਾਰਤ ਦਾ ਗ੍ਰਹਿ ਮੰਤਰੀ ਪੀ. ਚਿਦੰਬਰਮ ਦਿੱਲੀ 'ਚ ਪ੍ਰੈੱਸ ਕਾਨਫਰੰਸ ਕਰਕੇ ਸ਼ੇਖ਼ੀ ਭਰੇ ਦਾਅਵੇ ਕਰਦਾ ਕਹਿ ਰਿਹਾ ਸੀ, ਜਨਰਲ ਲਾਭ ਸਿੰਘ ਪੰਜਾਬ ਪੁਲਿਸ ਹੱਥੋਂ ਮਾਰੇ ਜਾਣ ਨਾਲ ਅੱਤਵਾਦ ਦੀ ਰੀੜ੍ਹ ਦੀ ਹੱਡੀ ਟੁੱਟ ਗਈ ਹੈ। ਜਨਰਲ ਲਾਭ ਸਿੰਘ ਦੇ ਪੁਲਿਸ ਮੁਕਾਬਲੇ 'ਚ ਮਾਰੇ ਜਾਣ 'ਤੇ ਸਿੱਖ ਵਿਰੋਧੀਆਂ ਦੇ ਘਰੀਂ ਘਿਉ ਦੇ ਦੀਵੇ ਬਲ ਰਹੇ ਸਨ। ਹਿੰਦ ਸਮਾਚਾਰ ਸਮੂੰਹ ਦੀਆਂ ਅਖ਼ਬਾਰਾਂ ਨੇ ਤਾਂ ਪੱਤਰਕਾਰੀ ਦੀਆਂ ਕਦਰਾਂ ਕੀਮਤਾਂ ਦਾ ਮਿਆਰ ਭੁਲਾ ਕੇ ਖੁਸ਼ੀ 'ਚ ਖੀਵੇ ਹੋਏ ਨੇ ਅਜਿਹੀ ਭੱਦੀ ਭਾਸ਼ਾ ਵਰਤੀ ਕਿ ਜਿਹੜੀ ਕਿਸੇ ਵੀ ਸਭਿਆਚਾਰ ਦਾ ਹਿੱਸਾ ਨਹੀਂ ਕਹੀ ਜਾ ਸਕਦੀ, ਜੱਗਬਾਣੀ ਦੇ ਇੰਦਰਜੀਤ ਸੂਦ, ਆਪਣੀ ਰਿਪੋਰਟ ਵਿਚ ਲਿਖ ਰਿਹਾ ਸੀ, ਡੀ.ਆਈ.ਜੀ. ਅਟਵਾਲ ਨੂੰ ਮਾਰਨ ਵਾਲਾ, ਜੱਗਬਾਣੀ ਹਿੰਦ ਸਮਾਚਾਰ ਸਮੂੰਹ ਦੇ ਐਡੀਟਰ ਸਵਰਗੀ ਰਮੇਸ਼ ਚੰਦਰ ਨੂੰ ਕਤਲ ਕਰਨ ਅਤੇ ਪੰਜਾਬ ਪੁਲਿਸ ਦੇ ਮੁਖੀ ਜੇ.

ਐੱਫ. ਰਿਬੈਰੋ ਉਪਰ ਜਲੰਧਰ ਪੀ.ਏ.ਪੀ. ਕੰਪਲੈਕਸ 'ਚ ਕਾਤਲਾਨਾ ਹਮਲਾ ਕਰਨ ਵਾਲਾ, ਖ਼ਾਲਿਸਤਾਨ ਕਮਾਂਡੋ ਫੋਰਸ ਦਾ ਜਨਰਲ ਆਪੇ ਬਣਿਆ ਜਨਰਲ ਲਾਭ ਸਿੰਘ ਜਿਹੜਾ ਆਪਣੇ ਨੱਕ ਉਤੇ ਮੱਖੀ ਨਹੀਂ ਸੀ ਬੈਹਣ ਦੇਂਦਾ, ਅੱਜ ਵੱਡੇ ਤੜਕੇ ਟਾਂਡਾ ਉੜਮੁੜ (ਹੁਸ਼ਿਆਰਪੁਰ) ਦੇ ਬਾਹਰ ਪੁਲਿਸ ਨਾਲ ਮੁਕਾਬਲੇ 'ਚ ਮਾਰਿਆ ਗਿਆ, ਉਸ ਉਪਰ ਗਿਰਝਾਂ ਮੰਡਰਾ ਰਹੀਆਂ ਸਨ। ਲੋਕ ਵੱਡੀ ਗਿਣਤੀ ਵਿਚ ਜਨਰਲ ਲਾਭ ਸਿੰਘ ਨੂੰ ਵੇਖ ਕੇ ਲੰਘ ਰਹੇ ਸਨ, ਅੱਜ ਉਸਦਾ ਕੋਈ ਵੀ ਵਾਰਸ ਨਹੀਂ ਸੀ ਨਜ਼ਰ ਆਉਂਦਾ।

---

ਇਸ ਹਿੰਦੂ ਫਿਰਕਾਪ੍ਰਸਤ ਜਨੂੰਨੀ ਇੰਦਰਜੀਤ ਸੂਦ ਨੂੰ ਇਸੇ ਸ਼ਾਮ ਨੂੰ (ਰਿਪੋਰਟ ਛਪਣ ਵਾਲੇ ਦਿਨ 13 ਜੁਲਾਈ ਨੂੰ) ਖ਼ਾਲਿਸਤਾਨ ਕਮਾਂਡੋ ਫੋਰਸ ਦੇ ਭਾਈ ਭੁਪਿੰਦਰ ਸਿੰਘ ਭਿੰਦਾ ਨੇ ਸਾਥੀਆਂ ਸਮੇਤ, ਨਰਕਧਾਮ ਦੀ ਗੱਡੀ ਚੜ੍ਹਾ ਕੇ ਜੱਗਬਾਣੀ ਵਿਚ ਕੀਤੀ ਬਕਵਾਸਬਾਣੀ ਦਾ ਮਜ਼ਾ ਚਖਾਇਆ ਕਿ ਜਨਰਲ ਲਾਭ ਸਿੰਘ ਦੇ ਵਾਰਸ ਜ਼ਿੰਦਾ ਹਨ ਤੇ ਖ਼ਾਲਸਾ ਪੰਥ ਦੇ ਵਿਰੋਧੀਆਂ ਨੂੰ ਲੋਹੇ ਦੇ ਚਣੇ ਚਬਾਉਣੇ ਜਾਣਦੇ ਹਨ।

12 ਜੁਲਾਈ 1988 ਨੂੰ ਦੁਪਹਿਰ ਵੇਲੇ ਪਾਕਿਸਤਾਨ ਲਾਹੌਰ ਰੇਡਿਓ ਨੇ ਮੁੱਖ ਖ਼ਬਰ ਦਿੱਤੀ ਕਿ ਅੱਜ ਤੜਕਸਾਰ ਭਾਰਤੀ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ 'ਚ ਟਾਂਡਾ ਉੜਮੁੜ ਦੇ ਕੋਲ ਖ਼ਾਲਿਸਤਾਨ ਕਮਾਂਡੋ ਫੋਰਸ ਦਾ ਜਰਨੈਲ ਜਨਰਲ ਲਾਭ ਸਿੰਘ ਪੁਲਿਸ ਹੱਥੋਂ ਮੁਕਾਬਲੇ ਦੌਰਾਨ ਮਾਰਿਆ ਗਿਆ, ਫਿਰ ਕੀ ਸੀ ਹਰ ਖਬਰਾਂ ਦੇ ਬੁਲੇਟਨ 'ਚ ਮੁੱਖ ਖ਼ਬਰ ਜਨਰਲ ਲਾਭ ਸਿੰਘ ਦੇ ਮੁਕਾਬਲੇ 'ਚ ਮਾਰੇ ਜਾਣ ਦੀ ਸੀ, ਜਿਸ ਨੂੰ ਸੁਣ ਕੇ ਸਿੱਖ ਕੌਮ ਖ਼ਾਲਸਾ ਪੰਥ ਦੇ ਸਿਰ ਅਸਮਾਨੀ ਬਿਜਲੀ ਆਣ ਡਿੱਗੀ ਹੋਵੇ। ਜਨਰਲ ਲਾਭ ਸਿੰਘ ਦੀ ਮਾਰੇ ਜਾਣ ਦੀ ਖ਼ਬਰ ਸਿੱਖਾਂ ਦੇ ਕਲੇਜਿਆਂ ਦਾ ਰੁੱਗ ਭਰ ਕੇ ਲੈ ਗਈ, ਜਿਵੇਂ ਖਾਲਸਾ ਪੰਥ ਦੇ ਘਰ ਦਾ ਮਹੱਲ ਉਸਰ ਕੇ ਢਹਿ-ਢੇਰੀ ਹੋ ਗਿਆ ਹੋਵੇ। ਸਿੱਖਾਂ ਦੀਆਂ ਰੀਝਾਂ ਉਮੀਦਾਂ ਦਾ ਪੁਲ ਢਹਿ ਗਿਆ ਹੋਵੇ, ਜਨਰਲ ਲਾਭ ਸਿੰਘ ਦੀ ਸ਼ਹੀਦੀ ਖ਼ਬਰ ਸੁਣ ਕੇ ਦੁਨੀਆ ਭਰ ਦੇ ਸਿੱਖਾਂ ਨੂੰ ਨਿਰਾਸ਼ ਕਰ ਦਿੱਤਾ, ਅੱਜ ਹਰ ਸਿੱਖ ਦੀ ਅੱਖ ਨਮ ਸੀ, ਹੰਝੂ ਵਹਾ ਰਹੀ ਸੀ, ਦਿਲ ਰੋ ਰਹੇ ਸਨ, ਸਿੱਖ ਭੈਣਾਂ ਦਾ ਵੀਰ ਸ਼ਹੀਦੀ ਵਿਛੋੜਾ ਦੇ ਗਿਆ ਸੀ, ਸਿੱਖ ਮਾਵਾਂ ਦਾ ਪੁੱਤਰ ਵਿਛੜ ਗਿਆ ਸੀ। ਬਜ਼ੁਰਗ ਰੋ ਰਹੇ ਸਨ, ਅੱਜ ਉਨ੍ਹਾਂ ਦਾ ਬੱਬਰ ਸ਼ੇਰ ਨੂੰ ਗਦਾਰ ਲਾਲ ਸਿਹੁੰ ਤੇ ਗਦਾਰ ਧਿਆਨ ਚੰਦ ਡੋਗਰੇ ਦੇ ਵਾਰਸ ਗਦਾਰ ਨਿਰਮਲ ਸਿਹੁੰ ਨੇ ਸ਼ਹੀਦ ਕਰਕੇ ਉਸਦਾ ਨਾਂ ਸੁਨਹਿਰੀ ਅੱਖਰਾਂ 'ਚ ਲਿਖ ਕੇ ਨਾਲ ਹੀ ਸਿੱਖ ਸੰਘਰਸ਼ ਦੀ ਰੀੜ੍ਹ ਦੀ ਹੱਡੀ ਤੋੜ ਦਿੱਤੀ। ਸਿੱਖ ਕਾਫਲੇ ਦੇ ਜੁਝਾਰੂ ਵਿਦਿਆਰਥੀ ਆਪਣੇ ਜਰਨੈਲ ਜਨਰਲ ਲਾਭ ਸਿੰਘ ਦਾ ਸ਼ਹੀਦੀ ਸਰੀਰ ਲੈਣ ਲਈ ਟਾਂਡਾ ਉੜਮੁੜ ਨੂੰ ਚੱਲ ਪਏ, ਕਾਲਜਾਂ ਦੇ ਸਿੱਖ ਲੜਕੇ-ਲੜਕੀਆਂ, ਸਕੂਲਾਂ ਦੇ ਬੱਚੇ, ਟਾਂਡਾ ਉੜਮੁੜ ਵੱਲ ਆਪ ਮੁਹਾਰੇ ਚੱਲ ਪਏ। ਪਿੰਡ ਪੰਜਵੜ ਤੋਂ (ਅੰਮ੍ਰਿਤਸਰ) ਦੋ ਟਰੱਕ ਭਰ ਕੇ ਪਹੁੰਚ ਗਏ। ਦਮਦਮੀ ਟਕਸਾਲ ਦੇ ਵਿਦਿਆਰਥੀ ਦੋ ਬੱਸਾਂ ਭਰ ਕੇ ਪਹੁੰਚ ਗਏ। ਡੀ.ਐੱਸ.ਪੀ. ਅਜੀਤ ਸਿਹੁੰ ਸੰਧੂ, ਜਨਰਲ ਲਾਭ ਸਿੰਘ ਦੇ ਮਾਰੇ ਜਾਣ 'ਤੇ ਖੁਸ਼ੀ 'ਚ ਫੁਲਿਆ ਨਹੀਂ ਸੀ ਸਮਾਉਂਦਾ, ਉਸ ਨੂੰ

ਆਸ/ਉਮੀਦ ਨਹੀਂ ਸੀ ਕਿ ਜਨਰਲ ਲਾਭ ਸਿੰਘ ਦੀ ਲਾਸ਼ ਲੈਣ ਲਈ ਕੋਈ ਵਾਰਸ ਵਜੋਂ ਸਾਹਮਣੇ ਆਵੇਗਾ। ਜਿਸ ਥਾਂ 'ਤੇ ਜਨਰਲ ਲਾਭ ਸਿੰਘ ਨੂੰ ਮਾਰਿਆ ਗਿਆ ਵਿਖਾਇਆ ਗਿਆ ਸੀ, ਵੇਖ ਕੇ ਨਿਸਚੇ ਹੀ ਮੁਕਾਬਲੇ ਦੀ ਕਹਾਣੀ ਝੂਠੀ ਨਜ਼ਰ ਆਉਂਦੀ ਸੀ। ਉਸ ਥਾਂ ਤੇ ਦੋ ਸੌ ਗ੍ਰਾਮ ਵੀਖ਼ੂਨ ਨਹੀਂ ਸੀ ਵਗਿਆ ਤੇ ਗਿੱਲੇ ਵਾਹਣ 'ਚ ਕਿਤੇ ਪਾਸੇ ਤੋਂ ਲਿਆ ਕੇ ਰੱਖਿਆ ਨਜ਼ਰ ਆਉਂਦਾ ਸੀ। ਜੇ ਜਨਰਲ ਲਾਭ ਸਿੰਘ ਵਾਕਿਆ ਹੀ ਪੁਲਿਸ ਨਾਲ ਮੁਕਾਬਲੇ 'ਚ ਉਸ ਥਾਂ 'ਤੇ ਮਾਰਿਆ ਗਿਆ ਹੁੰਦਾ ਤਾਂ ਜਨਰਲ ਲਾਭ ਸਿੰਘ ਦੇ ਸਿਹਤਮੰਦ ਸਰੀਰ ਵਿਚੋਂ ਘੱਟੋ ਘੱਟ ਪੰਜ ਲੀਟਰ ਖ਼ੂਨ ਵਗਣਾ ਸੀ। ਡੀ.ਐੱਸ.ਪੀ. ਅਜੀਤ ਸਿਹੁੰ ਸੰਧੂ ਨੇ ਪੁਲਿਸ ਪਾਰਟੀ ਭੇਜ ਕੇ, ਜਨਰਲ ਲਾਭ ਸਿੰਘ ਦੀ ਸਿੰਘਣੀ ਦਵਿੰਦਰ ਕੌਰ ਨੂੰ ਪੇਕੇ ਘਰ ਟਾਂਡਾ ਤੋਂ ਮੰਗਵਾ ਲਿਆ ਤੇ ਕਿਹਾ ਕਿ ਸ਼ਨਾਖਤ ਕਰ ਇਹ ਕੌਣ ਹੈ ? ਡੀ.ਐੱਸ.ਪੀ. ਸੰਧੂ, ਜਨਰਲ ਲਾਭ ਸਿੰਘ ਦੇ ਸਿਰ ਵੱਲ ਸਿੰਘਣੀ ਦਵਿੰਦਰ ਕੌਰ ਨੂੰ ਖਲਾਰ ਕੇ ਰੋਂਦੀ ਪਿੱਟਦੀ ਦੀਆਂ ਤਸਵੀਰਾਂ ਖਿਚਵਾਉਣਾ ਚਾਹੁੰਦਾ ਸੀ, ਉਹ ਹਰ ਹਾਲਤ ਲਾਭ ਸਿੰਘ ਦੀ ਸ਼ਹੀਦੀ ਨੂੰ ਮਜ਼ਾਕ ਦਾ ਪਾਤਰ ਬਣਾਉਣ ਲਈ ਕਮੀਨਗੀ ਦੀਆਂ ਸਾਰੀਆਂ ਹੱਦਾਂ ਲੰਘ ਰਿਹਾ ਸੀ, ਉਹ ਵੀ ਪੁਲਿਸ ਵਾਲੇ ਸਨ, ਜਿਨ੍ਹਾਂ ਦੇ ਹੰਝੂ ਰੋਕਿਆਂ ਵੀ ਨਹੀਂ ਰੁਕ ਰਹੇ।

ਡੀ.ਐੱਸ.ਪੀ. ਅਜੀਤ ਸਿਹੁੰ ਸੰਧੂ—ਬੀਬੀ, ਇਹ ਅੱਤਵਾਦੀ ਪੁਲਿਸ ਨਾਲ ਮੁਕਾਬਲੇ 'ਚ ਮਾਰਿਆ ਗਿਆ। ਕੀ ਤੂੰ ਇਸਨੂੰ ਸਿਆਣ ਸਕਦੀ ਹੈਂ ?

ਦਵਿੰਦਰ ਕੌਰ—ਹਾਂ (ਬੜੇ ਧੀਰਜ ਨਾਲ), ਇਹ ਮੇਰਾ ਪਤੀ ਜਨਰਲ ਸ. ਲਾਭ ਸਿੰਘ ਹੈ।

ਡੀ.ਐੱਸ.ਪੀ.—ਬੀਬੀ, ਤੂੰ ਆਪਣੇ ਪਤੀ ਦੇ ਮਾਰੇ ਜਾਣ 'ਤੇ ਕੀ ਮਹਿਸੂਸ ਕਰਦੀ ਹੈਂ ?

ਦਵਿੰਦਰ ਕੌਰ—ਮੇਰਾ ਪਤੀ ਬਹਾਦਰ ਸੂਰਮਾ ਸੀ, ਇਸ ਨੇ ਕਦੀ ਮੌਤ ਦੀ ਪਰਵਾਹ ਨਹੀਂ ਕੀਤੀ। ਇਹ ਤਾਂ ਮੌਤ ਵਿਚੋਂ ਵੀ ਜ਼ਿੰਦਗੀ ਭਾਲਦਾ ਸੀ। ਸਿੱਖ ਕੌਮ ਦੇ ਅਜ਼ਾਦ ਘਰ ਖ਼ਾਲਿਸਤਾਨ ਵਾਸਤੇ ਤੁਰਿਆ ਸੀ, ਜਿਸ ਉਤੇ ਆਖ਼ਰੀ ਸਵਾਸਾਂ ਤਕ ਦ੍ਰਿੜ੍ਹ ਰਿਹਾ ਤੇ ਸ਼ਹੀਦੀ ਪ੍ਰਾਪਤ ਕਰ ਕੇ, ਖ਼ਾਲਸਾ ਰਾਜ ਦੇ ਸੰਘਰਸ਼ ਵਿਚ ਆਪਾ ਵਾਰ ਕੇ ਅਮਰ ਹੋ ਗਿਆ। ਮੈਨੂੰ ਆਪਣੇ ਬਹਾਦਰ ਸਿਰਦਾਰ ਦੀ ਸ਼ਹਾਦਤ ਉਤੇ ਮਾਣ ਹੈ, ਇਹ ਨਿਸ਼ਾਨੇ ਤੋਂ ਡੋਲਿਆ ਨਹੀਂ, ਸ਼ਹੀਦ ਹੋ ਗਿਆ।

ਡੀ.ਐੱਸ.ਪੀ.—ਬੀਬੀ ਤੂੰ ਇਸ ਬਾਰੇ ਕੁਝ ਕਹਿਣਾ ਚਾਹੁੰਦੀ ਹੈ ਤਾਂ ਦੱਸੋ ?

ਸਿੰਘਣੀ ਦਵਿੰਦਰ ਕੌਰ—ਮੈਂ ਆਪਣੇ ਸਰਦਾਰ ਦਾ ਸਸਕਾਰ ਆਪਣੇ ਪਿੰਡ ਪੰਜਵੜ ਲਿਜਾ ਕੇ ਕਰਨਾ ਚਾਹੁੰਦੀ ਹਾਂ, ਇਹ ਮੇਰਾ ਕਾਨੂੰਨੀ ਹੱਕ ਹੈ।

ਇੰਨੇ ਚਿਰ ਨੂੰ ਪਿੰਡ ਪੰਜਵੜ ਤੋਂ ਮਾਤਾ ਕੁਲਵੰਤ ਕੌਰ, ਭਰਾ ਦਲਜੀਤ ਸਿੰਘ ਤੇ ਪਿੰਡ ਪੰਜਵੜ ਅਤੇ ਇਲਾਕੇ ਦੇ ਵਾਸੀ ਟਰੱਕਾਂ 'ਤੇ ਪਹੁੰਚ ਗਏ। ਦਮਦਮੀ ਟਕਸਾਲ ਦਾ ਜਥਾ ਵੀ ਬੱਸਾਂ ਤੇ ਪਹੁੰਚ ਗਿਆ। ਸਕੂਲਾਂ, ਕਾਲਜਾਂ ਦੇ ਵਿਦਿਆਰਥੀ ਮੁੰਡੇ ਕੁੜੀਆਂ, ਵਹੀਰਾਂ ਘੱਤ ਕੇ ਜਨਰਲ ਲਾਭ ਸਿੰਘ ਦੇ ਦਰਸ਼ਨਾਂ ਨੂੰ ਪਹੁੰਚ ਗਏ। 'ਜਨਰਲ

ਲਾਭ ਸਿੰਘ ਅਮਰ ਰਹੇ।' 'ਜੁਗੋ ਜੁਗ ਨਾ ਚਮਕੇਗਾ ਤੇਰਾ ਜਨਰਲ ਲਾਭ ਸਿੰਘ ਮਰਦ ਦਲੇਰਾ।' ਦੇ ਨਾਅਰੇ ਲਾਉਂਦੇ ਹੋਏ, ਜਨਰਲ ਲਾਭ ਸਿੰਘ ਦੇ ਸ਼ਹੀਦੀ ਸਰੀਰ ਦੀ ਮੰਗ ਕੀਤੀ। ਜੋ ਪ੍ਰਸ਼ਾਸਨ ਨੇ ਸਿੱਖਾਂ ਦੇ ਰੋਹ ਅੱਗੇ ਝੁਕਦਿਆਂ ਜਨਰਲ ਲਾਭ ਸਿੰਘ ਦੀ ਸ਼ਹੀਦੀ ਦੇਹ ਦਾ ਉਸ ਦੇ ਸਹੁਰੇ ਪਿੰਡ ਟਾਂਡਾ ਅੰਤਿਮ ਸੰਸਕਾਰ ਕਰਨ ਦੀ ਇਜਾਜ਼ਤ ਦੇ ਦਿੱਤੀ। ਹਜ਼ਾਰਾਂ ਲੋਕਾਂ ਦੇ ਇਕੱਠ ਨੇ ਜਨਰਲ ਲਾਭ ਸਿੰਘ ਦੇ ਸ਼ਹੀਦੀ ਸਰੀਰ ਨੂੰ ਇਸ਼ਨਾਨ ਕਰਵਾ ਕੇ ਸੁੰਦਰ ਬਸਤਰ ਹੱਥੀਂ ਪਹਿਨਾ ਕੇ ਆਪਣੇ ਹੱਥੀਂ ਸਸਕਾਰ ਕੀਤਾ। ਸਿੱਖ 'ਜਨਰਲ ਲਾਭ ਸਿੰਘ ਅਮਰ ਰਹੇ ਅਤੇ ਜੁਗੋ ਜੁਗ ਨਾ ਚਮਕੇਗਾ ਤੇਰਾ—ਜਨਰਲ ਲਾਭ ਸਿੰਘ ਮਰਦ ਦਲੇਰਾ' ਦੇ ਨਾਅਰੇ ਲਾ ਰਹੇ ਸਨ। ਸਹੁਰੇ ਪਿੰਡ ਟਾਂਡਾ ਦੇ ਸਿਵਿਆਂ ਵਿਚ ਜਨਰਲ ਲਾਭ ਸਿੰਘ ਦੀ ਚਿਖਾ ਲਟ ਲਟ ਬਲ ਰਹੀ ਸੀ। ਇਸ ਮੌਕੇ 'ਤੇ ਸ਼ਹੀਦ ਦੀ ਮਾਤਾ ਕੁਲਵੰਤ ਕੌਰ ਨੇ ਕਿਹਾ ਕਿ ਸ਼ਹੀਦ ਦੀ ਸ਼ਹਾਦਤ 'ਤੇ ਰੋਈਦਾ ਨਹੀਂ ਹੁੰਦਾ, ਸ਼ਹੀਦ ਨੂੰ ਸੱਚੀ ਸ਼ਰਧਾਂਜਲੀ ਇਹ ਹੁੰਦੀ ਹੈ ਕਿ ਸ਼ਹੀਦ ਦੇ ਅਧੂਰੇ ਕਾਰਜ ਨੂੰ ਨੇਪਰੇ ਚਾੜ੍ਹਿਆ ਜਾਵੇ।

ਜਨਰਲ ਲਾਭ ਸਿੰਘ ਦਾ ਸ਼ਹੀਦੀ ਦੁਸਹਿਰਾ 'ਤੇ ਪਿੰਡ ਪੰਜਵੜ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ, ਹਜ਼ਾਰਾਂ ਦੀ ਗਿਣਤੀ 'ਚ ਸਿੱਖ ਸੰਗਤਾਂ ਨੇ ਹਾਜ਼ਰੀਆਂ ਭਰੀਆਂ, ਵੱਡੀ ਗਿਣਤੀ ਵਿਚ ਜੁਝਾਰੂ ਸਿੰਘ ਵੀ ਪਹੁੰਚੇ। ਜਨਰਲ ਲਾਭ ਸਿੰਘ ਦੀ ਥਾਂ ਭਾਈ ਸੁਖਦੇਵ ਸਿੰਘ ਝਾਮਕਾ ਨੂੰ ਜਥੇਬੰਦੀ ਦਾ ਜਰਨੈਲ ਥਾਪਿਆ ਗਿਆ। ਸ਼ਹੀਦ ਜਨਰਲ ਲਾਭ ਸਿੰਘ ਦੇ ਸਪੁੱਤਰਾਂ ਰਾਜੇਸ਼ਵਰ ਸਿੰਘ ਤੇ ਪਰਦੀਪ ਸਿੰਘ ਨੂੰ ਦਮਦਮੀ ਟਕਸਾਲ ਦੇ ਕਾਰਜਕਾਰੀ ਮੁਖੀ ਬਾਬਾ ਠਾਕੁਰ ਸਿੰਘ ਜੀ ਖ਼ਾਲਸਾ ਨੇ ਦਸਤਾਰਬੰਦੀ ਕੀਤੀ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਜੁਝਾਰੂ ਸਿੰਘ ਨੇ ਜਨਰਲ ਲਾਭ ਸਿੰਘ ਨੂੰ ਬਾਬਾ ਬੰਦਾ ਸਿੰਘ ਬਹਾਦਰ ਦਾ ਖਿਤਾਬ ਦੇ ਕੇ ਨਿਵਾਜਿਆ। ਪੰਜ ਸਿੰਘ ਸਾਹਿਬਾਨ ਨੇ ਜਨਰਲ ਲਾਭ ਸਿੰਘ ਦੇ ਅਧੂਰੇ ਕਾਰਜ ਨੂੰ ਪੂਰਾ ਕਰਨ ਲਈ ਸਿੱਖਾਂ ਨੂੰ ਉਸਦੇ ਰਾਹ ਦੇ ਪਾਂਧੀ ਬਣ ਕੇ ਫਤਹਿ ਕਰਨ ਲਈ ਕਿਹਾ।

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।।

ਅਸੀਂ ਜਦੋਂ ਜਨਰਲ ਲਾਭ ਸਿੰਘ ਦੀ ਸ਼ਹੀਦੀ ਸਬੰਧੀ ਉਸਦੇ ਪਰਿਵਾਰ ਨੂੰ ਪਿੰਡ ਪੰਜਵੜ 25 ਫਰਵਰੀ 2005 ਨੂੰ ਮਿਲਣ ਗਏ, ਮਾਤਾ ਕੁਲਵੰਤ ਕੌਰ ਜੀ ਤੋਂ ਜਾਣਕਾਰੀ ਹਾਸਲ ਕੀਤੀ। ਵੱਡੇ ਭਰਾ ਦਲਜੀਤ ਸਿੰਘ ਤਰਨ ਤਾਰਨ ਕਚਹਿਰੀ, ਜਨਰਲ ਲਾਭ ਸਿੰਘ ਦੇ ਕਿਸੇ ਕੇਸ ਦੀ ਇਨਕੁਆਰੀ ਦੀ ਤਰੀਕ 'ਤੇ ਗਏ ਹੋਏ ਸਨ। 12 ਜੁਲਾਈ 1988 ਨੂੰ ਸ਼ਹੀਦ ਹੋ ਚੁੱਕੇ ਜਨਰਲ ਲਾਭ ਸਿੰਘ ਦੇ ਭਰਾ ਨੂੰ ਅਜੇ ਵੀ ਸਰਕਾਰ ਖਾਹਮਖਾਹ ਪ੍ਰੇਸ਼ਾਨ ਕਰ ਰਹੀ ਹੈ।

***

# ਸ਼ਹੀਦ ਭਾਈ ਸੁਖਵਿੰਦਰ ਸਿੰਘ ਪੱਪੂ ਗੋਰਾ
# ਡਿਪਟੀ ਚੀਫ਼-ਖ਼ਾਲਿਸਤਾਨ ਕਮਾਂਡੋ ਫੋਰਸ



ਉਂਝ ਤਾਂ ਸੰਨ 1982 ਤੋਂ ਲੈ ਕੇ ਹੀ ਪੰਜਾਬ ਪੁਲਿਸ ਅਤੇ ਭਾਰਤੀ ਫ਼ੋਰਸਾਂ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਜੂਝਣ ਵਾਲਿਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਖ਼ਤਮ ਕਰ ਕੇ ਅਖ਼ਬਾਰਾਂ ਵਿਚ ਸੁਰਖ਼ੀਆਂ ਛਪਾਉਂਦੀਆਂ ਰਹਿੰਦੀਆਂ। ਫ਼ਰਜ਼ੀ ਮੁਕਾਬਲਿਆਂ ਦੀਆਂ ਅਖ਼ਬਾਰਾਂ ਵਿਚ ਇਬਾਰਤਾਂ ਕੁਝ ਇਹੋ ਜਿਹੀਆਂ ਹੁੰਦੀਆਂ :

"ਕਾਰ ਸਵਾਰ ਅੱਤਵਾਦੀਆਂ ਨੂੰ ਪੁਲਿਸ ਨੇ ਨਾਕੇ 'ਤੇ ਰੁਕਣ ਦਾ ਇਸ਼ਾਰਾ ਕੀਤਾ ਤਾਂ ਅੱਗੋਂ ਅੱਤਵਾਦੀਆਂ ਨੇ ਆਪਣੇ ਖ਼ਤਰਨਾਕ ਸਵੈਚਾਲਿਤ ਹਥਿਆਰਾਂ ਨਾਲ ਪੁਲਿਸ ਪਾਰਟੀ 'ਤੇ ਫ਼ਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ। ਜਵਾਬ ਵਿਚ ਪੁਲਿਸ ਨੇ ਵੀ ਜਵਾਬੀ ਗੋਲੀ ਚਲਾਈ ਜਿਸ ਨਾਲ...... ਅੱਤਵਾਦੀ ਮਾਰੇ ਗਏ। ਇਹਨਾਂ ਵਿਚ ਫ਼ੋਰਸ ਦਾ ਲੈਫ਼ਟੀਨੈਂਟ ਜਨਰਲ ਸੀ ਅਤੇ ਉਹਨਾਂ ਕੋਲੋਂ ਏ.ਕੇ. 47 ਰਾਈਫ਼ਲਾਂ ਤੇ ਭਾਰੀ ਮਾਤਰਾ ਵਿਚ ਗੋਲੀ ਸਿੱਕਾ ਬਰਾਮਦ ਹੋਇਆ। ਉਹ........ਇਤਨੇ ਕਤਲਾਂ ਤੇ ਡਾਕਿਆਂ ਵਿਚ ਪੁਲਿਸ ਨੂੰ ਲੋੜੀਂਦਾ ਸੀ। ਆਦਿ......

.....ਪੁਲਿਸ ਪਾਰਟੀ ਹਥਿਆਰਾਂ ਦੀ ਬਰਾਮਦਗੀ ਲਈ ਅੱਤਵਾਦੀ ਨੂੰ ਲਿਜਾ ਰਹੀ ਸੀ, ਰਸਤੇ ਵਿਚ ਉਸ ਦੇ ਸਾਥੀਆਂ ਨੇ ਘਾਤ ਲਾ ਕੇ ਪੁਲਿਸ ਪਾਰਟੀ 'ਤੇ ਹਮਲਾ ਕਰ ਦਿੱਤਾ। ਸਾਥੀ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ। ਕਰਾਸ ਫ਼ਾਇਰਿੰਗ ਦੌਰਾਨ ਅੱਤਵਾਦੀ ਮਾਰਿਆ ਗਿਆ।"

ਪਰ ਪੁਲਿਸ ਨੂੰ ਝਰੀਟ ਤਕ ਨਹੀਂ ਆਉਂਦੀ, ਸ਼ਾਇਦ ਖਾੜਕੂ ਰਬੜ ਦੀਆਂ ਗੋਲੀਆਂ ਚਲਾਉਂਦੇ ਹਨ। ਇਹ ਹੁੰਦੇ ਨੇ ਅਸਲ 'ਚ ਫ਼ਰਜ਼ੀ ਮੁਕਾਬਲੇ, ਜੋ ਖਾੜਕੂਆਂ ਨੂੰ ਪਹਿਲਾਂ ਗ੍ਰਿਫ਼ਤਾਰ ਕਰ ਕੇ ਕੋਹ-ਕੋਹ ਕੇ ਤਸ਼ੱਦਦ/ਤਸੀਹੇ ਦੇ ਕੇ ਮਾਰੇ ਜਾਂਦੇ ਹਨ, ਪੁਲਿਸ ਗੋਲੀਆਂ ਨਾਲ ਵਿੰਨ੍ਹ ਦਿੰਦੀ ਹੈ ਤੇ ਅਖ਼ਬਾਰਾਂ ਵਿਚ ਮਾਰੇ ਗਏ ਖਾੜਕੂ ਤੇ ਪੁਲਿਸ ਮੁਕਾਬਲੇ ਵਿਚ ਪੁਲਿਸ ਦੀ ਬਹਾਦਰੀ ਦੀਆਂ ਖ਼ਬਰਾਂ ਛਪ ਜਾਂਦੀਆਂ ਹਨ। ਇਹ ਪੁਲਿਸ ਮੁਕਾਬਲੇ ਰਾਤ ਦੇ ਹਨੇਰੇ ਵਿਚ ਹੀ ਹੁੰਦੇ ਹਨ। ਇਹਨਾਂ ਪੁਲਿਸ ਮੁਕਾਬਲਿਆਂ ਨੂੰ ਵੇਖਣ ਵਾਲਾ ਪੁਲਿਸ ਤੋਂ ਬਗ਼ੈਰ ਕੋਈ ਨਹੀਂ ਹੁੰਦਾ ਤੇ ਜੇ ਕਿਤੇ ਪੰਜਾਬ ਦੇ ਖਾੜਕੂ ਸਿੰਘਾਂ ਦਾ ਪੁਲਿਸ ਨਾਲ ਅਸਲੀ ਮੁਕਾਬਲਾ ਹੁੰਦਾ ਹੈ ਤਾਂ ਦੁਨੀਆਂ ਵੇਖਦੀ ਹੈ ਕਿ ਇਕ ਪਾਸੇ ਇਕ-ਦੋ, ਚਾਰ ਜਾਂ ਪੰਜ ਖਾੜਕੂ ਸਿੰਘ ਹਨ ਤੇ ਦੂਜੇ ਪਾਸੇ ਹਜ਼ਾਰਾਂ ਦੀ ਗਿਣਤੀ ਵਿਚ ਪੁਲਿਸ ਫ਼ੋਰਸ, ਤਾਂ ਫਿਰ ਵੀ ਖਾੜਕੂ ਸਿੰਘਾਂ

ਦੀ ਬਹਾਦਰੀ ਅਤੇ ਪੁਲਿਸ ਦੀਆਂ ਮੌਤਾਂ ਦੀ ਗਿਣਤੀ ਅਤੇ ਖਾੜਕੂ ਸਿੰਘਾਂ ਦੇ ਘੇਰਾ ਤੋੜ ਕੇ ਨਿਕਲ ਜਾਣ ਤਕ ਦੇ ਅਖ਼ਬਾਰਾਂ (ਟੀ.ਵੀ. ਅਤੇ ਰੇਡੀਓ ਵੀ) ਸੋਹਿਲੇ ਗਾਉਂਦੀਆਂ ਹਨ। ਇਹ ਖਾੜਕੂ ਸਿੰਘਾਂ ਦਾ ਮੁਕਾਬਲਾ ਦਹੇੜੂ ਦਾ ਹੋਵੇ ਜਾਂ ਮਾਨੋਚਾਹਲ ਦੀ ਬੰਬੀ 'ਤੇ ਲਾਲੂ ਘੁੰਮਣ ਹੋਵੇ ਜਾਂ ਰਟੌਲ ਦਾ ਹੋਵੇ (ਭਾਈ ਸੀਤਲ ਸਿੰਘ ਮੱਤੇਵਾਲ ਦੀ ਡਰੈਗਨ ਗੰਨ ਦਾ ਹੋਵੇ, ਭਾਈ ਮਨਜੀਤ ਸਿੰਘ ਠੱਠੀਆਂ ਦਾ ਰੱਤਾ ਗੁੱਦਾ ਵਿਚ)। ਜੇ ਕਿਤੇ ਕਰਨਾਮਾ ਪਿੰਡ (ਜ਼ਿਲ੍ਹਾ ਗੁਰਦਾਸਪੁਰ) ਭਾਈ ਸੁਖਵਿੰਦਰ ਸਿੰਘ ਪੱਪੂ ਗੋਰੇ ਦਾ ਹੋਵੇ ਤਾਂ ਫਿਰ ਅਸਲੀ ਪੁਲਿਸ ਮੁਕਾਬਲੇ ਵਿਚ ਭਾਰਤੀ ਫ਼ੋਰਸਾਂ ਦੀਆਂ ਲਾਸ਼ਾਂ ਦੇ ਲੱਗੇ ਢੇਰ ਪੁਲਿਸ ਮੁਕਾਬਲੇ ਦੇ ਦ੍ਰਿਸ਼ ਪੇਸ਼ ਕਰਦੇ ਹਨ ਕਿ ਪੁਲਿਸ ਅਤੇ ਸਿੰਘਾਂ ਦਾ ਮੁਕਾਬਲਾ ਕਿਵੇਂ ਹੁੰਦਾ ਹੈ?

ਸ਼ਹੀਦ ਭਾਈ ਸੁਖਵਿੰਦਰ ਸਿੰਘ ਪੱਪੂ ਉਰਫ਼ ਗੋਰਾ ਦਾ ਜਨਮ ਸੰਨ 1965 ਵਿਚ ਪਿਤਾ ਸ. ਸੰਤੋਖ ਸਿੰਘ ਦੇ ਘਰ ਢਡਿਆਲਾ ਨਜਾਰਾ ਜ਼ਿਲ੍ਹਾ ਗੁਰਦਾਸਪੁਰ ਵਿਚ ਮਾਤਾ ਸਵਰਨ ਕੌਰ ਦੀ ਕੁੱਖੋਂ ਹੋਇਆ। ਮੁੱਢਲੀ ਵਿਦਿਆ ਪਿੰਡ ਦੇ ਹਾਈ ਸਕੂਲ ਤੋਂ ਪ੍ਰਾਪਤ ਕੀਤੀ। ਭਾਈ ਸਾਹਿਬ ਨੂੰ ਅਕਾਲ ਪੁਰਖ ਵਾਹਿਗੁਰੂ ਨੇ ਬੇਹੱਦ ਸੁੰਦਰ ਰੂਪ ਬਖ਼ਸ਼ਿਆ ਸੀ, ਹਰ ਵੇਖਣ ਵਾਲਾ ਆਪ ਜੀ ਦੇ ਦਰਸ਼ਨ ਕਰ ਕੇ ਅਤਿ ਪ੍ਰਸੰਨ ਹੁੰਦਾ ਸੀ। ਆਪ ਹਰ ਇਕ ਨੂੰ ਬੜੀ ਨਿਮਰਤਾ ਨਾਲ ਬੁਲਾਉਂਦੇ ਸਨ। ਉੱਚਾ ਲੰਮਾ ਕੱਦ, ਗੋਰਾ ਰੰਗ, ਤਿੱਖਾ ਨੱਕ, ਪਤਲੇ ਬੁੱਲ੍ਹ, ਮੋਤੀਆਂ ਵਰਗੇ ਚਿੱਟੇ ਦੰਦ, ਚੌੜਾ ਜਗਦਾ ਮੱਥਾ, ਛੋਟੀ-ਛੋਟੀ ਭਰਵੀਂ ਦਾਹੜੀ, ਕਿਰਦੀ ਮੁੱਛ, ਮੋਟੀਆਂ ਸੁੰਦਰ ਅੱਖਾਂ, ਸ਼ੀਟਕੇ ਵਰਗਾ ਜਵਾਨ, ਸਾਥੀ ਸਿੰਘਾਂ ਦੇ ਵਿਚਕਾਰ ਘਿਰਿਆ ਹੋਇਆ ਬੇਹੱਦ ਸੋਹਣਾ ਲੱਗਦਾ। ਜਦੋਂ ਮੋਢੇ 'ਤੇ ਅਸਾਲਟ ਪਾਈ ਵਡੇਰੀ ਉਮਰ ਦੇ ਬਜ਼ੁਰਗਾਂ, ਭਾਵੇਂ ਕਿਸੇ ਵੀ ਫ਼ਿਰਕੇ ਦਾ ਹੋਵੇ, ਬਜ਼ੁਰਗ ਮਾਤਾਵਾਂ ਦੇ ਪੈਰਾਂ ਨੂੰ ਨਿਉਂ ਕੇ ਹੱਥ ਲਾਉਂਦਾ, ਤਾਂ ਬਜ਼ੁਰਗਾਂ ਦੇ ਮੂੰਹੋਂ ਆਪ-ਮੁਹਾਰੇ ਅਸੀਸ ਨਿਕਲਦੀ, "ਯੋਧਿਆ, ਜਵਾਨੀਆਂ ਮਾਣ, ਚੜ੍ਹਦੀ ਕਲਾ 'ਚ ਰੱਖੇ ਵਾਹਿਗੁਰੂ, ਸਾਡੀ ਉਮਰ ਤੈਨੂੰ ਲੱਗ ਜਾਵੇ।"

ਸ੍ਰੀ ਦਰਬਾਰ ਸਾਹਿਬ ਉਪਰ ਹਿੰਦ ਸਰਕਾਰ ਵੱਲੋਂ ਜੂਨ 1984 ਵਿਚ ਕੀਤੇ ਗਏ ਫ਼ੌਜੀ ਹਮਲੇ ਅਤੇ ਨਵੰਬਰ 1984 ਵਿਚ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹਿੰਦੁਸਤਾਨ ਦੀ ਰਾਜਧਾਨੀ ਦਿੱਲੀ, ਕਾਨਪੁਰ, ਬਕਾਰੋ ਤੇ ਹੋਰ ਸ਼ਹਿਰਾਂ ਵਿਚ ਕੀਤੇ ਗਏ ਸਿੱਖਾਂ ਦੇ ਬੇਰਹਿਮੀ ਨਾਲ ਕਤਲੇਆਮ ਤੋਂ ਬਾਅਦ ਸਿੱਖ ਕੌਮ ਦੀ ਆਜ਼ਾਦੀ ਲਈ, ਵੱਖਰੇ ਘਰ ਦੀ ਸਥਾਪਨਾ ਲਈ ਭਾਈ ਸੁਖਵਿੰਦਰ ਸਿੰਘ ਜੁਝਾਰੂ ਕਾਫ਼ਲੇ ਦਾ ਪਾਂਧੀ ਬਣ ਗਿਆ।

ਭਾਈ ਸੁਖਵਿੰਦਰ ਸਿੰਘ ਗੋਰਾ ਨੇ ਦਮਦਮੀ ਟਕਸਾਲ ਵਿਚ ਆ ਕੇ ਭਾਈ ਗੁਰਦੇਵ ਸਿੰਘ ਜੀ ਕਾਉਂਕੇ ਤੋਂ ਗੁਰਬਾਣੀ ਪਾਠ ਸੰਥਿਆ ਲਈ ਅਤੇ ਅੰਮ੍ਰਿਤ ਛਕ ਕੇ ਗੁਰਬਾਣੀ ਦੇ ਰਸੀਏ ਬਣ ਗਏ। ਦਮਦਮੀ ਟਕਸਾਲ ਵਿਚ ਪੰਜਾਂ ਪਿਆਰਿਆਂ ਵਿਚ ਅੰਮ੍ਰਿਤ ਸੰਚਾਰ ਦੀ ਸੇਵਾ ਨਿਭਾਉਂਦੇ ਰਹੇ। ਅੰਮ੍ਰਿਤ ਸੰਚਾਰ ਕਰਦਿਆਂ ਪੁਲਿਸ ਦੀਆਂ ਨਜ਼ਰਾਂ ਭਾਈ ਸੁਖਵਿੰਦਰ ਸਿੰਘ ਗੋਰਾ 'ਤੇ ਆਣ ਟਿਕੀਆਂ, ਪੁਲਿਸ ਗ੍ਰਿਫ਼ਤਾਰ

ਕਰਨ ਲਈ ਛਾਪੇ ਮਾਰਨ ਲੱਗੀ। ਪੁਲਿਸ ਦੀ ਗ੍ਰਿਫ਼ਤਾਰੀ ਤੋਂ ਬਚਣ ਲਈ ਭਾਈ ਸਾਹਿਬ ਰੂਪੋਸ਼ ਹੋ ਗਏ ਤੇ ਕੇ.ਸੀ.ਐਫ਼. ਦੇ ਮੁਖੀ ਭਾਈ ਸੁਖਦੇਵ ਸਿੰਘ ਝਾਮਕਾ ਦੀ ਅਗਵਾਈ ਵਿਚ ਸਿੱਖ ਸੰਘਰਸ਼ ਨੂੰ ਸਮਰਪਿਤ ਹੋ ਗਏ। ਭਾਈ ਸੁਖਦੇਵ ਸਿੰਘ ਝਾਮਕਾ ਦੀ ਸ਼ਹੀਦੀ ਤੋਂ ਬਾਅਦ ਖਾੜਕੂ ਜਥੇਬੰਦੀ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਡਿਪਟੀ ਚੀਫ਼ ਦੀ ਜ਼ਿੰਮੇਵਾਰੀ ਸੰਭਾਲੀ ਅਤੇ ਸੁਰੱਖਿਆ ਫ਼ੋਰਸਾਂ ਦੇ ਨਾਲ ਇੱਟ-ਖੜੱਕਾ ਤਾਂ ਪਹਿਲਾਂ ਹੀ ਚੱਲਦਾ ਸੀ, ਹੁਣ ਲੁੱਟਾਂ-ਖੋਹਾਂ ਕਰਨ ਵਾਲਿਆਂ ਵਿਰੁੱਧ ਵੀ ਜੱਹਾਦ ਸ਼ੁਰੂ ਕਰ ਦਿੱਤਾ। ਜੋ ਤਾੜਨਾ ਕਰਨ 'ਤੇ ਬਾਜ਼ ਨਾ ਆਇਆ ਉਸ ਨੂੰ ਸੋਧ ਦਿੱਤਾ। ਭਾਈ ਸਾਹਿਬ ਭਾਈ ਗੁਰਜੰਟ ਸਿੰਘ ਰਾਜਸਥਾਨੀ ਵਾਲੀ ਕੇ.ਸੀ.ਐੱਫ਼. ਮਾਝਾ ਜ਼ੋਨ ਦੇ ਮੁੱਖ ਕਮਾਂਡਰ ਦੇ ਤੌਰ 'ਤੇ ਸੇਵਾ ਨਿਭਾਉਂਦੇ ਰਹੇ। ਭਾਈ ਸੁਖਵਿੰਦਰ ਸਿੰਘ ਦੀਆਂ ਸੇਵਾਵਾਂ ਅਤੇ ਬਹਾਦਰੀ ਦੀ ਕਦਰ ਕਰਦਿਆਂ ਪੰਥਕ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ ਅਤੇ ਕੇ.ਸੀ.ਐੱਫ਼. ਦਾ ਡਿਪਟੀ ਚੀਫ਼ ਥਾਪਿਆ ਗਿਆ। ਜਦੋਂ ਭਾਰਤ ਦੀ ਕੇਂਦਰ ਸਰਕਾਰ ਨੇ ਪੰਜਾਬ ਅੰਦਰ ਸਿੱਖ ਖਾੜਕੂ ਸੰਘਰਸ਼ ਤੇਜ਼ ਹੋ ਜਾਣ 'ਤੇ ਪੰਜਾਬ ਪੁਲਿਸ, ਹੋਮਗਾਰਡ, ਸੀ.ਆਰ.ਪੀ.ਐੱਫ਼., ਬੀ.ਐੱਸ.ਐੱਫ਼. ਦੇ ਲੱਖਾਂ ਜਵਾਨ ਹਥਿਆਰਬੰਦ ਫ਼ੋਰਸ, ਬੁਲਟ ਪਰੂਫ਼ ਗੱਡੀਆਂ ਤੇ ਟਰੈਕਟਰਾਂ, ਪਹਿਲਾਂ ਪੰਜਾਬ ਅੰਦਰ ਤਾਇਨਾਤ ਸਨ, ਦੇ ਬਾਵਜੂਦ ਪੰਜਾਬ ਦੇ ਤਿੰਨ ਜ਼ਿਲ੍ਹੇ ਗੁਰਦਾਸਪੁਰ, ਅੰਮ੍ਰਿਤਸਰ ਅਤੇ ਫ਼ਿਰੋਜ਼ਪੁਰ ਵਿਚ ਫ਼ੌਜ ਤਾਇਨਾਤ ਕਰ ਦਿੱਤੀ ਅਤੇ ਲੋੜ ਪੈਣ 'ਤੇ ਫ਼ੌਜ ਦੀਆਂ ਸੇਵਾਵਾਂ ਸਾਰੇ ਪੰਜਾਬ ਵਿਚ ਹੀ ਲਈਆਂ ਜਾਣ ਲੱਗੀਆਂ। ਫ਼ੌਜ ਤਾਇਨਾਤ ਹੋ ਜਾਣ 'ਤੇ ਖਾੜਕੂ ਸਿੰਘਾਂ ਦੀ ਭਾਲ ਲਈ ਹਰ ਜ਼ਿਲ੍ਹੇ ਦੇ ਪੁਲਿਸ ਕਪਤਾਨ ਪਿੰਡਾਂ, ਖੇਤਾਂ, ਡੇਰਿਆਂ, ਢਾਣੀਆਂ 'ਤੇ ਹਰਲ-ਹਰਲ ਕਰਨ ਲੱਗੇ। ਭਾਈ ਸੁਖਵਿੰਦਰ ਸਿੰਘ ਪੱਪੂ ਗੋਰਾ ਨੇ ਅਖ਼ਬਾਰਾਂ ਵਿਚ ਬਿਆਨ ਦੇ ਕੇ ਪੰਜਾਬ ਵਿਚ ਫ਼ੌਜ ਲਾਉਣ ਦਾ ਸਵਾਗਤ ਕਰਦਿਆਂ ਕਿਹਾ ਕਿ ਸਰਕਾਰ ਨੇ ਆਪਣਾ ਹਥਿਆਰ ਫ਼ੌਜ ਵੀ ਸਿੱਖਾਂ ਦੇ ਆਜ਼ਾਦੀ ਦੇ ਸੰਘਰਸ਼ ਵਿਰੁੱਧ ਬਾਹਰ ਲੈ ਆਂਦਾ ਹੈ, ਅਸੀਂ ਇਸ ਦਾ ਸਵਾਗਤ ਕੁਰਬਾਨੀਆਂ ਨਾਲ ਕਰਾਂਗੇ। ਨਾ ਅਸੀਂ ਮੈਦਾਨ ਛੱਡ ਕੇ ਭੱਜਾਂਗੇ ਅਤੇ ਨਾ ਹੀ ਆਤਮ ਸਮਰਪਣ ਕਰਾਂਗੇ। ਸਾਡੇ ਹੌਂਸਲੇ ਬੁਲੰਦ ਹਨ। ਅਸੀਂ ਸਿੱਖ ਕੌਮ ਦੇ ਸਵੈਮਾਣ ਅਤੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਜਾਰੀ ਰੱਖਾਂਗੇ। ਭਾਈ ਸਾਹਿਬ ਹਮੇਸਾਂ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹੁੰਦੇ ਸਨ ਕਿ ਹੇ ਅਕਾਲ ਪੁਰਖ ਵਾਹਿਗੁਰੂ ਜੀਉ ! ਮੈਨੂੰ ਜਿਉਂਦੇ ਨੂੰ ਪੁਲਿਸ ਦੇ ਹੱਥ ਨਾ ਦਿਉ, ਅੰਤ ਸਮੇਂ ਮੈਦਾਨ-ਏ-ਜੰਗ ਵਿਚ ਸ਼ਹੀਦ ਕਰਾਇਓ।

27 ਜਨਵਰੀ 1992 ਨੂੰ ਪਿੰਡ ਕਰਨਾਮਾ (ਬਟਾਲਾ-ਗੁਰਦਾਸਪੁਰ) ਵਿਚ ਕਿਸੇ ਪੁਲਿਸ ਮੁਖ਼ਬਰ ਦੀ ਮੁਖ਼ਬਰੀ 'ਤੇ ਦੇ ਘਰ-ਘਰ ਦੀ ਤਲਾਸ਼ੀ ਲਈ ਜਾ ਰਹੀ ਸੀ। ਭਾਈ ਸਾਹਿਬ ਆਪਣੇ ਸਾਥੀਆਂ ਭਾਈ ਦਲਜੀਤ ਸਿੰਘ ਰੰਗੀਨਪੁਰਾ, ਭਾਈ ਪਰੇਮ ਸਿੰਘ ਕਾਲੀਆ ਬਾਹਮਣੀਆਂ ਸਮੇਤ ਪਿੰਡ ਵਿਚ ਮੌਜੂਦ ਸਨ। ਜ਼ਿਲ੍ਹਾ ਬਟਾਲਾ-ਗੁਰਦਾਸਪੁਰ ਦੇ ਪੁਲਿਸ ਕਪਤਾਨ ਐੱਸ.ਪੀ. ਆਪਰੇਸ਼ਨ ਰੁਪਿੰਦਰ ਸਿਹੁੰ,

ਡੀ.ਐੱਸ.ਪੀ. ਤੇਜਾ ਸਿਹੁੰ, ਏ.ਐੱਸ.ਆਈ. ਕਸ਼ਮੀਰਾ ਸਿੰਘ ਦੀ ਅਗਵਾਈ ਹੇਠ ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬ ਪੁਲਿਸ ਅਤੇ ਕੇਂਦਰੀ ਫ਼ੋਰਸ ਨੇ ਪਿੰਡ ਨੂੰ ਘੇਰਾ ਪਾ ਲਿਆ। ਘਰ-ਘਰ ਦੀ ਤਲਾਸ਼ੀ ਲੈ ਰਹੇ ਸਨ, ਪਰ ਸੁਰੱਖਿਆ ਫ਼ੋਰਸਾਂ ਨੂੰ ਸਿੰਘ ਮਿਲ ਨਹੀਂ ਸੀ ਰਹੇ, ਸਵੇਰੇ-ਸਵੇਰੇ ਹਾਲੇ ਲੋਕ ਖੇਤਾਂ ਵੱਲ ਜੰਗਲ-ਪਿਸ਼ਾਬ ਹੀ ਜਾ ਰਹੇ ਸਨ ਤਾਂ ਪੁਲਿਸ ਨੇ ਲੋਕਾਂ ਨੂੰ ਪਿੰਡ ਦੇ ਸਕੂਲ ਵਿਚ ਇਕੱਠੇ ਕਰਨਾ ਸ਼ੁਰੂ ਕਰ ਦਿੱਤਾ। ਪਿੰਡ ਦੀ ਤਲਾਸ਼ੀ ਲੈਣ 'ਤੇ ਸਿੰਘ ਹੱਥ ਨਹੀਂ ਸੀ ਆਏ। ਪੁਲਿਸ ਮੁਖੀ ਰੁਪਿੰਦਰ ਸਿਹੁੰ ਲੋਕਾਂ ਨੂੰ ਕਹਿ ਰਿਹਾ ਸੀ, "ਅਸੀਂ ਗੋਰੇ ਦਾ ਪਿੱਛਾ ਕਰ ਰਹੇ ਹਾਂ, ਤੁਸੀਂ ਲੋਕ ਸਾਨੂੰ ਸਹਿਯੋਗ ਦੇਵੋ, ਅਸੀਂ ਛੇਤੀ ਪੱਪੂ ਗੋਰਾ ਨੂੰ ਕਾਬੂ ਕਰਨ ਵਿਚ ਸਫ਼ਲ ਹੋ ਜਾਵਾਂਗੇ।" ਇਤਨਾ ਕਹਿ ਕੇ ਪੁਲਿਸ ਕਪਤਾਨ ਸੁਰੱਖਿਆ ਫ਼ੋਰਸਾਂ ਸਮੇਤ ਵਾਪਸ ਜਾਣ ਲਈ ਤੁਰ ਪਿਆ ਤੇ ਅਚਾਨਕ ਸ਼ੱਕ ਪੈਣ 'ਤੇ ਜਾਂ ਮੁਖ਼ਬਰ ਦੀ ਨਵੀਂ ਸੂਚਨਾ 'ਤੇ ਇਕ ਘਰ ਸ਼ੱਕ ਦੇ ਆਧਾਰ 'ਤੇ ਤਲਾਸ਼ੀ ਲੈਣ ਲਈ ਪੁਲਿਸ ਕਪਤਾਨ ਆਪਣੇ ਅਹਿਮ ਸਹਾਇਕਾਂ ਸਮੇਤ ਵੱਡੀ ਗਿਣਤੀ ਵਿਚ ਘਰ ਅੰਦਰ ਦਾਖ਼ਲ ਹੋ ਗਿਆ। ਘਰ ਬਿਲਕੁਲ ਸਾਦਾ ਜਿਹਾ ਸੀ। ਅਜਿਹੇ ਘਰ ਵਿਚ ਖਾੜਕੂਆਂ ਦੇ ਪਨਾਹ ਲੈਣ ਦਾ ਸ਼ੱਕ ਨਹੀਂ ਸੀ ਕੀਤਾ ਜਾ ਸਕਦਾ। ਪਰ ਕਾਲ ਜ਼ੋਰਾਵਰ ਹੈ, ਉਹ ਭਾਣਾ ਵਰਤਾ ਰਿਹਾ ਸੀ, ਜਦੋਂ ਸੌ ਤੋਂ ਵੱਧ ਪੁਲਿਸ ਦੇ ਆਦਮੀ ਘਰ ਅੰਦਰ ਮੌਜੂਦ ਸਨ ਤਾਂ ਪਹਿਲਾਂ ਹੀ ਘਰ ਅੰਦਰ ਛੁਪੇ ਹੋਏ ਖਾੜਕੂ ਸਿੰਘਾਂ ਨੇ ਅਚਾਨਕ ਹੀ ਏ.ਕੇ. 47 ਵਰਗੇ ਜੋਸ਼ੀਲੇ ਹਥਿਆਰਾਂ ਨਾਲ ਫ਼ਾਇਰਿੰਗ ਸ਼ੁਰੂ ਕਰ ਦਿੱਤੀ। ਪੁਲਿਸ ਕਪਤਾਨ ਅਤੇ ਸੁਰੱਖਿਆ ਜਵਾਨਾਂ ਨੂੰ ਸੰਭਲਣ ਦਾ ਮੌਕਾ ਹੀ ਨਾ ਮਿਲਿਆ। ਜਵਾਨਾਂ ਨੇ ਇਧਰ-ਉਧਰ ਭੱਜ ਕੇ ਜਾਨਾਂ ਬਚਾਈਆਂ। ਇਸ ਫ਼ਾਇਰਿੰਗ ਵਿਚ ਪੁਲਿਸ ਕਪਤਾਨ ਰੁਪਿੰਦਰ ਸਿਹੁੰ, ਡੀ.ਐੱਸ.ਪੀ. ਤੇਜਾ ਸਿਹੁੰ, ਏ.ਐੱਸ.ਆਈ. ਕਸ਼ਮੀਰ ਸਿਹੁੰ ਸਮੇਤ 36 ਪੁਲਿਸ ਵਾਲੇ ਮਾਰੇ ਗਏ ਅਤੇ ਵੱਡੀ ਗਿਣਤੀ ਵਿਚ ਫੱਟੜ ਹੋਏ। ਇਸ ਪੁਲਿਸ ਮੁਕਾਬਲੇ 'ਚੋਂ ਭਾਈ ਦਲਜੀਤ ਸਿੰਘ ਰੰਗੀਨਪੁਰਾ, ਭਾਈ ਪਰੇਮ ਸਿੰਘ ਕਾਲੀਆ ਬਾਹਮਣੀਆਂ ਬਾਹਰ ਨਿਕਲਣ ਵਿਚ ਸਫਲ ਹੋ ਗਏ। ਭਾਈ ਸੁਖਵਿੰਦਰ ਸਿੰਘ ਪੱਪੂ ਗੋਰਾ ਨੇ ਪੁਲਿਸ ਦੇ ਹਥਿਆਰ ਇਕੱਠੇ ਕਰ ਕੇ ਲੋਈ 'ਚ ਪੰਡ ਬੰਨ੍ਹ ਲਈ ਅਤੇ ਜ਼ਖ਼ਮੀ ਪੁਲਿਸ ਵਾਲਿਆਂ ਨੂੰ ਹੋਰ ਗੋਲੀਆਂ ਮਾਰ ਕੇ ਠੰਡਿਆਂ ਕੀਤਾ। ਜਦੋਂ ਹਥਿਆਰਾਂ ਦੀ ਪੰਡ ਚੁੱਕ ਕੇ ਪਿੰਡ ਤੋਂ ਬਾਹਰ ਨਿਕਲ ਤੁਰਿਆ ਤਾਂ ਲੁਕੇ ਹੋਏ ਪੁਲਿਸ ਵਾਲੇ ਨੇ ਭਾਈ ਸਾਹਿਬ 'ਤੇ ਗੋਲੀ ਚਲਾਈ, ਜੋ ਪੱਟ ਵਿਚ ਲੱਗੀ ਜਿਸ ਨਾਲ ਲੱਤ ਨਕਾਰਾ ਹੋ ਗਈ। ਭਾਈ ਸਾਹਿਬ ਤੁਰ ਨਹੀਂ ਸੀ ਸਕਦੇ। ਭਾਈ ਸੁਖਵਿੰਦਰ ਸਿੰਘ ਨੇ ਪੁਲਿਸ ਦੇ ਹੱਥ ਆਉਣ ਤੋਂ ਬਚਣ ਲਈ ਆਪਣੇ ਆਪ ਨੂੰ ਗੋਲੀ ਮਾਰ ਲਈ ਤੇ ਥਾਂ 'ਤੇ ਹੀ ਸ਼ਹੀਦੀ ਪ੍ਰਾਪਤ ਕਰ ਗਏ। ਕਹਿਣੀ ਦਾ ਪੂਰਾ, ਕਰਨੀ ਦੀ ਸੂਰਾ ਮੈਦਾਨ-ਏ-ਜੰਗ ਵਿਚ ਅਸਲੀ ਪੁਲਿਸ ਮੁਕਾਬਲੇ ਦੇ ਦ੍ਰਿਸ਼ ਵਿਖਾ ਗਿਆ, ਜਿਸ ਦੀ ਬਹਾਦਰੀ ਦੇ ਸੋਹਿਲੇ ਦੇਸ਼-ਵਿਦੇਸ਼ ਦੀਆਂ ਅਖ਼ਬਾਰਾਂ ਨੇ 18 ਜਨਵਰੀ 1992 ਨੂੰ ਗਾਏ ਅਤੇ ਹਵਾਲੇ ਲਈ ਆਉਂਦੇ ਸਮੇਂ ਵਿਚ ਸੋਹਿਲੇ ਗਾਉਂਦੀਆਂ ਰਹਿਣਗੀਆਂ। ਭਾਈ ਸਾਹਿਬ ਦੀ ਸ਼ਹੀਦੀ ਖ਼ਾਲਿਸਤਾਨ ਦੀ ਪ੍ਰਾਪਤੀ ਵੱਲ ਵਧ ਰਹੇ ਕਦਮਾਂ ਲਈ ਮੀਲ ਪੱਥਰ ਹੈ। ***



# ਸ਼ਹੀਦ ਭਾਈ ਗੁਰਮੁਖ ਸਿੰਘ ਨਾਗੋਕੇ
## ਲੈਫਟੀਨੈਂਟ ਜਨਰਲ-ਖ਼ਾਲਿਸਤਾਨ ਕਮਾਂਡੋ ਫ਼ੋਰਸ (ਪੰਜਵੜ)

ਸਿੱਖ ਕੌਮ ਦੀਆਂ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟਣ ਲਈ ਆਰੰਭੇ ਗਏ ਸਿੱਖ ਸੰਘਰਸ਼ ਦੌਰਾਨ ਮੈਦਾਨ-ਏ-ਜੰਗ ਵਿਚ ਨਿਰਭੈਤਾ ਅਤੇ ਸੂਰਬੀਰਤਾ ਨਾਲ ਵਿਚਰਨ ਵਾਲੇ ਸੂਰਮੇ ਭਾਈ ਗੁਰਮੁਖ ਸਿੰਘ ਨਾਗੋਕੇ ਦਾ ਜਨਮ ਪਿਤਾ ਸ. ਅਜੀਤ ਸਿੰਘ ਦੇ ਘਰ ਮਾਤਾ ਸਵਰਨ ਕੌਰ ਜੀ ਦੀ ਕੁੱਖੋਂ 27 ਮਈ 1964 ਨੂੰ ਪਿੰਡ ਨਾਗੋਕੇ (ਨੇੜੇ ਖਡੂਰ ਸਾਹਿਬ) ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਆਪ ਜੀ ਦੀਆਂ ਤਿੰਨ ਭੈਣਾਂ ਬਲਬੀਰ ਕੌਰ, ਰਣਧੀਰ ਕੌਰ, ਸੁਖਵਿੰਦਰ ਕੌਰ ਅਤੇ ਦੋ ਭਰਾ ਸੁਖਵਿੰਦਰ ਸਿੰਘ, ਪਲਵਿੰਦਰ ਸਿੰਘ ਜੀ ਹਨ। ਆਪ ਨੇ ਦਸਵੀਂ ਤਕ ਪੜ੍ਹਾਈ ਹਾਈ ਸਕੂਲ ਨਾਗੋਕੇ ਤੋਂ ਕੀਤੀ। ਭਾਈ ਗੁਰਮੁਖ ਸਿੰਘ ਜੀ ਦਾ ਆਨੰਦ ਕਾਰਜ 1991 ਵਿਚ ਬੀਬੀ ਜਤਿੰਦਰ ਕੌਰ ਪਿੰਡ ਤੁੰਗ, ਜਿਲ੍ਹਾ ਗੁਰਦਾਸਪੁਰ ਨਾਲ ਹੋਈ। ਧਰਮ ਯੁੱਧ ਮੋਰਚੇ ਦੌਰਾਨ ਭਾਈ ਗੁਰਮੁਖ ਸਿੰਘ ਆਪਣੇ ਦੋਸਤਾਂ-ਮਿੱਤਰਾਂ ਨਾਲ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜਾਂਦੇ ਅਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਵਿਚਾਰ ਸੁਣਦੇ। ਸੰਤ ਜੀ ਦੀ ਸ਼ਖ਼ਸੀਅਤ ਦਾ ਭਾਈ ਸਾਹਿਬ ਜੀ ਦੇ ਮਨ ਉੱਤੇ ਬੜਾ ਅਸਰ ਹੋਇਆ। ਆਪ ਅੰਮ੍ਰਿਤ ਛਕ ਕੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਬਹੁਤ ਨੇੜੇ ਹੋ ਗਏ। ਸੰਤ ਜੀ ਦੇ ਹੁਕਮ 'ਤੇ ਰਾਤ ਦਰਬਾਰ ਸਾਹਿਬ ਪਹਿਰੇ ਦੀ ਡਿਊਟੀ ਨਿਭਾਉਂਦੇ ਅਤੇ ਸਵੇਰੇ ਬੱਸ ਰਾਹੀਂ ਖਡੂਰ ਸਾਹਿਬ ਆ ਜਾਂਦੇ। ਖਡੂਰ ਸਾਹਿਬ ਵਿਚ ਭਾਈ ਸਾਹਿਬ ਨੇ ਬਿਜਲੀ ਦੀਆਂ ਮੋਟਰਾਂ ਬੰਨ੍ਹਣ ਦੀ ਦੁਕਾਨ ਖੋਲ੍ਹੀ ਹੋਈ ਸੀ।

2 ਜੂਨ 1984 ਨੂੰ ਸੰਤ ਜੀ ਦਾ ਹੁਕਮ ਮੰਨ ਕੇ ਦਰਬਾਰ ਸਾਹਿਬ ਤੋਂ ਬਾਹਰ ਆ ਗਏ। ਜੂਨ 1984 ਦੇ ਦਰਬਾਰ ਸਾਹਿਬ ਉਪਰ ਵਾਪਰੇ ਕਹਿਰੀ ਖ਼ੂਨੀ, ਤੋਪਾਂ ਟੈਂਕਾਂ ਨਾਲ ਘੱਲੂਘਾਰੇ ਦੌਰਾਨ ਜਦੋਂ ਫ਼ੌਜ ਵੱਲੋਂ ਪਿੰਡਾਂ ਵਿਚੋਂ ਸਿੱਖ ਨੌਜਵਾਨਾਂ ਦੀ ਫੜੋ-ਫੜਾਈ ਸ਼ੁਰੂ ਹੋਈ ਤਾਂ ਆਪ ਪਾਕਿਸਤਾਨ ਦੀ ਸਰਹੱਦ ਪਾਰ ਕਰ ਗਏ। ਪਾਕਿਸਤਾਨ ਤੋਂ ਵਾਪਸ ਆਉਣ 'ਤੇ ਪੁਲਿਸ ਨੇ ਗ੍ਰਿਫ਼ਤਾਰ ਕਰ ਕੇ ਕਈ ਕੇਸ ਰਜਿਸਟਰ ਕਰ ਕੇ ਅੰਮ੍ਰਿਤਸਰ ਜੇਲ੍ਹ ਵਿਚ ਬੰਦ ਕਰ ਦਿੱਤਾ। 14 ਮਹੀਨੇ ਜੇਲ੍ਹ ਵਿਚ ਰਹੇ। ਬਾਅਦ ਵਿਚ ਅਦਾਲਤ ਵੱਲੋਂ ਨਿਰਦੋਸ਼ ਸਾਬਤ ਹੋਣ 'ਤੇ ਰਿਹਾਅ ਕਰ ਦਿੱਤਾ। ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਖਡੂਰ ਸਾਹਿਬ ਵਿਖੇ ਮਿਲਕ

ਪਲਾਂਟ ਵਿਚ ਫੀਲਡ ਅਫ਼ਸਰ ਦੀ ਨੌਕਰੀ ਮਿਲ ਗਈ। ਆਪ ਪੂਰੀ ਇਮਾਨਦਾਰੀ ਨਾਲ ਨੌਕਰੀ ਦੀ ਡਿਊਟੀ ਨਿਭਾ ਰਹੇ ਸਨ। ਪਰ ਪੁਲਿਸ ਦੇ ਨਿੱਤ ਦੇ ਛਾਪੇ ਅਤੇ ਫੜੋ-ਫੜਾਈ ਕਰ ਕੇ ਬੇਇੱਜ਼ਤ ਕਰਨ, ਤਸ਼ੱਦਦ ਕਾਰਨ 1988 ਵਿਚ ਭਗੌੜੇ ਹੋ ਗਏ ਅਤੇ ਸਿੱਖ ਰਾਜ ਦੀ ਸਥਾਪਨਾ ਲਈ ਆਰੰਭੇ ਸਿੱਖ ਸੰਘਰਸ਼ ਵਿਚ ਸ਼ਾਮਲ ਹੋ ਗਏ। ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ ਅਤੇ ਭਾਈ ਪਰਮਜੀਤ ਸਿੰਘ ਪੰਜਵੜ ਦੇ ਸਹਿਯੋਗੀ ਬਣ ਕੇ ਸਿੱਖ ਸੰਘਰਸ਼ ਵਿਚ ਵਿਚਰਨ ਲੱਗੇ। ਪੁਲਿਸ ਨੇ ਪਰਿਵਾਰ ਉੱਤੇ ਬੜੀ ਸਖ਼ਤੀ ਦਾ ਦੌਰ ਸ਼ੁਰੂ ਕੀਤਾ। ਪਿਤਾ ਜੀ ਤੇ ਮਾਤਾ ਜੀ ਨੂੰ ਮਹੀਨਿਆਂ ਬੱਧੀ ਥਾਣੇ ਬਿਠਾਈ ਰੱਖਣਾ, ਤਸ਼ੱਦਦ ਕਰਨਾ ਕਿ ਗੁਰਮੁਖ ਸਿੰਘ ਨੂੰ ਪੁਲਿਸ ਦੇ ਹਵਾਲੇ ਕਰੋ। ਭਰਾ ਘਰੋਂ ਬਾਹਰ ਦਿਨ-ਕੱਟੀ ਕਰਦੇ ਰਹੇ, ਫ਼ਸਲਾਂ ਪੁਲਿਸ ਵਾਹ ਦੇਂਦੀ ਸੀ। ਪੁਲਿਸ ਤਸ਼ੱਦਦ ਦੀ ਮਾਰ ਨਾ ਸਹਿੰਦਾ ਹੋਇਆ ਪਿਤਾ ਅਜੀਤ ਸਿੰਘ ਘਰ ਵਿਚ ਬੇਵਕਤ ਚਲਾਣਾ ਕਰ ਗਿਆ। ਨਾਗੋਕੇ ਭਾਈ ਸਾਹਿਬ ਨੇ ਮਈ 1988 'ਚ ਵਾਪਰੇ ਅਪਰੇਸ਼ਨ ਬਲੈਕ ਥੰਡਰ ਵੇਲੇ ਆਤਮ-ਸਮਰਪਣ ਕਰਵਾਉਣ ਵਾਲੇ ਗ਼ੱਦਾਰਾਂ ਨੂੰ ਰੀਝ ਨਾਲ ਸੋਧੇ ਲਾਏ। ਭਾਈ ਗੁਰਮੁਖ ਸਿੰਘ ਨਾਕੋਗੇ ਦੀ ਸਿੰਘਣੀ ਬੀਬੀ ਜਤਿੰਦਰ ਕੌਰ ਵੀ ਸਿੱਖ ਸੰਘਰਸ਼ ਵਿਚ ਨਾਲ ਹੀ ਵਿਚਰਦੇ ਰਹੇ। ਭਾਈ ਸਾਹਿਬ ਫਿਰੌਤੀਆਂ ਲੈਣ ਵਾਲਿਆਂ ਅਤੇ ਬੇਦੋਸ਼ੇ ਕਤਲਾਂ ਦੇ ਵਿਰੁੱਧ ਸਨ। ਪੁਲਿਸ ਦੇ ਰਿਕਾਰਡ ਮੁਤਾਬਕ ਭਾਈ ਗੁਰਮੁਖ ਸਿੰਘ ਨਾਗੋਕੇ ਖ਼ਾਲਿਸਤਾਨ ਕਮਾਂਡੋ ਫ਼ੋਰਸ (ਪੰਜਵੜ) ਦਾ ਲੈਫ਼ਟੀਨੈਂਟ ਜਨਰਲ ਸੀ ਅਤੇ ਖ਼ਤਰਨਾਕ ਦਹਿਸ਼ਤਪਸੰਦ ਸੀ।

ਖੰਨਾ ਤੋਂ ਨਿੱਜੀ ਪੱਤਰ ਪ੍ਰੇਰਕ (3 ਅਕਤੂਬਰ 1992) 'ਅਜੀਤ' ਅਨੁਸਾਰ ਅੱਜ ਸਵੇਰੇ (2 ਅਕਤੂਬਰ 1992) ਪੌਣੇ ਚਾਰ ਵਜੇ ਦੇ ਕਰੀਬ ਪਿੰਡ ਚੱਕ ਮਾਫ਼ੀ ਦੇ ਬੱਸ ਅੱਡੇ ਕੋਲ ਡੇਢ ਘੰਟਾ ਚੱਲੇ ਇਕ ਮੁਕਾਬਲੇ ਵਿਚ ਕੇ.ਸੀ.ਐੱਫ਼. (ਪੰਜਵੜ) ਦੇ ਲੈਫ਼ਟੀਨੈਂਟ ਜਨਰਲ ਗੁਰਮੁਖ ਸਿੰਘ ਨਾਗੋਕੇ ਉਰਫ਼ ਸੰਦੀਪ ਸਿੰਘ ਨਾਗੋਕੇ ਸਮੇਤ ਦੋ ਖਾੜਕੂ ਅਤੇ ਇਕ ਔਰਤ ਹਲਾਕ ਹੋ ਗਏ। ਪੁਲਿਸ ਅਫਸਰ ਗੁਰਮੁਖ ਸਿੰਘ ਨਾਗੋਕੇ ਦਰਜਨਾਂ ਵਾਰਦਾਤਾਂ ਵਿਚ ਪੁਲਿਸ ਨੂੰ ਲੋੜੀਂਦਾ ਸੀ। ਐੱਸ.ਪੀ. (ਡੀ.) ਵੱਲੋਂ ਜਾਰੀ ਇਕ ਪ੍ਰੈੱਸ ਨੋਟ ਵਿਚ ਕਿਹਾ ਗਿਆ ਹੈ ਕਿ ਡੀ.ਐੱਸ.ਪੀ. ਵਿਜੈ ਕੁਮਾਰ ਦੀ ਅਗਵਾਈ ਹੇਠ ਇਕ ਪੁਲਿਸ ਟੁਕੜੀ ਰਾਤਰੀ ਗਲਬਾ ਸਕੀਮ ਤਹਿਤ ਬੱਸ ਅੱਡੇ ਕੋਲ ਖੜੀ ਸੀ। ਸਮਰਾਲਾ ਵੱਲੋਂ ਸਕੂਟਰ 'ਤੇ ਆ ਰਹੇ ਦੋ ਸਿੱਖ ਨੌਜਵਾਨ, ਇਕ ਔਰਤ ਤੇ ਇਕ 7-8 ਮਹੀਨੇ ਦੇ ਬੱਚੇ ਨੂੰ ਵੇਖ ਕੇ ਰੁਕਣ ਲਈ ਕਿਹਾ। ਪਰ ਉਹ ਸਕੂਟਰ ਛੱਡ ਕੇ ਬੱਸ ਅੱਡੇ ਦੇ ਨੇੜੇ ਕਮਰੇ ਵਿਚ ਵੜ ਗਏ। ਇਥੋਂ ਇਹਨਾਂ ਨੇ ਏ.ਕੇ. ਸੰਤਾਲੀ ਰਾਈਫ਼ਲ ਅਤੇ ਰਿਵਾਲਵਰ ਨਾਲ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਜਵਾਬੀ ਫ਼ਾਇਰਿੰਗ ਤੋਂ ਬਾਅਦ ਮੁਕਾਬਲਾ ਖ਼ਤਮ ਹੋਣ 'ਤੇ ਦੇਖਿਆ ਕਿ ਕਮਰੇ ਵਿਚ ਦੋ ਨੌਜਵਾਨਾਂ ਦੀਆਂ ਲਾਸ਼ਾਂ ਪਈਆਂ ਹਨ। ਕਮਰੇ ਦੇ ਬਾਹਰ ਇਕ ਔਰਤ ਦੀ ਲਾਸ਼ ਪਈ ਸੀ, ਪਰ ਬੱਚਾ ਬਚ ਗਿਆ ਸੀ ਜੋ ਕਿ 7-8 ਮਹੀਨੇ ਦੀ ਲੜਕੀ ਹੈ। ਇਹਨਾਂ ਵਿਚੋਂ ਇਕ ਦੀ ਸ਼ਨਾਖ਼ਤ ਗੁਰਮੁਖ ਸਿੰਘ ਨਾਗੋਕੇ ਥਾਣਾ ਵੈਰੋਵਾਲ ਜ਼ਿਲ੍ਹਾ ਅੰਮ੍ਰਿਤਸਰ ਵਜੋਂ ਹੋਈ ਹੈ। ਪੁਲਿਸ ਦੇ ਪ੍ਰੈੱਸ

ਨੋਟ ਅਨੁਸਾਰ ਗੁਰਮੁਖ ਸਿੰਘ ਨਾਗੋਕੇ ਜਨ-ਸਿਹਤ ਲੋਕ ਨਿਰਮਾਣ ਮੰਤਰੀ ਮਨਿੰਦਰਜੀਤ ਬਿੱਟਾ 'ਤੇ ਬੰਬ ਨਾਲ ਹਮਲਾ ਕਰਨ, ਭਾਜਪਾ ਆਗੂ ਡਾ. ਬਲਦੇਵ ਪ੍ਰਕਾਸ਼ 'ਤੇ ਬੰਬ ਨਾਲ ਹਮਲਾ ਕਰਨ, ਆਲੋਵਾਲ ਵਿਚ ਤਿੰਨ ਨਿਹੰਗ ਸਿੰਘਾਂ ਨੂੰ ਮਾਰਨ, ਵੜਿੰਗ ਸੂਬਾ ਸਿੰਘ ਦੇ ਤਿੰਨ ਵਿਅਕਤੀ ਮਾਰਨ, ਚੱਕ ਕਾਰੇ ਖ਼ਾਨ ਵਿਚ ਦੋ ਵਿਅਕਤੀ ਮਾਰਨ, ਅੰਮ੍ਰਿਤਸਰ ਵਿਚ ਬੀ.ਐੱਸ.ਐੱਫ਼. ਦੇ ਤਿੰਨ ਜਵਾਨ ਮਾਰਨ, ਅੰਮ੍ਰਿਤਸਰ ਵਿਚ ਹੀ ਬ੍ਰਿਜ ਭੂਸ਼ਨ ਮਹਿਰਾ ਨੂੰ ਮਾਰਨ, ਮਜੀਠਾ ਵਿਚ ਤਿੰਨ ਵਿਅਕਤੀ ਮਾਰਨ, ਅੰਮ੍ਰਿਤਸਰ ਨੇੜੇ ਰੇਲਵੇ ਲਾਈਨ 'ਤੇ ਬੰਬ ਧਮਾਕਾ ਕਰਨ, ਫ਼ਿਰੋਜ਼ਪੁਰ ਵਿਚ ਸੀ.ਆਰ.ਪੀ. 'ਤੇ ਹਮਲਾ ਕਰਨ ਆਦਿ ਦਰਜਨਾਂ ਵਾਰਦਾਤਾਂ ਵਿਚ ਸ਼ਾਮਲ ਸੀ। ਘਟਨਾ ਵਾਲੀ ਥਾਂ ਤੋਂ ਇਕ ਏ.ਕੇ. ਸੰਤਾਲੀ ਰਾਈਫ਼ਲ, ਦੋ ਮੈਗਜ਼ੀਨ, ਇਕ ਰਿਵਾਲਵਰ ਅਤੇ ਭਾਰੀ ਗਿਣਤੀ ਵਿਚ ਕਾਰਤੂਸ ਤੇ 35 ਇਲੈਕਟਰਿਕ ਡੈਟੋਨੇਟਰ ਮਿਲੇ। ਘਟਨਾ ਵਾਲੀ ਥਾਂ 'ਤੇ ਮਿਲੇ ਬਜਾਜ ਸਕੂਟਰ ਦਾ ਨੰਬਰ ਪੀ.ਬੀ. 11-597 ਹੈ। ਕੇ.ਸੀ.ਐੱਫ਼. (ਪੰਜਵੜ) ਦੇ ਕੁਝ ਲੈਟਰਪੈਡ ਵੀ ਮਿਲੇ ਹਨ।

ਲੁਧਿਆਣਾ ਤੋਂ ਸਟਾਫ਼ ਰਿਪੋਰਟਰ ਵਿ.ਪ੍ਰ. ਅਨੁਸਾਰ ਇਕ ਮੁਕਾਬਲੇ ਵਿਚ ਮਾਰੀ ਗਈ ਔਰਤ ਦੀ ਪਹਿਚਾਣ ਰਾਜਬੀਰ ਕੌਰ ਵਜੋਂ ਕੀਤੀ ਗਈ ਹੈ। ਗੁਰਮੁਖ ਸਿੰਘ ਨਾਗੋਕੇ ਫ਼ਿਰੋਜਪੁਰ ਵਿਚ ਅਸਲਾਖ਼ਾਨਾ ਲੁੱਟਣ ਦੀ ਵਾਰਦਾਤ ਵਿਚ ਵੀ ਸ਼ਾਮਲ ਸੀ।

## ਮੁਕਾਬਲੇ ਦੀ ਸਚਾਈ

ਭਾਈ ਗੁਰਮੁਖ ਸਿੰਘ ਨਾਗੋਕੇ ਦਾ ਸਾਥੀ ਜੋ ਪੁਲਿਸ ਦੀ ਕਾਲੀ ਬਿੱਲੀ ਬਣ ਗਿਆ ਸੀ, ਉਸ ਨੇ ਟੈਲੀਫ਼ੋਨ ਕੀਤਾ ਕਿ ਭਾਈ ਸਾਹਿਬ, ਮੈਨੂੰ ਇਸ ਜਗ੍ਹਾ 'ਤੇ ਮਿਲੋ, ਜ਼ਰੂਰੀ ਮੀਟਿੰਗ ਹੈ। ਜਿਸ 'ਤੇ ਭਾਈ ਸਾਹਿਬ ਸਿੰਘਣੀ ਸਮੇਤ (ਤੇ ਇਕ ਸਾਥੀ, ਜੋ ਪੁਲਿਸ ਕਹਿੰਦੀ ਹੈ, ਸ਼ਾਇਦ ਨਾਲ ਨਹੀਂ ਸੀ) ਸਕੂਟਰ 'ਤੇ ਜਾ ਰਹੇ ਸਨ ਤਾਂ ਪੁਲਿਸ ਕੈਟ ਨੇ ਪੁਲਿਸ ਦਾ ਨਾਕਾ ਲਵਾਇਆ ਹੋਇਆ ਸੀ। ਪੁਲਿਸ ਨੇ ਰੋਕਿਆ ਤੇ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ, ਜਦੋਂ ਭਾਈ ਗੁਰਮੁਖ ਸਿੰਘ ਨਾਗੋਕੇ ਨੇ ਟੈਲੀਫ਼ੋਨ ਕਰਨ ਵਾਲੇ ਨੂੰ ਪੁਲਿਸ ਪਾਰਟੀ ਦੇ ਨਾਲ ਵੇਖਿਆ ਤਾਂ ਸਾਰੀ ਹਕੀਕਤ ਸਮਝ ਗਏ। ਭਾਈ ਗੁਰਮੁਖ ਸਿੰਘ ਨੇ ਆਪਣੇ ਰਿਵਾਲਵਰ ਨਾਲ ਆਪਣੀ ਸਿੰਘਣੀ ਬੀਬੀ ਰਾਜਬੀਰ ਕੌਰ (ਅਸਲ ਨਾਂ ਜਤਿੰਦਰ ਕੌਰ) ਨੂੰ ਗੋਲੀ ਮਾਰ ਦਿੱਤੀ ਅਤੇ ਪੁਲਿਸ ਕੈਟਾਂ ਨੂੰ ਗਾਲ੍ਹਾਂ ਕੱਢੀਆਂ ਤੇ ਆਪ ਸਾਇਨਾਈਡ ਦਾ ਕੈਪਸੂਲ ਖਾ ਲਿਆ। ਪੁਲਿਸ ਨੇ ਸਾਇਨਾਈਡ ਦਾ ਕੈਪਸੂਲ ਕੱਢਣ ਦੀ ਕੋਸ਼ਿਸ਼ ਕੀਤੀ ਪਰ ਭਾਈ ਸਾਹਿਬ ਨਿਗਲ ਗਏ ਅਤੇ ਮੌਕਾ ਵਾਰਦਾਤ ਉੱਤੇ ਹੀ ਮੌਤ ਹੋ ਗਈ। ਪੁਲਿਸ ਨੇ ਵੱਡੇ ਐਕਸ਼ਨ ਦਾ ਵਿਖਾਵਾ ਕਰਨ ਲਈ ਲਾਸ਼ਾਂ ਇਕ ਕਮਰੇ ਵਿਚ ਰੱਖ ਕੇ ਮੁਕਾਬਲਾ ਬਨਾਉਣ ਦਾ ਨਾਟਕ ਖੇਡਿਆ ਅਤੇ ਲਾਸ਼ਾਂ ਨੂੰ ਗੋਲੀਆਂ ਮਾਰ ਕੇ ਵਿੰਨ੍ਹ ਸੁੱਟਿਆ।

ਭਾਈ ਗੁਰਮੁਖ ਸਿੰਘ ਨਾਗੋਕੇ ਦੇ ਭਰਾ ਸ. ਸੁਖਵਿੰਦਰ ਸਿੰਘ 7-8 ਦਿਨਾਂ ਬਾਅਦ ਪਿੰਡ ਦੀ ਪੰਚਾਇਤ ਲੈ ਕੇ ਲੁਧਿਆਣਾ ਦੇ ਡੀ.ਐੱਸ.ਪੀ. (ਪੁਲਿਸ) ਨੂੰ ਮਿਲੇ ਤੇ ਭਾਈ ਗੁਰਮੁਖ ਸਿੰਘ ਦੀ ਮਾਸੂਮ ਬੱਚੀ ਦੀ ਮੰਗ ਕੀਤੀ, ਜੋ ਉਹਨਾਂ ਕਾਨੂੰਨੀ ਕਾਰਵਾਈ ਕਰ ਕੇ ਦੇ ਦਿੱਤੀ। ***

# ਸ਼ਹੀਦ ਭਾਈ ਮਥਰਾ ਸਿੰਘ
## ਖ਼ਾਲਿਸਤਾਨ ਕਮਾਂਡੋ ਫੋਰਸ



ਧਰਮ ਯੁੱਧ ਮੋਰਚੇ ਦੌਰਾਨ ਸੰਨ 1984, ਮਾਰਚ ਦੇ ਦਿਨਾਂ ਵਿਚ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਗੁਰੂ ਰਾਮਦਾਸ ਲੰਗਰ ਦੀ ਦੂਜੀ ਮੰਜ਼ਲ ਉਪਰ ਸਿੱਖ ਸੰਗਤਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਸਿੱਖ ਸੰਗਤਾਂ, ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਇਕ-ਇਕ ਬਚਨ ਤੋਂ ਆਪਣਾ ਆਪ ਕੁਰਬਾਨ ਕਰਨ ਲਈ ਤਿਆਰ ਸਨ। ਸੱਚ ਇਹ ਹੈ ਕਿ ਖ਼ਾਲਸਾਈ ਰਵਾਇਤਾਂ ਉੱਤੇ ਪਹਿਰਾ ਦੇਣ ਵਾਲਾ, ਬਚਨ ਦਾ ਪੂਰਾ, ਕਰਨੀ ਦਾ ਸੂਰਾ, 20ਵੀਂ ਸਦੀ ਵਿਚ ਇਕੋ-ਇਕ ਨਿਧੜਕ, ਧਾਰਮਿਕ ਆਗੂ ਅਤੇ ਇਨਕਲਾਬੀ ਯੋਧਾ, ਸਿੱਖ ਹੱਕਾਂ ਦਾ ਪਹਿਰੇਦਾਰ, ਖ਼ਾਲਸਾਈ ਰਵਾਇਤਾਂ ਮੁਤਾਬਿਕ ਹਕੂਮਤ ਦੇ ਜ਼ੁਲਮਾਂ ਵਿਰੁੱਧ ਡਟਣ ਵਾਲਾ, ਸਿੱਖ ਹੱਕਾਂ ਖ਼ਾਤਰ ਸੰਘਰਸ਼ ਕਰਨ ਵਾਲਾ, ਨਿਰਭੈ, ਨਿਰਵੈਰਤਾ ਦਾ ਪਾਂਧੀ, ਸਿੱਖਾਂ ਨੂੰ ਆਗੂ ਮਿਲ ਗਿਆ ਸੀ ਜਿਹੜਾ ਕੁਰਸੀ, ਪੈਸੇ ਨਾਲ ਖ਼ਰੀਦਿਆ ਨਹੀਂ ਸੀ ਜਾ ਸਕਦਾ। ਜ਼ੁਲਮ ਅੱਗੇ ਝੁਕ ਨਹੀਂ ਸੀ ਸਕਦਾ। ਸੰਤ ਜਰਨੈਲ ਸਿੰਘ ਜੀ ਸਿੱਖ ਸੰਗਤਾਂ ਨੂੰ ਹੱਕਾਂ ਖ਼ਾਤਰ ਸੰਘਰਸ਼ ਕਰਨ ਲਈ, ਖ਼ਾਲਸਾਈ ਰਵਾਇਤਾਂ ਬੁਲੰਦ ਰੱਖਣ ਲਈ, ਉੱਚੇ-ਸੁੱਚੇ ਆਚਰਣ ਦੇ ਧਾਰਨੀ ਹੋਣ ਲਈ, ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਲਈ, ਸ਼ਸਤਰਧਾਰੀ ਹੋਣ ਦੀ ਪ੍ਰੇਰਣਾ ਦੇ ਰਹੇ ਸਨ। ਸਿੱਖ ਸੰਗਤਾਂ ਦੇ ਭਾਰੀ ਇਕੱਠ ਵਿਚੋਂ ਇਕ ਸਿੱਖ ਬੀਬੀ ਉੱਠ ਕੇ ਸਟੇਜ 'ਤੇ ਪਹੁੰਚ ਕੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੂੰ ਕਹਿਣ ਲੱਗੀ, ''ਸੰਤ ਜੀ, ਮੈਂ ਆਪਣਾ ਪੁੱਤਰ ਤੁਹਾਡੇ ਜਥੇ ਵਿਚ ਭਰਤੀ ਕਰਵਾਉਣਾ ਚਾਹੁੰਦੀ ਹਾਂ।''

ਸੰਤ ਜੀ ਕਹਿਣ ਲੱਗੇ, "ਬੀਬੀ, ਜਿਵੇਂ ਤੇਰੀ ਖ਼ੁਸ਼ੀ, ਛੱਡ ਜਾਹ।"

ਬੀਬੀ ਫਿਰ ਕਹਿਣ ਲੱਗੀ, "ਸੰਤ ਜੀ, ਮੈਂ ਆਪਣਾ ਪੁੱਤਰ ਤੁਹਾਡੇ ਖ਼ਾਸ ਜਥੇ ਵਿਚ ਭਰਤੀ ਕਰਵਾਉਣਾ ਹੈ।"

ਸੰਤ ਜਰਨੈਲ ਸਿੰਘ ਜੀ ਖਾਲਸਾ ਕਹਿਣ ਲੱਗੇ, "ਬੀਬੀ, ਮੈਂ ਕੋਈ ਆਪਣੇ ਜਥੇ ਵਿਚ ਸਿੰਘਾਂ ਦੀ ਭਰਤੀ ਕੱਦ ਮਿਣ ਕੇ, ਛਾਤੀ ਮਿਣ ਕੇ, ਉਮਰ ਦੀ ਗਿਣਤੀ-ਮਿਣਤੀ ਨਾਲ ਨਹੀਂ ਕਰਦਾ। ਜਿਹੜਾ ਸਿੰਘ ਰਹਿਣਾ ਚਾਹੇ, ਉਹ ਰਹਿ ਸਕਦਾ ਹੈ। ਇਥੇ ਅੰਨ੍ਹਾ, ਲੰਗੜਾ, ਲੂਲ੍ਹਾ, ਕਾਣਾ ਸਭ ਰਹਿ ਸਕਦੇ ਹਨ। ਅੰਨ੍ਹਾ ਨਲਕਾ ਗੇੜੀ ਜਾਊ, ਸੰਗਤਾਂ ਜਲ ਛਕੀ ਜਾਣਗੀਆਂ। ਕਾਣਾ ਭਾਂਡੇ ਮਾਂਜੀ ਜਾਊ, ਲੰਗਰ ਵਿਚ ਸੇਵਾ ਕਰੀ ਜਾਊ, ਗੁਰਬਾਣੀ ਸੰਥਿਆ ਲੈ ਕੇ ਗੁਣੀ ਗਿਆਨੀ ਬਣ ਕੇ ਸਿੱਖ ਧਰਮ ਦਾ ਪ੍ਰਚਾਰ ਕਰੀ ਜਾਵੇਗਾ। ਜੇ ਅਣਖੀਲਾ ਬਹਾਦਰ ਹੋਊ ਤਾਂ ਸਿੱਖੀ ਵਿਰੋਧੀ ਹਾਕਮਾਂ ਤੋਂ ਆਪਣੇ ਬਣਦੇ ਹੱਕਾਂ ਲਈ ਸਿੱਖ ਸੰਘਰਸ਼ ਵਿਚ ਜੂਝ ਕੇ ਦੁਸ਼ਟਾਂ ਦੀ ਸੋਧ-ਸੁਧਾਈ ਕਰੇਗਾ। ਜੇ ਗ਼ੱਦਾਰ ਨਿਕਲਿਆ ਤਾਂ ਚਾਰ ਸਿੰਘ ਤਾਂ ਸ਼ਹੀਦ ਕਰਾਵੇਗਾ ਹੀ।"

ਸੰਤ ਜੀ ਫਿਰ ਕਹਿਣ ਲੱਗੇ, "ਬੀਬੀ, ਪੱਕੇ ਜਥੇ ਵਿਚ ਮੈਂ ਉਸ ਸਿੰਘ ਨੂੰ ਹੀ ਸਾਮਲ ਕਰਦਾ ਹਾਂ, ਜਿਹੜਾ ਬਾਹਰ ਫਿਰਦੇ ਟੋਪੀਆਂ ਵਾਲੇ ਸੀ.ਆਰ.ਪੀ. ਵਾਲਿਆਂ ਤੋਂ ਸਟੇਨਗੰਨ ਖੋਹ ਕੇ ਲਿਆਵੇ।"

ਇਹ ਬਚਨ ਸੁਣ ਕੇ ਬੀਬੀ ਚੁੱਪ ਕਰ ਗਈ। ਸਿੱਖ ਸੰਗਤਾਂ ਦੇ ਭਾਰੀ ਇਕੱਠ ਵਿਚੋਂ ਇਕ ਸਿੰਘ ਨੇ ਬੋਲੇ ਸੋ ਨਿਹਾਲ ਦਾ ਜੈਕਾਰਾ ਗਜਾਇਆ, ਸਿੱਖ ਸੰਗਤਾਂ ਵੱਲੋਂ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਨਾਲ ਹਾਲ ਗੂੰਜ ਉੱਠਿਆ। ਸਿੱਖ ਸੰਗਤਾਂ ਨੇ ਸੰਤਾਂ ਦਾ ਬਚਨ ਪੂਰਾ ਕਰਨ ਦਾ ਫ਼ੈਸਲਾ ਕਰ ਲਿਆ ਸੀ।

ਇਸ ਇਕੱਠ ਵਿਚ ਹੀ ਭਾਈ ਹਰਵਿੰਦਰ ਸਿੰਘ 18-19 ਸਾਲ ਦਾ ਮੁੱਛ-ਫੁੱਟ ਗੱਭਰੂ, ਪਿੰਡ ਚੌੜਾ ਮਧਰਾ (ਜ਼ਿਲ੍ਹਾ ਗੁਰਦਾਸਪੁਰ) ਦਾ ਨੌਜਵਾਨ ਆਪਣੇ ਸੰਗੀ-ਸਾਥੀ ਸੱਜਣਾਂ-ਮਿੱਤਰਾਂ ਨਾਲ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਦੀਦਾਰੇ ਅਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਦਰਸ਼ਨ ਕਰਨ ਅਤੇ ਵਿਚਾਰ ਸੁਣਨ ਲਈ ਬੈਠਾ ਹੋਇਆ ਸੀ। ਭਾਈ ਹਰਵਿੰਦਰ ਸਿੰਘ ਜੀ ਨੇ ਸੰਤ ਜਰਨੈਲ ਸਿੰਘ ਜੀ ਦੇ ਬਚਨਾਂ ਉੱਤੇ ਫੁੱਲ ਚੜ੍ਹਾਉਣ ਦਾ ਫ਼ੈਸਲਾ ਕਰ ਲਿਆ। ਭਾਈ ਹਰਵਿੰਦਰ ਸਿੰਘ ਜੀ ਸੰਗਤ ਵਿਚੋਂ ਉੱਠ ਕੇ ਬਾਹਰ ਸ਼ਹਿਰ ਦੇ ਬਜ਼ਾਰ ਨੂੰ ਨਿਕਲ ਗਏ ਤੇ ਘੰਟਾ-ਘਰ ਚੌਕ (ਅੰਮ੍ਰਿਤਸਰ) ਵਿਚ ਪਹੁੰਚ ਗਏ। ਜਿਥੇ ਸੀ.ਆਰ.ਪੀ. ਦੇ ਜਵਾਨ ਬਜ਼ਾਰ ਵਿਚ 50-50 ਫੁਟ 'ਤੇ ਸਰਕਾਰ ਨੇ ਤਾਇਨਾਤ ਕੀਤੇ ਹੋਏ ਸਨ। ਭਾਈ ਹਰਵਿੰਦਰ ਸਿੰਘ ਨੇ ਘੰਟਾ-ਘਰ ਚੌਂਕ ਵਿਚ ਤਾਇਨਾਤ ਸੀ.ਆਰ.ਪੀ. ਦੇ ਜਵਾਨ ਦੇ ਨੇੜੇ ਜਾ ਕੇ ਸਿਪਾਹੀ ਦੀਆਂ ਖੁੱਚਾਂ ਵਿਚ ਇਤਨਾ ਜ਼ੋਰ ਦੀ ਠੁੱਡ ਮਾਰਿਆ ਕਿ ਸਿਪਾਹੀ ਮੂੰਹ ਭਾਰ ਡਿੱਗ ਪਿਆ। ਭਾਈ ਹਰਵਿੰਦਰ ਸਿੰਘ ਨੇ ਮੌਕਾ ਸੰਭਾਲਿਆ, ਸਿਪਾਹੀ ਦੀ ਸਟੇਨਗੰਨ ਖੋਹ ਕੇ ਭੱਜ ਕੇ, ਸ੍ਰੀ ਦਰਬਾਰ ਸਾਹਿਬ ਦੀਆਂ ਪਰਕਰਮਾਂ ਵਿਚ

ਜਾ ਵੜਿਆ। ਭਾਈ ਹਰਵਿੰਦਰ ਸਿੰਘ ਜੀ ਨੇ ਸਟੇਨਗੰਨ ਲਿਜਾ ਕੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਅੱਗੇ ਰੱਖ ਦਿੱਤੀ। ਸਿੰਘਾਂ ਨੇ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਭਾਈ ਹਰਵਿੰਦਰ ਸਿੰਘ ਦਾ ਸਵਾਗਤ ਕੀਤਾ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੇ ਭਾਈ ਹਰਵਿੰਦਰ ਸਿੰਘ ਨੂੰ ਜਥੇ ਦੇ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਛਕਾ ਕੇ ਇਸ ਦਾ ਨਾਂ ਭਾਈ ਮਥਰਾ ਸਿੰਘ ਰੱਖਿਆ। ਇਹੋ ਭਾਈ ਮਥਰਾ ਸਿੰਘ ਦਾ (ਵੈਦਿਆ ਕਾਂਡ) ਸਰਕਾਰ (ਹਿੰਦੁਸਤਾਨ) ਨੇ 1986-87 ਵੇਲੇ, ਸਿਰ ਦਾ ਇਨਾਮ 14 ਲੱਖ ਰੁਪਏ ਰੱਖਿਆ। ਭਾਰਤ ਸਰਕਾਰ ਦੀਆਂ ਖ਼ੁਫ਼ੀਆ ਏਜੰਸੀਆਂ ਭਾਈ ਮਥਰਾ ਸਿੰਘ ਦੀਆਂ ਦਲੇਰਾਨਾ ਕਾਰਵਾਈਆਂ ਤੋਂ ਇਤਨਾ ਭੈਅ-ਭੀਤ ਹੋਈਆਂ, ਨਾਕਾਮ ਵੀ ਰਹੀਆਂ ਕਿ ਇਹ ਭਾਈ ਮਥਰਾ ਸਿੰਘ ਅਸਲ ਵਿਚ ਹੈ ਕੌਣ ਤੇ ਕਿਥੋਂ ਦਾ ਰਹਿਣ ਵਾਲਾ ਹੈ। ਮਥਰਾ ਸਿੰਘ ਦੀ ਸ਼ਹੀਦੀ ਤਕ ਵੀ ਪਤਾ ਨਾ ਲਾ ਸਕੀਆਂ।

ਹਿੰਦੁਸਤਾਨ ਸਰਕਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੇ ਹੋਰ 40 ਗੁਰਧਾਮਾਂ ਉਪਰ ਕੀਤੀ ਗਈ ਜੂਨ 1984 ਦੀ ਤੋਪਾਂ ਟੈਂਕਾਂ ਨਾਲ ਫ਼ੌਜੀ ਕਾਰਵਾਈ, ਸਿੱਖਾਂ ਦੀ ਕਤਲੇਆਮ ਸਮੇਂ ਭਾਈ ਹਰਵਿੰਦਰ ਸਿੰਘ ਉਰਫ਼ ਭਾਈ ਮਥਰਾ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਬਾਹਰ ਸਨ। ਜੂਨ 1984 ਦੀ ਘੱਲੂਘਾਰਾ ਫ਼ੌਜੀ ਕਾਰਵਾਈ, ਸਿੱਖ ਕਤਲੇਆਮ ਨੇ ਭਾਈ ਮਥਰਾ ਸਿੰਘ ਉੱਤੇ ਬੜਾ ਡੂੰਘਾ ਅਸਰ ਪਾਇਆ। ਭਾਈ ਮਥਰਾ ਸਿੰਘ ਨੇ ਜੂਨ 1984 ਤੋਂ ਬਾਅਦ ਆਪਣੇ ਸਾਥੀ ਸਿੰਘਾਂ ਨੂੰ ਜਥੇਬੰਦ ਕੀਤਾ। ਭਾਈ ਮਥਰਾ ਸਿੰਘ ਝੂਰਨ-ਰੋਣ ਦੀ ਥਾਂ ਸਿੱਖ ਕੌਮ ਦੀ ਆਜ਼ਾਦੀ ਲਈ ਸੰਘਰਸ਼ ਕਰਨ, ਸਿੱਖ ਕੌਮ/ਸਿੱਖੀ ਵਿਰੋਧੀ ਖ਼ੂਨੀ ਹਤਿਆਰਿਆਂ ਨੂੰ ਸੋਧਣ ਲਈ ਸਾਥੀ ਸਿੰਘਾਂ ਨੂੰ ਤਿਆਰ ਕਰ ਕੇ ਮੈਦਾਨ ਵਿਚ ਨਿਤਰਿਆ। ਸਿੰਘ ਸੰਘਰਸ਼ ਲਈ ਹਥਿਆਰ-ਬੰਦ ਘੋਲ ਦੀ ਤਿਆਰੀ ਕੀਤੀ ਅਤੇ ਅਮਲੀ ਤੌਰ 'ਤੇ ਕੰਮ ਕਰਨਾ ਸ਼ੁਰੂ ਕੀਤਾ। ਭਾਈ ਮਥਰਾ ਸਿੰਘ ਨੇ ਭਾਈ ਮਨਬੀਰ ਸਿੰਘ ਚਹੇੜੂ, ਭਾਈ ਚਰਨਜੀਤ ਸਿੰਘ ਚੰਨੀ (ਤਲਵੰਡੀ), ਭਾਈ ਜਰਨੈਲ ਸਿੰਘ ਹਲਵਾਰਾ, ਭਾਈ ਹਰਜਿੰਦਰ ਸਿੰਘ ਜਿੰਦਾ, ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਸਤਨਾਮ ਸਿੰਘ ਬਾਵਾ, ਭਾਈ ਮਨਜੀਤ ਸਿੰਘ ਮੰਜੂ, ਭਾਈ ਰਣਜੀਤ ਸਿੰਘ ਕੁੱਕੀ, ਭਾਈ ਸੁਖਵਿੰਦਰ ਸਿੰਘ ਸੁੱਖੀ, ਭਾਈ ਬਿੱਟੂ, ਭਾਈ ਸੁਰਿੰਦਰ ਸਿੰਘ ਸ਼ਿੰਦੂ, ਕੇ.ਸੀ. ਸ਼ਰਮਾ ਜਿਹੇ ਬਹਾਦਰ ਸਿੰਘਾਂ ਨੂੰ ਨਾਲ ਲੈ ਕੇ ਸਿੱਖ ਸੰਘਰਸ਼ ਨੂੰ ਨਵੇਂ ਸਿਰਿਉਂ ਤੋਰਿਆ। ਸਭ ਤੋਂ ਪਹਿਲਾਂ ਜਨਰਲ ਭਾਈ ਲਾਭ ਸਿੰਘ ਪੰਜਵੜ ਨੂੰ ਜਲੰਧਰ ਕਚਹਿਰੀਆਂ ਵਿਚੋਂ ਛੁਡਾ ਕੇ ਕਈ ਪੁਲਿਸ ਵਾਲਿਆਂ ਨੂੰ ਮਾਰ ਕੇ ਦਲੇਰਾਨਾ ਕਾਰਵਾਈਆਂ ਨੂੰ ਆਰੰਭਿਆ। ਜੇਲ੍ਹਾਂ ਦੇ ਡੀ.ਜੀ. ਕਟੋਚ ਨੂੰ ਚੰਡੀਗੜ੍ਹ ਵਿਚ ਸੋਧਿਆ। ਦਿੱਲੀ ਦੰਗਿਆਂ ਦੇ ਦੋਸ਼ੀ ਲਲਿਤ ਮਾਕਨ ਐੱਮ.ਪੀ ਨੂੰ ਦਿੱਲੀ ਵਿਚ ਉਹਨਾਂ ਦੇ ਘਰ ਵਿਚ ਹੀ ਕਤਲ ਕਰ ਦਿੱਤਾ। ਦਿੱਲੀ ਦੰਗਿਆਂ ਦੇ ਦੋਸ਼ੀ ਅਰਜਨ ਦਾਸ ਐੱਮ.ਪੀ. ਨੂੰ ਦਿੱਲੀ ਵਿਚ ਹੀ ਕਤਲ ਕਰ ਕੇ ਦਿੱਲੀ ਦੰਗਿਆਂ ਦਾ ਬਦਲਾ ਲਿਆ। ਗੁਜਰਾਤ ਦੀ ਅਹਿਮਦਾਬਾਦ ਪੁਲਿਸ ਤੋਂ ਭਾਈ ਹਰਜਿੰਦਰ ਸਿੰਘ ਜਿੰਦਾ ਨੂੰ ਛੁਡਾਇਆ। ਭਾਈ ਮਥਰਾ ਸਿੰਘ ਦੀਆਂ ਪੂਰੇ

ਹਿੰਦੁਸਤਾਨ ਅੰਦਰ ਖਾੜਕੂ ਦਲੇਰਾਨਾ ਕਾਰਵਾਈਆਂ ਦਾ ਤਹਿਲਕਾ ਮੱਚ ਗਿਆ। ਜੂਨ 1984 ਦੀ ਫ਼ੌਜੀ ਕਾਰਵਾਈ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਤੋਪਾਂ, ਟੈਂਕਾਂ ਨਾਲ ਢਾਹੁਣ ਅਤੇ ਹਜ਼ਾਰਾਂ ਸਿੰਘਾਂ, ਸਿੰਘਣੀਆਂ, ਬੱਚਿਆਂ, ਬੁੱਢਿਆਂ ਦੇ ਕਤਲੇਆਮ ਦੇ ਜ਼ਿੰਮੇਵਾਰ, ਭਾਰਤ ਦੀ ਦੁਸ਼ਟ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਨਾਲ ਭਾਰਤੀ ਫ਼ੌਜ ਦੇ ਹਿੰਦੂ ਮੁਖੀ ਜਨਰਲ ਅਰੁਨ ਕੁਮਾਰ ਵੈਦਿਆ ਨੂੰ 10 ਅਗਸਤ 1986 ਨੂੰ ਦਿਨ ਦਿਹਾੜੇ, ਪੂਨੇ ਸ਼ਹਿਰ ਵਿਚ ਕਤਲ ਕਰ ਕੇ ਭਾਈ ਸੁਖਾ ਸਿੰਘ (ਸ਼ਹੀਦ), ਭਾਈ ਮਹਿਤਾਬ ਸਿੰਘ ਜੀ ਮੀਰਾਂਕੋਟ (ਸ਼ਹੀਦ) ਦੀਆਂ ਸਿਰਜੀਆਂ ਖ਼ਾਲਸਾਈ ਰਵਾਇਤਾਂ ਨੂੰ ਕਾਇਮ ਰੱਖਿਆ ਅਤੇ ਦੁਨੀਆਂ ਨੂੰ ਖ਼ਾਲਸੇ ਦੀ ਅਣਖ ਗੈਰਤ ਦੀ ਚੜ੍ਹਤ ਦਾ ਸੁਨੇਹਾ ਦਿੱਤਾ ਕਿ ਖ਼ਾਲਸਾ ਸਿੱਖੀ ਵਿਰੋਧੀ ਹਾਕਮਾਂ ਤੋਂ ਬਦਲਾ ਲੈਣਾ ਜਾਣਦਾ ਹੈ।

ਵੈਦਿਆ ਕਾਂਡ ਸੰਬੰਧੀ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦਾ ਅਦਾਲਤ ਨੂੰ ਦਿੱਤਾ ਗਿਆ ਇਕਬਾਲੀਆ ਬਿਆਨ ਆਪ ਜੀ ਦੇ ਪ੍ਰਕਾਸ਼ਤ ਕਰਨ ਲਈ ਹਾਜ਼ਰ ਹੈ :

## ਭਾਈ ਮਥਰਾ ਸਿੰਘ ਦੀ ਗ੍ਰਿਫ਼ਤਾਰੀ ਅਤੇ ਸ਼ਹੀਦੀ

**ਵਾਈਟ ਪੇਪਰ- ਪੰਜਾਬ ਦੇ ਗਵਰਨਰ ਸਿਧਾਰਥ ਸ਼ੰਕਰ ਰੇਅ ਦਾ ਖ਼ੂਨੀ ਚਿਹਰਾ, ਵੱਲੋਂ: ਦੇਸ਼ ਪੰਜਾਬ ਸਟੂਡੈਂਟਸ ਯੂਨੀਅਨ (1989)**
**ਸੰਪਾਦਕ- ਸ. ਗੁਰਮੀਤ ਸਿੰਘ, ਸ. ਨਵਦੀਪ ਸਿੰਘ ਬਿੱਟੂ ਗਰਦੌਨੀ (ਸੰਗਰੂਰ)**

30 ਜੂਨ 1987 ਨੂੰ ਥਾਣਾ ਜੰਡਿਆਲਾ ਗੁਰੂ ਦੇ ਪਿੰਡ ਰਾਮਪੁਰਾ, ਸ. ਗਿਆਨ ਸਿੰਘ ਦੇ ਘਰ, ਜੰਡਿਆਲਾ ਗੁਰੂ ਪੁਲਿਸ ਦੇ ਇੰਸਪੈਕਟਰ ਹਰਚਰਨ ਸਿੰਘ ਸੂਰੀ ਨੇ ਪੁਲਿਸ ਪਾਰਟੀ ਨਾਲ ਛਾਪਾ ਮਾਰਿਆ। ਕਿਸੇ ਮੁਖ਼ਬਰ ਨੇ ਇਤਲਾਹ ਦਿੱਤੀ ਸੀ ਕਿ ਗਿਆਨ ਸਿੰਘ ਦੇ ਘਰ ਚੋਟੀ ਦੇ ਖਾੜਕੂ ਦਾ ਆਉਣਾ ਹੈ। ਪੁਲਿਸ ਪਾਰਟੀ, ਸਿਵਲ ਕੱਪੜੇ (ਸਿੰਘਾਂ ਦੇ ਭੇਸ ਵਿਚ ਸੀ) ਪੁਲਿਸ ਨੇ ਗਿਆਨ ਸਿੰਘ ਅਤੇ ਉਸ ਦੇ ਪਰਿਵਾਰ ਨੂੰ ਘਰ ਅੰਦਰ ਹੀ ਕੈਦ ਕਰ ਲਿਆ। ਜੋ ਵੀ ਕੋਈ ਪਿੰਡ ਦਾ ਬੰਦਾ ਸ. ਗਿਆਨ ਸਿੰਘ ਦੇ ਘਰ ਕੰਮ-ਧੰਦੇ ਜਾਂਦਾ, ਬੂਹਾ ਖੜਕਾਉਂਦਾ, ਪੁਲਿਸ ਵਾਲੇ ਬੂਹਾ ਖੋਲ੍ਹਦੇ, ਉਸ ਨੂੰ ਵੀ ਕੈਦ ਕਰ ਦਿੰਦੇ। ਜਦੋਂ ਕਈ ਬੰਦੇ ਗਿਆਨ ਸਿੰਘ ਦੇ ਘਰ ਗਏ, ਵਾਪਸ ਨਾ ਆਏ ਤਾਂ ਪਿੰਡ ਦੇ ਮੋਹਤਬਰ ਬੰਦੇ ਇਕੱਠੇ ਹੋ ਕੇ ਸ. ਗਿਆਨ ਸਿੰਘ ਦੇ ਘਰ ਗਏ ਕਿ ਪਤਾ ਕੀਤਾ ਜਾਵੇ ਕਿ ਕੀ ਗੱਲ ਹੈ ਤਾਂ ਪੁਲਿਸ ਨੇ ਮੋਹਤਬਰ ਬੰਦਿਆਂ ਨੂੰ ਵੀ ਅੰਦਰ ਕੈਦ ਕਰ ਲਿਆ। ਸ਼ਾਮ ਨੂੰ ਇਕ ਨੌਜਵਾਨ ਮੁਖਰਜੀ ਵਾਲੇ ਪਾਸਿਉਂ ਸਾਈਕਲ 'ਤੇ ਆਇਆ ਤੇ ਸਿੱਧਾ ਸ. ਗਿਆਨ ਸਿੰਘ ਦੇ ਘਰ ਅੱਗੇ ਜਾ ਕੇ ਰੁਕਿਆ। ਨੌਜਵਾਨ ਨੇ ਬੂਹਾ ਖੜਕਾਇਆ, ਪੁਲਿਸ ਸਿੰਘਾਂ ਦੇ ਭੇਸ ਵਿਚ ਸੀ, ਸੋ ਉਹਨਾਂ ਨੇ ਬੂਹਾ ਖੋਲ੍ਹਿਆ ਤੇ ਦਹਿਲੀਜ਼ਾਂ ਟੱਪਦੇ ਨੌਜਵਾਨ ਮਥਰਾ ਸਿੰਘ ਨੂੰ ਫੜ ਲਿਆ। ਪੁਲਿਸ ਘਰ ਦੇ ਮਾਲਕ ਗਿਆਨ ਸਿੰਘ ਅਤੇ ਭਾਈ ਮਥਰਾ ਸਿੰਘ ਨੂੰ ਜੀਪ ਵਿਚ ਸੁੱਟ ਕੇ ਨੂੜ ਕੇ ਥਾਣੇ ਲੈ ਗਈ।

ਥਾਣੇਦਾਰ ਸੂਰੀ ਨੇ ਥਾਣੇ ਲਿਜਾ ਕੇ ਭਾਈ ਮਥਰਾ ਸਿੰਘ ਉੱਤੇ ਤਸ਼ੱਦਦ ਕਰਨਾ ਸ਼ੁਰੂ ਕਰ ਦਿੱਤਾ। ਸੂਰੀ ਭਾਈ ਮਥਰਾ ਸਿੰਘ ਤੋਂ ਵੱਡੇ ਤੋਂ ਵੱਡਾ ਭੇਦ ਪਾਉਣਾ ਚਾਹੁੰਦਾ ਸੀ। ਹਰਚਰਨ ਸਿਹੁੰ ਸੂਰੀ ਨੂੰ ਆਪਣੀ ਦਰਿੰਦਗੀ 'ਤੇ ਮਾਣ ਸੀ। ਭਾਈ ਮਥਰਾ ਸਿੰਘ ਨੂੰ ਆਪਣੇ ਸਿਦਕ ਉੱਤੇ ਮਾਣ ਸੀ। ਭਾਈ ਮਥਰਾ ਸਿੰਘ ਨੇ ਕਿਹਾ ਕਿ ਸੂਰੀ, ਬਾਕੀ ਦੀਆਂ ਗੱਲਾਂ ਤਾਂ ਛੱਡ, ਤੂੰ ਮੈਨੂੰ ਮੇਰਾ ਨਾਂ ਹੀ ਪੁੱਛ ਲੈ.....। ਭਾਈ ਮਥਰਾ ਸਿੰਘ ਦਾ ਇਨਾਮ ਹਿੰਦੁਸਤਾਨ ਸਰਕਾਰ ਨੇ 14 ਲੱਖ ਰੁਪਏ ਰੱਖਿਆ ਹੋਇਆ ਸੀ। ਭਾਈ ਮਥਰਾ ਸਿੰਘ, ਸਿੱਖ ਕੌਮ ਵਿਰੋਧੀ ਖ਼ੂਨੀ ਹਤਿਆਰਿਆਂ, ਲਾਲਾ ਜਗਤ ਨਾਰਾਇਣ ਦੇ ਛੋਕਰੇ ਰਮੇਸ਼ ਚੰਦਰ, ਦਿੱਲੀ ਦੰਗਿਆਂ ਦੇ ਦੋਸ਼ੀਆਂ ਮਾਕਨ, ਅਰਜਨ ਦਾਸ ਐੱਮ.ਪੀ. ਭਾਰਤੀ ਫ਼ੌਜ ਦੇ ਮੁਖੀ ਜਨਰਲ ਅਰੁਣ ਕੁਮਾਰ ਵੈਦਿਆ ਨੂੰ ਫੁੰਡਣ ਵਾਲਿਆਂ ਵਿਚੋਂ ਪ੍ਰਮੁੱਖ ਸੀ। ਹਰਚਰਨ ਸਿਹੁੰ ਸੂਰੀ ਨੇ ਭਾਈ ਮਥਰਾ ਸਿੰਘ ਉੱਤੇ ਬੜਾ ਤਸ਼ੱਦਦ ਕੀਤਾ। ਭਾਈ ਮਥਰਾ ਸਿੰਘ ਦੇ ਸਿਦਕ ਅੱਗੇ ਸੂਰੀ ਦੀ ਦਰਿੰਦਗੀ ਦੇ ਸਾਰੇ ਹਥਿਆਰ ਫੇਲ੍ਹ ਹੋ ਗਏ। ਇਸੇ ਰਾਤ ਪਹਿਲੀ ਜੁਲਾਈ 1987 (ਦਿਨ ਬੁੱਧਵਾਰ) ਨੂੰ ਪਿੰਡ ਮਾਲੂਵਾਲ, ਥਾਣਾ ਜੰਡਿਆਲਾ ਗੁਰੂ ਦੇ ਖੇਤਾਂ ਵਿਚ ਲਿਜਾ ਕੇ ਮੁਰਦਾ ਹਾਲਤ ਵਿਚ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਅਗਲੇ ਦਿਨ ਅਖ਼ਬਾਰਾਂ ਵਿਚ ਭਾਈ ਮਥਰਾ ਸਿੰਘ ਦੇ ਮੁਕਾਬਲੇ ਵਿਚ ਮਾਰੇ ਜਾਣ ਅਤੇ ਪੁਲਿਸ ਦੀ ਬਹਾਦਰੀ ਦੀਆਂ ਖ਼ਬਰਾਂ ਲੱਗ ਗਈਆਂ।

ਭਾਈ ਮਥਰਾ ਸਿੰਘ ਜੀ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਦਾ ਭੋਗ 10 ਜੁਲਾਈ 1987 ਦਿਨ ਸ਼ੁਕਰਵਾਰ ਨੂੰ ਭਾਈ ਮਥਰਾ ਸਿੰਘ ਦੇ ਜੱਦੀ ਪਿੰਡ ਚੌੜਾ ਮਧਰਾ, ਨੇੜੇ ਸ੍ਰੀ ਹਰਿਗੋਬਿੰਦਪੁਰ, ਜ਼ਿਲ੍ਹਾ ਗੁਰਦਾਸਪੁਰ ਵਿਖੇ ਪਾਇਆ ਗਿਆ। ਇਸ ਮਹਾਨ ਸ਼ਹੀਦੀ ਸਮਾਗਮ ਵਿਚ ਦਮਦਮੀ ਟਕਸਾਲ ਦੇ ਬਾਬਾ ਠਾਕੁਰ ਸਿੰਘ ਜੀ ਖ਼ਾਲਸਾ ਜਥੇ ਸਮੇਤ ਅਤੇ ਫ਼ੈਡਰੇਸ਼ਨ ਵਰਕਰਾਂ ਤੋਂ ਇਲਾਵਾ ਸਿੱਖ ਸੰਗਤਾਂ ਨੇ ਭਾਰੀ ਗਿਣਤੀ ਵਿਚ ਹਿੱਸਾ ਲੈ ਕੇ ਭਾਈ ਮਥਰਾ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਹਰਚਰਨ ਸਿਹੁੰ ਸੂਰੀ (ਭਾਈ ਮਥਰਾ ਸਿੰਘ ਦੇ ਕਾਤਲ) ਨੂੰ 11 ਫ਼ਰਵਰੀ 1990 ਵਿਚ ਖਾੜਕੂ ਸਿੰਘਾਂ ਨੇ ਟਰੇਨਿੰਗ ਸੈਂਟਰ ਫ਼ਿਲੌਰ 'ਚ ਉਸ ਦੇ ਸੌਣ ਵਾਲੇ ਮੰਜੇ ਹੇਠਾਂ ਬੰਬ ਬੰਨ੍ਹ ਕੇ ਉਡਾ ਦਿੱਤਾ ਸੀ।

## ਸ਼ਹੀਦ ਭਾਈ ਮਥਰਾ ਸਿੰਘ ਜੀ ਦੀ ਸ਼ਖ਼ਸੀਅਤ (ਖ਼ੁਫ਼ੀਆ ਏਜੰਸੀਆਂ ਦੀਆਂ ਨਜ਼ਰਾਂ ਵਿਚ)

ਪੰਜਾਬ ਪੁਲਿਸ ਨੇ ਭਾਈ ਬਖ਼ਸ਼ੀਸ਼ ਸਿੰਘ ਉਰਫ਼ ਭਾਈ ਮਥਰਾ ਸਿੰਘ ਉਰਫ਼ ਭਾਈ ਹਰਵਿੰਦਰ ਸਿੰਘ ਨੂੰ ਆਪਣੇ ਰਿਕਾਰਡ ਵਿਚ ਅਪਰੇਸ਼ਨ ਬਲਿਊ ਸਟਾਰ ਸਮੇਂ ਸ਼ਹੀਦ ਹੋਇਆ ਸਮਝ ਕੇ ਉਸ ਦੀ ਫ਼ਾਈਲ ਬੰਦ ਕਰ ਦਿੱਤੀ। ਪਰ ਦਿੱਲੀ ਪੁਲਿਸ ਦੀ ਕਰਾਈਮ ਬਰਾਂਚ ਨੇ ਸੰਗਰੂਰ ਜ਼ਿਲ੍ਹੇ ਦੇ ਇਕ ਨਾਮੀ ਖਾੜਕੂ ਦੀ ਗਵਾਹੀ 'ਤੇ ਭਾਈ

ਮਥਰਾ ਸਿੰਘ ਨੂੰ ਜਿਉਂਦਾ ਕਰਾਰ ਦਿੱਤਾ ਹੈ ਅਤੇ ਲਲਿਤ ਮਾਕਨ ਐੱਮ.ਪੀ., ਉਸ ਦੀ ਪਤਨੀ ਗੀਤਾਂਜਲੀ ਮਾਕਨ ਕਤਲ ਕੇਸ ਵਿਚ ਮੁੱਖ ਦੋਸ਼ੀ ਵੀ ਉਸ ਨੂੰ ਦੱਸਿਆ ਗਿਆ ਹੈ। ਵੈਦਿਆ ਕੇਸ ਵਿਚ ਪਕੜੇ ਤਥਾਕਥਿਤ ਦੋਸ਼ੀਆਂ ਨੇ ਭਾਈ ਮਥਰਾ ਸਿੰਘ ਦੇ ਮਾਰੇ ਜਾਣ ਜਾਂ ਜਿਉਂਦੇ ਹੋਣ ਬਾਰੇ ਕੋਈ ਪੁਸ਼ਟੀ ਨਹੀਂ ਕੀਤੀ।

ਦਿੱਲੀ ਪੁਲਿਸ ਹੁਣ ਤਕ ਇਹ ਸਮਝਣ ਲੱਗ ਪਈ ਕਿ ਦਿੱਲੀ ਬੈਂਕ ਡਕੈਤੀਆਂ ਵਿਚ ਵਾਰ-ਵਾਰ ਆਇਆ ਭਾਈ ਮਥਰਾ ਸਿੰਘ ਦਾ ਜ਼ਿਕਰ ਜਿੰਦੇ ਗਰੁੱਪ ਦੇ ਸਰਗਣੇ ਵਜੋਂ, ਇਹ ਕੋਈ ਫ਼ਰਜ਼ੀ ਨਾਂ ਹੈ। ਸੀ.ਬੀ.ਆਈ. ਵੀ ਇਹੋ ਸਮਝਦੀ ਹੈ। ਸੀ.ਬੀ.ਆਈ. ਤੇ ਪੁਲਿਸ ਭਾਈ ਮਥਰਾ ਸਿੰਘ ਤੇ ਕਰਮ ਚੰਦ ਦੀ ਕੋਈ ਤਸਵੀਰ ਮੁਹੱਈਆ ਨਹੀਂ ਕਰ ਸਕੀ।

ਜਿੰਦੇ ਬਾਰੇ ਪੁਲਿਸ ਰਿਪੋਰਟ ਹੈ ਕਿ ਜੋ ਕੁਝ ਪੁਲਿਸ ਨੇ ਉਸ ਨੂੰ ਬਣਾ ਦਿੱਤਾ, ਉਹ ਕੁਝ ਹੈ ਨਹੀਂ। ਜਿੰਦੇ ਨੇ ਪੁਲਿਸ ਨੂੰ ਆਪਣੀ ਹਿਸਟਰੀ ਦੱਸੀ ਪਰ ਭਾਈ ਮਥਰਾ ਸਿੰਘ ਬਾਰੇ ਕੁਝ ਨਹੀਂ ਦੱਸ ਸਕਿਆ। ਸਿਰਫ਼ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਭਾਈ ਮਥਰਾ ਸਿੰਘ 10-12 ਵਿਅਕਤੀਆਂ ਦਾ ਸਰਗਣਾ ਹੈ ਅਤੇ ਚੁੱਪ-ਚੁਪੀਤਾ ਰਹਿਣ ਵਾਲਾ, ਹਰ ਸਮੇਂ ਵਾਹਿਗੁਰੂ-ਵਾਹਿਗੁਰੂ ਦਾ ਜਾਪ ਜਪਣ ਵਾਲਾ ਵਿਅਕਤੀ ਹੈ। ਉਹ ਇਕੱਲਾ ਰਹਿਣਾ ਪਸੰਦ ਕਰਦਾ ਹੈ। ਇਕੱਠੇ ਰਹਿਣ ਤੋਂ ਕੰਨੀਂ ਕਤਰਾਉਂਦਾ ਹੈ। ਨਾ ਉਹ ਸ਼ਰਾਬ ਪੀਂਦਾ ਹੈ, ਨਾ ਲੜਕੀਆਂ ਦੇ ਚੱਕਰ ਵਿਚ ਪੈਂਦਾ ਹੈ, ਨਾ ਹੀ ਉਸ ਨੂੰ ਕੋਈ ਐਬ ਹੈ।

ਦਿੱਲੀ ਪੁਲਿਸ ਤਾਂ ਇਹ ਸਮਝਦੀ ਹੈ ਕਿ ਉਸ ਨੇ ਭਾਈ ਮਥਰਾ ਸਿੰਘ ਦੀ ਸ਼ਨਾਖ਼ਤ ਕਰ ਲਈ ਹੈ ਕਿ ਉਸ ਦਾ ਪਿਤਾ ਕਦੀ ਆਸਾਮ ਵਿਚ ਵੱਸਿਆ ਹੋਇਆ ਸੀ ਪਰ ਸੀ.ਬੀ.ਆਈ. ਨੂੰ ਇਸ ਬਾਰੇ ਪੂਰਾ ਯਕੀਨ ਨਹੀਂ ਸੀ।

***

# ਸ਼ਹੀਦ ਭਾਈ ਮਥਰਾ ਸਿੰਘ ਦੇ ਪਿਤਾ ਸ. ਗੁਰਦੀਪ ਸਿੰਘ ਨਾਲ ਵਿਸ਼ੇਸ਼ ਇੰਟਰਵਿਊ

ਮੌਜੂਦਾ ਸਿਖ ਸੰਘਰਸ਼ ਵਿਚ ਸ਼ਹੀਦ ਭਾਈ ਮਥਰਾ ਸਿੰਘ ਦਾ ਨਾਮ ਬੜੇ ਫ਼ਖ਼ਰ ਨਾਲ ਲਿਆ ਜਾਂਦਾ ਹੈ। ਸ਼ਹੀਦ ਭਾਈ ਸਤਵੰਤ ਸਿੰਘ, ਭਾਈ ਕਿਹਰ ਸਿੰਘ ਦੀ ਸਾਲਾਨਾ ਬਰਸੀ ਦੇ ਮੌਕੇ, ਸ਼ਹੀਦ ਭਾਈ ਸਤਵੰਤ ਸਿੰਘ ਦੇ ਗੁਰਦੁਆਰਾ ਸਾਹਿਬ ਵਿਖੇ 6 ਜਨਵਰੀ 2005 ਨੂੰ ਸ਼ਹੀਦੀ ਸਮਾਗਮ ਮੌਕੇ, 'ਪੱਗ ਦੀ ਲਾਜ' ਇਤਿਹਾਸਕ ਪੰਜਾਬੀ ਨਾਵਲ ਦੇ ਰਿਲੀਜ਼ ਕਰਨ ਦੇ ਮੌਕੇ ਸ਼੍ਰੋਮਣੀ ਦਲ ਖ਼ਾਲਸਾ ਦੇ ਭਾਈ ਸਵਰਨ ਸਿੰਘ ਖ਼ਾਲਸਾ ਨੇ ਸ਼ਹੀਦ ਭਾਈ ਮਥਰਾ ਸਿੰਘ ਦੇ ਪਿਤਾ ਬਾਪੂ ਗੁਰਦੀਪ ਸਿੰਘ ਚੌੜਾ ਮਧਰਾ ਨਾਲ ਸਟੇਜ ਉਪਰ ਹੀ ਮੁਲਾਕਾਤ ਕਰਾਈ। ਬਾਪੂ ਜੀ ਨਾਲ ਕੀਤੀ ਮੁਲਾਕਾਤ ਦੇ ਅੰਸ਼ ਪੇਸ਼ ਹਨ:

*ਸਵਾਲ—ਬਾਪੂ ਜੀ, ਤੁਹਾਡਾ ਸ਼ੁਭ ਨਾਮ?*

ਜਵਾਬ—ਮੇਰਾ ਨਾਂ ਗੁਰਦੀਪ ਸਿੰਘ, ਮਥਰਾ ਸਿੰਘ ਦੀ ਮਾਤਾ ਦਾ ਨਾਂ ਗੁਰਮੇਜ ਕੌਰ ਹੈ।

*ਸਵਾਲ—ਬਾਪੂ ਜੀ, ਮਥਰਾ ਸਿੰਘ ਹੋਰੀਂ ਕਿੰਨੇ ਭੈਣ-ਭਰਾ ਸਨ?*

ਜਵਾਬ—ਤਿੰਨ ਭੈਣ-ਭਰਾ ਸਨ। ਵੱਡੀ ਲੜਕੀ ਦਰਸ਼ਨ ਕੌਰ ਹੈ, ਉਸ ਤੋਂ ਛੋਟਾ ਸਤਨਾਮ ਸਿੰਘ ਤੇ ਮਥਰਾ ਸਿੰਘ ਸਭ ਤੋਂ ਛੋਟਾ ਹੈ।

*ਸਵਾਲ—ਬਾਪੂ ਜੀ, ਮਥਰਾ ਸਿੰਘ ਦਾ ਅਸਲ ਨਾਂ ਕੀ ਹੈ? ਜਨਮ ਕਦੋਂ ਤੇ ਕਿਥੇ ਹੋਇਆ?*

ਜਵਾਬ—ਮਥਰਾ ਸਿੰਘ ਦਾ ਅਸਲ ਨਾਂ ਹਰਵਿੰਦਰ ਸਿੰਘ ਹੈ। ਇਸ ਦਾ ਜਨਮ 13 ਮਈ ਸੰਨ 1965 ਨੂੰ ਗੁਹਾਟੀ ਸ਼ਹਿਰ (ਅਸਾਮ) ਸੈਕਟਰ ਨੰਬਰ 1, ਕੁਆਟਰ ਨੰਬਰ 212, ਘਰ ਨੰਬਰ 13 ਵਿਚ ਰਾਤ ਦੇ 1 ਵਜੇ ਹੋਇਆ। ਅਸਲ ਨਾਂ ਹਰਵਿੰਦਰ ਸਿੰਘ ਸੀ, ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਹੀ ਮਥਰਾ ਸਿੰਘ ਰੱਖਿਆ ਸੀ।

*ਸਵਾਲ—ਬਾਪੂ ਜੀ, ਹਰਵਿੰਦਰ ਸਿੰਘ ਦੀ ਬਚਪਨ ਦੀ ਕੋਈ ਦਿਲਚਸਪ ਘਟਨਾ ਦੱਸੋ, ਸੁਭਾਅ ਕਿਹੋ ਜਿਹਾ ਸੀ?*

ਜਵਾਬ—ਹਰਵਿੰਦਰ ਸਿੰਘ ਬਚਪਨ ਤੋਂ ਹੀ ਸਾਧਾਰਨ ਵਿਅਕਤੀ ਨਹੀਂ ਸੀ। ਭੈਣ-ਭਰਾ ਤੋਂ ਛੋਟਾ ਹੋਣ ਕਰਕੇ ਘਰ ਵਿਚ ਲਾਡਲਾ ਸੀ, ਸਾਰੇ ਬੱਬੂ ਕਹਿ ਕੇ ਬੁਲਾਉਂਦੇ ਸਨ, ਆਪਣੀ ਮਾਂ ਨੂੰ ਸੱਤ ਸਾਲ ਦੀ ਉਮਰ ਤਕ ਕਹਿਣਾ

ਕਿ ਮੰਮੀ ਤੇਰੀ ਗੋਦੀ ਵਿਚ ਬਹਿ ਕੇ ਰੋਟੀ ਖਾਣੀ ਆ। ਉਹਦੀ ਮਾਂ ਆਪ ਹੱਥ ਨਾਲ ਬੁਰਕੀ ਮੂੰਹ ਵਿਚ ਪਾਉਂਦੀ। ਨਿਤਨੇਮ ਗੁਰਬਾਣੀ ਨਾਲ ਬਚਪਨ ਤੋਂ ਹੀ ਪਿਆਰ ਪੈ ਗਿਆ ਸੀ ਤੇ ਸਿੱਖ ਰਹਿਤ ਮਰਿਆਦਾ ਤੋਂ ਚੰਗੀ ਤਰ੍ਹਾਂ ਜਾਣੂ ਸੀ। ਜੋ ਕੰਮ ਦਿਮਾਗ ਵਿਚ ਕਰਨ ਨੂੰ ਆ ਗਿਆ, ਉਹ ਹਰ ਹਾਲਤ ਵਿਚ ਕਰ ਕੇ ਰਹਿੰਦਾ ਸੀ। ਦੁਨੀਆਂ ਭਰ ਦੀਆਂ ਆਜ਼ਾਦੀ ਦੀਆਂ ਇਨਕਲਾਬੀ ਲਹਿਰਾਂ ਦੇ ਇਤਿਹਾਸ ਨੂੰ ਪੜ੍ਹਨ ਦਾ ਬਚਪਨ ਤੋਂ ਸ਼ੌਂਕ ਸੀ। ਆਪਣੇ ਸਟੈਂਡ 'ਤੇ ਅੜੇ ਰਹਿਣ ਲਈ ਵੱਡੇ ਤੋਂ ਵੱਡੇ ਨਾਲ ਪੰਗਾ ਲੈਣੋਂ, ਬਹਿਸ ਕਰਨੋਂ ਨਹੀਂ ਸੀ ਟਲਦਾ।

*ਸਵਾਲ—ਬਾਪੂ ਜੀ, ਹਰਵਿੰਦਰ ਸਿੰਘ ਨੇ ਕਿਥੋਂ ਤਕ ਤੇ ਕਿਥੇ ਪੜ੍ਹਾਈ ਕੀਤੀ?*

ਜਵਾਬ—ਹਰਵਿੰਦਰ ਸਿੰਘ ਨੇ ਈਸਾਈ ਮਿਸ਼ਨ ਸਕੂਲ ਗੁਹਾਟੀ (ਅਸਾਮ) ਤੋਂ ਅੱਠਵੀਂ ਤਕ ਵਿਦਿਆ ਹਾਸਲ ਕੀਤੀ। ਈਸਾਈ ਮਿਸ਼ਨ ਸਕੂਲ ਗੁਹਾਟੀ ਦੀ ਸਵੇਰ ਦੀ ਪ੍ਰਾਰਥਨਾ ਵਿਚ ਸ਼ਾਮਲ ਨਹੀਂ ਸੀ ਹੁੰਦਾ। ਸਿਰ 'ਤੇ ਕੇਸਾਂ ਦਾ ਜੂੜਾ ਕਰ ਕੇ ਰੁਮਾਲ ਪਾ ਕੇ ਰੱਖਦਾ ਸੀ, ਸਕੂਲ ਦੇ ਸਾਰੇ ਬੱਚਿਆਂ ਵਿਚ ਵੱਖਰੀ ਪਛਾਣ ਹੋਣ ਕਰਕੇ ਸਕੂਲ ਦੇ ਸਾਰੇ ਵਿਦਿਆਰਥੀ ਜੂੜੇ ਵਾਲਾ ਪੰਜਾਬ ਕਾ ਸਰਦਾਰ ਕਹਿੰਦੇ ਸਨ। ਜੇ ਸਕੂਲ ਦੇ ਅਧਿਆਪਕਾਂ ਨੇ ਕਹਿਣਾ ਕਿ ਪੰਜਾਬ ਕਾ ਸਰਦਾਰ ਪ੍ਰਾਰਥਨਾ ਮੇਂ ਕਿਉਂ ਨਹੀਂ ਸ਼ਾਮਲ ਹੋਤੇ? ਤਾਂ ਹਰਵਿੰਦਰ ਸਿੰਘ ਦਾ ਜਵਾਬ ਹੁੰਦਾ ਸੀ ਕਿ ਇਸ ਸਕੂਲ ਦੀ ਪ੍ਰਾਰਥਨਾ ਸਾਡੇ ਗੁਰੂ ਦੀ ਪ੍ਰਾਰਥਨਾ ਨਹੀਂ। ਸਾਡੀ ਪ੍ਰਾਰਥਨਾ 'ਦੇਹ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ।' ਹੈ। ਅਸੀਂ ਆਪਣੇ ਗੁਰੂ ਸਾਹਿਬ ਜੀ ਦੀ ਪ੍ਰਾਰਥਨਾ ਕਰਦੇ ਹਾਂ। ਅਸੀਂ ਸ੍ਰੀ ਗੁਰੂ ਗੋਬਿੰਦ ਜੀ ਦੇ ਸਿੱਖ ਹਾਂ। ਈਸਾਈ ਨਹੀਂ।

*ਸਵਾਲ—ਬਾਪੂ ਜੀ, ਅੱਠਵੀਂ ਤੋਂ ਬਾਅਦ ਭਾਈ ਸਾਹਿਬ ਨੇ ਪੜ੍ਹਾਈ ਛੱਡ ਦਿੱਤੀ ਸੀ?*

ਜਵਾਬ—ਅਸਾਮ ਵਿਚ 1982-83 ਵਿਚ ਅਸਾਮੀਆਂ ਦਾ ਸੰਘਰਸ਼ ਤੇਜ਼ ਹੋ ਜਾਣ ਕਰਕੇ, ਵਿਦਿਆਰਥੀਆਂ ਦੀ ਪੜ੍ਹਾਈ 'ਤੇ ਅਸਰ ਪਿਆ ਤੇ ਅਸੀਂ ਹਰਵਿੰਦਰ ਸਿੰਘ ਨੂੰ ਅੰਮ੍ਰਿਤਸਰ ਦੇ ਚੋਪੜਾ ਸਕੂਲ (ਨੇੜੇ ਕਚਹਿਰੀ) ਵਿਚ ਦਾਖ਼ਲ ਕਰਾ ਦਿੱਤਾ। ਮੇਰੀ ਭੈਣ ਦੀ ਨਣਾਨ ਹੈ ਤੇ ਭਾਈਏ ਦਾ ਨਾਂ ਬਚਿੱਤਰ ਸਿੰਘ ਹੈ, ਰਹਿਣ ਲਈ ਠਾਹਰ ਉਹਨਾਂ ਦੇ ਘਰ ਸ਼ਹਿਰ ਅੰਮ੍ਰਿਤਸਰ ਵਿਚ ਹੀ ਸੀ। ਹਰਜਿੰਦਰ ਸਿੰਘ ਜਿੰਦਾ ਦੀ ਵੀ ਉਸ ਪਰਿਵਾਰ ਨਾਲ ਰਿਸ਼ਤੇਦਾਰੀ ਹੈ, ਦੋਵੇਂ ਦੋਸਤ ਬਣ ਗਏ।

*ਸਵਾਲ—ਬਾਪੂ ਜੀ, ਗੁਹਾਟੀ (ਅਸਾਮ) ਵਿਚ ਆਪ ਜੀ ਕੀ ਕਾਰੋਬਾਰ ਕਰਦੇ ਸੀ?*

ਜਵਾਬ—ਮੈਂ (ਗੁਰਦੀਪ ਸਿੰਘ) ਗੁਹਾਟੀ ਤੇਲ ਸੋਧਕ ਕਾਰਖ਼ਾਨੇ 'ਚ ਗਰੇਡ ਅਫ਼ਸਰ ਦੀ ਅਸਾਮੀ 'ਤੇ ਕੰਮ ਕਰਦਾ ਸੀ। ਗੁਹਾਟੀ ਸੈਕਟਰ ਨੰਬਰ 1, ਕੁਆਰਟਰ ਨੰਬਰ 212, ਮਕਾਨ ਨੰਬਰ 13 ਵਿਚ ਰਹਿੰਦਾ ਸੀ। ਜੱਦੀ ਪਿੰਡ ਸਾਡਾ

ਚੌੜਾ ਮਧਰਾ, ਡਾਕਖ਼ਾਨਾ ਊਧਨਵਾਲ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਹੈ। 1982-83 ਵਿਚ ਮੇਰੀ ਬਦਲੀ ਮਥਰਾ (ਯੂ.ਪੀ.) ਵਿਚ ਹੋ ਗਈ। ਦਸਵੀਂ ਅੰਮ੍ਰਿਤਸਰ ਦੇ ਚੋਪੜਾ ਸਕੂਲ ਤੋਂ ਪਾਸ ਕਰ ਲਈ ਸੀ। ਇਹਨੀਂ ਦਿਨੀਂ ਅੰਮ੍ਰਿਤਸਰ ਦੇ ਖ਼ਾਲਸਾ ਕਾਲਜ ਵਿਚ ਹਰਜਿੰਦਰ ਸਿੰਘ ਜਿੰਦਾ ਬੀ.ਏ. ਫ਼ਾਈਨਲ ਵਿਚ ਪੜ੍ਹਦਾ ਸੀ ਤੇ ਉਸ ਦੇ ਸਿੱਖ ਸੰਘਰਸ਼ ਨਾਲ ਜੁੜ ਜਾਣ ਕਰਕੇ ਉਸ ਦੇ ਪਿਤਾ ਨੂੰ ਤੇ ਰਿਸ਼ਤੇਦਾਰਾਂ ਨੂੰ ਪੁਲਿਸ ਤੰਗ ਕਰਦੀ ਸੀ। ਅਸੀਂ ਕਿਹਾ ਕਿ ਹਰਵਿੰਦਰ ਸਿੰਘ, ਜਿੰਦਾ ਖਾੜਕੂ ਸਿੰਘਾਂ ਵਿਚ ਰਲ ਗਿਆ ਹੈ, ਵੇਖੀਂ ਕਿਤੇ ਪੁਲਿਸ ਤੈਨੂੰ ਵੀ ਉਸ ਦੇ ਨਾਲ ਹੀ ਨਾ ਫਸਾ ਦੇਵੇ। ਤੂੰ ਮਥਰਾ (ਯੂ.ਪੀ.) ਆ ਕੇ ਰਹੋ। ਤਾਂ ਹਰਵਿੰਦਰ ਸਿੰਘ ਨੇ ਭਰੋਸਾ ਦਿਵਾਇਆ ਕਿ ਮੈਂ ਗੁਰੂ ਨਾਨਕ ਕਾਲਜ ਅੰਮ੍ਰਿਤਸਰ ਵਿਚ ਪੜ੍ਹ ਰਿਹਾ ਹਾਂ, ਤੁਸੀਂ ਫ਼ਿਕਰ ਨਾ ਕਰੋ। ਅਸੀਂ ਮਥਰਾ (ਯੂ.ਪੀ.) ਬੈਠੇ ਕੀ ਜਾਣੀਏ ਕਿ ਗੁਰੂ ਨਾਨਕ ਕਾਲਜ ਅੰਮ੍ਰਿਤਸਰ ਵਿਚ ਹੈ ਵੀ ਕਿ ਨਹੀਂ। ਹਰਵਿੰਦਰ ਸਿੰਘ ਆਜ਼ਾਦ ਪੰਛੀ ਵਾਂਗ ਲੰਬੀਆਂ-ਉੱਚੀਆਂ ਉਡਾਰੀਆਂ ਲਾ ਰਿਹਾ ਸੀ।

*ਸਵਾਲ—ਬਾਪੂ ਜੀ, ਹਰਵਿੰਦਰ ਸਿੰਘ ਦੇ ਸਿੱਖ ਸੰਘਰਸ਼ ਨਾਲ ਜੁੜ ਜਾਣ ਬਾਰੇ ਕਿਵੇਂ ਪਤਾ ਲੱਗਾ?*

ਜਵਾਬ—ਹਰਵਿੰਦਰ ਸਿੰਘ ਮਥਰਾ (ਯੂ.ਪੀ.) ਦੇ ਗੇੜੇ ਲਾਉਂਦਾ ਸੀ, ਘਰ ਨਹੀਂ ਸੀ ਟਿਕਦਾ। ਇਕ ਵਾਰੀ ਘਰ ਆਇਆ ਤੇ ਜਿੰਨੀਆਂ ਵੀ ਤਸਵੀਰਾਂ ਘਰ ਵਿਚ ਸਨ, ਸਾਰੀਆਂ ਲੈ ਗਿਆ। ਜਿੰਦੇ ਨਾਲ ਦੋਸਤੀ ਤੇ ਇਕੱਠੇ ਇਕੋ ਘਰ ਰਹਿਣ ਕਰਕੇ ਸ਼ੱਕ ਹੋ ਗਿਆ ਸੀ। ਫਿਰ ਘਰ ਆਉਣਾ ਜਾਣਾ ਛੱਡ ਦਿੱਤਾ। ਅਸੀਂ ਚਿੰਤਤ ਸੀ, ਪਰ ਕਰ ਵੀ ਕੀ ਸਕਦੇ ਸੀ।

*ਸਵਾਲ—ਬਾਪੂ ਜੀ, ਆਪ ਜੀ ਨੂੰ ਕਿਸ ਤਰ੍ਹਾਂ ਹਰਵਿੰਦਰ ਸਿੰਘ ਦੇ ਜੁਝਾਰੂ ਸਿੰਘਾਂ ਵਿਚ ਰਲ ਜਾਣ ਬਾਰੇ ਪਤਾ ਲੱਗਿਆ?*

ਜਵਾਬ—ਅਗਸਤ 1986 ਵਿਚ ਦਿੱਲੀ ਪੁਲਿਸ ਨੇ ਮਥਰਾ ਤੇਲ ਫੈਕਟਰੀ (ਯੂ.ਪੀ.) ’ਤੇ ਛਾਪਾ ਮਾਰਿਆ ਤੇ ਹਰਵਿੰਦਰ ਸਿੰਘ ਬਾਰੇ ਪੁੱਛ-ਗਿੱਛ ਕੀਤੀ ਤੇ ਮੈਨੂੰ (ਗੁਰਦੀਪ ਸਿੰਘ) ਥਾਣੇ ਨਾਲ ਲੈ ਗਏ। ਦੋ ਦਿਨਾਂ ਬਾਅਦ ਪੁੱਛ-ਗਿੱਛ ਕਰ ਕੇ ਛੱਡ ਦਿੱਤਾ। ਘਰ (ਮਥਰਾ ਵਾਲੇ ਘਰ) ’ਤੇ ਸੀ.ਬੀ.ਆਈ ਅਤੇ ਸੀ.ਆਈ.ਡੀ. ਵਾਲੇ ਪੂਰੀ ਤਰ੍ਹਾਂ ਨਿਗਰਾਨੀ ਰੱਖਦੇ ਸੀ।

*ਸਵਾਲ—ਬਾਪੂ ਜੀ, ਦਿੱਲੀ ਪੁਲਿਸ ਵਾਲੇ ਪੁੱਛ-ਗਿੱਛ ਦੌਰਾਨ ਕੀ ਪੁੱਛਦੇ ਸੀ ਤੇ ਪੁੱਛਣ ਦਾ ਕੀ ਤਰੀਕਾ ਸੀ?*

ਜਵਾਬ—ਦਿੱਲੀ ਪੁਲਿਸ ਪੁੱਛਦੀ ਸੀ ਕਿ ਤੇਰਾ ਮੁੰਡਾ ਕਿਥੇ ਰਹਿੰਦਾ ਹੈ? ਹਰਵਿੰਦਰ ਸਿੰਘ ਕੀ ਕੰਮ ਕਰਦਾ ਹੈ? ਮੈਂ ਦੱਸਿਆ ਕਿ ਗੁਰੂ ਨਾਨਕ ਕਾਲਜ ਅੰਮ੍ਰਿਤਸਰ ਵਿਚ ਪੜ੍ਹਦਾ ਤੇ ਅੰਮ੍ਰਿਤਸਰ ਰਿਸ਼ਤੇਦਾਰੀ ਵਿਚ ਰਹਿੰਦਾ ਹੈ। ਤਾਂ ਪੁਲਿਸ ਵਾਲੇ ਕਹਿਣ ਲੱਗੇ, ਸਰਦਾਰ ਜੀ, ਗੁਰੂ ਨਾਨਕ ਕਾਲਜ ਅੰਮ੍ਰਿਤਸਰ ਵਿਚ

ਤਾਂ ਹੈ ਹੀ ਨਹੀਂ। ਮੁੰਡਾ ਤੇਰਾ ਹਰਵਿੰਦਰ ਸਿੰਘ ਅੱਤਵਾਦੀ ਮਥਰਾ ਸਿੰਘ ਹੈ ਤੇ ਉਸ ਨੇ ਭਾਰਤੀ ਫ਼ੌਜ ਦੇ ਜਨਰਲ ਅਰੁਣ ਵੈਦਿਆ ਨੂੰ 10 ਅਗਸਤ 1986 ਨੂੰ ਪੂਨੇ ਵਿਚ ਕਤਲ ਕਰਨ ਵਾਲਿਆਂ ਵਿਚ ਸ਼ਾਮਲ ਹੈ। ਮੈਨੂੰ ਕਹਿੰਦੇ ਕਿ ਸਰਦਾਰ ਜੀ ਤੁਹਾਡਾ ਵੱਡਾ ਮੁੰਡਾ ਸਾਊ ਹੈ, ਉਹ ਤਾਂ ਤੁਸੀਂ ਇੰਜੀਨੀਅਰ ਬਣਾ ਦਿੱਤਾ ਤੇ ਹਰਵਿੰਦਰ ਸਿੰਘ ਨੂੰ ਮਥਰਾ ਸਿੰਘ ਅੱਤਵਾਦੀ ਬਣਾ ਦਿੱਤਾ। ਮੈਂ ਕਿਹਾ ਕਿ ਸਾਹਿਬ ਜੀ, ਮੈਨੂੰ ਇਹਨਾਂ ਗੱਲਾਂ ਦਾ ਕੋਈ ਪਤਾ ਨਹੀਂ, ਮੈਂ ਤਾਂ ਉਸ ਨੂੰ ਵੀ ਇੰਜੀਨੀਅਰ ਬਣਾਉਣ ਲਈ ਹੀ ਪੜ੍ਹਾ ਰਿਹਾ ਹਾਂ। ਤੇਲ ਸੋਧਕ ਕਾਰਖ਼ਾਨੇ ਦੇ ਮੈਨੇਜਰ ਤੇ ਸਟਾਫ਼ ਨੇ ਵੀ ਮੇਰੀ ਜ਼ਿੰਮੇਵਾਰੀ ਚੁੱਕੀ ਸੀ ਕਿ ਇਹ ਸਰਦਾਰ ਗੁਰਦੀਪ ਸਿੰਘ ਬਹੁਤ ਸਾਊ ਸੁਭਾਅ ਦਾ ਹੈ। ਇਸ ਨੂੰ ਪਰੇਸ਼ਾਨ ਨਾ ਕੀਤਾ ਜਾਵੇ। ਫਿਰ ਸਾਨੂੰ ਪਤਾ ਲੱਗਾ ਕਿ ਪੰਜਾਬ ਦਾ ਮਸ਼ਹੂਰ ਜੁਝਾਰੂ ਮਥਰਾ ਸਿੰਘ ਸਾਡਾ ਹਰਵਿੰਦਰ ਸਿੰਘ ਹੀ ਹੈ।

*ਸਵਾਲ—ਬਾਪੂ ਜੀ, ਵੱਡੇ ਵੀਰ ਸਤਨਾਮ ਸਿੰਘ ਜੀ ਕੀ ਕਾਰੋਬਾਰ ਕਰ ਰਹੇ ਹਨ?*

ਜਵਾਬ—ਵੱਡਾ ਪੁੱਤਰ ਸਤਨਾਮ ਸਿੰਘ ਅਰਬਨ ਅਸਟੇਟ ਬਠਿੰਡਾ ਵਿਚ ਤੇਲ ਸੋਧਕ ਕਾਰਖ਼ਾਨੇ ਵਿਚ ਇੰਜੀਨੀਅਰ ਹੈ ਤੇ ਪਰਿਵਾਰ ਸਮੇਤ ਬਠਿੰਡੇ ਰਹਿੰਦਾ ਹੈ।

*ਸਵਾਲ—ਬਾਪੂ ਜੀ, ਹਰਵਿੰਦਰ ਸਿੰਘ ਉਰਫ਼ ਭਾਈ ਮਥਰਾ ਸਿੰਘ ਦੀ ਸ਼ਹੀਦੀ ਕਿਵੇਂ ਹੋਈ?*

ਜਵਾਬ—ਪਿੰਡ ਰਾਮਪੁਰਾ (ਥਾਣਾ ਜੰਡਿਆਲਾ ਗੁਰੂ) ਦੇ ਸ. ਗਿਆਨ ਸਿੰਘ ਦੇ ਘਰ ਜੁਝਾਰੂ ਸਿੰਘਾਂ ਦੀ ਮੀਟਿੰਗ ਸੀ। ਪਹਿਲਾਂ ਕਿਸੇ ਫੜੇ ਖਾੜਕੂ ਤੋਂ ਜੰਡਿਆਲਾ ਗੁਰੂ ਥਾਣੇ ਦੀ ਪੁਲਿਸ ਨੂੰ ਸੂਹ ਲੱਗ ਗਈ ਸੀ, ਜਿਸ ਦੇ ਆਧਾਰ 'ਤੇ ਥਾਣੇਦਾਰ ਹਰਚਰਨ ਸਿਹੁੰ ਸੂਰੀ ਪੁਲਿਸ ਪਾਰਟੀ ਸਮੇਤ ਖਾੜਕੂ ਸਿੰਘਾਂ ਦੇ ਭੇਸ ਵਿਚ ਸ. ਗਿਆਨ ਸਿੰਘ ਦੇ ਘਰ ਅੰਦਰ ਦਾਖ਼ਲ ਹੋਏ ਤੇ ਅੰਦਰੋਂ ਦਰਵਾਜ਼ਾ ਬੰਦ ਕਰ ਲਿਆ। ਘਰ ਚੰਗਾ ਆਏ ਗਏ ਵਾਲਾ ਸੀ, ਜੋ ਵੀ ਬੰਦਾ ਸ. ਗਿਆਨ ਸਿੰਘ ਅਰੋੜਾ ਨੂੰ ਘਰ ਮਿਲਣ ਆਉਂਦਾ, ਪੁਲਿਸ ਵਾਲੇ ਉਸ ਨੂੰ ਘਰ ਦੇ ਅੰਦਰ ਹੀ ਡੱਕ ਲੈਂਦੇ। ਜਦੋਂ ਕਈ ਵਿਅਕਤੀ ਗਿਆਨ ਸਿੰਘ ਦੇ ਘਰ ਗਏ ਵਾਪਸ ਨਾ ਪਰਤੇ ਤਾਂ ਪਿੰਡ ਦੇ ਮੋਹਤਬਰ ਬੰਦੇ ਇਕੱਠੇ ਹੋ ਕੇ ਸ. ਗਿਆਨ ਸਿੰਘ ਦੇ ਘਰ ਗਏ ਕਿ ਪਤਾ ਕੀਤਾ ਜਾਵੇ ਕਿ ਮਾਮਲਾ ਕੀ ਹੈ? ਤਾਂ ਪੁਲਿਸ ਨੇ ਮੋਹਤਬਰ ਬੰਦਿਆਂ ਨੂੰ ਵੀ ਘਰ ਦੇ ਅੰਦਰ ਹੀ ਕੈਦ ਕਰ ਲਿਆ। 30 ਜੂਨ 1987 ਦੀ ਸ਼ਾਮ ਨੂੰ ਮਥਰਾ ਸਿੰਘ ਸਾਈਕਲ 'ਤੇ ਆਇਆ ਤੇ ਸਿੱਧਾ ਘਰ ਦੇ ਦਰਵਾਜ਼ੇ ਅੱਗੇ ਜਾ ਕੇ ਰੁਕਿਆ। ਸਾਈਕਲ ਚੁੱਕ ਕੇ ਦਰਵਾਜ਼ੇ ਦੀ ਬਾਰੀ ਰਾਹੀਂ ਅੰਦਰ ਲੰਘਿਆ ਤਾਂ ਜੁਝਾਰੂ ਸਿੰਘਾਂ ਦੇ ਭੇਸ ਵਿਚ ਪੁਲਸੀਆਂ ਨੇ ਉਸ ਨੂੰ ਫੜ ਲਿਆ। ਮਥਰਾ ਸਿੰਘ ਨੇ ਸਮਝਿਆ ਕਿ ਸਾਥੀ ਮਜ਼ਾਕ-ਮਖ਼ੌਲ ਕਰਦੇ ਹਨ। ਕਹਿੰਦਾ ਕਿ ਅਕਲ ਕਰੋ ਉਏ, ਐਵੇਂ ਪੰਗੇ ਲਈ ਜਾਂਦੇ ਹੋ। ਪਰ ਇਹ ਤਾਂ ਹਰਚਰਨ ਸਿਹੁੰ ਸੂਰੀ, ਜੰਡਿਆਲਾ ਗੁਰੂ ਥਾਣੇ ਦਾ ਇੰਸਪੈਕਟਰ

ਸੀ, ਕਹਿੰਦਾ—ਪਤੰਦਰਾ, ਤੂੰ ਸਾਰੇ ਹਿੰਦੁਸਤਾਨ ਦੀ ਪੁਲਿਸ ਨੂੰ ਵਖਤ ਪਾਇਆ ਹੋਇਆ ਸੀ, ਅੱਜ ਆ ਗਿਆਂ ਕਾਬੂ। ਤੇ ਮਥਰਾ ਸਿੰਘ ਦੀਆਂ ਬਾਹਵਾਂ ਉਸ ਦੀ ਹੀ ਪੱਗ ਨਾਲ ਨੂੜ ਲਈਆਂ ਤੇ ਘਰ ਦੇ ਮਾਲਕ ਗਿਆਨ ਸਿੰਘ ਅਰੋੜਾ ਨੂੰ ਪਿੰਡ ਰਾਮਪੁਰਾ ਤੋਂ ਜੀਪ ਵਿਚ ਸੁੱਟ ਕੇ ਜੰਡਿਆਲਾ ਗੁਰੂ ਥਾਣੇ ਨੂੰ ਲੈ ਗਏ। ਅਸਲ ਵਿਚ ਇਸ ਦਿਨ ਜੁਝਾਰੂ ਸਿੰਘਾਂ ਦੀ ਇਸ ਘਰ ਵਿਚ ਗੁਪਤ ਮੀਟਿੰਗ ਹੋਣੀ ਸੀ। ਇਤਨੇ ਨੂੰ ਭਾਈ ਸੁਖਦੇਵ ਸਿੰਘ ਝਾਮਕਾ ਵੀ ਆ ਗਿਆ ਤੇ ਉਸ ਨੇ ਘਰ ਅੰਦਰੋਂ ਜੀਪ ਨਿਕਲਦੀ ਵੇਖ ਲਈ ਸੀ। ਸਵੇਰੇ ਤੋਂ ਘਰ ਅੰਦਰ ਬੰਦੀ ਬਣੇ ਵਿਅਕਤੀਆਂ ਨੇ ਦੱਸਿਆ ਕਿ ਇਕ 21-22 ਵਰ੍ਹਿਆਂ ਦੇ ਸਿੱਖ ਨੌਜਵਾਨ ਨੂੰ ਤੇ ਘਰ ਦੇ ਮਾਲਕ ਨੂੰ ਪੁਲਿਸ ਨੂੜ ਕੇ ਲੈ ਗਈ ਹੈ। ਫਿਰ ਜਿੰਨੇ ਵੀ ਸਿੰਘ ਮੀਟਿੰਗ ਵਿਚ ਆ ਰਹੇ ਸੀ, ਭਾਈ ਸੁਖਦੇਵ ਸਿੰਘ ਝਾਮਕਾ, ਜੋ ਪ੍ਰਸਿੱਧ ਜੁਝਾਰੂ ਸੀ, ਨੇ ਵਾਪਸ ਮੋੜ ਦਿੱਤੇ। ਗਿਆਨ ਸਿੰਘ ਦੇ ਦੱਸਣ ਅਨੁਸਾਰ ਜੰਡਿਆਲਾ ਗੁਰੂ ਥਾਣੇ ਲਿਜਾਂਦੇ ਸਾਰ ਹਰਚਰਨ ਸਿਹੁੰ ਸੂਰੀ ਨੇ ਇੰਸਪੈਕਟਰ ਦੀ ਵਰਦੀ ਪਾਈ ਤੇ ਤਸ਼ੱਦਦ ਕਰਨ ਲਈ ਇਕ ਕਮਰੇ ਵਿਚ ਲੈ ਗਿਆ। ਭਾਈ ਮਥਰਾ ਸਿੰਘ ਦੇ ਪੱਟਾਂ 'ਤੇ ਲੱਕੜ ਰੱਖ ਕੇ ਉੱਤੇ ਪੁਲਿਸ ਵਾਲੇ ਚੜ੍ਹ ਕੇ ਘੋਟਾ ਲਾਉਣ ਲੱਗ ਪਏ। ਹਰਚਰਨ ਸਿੰਘ ਸੂਰੀ ਇੰਸਪੈਕਟਰ ਨੇ ਆਪਣਾ ਪਿਸਤੌਲ ਲਾਹ ਕੇ ਮੇਜ਼ 'ਤੇ ਰੱਖਿਆ ਹੋਇਆ ਸੀ ਤੇ ਕੁਰਸੀ 'ਤੇ ਬੈਠਾ ਸਵਾਲ ਕਰ ਰਿਹਾ ਸੀ ਕਿ ਜਨਰਲ ਲਾਭ ਸਿੰਘ, ਜਿੰਦਾ ਤੇ ਸਤਨਾਮ ਸਿੰਘ ਬਾਵਾ ਬਾਰੇ ਛੇਤੀ ਦੱਸ ਕਿਥੇ ਨੇ ? ਤਾਂ ਮਥਰਾ ਸਿੰਘ ਨੇ ਜਵਾਬ ਦਿੱਤਾ ਕਿ ਸੂਰੀ ਬਾਕੀ ਦੀਆਂ ਗੱਲਾਂ ਛੱਡ, ਮੈਨੂੰ ਤੂੰ ਮੇਰਾ ਅਸਲੀ ਨਾਂ ਹੀ ਪੁੱਛ ਕੇ ਵਿਖਾ ? ਸੂਰੀ ਨੇ ਮਥਰਾ ਸਿੰਘ ਦੀਆਂ ਪੁਲਿਸ ਵਾਲਿਆਂ ਤੋਂ ਦੋਹਾਂ ਪਾਸਿਆਂ ਤੋਂ ਲੱਤਾਂ ਖਿਚਵਾ ਦਿੱਤੀਆਂ ਤੇ ਚੱਡੇ ਪਾੜ ਦਿੱਤੇ। ਮਥਰਾ ਸਿੰਘ ਬੜੇ ਹੌਂਸਲੇ ਨਾਲ ਤਸ਼ੱਦਦ ਸਹਾਰਦਾ ਰਿਹਾ। ਮੂੰਹ ਤੋਂ ਕੁਝ ਵੀ ਬੋਲਦਾ ਨਹੀਂ ਸੀ। ਇੰਸਪੈਕਟਰ ਸੂਰੀ ਛੇਤੀ ਤੋਂ ਛੇਤੀ ਉਸ ਤੋਂ ਵੱਡੇ ਤੋਂ ਵੱਡੇ ਭੇਤ ਲੈ ਕੇ ਚੋਟੀ ਦੇ ਜੁਝਾਰੂ ਸਿੰਘਾਂ ਨੂੰ ਫੜ ਕੇ ਆਪਣੇ ਮੋਢਿਆਂ 'ਤੇ ਸਟਾਰ ਵਧਾਉਣ ਦੇ ਚਾਅ ਵਿਚ ਫੁਲਿਆ ਨਹੀਂ ਸੀ ਸਮਾਉਂਦਾ। ਭਾਈ ਮਥਰਾ ਸਿੰਘ ਉਸ ਦੇ ਕਮਰੇ ਵਿਚ ਅਧਮੋਈ ਹਾਲਤ ਵਿਚ ਪਿਆ ਸੀ। ਭਾਈ ਮਥਰਾ ਸਿੰਘ ਦੀ ਪੁਲਿਸ ਨੇ ਤਸ਼ੱਦਦ ਨਾਲ ਹੱਡੀ-ਹੱਡੀ ਭੰਨ ਦਿੱਤੀ ਸੀ। ਉਸ ਨੇ ਹਿੰਮਤ ਕੀਤੀ ਤੇ ਮੇਜ਼ ਉੱਤੇ ਪਏ ਇੰਸਪੈਕਟਰ ਸੂਰੀ ਦਾ ਪਿਸਤੌਲ ਚੁੱਕ ਕੇ ਪੂਰੀ ਫੁਰਤੀ ਨਾਲ ਸੂਰੀ 'ਤੇ ਗੋਲੀ ਚਲਾਈ ਤਾਂ ਇੰਸਪੈਕਟਰ ਸੂਰੀ ਕੁਰਸੀ ਤੋਂ ਪੂਰੀ ਹੁਸ਼ਿਆਰੀ ਨਾਲ ਮੇਜ਼ ਦੇ ਹੇਠਾਂ ਡਿੱਗ ਪਿਆ। ਸੂਰੀ ਦੇ ਗੰਨਮੈਨ ਨੇ ਭਾਈ ਮਥਰਾ ਸਿੰਘ ਦੀ ਪੁੜਪੜੀ ਵਿਚ ਸਟੇਨਗੰਨ ਨਾਲ ਗੋਲੀ ਮਾਰ ਦਿੱਤੀ। ਸਾਰੇ ਥਾਣੇ ਵਿਚ ਰੌਲਾ ਪੈ ਗਿਆ ਕਿ ਅੱਤਵਾਦੀ ਸਾਹਬ ਨੂੰ ਲੈ ਚੱਲਿਆ ਸੀ। ਸੂਰੀ ਘਬਰਾਇਆ

ਪੁਲਿਸ ਮੁਲਾਜ਼ਮਾਂ ਨੂੰ ਪੁੱਛ ਰਿਹਾ ਸੀ, ਹੁਣ ਅੱਗੇ ਕੀ ਕਰੀਏ? ਤਾਂ ਵਿਚੋਂ ਪੁਲਿਸ ਵਾਲੇ ਕਹਿ ਰਹੇ ਸੀ ਕਿ ਸਾਹਬ, ਇਹਨੂੰ ਜੀਪ ਵਿਚ ਸੁੱਟ ਕੇ ਲੈ ਚੱਲੀਏ। ਮਰ ਤਾਂ ਗਿਆ, ਬਾਹਰ ਮੁਕਾਬਲੇ ਵਿਚ ਮਾਰੇ ਜਾਣ ਦੀ ਕਹਾਣੀ ਬਣ ਜਾਊ, ਨਹੀਂ ਤਾਂ ਥਾਣੇ ਦੀ ਬਦਨਾਮੀ ਹੋਊ। ਮਥਰਾ ਸਿੰਘ ਨੂੰ ਪਿੰਡ ਮਾਲੂਵਾਲ ਦੇ ਖੇਤਾਂ ਵਿਚ ਲਿਜਾ ਕੇ ਇਸੇ ਰਾਤ 30 ਜੂਨ-1 ਜੁਲਾਈ 1987 ਦੀ ਦਰਮਿਆਨੀ ਰਾਤ ਨੂੰ ਗੋਲੀਆਂ ਮਾਰ ਕੇ ਪੁਲਿਸ ਮੁਕਾਬਲਾ ਬਣਾ ਦਿੱਤਾ। ਅਗਲੇ ਦਿਨ ਅਖ਼ਬਾਰਾਂ ਵਿਚ ਪੁਲਿਸ ਦੀ ਬਹਾਦਰੀ ਅਤੇ ਸਭ ਤੋਂ ਚੋਟੀ ਦੇ ਖਾੜਕੂ ਮਥਰਾ ਸਿੰਘ ਵੈਦਿਆ ਕਾਂਡ ਦੇ ਪੁਲਿਸ ਨਾਲ ਹੋਏ ਮੁਕਾਬਲੇ ਵਿਚ ਮਾਰੇ ਜਾਣ ਦੀਆਂ ਖ਼ਬਰਾਂ ਲੱਗ ਗਈਆਂ ਕਿ ਜਨਰਲ ਵੈਦਿਆ ਕਤਲ, ਲਲਿਤ ਮਾਕਨ ਐਮ.ਪੀ. ਅਤੇ ਉਸ ਦੀ ਪਤਨੀ ਗੀਤਾਂਜਲੀ ਮਾਕਨ (ਦਿੱਲੀ ਕਤਲ), ਅਰਜਨ ਦਾਸ ਐਮ.ਪੀ. (ਦਿੱਲੀ ਕਤਲ), ਪੰਜਾਬ ਜੇਲ੍ਹਾਂ ਦੇ ਡੀ.ਜੀ. ਕਟੋਚ (ਚੰਡੀਗੜ੍ਹ ਕਤਲ) ਅਤੇ ਅਹਿਮਦਾਬਾਦ ਪੁਲਿਸ ਰਿਹਾਸਤ ਵਿਚੋਂ ਖ਼ਤਰਨਾਕ ਅੱਤਵਾਦੀ ਹਰਜਿੰਦਰ ਸਿੰਘ ਜਿੰਦਾ ਨੂੰ ਛੁਡਾਉਣ ਵਾਲਾ ਖ਼ਤਰਨਾਕ ਦਹਿਸ਼ਤ-ਪਸੰਦ ਮਥਰਾ ਸਿੰਘ ਖ਼ਾਲਿਸਤਾਨ ਕਮਾਂਡੋ ਫ਼ੋਰਸ ਦਾ ਲੈਫ਼ਟੀਨੈਂਟ ਜਨਰਲ, ਜਿਸ ਦੇ ਸਿਰ 'ਤੇ ਹਿੰਦੁਸਤਾਨ ਸਰਕਾਰ ਨੇ 14 ਲੱਖ ਦਾ ਇਨਾਮ ਰੱਖਿਆ ਸੀ, ਪਿੰਡ ਮਾਲੂਵਾਲ ਦੇ ਖੇਤਾਂ ਵਿਚ ਪੁਲਿਸ ਨਾਲ ਹੋਏ ਮੁਕਾਬਲੇ ਵਿਚ ਮਾਰਿਆ ਗਿਆ। ਜੰਡਿਆਲਾ ਗੁਰੂ ਥਾਣਾ ਦੀ ਪੁਲਿਸ ਨੇ ਇੰਸਪੈਕਟਰ ਹਰਚਰਨ ਸਿਹੁੰ ਸੂਰੀ ਦੀ ਅਗਵਾਈ ਵਿਚ ਨਾਕਾ ਲਾਇਆ ਹੋਇਆ ਸੀ, ਇਕ ਨੌਜਵਾਨ ਸਾਈਕਲ 'ਤੇ ਆ ਰਿਹਾ ਸੀ, ਪੁਲਿਸ ਨੇ ਉਸ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਸ ਨੇ ਪੁਲਿਸ 'ਤੇ ਗੋਲੀ ਚਲਾ ਦਿੱਤੀ ਤੇ ਸਾਈਕਲ ਸੁੱਟ ਕੇ ਹਨੇਰੇ ਦਾ ਫ਼ਾਇਦਾ ਉਠਾ ਕੇ ਭੱਜ ਜਾਣ ਦੀ ਕੋਸ਼ਿਸ਼ ਕੀਤੀ, ਪੁਲਿਸ ਵੱਲੋਂ ਜਵਾਬੀ ਗੋਲੀ ਚਲਾਏ ਜਾਣ 'ਤੇ ਉਹ ਮਾਰਿਆ ਗਿਆ। ਉਸ ਦੀ ਸ਼ਨਾਖ਼ਤ ਮਥਰਾ ਸਿੰਘ ਵਜੋਂ ਹੋਈ ਹੈ। ਪੁਲਿਸ ਨੇ ਬਚਿੱਤਰ ਸਿੰਘ ਰਿਸ਼ਤੇਦਾਰ ਅੰਮ੍ਰਿਤਸਰ ਤੋਂ ਸ਼ਨਾਖ਼ਤ ਕਰਵਾਈ ਸੀ।

*ਸਵਾਲ—ਬਾਪੂ ਜੀ, ਆਪ ਜੀ ਨੂੰ ਭਾਈ ਮਥਰਾ ਸਿੰਘ ਦੇ ਸ਼ਹੀਦ ਹੋ ਜਾਣ ਦਾ ਪਤਾ ਕਦੋਂ ਤੇ ਕਿਵੇਂ ਲੱਗਾ?*

ਜਵਾਬ—1 ਜੁਲਾਈ 1987 ਦਿਨ ਬੁੱਧਵਾਰ, ਰੋਟੀ-ਪਾਣੀ ਛਕ ਕੇ ਅਸੀਂ ਸਾਰਾ ਪਰਿਵਾਰ ਮਥਰਾ (ਯੂ.ਪੀ.) ਵਾਲੇ ਸਰਕਾਰੀ ਕੁਆਰਟਰ ਵਿਚ ਰਾਤ 9 ਵਜੇ ਟੈਲੀਵਿਯਨ ਤੋਂ ਖ਼ਬਰਾਂ ਵੇਖ ਰਹੇ ਸੀ ਤਾਂ ਹਿੰਦੀ ਸਮਾਚਾਰ ਦੀ ਮੁੱਖ ਖ਼ਬਰ, ਚੋਟੀ ਦਾ ਏ ਕਲਾਸ ਦਾ ਖ਼ਾਲਿਸਤਾਨ ਕਮਾਂਡੋ ਫ਼ੋਰਸ ਦਾ ਮਥਰਾ ਸਿੰਘ ਜੰਡਿਆਲਾ ਗੁਰੂ ਥਾਣੇ ਅਧੀਨ ਪਿੰਡ ਮਾਲੂਵਾਲ ਦੇ ਖੇਤਾਂ ਵਿਚ ਪੰਜਾਬ ਪੁਲਿਸ ਨਾਲ ਹੋਏ ਇਕ ਮੁਕਾਬਲੇ ਦੌਰਾਨ ਮਾਰਿਆ ਗਿਆ, ਜਿਸ ਵਿਚ ਦੱਸਿਆ ਜਾ ਰਿਹਾ ਸੀ ਕਿ ਭਾਰਤੀ ਫ਼ੌਜ ਦੇ ਸਾਬਕਾ ਮੁਖੀ ਅਰੁਨ ਵੈਦਿਆ ਨੂੰ ਕਤਲ

ਕਰਨ ਵਿਚ ਉਸ ਦਾ ਦਿਮਾਗ ਕੰਮ ਕਰਦਾ ਸੀ ਤੇ ਇਸ ਵਿਚ ਸ਼ਾਮਲ ਸੀ। ਦਿੱਲੀ ਦੰਗਿਆਂ ਦੇ ਦੋਸ਼ੀਆਂ ਤੇ ਕਈ ਕੁਝ ਦੱਸ ਰਹੇ ਸੀ। ਟੈਲੀਵਿਯਨ 'ਤੇ ਤਸਵੀਰ ਦਿਖਾਈ ਗਈ ਸੀ।

*ਸਵਾਲ—ਬਾਪੂ ਜੀ, ਇਸ ਤੋਂ ਬਾਅਦ ਆਪ ਜੀ ਨੇ ਕਿਸ ਤਰ੍ਹਾਂ ਮਹਿਸੂਸ ਕੀਤਾ?*

ਜਵਾਬ—ਪੁੱਤਰ, ਅਸੀਂ ਮਹਿਸੂਸ ਕੀ ਕਰਨਾ ਸੀ। ਹਰਵਿੰਦਰ ਸਿੰਘ ਜੋ ਮਥਰਾ ਸਿੰਘ ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਜਿਸ ਰਸਤੇ 'ਤੇ ਉਹ ਤੁਰ ਰਿਹਾ ਸੀ, ਉਸ ਤੋਂ ਵਾਪਸ ਵੀ ਨਹੀਂ ਸੀ ਆ ਸਕਦਾ। ਕੌਮੀ ਯੁੱਧ ਵਿਚ ਤੁਰੇ ਜੁਝਾਰੂ ਦਾ ਅੰਤ ਇਸੇ ਤਰ੍ਹਾਂ ਹੀ ਹੋਇਆ ਕਰਦਾ ਹੈ। ਜੁਝਾਰੂ ਇਕ ਧਿਰ ਦਾ ਹੀਰੋ ਹੁੰਦਾ ਹੈ, ਇਕ ਧਿਰ ਦਾ ਕਾਤਲ। ਸਰਕਾਰ ਜੁਝਾਰੂਆਂ ਨੂੰ ਅੱਤਵਾਦੀ, ਕਾਤਲ, ਲੁਟੇਰੇ, ਧਾੜਵੀ ਪ੍ਰਚਾਰਦੀ ਹੈ, ਉਹ ਬਾਗ਼ੀ ਸਮਝਦੀ ਹੈ। ਬਾਗ਼ੀ ਕੌਮੀ ਕਾਜ ਲਈ ਆਪਣੇ ਭਾਈਚਾਰੇ ਦੇ ਸਵੈਮਾਣ ਦੀ ਬਹਾਲੀ ਲਈ ਸਿਰਾਂ 'ਤੇ ਕਫਨ ਬੰਨ੍ਹ ਕੇ ਜ਼ੁਲਮ ਅਤੇ ਜ਼ਾਲਮ ਵਿਰੁੱਧ ਜੂਝਦਾ ਹੈ। ਬਾਗ਼ੀ ਸਿੰਘ ਪੈਸੇ ਨਾਲ ਵਿਕਦਾ ਨਹੀਂ, ਮੌਤ ਤੋਂ ਡਰਦਾ ਨਹੀਂ, ਉਸ ਦਾ ਸਿਰ ਕੱਟਿਆ ਤਾਂ ਜਾਂਦਾ ਹੈ ਪਰ ਜ਼ੁਲਮ ਅੱਗੇ ਝੁਕਦਾ ਨਹੀਂ। ਸ਼ਹੀਦ ਦੀ ਸ਼ਹਾਦਤ ਤੋਂ ਬਾਅਦ ਰੋਣਾ ਸ਼ਹੀਦ ਦੀ ਸ਼ਹਾਦਤ ਦਾ ਅਪਮਾਨ ਹੈ। ਮੈਂ ਮਥਰਾ ਤੋਂ ਪੰਜਾਬ ਪਿੰਡ ਮਧਰਾ ਆ ਗਿਆ ਤੇ ਭਾਈ ਮਥਰਾ ਸਿੰਘ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਰਖਾ ਕੇ ਪਿੰਡ ਮਧਰਾ 'ਚ ਭੋਗ ਪਵਾਇਆ।

*ਸਵਾਲ—ਬਾਪੂ ਜੀ, ਭੋਗ ਪਾਉਣ 'ਤੇ ਸਰਕਾਰ ਨੇ ਕੋਈ ਰੁਕਾਵਟ ਤਾਂ ਨਹੀਂ ਸੀ ਪਾਈ ਤੇ ਭੋਗ 'ਤੇ ਰਿਸ਼ਤੇਦਾਰਾਂ ਤੋਂ ਇਲਾਵਾ ਕੋਈ ਹੋਰ ਵੀ ਅੰਤਮ ਅਰਦਾਸ ਵਿਚ ਸ਼ਾਮਲ ਹੋਇਆ ਸੀ?*

ਜਵਾਬ—ਸਾਨੂੰ ਘਰ ਵਿਚ ਮਥਰਾ ਸਿੰਘ ਨਮਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ੍ਰੀ ਅਖੰਡ ਪਾਠ ਆਰੰਭ ਕਰਨ ਵੇਲੇ ਤਾਂ ਕਿਸੇ ਨਹੀਂ ਰੋਕਿਆ, ਭਾਰੀ ਇਕੱਠ ਹੋਣ ਦੀ ਸੰਭਾਵਨਾ ਸੀ। ਲੰਗਰ ਤੇ ਚਾਹ-ਪਾਣੀ ਦਾ ਤਾਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪ੍ਰਬੰਧ ਕਰ ਲਿਆ ਸੀ। ਭੋਗ ਵਾਲੇ ਦਿਨ 10 ਜੁਲਾਈ 1987 ਦਿਨ ਸ਼ੁਕਰਵਾਰ ਨੂੰ ਇਲਾਕੇ ਦੀ ਹਰ ਸੜਕ ਤੇ ਮੋੜ ਨੂੰ ਪੁਲਿਸ ਨੇ ਘੇਰ ਲਿਆ ਸੀ। ਲੋਕਾਂ ਨੂੰ ਪਿੰਡ ਵਿਚ ਨਾ ਵੜਨ ਦਿੱਤਾ ਗਿਆ, ਰੋਕੀ ਰੱਖਿਆ। ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਦੋ ਸੇਵਾਦਾਰਾਂ ਨਾਲ ਭੋਗ ਦੀ ਅੰਤਮ ਅਰਦਾਸ ਕਰਨ ਵੇਲੇ ਸ਼ਾਮਲ ਹੋਏ। ਕਾਰ ਸੇਵਾ ਵਾਲੇ ਲਾਂਗਰੀ ਦੇ ਭੇਸ ਵਿਚ ਜਨਰਲ ਬ੍ਰਹਮਾ (ਜਥੇਦਾਰ ਅਵਤਾਰ ਸਿੰਘ ਬ੍ਰਹਮਾ) ਲੰਗਰ ਤਿਆਰ ਕਰਦਾ ਰਿਹਾ। ਭਾਈ ਲਾਭ ਸਿੰਘ ਦੋ ਮੁੰਡਿਆਂ ਨਾਲ ਸਕੂਲ ਦਾ ਬੀ.ਓ. ਬਣ ਕੇ ਆਇਆ ਤੇ ਜ਼ਿਆਦਾ ਸਖਤਾਈ ਵੇਖ ਕੇ ਸਕੂਲਾਂ ਵਿਚੋਂ ਹੀ ਗੇੜਾ ਮਾਰ ਕੇ ਮੁੜ ਗਿਆ। ਭਾਈ ਮਥਰਾ ਸਿੰਘ ਦਾ

ਨਜ਼ਦੀਕੀ ਸਾਥੀ ਸੁਰਿੰਦਰ ਸਿੰਘ ਸ਼ਿੰਦੂ ਉਰਫ਼ ਕੇ.ਸੀ. ਸ਼ਰਮਾ ਬੱਕਰੀਆਂ ਚਾਰਨ ਵਾਲਿਆਂ ਨਾਲ ਰਲ ਕੇ ਆਇਆ। ਮੱਥਾ ਟੇਕ ਕੇ ਘਰੋਂ ਰੋਟੀ ਲੈ ਕੇ ਗਿਆ। ਔਹ ਸਾਹਮਣੇ ਘਰ ਤੋਂ ਦੂਰ (ਹੱਥ ਨਾਲ ਇਸ਼ਾਰਾ ਕਰ ਕੇ) ਬੱਕਰੀਆਂ ਚਾਰਨ ਵਾਲੇ ਵਾਗੀ ਸੀ, ਉਹਦੇ ਲੀੜੇ ਕੱਪੜੇ ਤੇ ਮੋਢੇ ਝੋਲਾ ਪਤੀਲੀ ਵੇਖ ਕੇ ਕੋਈ ਸ਼ੱਕ ਹੀ ਨਹੀਂ ਸੀ ਕਰ ਸਕਦਾ ਕਿ ਇਹ ਜੁਝਾਰੂ ਹੋਵੇਗਾ। ਇਹ ਸਾਡੇ ਕੋਲ ਗੁਹਾਟੀ (ਅਸਾਮ) ਤੇ ਮਥਰਾ (ਯੂ.ਪੀ.) ਮਥਰਾ ਸਿੰਘ ਨਾਲ ਕਈ ਵਾਰ ਗਿਆ ਸੀ। ਭਾਈ ਸੁਖਦੇਵ ਸਿੰਘ ਝਾਮਕਾ ਤੇ ਭਾਈ ਜਗੀਰ ਸਿੰਘ ਬੁਲਾਰਾ ਪੰਥਕ ਕਮੇਟੀ ਝੋਨਾ ਲਾਉਣ ਵਾਲਿਆਂ ਦੇ ਭੇਸ ਵਿਚ ਪਿੰਡ ਦੇ ਲਾਗੇ ਪਹੁੰਚ ਗਏ। ਸ਼ਾਮ ਨੂੰ ਜਦੋਂ ਪੁਲਿਸ ਤੇ ਸੀ.ਆਰ.ਪੀ. ਚਲੀ ਗਈ ਸੀ ਤਾਂ ਘਰ ਵਿਚ ਜੁਝਾਰੂ ਸਿੰਘਾਂ ਦਾ ਹੜ੍ਹ ਆ ਗਿਆ, ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸਤਨਾਮ ਸਿੰਘ ਬਾਵਾ ਹਸਪਤਾਲ ਦੇ ਕੰਧਾਂ ’ਤੇ ਬੋਰਡ ਲਿਖਣ ਵਾਲੇ, ਹੱਥਾਂ ਵਿਚ ਰੰਗ ਰੋਗਨ ਵਾਲੀਆਂ ਪੀਪੀਆਂ ਤੇ ਬੁਰਸ਼ ਫੜ ਕੇ, ਆਟੋ ਰਿਕਸ਼ਾ ਲੈ ਕੇ, ਲਿਖਦੇ, ਘੁੰਮਦੇ ਰਹੇ। ਪੁਲਿਸ ਚਲੀ ਜਾਣ ’ਤੇ ਇਲਾਕੇ ਵਿਚ ਦੂਰ-ਨੇੜੇ ਬੈਠੇ ਹਥਿਆਰਬੰਦ ਸਿੰਘ ਵੀ ਵੱਡੀ ਗਿਣਤੀ ਵਿਚ ਸਾਨੂੰ ਕਵਾਉਣ ਲਈ ਤੇ ਹਮਦਰਦੀ ਪ੍ਰਗਟ ਕਰਨ ਆਏ। ਪ੍ਰਸ਼ਾਦਾ ਪਾਣੀ ਛਕ ਕੇ ਗਏ। ਭੋਗ ’ਤੇ ਆਉਣ ਤੋਂ ਦਮਦਮੀ ਟਕਸਾਲ ਦੇ ਜਥੇ ਨੂੰ ਪੁਲਿਸ ਨੇ ਮਹਿਤੇ ਹੀ ਰੋਕ ਲਿਆ ਸੀ। ਬਾਬਾ ਗੁਰਬਚਨ ਸਿੰਘ ਮਾਣੋਚਾਹਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ (ਜੁਝਾਰੂ ਜਥੇਬੰਦੀਆਂ ਵੱਲੋਂ ਥਾਪੇ ਗਏ ਸਨ) ਭੋਗ ਤੋਂ ਕੁਝ ਦਿਨ ਬਾਅਦ ਘਰ ਹਮਦਰਦੀ ਪ੍ਰਗਟ ਕਰਨ ਆਏ ਸਨ।

*ਸਵਾਲ—ਬਾਪੂ ਜੀ, ਚੋਟੀ ਦੇ ਜੁਝਾਰੂ ਸਿੰਘਾਂ ਵੱਲੋਂ ਸਰਕਾਰ ਦੀ ਪੁਲਿਸ, ਸੀ.ਆਰ.ਪੀ. ਦੀ ਇਤਨੀ ਸਖ਼ਤੀ ਹੋਣ ਦੇ ਬਾਵਜੂਦ ਆਂਪਣੇ ਆਪ ਨੂੰ ਖ਼ਤਰੇ ਵਿਚ ਪਾਉਣਾ ਤੇ ਭਾਈ ਮਥਰਾ ਸਿੰਘ ਦੀ ਅੰਤਮ ਅਰਦਾਸ ਵਿਚ ਸ਼ਾਮਲ ਹੋਣ ਦੀ ਤਾਂਘ ਨੂੰ ਤੁਸੀਂ ਕਿਸ ਤਰ੍ਹਾਂ ਮਹਿਸੂਸ ਕਰਦੇ ਹੋ?*

ਜਵਾਬ—ਪੁੱਤਰ, ਤੂੰ ਸਵਾਲ ਬੜਾ ਵੱਡਾ ਕੀਤਾ। ਮਥਰਾ ਸਿੰਘ ਦੀ ਸ਼ਹੀਦੀ ਤੋਂ ਬਾਅਦ ਮੈਂ (ਸ਼ਹੀਦ) ਭਾਈ ਸੁਖਦੇਵ ਸਿੰਘ ਸੁੱਖਾ (ਰਾਜਸਥਾਨੀ) ਦੀ ਪੂਨਾ ਜੇਲ੍ਹ ਵਿਚ ਮੁਲਾਕਾਤ ਕਰਨ ਗਿਆ ਸੀ ਤੇ ਉਸ ਨੇ ਮੁਲਾਕਾਤ ਦੌਰਾਨ ਗੱਲਬਾਤ ਕਰਦਿਆਂ ਮੈਨੂੰ ਦੱਸਿਆ ਸੀ ਕਿ ਬਾਪੂ ਜੀ, ਮਥਰਾ ਸਿੰਘ ਸਿੱਖਾਂ ਦੀ ਆਜ਼ਾਦੀ ਦੇ ਸੰਘਰਸ਼ ਵਿਚ ਸਾਧਾਰਨ ਜੁਝਾਰੂ ਨਹੀਂ ਸੀ, ਮਥਰਾ ਸਿੰਘ ਬਾਜ਼ ਵਰਗੇ ਸੁਭਾਅ ਦਾ ਆਜ਼ਾਦ ਪੰਛੀ, ਖੁੱਲ੍ਹੇ ਅਕਾਸ਼ ਵਿਚ ਉੱਚੀਆਂ ਉਡਾਰੀਆਂ ਮਾਰਨ ਵਾਲਾ ਸੀ। ਬਾਜ਼ ਵਾਂਗ ਇਕੱਲਾ ਹੀ ਸ਼ਿਕਾਰ ਦੀ ਭਾਲ ਕਰਦਾ ਰਹਿੰਦਾ ਸੀ, ਵਾਹਿਗੁਰੂ-ਵਾਹਿਗੁਰੂ ਤੇ ਮੂਲ ਮੰਤਰ ਦਾ ਜਾਪ ਕਰਦਾ ਰਹਿੰਦਾ ਸੀ। ਮਥਰਾ ਸਿੰਘ ਯੋਜਨਾ ਬਣਾਉਂਦਾ ਸੀ, ਸਾਥੀਆਂ ਨਾਲ ਸਲਾਹ ਕਰ ਕੇ ਸਾਜ਼ਿਸ਼ ਨਹੀਂ

ਸੀ ਰਚਦਾ। ਯੋਜਨਾ ਨੂੰ ਸਰਅੰਜ਼ਾਮ ਦੇਣ ਲਈ ਕਮਾਂਡਰ ਦੀ ਹੈਸੀਅਤ ਵਿਚ ਕਿਸੇ ਵੀ ਸਾਥੀ ਦੀ ਆਪ ਚੋਣ ਕਰਕੇ ਐਕਸ਼ਨ ਕਰ ਕੇ ਮੁੜਦਾ ਸੀ ਤੇ ਸਾਥੀਆਂ ਨੂੰ ਐਕਸ਼ਨ ਕਰਨ ਦਾ ਸ਼ਿਕਾਰ ਮਾਰ ਹੇਠ ਆਉਣ 'ਤੇ ਹੁਕਮ ਦਿੰਦਾ ਸੀ, ਪਹਿਲਾਂ ਪਤਾ ਨਹੀਂ ਸੀ ਹੁੰਦਾ ਕਿ ਕੀ ਹੋਣ ਜਾ ਰਿਹਾ ਹੈ। ਜਨਰਲ ਵੈਦਿਆ, ਅਰਜਨ ਦਾਸ ਐਮ.ਪੀ. ਦਿੱਲੀ, ਲਲਿਤ ਮਾਕਨ ਐਮ.ਪੀ. (ਦਿੱਲੀ ਕਤਲੇਆਮ ਦੇ ਦੋਸ਼ੀ), ਪੰਜਾਬ ਜੇਲ੍ਹਾਂ ਦੇ ਡੀ.ਜੀ. ਕਟੋਚ (ਚੰਡੀਗੜ੍ਹ), ਲਾਲਾ ਰਮੇਸ਼ ਚੰਦਰ (ਜੱਗਬਾਣੀ) ਨੂੰ ਸੋਧਣ ਅਤੇ ਜਿੰਦੇ ਨੂੰ ਅਹਿਮਦਾਬਾਦ (ਗੁਜਰਾਤ) ਪੁਲਿਸ ਹਿਰਾਸਤ ਵਿਚੋਂ ਛੁਡਾਉਣ ਪਿੱਛੇ ਭਾਈ ਮਥਰਾ ਸਿੰਘ ਦਾ ਦਿਮਾਗ ਕੰਮ ਕਰਦਾ ਸੀ। ਉਹ ਆਪਣੇ ਆਪ ਨੂੰ ਛੁਪਾ ਕੇ ਰੱਖਦਾ ਸੀ, ਅਸਲ ਨਾਂ ਹਰਵਿੰਦਰ ਸਿੰਘ 'ਤੇ ਇਕ ਵੀ ਜ਼ਿੰਮੇਵਾਰੀ ਨਹੀਂ ਲਈ। ਸੁੱਖੇ ਨੇ ਹੋਰ ਦੱਸਿਆ ਕਿ ਭਾਈ ਮਥਰਾ ਸਿੰਘ ਦੀ ਸ਼ਹੀਦੀ ਤੋਂ ਬਾਅਦ ਸਾਡੇ ਮਿਥੇ ਕੰਮ ਅਧੂਰੇ ਹੀ ਰਹਿ ਗਏ। ਭਾਈ ਜਗੀਰ ਸਿੰਘ (ਸ਼ਹੀਦ ਕਾਲੀ ਗਰਜ ਮਈ 1988) ਬੁਲਾਰਾ ਪੰਥਕ ਕਮੇਟੀ ਨੇ ਦੱਸਿਆ ਸੀ ਕਿ ਬਾਪੂ ਜੀ 30 ਜੂਨ 1987 ਦੀ ਰਾਤ ਨੂੰ 10 ਵਜੇ ਸ੍ਰੀ ਹਰਿਮੰਦਰ ਸਾਹਿਬ ਦੀਆਂ ਸਾਰੀਆਂ ਬੱਤੀਆਂ ਬੁਝ ਗਈਆਂ, ਜੋ ਸਾਰੇ ਸੇਵਾਦਾਰਾਂ ਤੇ ਸੂਝਵਾਨਾਂ ਲਈ ਬੜੀ ਚਿੰਤਾ ਵਾਲੀ ਗੱਲ ਸੀ। ਠੀਕ ਇਸੇ ਟਾਈਮ 'ਤੇ ਭਾਈ ਮਥਰਾ ਸਿੰਘ ਜੀ ਨੂੰ ਜੰਡਿਆਲਾ ਗੁਰੂ ਥਾਣੇ ਅੰਦਰ ਪੁੜਪੜੀ ਵਿਚ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ ਸੀ ਤੇ ਇਸੇ ਰਾਤ ਮਾਲੂਵਾਲ ਦੇ ਖੇਤਾਂ ਵਿਚ ਲਿਜਾ ਕੇ ਹੋਰ ਗੋਲੀਆਂ ਨਾਲ ਵਿੰਨ੍ਹ ਕੇ ਮੁਕਾਬਲੇ ਦੀ ਕਹਾਣੀ ਘੜੀ ਗਈ ਸੀ।

ਸ਼ਹੀਦ ਭਾਈ ਮਥਰਾ ਸਿੰਘ ਦਾ ਸਿੱਖੀ ਲਈ ਕੁਰਬਾਨੀ, ਜਜ਼ਬਾਤ ਤੇ ਤਿਆਗ ਦੀ ਭਾਵਨਾ ਨੇ ਜੁਝਾਰੂ ਸਿੰਘਾਂ ਦੇ ਦਿਲਾਂ ਅੰਦਰ ਸਨੇਹ, ਪਿਆਰ ਤੇ ਵੈਰਾਗ ਕਾਰਨ ਹੀ ਵਿੱਛੜੇ ਸਾਥੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਜੁਝਾਰੂ ਸਿੰਘਾਂ ਦੇ ਆਪ-ਮੁਹਾਰੇ ਕਦਮ ਪਿੰਡ ਚੌੜਾ ਮਧਰਾ ਵੱਲ ਵਧਦੇ ਸਨ।

*ਸਵਾਲ—ਬਾਪੂ ਜੀ, ਭਾਈ ਹਰਵਿੰਦਰ ਸਿੰਘ ਉਰਫ਼ ਭਾਈ ਮਥਰਾ ਸਿੰਘ ਦੀ ਸ਼ਹੀਦੀ 'ਤੇ ਜੁਝਾਰੂ ਸਿੰਘਾਂ ਦਾ ਕੀ ਪ੍ਰਤੀਕਰਮ ਸੀ?*

ਜਵਾਬ—ਮਥਰਾ ਸਿੰਘ ਦੀ ਸ਼ਹੀਦੀ (ਝੂਠੇ ਪੁਲਿਸ ਮੁਕਾਬਲੇ) ਤੋਂ ਬਾਅਦ ਖਾੜਕੂ ਸਿੰਘਾਂ ਵੱਲੋਂ ਲਾਲੜੂ ਅਤੇ ਫ਼ਤਿਆਬਾਦ (ਹਰਿਆਣਾ) ਦੋ ਥਾਵਾਂ 'ਤੇ ਬੱਸ ਕਾਂਡ ਕੀਤੇ ਗਏ, ਜਿਸ ਵਿਚ ਇਕ ਫ਼ਿਰਕੇ ਦੇ ਬੱਸ ਮੁਸਾਫ਼ਰ ਕਤਲ ਕੀਤੇ ਗਏ। ਮਥਰਾ ਸਿੰਘ ਦੀ ਸ਼ਹੀਦੀ ਦੇ ਰੋਸ ਵਜੋਂ ਰੋਹ ਦਾ ਪ੍ਰਗਟਾਵਾ ਸੀ।

*ਸਵਾਲ—ਬਾਪੂ ਜੀ, ਆਪ ਜੀ ਅੱਜ ਕੱਲ੍ਹ ਕਿਵੇਂ ਵਕਤ ਲੰਘਾ ਰਹੇ ਹੋ?*

ਜਵਾਬ—ਪੁੱਤਰ, ਮੈਂ ਸਰਕਾਰੀ ਨੌਕਰੀ ਤੋਂ ਰਿਟਾਇਰ ਹੋ ਗਿਆ ਹਾਂ। ਵੱਡਾ ਪੁੱਤਰ ਸਤਨਾਮ ਸਿੰਘ ਤੇਲ ਸੋਧਕ ਕਾਰਖ਼ਾਨੇ ਬਠਿੰਡੇ ਵਿਚ ਇੰਜੀਨੀਅਰ ਦੀਆਂ ਸੇਵਾਵਾਂ ਨਿਭਾਅ ਰਿਹਾ ਹੈ। ਹਫ਼ਤੇ ਪਿੱਛੋਂ ਮਿਲ ਜਾਂਦਾ ਹੈ। ਮੈਂ ਤੇ ਮਥਰਾ

ਸਿੰਘ ਦੀ ਮਾਂ ਗੁਰਮੇਜ ਕੌਰ ਪਿੰਡ ਮਧਰਾ (ਗੁਰਦਾਸਪੁਰ) ਰਹਿੰਦੇ ਹਾਂ। ਜੇ ਕਿਸੇ ਸ਼ਹੀਦ ਸਿੰਘਾਂ ਦੇ ਸ਼ਹੀਦੀ ਸਮਾਗਮ 'ਤੇ ਸੰਗਤ ਯਾਦ ਕਰਦੀ ਹੈ ਤਾਂ ਸੰਗਤਾਂ ਦੇ ਦਰਸ਼ਨ ਕਰ ਆਈਦੇ ਹਨ। ਦਲ ਖ਼ਾਲਸਾ ਨੇ ਮੈਨੂੰ ਸ੍ਰੀ ਹਰਿਗੋਬਿੰਦਪੁਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲੜਾਈ, ਸਿੱਖ ਸੰਗਤਾਂ ਨੇ ਬੜਾ ਪਿਆਰ, ਸਤਿਕਾਰ ਤੇ ਸਹਿਯੋਗ ਦਿੱਤਾ। ਮੈਂ ਸਿੱਖ ਸੰਗਤਾਂ ਦਾ ਦਿਲੋਂ ਧੰਨਵਾਦੀ ਹਾਂ। ਜਿੱਤ-ਹਾਰ ਤਾਂ ਬਣੀ ਹੀ ਹੋਈ ਹੈ।

*ਸਵਾਲ—ਬਾਪੂ ਜੀ, ਕੋਈ ਸਿੱਖ ਕੌਮ ਨੂੰ ਸੁਨੇਹਾ ਦੇਣਾ ਚਾਹੋਗੇ?*

ਜਵਾਬ—ਸਿੱਖ ਕੌਮ ਨੂੰ ਮੈਂ ਅਪੀਲ ਕਰਦਾ ਹਾਂ ਕਿ ਨਿੱਜੀ ਗਰਜਾਂ ਤੋਂ ਉਪਰ ਉਠੋ, ਬਾਦਲ ਅਕਾਲੀ ਦਲ ਤੋਂ ਸਿੱਖ ਕੌਮ ਦਾ ਖਹਿੜਾ ਛੁਡਾਉ। ਨੌਜਵਾਨ ਜੋ ਲੰਮੇ ਸਮੇਂ ਤੋਂ ਜੇਲ੍ਹਾਂ ਵਿਚ ਨਰਕ ਦੀ ਜ਼ਿੰਦਗੀ ਭੋਗ ਰਹੇ ਹਨ, ਉਹਨਾਂ ਨੂੰ ਰਿਹਾਅ ਕਰਵਾਈਏ ਤੇ ਸ਼ਹੀਦ ਸਿੰਘਾਂ ਦੇ ਅਧੂਰੇ ਕਾਜ ਨੂੰ ਪੂਰਾ ਕਰੀਏ। ਖ਼ਾਲਿਸਤਾਨ ਦੀ ਸਥਾਪਨਾ ਲਈ ਸਿੱਖ ਸੰਘਰਸ਼ ਨੂੰ ਜਮਹੂਰੀ ਤਰੀਕੇ ਨਾਲ ਅੱਗੇ ਤੋਰੀਏ, ਪੰਜਾਬ ਦੀ ਧਰਤੀ 'ਤੇ ਖ਼ਾਲਸੇ ਦੇ ਬੋਲ-ਬਾਲੇ ਹੋਣ, ਹਰ ਕਿਰਤੀ ਨੂੰ ਰੱਜਵੀਂ ਰੋਟੀ ਮਿਲੇ, ਹਰ ਇਕ ਨੂੰ ਆਪਣਾ ਧਰਮ ਮੰਨਣ ਦੀ ਖੁੱਲ੍ਹ ਹੋਵੇ। ਕਿਸੇ ਨਾਲ ਕੋਈ ਜ਼ਾਤੀ ਵਿਤਕਰਾ ਨਾ ਹੋਵੇ। ਹੱਕ-ਸੱਚ ਤੇ ਇਨਸਾਫ਼ ਦਾ ਰਾਜ ਹੋਵੇ। ਸਿੱਖ ਕੌਮ ਨੂੰ ਮੇਰੀ ਫ਼ਤਹਿ ਪ੍ਰਵਾਨ ਹੋਵੇ—ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।

***

# ਸ਼ਹੀਦ ਭਾਈ ਗੁਰਨਾਮ ਸਿੰਘ ਪਹਿਲਵਾਨ ਸੁਲਤਾਨਵਿੰਡ ਡਿਪਟੀ ਮੁਖੀ-ਖ਼ਾਲਿਸਤਾਨ ਕਮਾਂਡੋ ਫ਼ੋਰਸ

ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਨਹਿਰ ਦੇ ਕੰਢੇ ਵਸੇ ਪਿੰਡ ਸੁਲਤਾਨਵਿੰਡ ਜੋ ਹੁਣ ਅੰਮ੍ਰਿਤਸਰ ਸ਼ਹਿਰ ਦਾ ਹੀ ਹਿੱਸਾ ਹੈ, ਦਾ ਸਿੱਖ ਕੌਮ ਦੇ ਅਜ਼ਾਦੀ ਦੇ ਸੰਘਰਸ਼ ਵਿਚ ਬੜਾ ਵੱਡਾ ਯੋਗਦਾਨ ਹੈ। ਮੌਜੂਦਾ ਖ਼ਾਲਸਾ ਸੰਘਰਸ਼ ਦੌਰਾਨ ਪਿੰਡ ਸੁਲਤਾਨਵਿੰਡ ਦੇ ਇਨਾਮੀ ਚੋਟੀ ਜੁਝਾਰੂ ਜਰਨੈਲ ਹੋਏ ਹਨ। ਖ਼ਾਲਿਸਤਾਨੀ ਲਹਿਰ 'ਚ ਛਾਏ ਰਹੇ ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ, ਪੰਥਕ ਕਮੇਟੀ ਮੈਂਬਰ ਭਾਈ ਹਰਮੰਦਰ ਸਿੰਘ ਸੁਲਤਾਨਵਿੰਡ ਨੇ ਪਿੰਡ ਸੁਲਤਾਨਵਿੰਡ ਨੂੰ ਦੁਨੀਆ ਭਰ 'ਚ ਪ੍ਰਸਿੱਧੀ ਦਿਵਾਈ ਹੈ। ਪਿੰਡ ਸੁਲਤਾਨਵਿੰਡ ਦੇ ਪੰਜਾਹ ਤੋਂ ਵਧੇਰੇ ਸੂਰਮੇ ਖ਼ਾਲਸਾ ਹਲੀਮੀ ਰਾਜ ਦੀ ਸਥਾਪਨਾ ਲਈ ਜ਼ਾਲਮ ਹਕੂਮਤ ਨਾਲ ਟੱਕਰ ਲੈਂਦੇ ਹੋਏ ਸ਼ਹੀਦ ਹੋਏ ਹਨ, ਇਨ੍ਹਾਂ ਸ਼ਹੀਦ ਸੂਰਮੇ ਬਹਾਦਰ ਸਿੰਘਾਂ ਵਿੱਚੋਂ ਹੀ ਹੋਏ ਹਨ ਭਾਈ ਰਾਜਵਿੰਦਰ ਸਿੰਘ ਰਾਜੂ। ਭਾਈ ਰਾਜਵਿੰਦਰ ਸਿੰਘ ਰਾਜੂ ਉਰਫ਼ ਡਿਪਟੀ ਜਨਰਲ ਭਾਈ ਗੁਰਨਾਮ ਸਿੰਘ ਪਹਿਲਵਾਨ ਦਾ ਜਨਮ 23 ਫ਼ਰਵਰੀ 1966 ਨੂੰ ਪਿਤਾ ਸ: ਅਮਰੀਕ ਸਿੰਘ ਦੇ ਘਰ ਮਾਤਾ ਗੁਰਦੀਪ ਕੌਰ ਦੀ ਕੁੱਖੋਂ ਪਿੰਡ ਸੁਲਤਾਨਵਿੰਡ (ਅੰਮ੍ਰਿਤਸਰ) ਵਿਖੇ ਹੋਇਆ। ਆਪ ਦੇ ਭਰਾ ਦਾ ਨਾਂ ਬਿਕਰਮਜੀਤ ਸਿੰਘ ਸੀ, ਉਹ ਵੀ ਸਿੱਖ ਸੰਘਰਸ਼ ਵਿਚ ਜੂਝਦਿਆਂ 4 ਸਤੰਬਰ 1990 ਨੂੰ ਪਿੰਡ ਜਸਪਾਲ ਨੇੜੇ ਹਿੰਦੁਸਤਾਨ ਦੇ ਸੁਰੱਖਿਆ ਬਲਾਂ ਨਾਲ ਮੁਕਾਬਲੇ 'ਚ ਸ਼ਹੀਦ ਹੋ ਗਿਆ ਹੈ। ਭਾਈ ਗੁਰਨਾਮ ਸਿੰਘ ਮਾਪਿਆਂ ਦਾ ਲਾਡਲਾ ਸਪੁੱਤਰ ਸੀ, ਖੇਡਾਂ ਵਿਚ ਬਹੁਤ ਅੱਵਲ ਦਰਜੇ ਦਾ ਫੁਰਤੀਲਾ ਸੀ, ਜਿਸ ਕਰਕੇ ਮਿੱਤਰ ਸੁਨੇਹੀ ਪਹਿਲਵਾਨ ਕਹਿ ਕੇ ਬੁਲਾਉਂਦੇ ਸਨ। ਮਾਤਾ-ਪਿਤਾ ਨੇ ਉਚੇਰੀ ਵਿਦਿਆ ਦਿਵਾਈ ਤੇ ਡਾਕਟਰ ਬਣਾਉਣਾ ਚਾਹੁੰਦੇ ਸਨ, ਭਾਈ ਗੁਰਨਾਮ ਸਿੰਘ ਨੇ ੧੯੮੬ ਵਿਚ ਪ੍ਰੀ-ਮੈਡੀਕਲ ਪਾਸ ਕਰਨ ਤੋਂ ਬਾਅਦ ਦਾਖ਼ਲਾ ਟੈਸਟ ਪਾਸ ਕੀਤਾ। ਬੀ.ਐੱਸ.ਸੀ. ਮੈਡੀਕਲ ਵਿਚ ਦਾਖਲਾ ਲਿਆ, ਇਹਨੀਂ ਦਿਨੀਂ ਆਪ ਦੇ ਚਾਚਾ ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ ਨੇ ਸਿੱਖ ਸੰਘਰਸ਼ ਵਿਚ ਪੂਰੀ ਧੁੰਮ ਪਾਈ ਹੋਈ ਸੀ। ਪੰਜਾਬ ਪੁਲਿਸ ਭਾਈ ਕੰਵਰਜੀਤ ਸਿੰਘ ਦੀ ਸੂਹ ਕੱਢਣ, ਭਾਈ ਰਾਜਵਿੰਦਰ ਸਿੰਘ ਉਰਫ਼ ਡਾ: ਗੁਰਨਾਮ ਸਿੰਘ ਪਹਿਲਵਾਨ ਨੂੰ ਫੜ ਕੇ ਪੁੱਛਗਿੱਛ ਕਰਨ ਲਈ ਪੁਲਿਸ ਛਾਪੇ ਮਾਰਨ ਲੱਗੀ ਤਾਂ ਆਪ ਵਕਤ ਦੀ ਵਿਚਾਰ ਕਰਕੇ ਸਿੱਖ ਸੰਘਰਸ਼ ਵਿਚ ਕੁੱਦ ਪਏ। ਉੱਚੀ ਸੋਚ ਦੇ ਜੁਝਾਰੂ ਸਿੰਘਾਂ ਦੀ ਸੰਗਤ ਕਰਕੇ ਆਪ ਸਿੱਖ ਸੰਘਰਸ਼ ਦੇ ਨੀਤੀਵਾਨ ਜੁਝਾਰੂ ਸਿੰਘਾਂ ਦੀ ਪ੍ਰਮੁੱਖ ਹਸਤੀ ਮੰਨੇ

ਜਾਣ ਲੱਗੇ। ਭਾਈ ਗੁਰਨਾਮ ਸਿੰਘ ਪਹਿਲਵਾਨ, ਜਨਤਕ ਥਾਵਾਂ 'ਤੇ ਬੰਬ ਧਮਾਕੇ, ਭਰੇ ਬਜ਼ਾਰ 'ਚ ਅੰਨ੍ਹੇਵਾਹ ਫਾਇਰਿੰਗ ਕਰ ਕੇ ਬੇਦੋਸ਼ਿਆਂ ਦੇ ਮਾਰਨ, ਮੁਖਬਰੀ ਦੇ ਨਾਂ ਤੇ ਸਿੱਖ ਪਰਿਵਾਰਾਂ ਦਾ ਘਾਣ ਕਰਨ ਦੇ ਵਿਰੋਧੀ ਸਨ। ਆਪ ਦਾ ਵਿਚਾਰ ਸੀ ਕਿ ਖਾੜਕੂ ਕਾਰਨਾਮਾ ਉਹ ਕੀਤਾ ਜਾਵੇ, ਜਿਸ ਨਾਲ ਦਿੱਲੀ ਦੀ ਹਕੂਮਤ ਦਾ ਮਹੱਲ ਡਿੱਗੇ। ਸਿੱਖ ਪਰਿਵਾਰਾਂ ਤੋਂ ਜਬਰੀ ਫਿਰੌਤੀਆਂ ਲੈਣ ਦੇ ਵਿਰੋਧੀ ਸਨ, ਸਿੱਖ ਸੰਘਰਸ਼ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਰਕਾਰੀ ਖਜ਼ਾਨੇ, ਬੈਂਕਾਂ ਲੁੱਟਣੀਆਂ ਨੂੰ ਸਹੀ ਮੰਨਦੇ ਸਨ। ਆਪ ਪੂਰੀ ਤਰ੍ਹਾਂ ਸ਼ਹੀਦ ਜਨਰਲ ਲਾਭ ਸਿੰਘ ਦੀ ਵਿਚਾਰਧਾਰਾ ਦੇ ਮੁੱਦਈ ਸਨ, ਆਪ ਮੁਹਾਰੀ ਹਿੰਸਾ ਨੂੰ ਸਖ਼ਤੀ ਨਾਲ ਰੋਕਿਆ। ਲੋਕਾਂ ਦੇ ਨਿੱਜੀ ਝਗੜਿਆਂ ਵਿਚ ਪੈਣ ਤੋਂ ਜੁਝਾਰੂ ਸਿੰਘਾਂ ਨੂੰ ਵਰਜਦੇ ਸਨ। ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ, ਭਾਈ ਨਿਰਮਲ ਸਿੰਘ ਮੀਆਂਵਿੰਡ ਤੇ ਭਾਈ ਗੁਰਨਾਮ ਸਿੰਘ ਇਕ ਸੋਚ ਦੇ ਧਾਰਨੀ ਸਨ ਤੇ ਹਰ ਖਾੜਕੂ ਕਾਰਨਾਮੇ ਨੂੰ ਸੋਚ ਸਮਝ ਕੇ ਵਿਚਾਰ ਕਰਕੇ ਅੰਜ਼ਾਮ ਦੇਂਦੇ ਸਨ। ਸਿੰਘਾਂ ਨੇ ਪੱਕੀ ਧਾਰੀ ਹੋਈ ਸੀ ਕਿ ਜੋ ਵੀ ਸਿੱਖ ਕੌਮ 'ਤੇ ਜ਼ੁਲਮ ਕਰਦਾ, ਸਿੱਖ ਰਾਜ ਦੀ ਸਥਾਪਨਾ ਦਾ ਦੁਸ਼ਮਣ ਹੈ, ਉਸਦਾ ਸਿਰ ਲੈਣਾ ਹੈ ਤੇ ਲੋੜ ਪੈਣ 'ਤੇ ਪਿੱਛੇ ਵੀ ਨਹੀਂ ਹਟਣ ਦੇਣਾ ਹੈ। ਸੰਨ 1988 'ਚ ਹਿੰਦ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਪੰਜਾਬ ਦੇ ਸਿੱਖਾਂ ਨੂੰ ਤਬਾਹ ਕਰਨ ਲਈ ਭਾਖੜਾ ਡੈਮ ਵਿੱਚੋਂ ਪਾਣੀ ਛੱਡਣ ਦਾ ਗੁਪਤ ਰੂਪ ਵਿਚ ਹੁਕਮ ਦਿੱਤਾ ਤਾਂ ਭਾਖੜਾ ਡੈਮ ਦੇ ਮੈਨੇਜਮੈਂਟ ਬੋਰਡ ਦੇ ਚੀਫ਼ ਬੀ.ਐੱਨ. ਕੁਮਾਰ ਨੇ ਇਸ ਉੱਤੇ ਅਮਲ ਕਰਦਿਆਂ, ਬਿਨਾਂ ਚਿਤਾਵਨੀ ਦਿੱਤਿਆਂ ਭਾਖੜਾ ਡੈਮ ਦਾ ਪਾਣੀ ਛੱਡ ਕੇ ਪੰਜਾਬ ਨੂੰ ਤਬਾਹ ਕਰ ਦਿੱਤਾ। ਪੰਜਾਬ ਦੀ ਧਰਤੀ 'ਤੇ ਆਈ ਵੀਹ ਫੁੱਟ ਦੀ ਛੱਲ ਨੇ ਅਚਾਨਕ ਹੀ ਤਬਾਹੀ ਮਚਾ ਦਿੱਤੀ, ਬਹੁ-ਗਿਣਤੀ ਸਿੱਖਾਂ ਦੇ ਘਰ-ਘਾਟ ਤਬਾਹ ਹੋ ਗਏ, ਮਾਲ ਡੰਗਰ ਕਿੱਲਿਆਂ 'ਤੇ ਬੱਝੇ ਹੀ ਡੁੱਬ ਕੇ ਮਾਰ ਗਏ, ਸਿੱਖਾਂ ਦੇ ਬਾਲ ਬੱਚੇ ਵੀ ਰੁੜ੍ਹ ਗਏ, ਵਿਖਾਵੇ ਲਈ ਫੌਜ ਬੁਲਾਈ ਗਈ, ਪਰ ਰੁੜ੍ਹੇ ਜਾਂਦੇ ਸਿੱਖਾਂ ਨੂੰ ਕੱਢਿਆ ਨਹੀਂ ਸੀ ਜਾਂਦਾ। ਇਹ ਹਿੰਦ ਸਰਕਾਰ ਦਾ ਜੂਨ 1984 ਦਾ ਸ੍ਰੀ ਦਰਬਾਰ ਸਾਹਿਬ ਅਤੇ ਪੰਜਾਬ ਦੇ ਹੋਰ ਗੁਰਦੁਆਰਿਆਂ 'ਤੇ ਫੌਜੀ ਘੱਲੂਘਾਰਾ, 31 ਅਕਤੂਬਰ 1984 ਦੇ ਇੰਦਰਾ ਕਤਲ ਤੋਂ ਬਾਅਦ ਨਵੰਬਰ 84 ਦੀ ਸਿੱਖ ਕਤਲੇਆਮ, ਘੱਲੂਘਾਰਾ ਤੋਂ ਬਾਅਦ 1988 'ਚ ਸਿੱਖਾਂ ਨੂੰ ਪੰਜਾਬ ਦੀ ਧਰਤੀ 'ਤੇ ਡੋਬ ਕੇ ਮਾਰਨ ਦਾ ਤੀਜਾ ਘੱਲੂਘਾਰਾ ਸੀ। ਤੀਜੇ ਘੱਲੂਘਾਰਾ ਦਾ ਬਦਲਾ ਲੈਣ ਲਈ ਰੋਸ਼ਨ ਦਿਮਾਗ ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ, ਭਾਈ ਨਿਰਮਲ ਸਿੰਘ ਮੀਆਂਵਿੰਡ ਅਤੇ ਭਾਈ ਗੁਰਨਾਮ ਸਿੰਘ ਪਹਿਲਵਾਨ ਸੁਲਤਾਨਵਿੰਡ ਮੈਦਾਨ ਵਿਚ ਨਿਤਰੇ। 7 ਨਵੰਬਰ 1988 ਨੂੰ ਭਾਖੜਾ ਮੈਨੇਜਮੈਂਟ ਬੋਰਡ ਦੇ ਚੀਫ਼ ਬੀ.ਐੱਨ. ਕੁਮਾਰ ਨੂੰ ਚੰਡੀਗੜ੍ਹ 'ਚ ਗੋਲੀਆਂ ਮਾਰ ਕੇ ਮਾਰ ਦਿੱਤਾ। ਕਿਹਾ ਜਾਂਦਾ ਹੈ ਕਿ ਦੂਜੀ ਪੰਥਕ ਕਮੇਟੀ ਡਾ: ਸੋਹਣ ਸਿੰਘ ਦੀ ਸਥਾਪਨਾ, ਚਾਰ ਖਾੜਕੂ ਜਥੇਬੰਦੀਆਂ ਖ਼ਾਲਿਸਤਾਨ ਲਿਬਰੇਸ਼ਨ, ਫੋਰਸ ਭਾਈ ਗੁਰਜੰਟ ਸਿੰਘ ਬੁੱਧ ਸਿੰਘਵਾਲਾ ਖ਼ਾਲਿਸਤਾਨ ਕਮਾਂਡੋ

ਫੋਰਸ ਸੁਲਤਾਨਵਿੰਡ, ਬੱਬਰ ਖ਼ਾਲਸਾ, ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਸਿਧਾਂਤਕ ਏਕਤਾ ਕਰਾਈ ਤੇ ਡਾ: ਸੋਹਣ ਸਿੰਘ ਦੀ ਅਗਵਾਈ ਹੇਠ ਪੰਜ ਮੈਂਬਰੀ ਪੰਥਕ ਕਮੇਟੀ ਡਾ: ਸੋਹਣ ਸਿੰਘ, ਭਾਈ ਸਤਿੰਦਰਪਾਲ ਸਿੰਘ, ਭਾਈ ਹਰਮਿੰਦਰ ਸਿੰਘ ਸੁਲਤਾਨਵਿੰਡ, ਭਾਈ ਮਹਿਲ ਸਿੰਘ ਬੱਬਰ, ਪ੍ਰਿੰਸੀਪਲ ਅੰਮ੍ਰਿਤ ਸਹਿਬਾਜ਼ ਸਿੰਘ ਦੀ ਅਗਵਾਈ ਹੇਠ ਚਾਰ ਖਾੜਕੂ ਜਥੇਬੰਦੀਆਂ ਨੇ ਖ਼ਾਲਸਾ ਰਾਜ ਦੀ ਸਥਾਪਨਾ ਲਈ ਸਿੱਖ ਸੰਘਰਸ਼ ਨੂੰ ਨਰੋਈ ਸੇਧ ਦੇ ਕੇ ਤਿੱਖਾ ਕੀਤਾ। ਭਾਈ ਗੁਰਨਾਮ ਸਿੰਘ ਪਹਿਲਵਾਨ ਫੁਰਤੀਲੇ, ਜ਼ਾਂਬਾਜ਼ ਯੋਧੇ, ਸਿੱਖ ਸੰਘਰਸ਼ ਦੇ ਰੌਸ਼ਨ ਦਿਮਾਗ ਨੀਤੀਵਾਨ ਹੋਣ ਦੇ ਨਾਲ ਚੰਗੇ ਵਧੀਆ ਡਾਕਟਰ ਵੀ ਸਨ, ਜ਼ਖ਼ਮੀ ਹੋਏ ਜੁਝਾਰੂ ਸਿੰਘਾਂ ਦਾ ਇਲਾਜ ਖ਼ੁਦ ਵੀ ਕਰਦੇ ਸਨ, ਲੋੜ ਪੈਣ 'ਤੇ ਵੱਡੇ ਤੋਂ ਵੱਡੇ ਡਾਕਟਰਾਂ ਨੂੰ ਆਪਣਾ ਅਸਰ-ਰਸੂਖ਼ ਵਰਤ ਕੇ, ਗੰਭੀਰ ਜ਼ਖ਼ਮੀ ਸਿੰਘਾਂ ਦਾ ਇਲਾਜ ਕਰਾਉਣ ਦੀ ਜ਼ਿੰਮੇਵਾਰੀ ਨਿਭਾਉਂਦੇ ਸਨ। ਜ਼ਖ਼ਮੀ ਹੋਏ ਸਿੰਘਾਂ ਦੇ ਸਰੀਰ ਵਿਚੋਂ ਗੋਲੀਆਂ ਖ਼ੁਦ ਕੱਢ ਕੇ ਇਲਾਜ ਕਰਦੇ ਸਨ, ਸਹੀ ਅਰਥਾਂ ਵਿਚ ਜੁਝਾਰੂ ਕਾਫ਼ਲੇ ਵਿਚ ਐਮਰਜੈਂਸੀ ਐਂਬੂਲੈਂਸ ਤੇ ਡਿਸਪੈਂਸਰੀ ਸਨ। ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ ਚੰਡੀਗੜ੍ਹ ਵਿਚ ਇਕ ਪੁਲਿਸ ਮੁਕਾਬਲੇ ਦੌਰਾਨ ਸਖ਼ਤ ਜ਼ਖ਼ਮੀ ਹੋ ਗਏ, ਭਾਈ ਗੁਰਨਾਮ ਸਿੰਘ ਪਹਿਲਵਾਨ, ਖਾੜਕੂ ਜਰਨੈਲ ਸਿੰਘ ਨੂੰ ਚਲਦੇ ਮੁਕਾਬਲੇ ਵਿਚੋਂ ਮੋਢਿਆਂ 'ਤੇ ਚੁੱਕ ਕੇ ਬਚ ਨਿਕਲਣ ਵਿਚ ਕਾਮਯਾਬ ਹੋ ਗਏ। ਭਾਈ ਨਿਰਮਲ ਸਿੰਘ ਮੀਆਂਵਿੰਡ ਨੇ ਕਰਾਸ ਫਾਇਰਿੰਗ ਨਾਲ ਪੁਲਿਸ ਨੂੰ ਉਲਝਾਈ ਰੱਖਿਆ ਸੀ। ਭਾਈ ਗੁਰਨਾਮ ਸਿੰਘ ਪਹਿਲਵਾਨ ਨਾਲੋਂ ਸੰਨ ੧੯੮੫ ਵਿਚ ਖਾੜਕੂ ਸਿੰਘਾਂ ਵਿਚ ਰਲੇ, ਬਾਬਾ ਬਲਵਿੰਦਰ ਸਿੰਘ ਰੱਤਾਗੁੱਦਾ, ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ, ਭਾਈ ਨਿਰਮਲ ਸਿੰਘ ਮੀਆਂਵਿੰਡ ਦੇ ਨਜ਼ਦੀਕੀ ਸਾਥੀ ਬਣੇ, ਪੁਲਿਸ ਵੱਲੋਂ ਪਰਿਵਾਰ ਨੂੰ ਤੰਗ ਕਰਨ 'ਤੇ ਆਪ ਦੇ ਛੋਟੇ ਭਰਾ ਭਾਈ ਬਿਕਰਮਜੀਤ ਸਿੰਘ ਵੀ ਜੁਝਾਰੂ ਸਿੰਘਾਂ ਵਿਚ ਸ਼ਾਮਲ ਹੋ ਗਏ, ਇਹਨੀਂ ਦਿਨੀਂ ਖਾੜਕੂ ਲਹਿਰ ਸੁਲਤਾਨਵਿੰਡ ਦਾ ਨਾਂ ਦੁਨੀਆਂ ਵਿਚ ਮਸ਼ਹੂਰ ਹੋ ਚੁੱਕਾ ਸੀ। ਸਿੱਖ ਸੰਘਰਸ਼ ਵਿਚ ਖ਼ਾਲਸਾ ਰਾਜ ਦੀ ਸ਼ਮ੍ਹਾ ਦੇ ਪ੍ਰਵਾਨੇ ਜੋ ਮੈਦਾਨੇ ਜੰਗ ਵਿਚ ਜੂਝ ਰਹੇ ਸਨ, ਉਨ੍ਹਾਂ ਵਿਚ ਸੁਲਤਾਨਵਿੰਡ ਦੇ ਜੁਝਾਰੂ ਸਿੰਘਾਂ ਦਾ ਨਾਂ ਅਖ਼ਬਾਰਾਂ ਦੀਆਂ ਸੁਰਖੀਆਂ ਵਿਚ ਨਿੱਤ ਆਉਂਦਾ ਸੀ, ਜਿਵੇਂ ਕੇ. ਸੀ. ਐੱਫ. ਦੇ ਮੁਖੀ ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ, ਪੰਥਕ ਕਮੇਟੀ ਮੈਂਬਰ ਭਾਈ ਹਰਮਿੰਦਰ ਸਿੰਘ ਸੁਲਤਾਨਵਿੰਡ, ਡਿਪਟੀ ਜਨਰਲ ਭਾਈ ਰਾਜਵਿੰਦਰ ਸਿੰਘ ਰਾਜੂ ਉਰਫ਼ ਗੁਰਨਾਮ ਸਿੰਘ ਪਹਿਲਵਾਨ ਸੁਲਤਾਨਵਿੰਡ, ਭਾਈ ਪਰਮਜੀਤ ਸਿੰਘ ਸੁਲਤਾਨਵਿੰਡ, ਭਾਈ ਲਖਵਿੰਦਰ ਸਿੰਘ ਲੱਖਾ ਸੁਲਤਾਨਵਿੰਡ, ਭਾਈ ਮਜਬੂਤ ਸਿੰਘ ਸੁਲਤਾਨਵਿੰਡ, ਭਾਈ ਬਿਕਰਮਜੀਤ ਸਿੰਘ ਸੁਲਤਾਨਵਿੰਡ, ਭਾਈ ਜਰਨੈਲ ਸਿੰਘ ਸੁਲਤਾਨਵਿੰਡ, ਸ਼ਹੀਦ ਭਾਈ ਅਵਤਾਰ ਸਿੰਘ ਸੁਲਤਾਨਵਿੰਡ, ਭਾਈ ਸੁਖਦੇਵ ਸਿੰਘ ਲਿੱਟੇ ਸੁਲਤਾਨਵਿੰਡ, ਭਾਈ ਜਰਨੈਲ ਸਿੰਘ ਹੈਪੀ ਉਰਫ਼ ਜੁਝਾਰ ਸਿੰਘ ਸੁਲਤਾਨਵਿੰਡ। ਭਾਈ ਗੁਰਨਾਮ ਸਿੰਘ ਪਹਿਲਵਾਨ ਦਾ ਪਰਿਵਾਰ ਸਰਦਾ

ਪੁੱਜਦਾ ਪਰਿਵਾਰ ਸੀ ਅਤੇ ਜੁਝਾਰੂ ਵਿਚਾਰਧਾਰਾ ਦਾ ਮੁੱਦਈ ਸੀ। ਸੰਨ 1947 ਤੋਂ ਪਹਿਲਾਂ ਭਾਰਤ ਦੀ ਅਜ਼ਾਦੀ ਦੇ ਸੰਗਰਾਮ ਵਿਚ ਆਪ ਦੇ ਦਾਦਾ ਸ: ਦਰਸ਼ਨ ਸਿੰਘ ਸੁਲਤਾਨਵਿੰਡ ਨੇ ਵੀ ਯੋਗਦਾਨ ਪਾਇਆ। ਮਾਨਾਂਵਾਲਾ ਵਿਖੇ ਰੇਲ ਲਾਈਨ ਤੋੜਨ ਦੇ ਦੋਸ਼ ਹੇਠ ਸ: ਦਰਸ਼ਨ ਸਿੰਘ ਨੇ ਡੇਢ ਸਾਲ (੧੮ ਮਹੀਨੇ) ਕੈਦ ਦੀ ਸਜ਼ਾ ਕੱਟੀ ਸੀ। ਭਾਈ ਗੁਰਨਾਮ ਸਿੰਘ ਪਹਿਲਵਾਨ ਬੈਂਕ ਡਾਕੇ ਵਿਚ ਬੜੇ ਉਸਤਾਦ ਮੰਨੇ ਜਾਂਦੇ ਸਨ। ਇਕ ਵੀ ਗੋਲੀ ਚਲਾਏ ਬਿਨਾਂ ਐਕਸ਼ਨ ਕਰਕੇ ਬਚ ਨਿਕਲਣ ਵਿਚ ਕਾਮਯਾਬ ਹੋ ਜਾਂਦੇ ਸਨ। ਬੈਂਕ ਡਾਕੇ ਦਾ ਇਕ ਵੀ ਪੈਸਾ ਘਰ ਨਹੀਂ ਦਿੱਤਾ, ਸਗੋਂ ਲੋੜ ਪੈਣ 'ਤੇ ਘਰੋਂ ਖ਼ਾਲਸਾ ਰਾਜ ਲਈ ਪੈਸੇ ਲੈ ਜਾਂਦੇ ਸਨ। ਭਾਈ ਗੁਰਨਾਮ ਸਿੰਘ ਪਹਿਲਵਾਨ ਅਖ਼ਬਾਰੀ ਬਿਆਨ ਦੇਣ ਨਾਲੋਂ ਕਿਸੇ ਦੇ ਵਿਚਾਰ ਸੁਣਨ ਵਿਚ ਜ਼ਿਆਦਾ ਵਿਸ਼ਵਾਸ ਰੱਖਦੇ ਸਨ। 18 ਅਕਤੂਬਰ 1989 ਨੂੰ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਜਰਨੈਲ ਅਤੇ ਪੰਥਕ ਕਮੇਟੀ (ਡਾ: ਸੋਹਣ ਸਿੰਘ), ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ, ਭਾਈ ਨਿਰਮਲ ਸਿੰਘ ਮੀਆਂਵਿੰਡ ਨੂੰ ਕਿਸੇ ਮੁਖ਼ਬਰ ਦੇ ਇਸ਼ਾਰੇ 'ਤੇ ਜਲੰਧਰ ਪੁਲਿਸ ਨੇ ਜਲੰਧਰ ਦੇ ਸਿਨੇਮੇ ਲਾਗੇ ਘੇਰ ਲਿਆ, ਇਸ ਹੱਥੋ-ਪਾਈ 'ਚ ਭਾਈ ਨਿਰਮਲ ਸਿੰਘ ਭੱਜ ਕੇ ਨਿਕਲਣ ਦੀ ਕੋਸ਼ਿਸ਼ ਵਿਚ ਪੁਲਿਸ ਗੋਲੀਆਂ ਨਾਲ ਸ਼ਹੀਦ ਹੋ ਗਏ, ਭਾਈ ਕੰਵਰਜੀਤ ਸਿੰਘ ਦੀ ਇਕ ਲੱਤ ਨਕਾਰਾ ਹੋਣ ਕਰਕੇ ਭੱਜ ਵੀ ਨਹੀਂ ਸੀ ਸਕਦੇ, ਸਾਇਨਾਈਡ ਖਾ ਕੇ ਸ਼ਹੀਦ ਹੋ ਗਏ। ਦੋਵਾਂ ਸਿੰਘਾਂ ਦੀ ਸ਼ਹੀਦੀ ਨਾਲ ਖਾੜਕੂ ਲਹਿਰ ਨੂੰ ਭਾਰੀ ਸੱਟ ਵੱਜੀ। ਭਾਈ ਗੁਰਨਾਮ ਸਿੰਘ ਪਹਿਲਵਾਨ ਨੇ ਸਿੱਖ ਸੰਘਰਸ਼ ਨੂੰ ਮੱਠਾ ਨਾ ਪੈਣ ਦਿੱਤਾ ਤੇ ਸਿਦਕ ਅਤੇ ਦ੍ਰਿੜ ਇਰਾਦੇ ਨਾਲ ਅੱਗੇ ਤੋਰੀ ਰੱਖਿਆ।

ਜੂਨ 1984 ਦੇ ਘੱਲੂਘਾਰੇ ਦੀ ਯਾਦ ਨੂੰ ਮੁੱਖ ਰੱਖ ਕੇ 7 ਜੂਨ 1990 ਨੂੰ ਪੰਜਾਬ ਬੰਦ ਸਫ਼ਲ ਬਣਾਉਣ ਲਈ ਡਾ: ਸੋਹਣ ਸਿੰਘ ਵਾਲੀ ਪੰਥਕ ਕਮੇਟੀ ਦੀਆਂ ਚਾਰ ਸਹਿਯੋਗੀ ਜਥੇਬੰਦੀਆਂ ਦੀ ਲੁਧਿਆਣੇ ਸ਼ਹਿਰ ਅੰਦਰ ਇਕ ਗੁਪਤ ਮੀਟਿੰਗ 25 ਮਈ 1990 ਨੂੰ ਹੋ ਰਹੀ ਸੀ, ਮਿਥੇ ਟਾਈਮ 'ਤੇ ਚਾਰ ਜਥੇਬੰਦੀਆਂ ਦੇ ਜਰਨੈਲ ਭਾਈ ਸੁਖਦੇਵ ਸਿੰਘ, ਭਾਈ ਗੁਰਜੰਟ ਸਿੰਘ ਬੁੱਧ ਸਿੰਘਵਾਲਾ, ਭਾਈ ਦਲਜੀਤ ਸਿੰਘ ਬਿੱਟੂ, ਭਾਈ ਪਰਮਜੀਤ ਸਿੰਘ ਪੰਜਵੜ ਪੰਥਕ ਕਮੇਟੀ ਦੇ ਮੈਂਬਰ ਅਤੇ ਹੋਰ ਮੁੱਖ ਜੁਝਾਰੂ ਮੀਟਿੰਗ ਕਰਨ ਲਈ ਕੋਠੀ ਵਿਚ ਪਹੁੰਚ ਗਏ ਸਨ। ਕਿਸੇ ਗਦਾਰ ਮੁਖਬਰ ਨੇ ਪੁਲਿਸ ਨੂੰ ਸੂਚਨਾ ਦਿੱਤੀ ਕਿ ਕੋਠੀ ਵਿਚ ਜੁਝਾਰੂ ਸਿੰਘਾਂ ਦੀ ਮੀਟਿੰਗ ਹੈ। ਲੁਧਿਆਣੇ ਦਾ ਪੁਲਿਸ ਮੁਖੀ ਵੱਡੀ ਗਿਣਤੀ ਵਿਚ ਫੋਰਸਾਂ ਲੈ ਕੇ ਕੋਠੀ ਨੂੰ ਘੇਰਾ ਪਾਉਣ ਲਈ ਚੱਲ ਪਿਆ, ਪੁਲਿਸ ਗੱਡੀਆਂ ਦੀ ਹਫੜਾ-ਤਫੜੀ ਤੋਂ ਪਤਾ ਲੱਗਦਾ ਸੀ ਕਿ ਸ਼ਹਿਰ ਅੰਦਰ ਜ਼ਰੂਰ ਕੁਝ ਅਹਿਮ ਹੋਣ ਵਾਲਾ ਹੈ। ਭਾਈ ਗੁਰਨਾਮ ਸਿੰਘ ਪਹਿਲਵਾਨ ਵੀ ਮੀਟਿੰਗ ਵਿਚ ਜਾ ਰਹੇ ਸਨ, ਹੋਣ ਵਾਲੀ ਘਟਨਾ ਨੂੰ ਭਾਂਪ ਗਏ ਕਿ ਮੁਖਬਰੀ ਹੋ ਗਈ, ਮਾਮਲਾ ਵਿਗੜ ਗਿਆ। ਮੌਕਾ ਸੰਭਾਲਦੇ ਅਜੇ ਕੋਠੀ ਤੋਂ ਕੁਝ ਦੂਰ ਹੀ ਸਨ, ਆਪਣੇ ਹਥਿਆਰ ਨਾਲ (ਇਕ ਮਕਾਨ ਅੰਦਰ ਦਾਖਲ ਹੋ

ਕੇ) ਪੁਲਿਸ ਦੀਆਂ ਗੱਡੀਆਂ 'ਤੇ ਫਾਇਰ ਕਰ ਦਿੱਤੇ, ਪੁਲਿਸ ਗੱਡੀਆਂ ਰੁਕ ਗਈਆਂ ਤੇ ਅੱਗੇ ਨਾ ਜਾ ਸਕੀਆਂ, ਪੁਲਿਸ ਨੇ ਉਸ ਮਕਾਨ ਨੂੰ ਘੇਰੇ ਵਿਚ ਲੈ ਕੇ, ਪੁਜ਼ੀਸ਼ਨਾਂ ਸੰਭਾਲ ਕੇ ਗੋਲੀਬਾਰੀ ਸ਼ੁਰੂ ਕਰ ਦਿੱਤੀ, ਜਿਸ ਦਾ ਪਤਾ ਮੀਟਿੰਗ ਕਰ ਰਹੇ ਸਿੰਘਾਂ ਨੂੰ ਲੱਗ ਗਿਆ ਤੇ ਵਕਤ ਦੀ ਵਿਚਾਰ ਕਰਕੇ, ਸਾਰੇ ਖਾੜਕੂ ਜਰਨੈਲ ਮੀਟਿੰਗ ਵਾਲੀ ਕੋਠੀ ਵਿਚੋਂ ਨਿਕਲ ਗਏ। ਭਾਈ ਗੁਰਨਾਮ ਸਿੰਘ ਪਹਿਲਵਾਨ ਪੁਲਿਸ ਨਾਲ ਮੁਕਾਬਲਾ ਕਰਦੇ ਹੋਏ ਸ਼ਹੀਦ ਹੋ ਗਏ। ਇਹ ਇਕ ਰੌਸ਼ਨ ਦਿਮਾਗ਼ ਤੇ ਉੱਚੀ ਸੋਚ ਦੀ ਇਤਿਹਾਸਕ ਮਿਸਾਲ ਹੈ ਕਿ ਜੇ ਭਾਈ ਗੁਰਨਾਮ ਸਿੰਘ ਪਹਿਲਵਾਨ ਪੁਲਿਸ ਦੀਆਂ ਗੱਡੀਆਂ ਉੱਤੇ ਹਮਲਾ ਨਾ ਕਰਦੇ ਤਾਂ ਮੀਟਿੰਗ ਕਰਦੇ ਚਾਰ ਜਥੇਬੰਦੀਆਂ ਦੇ ਮੁਖੀਆਂ ਤੇ ਪੰਥਕ ਕਮੇਟੀ ਮੈਂਬਰਾਂ ਨੇ ਪੁਲਿਸ ਹੱਥ ਆ ਜਾਣਾ ਸੀ। ਪਰ ਸੂਰਮੇ ਨੇ ਆਪ ਸ਼ਹੀਦੀ ਦੇ ਕੇ ਜੁਝਾਰੂ ਸਿੰਘਾਂ ਤੇ ਜਰਨੈਲਾਂ ਨੂੰ ਬਚਾ ਲਿਆ। ਭਾਈ ਗੁਰਨਾਮ ਸਿੰਘ ਪਹਿਲਵਾਨ ਦੀ ਉੱਚੀ ਸੋਚ ਤੇ ਕੁਰਬਾਨੀ ਆਉਣ ਵਾਲੇ ਜੁਝਾਰੂ ਯੋਧਿਆਂ ਲਈ ਪ੍ਰੇਰਨਾ ਦਾ ਸਰੋਤ ਬਣੇਗੀ।

ਇਸ ਪਰਿਵਾਰ ਦੇ ਪੰਜ ਜੁਝਾਰੂ ਸਿੰਘ ਖਾਲਸਾ ਰਾਜ ਦੀ ਸਥਾਪਨਾ ਲਈ ਜੂਝਦੇ ਹੋਏ ਮੈਦਾਨੇ ਜੰਗ ਵਿਚ ਸ਼ਹੀਦ ਹੋਏ ਹਨ।

***

# ਸ਼ਹੀਦ ਭਾਈ ਸੁਖਦੇਵ ਸਿੰਘ ਸਖੀਰਾ
## ਖ਼ਾਲਿਸਤਾਨ ਕਮਾਂਡੋ ਫੋਰਸ



ਸ਼ਹੀਦ ਭਾਈ ਸੁਖਦੇਵ ਸਿੰਘ ਜੀ ਸਖੀਰਾ ਦਾ ਨਾਂ ਜ਼ੁਬਾਨ 'ਤੇ ਆਉਂਦਿਆਂ ਦਿਮਾਗ਼ ਡੂੰਘੀਆਂ ਸੋਚਾਂ ਵਿਚ ਘਿਰ ਜਾਂਦਾ ਹੈ। ਇਹ ਸੱਚ ਹੈ ਕਿ ਭਾਈ ਸੁਖਦੇਵ ਸਿੰਘ ਕਾਬਲ-ਏ-ਤਾਰੀਫ਼ ਬਹਾਦਰ ਮਰਦ ਸੂਰਮਾ ਸੀ। ਦਰਬਾਰ ਸਾਹਿਬ 'ਤੇ ਹਮਲੇ ਤੋਂ ਬਾਅਦ ਕੋਈ ਨਹੀਂ ਸੀ ਕਹਿੰਦਾ ਕਿ ਸਿੱਖ ਦੁਬਾਰਾ ਫਿਰ ਉੱਠਣਗੇ ਅਤੇ ਹਿੰਦ ਸਰਕਾਰ ਨਾਲ ਟੱਕਰ ਲੈਣਗੇ। ਭਾਈ ਸੁਖਦੇਵ ਸਿੰਘ ਜੀ ਸਖੀਰਾ ਹੀ ਸੀ, ਜਿਸ ਨੇ ਜੂਨ 1984 ਦੇ ਘੱਲੂਘਾਰੇ 'ਚੋਂ ਬਚੇ-ਖੁਚੇ ਸਿੰਘਾਂ ਨੂੰ ਇਕੱਠੇ ਕੀਤਾ ਤੇ ਦੁਬਾਰਾ ਸਿੱਖ ਸੰਘਰਸ਼ ਨੂੰ ਅੱਗੇ ਤੋਰਨ ਲਈ ਦਿਨ-ਰਾਤ ਇਕ ਕਰ ਕੇ ਦੁਨੀਆਂ ਨੂੰ ਵਿਖਾ ਦਿੱਤਾ ਕਿ ਸਿੰਘਾਂ ਦੇ ਇਰਾਦੇ ਅਟੱਲ ਸਨ, ਜਿਹਨਾਂ ਨੂੰ ਮੌਤ ਦਾ ਭੈਅ ਦੇ ਕੇ ਵਿਸਾਰਿਆ ਨਹੀਂ ਜਾ ਸਕਦਾ। ਭਾਈ ਸੁਖਦੇਵ ਸਿੰਘ ਜੀ ਸਖੀਰਾ ਸਿੱਖ ਸੰਘਰਸ਼ ਦੇ ਹਰ ਮੁਹਾਜ਼ ਉੱਤੇ ਬੜੀ ਨੀਝ ਅਤੇ ਰਣਨੀਤੀ ਨਾਲ ਕੰਮ ਕਰ ਰਹੇ ਸਨ। ਭਾਈ ਸੁਖਦੇਵ ਸਿੰਘ ਸਖੀਰਾ ਸਿੱਖ ਸੰਗਤਾਂ ਦੇ ਇਕੱਠ ਨੂੰ ਜਦੋਂ ਸੰਬੋਧਨ ਕਰਦੇ ਸਨ ਤਾਂ ਸਰੋਤਿਆਂ ਨੂੰ ਕੀਲ ਲੈਂਦੇ ਸਨ। ਆਪਣੇ ਮੁਖਾਰਬਿੰਦ ਤੋਂ ਗੁਰਬਾਣੀ ਦੀ ਕਥਾ ਇਸ ਢੰਗ ਨਾਲ ਕਰਦੇ ਸਨ ਕਿ ਹਲ ਵਾਹੁਣ ਵਾਲੇ ਜੱਟ, ਮਾਲੀ, ਪਾਲੀ ਤੇ ਪਸ਼ੂ ਮਾਲ-ਡੰਗਰ ਚਾਰਨ ਵਾਲੇ ਵੀ ਵਿਚਾਰ ਸੁਣਦੇ ਸਾਰ ਅੰਮ੍ਰਿਤ ਛਕ ਕੇ ਸਿੰਘ ਸਜ ਜਾਂਦੇ ਅਤੇ ਸਿੰਘ ਸੰਘਰਸ਼ ਵਿਚ ਹਿੱਸਾ ਲੈਣਾ ਆਪਣਾ ਧਰਮ ਸਮਝ ਲੈਂਦੇ ਸਨ। ਸੰਤ ਜਰਨੈਲ ਸਿੰਘ ਜੀ ਤੋਂ ਬਾਅਦ ਭਾਈ ਸੁਖਦੇਵ ਸਿੰਘ ਸਖੀਰਾ ਪਹਿਲਾ ਸੂਰਮਾ ਸੀ, ਜਿਹੜਾ ਸਟੇਜਾਂ 'ਤੇ ਖਲੋ ਕੇ ਨਿਰਭੈ/ਨਿਧੜਕ ਸਿੱਖੀ ਦਾ ਪ੍ਰਚਾਰ ਕਰ ਰਿਹਾ ਸੀ, ਗੁਰਬਾਣੀ ਫ਼ੁਰਮਾਨ ਅਨੁਸਾਰ ਸਿੱਖ ਸੰਗਤਾਂ ਨੂੰ ਅੰਮ੍ਰਿਤ ਛਕਾ ਦੇ ਸਿੰਘ ਸਜਾਉਣ ਵਾਲਾ, ਹਿੰਦ ਸਰਕਾਰ ਲਈ ਸਭ ਤੋਂ ਵੱਧ ਖ਼ਤਰਨਾਕ ਅੱਤਵਾਦੀ

ਸੀ ਤੇ ਉਸ ਨੂੰ ਖ਼ਤਮ ਕਰਨਾ ਹਿੰਦ ਸਰਕਾਰ ਦੀ ਮਜਬੂਰੀ ਸੀ। ਭਾਰਤੀ ਫੋਰਸਾਂ ਤੇ ਪੰਜਾਬ ਦੀ ਪੁਲਿਸ ਨੇ ਭਾਈ ਸੁਖਦੇਵ ਸਿੰਘ ਸਖੀਰਾ ਦੇ ਸਿਰ ਦਾ ਮੁੱਲ/ਇਨਾਮ ਰੱਖ ਦਿੱਤਾ ਸੀ। ਭਾਈ ਸੁਖਦੇਵ ਸਿੰਘ ਸਖੀਰਾ ਰੂਪੋਸ਼ ਹੋ ਕੇ ਵਿਚਰਨ ਲੱਗਾ, ਉਸ ਨੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਅਨੋਖ ਸਿੰਘ, ਭਾਈ ਮਨਬੀਰ ਸਿੰਘ ਚਹੇੜੂ, ਭਾਈ ਤਰਸੇਮ ਸਿੰਘ ਕੁਹਾੜ, ਗਿਆਨੀ ਅਰੂੜ ਸਿੰਘ, ਭਾਈ ਸੁਖਦੇਵ ਸਿੰਘ ਚੱਬਾ, ਭਾਈ ਧੰਨਾ ਸਿੰਘ, ਭਾਈ ਅਵਤਾਰ ਸਿੰਘ ਬ੍ਰਹਮਾ, ਭਾਈ ਦੁਰਗਾ ਸਿੰਘ ਆਰਫ਼ਕੇ, ਭਾਈ ਕੁਲਦੀਪ ਸਿੰਘ ਮੁੱਛਲ, ਭਾਈ ਗੁਰਦੇਵ ਸਿੰਘ ਉਸਮਾਨਵਾਲਾ ਵਰਗੇ ਅਨੇਕਾਂ ਹੋਰ ਸਿੰਘਾਂ ਨੂੰ ਇਕੱਤਰ ਕਰ ਕੇ ਆਜ਼ਾਦ ਸਿੱਖ ਰਾਜ ਦੀ ਸਥਾਪਨਾ ਲਈ ਲਾਮਬੰਦ ਕੀਤਾ। ਸਿਆਸੀ ਮੁਹਾਜ਼ ਵਾਸਤੇ ਲੌਂਗੋਵਾਲ, ਬਾਦਲ, ਟੌਹੜਾ, ਤਲਵੰਡੀ, ਬਰਨਾਲਾ ਜਿਹੇ ਸਿੱਖ ਕੌਮ ਵੇਚੂ ਲੀਡਰਾਂ ਤੋਂ ਸਿੱਖ ਕੌਮ ਦਾ ਖਹਿੜਾ ਛੁਡਾਉਣ ਲਈ ਨਵੇਂ ਸਿਆਸੀ ਮੁਹਾਜ ਸੰਯੁਕਤ ਅਕਾਲੀ ਦਲ ਦੀ ਸਥਾਪਨਾ ਕਰਵਾਈ, ਜਿਸ ਦਾ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੂੰ ਬਣਾਇਆ ਗਿਆ ਅਤੇ ਐਕਟਿੰਗ ਪ੍ਰਧਾਨ ਬਾਪੂ ਜੋਗਿੰਦਰ ਸਿੰਘ ਜੀ ਖ਼ਾਲਸਾ (ਰੋਡੇ) ਪਿਤਾ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੂੰ ਬਣਾਇਆ ਗਿਆ ਤੇ ਇਸ ਦੇ ਉਹਨਾਂ ਵਿਚ ਸਿਰਕੱਢ ਆਗੂ ਸਨ--ਉਜਾਗਰ ਸਿੰਘ ਸੇਖਵਾਂ, ਰਣਜੀਤ ਸਿੰਘ ਬ੍ਰਹਮਪੁਰਾ, ਸੂਰਤ ਸਿੰਘ ਖ਼ਾਲਸਾ, ਚਰਨਜੀਤ ਸਿੰਘ ਵਾਲੀਆ, ਜਗਜੀਤ ਸਿੰਘ ਰੋਡੇ, ਜਗਦੇਵ ਸਿੰਘ ਖੁਡੀਆ (ਸ਼ਹੀਦ ਐੱਮ.ਪੀ.) ਅਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਭਾਈ ਮਨਜੀਤ ਸਿੰਘ ਅਤੇ ਜਨਰਲ ਸਕੱਤਰ ਭਾਈ ਹਰਮਿੰਦਰ ਸਿੰਘ ਸੰਧੂ ਜੋਧਪੁਰ ਜੇਲ੍ਹ ਵਿਚ ਹੋਣ ਕਰਕੇ ਫ਼ੈਰਡੇਸ਼ਨ ਨੂੰ ਪੈਰਾਂ ਸਿਰ ਕਰਨ ਲਈ ਪੰਜ ਮੈਂਬਰੀ ਪ੍ਰੀਜ਼ੀਡੀਅਮ ਕਮੇਟੀ ਬਣਾਈ, ਜਿਸ ਦੇ ਮੈਂਬਰ ਭਾਈ ਸਤਿੰਦਰ ਸਿੰਘ ਭੋਲਾ, ਭਾਈ ਕੁਲਵੰਤ ਸਿੰਘ ਖੁਖਰਾਨਾ, ਭਾਈ ਸੁਖਵੰਤ ਸਿੰਘ ਅੱਕਾਵਾਲੀ, ਭਾਈ ਚਮਕੌਰ ਸਿੰਘ ਰੋਡੇ, ਭਾਈ ਸੁਰਿੰਦਰ ਸਿੰਘ ਤੇ ਇਹਨਾਂ ਦੇ ਨਾਲ ਚੰਗੇ ਬੁਲਾਰੇ ਸਨ ਭਾਈ ਅਮਰੀਕ ਸਿੰਘ ਮੁਕਤਸਰ ਜੋ ਸੰਯੁਕਤ ਅਕਾਲੀ ਦਲ ਵੱਲੋਂ ਪੰਜਾਬ ਪੱਧਰ 'ਤੇ ਕਾਨਫ਼ਰੰਸਾਂ ਕਰ ਕੇ ਬਾਬਾ ਜੋਗਿੰਦਰ ਸਿੰਘ ਜੀ ਅੰਮ੍ਰਿਤ ਸੰਚਾਰ ਕਰ ਰਹੇ ਸਨ ਤੇ ਇਸ ਮੌਕੇ 'ਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਆਗੂ/ਵਰਕਰ ਸਿੱਖ ਸੰਗਤਾਂ ਦੀ ਹਾਜ਼ਰੀ ਵਿਚ ਸਿੱਖ ਸੰਘਰਸ਼ ਦੀ ਗੱਲ ਕਰਨ ਵਿਚ/ਪ੍ਰਚਾਰ ਕਰਨ ਵਿਚ ਸਫਲ ਹੋ ਰਹੇ ਸਨ। ਇਸ ਸਭ ਕੁਝ ਦੇ ਪਿੱਛੇ ਭਾਈ ਸੁਖਦੇਵ ਸਿੰਘ ਸਖੀਰਾ ਦਾ ਦਿਮਾਗ਼ ਕੰਮ ਕਰ ਰਿਹਾ ਸੀ। ਸਿੱਖ ਕੌਮ ਵਿਚ ਜਾਗਰਤੀ ਆ ਗਈ ਸੀ ਤੇ ਸਿੱਖਾਂ ਦੇ ਹੌਂਸਲੇ ਦਿਨੋ-ਦਿਨ ਬੁਲੰਦ ਹੋ ਰਹੇ ਸਨ। ਸਿੱਖ ਹਲਕਿਆਂ ਵਿਚ ਇਹ ਚਰਚਾ ਵੀ ਚੱਲ ਰਹੀ ਸੀ ਕਿ ਜੂਨ 1984 ਦੇ ਘੱਲੂਘਾਰੇ ਦੌਰਾਨ ਤੋਪਾਂ, ਟੈਂਕਾਂ ਨਾਲ ਢਹਿ-ਢੇਰੀ ਹੋਇਆ ਸ੍ਰੀ ਅਕਾਲ ਤਖ਼ਤ ਸਾਹਿਬ, ਜੋ ਇੰਦਰਾ ਗਾਂਧੀ ਨੇ ਸੰਤਾ ਸਿਹੁੰ ਨਿਹੰਗ ਦੇ ਨਾਂ ਹੇਠ ਬਿਹਾਰੀ ਭਈਏ ਤੋਂ ਠੇਕੇਦਾਰੀ 'ਤੇ ਕਰਾਈ ਮੁਰੰਮਤ ਸ੍ਰੀ ਅਕਾਲ ਤਖ਼ਤ ਦੀ ਇਮਾਰਤ ਢਾਹ ਕੇ ਸਿੱਖ ਸੰਗਤਾਂ ਰਾਹੀਂ ਦੁਬਾਰਾ ਕਾਰ-ਸੇਵਾ ਸ਼ੁਰੂ ਕੀਤੀ ਜਾਵੇ। ਪਰ ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ

ਕਮੇਟੀ ਸਹਿਯੋਗ ਨਹੀਂ ਸੀ ਦੇ ਰਹੀ। ਸਿੱਖ ਸਟੂਡੈਂਟਸ ਫ਼ੈਡਰੇਸ਼ਨ ਅਤੇ ਦਮਦਮੀ ਟਕਸਾਲ ਹਮ-ਖ਼ਿਆਲੀ ਜਥੇਬੰਦੀਆਂ ਅਤੇ ਸਿੱਖ ਸੰਗਤਾਂ ਦੀ ਬਹੁਤ-ਗਿਣਤੀ ਨਵ-ਉਸਾਰੀ ਦੇ ਹੱਕ ਵਿਚ ਸੀ ਤੇ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤਿਆਰ-ਬਰ-ਤਿਆਰ ਸਨ। ਭਾਈ ਸੁਖਦੇਵ ਸਿੰਘ ਸਖੀਰਾ ਜੀ ਇਸ ਦੇ ਧੁਰਾ ਸਨ ਅਤੇ ਇਸ ਮਸਲੇ ਨੂੰ ਸੁਲਝਾਉਣ ਲਈ ਹਰ ਮੁਹਾਜ਼ 'ਤੇ ਕੰਮ ਕਰ ਰਹੇ ਸਨ। ਦਮਦਮੀ ਟਕਸਾਲ ਅਤੇ ਸਿੱਖ ਸਟੂਡੈਂਟਸ ਫ਼ੈਡਰੇਸਨ ਨੇ ਐਲਾਨ ਕਰ ਦਿੱਤਾ ਸੀ ਤੇ ਦੇਸ਼-ਵਿਦੇਸ਼ਾਂ ਵਿਚ ਸੱਦੇ-ਪੱਤਰ ਭੇਜ ਦਿੱਤੇ ਗਏ ਸਨ ਕਿ 26 ਜਨਵਰੀ 1986 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਵ-ਉਸਾਰੀ ਲਈ ਕਾਰ-ਸੇਵਾ ਵਾਸਤੇ ਸਰਬੱਤ ਖ਼ਾਲਸਾ ਦਾ ਇਕੱਠ ਹੋ ਰਿਹਾ ਹੈ, ਗੁਰੂ ਨਾਨਕ ਨਾਮ-ਲੇਵਾ ਸਿੱਖ ਸੰਗਤਾਂ ਹੁੰਮ-ਹੁਮਾ ਕੇ ਪਹੁੰਚਣ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਕ ਪਾਸੇ ਦਿੱਲੀ ਤੋਂ ਝਾੜ ਪੈ ਰਹੀ ਸੀ, ਦੂਜੇ ਪਾਸੇ ਸਿੰਘ ਮੈਦਾਨ ਵਿਚ ਨਿੱਤਰ ਆਏ ਸਨ। ਸਿੱਖ ਸੰਗਤਾਂ ਵਿਚ ਕਾਰ-ਸੇਵਾ ਸ਼ੁਰੂ ਕਰਨ ਦਾ ਉਤਸ਼ਾਹ ਵੇਖ ਕੇ ਗਿਆਨੀ ਪੂਰਨ ਸਿੰਘ ਹੈੱਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਨੇ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਅਤੇ ਦਮਦਮੀ ਟਕਸਾਲ ਦੇ ਸਿੰਘਾਂ ਦੀ ਇਕ ਗੁਪਤ ਮੀਟਿੰਗ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਕਰਵਾਈ, ਜਿਸ ਵਿਚ ਕਾਰ-ਸੇਵਾ ਵਾਲੇ ਬਾਬਾ ਖੜਕ ਸਿੰਘ ਜੀ ਦੀ ਹਾਜ਼ਰੀ ਵਿਚ ਭਾਈ ਸੁਖਦੇਵ ਸਿੰਘ ਸਖੀਰਾ ਆਪਣੇ ਸਾਥੀਆਂ ਸਮੇਤ ਪਹੁੰਚੇ। ਸ਼੍ਰੋਮਣੀ ਕਮੇਟੀ ਦੇ ਨੁਮਾਇੰਦੇ ਗਿਆਨੀ ਪੂਰਨ ਸਿੰਘ ਦੇ ਨਾਲ ਪਹੁੰਚੇ। ਦੋਹਾਂ ਧਿਰਾਂ ਨੇ ਆਪਣੀਆਂ ਦਲੀਲਾਂ/ਵਿਚਾਰ ਰੱਖੇ। ਬਾਬਾ ਖੜਕ ਸਿੰਘ ਜੀ ਨੇ ਭਾਈ ਸੁਖਦੇਵ ਸਿੰਘ ਸਖੀਰਾ ਦਮਦਮੀ ਟਕਸਾਲ ਦੀ ਹਮਾਇਤ ਕੀਤੀ। ਇਸ ਮੀਟਿੰਗ ਵਿਚ ਦੁਬਾਰਾ 26 ਜਨਵਰੀ 1986 ਨੂੰ ਸਰਬੱਤ ਖ਼ਾਲਸਾ ਵੱਲੋਂ ਪ੍ਰਵਾਨਗੀ ਦਿੱਤੇ ਜਾਣ 'ਤੇ ਕਾਰ-ਸੇਵਾ ਸ਼ੁਰੂ ਕਰਨ ਦਾ ਫ਼ੈਸਲਾ ਸਰਬ-ਸੰਮਤੀ ਨਾਲ ਲਿਆ ਗਿਆ, ਜਿਸ ਦਾ ਸਿਹਰਾ ਭਾਈ ਸੁਖਦੇਵ ਸਿੰਘ ਸਖੀਰਾ ਦੇ ਸਿਰ ਬੱਝਦਾ ਹੈ।

## ਮਾਵਾਂ ਪੁੱਤ ਨਹੀਂ ਜੰਮਣੇ, ਨਿੱਤ-ਨਿੱਤ ਸਖੀਰੇ.....

ਭਾਈ ਸੁਖਦੇਵ ਸਿੰਘ ਜੀ ਸਖੀਰਾ ਦੇ ਪਿਤਾ ਸ. ਬੁੱਧ ਸਿੰਘ ਤੇ ਮਾਤਾ ਸੁਰਜੀਤ ਕੌਰ ਜੀ ਹਨ। ਵੱਡੇ ਭਰਾ ਬਲਬੀਰ ਸਿੰਘ, ਵੱਡੀ ਭੈਣ ਦਲਬੀਰ ਕੌਰ, ਛੋਟਾ ਭਰਾ ਵਰਿਆਮ ਸਿੰਘ, ਭੈਣ ਸੁਖਬੀਰ ਕੌਰ ਸੀ। ਵੱਡੀ ਭੈਣ ਦਲਬੀਰ ਕੌਰ (ਸ਼ਹੀਦ ਭਾਈ ਅਨੋਖ ਸਿੰਘ ਬੱਬਰ ਦੇ ਵੱਡੇ ਭਰਾ) ਸ. ਸੰਤੋਖ ਸਿੰਘ ਵਾਸੀ ਵੜਿੰਗ ਸੂਬਾ ਸਿੰਘ ਨਾਲ ਵਿਆਹੇ ਹਨ। ਵੱਡਾ ਭਰਾ ਪੁਲਿਸ ਦਾ ਕਹਿਰ ਨਾ ਸਹਾਰਦੇ ਹੋਏ ਸ਼ਹੀਦ ਹੋ ਗਿਆ, ਛੋਟੀ ਭੈਣ ਵੀ ਵਿਆਹੀ ਹੋਈ ਹੈ। ਛੋਟਾ ਭਰਾ ਵਰਿਆਮ ਸਿੰਘ ਖੇਤੀ-ਬਾੜੀ ਕਰਦੇ ਹਨ।

1980 ਵਿਚ ਸੰਤ ਜਰਨੈਲ ਸਿੰਘ ਜੀ ਖਾਲਸਾ ਦੇ ਸੰਪਰਕ ਵਿਚ ਆਏ,

ਦਮਦਮੀ ਟਕਸਾਲ ਤੋਂ ਅੰਮ੍ਰਿਤ ਛਕ ਕੇ ਸੰਤ ਜੀ ਦੇ ਨਿਕਟਵਰਤੀ ਸਹਿਯੋਗੀ ਬਣ ਗਏ। ਗੁਰਬਾਣੀ ਸੰਥਿਆ ਅਰਥਾਂ ਸਮੇਤ ਦਮਦਮੀ ਟਕਸਾਲ ਵਿਚ ਰਹਿੰਦਿਆਂ ਕੀਤੀ। ਪੰਜਾਂ ਪਿਆਰਿਆਂ ਵਿਚ ਅੰਮ੍ਰਿਤ ਛਕਾਉਣ ਦੀ ਸੇਵਾ ਨਿਭਾਉਂਦੇ ਰਹੇ। ਆਪ ਜੋ ਕਹਿੰਦੇ ਸਨ, ਕਰ ਕੇ ਰਹਿੰਦੇ ਸਨ। ਆਪ ਜੀ ਸਿੱਖੀ ਦੀ ਆਨ ਤੇ ਸ਼ਾਨ ਲਈ ਸਿਰ ਦੇ ਵੀ ਸਕਦੇ ਸਨ ਤੇ ਲੋੜ ਪੈਣ 'ਤੇ ਸਿਰ ਲੈ ਵੀ ਸਕਦੇ ਸਨ। ਪੰਥ-ਦੋਖੀ ਨਿਰੰਕਾਰੀਆਂ ਲਈ ਭਾਈ ਅਨੋਖ ਸਿੰਘ ਬੱਬਰ ਤੇ ਭਾਈ ਸੁਖਦੇਵ ਸਿੰਘ ਸਖੀਰਾ ਹਊਆ ਬਣੇ ਹੋਏ ਸਨ। 1978 ਦੇ ਅੰਮ੍ਰਿਤਸਰ ਵਿਚ ਨਿਰੰਕਾਰੀ ਖ਼ੂਨੀ ਘੱਲੂਘਾਰੇ ਤੋਂ ਬਾਅਦ ਨਰਕਧਾਰੀਆਂ ਦੀ ਸੁਧਾਈ ਵਿਚ ਟਕਸਾਲ ਦੇ ਸਿੰਘਾਂ ਦੇ ਨਾਲ-ਨਾਲ ਭਾਈ ਸੁਖਦੇਵ ਸਿੰਘ ਸਖੀਰਾ ਦੇ ਵੀ ਚਰਚੇ ਸਨ। ਆਪ ਜੀ ਦੀ ਭੈਣ ਭਾਈ ਅਨੋਖ ਸਿੰਘ ਦੀ ਭਰਜਾਈ ਹੋਣ ਕਰਕੇ ਰਿਸ਼ਤੇਦਾਰੀ ਸੀ। ਭਾਈ ਅਨੋਖ ਸਿੰਘ ਨਾਲ ਬੜਾ ਪ੍ਰੇਮ ਸੀ ਤੇ ਆਮ ਇਕੱਠੇ ਹੀ ਰਹਿੰਦੇ ਸਨ ਤੇ ਬਜ਼ੁਰਗ ਮਾਵਾਂ ਕਹਿੰਦੀਆਂ ਸਨ ਕਿ ਕਿਤੇ ਨਜ਼ਰ ਨਾ ਲੱਗ ਜਾਵੇ, ਹੀਰਿਆਂ ਦੀ ਜੋੜੀ ਹੈ। ਭਾਈ ਸੁਖਦੇਵ ਸਿੰਘ ਸਖੀਰਾ ਦਮਦਮੀ ਟਕਸਾਲ ਦੇ ਬਾਣੇ ਵਿਚ ਅਤੇ ਭਾਈ ਅਨੋਖ ਸਿੰਘ ਦਸਤਾਰ ਉਪਰ ਖੰਡਾ ਸਜਾ ਕੇ, ਸ਼ਸਤਰਾਂ ਨਾਲ ਸਜੇ ਖ਼ਾਲਸਾਈ ਬਾਣੇ ਵਿਚ ਵਿਚਰਦੇ ਤਾਂ ਸਿੱਖੀ ਦੇ ਮੁਰੀਦ ਸੀਸ ਨਿਵਾ-ਨਿਵਾ ਕੇ ਨਮਸਕਾਰ ਕਰਦੇ ਸਨ। ਜਦੋਂ ਵਿਆਹ ਸੰਬੰਧੀ ਪਰਿਵਾਰ ਵੱਲੋਂ ਗੱਲ ਕੀਤੀ ਜਾਂਦੀ ਤਾਂ ਕਹਿੰਦੇ ਕਿ ਸਾਡੀ ਮੰਗਣੀ ਹੋ ਚੁੱਕੀ ਹੈ, ਮੌਤ ਸਾਡੀ ਲਾੜੀ ਹੈ, ਸਰਕਾਰ ਸਾਡੇ ਵਿਆਹ ਦੀਆਂ ਤਿਆਰੀਆਂ ਕਰ ਚੁੱਕੀ ਹੈ, ਵਕਤ ਆਉਣ 'ਤੇ ਲਾੜੀ ਨੂੰ ਗਲ ਨਾਲ ਲਾ ਲਵਾਂਗੇ। ਜੂਨ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ ਵਿਚ ਮਹਿਤਾ ਚੌਂਕ ਵਿਚ ਸ਼ਹੀਦੀ ਸਮਾਗਮ ਰਚਾ ਕੇ ਸਿੱਖ ਸੰਘਰਸ਼ ਨੂੰ ਲਾਮਬੰਦ ਕਰਨ ਦਾ ਮੁੱਢ ਬੰਨ੍ਹਿਆ। ਦਮਦਮੀ ਟਕਸਾਲ ਵੱਲੋਂ ਸ਼ਹੀਦ ਪਰਿਵਾਰਾਂ ਦਾ ਸਨਮਾਨ ਕੀਤਾ। ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਮਾਨੋਚਾਹਲ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਨਿਯੁਕਤ ਕੀਤਾ। ਸਰਬੱਤ ਖ਼ਾਲਸਾ ਰਾਹੀਂ ਸਿੱਖਾਂ ਦੇ ਰਾਜਸੀ ਅਤੇ ਧਾਰਮਿਕ ਫ਼ੈਸਲੇ ਲੈਣ ਦੀਆਂ ਪੁਰਾਤਨ ਰਵਾਇਤਾਂ ਨੂੰ ਸੁਰਜੀਤ ਕੀਤਾ। ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਮਾਨੋਚਾਹਲ ਨਾਲ ਪਿੰਡ ਮਾਨੋਚਾਹਲ ਦੀ ਬੰਬੀ (ਬਿਜਲੀ ਦੀ ਮੋਟਰ ਵਾਲਾ ਕੋਠਾ) 'ਚੋਂ ਭਾਈ ਸੁਖਦੇਵ ਸਿੰਘ ਸਖੀਰਾ ਬਚ ਨਿਕਲਣ ਵਿਚ ਕਾਮਯਾਬ ਰਹੇ। ਪੁਲਿਸ ਦੇ ਅਨੇਕਾਂ ਘੇਰੇ ਤੋੜ ਕੇ ਲਲਕਾਰ ਕੇ ਨਿਕਲਦੇ ਰਹੇ। ਤਰਨਾ ਦਲ ਨਿਹੰਗ ਸਿੰਘ ਜਥੇਬੰਦੀ ਬਾਬਾ ਬਿਸ਼ਨ ਸਿੰਘ ਜੀ, ਬਾਬਾ ਬਕਾਲਾ ਵਾਲਿਆਂ ਦਾ ਇਕ ਨਿਹੰਗ ਕਾਹਨ ਸਿਹੁੰ ਬਾਗੀ ਹੋ ਕੇ ਖਡੂਰ ਸਾਹਿਬ ਕਬਜ਼ਾ ਜਮਾ ਬੈਠਾ। ਸਿੱਖਾਂ ਉੱਤੇ ਬੜਾ ਫੂੰ-ਫੂੰਕਾਰਾ ਰੱਖਦਾ ਸੀ। ਸਿੱਖ ਸੰਗਤਾਂ ਉਸ ਦੀਆਂ ਗ਼ਲਤ ਨੀਤੀਆਂ ਤੋਂ ਤੰਗ ਆ ਗਈਆਂ। ਗੁਰਦੁਆਰਾ ਸਾਹਿਬ ਆਉਣਾ ਜਾਣਾ ਘੱਟ ਗਿਆ, ਗੁਰਦੁਆਰਾ ਸਾਹਿਬ ਦੇ ਚੜ੍ਹਾਵੇ 'ਤੇ ਸਿੱਧਾ ਅਸਰ ਪਿਆ। ਸਿੱਖ ਸੰਗਤਾਂ ਦੇ ਇਕੱਠ ਵਿਚ ਕਾਹਨੇ ਨੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੀ ਸ਼ਾਨ ਖ਼ਿਲਾਫ਼ ਬੋਲ-ਕੁਬੋਲ, ਅਵਾ-ਤਵਾ ਬੋਲਿਆ। ਭਾਈ

ਸੁਖਦੇਵ ਸਿੰਘ ਸਖੀਰਾ ਸਹਾਰ ਨਾ ਸਕੇ ਅਤੇ ਕਾਹਨੇ ਨੂੰ ਕਹਿ ਦਿੱਤਾ ਕਿ ਤੇਰੇ ਬੰਦੇ ਲੋਕਾਂ ਨਾਲ ਧੱਕੇਸ਼ਾਹੀ ਕਰਦੇ ਹਨ ਤੇ ਤੂੰ ਉਹਨਾਂ ਨੂੰ ਰੋਕਦਾ ਨਹੀਂ। ਗੁਰਦੁਆਰਾ ਸਾਹਿਬ ਦੀ ਗੋਲਕ 'ਤੇ ਅਸਰ ਪਿਆ ਤਾਂ ਤੁਹਾਡੀਆਂ ਧੱਕੇਸ਼ਾਹੀਆਂ ਤੇ ਮਨਮਾਨੀਆਂ ਕਰਕੇ ਪਿਆ ਤੇ ਦੋਸ਼ੀ ਤੁਸੀਂ ਮਹਾਂਪੁਰਖ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੂੰ ਠਹਿਰਾਉਂਦੇ ਹੋ। ਤੁਹਾਨੂੰ ਗੱਲ ਸੋਚ ਸਮਝ ਕੇ ਕਰਨੀ ਚਾਹੀਦੀ ਹੈ। ਕਾਹਨਾ ਕਿਸੇ ਦੀ ਕੀ ਪਰਵਾਹ ਸਮਝਦਾ ਸੀ, ਜੋ ਉਸ ਦੇ ਮੂੰਹ ਆਇਆ, ਕਹੀ ਗਿਆ। ਭਾਈ ਸੁਖਦੇਵ ਸਿੰਘ ਸਖੀਰਾ ਉਸ ਵੇਲੇ ਕੁਝ ਨਾ ਕਰ ਸਕਿਆ। ਕੁਝ ਚਿਰ ਪਿੱਛੋਂ ਪੰਜਾਬ ਤੋਂ ਬਾਹਰ ਹੋਲੇ-ਮਹੱਲੇ 'ਤੇ ਗਿਆ ਨਕਲੀ ਨਿਹੰਗ ਕਾਹਨੇ ਨੂੰ ਕਿਸੇ ਸਿੰਘ ਨੇ ਗੋਲੀਆਂ ਨਾਲ ਭੁੰਨ ਸੁੱਟਿਆ ਤੇ ਸੰਤ ਜਰਨੈਲ ਸਿੰਘ ਜੀ ਖਾਲਸਾ ਜ਼ਿੰਦਾਬਾਦ ਦਾ ਨਾਹਰਾ ਵੀ ਲਾ ਕੇ ਚੜ੍ਹਦੀ ਕਲਾ ਵਿਚ ਬਚ ਨਿਕਲਣ ਵਿਚ ਕਾਮਯਾਬ ਹੋ ਗਿਆ। ਇਸ ਦਾ ਸਿਹਰਾ ਵੀ ਖ਼ਾਲਸਾ ਪੰਥ ਅਤੇ ਇਤਿਹਾਸ ਨੇ ਭਾਈ ਸੁਖਦੇਵ ਸਿੰਘ ਸਖੀਰਾ ਦੇ ਸਿਰ ਬੰਨ੍ਹਿਆ ਹੈ।

ਮਈ 1986 ਵਿਚ ਭਾਈ ਸੁਖਦੇਵ ਸਿੰਘ ਸਖੀਰਾ, ਬਾਬਾ ਅਮਰੀਕ ਸਿੰਘ ਨੂੰ ਗੁਰਦੁਅਰਾ ਸ਼ਹੀਦਾਂ ਬਾਬਾ ਦੀਪ ਸਿੰਘ (ਅੰਮ੍ਰਿਤਸਰ) ਵਿਖੇ ਮਿਲ ਕੇ ਗੱਲ-ਬਾਤ ਕਰਨ ਤੋਂ ਬਾਅਦ ਜਦੋਂ ਗੁਰਦੁਆਰਾ ਸਾਹਿਬ ਤੋਂ ਬਾਹਰ ਆਏ ਤਾਂ ਕਿਸੇ ਨੇ ਉਹਨਾਂ 'ਤੇ ਫ਼ਾਇਰਿੰਗ ਕਰ ਕੇ ਸ਼ਹੀਦ ਕਰ ਦਿੱਤਾ। (ਪਿੰਡ ਸਖੀਰੇ ਵਿਖੇ ਭਾਈ ਸਾਹਿਬ ਦੀ ਯਾਦ 'ਚ ਝੂਲ ਜਿਹਾ ਨਿਸ਼ਾਨ ਸਾਹਿਬ, ਉਹਨਾਂ ਦੀ ਸ਼ਹੀਦੀ ਨੂੰ ਸਲਾਮ ਕਰ ਰਿਹਾ ਹੈ।) ਜੀਪ ਵਿਚ ਚੜ੍ਹ ਕੇ ਫ਼ਰਾਰ ਹੋ ਗਏ। ਭਾਈ ਸੁਖਦੇਵ ਸਿੰਘ ਸਖੀਰਾ ਦੀ ਸ਼ਹੀਦੀ ਦੀ ਖ਼ਬਰ ਸਿੱਖ ਕੌਮ ਅੰਦਰ ਜੰਗਲ ਦੀ ਅੱਗ ਵਾਂਗ ਫੈਲ ਗਈ। ਹਰ ਸਿੱਖ ਦੇ ਹਿਰਦੇ ਨੇ ਦੁੱਖ ਮਹਿਸੂਸ ਕੀਤਾ ਕਿ ਅੱਜ ਉਹਨਾਂ ਦਾ ਪੁੱਤਰ ਸਖੀਰਾ ਬੇਵਕਤ ਵਿਛੋੜਾ ਦੇ ਗਿਆ ਹੈ। ਸਿੱਖ ਰਾਜ ਦਾ ਉਸਰੱਈਆ ਕਿਲ੍ਹਾ ਕਹਿਰੀ ਤੂਫ਼ਾਨ ਨਾਲ ਢਹਿ-ਢੇਰੀ ਹੋ ਗਿਆ। ਬਾਪੂ ਜੋਗਿੰਦਰ ਸਿੰਘ ਜੀ ਰੋਡੇ ਨੂੰ ਜਦੋਂ ਭਾਈ ਸੁਖਦੇਵ ਸਿੰਘ ਸਖੀਰਾ ਦੀ ਸ਼ਹੀਦੀ ਦਾ ਸੁਨੇਹਾ ਮਿਲਿਆ ਤਾਂ ਉਹਨਾਂ ਦੇ ਸਹਿਜ-ਸੁਭਾਅ ਦੇ ਬੋਲ ਸਨ, ਅੱਜ ਮੇਰਾ ਜਰਨੈਲ ਸਖੀਰਾ ਮੋਇਆ ਹੈ ਤੇ ਬਾਪੂ ਜੀ ਦੇ ਚਿੱਟੇ ਦਾਹੜੇ ਉੱਤੇ ਅੱਖਾਂ 'ਚੋਂ ਡਿੱਗੇ ਅੱਥਰੂ ਸੁਖਦੇਵ ਸਿੰਘ ਸਖੀਰਾ ਦੀ ਮਹਾਨਤਾ ਦਰਸਾ ਰਹੇ ਸਨ। ਜੂਨ 1984 ਦੇ ਘੱਲੂਘਾਰੇ ਵਿਚ ਛੇ ਪੁੱਤਰ-ਪੋਤਰੇ ਸ਼ਹੀਦ ਕਰਵਾ ਕੇ ਅੱਖਾਂ 'ਚੋਂ ਅੱਥਰੂ ਨਾ ਕੇਰਨ ਵਾਲਾ ਬਾਬਾ ਜੋਗਿੰਦਰ ਸਿੰਘ ਖ਼ਾਲਸਾ ਭਾਈ ਸੁਖਦੇਵ ਸਿੰਘ ਸਖੀਰਾ ਦੀ ਸ਼ਹੀਦੀ ਸੁਣ ਕੇ ਫੁੱਟ-ਫੁੱਟ ਕੇ ਰੋਇਆ ਸੀ।

ਬਾਬਾ ਜੋਗਿੰਦਰ ਸਿੰਘ ਅੰਮ੍ਰਿਤ ਸੰਚਾਰ ਸਮਾਗਮ ਦੀ ਲੜੀ ਚਲਾ ਰਹੇ ਸਨ, ਆਪਣੇ ਸਾਥੀ ਸਿੰਘਾਂ ਸਮੇਤ ਅੰਮ੍ਰਿਤਸਰ ਨੂੰ ਤੁਰ ਪਏ। ਬਾਬਾ ਠਾਕੁਰ ਸਿੰਘ ਜੀ ਦਮਦਮੀ ਟਕਸਾਲ ਵੀ ਸ਼ਹੀਦੀ ਦੀ ਖ਼ਬਰ ਸੁਣ ਕੇ ਜਥੇ ਸਮੇਤ ਅੰਮ੍ਰਿਤਸਰ ਪਹੁੰਚ ਗਏ। ਪਿੰਡ ਸਖੀਰਾ ਤੋਂ ਪਿਤਾ ਬਾਪੂ ਬੁੱਧ ਸਿੰਘ ਜੀ ਨਾਲ ਸਾਰਾ ਪਿੰਡ ਤੇ ਇਲਾਕੇ ਦੇ ਲੋਕ ਅੰਮ੍ਰਿਤਸਰ ਪਹੁੰਚ ਗਏ। ਜੁਝਾਰੂ ਸਿੰਘਾਂ ਦੇ ਕਾਫ਼ਲੇ ਵੀ ਭਾਈ ਸੁਖਦੇਵ



*ਭਾਈ ਸੁਖਦੇਵ ਸਿੰਘ ਸਖੀਰਾ ਦਾ ਸ਼ਹੀਦੀ ਸਰੂਪ*

ਸਿੰਘ ਸਖੀਰਾ ਦੇ ਅੰਤਿਮ ਦਰਸ਼ਨਾਂ ਲਈ ਅਤੇ ਵਿੱਛੜੇ ਜਰਨੈਲ ਨੂੰ ਹੰਝੂਆਂ ਭਰੀ ਵਿਦਾਇਗੀ ਦੇਣ ਲਈ ਪਹੁੰਚ ਗਏ।

ਕਹਿੰਦੇ ਹਨ ਕਿ ਭਾਈ ਸੁਖਦੇਵ ਸਿੰਘ ਸਖੀਰਾ ਦਾ ਦਿਲ ਦੋ ਕਿਲੋ ਛੇ ਸੌ ਗ੍ਰਾਮ (2 ਕਿਲੋ 600 ਗ੍ਰਾਮ) ਨਿਕਲਿਆ ਵੇਖ ਕੇ ਪੁਲਿਸ ਦੇ ਇਕ ਅਫ਼ਸਰ ਦੀਆਂ ਅੱਖਾਂ ਵਿਚ ਅੱਥਰੂ ਆ ਗਏ ਤੇ ਇਕ ਕਵੀ ਵਾਂਗ ਕਹਿ ਉੱਠਿਆ ਕਿ ਸਿੱਖ ਕੌਮ ਤੋਂ ਜਾਨਾਂ ਤਾਂ ਬੜੇ ਹੀਰਿਆਂ ਨੇ ਵਾਰੀਆਂ ਪਰ ਘਰ-ਘਰ ਵਿਚ ਮਾਵਾਂ ਨੇ ਸੁਖਦੇਵ ਸਿੰਘ ਸਖੀਰੇ ਵਰਗੇ ਨਹੀਂ ਜੰਮਣੇ।

ਭਾਈ ਸੁਖਦੇਵ ਸਿੰਘ ਸਖੀਰਾ ਦੀ ਸ਼ਹੀਦੀ ਦੇਹ ਪਿੰਡ ਸਖੀਰਾ ਵਿਖੇ ਲਿਆਂਦੀ ਗਈ। ਪਿੰਡ ਦੇ ਸਰਪੰਚ ਸ. ਕਾਰਜ ਸਿੰਘ ਨੇ ਕਿਹਾ ਕਿ ਭਾਈ ਸੁਖਦੇਵ ਸਿੰਘ ਕੁਝ ਦਿਨ ਪਹਿਲਾਂ ਮੈਨੂੰ ਮਿਲ ਕੇ ਗਿਆ ਸੀ ਤੇ ਗੱਲ-ਬਾਤ ਕਰਦਿਆਂ ਕਿਹਾ ਸੀ ਕਿ ਮੈਂ ਸ਼ਹੀਦ ਹੋ ਜਾਣਾ ਹੈ। ਮੇਰੇ ਸਰੀਰ ਦਾ ਅੰਤਿਮ ਸੰਸਕਾਰ ਗੁਰਦੁਆਰਾ ਬਾਬਾ ਮਾਈ ਦਾਸ ਵਿਖੇ ਕਰਨਾ। ਗੁਰੂ ਘਰ ਬੈਠ ਕੇ ਗੁਰਬਾਣੀ ਦਾ ਆਨੰਦ ਮਾਣਾਂਗੇ।

ਭਾਈ ਸਾਹਿਬ ਦਾ ਸਸਕਾਰ ਗੁਰਦੁਆਰਾ ਬਾਬਾ ਮਾਈ ਦਾਸ ਵਿਚ ਕਰ ਦਿੱਤਾ। ਇਸ ਮੌਕੇ 'ਤੇ ਬਾਪੂ ਜੋਗਿੰਦਰ ਸਿੰਘ (ਪਿਤਾ ਸੰਤ ਜਰਨੈਲ ਸਿੰਘ ਜੀ), ਬਾਬਾ ਠਾਕੁਰ ਸਿੰਘ ਜੀ ਦਮਦਮੀ ਟਕਸਾਲ ਤੋਂ ਇਲਾਵਾ ਹਜਾਰਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਸ਼ਾਮਲ ਸਨ, ਜੋ ਆਪਣੇ ਵਿੱਛੜੇ ਕੌਮੀ ਹੀਰੇ ਜਰਨੈਲ ਨੂੰ ਹੰਝੂਆਂ ਭਰੀ ਵਿਦਾਇਗੀ ਦੇ ਰਹੀਆਂ ਸਨ।

* * *

# ਸ਼ਹੀਦ ਭਾਈ ਜਗਬੀਰ ਸਿੰਘ ਜੱਗਾ ਨਾਗੋਕੇ
# ਖ਼ਾਲਿਸਤਾਨ ਕਮਾਂਡੋ ਫ਼ੋਰਸ



ਸਿੱਖ ਕੌਮ ਦੇ ਸਵੈਮਾਣ, ਬਾਣੀ ਅਤੇ ਬਾਣੇ ਦੀ ਸਲਾਮਤੀ ਲਈ ਮੌਜੂਦਾ ਸਿੱਖ ਸੰਘਰਸ਼ ਦੌਰਾਨ ਹਜ਼ਾਰਾਂ ਸਿੰਘਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ। ਇਹਨਾਂ ਸਿੰਘਾਂ ਦੇ ਜੁਝਾਰੂ ਕਾਫ਼ਲੇ ਦਾ ਸਿਪਾਹੀ ਭਾਈ ਜਗਬੀਰ ਸਿੰਘ ਉਰਫ਼ ਜੱਗਾ ਨਾਗੋਕੇ ਹੋਇਆ ਹੈ। ਭਾਈ ਜਗਬੀਰ ਸਿੰਘ ਦਾ ਜਨਮ 20 ਮਾਰਚ 1965 ਨੂੰ ਪਿਤਾ ਸ. ਸਰਦੂਲ ਸਿੰਘ ਜੀ ਦੇ ਘਰ ਮਾਤਾ ਹਰਦੀਪ ਕੌਰ ਦੀ ਕੁੱਖੋਂ ਪਿੰਡ ਨਾਗੋਕੇ, ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਭਾਈ ਸਾਹਿਬ ਨੇ ਦਸਵੀਂ ਤਕ ਵਿਦਿਆ ਪਿੰਡ ਨਾਗੋਕੇ ਦੇ ਹਾਈ ਸਕੂਲ ਤੋਂ ਪ੍ਰਾਪਤ ਕੀਤੀ। ਆਪ ਜੀ ਦੀਆਂ ਦੋ ਵੱਡੀਆਂ ਭੈਣਾਂ ਰਣਧੀਰ ਕੌਰ ਤੇ ਦਲਬੀਰ ਕੌਰ ਅਤੇ ਛੋਟਾ ਭਰਾ ਸੁਖਬੀਰ ਸਿੰਘ ਹੈ। ਭਾਈ ਜਗਬੀਰ ਸਿੰਘ ਜੀ ਦਾ ਆਨੰਦ ਕਾਰਜ ਗੁਰਮਤਿ ਮਰਿਆਦਾ ਅਨੁਸਾਰ ਸੰਨ 1978 ਵਿਚ ਬੀਬੀ ਦਵਿੰਦਰ ਕੌਰ ਪੁੱਤਰੀ ਸ. ਸੰਤੋਖ ਸਿੰਘ ਵਾਸੀ ...ਸ ਨਗਰ (ਮਾਲੋਵਾਲ, ਨਜ਼ਦੀਕ ਢਪਈਆਂ) ਨਾਲ ਹੋਈ। ਆਪ ਜੀ ਦੀਆਂ ਦੋ ਧੀਆਂ/ਪੁੱਤਰੀਆਂ ਸੰਦੀਪ ਕੌਰ, ਮਨਦੀਪ ਕੌਰ, ਦੋ ਪੁੱਤਰ ਜਤਿੰਦਰ ਸਿੰਘ ਤੇ ਸੁਖਜਿੰਦਰ ਸਿੰਘ ਹਨ।

ਭਾਈ ਜਗਬੀਰ ਸਿੰਘ ਜੀ ਨੇ 8 ਤੋਂ 11 ਅਪਰੈਲ 1978 ਨੂੰ ਖਡੂਰ ਸਾਹਿਬ ਵਿਖੇ ਦਮਦਮੀ ਟਕਸਾਲ ਵੱਲੋਂ ਕੀਤੇ ਗਏ ਗੁਰਮਤਿ ਸਮਾਗਮ, ਕਥਾ, ਕੀਰਤਨ ਸਮਾਗਮ ਵੇਲੇ ਹਾਜ਼ਰ ਹੋ ਕੇ ਗੁਰਬਾਣੀ ਪਾਠ, ਕਥਾ, ਕੀਰਤਨ ਦਾ ਆਨੰਦ ਮਾਣਿਆ ਤੇ ਆਖਰੀ ਸਮਾਗਮ ਸਮਾਪਤੀ ਵਾਲੇ ਦਿਨ, 11 ਅਪਰੈਲ ਨੂੰ ਦਮਦਮੀ ਟਕਸਾਲ ਦੇ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਗੁਰਮੁਖ ਜੀਵਨ ਦੇ ਪਾਂਧੀ ਬਣੇ। ਇਸ ਦਿਨ ਪਿੰਡ ਨਾਗੋਕੇ ਅਤੇ ਬਹਾਦਰਪੁਰ ਦੇ 16 ਸਿੰਘ ਦਮਦਮੀ ਟਕਸਾਲ ਤੋਂ ਅੰਮ੍ਰਿਤ ਛਕ ਕੇ ਸੰਤ ਜਰਨੈਲ ਸਿੰਘ ਜੀ ਦੇ ਸੰਗੀ ਸਾਥੀ ਬਣ ਗਏ ਸਨ,

ਆਪ ਵੀ ਇਹਨਾਂ ਸਿੰਘਾਂ ਵਿਚ ਸ਼ਾਮਲ ਸਨ। 13 ਅਪਰੈਲ 1978 ਦਾ ਨਿਰੰਕਾਰੀਆਂ ਵੱਲੋਂ ਸ੍ਰੀ ਅੰਮ੍ਰਿਤਸਰ 'ਚ ਵਾਪਰਿਆ ਖ਼ੂਨੀ ਸਾਕਾ, ਜਿਸ ਵਿਚ 13 ਸਿੰਘ ਸ਼ਹੀਦ ਹੋਏ ਅਤੇ 150 ਤੋਂ ਵੱਧ ਸਖ਼ਤ ਜ਼ਖ਼ਮੀ ਹੋਏ, ਆਪ ਜੀ ਦੀਆਂ ਅੱਖਾਂ ਦੇ ਸਾਹਮਣੇ ਹੋਇਆ ਸੀ। ਜਿਸ ਨਾਲ ਆਪ ਜੀ ਦਾ ਹਿਰਦਾ ਵਲੂੰਦਰਿਆ ਗਿਆ, ਆਪ ਨੇ ਇਸ ਦਿਨ ਤੋਂ ਹੀ ਦੁਸ਼ਟਾਂ ਦੀ ਸੋਧਾਈ ਕਰਨ ਦਾ ਮਨ 'ਚ ਫ਼ੈਸਲਾ ਕਰ ਲਿਆ ਸੀ।

ਮੌਕਾ ਆਉਣ 'ਤੇ ਸਿੱਖੀ ਤੇ ਸਿੱਖ ਪੰਥ ਦੇ ਵੈਰੀਆਂ ਦੀ ਸੋਧਾਈ ਲਈ ਉੱਠੇ ਸਿੱਖ ਸੰਘਰਸ਼ ਵਿਚ ਸ਼ਾਮਲ ਹੋ ਗਏ। ਜੂਨ 1984 ਦੇ ਭਾਰਤੀ ਫ਼ੌਜ ਵੱਲੋਂ ਸਿੱਖ ਕੌਮ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਹਮਲੇ ਵੇਲੇ ਸ੍ਰੀ ਦਰਬਾਰ ਸਾਹਿਬ ਅੰਦਰ ਸਨ, ਪਰ ਕੁਝ ਸਾਥੀ ਸਿੰਘਾਂ ਸਮੇਤ 5 ਜੂਨ ਨੂੰ ਫ਼ੌਜੀ ਘੇਰੇ 'ਚੋਂ ਬਚ ਨਿਕਲਣ ਵਿਚ ਕਾਮਯਾਬ ਹੋ ਗਏ। ਬਾਅਦ ਵਿਚ ਆਪ ਜੀ ਦਾ ਮੇਲ ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ ਨਾਲ ਹੋਇਆ ਤੇ ਸਿੱਖ ਕੌਮ ਦੇ ਵੱਖਰੇ ਘਰ ਲਈ ਸਿੱਖ ਸੰਘਰਸ਼ ਵਿਚ ਕੁੱਦ ਪਏ। ਸੰਨ 1992 ਵਿਚ ਯੂ.ਪੀ. (ਉੱਤਰ ਪ੍ਰਦੇਸ਼) ਦੇ ਸ਼ਹਿਰ ਮਹੰਮਦੀ ਦੇ ਨੇੜੇ ਪੁਲਿਸ ਚੌਂਕੀ ਕੁਕਰਾ ਦੇ ਪਿੰਡ ਖੰਜਨਪੁਰ ਵਿਚ ਯੂ.ਪੀ. ਦੀ ਪੁਲਿਸ ਨਾਲ ਮੁਕਾਬਲਾ ਹੋਇਆ, ਜਿਸ ਵਿਚ ਯੂ.ਪੀ. ਪੁਲਿਸ ਦੇ ਸਿੰਘਾਂ ਨੇ ਸੱਥਰ ਵਿਛਾ ਦਿੱਤੇ ਅਤੇ ਪੁਲਿਸ ਨੂੰ ਭਾਜੜਾਂ ਪਾ ਦਿੱਤੀਆਂ। ਆਪ ਸਾਥੀਆਂ ਸਮੇਤ ਬਚ ਨਿਕਲਣ ਵਿਚ ਕਾਮਯਾਬ ਰਹੇ। ਭਾਈ ਜਗਬੀਰ ਸਿੰਘ ਪੰਜਾਬ ਆ ਗਏ। ਮਾਰਚ 1993 ਵਿਚ ਹਜ਼ੂਰ ਸਾਹਿਬ ਨੂੰ ਜਾਂਦਿਆਂ ਪੰਜਾਬ ਪੁਲਿਸ ਨੇ ਆਗਰੇ ਦੇ ਗੁਰਦੁਆਰਾ ਸਾਹਿਬ ਤੋਂ ਗ੍ਰਿਫ਼ਤਾਰ ਕਰ ਲਿਆ ਤੇ ਪੰਜਾਬ ਪੁਲਿਸ (ਤਰਨ ਤਾਰਨ) ਨੇ 17 ਦਿਨ ਤਸੀਹੇ ਦੇਣ ਤੋਂ ਬਾਅਦ ਜਦੋਂ ਕਿ ਭਾਈ ਜਗਬੀਰ ਸਿੰਘ ਤੋਂ ਸਾਥੀ ਸਿੰਘਾਂ ਬਾਰੇ ਕੋਈ ਭੇਤ ਨਾ ਲੈ ਸਕੇ ਤਾਂ ਸ਼ਹੀਦੀ ਹਾਲਤ ਵਿਚ ਲਿਜਾ ਕੇ 20 ਮਾਰਚ 1993 ਨੂੰ ਪਿੰਡ ਭੋਈਆਂ, ਕਰਮ ਸਿੰਘ ਦੇ ਬਾਗ ਵਿਚ ਝੂਠੇ ਪੁਲਿਸ ਮੁਕਾਬਲੇ ਵਿਚ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਇਸ ਤਰ੍ਹਾਂ ਇਹ ਪਿੰਡ ਨਾਗੋਕੇ ਦਾ ਬਹਾਦਰ ਸੂਰਮਾ 15 ਸਾਲ ਸਿੱਖ ਸੰਘਰਸ ਵਿਚ ਵਿਚਰਦਾ ਹੋਇਆ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਸੰਘਰਸ਼ ਕਰਦਾ ਹੋਇਆ ਸਹੀਦੀ ਪ੍ਰਾਪਤ ਕਰ ਕੇ ਸਿੱਖ ਇਤਿਹਾਸ ਵਿਚ ਸਦਾ ਲਈ ਅਮਰ ਹੋ ਗਿਆ।

ਭਾਈ ਜਗਬੀਰ ਸਿੰਘ ਜੀ ਦੀ ਆਤਮਿਕ ਸਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਦਾ ਭੋਗ ਗੁਰਦੁਆਰਾ ਬਾਬਾ ਬਕਾਲਾ ਵਿਖੇ ਪਾਇਆ ਗਿਆ।

***

# ਸ਼ਹੀਦ ਭਾਈ ਮਹਿੰਦਰ ਸਿੰਘ ਖ਼ਾਲਸਾ ਲੁਬਾਣਿਆਂ ਵਾਲੀ

## ਖ਼ਾਲਿਸਤਾਨ ਕਮਾਂਡੋ ਫ਼ੋਰਸ

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਸਿੱਖ ਕੌਮ ਦੇ ਗਲੋਂ ਗੁਲਾਮੀ ਦੀਆਂ ਜ਼ੰਜੀਰਾਂ ਲਾਹੁਣ ਲਈ ਆਰੰਭੇ ਸਿੱਖ ਸੰਘਰਸ਼ ਵਿਚ ਲੱਖਾਂ ਹੀ ਸਿੰਘਾਂ, ਸਿੰਘਣੀਆਂ, ਭੁਝੰਗੀਆਂ, ਬਜ਼ੁਰਗਾਂ ਨੇ ਜਾਲਮ ਹਿੰਦ ਹਕੂਮਤ ਦੇ ਅਸਹਿ ਤੇ ਅਕਹਿ ਤਸੀਹੇ ਝੱਲਦਿਆਂ ਸਿੱਖ ਸੰਘਰਸ਼ ਵਿਚ ਯੋਗਦਾਨ ਪਾਉਂਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ। ਇਹਨਾਂ ਬਹਾਦਰ ਸਿਰੜੀ, ਸਿਦਕੀ ਸਿੰਘਾਂ ਵਿਚੋਂ ਹੀ ਪਿੰਡ ਲੁਬਾਣਿਆਂ ਵਾਲੀ (ਜ਼ਿਲ੍ਹਾ ਮੁਕਤਸਰ ਸਾਹਿਬ) ਦੇ ਭਾਈ ਮਹਿੰਦਰ ਸਿੰਘ ਖ਼ਾਲਸਾ, ਭਾਈ ਸਬੇਗ ਸਿੰਘ ਲੁਬਾਣਿਆਂ ਵਾਲੀ ਹੋਏ ਹਨ, ਜਿਨ੍ਹਾਂ ਦੀ ਕੁਰਬਾਨੀ, ਤਿਆਗ, ਸਿਦਕ ਦੇ ਚਰਚੇ ਅੱਜ ਵੀ ਪਿੰਡ ਦੀਆਂ ਸੱਥਾਂ ਵਿਚ ਹੁੰਦੇ ਹਨ।

ਭਾਈ ਮਹਿੰਦਰ ਸਿੰਘ ਖ਼ਾਲਸਾ ਦਾ ਜਨਮ ਪਿਤਾ ਸ. ਬੱਗਾ ਸਿੰਘ ਦੇ ਘਰ ਮਾਤਾ ਗੁਰਦਿਆਲ ਕੌਰ ਉਰਫ਼ ਲਾਭ ਕੌਰ ਦੀ ਕੁੱਖੋਂ 1954 ਨੂੰ ਪਿੰਡ ਲੁਬਾਣਿਆਂ ਵਾਲੀ ਜ਼ਿਲ੍ਹਾ ਮੁਕਤਸਰ ਵਿਖੇ ਹੋਇਆ। ਵੱਡੇ ਭਰਾ ਜੱਗ ਸਿੰਘ, ਛੋਟੇ ਭਰਾ ਬਲਜਿੰਦਰ ਸਿੰਘ ਫ਼ੌਜੀ, ਭੈਣਾਂ ਗੁਰਦੀਪ ਕੌਰ, ਕਸ਼ਮੀਰ ਕੌਰ ਹਨ। ਭਾਈ ਸਾਹਿਬ ਨੇ ਪੰਜਵੀਂ ਤਕ ਪੜ੍ਹਾਈ ਪਿੰਡ ਲੁਬਾਣਿਆਂ ਵਾਲੀ ਸਰਕਾਰੀ ਪ੍ਰਾਇਮਰੀ ਸਕੂਲ ਤੋਂ, ਦਸਵੀਂ ਤਕ ਪੜ੍ਹਾਈ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਮੁਕਤਸਰ ਤੋਂ ਅਤੇ 12ਵੀਂ ਪਟਿਆਲਾ ਦੇ ਕਾਲਜ ਤੋਂ ਪਾਸ ਕੀਤੀ। 13ਵੀਂ ਵਿਚੋਂ ਅਧੂਰੀ ਪੜ੍ਹਾਈ ਛੱਡ ਕੇ ਪਿੰਡ ਆ ਗਏ ਤੇ ਭਰਾਵਾਂ ਨਾਲ ਖੇਤੀ ਦੇ ਕੰਮ ਵਿਚ ਹੱਥ ਵੰਡਾਉਣ ਲੱਗੇ।

ਸੰਨ 1983 ਵਿਚ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੀ ਵਿਚਾਰਧਾਰਾ ਤੋਂ ਪ੍ਰੇਰਿਤ ਹੋ ਕੇ ਸਿੱਖ ਹੱਕਾਂ ਦੀ ਪ੍ਰਾਪਤੀ ਲਈ ਆਰੰਭੇ ਸਿੱਖ ਸੰਘਰਸ਼ ਨਾਲ ਵਿਚਾਰਧਾਰਕ ਤੌਰ 'ਤੇ ਜੁੜ ਗਏ ਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਪਿੰਡ ਦੇ ਨੌਜਵਾਨਾਂ ਨਾਲ ਰਲ ਕੇ ਯੂਨਿਟ ਜਥੇਬੰਦ ਕੀਤਾ ਤੇ ਯੂਨਿਟ ਦੇ ਪ੍ਰਧਾਨ ਬਣਾਏ ਗਏ। ਭਾਈ ਛੋਟਾ ਸਿੰਘ (ਰੰਗਰੇਟਾ) ਪੱਗ-ਵੱਟ ਭਰਾ ਤੇ ਭਾਈ ਸਬੇਗ ਸਿੰਘ ਜਥੇਬੰਦੀ ਦੇ ਸਰਗਰਮ ਮੈਂਬਰ ਸਨ। ਸਿੱਖ ਸੰਘਰਸ਼ ਨਾਲ ਹਮਦਰਦ ਦੇ ਤੌਰ 'ਤੇ ਵਿਚਰਨ ਲੱਗੇ। ਹਿੰਦੂ ਹਕੂਮਤ ਨੇ ਸਿੱਖ ਹੱਕਾਂ ਦੇ ਸੰਘਰਸ਼ ਨੂੰ ਕੁਚਲਣ ਲਈ ਸਿੱਖਾਂ ਦੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੇ ਹੋਰ ਗੁਰਧਾਮਾਂ

ਉਪਰ ਤੋਪਾਂ, ਟੈਂਕਾਂ, ਮਸ਼ੀਨ ਗੰਨਾਂ ਨਾਲ ਫ਼ੌਜੀ ਹਮਲਾ ਕੀਤਾ। ਸ੍ਰੀ ਹਰਿਮੰਦਰ ਸਾਹਿਬ ਨੂੰ ਭਾਰਤ ਦੀ ਫ਼ੌਜ ਤੇ ਹਕੂਮਤ ਨੇ ਗੋਲੀਆਂ ਨਾਲ ਛਲਣੀ ਕਰ ਦਿੱਤਾ। ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੇ ਹੋਰ ਗੁਰਦੁਆਰਿਆਂ ਨੂੰ ਤੋਪਾਂ, ਟੈਂਕਾਂ ਦੇ ਗੋਲਿਆਂ ਨਾਲ ਢਾਹ-ਢੇਰੀ ਕਰ ਦਿੱਤਾ। ਸਿੱਖਾਂ ਦੀ ਵਹਿਸ਼ੀ ਢੰਗ ਨਾਲ ਕਤਲੇਆਮ ਕੀਤੀ ਗਈ। ਜੂਨ 1984 ਦੇ ਪਹਿਲੇ ਹਫ਼ਤੇ ਨੂੰ ਇਤਿਹਾਸ ਨੇ ਘੱਲੂਘਾਰਾ ਹਫ਼ਤਾ ਦਾ ਨਾਂ ਦਿੱਤਾ ਹੈ। 6 ਜੂਨ 1984 ਨੂੰ ਸਿੱਖ ਹੱਕਾਂ ਦਾ ਜਾਂਬਾਜ਼ ਰਾਖਾ, ਸੱਚ ਦਾ ਸੂਰਜ, ਵੀਂਹਵੀਂ ਸਦੀ ਦਾ ਮਹਾਨ ਇਨਕਲਾਬੀ ਯੋਧਾ, ਸੰਤ ਸਿਪਾਹੀ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਾ ਆਪਣੇ ਬਹਾਦਰ ਅਣਖੀਲੇ ਸੂਰਬੀਰ ਯੋਧਿਆਂ ਨਾਲ ਹਿੰਦ ਸਰਕਾਰ ਦੀਆਂ ਜ਼ਾਲਮ ਫ਼ੌਜਾਂ ਨਾਲ ਚਮਕੌਰ ਦੇ ਜੰਗ ਦੇ ਨਜ਼ਾਰੇ ਵਿਖਾਉਂਦਾ ਹੋਇਆ ਦੁਸ਼ਮਣਾਂ ਨੂੰ ਲੋਹੇ ਦੇ ਚਣੇ ਚਬਾਉਂਦਾ ਹੋਇਆ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੀ ਰੱਖਿਆ ਕਰਦਾ ਹੋਇਆ ਜਾਮ-ਏ-ਸ਼ਹਾਦਤ ਪੀ ਗਿਆ ਸੀ।

ਜੂਨ 1984 ਨੂੰ ਹਿੰਦ ਫ਼ੌਜਾਂ ਵੱਲੋਂ ਪੰਜਾਬ ਵਿਚੋਂ ਅੰਮ੍ਰਿਤਧਾਰੀ ਗੁਰਸਿੱਖਾਂ ਦੀ ਫੜੋ-ਫੜਾਈ ਸ਼ੁਰੂ ਕੀਤੀ ਗਈ। ਹਿੰਦ ਫ਼ੌਜ ਨੇ ਪੰਜ ਹਜ਼ਾਰ ਦੀ ਗਿਣਤੀ ਵਿਚ ਪਿੰਡ ਲੁਬਾਣਿਆਂ ਵਾਲੀ ਨੂੰ ਸਵੇਰੇ-ਸਵੇਰੇ ਹੀ ਘੇਰ ਲਿਆ। ਲੋਕ ਜੰਗਲ-ਮੈਦਾਨ ਜਾ ਰਹੇ ਸਨ, ਉਹਨਾਂ ਨੂੰ ਪਿੰਡੋਂ ਬਾਹਰ ਨਾ ਨਿਕਲਣ ਦਿੱਤਾ ਗਿਆ। 6 ਵਜੇ ਸਵੇਰੇ ਭਾਈ ਸਬੇਗ ਸਿੰਘ ਜੋ ਜੁਝਾਰੂ ਸੋਚ ਦਾ ਮਾਲਕ ਤੇ ਚੜ੍ਹਦੀ ਕਲਾ ਵਾਲਾ ਸਿੰਘ ਸੀ, ਉਸ ਨੂੰ ਪਿੰਡ ਤੋਂ ਬਾਹਰ ਉਸ ਦੇ ਡੇਰੇ ਤੋਂ ਫ਼ੌਜ ਨੇ ਫੜ ਲਿਆ ਤੇ ਸਿੰਘ ਦੀਆਂ ਬਾਹਵਾਂ ਬੰਨ੍ਹ ਕੇ ਟਰੱਕ ਵਿਚ ਬਿਠਾ ਕੇ ਪਿੰਡ ਲੈ ਆਏ। ਭਾਈ ਸਬੇਗ ਸਿੰਘ ਨੇ ਸਾਈਕਲ ਵਿਚ ਹਵਾ ਭਰ ਰਹੇ ਭਾਈ ਮਹਿੰਦਰ ਸਿੰਘ ਤੇ ਭਾਈ ਛੋਟਾ ਸਿੰਘ ਨੂੰ ਵੇਖ ਕੇ ਕਿਹਾ ਕਿ ਮਹਿੰਦਰ ਤੇ ਛੋਟਾ ਤਾਂ ਕਈ ਦਿਨਾਂ ਦੇ ਪਿੰਡ ਨਹੀਂ ਵੇਖੇ। ਦੋਵੇਂ ਸਿੰਘ ਭਾਈ ਸਬੇਗ ਸਿੰਘ ਦੀ ਰਮਜ਼ ਨੂੰ ਸਮਝ ਗਏ ਕਿ ਫ਼ੌਜ ਸਾਨੂੰ ਵੀ ਫੜਨ ਆਈ ਹੈ। ਫ਼ੌਜੀ ਪਿੰਡ ਦੇ ਕੇਵਲ ਸਿੰਘ ਚੌਂਕੀਦਾਰ ਨੂੰ ਨਾਲ ਲੈ ਕੇ ਦੋਵਾਂ ਸਿੰਘਾਂ ਦੇ ਘਰ ਪੁੱਛਣ ਲਈ ਜਾ ਰਹੇ ਸਨ ਤਾਂ ਰਸਤੇ ਵਿਚ ਮਹਿੰਦਰ ਸਿੰਘ ਤੇ ਛੋਟਾ ਸਿੰਘ ਨੂੰ ਚੌਂਕੀਦਾਰ ਕਹਿੰਦਾ ਕਿ ਬਾਈ, ਇਥੇ ਕਿਤੇ ਮਹਿੰਦਰ ਤੇ ਛੋਟੂ ਤਾਂ ਨਹੀਂ ਵੇਖੇ। ਮਹਿੰਦਰ ਸਿੰਘ ਕਹਿੰਦਾ ਕਿ ਚੌਂਕੀਦਾਰਾ, ਉਹ ਤਾਂ ਦੋ-ਤਿੰਨ ਦਿਨ ਦੇ ਨਹੀਂ ਵੇਖੇ। ਇਸ ਤਰ੍ਹਾਂ ਦੋਵੇਂ ਸਿੰਘ ਖਿਸਕ ਗਏ ਤੇ ਫ਼ੌਜ ਭਾਈ ਸਬੇਗ ਸਿੰਘ ਨੂੰ ਲੈ ਕੇ ਚਲੀ ਗਈ।

ਭਾਈ ਮਹਿੰਦਰ ਸਿੰਘ ਖ਼ਾਲਸਾ ਗੁਰਬਾਣੀ ਦੇ ਰਸੀਏ ਸਨ, ਧਾਰਮਿਕ ਕੰਮਾਂ ਵਿਚ ਦਿਲਚਸਪੀ ਰੱਖਦੇ ਸਨ। ਸਿੱਖ ਸੰਗਤ ਨੂੰ ਅੰਮ੍ਰਿਤ ਛਕਣ ਲਈ ਪ੍ਰੇਰਨਾ ਕਰ ਕੇ ਤਿਆਰ ਕਰਨਾ, ਕਕਾਰਾਂ, ਗੁਰਬਾਣੀ ਦੀਆਂ ਪੋਥੀਆਂ ਦੀ ਮੁਫ਼ਤ ਸੇਵਾ ਕਰਨੀ, ਸਿੱਖਾਂ ਨੂੰ ਆਪਣੀ ਕਿਰਤ ਕਮਾਈ ਵਿਚੋਂ ਗੁਰੂ ਘਰ ਲਈ ਦਸਵੰਧ ਕੱਢਣਾ, ਸੰਗਤ ਨੂੰ ਪ੍ਰੇਰ ਕੇ ਗੁਰਦੁਆਰਾ ਸਾਹਿਬ ਦੀ ਚਾਰਦੀਵਾਰੀ ਕੀਤੀ ਗਈ। ਭਾਈ ਸਾਹਿਬ ਹੱਕ-ਸੱਚ ਤੇ ਇਨਸਾਫ਼ ਦੇ

ਧਾਰਨੀ ਸਨ। ਹਰ ਇਕ ਦੇ ਦੁੱਖ-ਸੁਖ ਵਿਚ ਸ਼ਰੀਕ ਹੁੰਦੇ ਸਨ, ਹਰ ਇਕ ਨੂੰ ਖੁਸ਼ ਹੋ ਕੇ ਮਿਲਦੇ ਸਨ, ਕਿਸੇ ਦਾ ਵੀ ਦਿਲ ਨਹੀਂ ਸੀ ਦਿਖਾਉਂਦੇ। ਭਾਈ ਸਾਹਿਬ ਗੁਪਤ ਰਹਿ ਕੇ ਸਿੱਖ ਸੰਘਰਸ਼ ਵਿਚ ਸੇਵਾ ਕਰਦੇ ਸਨ।

ਭਾਈ ਮਹਿੰਦਰ ਸਿੰਘ ਖ਼ਾਲਸਾ ਦਾ ਸਵਰਨ ਸਿੰਘ ਫ਼ੌਜੀ ਥੰਮਨਵਾਲਾ ਨਾਲ ਮੇਲ ਹੋਇਆ ਤੇ ਫਿਰ ਅੱਗੇ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਮੁਖੀ ਭਾਈ ਗੁਰਜੰਟ ਸਿੰਘ ਰਾਜਸਥਾਨੀ, ਪ੍ਰਸਿੱਧ ਜੁਝਾਰੂ ਭਾਈ ਜਰਨੈਲ ਸਿੰਘ ਸ਼ੁਤਰਾਨਾ ਨਾਲ ਮੇਲ ਹੋਇਆ। ਭਾਈ ਮਹਿੰਦਰ ਸਿੰਘ ਖ਼ਾਲਸਾ ਤੇ ਭਾਈ ਜਰਨੈਲ ਸਿੰਘ ਸ਼ੁਤਰਾਨਾ ਪਟਿਆਲਾ ਕਾਲਜ ਵਿਚ ਪਹਿਲਾਂ ਇਕੱਠੇ ਪੜ੍ਹਦੇ ਰਹੇ ਸਨ। ਪੰਜਾਬ ਪੁਲਿਸ ਅਤੇ ਸੁਰੱਖਿਆ ਬਲਾਂ ਨੂੰ ਭਾਈ ਮਹਿੰਦਰ ਸਿੰਘ ਖ਼ਾਲਸਾ ਦੀਆਂ ਸਿੱਖ ਸੰਘਰਸ਼ ਪ੍ਰਤੀ ਸਰਗਰਮੀਆਂ ਦੀ ਸੂਹ ਲੱਗ ਗਈ ਸੀ।

ਪੰਜਾਬ ਪੁਲਿਸ ਨੂੰ ਇਹ ਵੀ ਸ਼ੱਕ ਸੀ ਕਿ ਭਾਈ ਗੁਰਜੰਟ ਸਿੰਘ ਰਾਜਸਥਾਨੀ ਦੀ ਪਿੰਡ ਲੁਬਾਣਿਆਂ ਵਾਲੀ ਵਿਚ ਛੁਪਣਗਾਹ ਹੈ ਤੇ ਉਹ ਭਾਈ ਮਹਿੰਦਰ ਸਿੰਘ ਖ਼ਾਲਸਾ ਹੀ ਸ਼ਰਨ ਦਾਤਾ ਹੈ। ਭਾਈ ਗੁਰਜੰਟ ਸਿੰਘ ਰਾਜਸਥਾਨੀ, ਭਾਈ ਜਰਨੈਲ ਸਿੰਘ ਸ਼ੁਤਰਾਨਾ ਦੀ ਸੂਹ ਕੱਢਣ ਲਈ ਪੰਜਾਬ ਪੁਲਿਸ ਤੇ ਸੀ.ਆਰ.ਪੀ. ਦੇ ਸੁਰੱਖਿਆ ਬਲਾਂ ਨੇ ਪਿੰਡ ਲੁਬਾਣਿਆਂ ਵਾਲੀ ਭਾਈ ਮਹਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਛਾਪਾ ਮਾਰਿਆ ਪਰ ਭਾਈ ਮਹਿੰਦਰ ਸਿੰਘ ਖ਼ਾਲਸਾ ਤੇ ਭਾਈ ਗੁਰਜੰਟ ਸਿੰਘ ਰਾਜਸਥਾਨੀ ਪਿੰਡ ਵਿਚ ਹੋਣ ਦੇ ਬਾਵਜੂਦ ਵੀ ਹੱਥ ਨਾ ਆਏ। ਗੁਪਤ ਰੂਪ ਵਿਚ ਸਿੱਖ ਸੰਘਰਸ਼ ਦੀ ਸੇਵਾ ਕਰਨ ਦੀ ਸਾਰੀ ਖੇਡ ਵਿਗੜ ਗਈ ਤੇ ਇਸ ਦਿਨ ਤੋਂ ਭਾਈ ਮਹਿੰਦਰ ਸਿੰਘ ਖ਼ਾਲਸਾ ਭਗੌੜੇ ਹੋ ਗਏ।

ਜਥੇਬੰਦੀ ਵੱਲੋਂ ਭਾਈ ਸਾਹਿਬ ਦੀ ਸੇਵਾ ਸਿੰਘਾਂ ਦੀਆਂ ਭਾਈ ਰਾਜਸਥਾਨੀ ਲਈ ਠਾਹਰਾਂ ਬਣਾਉਣ ਦੀ ਸੇਵਾ ਲਾਈ ਗਈ, ਜਿਸ ਵਿਚ ਭਾਈ ਸਾਹਿਬ ਬੜੀ ਮਹਾਰਤ ਰੱਖਦੇ ਸਨ। ਭਾਈ ਸਾਹਿਬ ਆਪਣੀ ਅਕਲ ਲਿਆਕਤ ਸਦਕਾ ਭਰੋਸਾ ਜਿੱਤ ਲੈਂਦੇ ਸਨ। ਭਾਈ ਗੁਰਜੰਟ ਸਿੰਘ ਰਾਜਸਥਾਨੀ ਦੀ ਅਗਵਾਈ ਵਾਲੀ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਮੁੱਖ ਸਲਾਹਕਾਰ, ਯੋਜਨਾਕਾਰ, ਨੀਤੀਘਾੜੇ ਵਜੋਂ ਜਾਣੇ ਜਾਂਦੇ ਸਨ। ਭਾਈ ਮਹਿੰਦਰ ਸਿੰਘ ਖ਼ਾਲਸਾ, ਜਨਰਲ ਭਾਈ ਗੁਰਜੰਟ ਸਿੰਘ ਰਾਜਸਥਾਨੀ ਦੇ ਸਭ ਤੋਂ ਵੱਧ ਭਰੋਸੇਯੋਗ ਸਾਥੀਆਂ ਵਿਚੋਂ ਸਨ।

13 ਪੋਹ (26 ਦਸੰਬਰ 1991) ਦਰਮਿਆਨ ਪੰਜਾਬ ਪੁਲਿਸ ਨੇ ਮੁਖ਼ਬਰ ਦੀ ਪੱਕੀ ਸੂਹ 'ਤੇ ਸਵੇਰੇ 9 ਵਜੇ ਨਾਕਾ ਲਾਇਆ ਹੋਇਆ ਸੀ। ਭਾਈ ਮਹਿੰਦਰ ਸਿੰਘ ਖਾਲਸਾ, ਭਾਈ ਗੁਰਜੰਟ ਸਿੰਘ ਰਾਜਸਥਾਨੀ ਮੁਖੀ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੋਵੇਂ ਸਿੰਘ ਸਰਦੂਲਗੜ੍ਹ ਤੋਂ ਦਵਾਈ ਲੈ ਕੇ ਆਲੂਪੁਰ ਨੂੰ ਸਾਈਕਲ ਉੱਤੇ ਆ ਰਹੇ ਸਨ, ਪੰਜਾਬ ਪੁਲਿਸ ਨੇ ਫੜਨ ਦੀ ਕੋਸ਼ਿਸ਼ ਕੀਤੀ ਤਾਂ ਭਾਈ ਗੁਰਜੰਟ ਸਿੰਘ ਰਾਜਸਥਾਨੀ ਸਾਈਕਲ ਪਿੱਛੋਂ ਛਾਲ ਮਾਰ ਕੇ ਸਰ੍ਹੋਂ ਦੇ ਖੇਤ ਵਿਚ ਵੜ ਗਿਆ ਤੇ ਭੱਜ ਜਾਣ ਵਿਚ ਕਾਮਯਾਬ ਹੋ ਗਿਆ। ਭਾਈ ਮਹਿੰਦਰ ਸਿੰਘ ਖ਼ਾਲਸਾ ਨੂੰ ਪੰਜਾਬ

ਪੁਲਿਸ ਨੇ ਥਾਂ 'ਤੇ ਹੀ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਪੰਜਾਬ ਪੁਲਿਸ ਨੇ ਅਖ਼ਬਾਰਾਂ ਵਿਚ ਐਲਾਨ ਕੀਤਾ ਕਿ ਸਰਦੂਲਗੜ੍ਹ ਤੋਂ ਆਲੂਪੁਰ ਰੋਡ 'ਤੇ ਪੰਜਾਬ ਪੁਲਿਸ ਨੇ ਪੱਕੀ ਸੂਹ ਮਿਲਣ 'ਤੇ ਨਾਕਾ ਲਾਇਆ ਹੋਇਆ ਸੀ। ਦੋ ਖਾੜਕੂ ਸਾਈਕਲ 'ਤੇ ਲੰਘਣ ਲੱਗੇ ਤਾਂ ਪੁਲਿਸ ਨੇ ਉਹਨਾਂ ਨੂੰ ਰੁਕਣ ਲਈ ਕਿਹਾ, ਜਿਸ 'ਤੇ ਸਾਈਕਲ ਦੇ ਮਗਰ ਬੈਠਾ ਖਾੜਕੂ ਛਾਲ ਮਾਰ ਕੇ ਸਰ੍ਹੋਂ ਦੇ ਖੇਤ ਵਿਚ ਭੱਜ ਨਿਕਲਿਆ ਜਦ ਕਿ ਸਾਈਕਲ ਚਲਾਉਣ ਵਾਲਾ ਭੱਜਣ ਦੀ ਕੋਸ਼ਿਸ਼ ਕਰਦਾ ਹੋਇਆ ਪੁਲਿਸ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਿਆ, ਜਿਸ ਦੀ ਪਛਾਣ ਮਹਿੰਦਰ ਸਿੰਘ ਲੁਬਾਣਿਆਂ ਵਾਲੀ ਮੁਕਤਸਰ ਥਾਣਾ ਵਜੋਂ ਹੋਈ। ਇਹ ਕੱਟੜ ਖਾੜਕੂ ਰਾਜਸਥਾਨੀ ਗਰੁੱਪ ਦਾ ਦਿਮਾਗ ਮੰਨਿਆ ਜਾਂਦਾ ਸੀ। ਪੁਲਿਸ ਨੂੰ ਕਈ ਕੇਸਾਂ ਵਿਚ ਲੋੜੀਂਦਾ ਸੀ। ਭੱਜਣ ਵਾਲਾ ਖਾੜਕੂ ਕੇ.ਸੀ.ਐਫ਼. ਦਾ ਮੁਖੀ ਗੁਰਜੰਟ ਸਿੰਘ ਰਾਜਸਥਾਨੀ ਸੀ। ਪੰਜਾਬ ਪੁਲਿਸ ਨੇ ਇਹ ਨਾਕਾ ਅੱਤਵਾਦੀਆਂ ਨੂੰ ਕਾਬੂ ਕਰਨ ਲਈ ਮੁਖ਼ਬਰ ਦੀ ਪੱਕੀ ਸੂਹ 'ਤੇ ਲਾਇਆ ਸੀ।

23 ਪੋਹ 1992 ਨੂੰ ਪਿੰਡ ਲੁਬਾਣਿਆਂ ਵਾਲੀ ਵਿਖੇ ਉਹਨਾਂ ਦੇ ਘਰ ਭਾਈ ਮਹਿੰਦਰ ਸਿੰਘ ਖ਼ਾਲਸਾ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭਾਗ ਪਾਏ ਗਏ। ਪਰਿਵਾਰ ਵੱਲੋਂ ਅੰਤਮ ਅਰਦਾਸ ਗੁਪਤ ਰੂਪ ਵਿਚ ਸਾਦੇ ਢੰਗ ਨਾਲ ਕੀਤੀ ਗਈ, ਪਿੰਡ ਦੀ ਸੰਗਤ ਅਰਦਾਸ ਵਿਚ ਸ਼ਾਮਲ ਹੋਈ। ਪੰਜਾਬ ਪੁਲਿਸ ਆਈ ਪਰ ਕਿਸੇ ਨੂੰ ਪਰੇਸਾਨ ਨਹੀਂ ਕੀਤਾ।

ਸ਼ਹੀਦ ਭਾਈ ਮਹਿੰਦਰ ਸਿੰਘ ਦੀ ਸਿੰਘਣੀ ਆਪਣੇ ਪੁੱਤਰ ਸੁਰਿੰਦਰ ਸਿੰਘ ਸਮੇਤ ਪਿੰਡ ਲੁਬਾਣਿਆਂ ਵਾਲੀ, ਡਾਕਖ਼ਾਨਾ ਲੁਬਾਣਿਆਂ ਵਾਲੀ, ਜਿਲ੍ਹਾ ਮੁਕਤਸਰ ਵਿਖੇ ਵਾਹਿਗੁਰੂ ਦੇ ਹੁਕਮ ਵਿਚ ਦਿਨ ਕੱਟੀ ਕਰ ਰਹੀ ਹੈ।

***

# ਸ਼ਹੀਦ ਭਾਈ ਸੁਬੇਗ ਸਿੰਘ ਲੁਬਾਣਿਆਂ ਵਾਲੀ

## ਲੈਫ਼ਟੀਨੈਂਟ ਜਨਰਲ-ਖ਼ਾਲਿਸਤਾਨ ਕਮਾਂਡੋ ਫ਼ੋਰਸ

ਮੁਕਤਸਰ ਤੋਂ ਸਾਦਿਕ/ਫ਼ਿਰੋਜ਼ਪੁਰ ਨੂੰ ਜਾਣ ਵਾਲੀ ਸੜਕ ਉੱਤੇ ਮੁਕਤਸਰ ਤੋਂ 14 ਕਿਲੋਮੀਟਰ 'ਤੇ ਮਾਲਵੇ ਦੇ ਰੇਤਲੇ ਟਿੱਬਿਆਂ ਵਿਚਕਾਰ ਘਿਰਿਆ ਹੋਇਆ ...ਏਲਾਂ ਦਾ ਪਿੰਡ ਲੁਬਾਣਿਆਂ ਵਾਲੀ ਆਉਂਦਾ ਹੈ। ਜੂਨ 1984 ਦੇ ਸ੍ਰੀ ਹਰਿਮੰਦਰ ...ਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਗੁਰਦੁਆਰਿਆ ਅੰਦਰ ਸਿੱਖਾਂ ਦੀ ਕੀਤੀ ਗਈ ਕਤਲੇਆਮ (4 ਜੂਨ 1984 ਦਾ ਘੱਲੂਘਾਰਾ) ਨਵੰਬਰ 1984 ਵਿਚ ...ਿੱਲੀ ਅਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਦੀ ਕੀਤੀ ਗਈ ਨਸਲਕੁਸ਼ੀ ਤੇ ਕਤਲੇਆਮ ...ੋਂ ਬਾਅਦ ਪੰਜਾਬ ਅੰਦਰ ਸਿੱਖ ਰਾਜ ਦੀ ਸਥਾਪਨਾ ਲਈ ਉੱਠੀ ਸਿੱਖ ਖਾੜਕੂ ਲਹਿਰ ਨਾਲ ਦਿਲਚਸਪੀ ਰੱਖਣ ਵਾਲਿਆਂ ਵਿਚ ਪਿੰਡ ਲੁਬਾਣਿਆਂ ਵਾਲੀ ਦਾ ਨਾਂ ...ਾ ਬੱਸ ਅੱਡਾ ਆਉਣ 'ਤੇ ਆਪ-ਮੁਹਾਰੇ ਖਾੜਕੂ ਯੋਧਿਆਂ ਭਾਈ ਸਬੇਗ ਸਿੰਘ ਤੇ ਭਾਈ ਮਹਿੰਦਰ ਸਿੰਘ ਲੁਬਾਣਿਆਂ ਵਾਲੀ ਦੀ ਯਾਦ ਆ ਜਾਂਦੀ ਹੈ। ਇਕ ਜਾਣਕਾਰ ...ਿੱਖ ਆਪਣੇ ਨਾਲ ਦੇ ਨੂੰ ਜਦੋਂ ਦੱਸਦਾ ਹੈ ਕਿ ਇਹ ਹੈ ਭਾਊ ਭਾਈ ਸਬੇਗ ਸਿੰਘ ...ੇ ਭਾਈ ਮਹਿੰਦਰ ਸਿੰਘ ਲੁਬਾਣਿਆਂ ਵਾਲੀ ਦਾ ਪਿੰਡ। ਅਣਜਾਣ ਜਦੋਂ ਇਹ ਪੁੱਛਦਾ ...ੈ ਕਿ ਕਿਹੜੇ ਲੁਬਾਣਿਆਂਵਾਲੀਏ ? ਕੌਣ ਸਨ ਉਹ ? ਤਾਂ ਜਾਣਕਾਰ ਕਹਿੰਦਾ ਹੈ ...ਿ ਭਾਈ ਗੁਰਜੰਟ ਸਿੰਘ ਰਾਜਸਥਾਨੀ ਸ਼ਹੀਦ ਦੇ ਸਾਥੀ। ਰਾਜਸਥਾਨੀ ਦੀ ਸੱਜੀ ...ਾਹ ਸਨ ਜਿਹੜੇ ਸੂਰਮੇ।

ਸ਼ਹੀਦ ਭਾਈ ਸਬੇਗ ਸਿੰਘ ਲੁਬਾਣਿਆਂ ਵਾਲੀ ਦਾ ਜਨਮ 10 ਸਤੰਬਰ 1959 ...ੂ ਪਿਤਾ ਸ. ਕਸ਼ਮੀਰ ਸਿੰਘ ਦੇ ਘਰ ਮਾਤਾ ਸੁਰਜੀਤ ਕੌਰ ਦੀ ਕੁੱਖੋਂ ਪਿੰਡ ...ਬਾਣਿਆਂ ਵਾਲੀ ਜ਼ਿਲ੍ਹਾ ਮੁਕਤਸਰ ਵਿਖੇ ਹੋਇਆ। ਭਾਈ ਸਾਹਿਬ ਨੇ ਪੰਜਵੀਂ ...ਕ ਵਿਦਿਆ ਪਿੰਡ ਲੁਬਾਣਿਆਂ ਵਾਲੀ ਦੇ ਸਕੂਲ ਤੋਂ ਹਾਸਲ ਕੀਤੀ। ਅੱਠਵੀਂ ...ਵਾਲਾ ਸਰਕਾਰੀ ਸਕੂਲ ਤੋਂ ਅਤੇ 11ਵੀਂ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ...ਤਸਰ ਤੋਂ ਪਾਸ ਕੀਤੀ। ਸਕੂਲ ਦੀ ਪੜ੍ਹਾਈ ਤੋਂ ਬਾਅਦ ਭਾਈ ਸਾਹਿਬ ...ੀ ਬਾੜੀ ਦਾ ਕੰਮ ਕਰਨ ਲੱਗੇ। ਇਸੇ ਸਮੇਂ ਦੌਰਾਨ ਆਪ ਜੀ ਦਾ ਆਨੰਦ ਕਾਰਜ ...ੀਪ ਕੌਰ (ਸਪੁੱਤਰੀ ਸ. ਬੰਤਾ ਸਿੰਘ ਵਾਸੀ ਬਲੋਚ ਕੇਰਾ, ਮਲੋਟ) ਨਾਲ ਹੋਈ। ...ਸ ਸੁਭਾਗੀ ਜੋੜੀ ਦੇ ਘਰ ਤਿੰਨ ਬੱਚਿਆਂ ਦਾ ਜਨਮ ਹੋਇਆ, ਪੁੱਤਰ ਸੁਖਦੀਪ ...ਸਿੰਘ ਅਤੇ ਪੁੱਤਰੀਆਂ ਰਾਜਬੀਰ ਕੌਰ ਤੇ ਅਮਨਦੀਪ ਕੌਰ।

ਘਰ ਦਾ ਮਾਹੌਲ ਅਸ਼ਾਂਤ ਹੋਣ ਕਰਕੇ ਭਾਈ ਸਾਹਿਬ ਆਪਣੀ ਮਾਤਾ ਸੁਰਜੀਤ

ਕੌਰ ਜੀ ਤੇ ਸਿੰਘਣੀ ਅਤੇ ਬੱਚਿਆਂ ਸਮੇਤ ਪਿਤਾ ਪਰਿਵਾਰ ਤੋਂ ਵੱਖ ਹੀ ਰਹਿੰਦੇ ਸਨ। ਭਾਈ ਸਾਹਿਬ ਤਕੜੇ ਸਰੀਰ ਵਾਲੇ ਤੇ ਕੌਮੀ ਦਰਦ ਨੂੰ ਸਮਝਣ ਵਾਲੇ, ਜੁਝਾਰੂ ਸੋਚ ਤੇ ਵਿਚਾਰਧਾਰਾ ਦੇ ਮੁੱਦਈ ਸਨ।

4 ਅਗਸਤ 1982 ਨੂੰ ਸ਼੍ਰੋਮਣੀ ਅਕਾਲੀ ਦਲ ਅਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਸਿੱਖ ਹੱਕਾਂ ਦੀ ਪ੍ਰਾਪਤੀ ਲਈ ਆਰੰਭੇ ਗਏ ਸਿੱਖ ਸੰਘਰਸ਼ ਦੌਰਾਨ ਭਾਈ ਸਬੇਗ ਸਿੰਘ ਜੀ, ਸਿੱਖ ਵਿਦਿਆਰਥੀ ਜਥੇਬੰਦੀ, ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਮੁਕਤਸਰ ਯੂਨਿਟ ਦੇ ਸੰਪਰਕ ਵਿਚ ਆਏ ਅਤੇ ਸਿੱਖ ਹੱਕਾਂ ਦੀ ਪ੍ਰਾਪਤੀ ਲਈ ਜੱਦੋ-ਜਹਿਦ ਵਿਚ ਆਪਣਾ ਯੋਗਦਾਨ ਪਾਉਣ ਲਈ ਆਪਣੇ ਪਿੰਡ ਲੁਬਾਣਿਆਂ ਵਾਲੀ ਦੇ ਸਿੱਖ ਨੌਜਵਾਨਾਂ ਨੂੰ ਜਥੇਬੰਦ ਕਰਨ ਲਈ ਆਪਣੇ ਸਾਥੀ ਮਹਿੰਦਰ ਸਿੰਘ ਤੇ ਭਾਈ ਛੋਟਾ ਸਿੰਘ ਲੁਬਾਣਿਆਂ ਵਾਲੀ ਦੇ ਸਹਿਯੋਗ ਨਾਲ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਯੂਨਿਟ ਕਾਇਮ ਕੀਤਾ ਤੇ ਸ੍ਰੀ ਦਰਬਾਰ ਸਾਹਿਬ ਮੁਕਤਸਰ ਤੋਂ ਜ਼ਿਲ੍ਹਾ ਫ਼ੈਡਰੇਸ਼ਨ ਪ੍ਰਧਾਨ ਦੀ ਰਹਿਨੁਮਾਈ ਵਿਚ ਵਿਚਰਨ ਲੱਗੇ।

1 ਜੂਨ 1984 ਨੂੰ ਸ੍ਰੀ ਦਰਬਾਰ ਸਾਹਿਬ ਮੁਕਤਸਰ ਤੋਂ ਭਾਈ ਸਬੇਗ ਸਿੰਘ, ਭਾਈ ਮਹਿੰਦਰ ਸਿੰਘ, ਭਾਈ ਛੋਟਾ ਸਿੰਘ ਲੁਬਾਣਿਆਂ ਵਾਲੀ ਆਏ ਹੋਏ ਸਨ। ਹਿੰਦ ਸਰਕਾਰ ਨੇ ਫ਼ੌਜ ਨਾਲ ਪੰਜਾਬ ਦੇ ਗੁਰਦੁਆਰਿਆਂ 'ਤੇ ਵਹਿਸ਼ੀ ਕਤਲੇਆਮ ਕਰਨ ਤੇ ਢਾਹ ਢੇਰੀ ਕਰਨ ਲਈ ਹਮਲਾ ਕਰ ਦਿੱਤਾ। ਸ੍ਰੀ ਅਕਾਲ ਤਖ਼ਤ ਸਾਹਿਬ ਢਾਹ ਢੇਰੀ ਕਰ ਦਿੱਤਾ, ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਦੀ ਰਾਖੀ ਕਰਦੇ ਹੋਏ ਸੈਂਕੜੇ ਸਿੰਘਾਂ ਨਾਲ ਹਮਲਾਵਰ ਦੁਸ਼ਮਣ ਨੂੰ ਲੋਹੇ ਦੇ ਚਣੇ ਚਬਾਉਂਦੇ ਹੋਏ ਜਾਮ-ਏ-ਸ਼ਹਾਦਤ ਪੀ ਗਏ। ਦਰਬਾਰ ਸਾਹਿਬ 'ਤੇ ਹੋਏ ਹਮਲੇ ਦਾ ਹਾਲ ਤੱਕ ਕੇ ਘਰ ਆਉਣ 'ਤੇ ਬਹੁਤ ਰੋਏ। ਮਾਤਾ ਜੀ ਨੇ ਕਿਹਾ ਕਿ ਪੁੱਤਰ, ਰੋਂਦਿਆਂ ਸੋਹਣੇ ਨਹੀਂ ਲੱਗੀਦਾ। ਤਾਂ ਸਬੇਗ ਸਿੰਘ ਕਹਿੰਦਾ, ਬੀਬੀ, ਹਿੰਦ ਸਰਕਾਰ ਨੇ ਸਾਡੇ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਉੱਤੇ ਹਮਲਾ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਢਾਹ ਦਿੱਤਾ, ਸਿੱਖਾਂ ਨੂੰ ਤੋਪਾਂ ਨਾਲ ਉਡਾ ਦਿੱਤਾ, ਸਾਡਾ ਸਿੱਖਾਂ ਦਾ ਕਾਹਦਾ ਜੀਊਣਾ ਰਹਿ ਗਿਆ? ਮਾਤਾ ਜੀ ਨੇ ਕਿਹਾ, ਪੁੱਤਰ, ਰੋਇਆਂ ਝੂਰਿਆਂ ਕੁਝ ਨਹੀਂ ਬਣਦਾ। ਮੁੱਢ ਤੋਂ ਹੀ ਜ਼ਾਲਮ ਹਕੂਮਤਾਂ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਉਂਦੀਆਂ ਆਈਆਂ ਨੇ ਤੇ ਪਾਉਂਦੀਆਂ ਰਹਿਣਗੀਆਂ।

ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਰਹੇ ਆ
ਤੇ ਪੈਂਦੇ ਰਹਿਣਗੇ।
ਮੁੱਢ ਤੋਂ ਹੀ ਸਿੰਘ ਵੈਰ ਲੈਂਦੇ ਰਹੇ ਆ
ਤੇ ਲੈਂਦੇ ਰਹਿਣਗੇ।

ਹਿੰਦ ਸਰਕਾਰ ਵਿਰੁੱਧ ਲੜਾਈ ਸ਼ੁਰੂ ਹੋਈ ਹੈ। ਹੁਣ ਪਤਾ ਨਹੀਂ ਸਿੱਖਾਂ ਨੂੰ ਅਜੇ ਹੋਰ ਕਿੰਨੀਆਂ ਸ਼ਹੀਦੀਆਂ ਦੇਣੀਆਂ ਪੈਣੀਆਂ ਹਨ। ਜ਼ਾਲਮ ਹਕੂਮਤ ਦੀਆਂ ਜੜ੍ਹਾਂ ਪੁੱਟਣ ਲਈ ਸਿੱਖਾਂ ਦੀ ਲਹਿਰ ਤੂਫ਼ਾਨ ਬਣ ਕੇ ਉੱਠਦੀ ਹੁੰਦੀ ਹੈ ਤੇ ਜ਼ਾਲਮਾਂ

ਨੂੰ ਸੋਧ ਕੇ ਕੀਤੀ ਦਾ ਫਲ ਭੁਗਤਾ ਦੇ ਨਾਸ ਕਰ ਦਿੰਦੀ ਹੁੰਦੀ ਹੈ। ਮੱਸਾ ਰੰਘੜ, ਚੰਦੂ, ਅਬਦਾਲੀ, ਉਡਵਾਇਰ, ਜ਼ਕਰੀਆ ਖ਼ਾਂ, ਔਰੰਗਜ਼ੇਬ, ਵਜ਼ੀਦ ਖ਼ਾਂ, ਫ਼ਰੁਖ਼ਸੀਅਰ, ਮੀਰ ਮੰਨੂੰ ਨੂੰ ਖ਼ਾਲਸੇ ਨੇ ਇਸ ਦੁਨੀਆਂ ਵਿਚ ਟਿਕਣ ਨਹੀਂ ਦਿੱਤਾ। ਹੁਣ ਅੱਗੇ ਵੇਖੋ, ਵਾਹਿਗੁਰੂ ਨੂੰ ਕੀ ਮਨਜ਼ੂਰ ਹੈ।

ਮਾਤਾ ਦੀਆਂ ਹੌਂਸਲੇ ਭਰੀਆਂ ਗੱਲਾਂ ਸੁਣ ਕੇ ਸਬੇਗ ਸਿੰਘ ਕਹਿੰਦਾ, ਠੀਕ ਹੈ ਬੀਬੀ, ਇਹਨਾਂ ਗੱਲਾਂ 'ਤੇ ਪੱਕੀ ਰਹਿਣਾ। ਸਾਡੇ ਮੁਕਤਸਰ ਵਿਚ ਸਿੱਖ ਸਟੂਡੈਂਟਸ ਫੈਡਰੇਸ਼ਨ ਵਾਲਿਆਂ ਕੋਲ ਨਾਂ ਲਿਖੇ ਹਨ। ਜੇ ਫ਼ੌਜ ਦੇ ਹੱਥ ਸਬੂਤ ਲੱਗ ਗਏ ਤਾਂ ਫ਼ੌਜ ਨੇ ਸਾਨੂੰ ਫੜਨ ਆਉਣਾ ਹੈ, ਇਹਨਾਂ ਜ਼ਾਲਮਾਂ ਦੀ ਮਿੰਨਤ ਨਹੀਂ ਕਰਨੀ। ਵਾਹਿਗੁਰੂ ਦੇ ਭਾਣੇ ਨੂੰ ਮੰਨਣਾ ਹੈ।

ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਹਿੰਦ ਫ਼ੌਜ ਵੱਲੋਂ ਪਿੰਡਾਂ ਵਿਚੋਂ ਸਿੱਖਾਂ ਦੀ ਫੜੋ-ਫੜਾਈ ਸ਼ੁਰੂ ਹੋ ਗਈ। 8 ਜੂਨ ਨੂੰ ਫ਼ੌਜ ਨੇ ਭਾਈ ਸਬੇਗ ਸਿੰਘ ਦੇ ਡੇਰੇ ਨੂੰ ਸਵੇਰ ਵੇਲੇ ਘੇਰਾ ਪਾ ਲਿਆ ਤੇ ਘਰੋਂ ਭਾਈ ਸਬੇਗ ਸਿੰਘ ਲੁਬਾਣਿਆਂ ਵਾਲੀ ਨੂੰ ਗ੍ਰਿਫ਼ਤਾਰ ਕਰ ਲਿਆ। ਪਿੰਡ ਦਾ ਸਰਪੰਚ ਗੁਰਦੇਵ ਸਿੰਘ ਪਹੁੰਚ ਗਿਆ। ਗੁਰਦੇਵ ਸਿੰਘ ਸਰਪੰਚ ਨੇ ਫ਼ੌਜ ਦੇ ਅਫ਼ਸਰ ਨੂੰ ਬੇਨਤੀ ਕੀਤੀ ਕਿ ਮੁੰਡਾ ਨਿਰਦੋਸ਼ ਹੈ। ਇਸ ਨੇ ਕੋਈ ਗ਼ਲਤ ਕੰਮ ਨਹੀਂ ਕੀਤਾ, ਖੇਤੀ ਕਰ ਕੇ ਰੋਟੀ ਖਾਂਦਾ ਹੈ। ਇਸ ਨੂੰ ਨਾ ਲਿਜਾਇਆ ਜਾਵੇ। ਮੈਂ ਇਸ ਦੀ ਜ਼ਿੰਮੇਵਾਰੀ ਚੁੱਕਦਾ ਹਾਂ। ਤਾਂ ਮਾਤਾ ਸੁਰਜੀਤ ਕੌਰ 7 ਸਾਲ ਦੇ ਪੋਤਰੇ ਸੰਦੀਪ ਸਿੰਘ ਨੂੰ ਕੁੱਛੜ ਚੁੱਕਿਆ ਹੋਇਆ ਸੀ ਤੇ ਫ਼ੌਜ ਦੇ ਅਫ਼ਸਰ ਨੂੰ ਬੇਨਤੀ ਕਰਨ ਲੱਗੀ ਕਿ ਮੇਰੇ ਪੁੱਤਰ ਨੂੰ ਕਿਸ ਗੁਨਾਹ ਦੇ ਬਦਲੇ ਲੈ ਚੱਲੇ ਹੋ? ਤਾਂ ਅਫ਼ਸਰ ਕਹਿੰਦਾ, ਯੇ ਭਿੰਡਰਾਂਵਾਲੇ ਕਾ ਚੇਲਾ ਹੈ। ਭਾਈ ਸਬੇਗ ਸਿੰਘ ਨੇ ਕਿਹਾ—ਸਰਪੰਚ ਸਾਹਿਬ, ਬੀਬੀ ਨੂੰ ਘਰ ਲੈ ਜਾਉ, ਇਹਨਾਂ ਜ਼ਾਲਮਾਂ ਅੱਗੇ ਮਿੰਨਤ ਨਹੀਂ ਕਰਨੀ। ਅਕਾਲ ਪੁਰਖ ਵਾਹਿਗੁਰੂ ਅੱਗੇ ਚੜ੍ਹਦੀ ਕਲਾ ਦੀ ਅਰਦਾਸ ਕਰੋ। ਜੇ ਮੈਨੂੰ ਮਾਰ ਦੇਣਗੇ ਤਾਂ ਕੋਈ ਪਰਵਾਹ ਨਹੀਂ। ਮੇਰਾ ਪੁੱਤਰ ਤੁਹਾਡੇ ਕੋਲ ਹੈ।

ਫ਼ੌਜ ਵਾਲੇ ਭਾਈ ਸਬੇਗ ਸਿੰਘ ਦੀਆਂ ਬਾਹਵਾਂ ਬੰਨ੍ਹ ਕੇ ਪਿੰਡ ਵਿਚ ਲੈ ਆਏ। ਸਾਈਕਲਾਂ ਨੂੰ ਪੈਂਚਰ ਲਾਉਣ ਵਾਲੀ ਦੁਕਾਨ 'ਤੇ ਭਾਈ ਮਹਿੰਦਰ ਸਿੰਘ ਤੇ ਭਾਈ ਛੋਟਾ ਸਿੰਘ ਸਾਈਕਲ ਦੇ ਟਾਇਰਾਂ ਵਿਚ ਹਵਾ ਭਰ ਰਹੇ ਸਨ। ਫ਼ੌਜ ਨੇ ਇਹਨਾਂ ਨੂੰ ਵੀ ਫੜਨਾ ਸੀ। ਅਫ਼ਸਰ ਤੇ ਸੈਂਕੜੇ ਫ਼ੌਜੀ ਘਰ ਨੂੰ ਘੇਰਾ ਪਾਉਣ ਗਏ ਸੀ, ਇਹਨਾਂ ਨੂੰ ਵੇਖ ਕੇ ਕਹਿੰਦਾ—ਮਹਿੰਦਰ ਤੇ ਛੋਟੂ ਤਾਂ ਕਈ ਦਿਨ ਹੋਏ ਪਿੰਡ ਵੇਖੇ ਨਹੀਂ, ਉਹ ਕਿਥੋਂ ਫੜ ਲਵੋਗੇ? ਜਿਸ ਨਾਲ ਦੋਵੇਂ ਹੁਸ਼ਿਆਰ ਹੋ ਗਏ ਤੇ ਸਾਈਕਲ 'ਤੇ ਚੜ੍ਹ ਕੇ ਖਿਸਕ ਗਏ। ਸਬੇਗ ਸਿੰਘ ਆਪ ਤਾਂ ਮੁਸੀਬਤ ਵਿਚ ਫਸਿਆ ਹੀ ਸੀ ਪਰ ਪਿੰਡ ਦੇ ਹੋਰ ਸਿੱਖਾਂ ਨੂੰ ਬਚਾਉਣ ਵਿਚ ਹੀ ਬਹਾਦਰੀ ਸਮਝੀ।

ਫ਼ੌਜ ਵਾਲਿਆਂ ਨੇ ਸਬੇਗ ਸਿੰਘ ਨੂੰ ਫੜ ਕੇ ਮੁਕਤਸਰ ਪੁਲਿਸ ਥਾਣੇ ਵਾਲਿਆਂ ਦੇ ਹਵਾਲੇ ਕਰ ਦਿੱਤਾ। ਮੁਕਤਸਰ ਪੁਲਿਸ ਨੇ ਅੰਮ੍ਰਿਤਸਰ ਪੁਲਿਸ ਦੇ ਪੁੱਛ-ਗਿੱਛ ਸੈਂਟਰ ਭੇਜ ਦਿੱਤਾ, ਜਿਥੇ ਪੰਜਾਬ ਪੁਲਿਸ ਤੇ ਹੋਰ ਏਜੰਸੀਆਂ ਨੇ ਪੂਰੇ ਪੰਦਰਾਂ ਦਿਨ

ਤਸੀਹੇ ਦਿੱਤੇ ਤੇ ਤਸ਼ੱਦਦ ਕੀਤਾ। ਪਰ ਭਾਈ ਸਬੇਗ ਸਿੰਘ ਨੇ ਪੰਦਰੀਂ ਕੱਟ ਲਈ ਪਰ ਕਿਸੇ ਵੀ ਤਰ੍ਹਾਂ ਦੀ ਕੋਈ ਜਾਣਕਾਰੀ ਪੁਲਿਸ ਨੂੰ ਨਾ ਦਿੱਤੀ। ਪੁਲਿਸ ਵਾਲੇ ਕੁਝ ਵੀ ਹਾਸਲ ਨਾ ਕਰ ਸਕੇ। ਪੰਦਰੀਂ ਕੱਟਣ ਤੋਂ ਬਾਅਦ ਮੁਕਤਸਰ ਅਦਾਲਤ ਵਿਚੋਂ ਜ਼ਮਾਨਤ 'ਤੇ ਰਿਹਾਅ ਹੋਏ।

ਜੂਨ 1984 ਤੋਂ ਬਾਅਦ ਭਾਈ ਸਬੇਗ ਸਿੰਘ, ਭਾਈ ਕੁਲਦੀਪ ਸਿੰਘ ਲੱਧੂ ਭਿੱਖੀਵਿੰਡ ਦੇ ਸੰਪਰਕ ਵਿਚ ਆਏ। ਜ਼ਮੀਨ ਦੀ ਵਾਹੀ ਛੱਡ ਦਿੱਤੀ। ਖ਼ਾਲਿਸਤਾਨ ਦੀ ਸਥਾਪਨਾ ਲਈ ਸਿੱਖ ਸੰਘਰਸ਼ ਲਈ ਸਰਹੱਦ ਪਾਰ ਤੋਂ ਹਥਿਆਰ ਲਿਆਉਣ ਦੀ ਗੁਪਤ ਰੂਪ ਵਿਚ ਸੇਵਾ ਕਰਨ ਲੱਗੇ। ਇਲਾਕੇ ਵਿਚ ਕੋਈ ਵੀ ਵਾਰਦਾਤ ਹੋ ਜਾਣ 'ਤੇ ਪੁਲਿਸ ਫੜ ਕੇ ਲੈ ਜਾਂਦੀ ਸੀ, ਤਸ਼ੱਦਦ ਕਰਦੀ। ਸੰਨ 1986 ਵਿਚ ਨਿੱਤ ਦੀ ਮਾਰਕੁੱਟ ਤੋਂ ਤੰਗ ਆ ਕੇ ਭਗੌੜਾ ਹੋ ਗਏ। ਪੁਲਿਸ ਮਾਤਾ, ਪਿਤਾ ਤੇ ਚਾਚਿਆਂ ਨੂੰ ਫੜ ਕੇ ਲੈ ਜਾਂਦੀ ਸੀ, ਤੰਗ ਕਰਦੀ ਸੀ ਤੇ ਪੇਸ਼ ਕਰਨ ਲਈ ਕਹਿੰਦੀ ਸੀ। ਸੀ.ਆਰ.ਪੀ. ਵਾਲੇ ਰਾਤ ਵੇਲੇ ਪਿੰਡ ਲੁਬਾਣਿਆਂ ਵਾਲੀ ਦੇ ਖੇਤਾਂ ਵਿਚ ਸਬੇਗ ਸਿੰਘ ਦੀ ਭਾਲ ਕਰਦੇ ਰਹਿੰਦੇ ਸਨ ਤੇ ਭਾਈ ਸਬੇਗ ਸਿੰਘ ਨੇ ਇਲਾਕੇ ਵਿਚ ਆਉਣਾ ਛੱਡ ਦਿੱਤਾ ਸੀ।

ਸ਼ਹੀਦ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਪੰਥਕ ਕਮੇਟੀ ਮੈਂਬਰ, ਕੇ.ਸੀ.ਐਫ. ਦੇ ਮੁਖੀ ਭਾਈ ਗੁਰਜੰਟ ਸਿੰਘ ਰਾਜਸਥਾਨੀ, ਨਾਲ ਨਜ਼ਦੀਕੀ ਸੰਬੰਧ ਸਨ। ਭਾਈ ਗੁਰਦੇਵ ਸਿੰਘ ਉਸਮਾਨਵਾਲਾ ਨੂੰ ਪੰਜਾਬ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਤਾਂ ਪੁਲਿਸ ਹਿਰਾਸਤ ਵਿਚ ਭਾਈ ਉਸਮਾਨਵਾਲਾ ਦੀ ਸ਼ਨਾਖ਼ਤ ਕਰਨ ਤੇ ਠੁੱਡੇ ਮਾਰਨ ਵਾਲੇ ਗੱਦਾਰਾਂ ਨੂੰ ਪੁੱਤਰਾਂ ਸਮੇਤ ਗੱਦਾਰੀ ਦਾ ਫਲ ਭੁਗਤਾਇਆ। ਮੁਕਤਸਰ ਦੇ ਇਕ ਵਕੀਲ ਨੂੰ 'ਅੱਤਵਾਦੀ-ਅੱਤਵਾਦੀ' ਦਾ ਅੱਤਵਾਦ-ਫੋਬੀਆ ਬੁਖ਼ਾਰ ਹੋ ਗਿਆ ਸੀ। ਜਿਸ 'ਤੇ ਸਬੇਗ ਸਿੰਘ ਤੇ ਸਾਥੀਆਂ ਨੇ ਵਕੀਲ ਨੂੰ ਕੋਲ ਰੱਖ ਕੇ ਉਸ ਦੇ ਅੱਤਵਾਦ ਫੋਬੀਆ ਬੁਖ਼ਾਰ ਦਾ ਇਲਾਜ ਕੀਤਾ ਸੀ।

ਭਾਈ ਸਬੇਗ ਸਿੰਘ ਲੁਬਾਣਿਆਂ ਵਾਲੀ ਚੋਟੀ ਦੇ ਖਾੜਕੂ ਸਿੰਘਾਂ ਨਾਲ ਵਿਚਰਨ ਵਾਲੇ ਸਿੰਘ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਪੰਥਕ ਕਮੇਟੀ ਮੈਂਬਰ ਭਾਈ ਗੁਰਜੰਟ ਸਿੰਘ ਰਾਜਸਥਾਨੀ, ਭਾਈ ਕੁਲਦੀਪ ਸਿੰਘ ਲੱਧੂ, ਭਾਈ ਕੁਲਵੰਤ ਸਿੰਘ ਆਰਫਕੇ, ਭਾਈ ਸੁਖਮਿੰਦਰ ਸਿੰਘ ਦੀਪ ਸਿੰਘ ਵਾਲਾ, ਭਾਈ ਜੱਸਾ ਸਿੰਘ ਸੰਤੂ ਵਾਲਾ, ਭਾਈ ਹਰਜਿੰਦਰ ਸਿੰਘ ਜਿੰਦਾ ਉਰਫ਼ ਮੁਸੀਬਤ ਸਿੰਘ ਵੈਰੜ, ਭਾਈ ਕਾਰਜ ਸਿੰਘ ਪੀਰ ਮੁਹੰਮਦ, ਭਾਈ ਵੱਸਣ ਸਿੰਘ ਜ਼ਫਰਵਾਲ, ਭਾਈ ਅਮਰਜੀਤ ਸਿੰਘ ਮਿੰਟੂ, ਮੁੰਡਾ ਪਿੰਡ ਵਾਲੇ ਰਲ ਕੇ ਸਿੱਖ ਸੰਘਰਸ਼ ਵਿਚ ਜੂਝ ਰਹੇ ਸਨ।

ਭਾਈ ਸਬੇਗ ਸਿੰਘ ਲੁਬਾਣਿਆਂ ਵਾਲਾ ਆਪਣੇ ਸਾਥੀਆਂ ਸਮੇਤ ਥਾਣਾ ਪੱਟੀ ਦੇ ਪਿੰਡ ਘਰਿਆਲਾ ਦੇ ਨੇੜੇ ਨਾਸ਼ਪਾਤੀਆਂ ਦੇ ਬਾਗ ਵਿਚ ਬੈਠੇ ਸਨ, ਕੁਝ ਸਿੰਘ ਸ਼ਰਾਰਤਾਂ ਕਰਨ ਲੱਗ ਪਏ। ਅਮਰਜੀਤ ਸਿੰਘ ਮਿੰਟੂ ਮੁੰਡਾ ਪਿੰਡ ਵਾਲਾ ਤੇ ਹੋਰ ਸਾਥੀ ਗੋਲੀ ਚਲਾ ਕੇ ਨਾਸ਼ਪਾਤੀਆਂ ਤੋੜਨ ਲੱਗ ਪਏ ਤਾਂ ਸਬੇਗ ਸਿੰਘ ਨੇ

ਸਮਝਾਇਆ ਕਿ ਦਿਨ ਦਾ ਵੇਲਾ ਹੈ, ਸੀ.ਆਰ.ਪੀ. ਦੀਆਂ ਗੱਡੀਆਂ ਗਸ਼ਤ ਕਰਦੀਆਂ ਹਨ। ਭਾਈ ਸਬੇਗ ਸਿੰਘ ਦੀ ਭਵਿੱਖਬਾਣੀ ਸੱਚ ਸਾਬਤ ਹੋਈ। ਸੀ.ਆਰ.ਪੀ. ਦੀ ਗੱਡੀਆਂ ਤੇ ਗਸਤ ਕਰ ਰਹੀ ਟੁਕੜੀ ਨੇ ਗੋਲੀਆਂ ਚੱਲਣ ਦੀ ਆਵਾਜ਼ ਸੁਣ ਲਈ ਤੇ ਬਾਗ ਨੂੰ ਘੇਰਾ ਪਾ ਲਿਆ ਤੇ ਬਾਗ ਦੀ ਤਲਾਸ਼ੀ ਲੈਣ ਲਈ ਬਾਗ ਵਿਚ ਵੜ ਗਏ। 50 ਕੁ ਬੰਦੇ ਸੀ.ਆਰ.ਪੀ. ਦੇ ਸਨ ਤੇ ਸਿੰਘਾਂ ਦੀ ਗਿਣਤੀ 6-7 ਸੀ। ਜਦੋਂ ਸਿੰਘਾਂ ਨੇ ਸੀ.ਆਰ.ਪੀ. ਦੇ ਜਵਾਨਾਂ ਨੂੰ ਬਾਗ ਅੰਦਰ ਵੇਖਿਆ ਤਾਂ ਹੈਰਾਨ ਰਹਿ ਗਏ। ਸਬੇਗ ਸਿੰਘ ਨੇ ਕਿਹਾ ਕਿ ਹੁਣ ਨਿੱਖੜ ਕੇ ਫ਼ਾਇਰ ਕਰੋ ਤੇ ਜਲਦੀ ਘੇਰਾ ਤੋੜ ਕੇ ਨਿਕਲਣ ਦੀ ਕੋਸ਼ਿਸ਼ ਕਰੋ। ਹੋਰ ਫ਼ੋਰਸਾਂ ਆ ਜਾਣ 'ਤੇ ਘੇਰਾ ਤੋੜਨਾ ਮੁਸ਼ਕਿਲ ਹੋ ਜਾਵੇਗਾ। ਸਿੰਘਾਂ ਦੇ ਫ਼ਾਇਰਿੰਗ ਕਰਨ ਨਾਲ ਸੀ.ਆਰ.ਪੀ. ਦੇ ਜਵਾਨ ਚੀਕਾਂ ਮਾਰਦੇ ਹੋਏ ਬਾਗ ਵਿਚੋਂ ਬਾਹਰ ਨੂੰ ਭੱਜ ਨਿਕਲੇ। ਜਿਸ 'ਤੇ ਮੌਕੇ ਦਾ ਫ਼ਾਇਦਾ ਉਠਾ ਕੇ ਸਿੰਘ ਵੀ ਬਚ ਨਿਕਲੇ। ਸੁਰੱਖਿਆ ਫ਼ੋਰਸਾਂ ਇਲਾਕੇ ਵਿਚ ਵੱਡੀ ਗਿਣਤੀ ਵਿਚ ਘੇਰਾਬੰਦੀ ਕਰਨ ਲਈ ਪਹੁੰਚ ਰਹੀਆਂ ਸਨ। ਸਾਰੇ ਸਿੰਘ ਬਿਨਾਂ ਕਿਸੇ ਨੁਕਸਾਨ ਦੇ ਬਚ ਨਿਕਲਣ ਵਿਚ ਕਾਮਯਾਬ ਹੋ ਗਏ।

ਇਸੇ ਦਿਨ ਪੱਟੀ ਮੋੜ 'ਤੇ ਬੱਸ ਅੱਡੇ ਦੇ ਚੌਂਕ ਵਿਚ ਟੈਂਪੂ ਤੋਂ ਲਾਹ ਕੇ ਭਾਈ ਸਬੇਗ ਸਿੰਘ ਨੂੰ ਸੀ.ਆਰ.ਪੀ. ਵਾਲੇ ਫੜ ਕੇ ਚੌਂਕੀ ਲੈ ਗਏ। ਗੱਲਬਾਤ ਰਾਹੀਂ ਪੁੱਛਗਿੱਛ ਕਰ ਕੇ ਦੋ ਘੰਟੇ ਬਾਅਦ ਛੱਡ ਦਿੱਤਾ। ਭਾਈ ਸਬੇਗ ਸਿੰਘ ਨੇ ਆਪਣੇ ਆਪ ਨੂੰ ਪਿੰਡ ਮੜ ਮੱਲੂ, ਤਹਿਸੀਲ ਮੁਕਤਸਰ ਦਾ ਰਹਿਣ ਵਾਲਾ ਦੱਸਿਆ, ਚਿਹਰੇ ਉੱਤੇ ਕਿਸੇ ਭੈ ਜਾਂ ਚਿੰਤਾ ਦਾ ਨਿਸ਼ਾਨ ਨਾ ਹੋਣ ਕਰਕੇ ਸੀ.ਆਰ.ਪੀ. ਦਾ ਵੱਡਾ ਅਫ਼ਸਰ ਮੁਲਾਜਮਾਂ ਨੂੰ ਕਹਿੰਦਾ ਕਿ ਯੇਹ ਸਰਦਾਰ ਤੋਂ ਬੜਾ ਸ਼ਰੀਫ਼ ਹੈ। ਯੇਹ ਆਤੰਕਵਾਦੀ ਨਹੀਂ ਹੋ ਸਕਦਾ। ਇਸ ਕੋ ਛੋੜ ਦੀਆ ਜਾਏ। ਅਕਾਲ ਪੁਰਖ ਵਾਹਿਗੁਰੂ ਦੀ ਕਿਰਪਾ ਸਦਕਾ ਇਸ ਦਿਨ ਦੋ ਵਾਰੀ ਸੁਰੱਖਿਆ ਬਲਾਂ ਤੋਂ ਚੜ੍ਹਦੀ ਕਲਾ ਵਿਚ ਬਚ ਨਿਕਲੇ। ਵਾਹਿਗੁਰੂ ਸੱਚੇ ਪਾਤਸ਼ਾਹ ਨੇ ਸਿੱਖ ਸੰਘਰਸ਼ ਵਿਚ ਹਾਲੇ ਹੋਰ ਸੇਵਾ ਲੈਣੀ ਸੀ।

ਗੁਰੂ ਹਰਿਸਹਾਏ ਦੇ ਨੇੜੇ ਝੰਡੂਵਾਲਾ ਦੀ ਬਹਿਕ 'ਤੇ ਪੰਥਕ ਕਮੇਟੀ ਮੈਂਬਰ ਭਾਈ ਕੁਲਦੀਪ ਸਿੰਘ ਲੱਧੂ (ਭਿੱਖੀਵਿੰਡ) ਦੀ ਅਗਵਾਈ ਹੇਠ ਕੁਝ ਜੁਝਾਰੂ ਸਿੰਘਾਂ ਵੱਲੋਂ ਇਕ ਗੁਪਤ ਮੀਟਿੰਗ ਬੁਲਾਈ ਗਈ ਸੀ, ਜਿਸ ਵਿਚ ਸ਼ਾਮਲ ਹੋਣ ਲਈ ਮਿਥੇ ਦਿਨ 'ਤੇ ਭਾਈ ਸੁਖਮਿੰਦਰ ਸਿੰਘ ਦੀਪ ਸਿੰਘ ਵਾਲਾ ਆਪਣੇ ਅੱਠ ਸਾਥੀਆਂ ਸਮੇਤ ਪਹਿਲਾਂ ਪਹੁੰਚ ਗਿਆ ਸੀ, ਜਿਥੇ ਮੀਟਿੰਗ ਹੋਣ ਵਾਲੀ ਸੀ, ਉਸ ਬਹਿਕ/ ਢਾਣੀ ਵਾਲੇ ਪੁਲਿਸ ਦੇ ਮੁਖ਼ਬਰ ਬਣ ਗਏ ਤੇ ਜੁਝਾਰੂ ਸਿੰਘਾਂ ਨਾਲ ਗੱਦਾਰੀ ਕਰ ਕੇ ਧੋਖੇ ਨਾਲ ਭਾਈ ਸੁਖਮਿੰਦਰ ਸਿੰਘ ਦੀਪ ਸਿੰਘ ਵਾਲਾ ਤੇ ਸਾਥੀਆਂ ਨੂੰ ਦੁੱਧ ਵਿਚ ਜ਼ਹਿਰ ਮਿਲਾ ਕੇ ਪੀਣ ਲਈ ਦਿੱਤਾ ਤੇ ਸਿੰਘਾਂ ਦੇ ਹਥਿਆਰ ਪਾਸੇ ਕਰ ਲਏ। ਪੁਲਿਸ ਤੇ ਸੀ.ਆਰ.ਪੀ. ਦਾ ਘੇਰਾ ਪੁਆ ਦਿੱਤਾ।

ਇਸ ਮੀਟਿੰਗ ਵਿਚ ਸ਼ਾਮਲ ਹੋਣ ਲਈ ਭਾਈ ਕੁਲਦੀਪ ਸਿੰਘ ਲੱਧੂ, ਭਾਈ

ਸਬੇਗ ਸਿੰਘ ਲੁਬਾਣਿਆਂ ਵਾਲੀ ਵੀ ਪਹੁੰਚ ਗਏ। ਦੂਜੇ ਸਿੰਘ ਸ਼ਹੀਦ ਹੋ ਚੁੱਕੇ ਸਨ ਪਰ ਭਾਈ ਸੁਖਮਿੰਦਰ ਸਿੰਘ ਦੀਪ ਸਿੰਘ ਵਾਲਾ ਕੁਝ ਹੋਸ਼ ਵਿਚ ਸਨ, ਜਿਨ੍ਹਾਂ ਜ਼ਹਿਰ ਦਾ ਅਸਰ ਮਹਿਸੂਸ ਕਰਦਿਆਂ ਨਿਕਲਣ ਦੀ ਕੋਸ਼ਿਸ਼ ਕੀਤੀ ਪਰ ਚੁਬਾਰੇ 'ਚੋਂ ਉਤਰਦਿਆਂ ਹੇਠਾਂ ਪੌੜੀਆਂ ਵਿਚ ਹੀ ਡਿੱਗ ਕੇ ਜਾਨ ਤੋੜ ਰਹੇ ਸਨ। ਭਾਈ ਕੁਲਦੀਪ ਸਿੰਘ ਤੇ ਭਾਈ ਸਬੇਗ ਸਿੰਘ ਨੇ ਵੇਖ ਕੇ ਕਿਹਾ, "ਭਾਊ, ਇਹ ਕੀ ਭਾਣਾ ਵਰਤ ਗਿਆ?" ਤਾਂ ਸੁਖਮਿੰਦਰ ਸਿੰਘ ਨੇ ਕਿਹਾ, "ਵੀਰੋ, ਘਰ ਵਾਲਿਆਂ ਗੱਦਾਰੀ ਕੀਤੀ, ਦੁੱਧ ਵਿਚ ਜ਼ਹਿਰ ਦੇ ਦਿੱਤਾ, ਨਿਕਲ ਜਾਉ। ਸਾਡੇ ਹਥਿਆਰ ਵੀ ਪਾਸੇ ਕਰ ਲਏ। ਆਪ ਵੀ ਘਰੋਂ ਖਿਸਕ ਗਏ। ਪੁਲਿਸ ਵੀ ਆਉਣ ਵਾਲੀ ਜੇ, ਨਿਕਲ ਜਾਉ।" ਸਿੰਘਾਂ ਨੇ ਚੁਬਾਰੇ ਦੀ ਛੱਤ ਉੱਤੇ ਚੜ੍ਹ ਕੇ ਵੇਖਿਆ, ਲੁਕਣ ਵਾਲੀਆਂ ਥਾਵਾਂ 'ਤੇ ਸੀ.ਆਰ.ਪੀ. ਅਤੇ ਪੰਜਾਬ ਪੁਲਿਸ ਦੇ ਜਵਾਨ ਲੁਕੇ ਬੈਠੇ ਸਨ, ਜੋ ਮੀਟਿੰਗ ਵਿਚ ਹੋਰ ਸਿੰਘਾਂ ਦੇ ਪਹੁੰਚਣ 'ਤੇ ਉਹਨਾਂ ਨੂੰ ਕਾਬੂ ਕਰਨ ਦੀ ਤਾਕ ਵਿਚ ਬੈਠੇ ਸਨ। ਸਿੰਘਾਂ ਦੀ ਨਿਗ੍ਹਾ ਪਏ ਤਾਂ ਦੋਵੇਂ ਸਿੰਘ ਭਾਈ ਸਬੇਗ ਸਿੰਘ ਤੇ ਭਾਈ ਕੁਲਦੀਪ ਸਿੰਘ ਲੱਧੂ ਝੰਡੇਵਾਲਾ ਦੀ ਬਹਿਕ ਤੋਂ ਬਾਹਰ ਨਿਕਲੇ ਤਾਂ ਸੁਰੱਖਿਆ ਬਲਾਂ ਨੇ ਸਿੰਘਾਂ ਉੱਤੇ ਗੋਲੀਆਂ ਚਲਾਈਆਂ। ਅੱਗੋਂ ਸਿੰਘਾਂ ਨੇ ਵੀ ਆਪਣੇ ਹਥਿਆਰਾਂ ਦੇ ਮੂੰਹ ਖੋਲ੍ਹ ਦਿੱਤੇ। ਸੁਰੱਖਿਆ ਬਲਾਂ ਨੇ ਵਕਤ ਦੀ ਵਿਚਾਰ ਕਰ ਕੇ ਕਿ ਵੱਡੀ ਗਿਣਤੀ ਵਿਚ ਤਾਂ ਸ਼ਿਕਾਰ ਕਾਬੂ ਕਰ ਹੀ ਲਿਆ ਹੈ, ਘਰ ਵਾਲਿਆਂ ਦੀ ਮਦਦ ਨਾਲ ਤੇ ਹੋਰ ਆਪਣਾ ਨੁਕਸਾਨ ਹੋਣ ਦੇ ਡਰੋਂ ਰਾਹ ਛੱਡ ਦਿੱਤਾ ਤੇ ਸਿੰਘਾਂ ਦੇ ਨਿਕਲ ਜਾਣ ਵਿਚ ਹੀ ਵਕਤੀ ਤੌਰ 'ਤੇ ਭਲਾਈ ਸਮਝੀ। ਸਿੰਘ ਨਿਕਲ ਗਏ, ਅੱਗੋਂ ਜਿੰਦਾ ਪਿੰਡੀ ਬਲੋਚਾਂ ਵਾਲਾ ਵੀ ਮੀਟਿੰਗ ਵਿਚ ਸ਼ਾਮਲ ਹੋਣ ਲਈ ਆ ਰਿਹਾ ਮਿਲ ਪਿਆ। ਉਸ ਨਾਲ ਟਰੈਕਟਰ ਉੱਤੇ ਕਾਨਿਆਂ ਵਾਲੀ ਲੁਬਾਣਿਆਂ ਵਾਲੀ ਨੂੰ ਨਿਕਲ ਗਏ। ਇਸ ਘੇਰੇ ਵਿਚੋਂ ਨਿਕਲਦਿਆਂ ਸਿੰਘਾਂ ਦੀਆਂ ਬਾਹਾਂ ਕੂਹਣੀਆਂ ਤੇ ਗੋਡੇ ਛਿੱਲੇ ਗਏ ਸਨ, ਪਰ ਸਿੰਘ ਅਕਾਲ ਪੁਰਖ ਦੀ ਮਿਹਰ ਸਦਕਾ ਹਿੰਮਤ ਹੌਂਸਲੇ ਨਾਲ ਝੰਡੇਵਾਲਾ ਘੇਰਾ ਤੋੜ ਕੇ ਨਿਕਲਣ ਵਿਚ ਸਫਲ ਹੋ ਗਏ। ਸ਼ਾਮ ਦੀਆਂ ਖ਼ਬਰਾਂ ਵਿਚ ਰੇਡੀਓ, ਟੈਲੀਵਿਜ਼ਨ ਤੋਂ ਇਹ ਖ਼ਬਰ ਵਾਰ-ਵਾਰ ਦੁਹਰਾਈ ਜਾ ਰਹੀ ਸੀ, ਗੁਰੂ ਹਰਿਸਹਾਏ ਥਾਣਾ ਅਧੀਨ ਪੈਂਦੇ ਪਿੰਡ ਝੰਡੇਵਾਲਾ ਵਿਚ ਸੁਰੱਖਿਆ ਬਲਾਂ ਨਾਲ ਹੋਏ ਜ਼ਬਰਦਸਤ ਮੁਕਾਬਲੇ ਦੌਰਾਨ ਕੱਟੜ ਅੱਤਵਾਦੀ ਸੁਖਮਿੰਦਰ ਸਿੰਘ ਦੀਪ ਸਿੰਘ ਵਾਲਾ ਆਪਣੇ ਅੱਠ ਸਾਥੀਆਂ ਨਾਲ ਮਾਰਿਆ ਗਿਆ।

ਅਗਲੇ ਦਿਨ ਅਖ਼ਬਾਰਾਂ ਵਿਚ ਮੁੱਖ ਪੰਨੇ ਦੀ ਸੁਰਖ਼ੀ ਸੀ—ਕੱਟੜ ਅੱਤਵਾਦੀ ਸੁਖਮਿੰਦਰ ਸਿੰਘ ਦੀਪ ਸਿੰਘ ਵਾਲਾ 8 ਸਾਥੀਆਂ ਸਮੇਤ ਜ਼ਬਰਦਸਤ ਮੁਕਾਬਲੇ ਵਿਚ ਹਲਾਕ। ਉਹ ਸੈਂਕੜੇ ਕਤਲਾਂ ਤੇ ਡਾਕਿਆਂ ਵਿਚ ਪੁਲਿਸ ਨੂੰ ਲੋੜੀਂਦਾ ਸੀ। ਵੱਡੀ ਗਿਣਤੀ ਵਿਚ ਹਥਿਆਰ ਤੇ ਗੋਲੀ-ਸਿੱਕਾ ਬਰਾਮਦ। ਨਾਲ ਹੀ ਭਾਈ ਸੁਖਮਿੰਦਰ ਸਿੰਘ ਦੀਪ ਸਿੰਘ ਵਾਲਾ ਦੀ ਸਾਥੀ ਸਿੰਘਾਂ ਨਾਲ ਗੋਲੀਆਂ ਨਾਲ ਵਿੰਨ੍ਹੀਆਂ ਲਾਸ਼ਾਂ ਦੀਆਂ ਤਸਵੀਰਾਂ ਵੀ ਛਪੀਆਂ ਸਨ।

ਅਸਲ ਵਿਚ ਘਰ ਵਾਲਿਆਂ ਨੇ ਧੋਖੇ ਨਾਲ ਜ਼ਹਿਰ ਦੇ ਕੇ ਮਾਰਿਆ ਸੀ। ਪਰ ਪੁਲਿਸ ਤੇ ਸੁਰੱਖਿਆ ਬਲਾਂ ਨੇ ਮਰਿਆਂ ਹੋਇਆਂ ਦੀਆਂ ਲਾਸ਼ਾਂ ਗੋਲੀਆਂ ਨਾਲ ਵਿੰਨ੍ਹੀਆਂ ਸਨ ਤੇ ਲੰਬੇ, ਕਈ ਘੰਟੇ ਚੱਲੇ ਮੁਕਾਬਲੇ ਦਾ ਨਾਟਕ ਖੇਡਿਆ ਗਿਆ ਸੀ। ਜਿਸ ਤੋਂ ਪੰਜਾਬ ਵਾਸੀ ਵੀ ਭਲੀ ਭਾਂਤ ਜਾਣੂ ਹੀ ਸਨ ਕਿ ਜੇ ਸੱਚਾ ਮੁਕਾਬਲਾ ਹੋਵੇ ਤਾਂ ਅੱਤਵਾਦੀਆਂ ਨਾਲੋਂ ਸੁਰੱਖਿਆ ਫ਼ੋਰਸਾਂ ਦੇ ਜ਼ਿਆਦਾ ਹੀ ਲਾਸ਼ਾਂ ਦੇ ਢੇਰ ਲੱਗਦੇ ਹਨ ਤੇ ਕੀ ਇਥੇ ਖਾੜਕੂ ਰਬੜ ਦੀਆਂ ਗੋਲੀਆਂ ਚਲਾਉਂਦੇ ਸਨ?

ਭਾਈ ਸੁਖਮਿੰਦਰ ਸਿੰਘ ਦੀਪ ਸਿੰਘ ਵਾਲਾ ਦੀ ਸ਼ਹੀਦੀ ਤੋਂ ਪਿੱਛੋਂ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਲੈਫਟੀਨੈਂਟ ਜਨਰਲ ਦੀ ਜ਼ਿੰਮੇਵਾਰੀ ਜਥੇਬੰਦੀ ਵੱਲੋਂ ਭਾਈ ਸਬੇਗ ਸਿੰਘ ਨੂੰ ਸੌਂਪੀ ਗਈ।

ਕੁਝ ਚਿਰ ਬਾਅਦ ਭਾਈ ਸੁਖਮਿੰਦਰ ਸਿੰਘ ਦੀਪ ਸਿੰਘ ਵਾਲਾ ਤੇ ਸਾਥੀ ਸਿੰਘਾਂ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਗੱਦਾਰੀ ਕਾਰਨ ਵਾਲਿਆਂ ਵਿਚੋਂ ਦੁਖਮਨ ਸਿਹੁੰ ਝੰਡੇਵਾਲਾ ਸਵੇਰ ਵੇਲੇ ਬੱਚਿਆਂ ਨੂੰ ਆਪਣੀ ਵੈਨ ਵਿਚ ਬਿਠਾ ਕੇ ਸਕੂਲ ਛੱਡਣ ਜਾ ਰਿਹਾ ਸੀ, ਅੱਗੋਂ ਪਿੰਡ ਦੇ ਇਕ ਮੋੜ ਉੱਤੇ ਭਾਈ ਸਬੇਗ ਸਿੰਘ ਤੇ ਭਾਈ ਹਰਜਿੰਦਰ ਸਿੰਘ ਜਿੰਦਾ ਉਰਫ਼ ਮੁਸੀਬਤ ਸਿੰਘ ਵੈਰੜ ਨਾਕਾ ਲਾ ਕੇ ਉਡੀਕ ਕਰ ਰਹੇ ਸਨ। ਜਦੋਂ ਦੁਖਮਨ ਸਿੰਘ ਨੇ ਮੋੜ 'ਤੇ ਵੈਨ ਹੌਲੀ ਕੀਤੀ, ਸਿੰਘਾਂ ਨੇ ਅੱਗੇ ਹੋ ਕੇ ਹਥਿਆਰ ਅਸਾਲਟਾਂ ਦੀ ਨੋਕ 'ਤੇ ਰੋਕ ਲਿਆ ਤੇ ਕਿਹਾ, ''ਬੱਚੂ, ਵੈਨ ਵਿਚੋਂ ਬਾਹਰ ਆ ਕੇ ਗੱਲ ਕਰ। ਘਰ ਵਿਚ 9 ਸਿੰਘਾਂ ਨੂੰ ਧੋਖੇ ਨਾਲ ਜ਼ਹਿਰ ਦੇ ਕੇ ਸ਼ਹੀਦ ਕੀਤਾ।'' ਦੁਖਮਨ ਸਿੰਘਾਂ ਦੇ ਤਰਲੇ ਮਿੰਨਤਾਂ ਕਰਨ ਲੱਗਾ ਕਿ ਬਾਬਾ ਜੀ ਇਸ ਵਾਰ ਛੱਡ ਦਿਉ, ਇਸ ਤੋਂ ਅੱਗੇ ਮੈਂ ਗੱਦਾਰੀ ਵਾਲਾ ਕੰਮ ਕਰਨ ਤੋਂ ਤੋਬਾ ਕਰਦਾ ਹਾਂ। ਸਿੰਘਾਂ ਕਿਹਾ ਕਿ ਆਹ ਸਾਡੀਆਂ ਬਾਹਵਾਂ ਕੂਹਣੀਆਂ ਤੂੰ ਹੀ ਛਿੱਲੀਆਂ। ਅਸੀਂ ਮਰਦੇ-ਮਾਰਦੇ ਨਿਕਲੇ ਹਾਂ। ਤੁਸੀਂ ਘਰੋਂ ਪਾਸੇ ਹੋਏ, ਸਿੰਘਾਂ ਦੇ ਹਥਿਆਰ ਪਾਸੇ ਕੀਤੇ। ਸਿੰਘ ਉਸ ਨੂੰ ਬਾਹਰ ਆਉਣ ਲਈ ਕਹਿੰਦੇ ਰਹੇ, ਦੁਖਮਨ ਸਿੰਘ ਤਰਲੇ ਕਰਦਾ ਕਿਹਾ। ਸਿੰਘਾਂ ਕਿਹਾ ਕਿ ਤੂੰ ਬਾਹਰ ਆ ਜਾ, ਸਾਡੇ ਤੋਂ ਬੱਚੇ ਨਾ ਮਰਵਾ। ਜਦੋਂ ਵੈਨ ਵਿਚੋਂ ਬਾਹਰ ਨਿਕਲਿਆ ਤਾਂ ਸਿੰਘਾਂ ਨੂੰ ਵੀ ਸ਼ਹੀਦ ਸਾਥੀਆਂ ਦਾ ਬਦਲਾ ਲੈਣ ਦਾ ਰੋਹ ਚੜ੍ਹਿਆ ਸੀ। ਗੱਦਾਰ ਤੇ ਦੁਸ਼ਮਣ ਨੂੰ ਸੋਧਣਾ ਸਿੰਘਾਂ ਦਾ ਫ਼ਰਜ਼ ਹੈ।

ਜੁਝਾਰੂ ਸਿੰਘਾਂ ਨੇ ਸਿੱਖ ਸੰਘਰਸ਼ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਜੁਝਾਰੂ ਸਿੰਘਾਂ ਦਾ ਇਕ ਜਥੇ ਨੇ ਭਾਈ ਸਬੇਗ ਸਿੰਘ ਦੀ ਕਮਾਂਡ ਹੇਠ ਵਟੀਲੀ (ਰਾਜਸਥਾਨ) ਦੀ ਬੈਂਕ ਲੁੱਟਣ ਲਈ ਬੈਂਕ ਅੰਦਰ ਧਾਵਾ ਕੀਤਾ ਤਾਂ ਬੈਂਕ ਮੈਨੇਜਰ ਨੇ ਖ਼ਤਰੇ ਦਾ ਅਲਾਰਮ ਵਜਾ ਦਿੱਤਾ, ਜਿਸ ਤੋਂ ਰੋਹ ਵਿਚ ਆਏ ਸਿੰਘਾਂ ਵੱਲੋਂ ਬੈਂਕ ਅੰਦਰ ਗੋਲੀ ਚਲਾਈ ਗਈ, ਜਿਸ ਨਾਲ ਬੈਂਕ ਮੈਨੇਜਰ ਸਮੇਤ ਕਈ ਕਰਮਚਾਰੀ ਮਾਰੇ ਗਏ। ਜੁਝਾਰੂ ਸਿੰਘ ਐਕਸ਼ਨ ਫ਼ੇਲ੍ਹ ਹੋ ਜਾਣ 'ਤੇ ਬੈਂਕ ਵਿਚੋਂ ਨਿਕਲ ਕੇ ਵੈਨ ਵਿਚ ਸਵਾਰ ਹੋ ਕੇ ਭੱਜਣ ਲੱਗੇ ਤਾਂ ਰਾਜਸਥਾਨੀ ਲੋਕਾਂ ਨੇ ਬਜ਼ਾਰ ਵਿਚ ਜੁਝਾਰੂ ਸਿੰਘਾਂ

ਨੂੰ ਕਾਬੂ ਕਰਨ ਲਈ ਹੱਲਾ ਕਰ ਦਿੱਤਾ। ਜਿਸ 'ਤੇ ਸਿੰਘਾਂ ਨੇ ਆਪਣੀ ਸਵੈ-ਰੱਖਿਆ ਲਈ ਹਥਿਆਰਾਂ ਨਾਲ ਫ਼ਾਇਰਿੰਗ ਕੀਤੀ ਤਾਂ ਹਜੂਮ 'ਚ ਰਾਜਸਥਾਨੀਆਂ ਨੇ ਸਿੰਘਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਕੇ ਆਪਣੀਆਂ ਜਾਨਾਂ ਗਵਾਈਆਂ। ਜਦੋਂ ਜੁਝਾਰੂ ਸਿੰਘਾਂ ਨੇ ਗੋਲੀ ਚਲਾਈ ਤਾਂ ਲਲਕਾਰ ਕੇ ਕਿਹਾ ਕਿ ਸਾਡਾ ਤੁਹਾਡੇ ਨਾਲ ਕੋਈ ਵੈਰ ਨਹੀਂ, ਸਾਡਾ ਰਾਹ ਨਾ ਰੋਕੋ। ਸਾਥੀ ਡਿੱਗਦੇ ਵੇਖ ਕੇ ਜਾਨ ਬਚਾ ਕੇ ਭੱਜੇ ਜਾਂਦੇ ਰਾਜਸਥਾਨੀ ਕਹਿ ਰਹੇ ਸਨ—ਹਰੇ ਰਾਮਦੇਵ, ਹਰੇ ਰਾਮਦੇਵ, ਇਨ ਸਿੱਖੋਂ ਸੇ ਮੁਝੇ ਬਚਾ ਲੋ। ਹਰੇ ਭੈਰੋਂ, ਹਰੇ ਹਨੂੰਮਾਨ ਦੇਵਤਾ ਆਜ ਇਨ ਸਿੱਖੋਂ ਸੇ ਬਚਾ ਲੋ। ਆਗੇ ਸੇ ਸਿੱਖੋਂ ਕੇ ਸਾਥ ਪੰਗਾ ਮਤ ਲੇਂਗੇ। ਹਰੇ ਰਾਮ ਹਰੇ ਮਹਾਂਦੇਵ। ਰਾਜਸਥਾਨੀ ਹਿੰਦੂ ਰਾਜਪੂਤਾਂ ਨੇ ਹੁਣ ਤਕ ਖੇਤੀ ਕਰਨ ਵਾਲੇ ਸਿੱਖਾਂ ਨੂੰ ਹੀ ਤੱਕਿਆ, ਵੇਖਿਆ ਸੀ, ਜੁਝਾਰੂ ਖ਼ਾਲਸੇ ਦੇ ਹੱਥ ਪਹਿਲੀ ਵਾਰੀ ਵੇਖੇ ਸਨ। ਭਾਈ ਸਬੇਗ ਸਿੰਘ ਦੀ ਅਗਵਾਈ ਵਿਚ ਜੁਝਾਰੂ ਸਿੰਘਾਂ ਦਾ ਜਥਾ ਵਟੀਲੀ ਕਾਂਡ ਤੋਂ ਬਾਅਦ ਵੈਨ ਰਾਹੀਂ (ਅਖ਼ਬਾਰ ਅਜੀਤ ਅਨੁਸਾਰ) ਪੰਜਾਬ ਵੱਲ ਨੂੰ ਫ਼ਰਾਰ ਹੋਣ ਵਿਚ ਸਫਲ ਹੋ ਗਿਆ। ਰਾਜਸਥਾਨ ਪੁਲਿਸ, ਹਰਿਆਣਾ ਪੁਲਿਸ ਤੇ ਪੰਜਾਬ ਪੁਲਿਸ ਵਟੀਲੀ ਗੋਲੀ-ਕਾਂਡ ਦੇ ਜ਼ਿੰਮੇਵਾਰਾਂ ਨੂੰ ਫੜਨ ਲਈ ਸਰਗਰਮੀ ਨਾਲ ਭੱਜ-ਨੱਸ ਕਰ ਰਹੀ ਸੀ। ਗੁਆਂਢੀ ਰਾਜਾਂ ਵਿਚ ਪੁਲਿਸ ਵੱਲੋਂ ਰੈਡ ਅਲਰਟ ਕਰ ਦਿੱਤਾ ਗਿਆ ਸੀ।

ਵਟੀਲੀ ਕਾਂਡ ਲਈ ਰਾਜਸਥਾਨ ਪੁਲਿਸ ਨੇ ਭਾਈ ਸਬੇਗ ਸਿੰਘ ਤੇ ਸਾਥੀਆਂ ਨੂੰ ਦੋਸ਼ੀ ਐਲਾਨ ਕੀਤਾ। ਰਾਜਸਥਾਨ ਦੇ ਅਧਿਕਾਰੀ ਭਾਈ ਸਬੇਗ ਸਿੰਘ ਦੀ ਜਾਇਦਾਦ ਕੁਰਕ ਕਰਨ ਲਈ ਲੁਬਾਣਿਆਂ ਵਾਲੀ ਆਉਣ ਲੱਗੇ। ਮਾਤਾ ਸੁਰਜੀਤ ਕੌਰ ਨੇ ਪੁੱਛਿਆ ਤਾਂ ਅਫ਼ਸਰ ਕਹਿੰਦੇ—ਮਾਤਾ, ਵਟੀਲੀ ਬੈਂਕ ਦਾ ਮੈਨੇਜਰ ਸਬੇਗ ਸਿੰਘ ਦੇ ਹੱਥੋਂ ਗੋਲੀ ਚਲਾਉਣ 'ਤੇ ਮਰਿਆ ਹੈ। ਪੁਲਿਸ ਨੇ ਸਿੰਘਾਂ ਦੀਆਂ ਫ਼ੋਟੋਆਂ ਵਿਖਾਈਆਂ ਤਾਂ ਬੈਂਕ ਅੰਦਰ ਮੌਕੇ 'ਤੇ ਮੌਜੂਦ ਗਾਹਕਾਂ ਵੱਲੋਂ ਸਬੇਗ ਸਿੰਘ ਦੀਆਂ ਤਸਵੀਰਾਂ ਦੀ ਸ਼ਨਾਖ਼ਤ 'ਤੇ ਹੀ ਪੁਲਿਸ ਦੋਸ਼ੀਆਂ ਦਾ ਭਾਲ ਕਰ ਰਹੀ ਹੈ। ਬੈਂਕ ਮੈਨੇਜਰ ਦਾ ਬੀਮਾ ਹੋਇਆ ਸੀ, ਜਿਸ ਦਾ ਅਸਲੀ ਸਬੇਗ ਸਿੰਘ ਦੀ ਜਾਇਦਾਦ ਕੁਰਕ ਕਰ ਕੇ ਉਸ ਦੇ ਪਰਿਵਾਰ ਨੂੰ ਕਲੇਮ ਅਦਾ ਕਰਨਾ ਹੈ। ਮਾਤਾ ਸੁਰਜੀਤ ਕੌਰ ਕਹਿੰਦੀ—ਸਾਹਿਬ, ਤੁਸੀਂ ਆਪਣਾ ਪਤਾ ਲਿਖ ਕੇ ਦੇ ਜਾਵੋ, ਜਦੋਂ ਕਿਤੇ ਸਬੇਗ ਸਿੰਘ ਆਇਆ ਤਾਂ ਮੈਂ ਉਸ ਨੂੰ ਤੁਹਾਡਾ ਸੁਨੇਹਾ ਦੇ ਦੇਵਾਂਗੀ। ਉਸ ਦੇ ਨਾਲ ਹਿਸਾਬ ਕਰ ਲੈਣਾ, ਉਹ ਆਪੇ ਤੁਹਾਨੂੰ ਕਲੇਮ-ਕਲੂਮ ਦੇ ਆਵੇਗਾ। ਮਾਤਾ ਦਾ ਉੱਤਰ ਸੁਣ ਕੇ ਗੰਜੇ ਜਿਹੇ ਬਾਬੂ ਅਫ਼ਸਰ ਦੇ ਸਿਰ ਮੂੰਹ 'ਤੇ ਤਰੇਲੀ ਆ ਗਈ ਤੇ ਪਾਣੀ ਦਾ ਗਿਲਾਸ ਮੰਗ ਕੇ ਪੀਤਾ ਤੇ ਰੁਮਾਲ ਨਾਲ ਗੰਜੇ ਸਿਰ ਨੂੰ ਪੂੰਝਦਾ ਹੋਇਆ ਕਹਿੰਦਾ—ਮਾਤਾ ਜੀ, ਸਰਦਾਰ ਸਬੇਗ ਸਿੰਘ ਕੋ ਅਜਿਹੀ ਬਾਤ ਮਤ ਕਹਿਨਾ। ਹਮ ਤੋ ਸਰਕਾਰ ਕੇ ਊਪਰ ਸੇ ਆਏ ਹੁਕਮ ਕੇ ਬਾਂਧੇ ਹੂਏ ਆਤੇ ਹੈਂ। ਬਾਬੂ ਅਫ਼ਸਰ ਦੀ ਇਹ ਹਾਲਤ ਵੇਖ ਕੇ ਨੰਬਰਦਾਰ ਬਲਵੀਰ ਸਿੰਘ ਕਹਿੰਦਾ—ਬਾਬੂ ਜੀ, ਬੈਂਕ ਮੈਨੇਜਰ ਦਾ ਬੀਮਾ ਉਤਾਰਦੇ ਹੋਏ ਕਿਤੇ ਹੋਰ ਬੀਮਿਆਂ ਦਾ ਸਿਆਪਾ ਨਾ ਸਹੇੜ ਲਿਉ ਜੇ।

ਇਥੋਂ ਕਿਤੇ ਸਫ਼ੈਦਿਆਂ ਵਿਚੋਂ ਨਿਕਲ ਆਏ, ਸਾਡੇ ਗਲ ਹੋਰ ਸਿਆਪਾ ਪਾਉਗੇ। ਉਹ ਤਾਂ ਜਾਨ ਤਲੀ 'ਤੇ ਰੱਖੀ ਫਿਰਦੇ ਆ। ਜਿਸ ਦਿਨ ਪੁਲਿਸ ਨਾਲ ਸਾਹਮਣਾ ਹੋ ਗਿਆ ਜਾਂ ਫੜੇ ਗਏ, ਮਾਰ ਤਾਂ ਉਹਨਾਂ ਨੂੰ ਦੇਣਾ ਈ ਆ ਸਰਕਾਰ ਨੇ। ਰਾਜਸਥਾਨੀ ਅਧਿਕਾਰੀ ਉਸ ਤੋਂ ਪਿੱਛੋਂ ਭਾਈ ਸਬੇਗ ਸਿੰਘ ਦਾ ਘਰ ਕੁਰਕ ਕਰਨ ਵਾਸਤੇ ਮੁੜ ਕਦੀ ਨਹੀਂ ਆਏ।

12 ਜਨਵਰੀ ਸੰਨ 1990 ਨੂੰ ਭਾਈ ਸਬੇਗ ਸਿੰਘ ਆਪਣੇ ਸਾਥੀ ਭਾਈ ਸੁਰਜੀਤ ਸਿੰਘ ਕੰਧਵਾਲਾ ਨਾਲ ਪਿੰਡ ਢਿੱਪਾਂਵਾਲੀ ਜ਼ਿਲ੍ਹਾ ਫ਼ਿਰੋਜ਼ਪੁਰ ਧੂੰਦਾ ਦੀ ਬਹਿਕ 'ਤੇ ਦੁਪਹਿਰ ਵੇਲੇ ਪਹੁੰਚੇ ਸਨ। ਢਾਣ ਵਾਲੇ ਗੱਦਾਰ ਹੋ ਗਏ ਤੇ ਪੁਲਿਸ ਨਾਲ ਰਲ ਕੇ ਧੋਖੇ ਨਾਲ ਭਾਈ ਸਬੇਗ ਸਿੰਘ ਨੂੰ ਖ਼ਤਮ ਕਰਨ ਦੀ ਸਕੀਮ ਬਣਾਈ। ਘਰ ਵਾਲਿਆਂ ਖੋਏ ਵਿਚ ਨਸ਼ੀਲੀ ਚੀਜ਼ ਪਾ ਕੇ ਸਿੰਘਾਂ ਨੂੰ ਚਾਹ ਨਾਲ ਦਿੱਤਾ। ਸ਼ੱਕ ਪੈਣ 'ਤੇ ਸਿੰਘਾਂ ਨੇ ਧੂੰਦੇ ਨੂੰ ਖਾਣ ਵਾਸਤੇ ਕਿਹਾ ਤਾਂ ਉਸ ਨੇ ਬਹਾਨੇ ਬਣਾ ਕੇ ਟਾਲ-ਮਟੋਲ ਕੀਤਾ। ਸਿੰਘਾਂ ਨੇ ਜਿਹੜਾ ਪੀਸ ਇਕ-ਇਕ ਖਾ ਲਿਆ ਸੀ, ਬਾਕੀ ਚਾਹ ਤੇ ਖੋਆ ਰਹਿਣ ਦਿੱਤਾ। ਘਰ ਵਾਲਿਆਂ ਨੇ ਸਿੰਘਾਂ ਦੇ ਸ਼ਸਤਰ ਇਹ ਕਹਿ ਕੇ ਪਾਸੇ ਕਰ ਲਏ ਕਿ ਸਾਡੇ ਕਈ ਵਾਰ ਪੁਲਿਸ ਵਾਲੇ ਸਹਿਜ-ਸੁਭਾਅ ਹੀ ਆ ਜਾਂਦੇ ਹਨ। ਸਿੰਘਾਂ ਨੇ ਸ਼ਸਤਰਾਂ ਦੀ ਮੰਗ ਕੀਤੀ ਤਾਂ ਧੂੰਦਾ ਇਹੋ ਕਹਿੰਦਾ ਰਿਹਾ ਕਿ ਰਾਤ ਨੂੰ ਲੈ ਕੇ ਚਲੇ ਜਾਇਉ। ਘਰ ਵਾਲਿਆਂ ਪਹਿਲਾਂ ਪੰਜਾਬ ਪੁਲਿਸ ਤੇ ਸੀ.ਆਰ.ਪੀ. ਨੂੰ ਸਿੰਘਾਂ ਦੇ ਪਹੁੰਚਣ ਦੀ ਇਤਲਾਹ ਦਿੱਤੀ ਹੋਈ ਸੀ। ਪੁਲਿਸ ਤੇ ਸੀ.ਆਰ.ਪੀ. ਨੇ ਢਾਣੀ ਨੂੰ ਘੇਰ ਲਿਆ ਤੇ ਇੰਸਪੈਕਟਰ ਦਰਸ਼ਨ ਸਿਹੁੰ ਚੋਹਲਾ ਕੁਝ ਹੋਮਗਾਰਡਾਂ ਨਾਲ ਢਾਣੀ 'ਤੇ ਪਹੁੰਚ ਗਿਆ ਤਾਂ ਘਰ ਵਾਲਿਆਂ ਨੇ ਬੈਠਕ ਵਿਚ ਬੈਠੇ ਸਿੰਘਾਂ ਨੂੰ ਦੱਸਿਆ ਕਿ ਪੁਲਿਸ ਆ ਗਈ ਹੈ। ਸਿੰਘਾਂ ਨੂੰ ਸਮਝਣ ਵਿਚ ਦੇਰ ਨਾ ਲੱਗੀ ਕਿ ਇਹ ਕਿਸ ਤਰ੍ਹਾਂ ਵਾਪਰਿਆ ਹੈ। ਪੁਲਿਸ ਨੇ ਭਾਈ ਸਬੇਗ ਸਿੰਘ ਤੇ ਭਾਈ ਸੁਰਜੀਤ ਸਿੰਘ ਨੂੰ ਆਪਣੇ-ਆਪ ਨੂੰ ਪੁਲਿਸ ਦੇ ਹਵਾਲੇ ਕਰਨ ਲਈ ਕਿਹਾ। ਸਾਰੀ ਖੇਡ ਵਿਗੜੀ ਵੇਖ ਕੇ, ਢਾਣੀ ਦੇ ਚੁਫੇਰੇ ਸੀ.ਆਰ.ਪੀ. ਦਾ ਘੇਰਾ ਵੇਖ ਕੇ ਸਿੰਘਾਂ ਨੇ ਜੀਉਂਦੇ ਜੀਅ ਪੁਲਿਸ ਦੇ ਹੱਥ ਆਉਣ ਨਾਲੋਂ ਸ਼ਹਾਦਤ ਦਾ ਜਾਮ ਪੀਣ ਨੂੰ ਪਹਿਲ ਦਿੱਤੀ। ਭਾਈ ਸਬੇਗ ਸਿੰਘ ਨੇ ਆਪਣੀ ਜੇਬ ਵਿਚੋਂ ਸਾਈਨਾਈਡ ਦਾ ਕੈਪਸੂਲ ਕੱਢ ਕੇ ਭਾਈ ਸੁਰਜੀਤ ਸਿੰਘ ਨੂੰ ਦਿੱਤਾ, ਜੋ ਖਾਣ ਤੋਂ ਝਿਜਕ ਰਿਹਾ ਸੀ ਤਾਂ ਕਹਿੰਦੇ ਹਨ ਕਿ ਭਾਈ ਸਬੇਗ ਸਿੰਘ ਨੇ ਕਿਹਾ ਕਿ ਵੀਰਾ ਜਿਉਂਦੇ ਜ਼ਾਲਮਾਂ ਦੇ ਹੱਥੀਂ ਆ ਗਏ ਤਾਂ ਇਹ ਆਪਣੇ ਨਾਲ ਬੁਰੀ ਕਰਨਗੇ। ਨਾਲੇ ਕਈਆਂ ਨੂੰ ਮਰਵਾਵਾਂਗੇ, ਸੂਰਮਾ ਬਣ, ਸ਼ਹੀਦੀ ਪ੍ਰਾਪਤ ਕਰ ਲੈ। ਭਾਈ ਸੁਰਜੀਤ ਸਿੰਘ ਸਾਈਨਾਈਡ ਦਾ ਕੈਪਸੂਲ ਖਾ ਕੇ ਸ਼ਹੀਦ ਹੋ ਗਿਆ। ਭਾਈ ਸਬੇਗ ਸਿੰਘ ਨਾਲ ਅੱਠ-ਨੌਂ ਮੁਲਾਜਮਾਂ ਨੇ ਹੱਥੋਪਾਈ ਕੀਤੀ ਕਿ ਇਸ ਨੂੰ ਕੈਪਸੂਲ ਨਾ ਖਾਣ ਦਿੱਤਾ ਜਾਵੇ ਪਰ ਸੂਰਮੇ ਨੇ ਪੁਲਿਸ ਦੇ ਹੱਥ ਨਾ ਆਉਣ ਦਾ ਇਰਾਦਾ ਕੀਤਾ ਹੋਇਆ ਸੀ, ਸਾਈਨਾਈਡ ਦਾ ਕੈਪਸੂਲ ਖਾ ਕੇ ਸ਼ਹੀਦੀ ਪ੍ਰਾਪਤ ਕਰ ਗਿਆ।

ਇਹ ਵਾਕਿਆ 12 ਜਨਵਰੀ 1990 ਦੀ ਸ਼ਾਮ ਨੂੰ ਲੋਹੜੀ ਵਾਲੇ ਦਿਨ ਪਿੰਡ ਢਿੱਪਾਂਵਾਲੀ ਧੂੰਦੇ ਦੀ ਢਾਣੀ 'ਤੇ ਵਾਪਰਿਆ ਸੀ, ਜਿਸ ਵਿਚ ਖ਼ਾਲਿਸਤਾਨੀ ਲਹਿਰ ਦੇ ਥੰਮ੍ਹ ਭਾਈ ਸਬੇਗ ਸਿੰਘ ਲੁਬਾਣਿਆਂ ਵਾਲੀ ਆਪਣੇ ਸਾਥੀ ਭਾਈ ਸੁਰਜੀਤ ਸਿੰਘ ਕੰਧਾਂਵਾਲਾ ਦੇ ਨਾਲ ਸ਼ਹੀਦ ਹੋ ਗਏ ਸਨ। ਸੁਰੱਖਿਆ ਫ਼ੋਰਸਾਂ ਦੋਹਾਂ ਸਿੰਘਾਂ ਦੇ ਸ਼ਹੀਦੀ ਸਰੀਰ ਫ਼ਿਰੋਜ਼ਪੁਰ ਲੈ ਗਈਆਂ ਤੇ ਉਥੇ ਹੀ ਸਸਕਾਰ ਕਰ ਦਿੱਤਾ ਗਿਆ। ਪੁਲਿਸ ਨੇ ਭਾਈ ਸਬੇਗ ਸਿੰਘ ਲੁਬਾਣਿਆਂ ਵਾਲੀ ਦੀ ਸ਼ਹੀਦੀ ਨੂੰ ਗੁਪਤ ਰੱਖਿਆ।

ਖਾੜਕੂ ਸਿੰਘ ਭਾਈ ਹਰਜਿੰਦਰ ਸਿੰਘ ਜਿੰਦਾ ਉਰਫ਼ ਮੁਸੀਬਤ ਸਿੰਘ ਵੈਰੜ ਪਿੰਡੀ ਬਲੋਚਾਂ ਨੇ ਪੁਲਿਸ ਉੱਤੇ ਦੋਸ਼ ਲਾਇਆ ਸੀ ਕਿ ਉਸ ਦਿਨ ਸਿੰਘਾਂ ਕੋਲ ਰੁਪਿਆਂ ਦੇ ਭਰੇ ਦੋ ਭਾਰੇ ਬੈਗ ਸਨ, ਜੋ ਪੁਲਿਸ ਦੇ ਹੱਥ ਲੱਗੇ, ਜਿਸ ਨੂੰ ਪਚਾਉਣ ਲਈ ਭਾਈ ਸਬੇਗ ਸਿੰਘ ਤੇ ਭਾਈ ਸੁਰਜੀਤ ਸਿੰਘ ਦੀ ਮੌਤ ਪੁਲਿਸ ਨੇ ਗੁਪਤ ਰੱਖੀ, ਐਲਾਨ ਨਹੀਂ ਕੀਤਾ।

## ਸ਼ਹੀਦੀ ਦਾ ਬਦਲਾ

ਥੋੜ੍ਹੇ ਚਿਰ ਬਾਅਦ ਸਿੰਘਾਂ ਨੂੰ ਜੁਝਾਰੂ ਖ਼ਾਲਸੇ ਨੂੰ ਭਾਈ ਸਬੇਗ ਸਿੰਘ ਲੁਬਾਣਿਆਂ ਵਾਲੀ ਤੇ ਭਾਈ ਸੁਰਜੀਤ ਸਿੰਘ ਕੰਧਾਂਵਾਲਾ ਦੀ ਸ਼ਹਾਦਤ ਦੀ ਸੱਚਾਈ ਦਾ ਪਤਾ ਲੱਗ ਗਿਆ। ਭਾਈ ਸਬੇਗ ਸਿੰਘ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਦੇ ਭੋਗ ਪਿੰਡ ਲੁਬਾਣਿਆਂ ਵਾਲੀ ਭਾਈ ਸਬੇਗ ਸਿੰਘ ਦੀ ਢਾਣੀ 'ਤੇ ਪਾਏ ਗਏ। ਪੁਲਿਸ ਨੇ ਸਾਰੇ ਪਿੰਡ ਨੂੰ ਘੇਰੇ ਵਿਚ ਲੈ ਲਿਆ, ਸਿੱਖ ਸੰਗਤ ਜਿਹੜੀ ਪੁਲਿਸ ਦੇ ਆਉਣ ਤੋਂ ਪਹਿਲਾਂ ਪਹੁੰਚ ਗਈ, ਅਰਦਾਸ ਵਿਚ ਸ਼ਾਮਲ ਹੋ ਸਕੀ, ਬਾਅਦ ਵਿਚ ਕਿਸੇ ਵੀ ਸਿੱਖ ਨੂੰ ਅਰਦਾਸ ਵਿਚ ਸ਼ਾਮਲ ਹੋਣ ਲਈ ਘਰ ਨਹੀਂ ਜਾਣ ਦਿੱਤਾ ਗਿਆ। ਪੁਲਿਸ, ਸੁਰੱਖਿਆ ਬਲਾਂ ਤੇ ਸਰਕਾਰ ਦਾ ਖ਼ਿਆਲ ਸੀ ਕਿ ਭਾਈ ਸਬੇਗ ਸਿੰਘ ਦੀ ਅੰਤਮ ਅਰਦਾਸ ਵਿਚ ਸ਼ਰਧਾਂਜਲੀ ਭੇਟ ਕਰਨ ਲਈ ਖਾੜਕੂ ਵੱਡੀ ਗਿਣਤੀ ਵਿਚ ਪਹੁੰਚਣਗੇ। ਸਿੰਘਾਂ ਨੂੰ ਕਾਬੂ ਕਰਨ ਲਈ ਹੀ ਸਰਕਾਰ ਨੇ ਕਰੜੇ ਸੁਰੱਖਿਆ ਪ੍ਰਬੰਧ ਕੀਤੇ ਸਨ। ਇਸ ਮੌਕੇ 'ਤੇ ਖ਼ਾਲਿਸਤਾਨ ਕਮਾਂਡੋ ਫ਼ੋਰਸ ਵੱਲੋਂ ਭਾਈ ਗੁਰਜੰਟ ਸਿੰਘ ਰਾਜਸਥਾਨੀ।

ਭਾਈ ਕੁਲਵੰਤ ਸਿੰਘ ਕਾਲਾ ਆਰਫ਼ਕੇ, ਭਾਈ ਮੁਸੀਬਤ ਸਿੰਘ ਵੈਰੜ ਆਪਣੇ ਸਾਥੀ ਸਿੰਘਾਂ ਸਮੇਤ ਪਿੰਡ ਢਿੱਪਾਂਵਾਲੀ ਧੂੰਦੇ ਦੇ ਘਰ ਪਹੁੰਚੇ ਤੇ ਉਸ ਨੂੰ ਕਾਬੂ ਕਰ ਲਿਆ। ਸਿੰਘਾਂ ਨੇ ਲੋਕਾਂ ਸਾਹਮਣੇ ਇਹ ਇਕਬਾਲ ਕਰਵਾਇਆ ਕਿ ਸਿੰਘਾਂ ਦੀ ਮਾਇਆ ਮੇਰੇ ਕੋਲ ਅਮਾਨਤ ਪਈ ਸੀ ਜੋ ਮੈਂ ਵਰਤ ਲਈ। ਸਿੰਘਾਂ ਨੇ ਮੰਗ ਕੀਤੀ, ਮੈਂ ਉਹ ਮੋੜ ਨਹੀਂ ਸੀ ਸਕਦਾ, ਜਿਸ ਕਾਰਨ ਮੈਂ ਗ਼ਲਤ ਕੰਮ ਕਰ ਲਿਆ ਹੈ। ਇਸ ਵਿਚ ਮੇਰੇ ਪਰਿਵਾਰ ਦਾ ਕੋਈ ਕਸੂਰ ਨਹੀਂ। ਸਿੰਘਾਂ ਨੇ ਉਸ ਨੂੰ ਆਪਣੇ ਨਾਲ ਤੋਰ ਲਿਆ। ਅਗਲੇ ਦਿਨ ਉਸ ਦੀ ਲਾਸ਼ ਇਕ ਰੁੱਖ ਨਾਲ ਉਸ ਦੀ ਪੱਗ ਨਾਲ ਫਾਹੇ ਦਿੱਤੀ, ਲਟਕਦੀ ਮਿਲੀ। ਜਿਸ ਨੂੰ ਲਾਹ ਕੇ ਸਸਕਾਰ ਕਰ ਦਿੱਤਾ ਗਿਆ। ਸਿੰਘਾਂ ਨੇ ਪਰਿਵਾਰ ਦੇ ਹੋਰ ਕਿਸੇ ਨਿਰਦੋਸ਼ ਮੈਂਬਰ ਨੂੰ ਕੁਝ ਨਹੀਂ ਕਿਹਾ।

***

# ਸ਼ਹੀਦ ਭਾਈ ਰਣਜੀਤ ਸਿੰਘ ਰਾਣਾ ਠੇਠਰਕੇ

## ਖ਼ਾਲਿਸਤਾਨ ਕਮਾਂਡੋ ਫ਼ੋਰਸ

ਸਿੱਖ ਹੱਕਾਂ ਦੀ ਪ੍ਰਾਪਤੀ, ਸਿੱਖ ਕੌਮ ਦੇ ਗਲੋਂ ਗ਼ੁਲਾਮੀ ਦੀਆਂ ਜ਼ੰਜੀਰਾਂ ਲਾਹੁਣ ਲਈ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਆਰੰਭੇ ਸਿੱਖ ਸੰਘਰਸ਼ ਦੌਰਾਨ ਖ਼ਾਲਸਾ ਪੰਥ ਦੀ ਅਣਖ ਗ਼ੈਰਤ ਅਤੇ ਖ਼ਾਲਸਾਈ ਜੁਝਾਰੂ ਰਵਾਇਤਾਂ ਨੂੰ ਕਾਇਮ ਰੱਖਦਿਆਂ ਜੂਝਣ ਵਾਲੇ ਸਿੰਘ ਸੂਰਮਿਆਂ ਵਿਚੋਂ ਹੀ ਚੋਟੀ ਦੇ ਜੁਝਾਰੂ ਹੋਏ ਹਨ ਸ਼ਹੀਦ ਭਾਈ ਰਣਜੀਤ ਸਿੰਘ ਰਾਣਾ ਠੇਠਰਕੇ। ਭਾਈ ਰਣਜੀਤ ਸਿੰਘ ਰਾਣਾ ਦਾ ਜਨਮ ਪਿਤਾ ਸ. ਖ਼ੁਸ਼ਹਾਲ ਸਿੰਘ ਦੇ ਘਰ ਮਾਤਾ ਸਿਮਰਜੀਤ ਕੌਰ ਉਰਫ਼ ਹਰਵੰਤ ਕੌਰ ਦੀ ਕੁੱਖੋਂ ਮਿਤੀ 23 ਅਪਰੈਲ ਸੰਨ 1962 ਮੁਤਾਬਕ 11 ਵਿਸਾਖ ਬਿਕਰਮੀ ਸੰਮਤ 2019 ਨੂੰ ਪਿੰਡ ਠੇਠਰਕੇ/ਧੁੱਸੀਵਾਲੇ, ਨੇੜੇ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ।

ਭਾਈ ਰਣਜੀਤ ਸਿੰਘ ਨੂੰ ਲਾਡ ਨਾਲ 'ਰਾਣਾ' ਕਿਹਾ ਜਾਂਦਾ ਸੀ। ਮੁੱਢਲੀ ਪੜ੍ਹਾਈ ਅੱਠਵੀਂ ਤਕ ਪਿੰਡ ਠੇਠਰਕੇ ਦੇ ਸਰਕਾਰੀ ਹਾਈ ਸਕੂਲ ਤੋਂ ਕੀਤੀ, ਦਸਵੀਂ ਜਮਾਤ ਧਰਮਕੋਟ ਰੰਧਾਵਾ ਸਰਕਾਰੀ ਸਕੂਲ ਤੋਂ ਪਾਸ ਕੀਤੀ, ਗਿਆਰ੍ਹਵੀਂ ਵਿਚ ਸਰਕਾਰੀ ਸਕੂਲ ਰਮਦਾਸ ਵਿਚ ਦਾਖ਼ਲਾ ਲਿਆ। ਭਾਈ ਰਾਣਾ ਦਾ ਘਰ ਦਾ ਮਾਹੌਲ ਧਾਰਮਿਕ ਵਿਚਾਰਧਾਰਾ ਵਾਲਾ ਸੀ। ਘਰ ਵਿਚ ਮਾਤਾ ਪਿਤਾ ਨੂੰ 18ਵੀਂ ਸਦੀ ਦੇ ਜੁਝਾਰੂ ਖ਼ਾਲਸੇ ਦੇ ਜੀਵਨ ਨੂੰ ਦਰਸਾਉਂਦੀਆਂ ਪੁਸਤਕਾਂ ਪੜ੍ਹਨ ਤੇ ਘਰ ਵਿਚ ਬੱਚਿਆਂ ਨੂੰ ਪੜ੍ਹਾਉਣ ਦਾ ਸ਼ੌਕ ਸੀ, ਜਿਸ ਦੇ ਫਲਸਰੂਪ ਭਾਈ ਰਾਣਾ ਦੇ ਕੋਮਲ ਮਨ 'ਤੇ ਖ਼ਾਲਸਾਈ ਜੁਝਾਰੂ ਵਿਚਾਰਧਾਰਾ ਦੀ ਰੰਗਤ ਚੜ੍ਹ ਗਈ। ਭਾਈ ਰਾਣਾ ਨੇ ਅੱਠਵੀਂ ਜਮਾਤ ਵਿਚ ਪੜ੍ਹਦਿਆਂ ਅੰਮ੍ਰਿਤ ਛਕ ਕੇ ਗੁਰਸਿੱਖੀ ਜੀਵਨ ਆਰੰਭ ਕੀਤਾ ਤੇ ਘਰ ਵਿਚ ਕੰਮ ਕਰਦੇ ਵੀ ਧਾਰਮਿਕ ਇਤਿਹਾਸਕ ਪੁਸਤਕਾਂ ਪੜ੍ਹਦੇ ਰਹਿੰਦੇ। ਸੰਨ 1983 ਵਿਚ ਸਿੱਖ ਹੱਕਾਂ ਦੀ ਪ੍ਰਾਪਤੀ ਲਈ ਧਰਮ ਯੁੱਧ ਮੋਰਚਾ ਸਿੱਖ ਸੰਘਰਸ਼ ਸੰਤ ਜਰਨੈਲ ਸਿੰਘ ਜੀ ਦੀ ਕਮਾਂਡ ਹੇਠ ਕੇਂਦਰ ਸਰਕਾਰ ਦੇ ਖ਼ਿਲਾਫ਼ ਪੂਰੇ ਜੋਬਨ 'ਤੇ ਸੀ। ਸਿੱਖ ਜਵਾਨੀ ਸਿੱਖ ਹੱਕਾਂ ਦੀ ਪ੍ਰਾਪਤੀ ਲਈ ਕਹਿਣੀ ਦੇ ਪੂਰੇ, ਕਰਨੀ ਦੇ ਪੂਰੇ ਵੀਹਵੀਂ ਸਦੀ ਦੇ ਮਹਾਨ ਇਨਕਲਾਬੀ ਸਿੱਖ ਯੋਧੇ, ਸੱਚ ਦੇ ਸੂਰਜ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਵਿਚਾਰਧਾਰਾ ਨੂੰ ਕਬੂਲ ਕਰ ਕੇ ਸਿਰਾਂ ਉੱਤੇ ਕਫਨ ਬੰਨ੍ਹ ਕੇ ਮੈਦਾਨੇ ਜੰਗ ਵਿਚ ਨਿੱਤਰ ਆਈ ਸੀ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੀ ਵਿਚਾਰਧਾਰਾ ਨੂੰ ਜਿਨ੍ਹਾਂ ਹਿਰਦਿਆਂ ਨੇ ਸਵੀਕਾਰ

ਕੀਤਾ ਸੀ, ਇਕੱਲਾ-ਇਕੱਲਾ ਸਿੰਘ ਬੇਇਨਸਾਫ਼ੀ ਦੀ ਪੁੰਜ ਹਿੰਦ ਹਕੂਮਤ ਨਾਲ ਟੱਕਰ ਲੈਣ ਲਈ ਆਪਣੇ ਆਪ ਨੂੰ ਸਮਰੱਥ ਸਮਝਦਾ ਸੀ।

ਭਾਈ ਰਾਣਾ ਸੰਨ 1983 ਵਿਚ ਆਪਣੇ ਦੋਸਤਾਂ ਮਿੱਤਰਾਂ ਨਾਲ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਇਸਨਾਨ ਕਰਨ ਅਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਇਨਕਲਾਬੀ ਵਿਚਾਰ ਸੁਣਨ ਜਾਇਆ ਕਰਦਾ ਸੀ। ਆਖ਼ਰ ਹਿੰਦ ਦੀ ਜ਼ਾਲਮ ਹਕੂਮਤ ਦੀ ਹਿੰਦੂ ਫ਼ਿਰਕਾਪ੍ਰਸਤ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪਿਤਾ-ਪੁਰਖੀ ਸਿੱਖ-ਵਿਰੋਧੀ ਨੀਤੀ ਉੱਤੇ ਅਮਲ ਕਰਦਿਆਂ ਸਿੱਖਾਂ ਦੇ ਹੱਕੀ ਸੰਘਰਸ਼ ਨੂੰ ਕੁਚਲਣ ਲਈ ਸਿੱਖ ਕੌਮ ਨੂੰ ਸਬਕ ਸਿਖਾਉਣ ਲਈ ਕਿ ਅੱਗੇ ਤੋਂ ਕੋਈ ਵੀ ਸਿੱਖ ਸਿੱਖ ਹੱਕਾਂ ਦੀ ਪ੍ਰਾਪਤੀ, ਖ਼ਾਲਸਾਈ ਰਵਾਇਤਾਂ ਨੂੰ ਬਰਕਰਾਰ ਰੱਖਣ ਦੀ ਗੱਲ ਕਰਨ ਦੀ ਜੁਰਅਤ ਨਾ ਕਰ ਸਕੇ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਦੇ ਦਿਹਾੜੇ ਲੱਖਾਂ ਫ਼ੌਜਾਂ ਨਾਲ 2 ਜੂਨ 1984 ਨੂੰ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਉਪਰ ਤੋਪਾਂ ਟੈਂਕਾਂ ਨਾਲ ਕਹਿਰੀ ਹਮਲਾ ਕਰ ਦਿੱਤਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਢਾਹ ਢੇਰੀ ਕਰ ਦਿੱਤਾ, ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਪੰਜਾਬ ਦੇ 37 ਹੋਰ ਗੁਰਧਾਮਾਂ ਉੱਤੇ ਹਿੰਦ ਫ਼ੌਜਾਂ ਵੱਲੋਂ ਹੱਲਾ ਕਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਮਨਾਉਣ ਆਈਆਂ ਸਿੱਖ ਸੰਗਤਾਂ ਨੂੰ ਕਤਲੇਆਮ ਦੇ ਰੂਪ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸ਼ਹੀਦ ਕਰ ਦਿੱਤਾ। ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੀ ਪਵਿੱਤਰਤਾ ਦੀ ਰੱਖਿਆ ਕਰਦਿਆਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ, ਜਨਰਲ ਸਬੇਗ ਸਿੰਘ, ਭਾਈ ਅਮਰੀਕ ਸਿੰਘ ਪ੍ਰਧਾਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੀ ਅਗਵਾਈ ਹੇਠ ਜੁਝਾਰੂ ਹਥਿਆਰਬੰਦ ਸਿੰਘਾਂ ਨੇ ਜ਼ਾਲਮ ਹਕੂਮਤ ਦੀਆਂ ਫ਼ੌਜਾਂ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਸਿੱਖਾਂ ਦੇ ਕੌਮੀ ਸੰਘਰਸ਼ ਦੀਆਂ ਪੈੜਾ ਸਿਰਜ ਗਏ। ਜੂਨ 1984 ਨੂੰ ਸ੍ਰੀ ਦਰਬਾਰ ਸਾਹਿਬ ਉਪਰ ਵਾਪਰੇ ਹਿੰਦ ਫ਼ੌਜਾਂ ਦੇ ਘੱਲੂਘਾਰੇ ਨਾਲ ਸਿੱਖ ਕੌਮ ਦੇ ਹਿਰਦੇ ਵਲੂੰਧਰੇ ਗਏ। ਪਿੰਡਾਂ ਦੇ ਸਿੱਖ ਭਾਰਤੀ ਫ਼ੌਜਾਂ ਦੇ ਵਿਰੋਧ ਵਿਚ ਸ੍ਰੀ ਅੰਮ੍ਰਿਤਸਰ ਵੱਲ ਵਧੇ ਪਰ ਪੰਜਾਬ ਦੀ ਧਰਤੀ ਉੱਤੇ ਹਿੰਦ ਫ਼ੌਜਾਂ ਦੇ ਕਰਫ਼ਿਊ ਅਤੇ ਹਥਿਆਰਬੰਦ ਦਸਤਿਆਂ ਨੇ ਨਿਹੱਥੇ ਸਿੱਖਾਂ ਨੂੰ ਅੱਗੇ ਨਾ ਵਧਣ ਦਿੱਤਾ। ਸਿੱਖ ਨਿਰਾਸ਼ ਹੋ ਕੇ ਘਰਾਂ ਨੂੰ ਪਰਤ ਗਏ। ਹਿੰਦ ਹਕੂਮਤ ਨੇ 7-8 ਜੂਨ 1984 ਨੂੰ ਪਿੰਡਾਂ ਵਿਚੋਂ ਸਿੱਖ ਨੌਜਵਾਨਾਂ ਨੂੰ ਫੜਨ ਦੀ ਮੁਹਿੰਮ ਵਿੱਢੀ ਤਾਂ ਸ੍ਰੀ ਹਰਿਮੰਦਰ ਸਾਹਿਬ ਉਪਰ ਵਰਤੇ ਹਿੰਦ ਹਕੂਮਤ ਦੇ ਘੱਲੂਘਾਰੇ ਨੇ ਧਰਮੀ ਸਿੱਖ ਫ਼ੌਜੀਆਂ ਨੂੰ ਸਿੱਖੀ ਦੀ ਆਨ-ਸ਼ਾਨ ਲਈ ਕੁਝ ਕਰਨ ਜਾਂ ਮਰਨ ਦੀ ਪ੍ਰੇਰਨਾ ਦੇ ਕੇ ਬੈਰਕਾਂ ਦਾ ਛੱਡਣ ਉੱਦਮ ਬਖਸਿਆ, ਸਿੱਖ ਫ਼ੌਜੀ ਆਪਣੇ ਸਿੱਖੀ ਪ੍ਰਤੀ ਸ਼ਰਧਾ ਤੇ ਮੋਹ ਦਾ ਸਦਕਾ ਹਥਿਆਰਬੰਦ ਹੋ ਕੇ ਬੈਰਕਾਂ ਛੱਡ ਕੇ ਅੰਮ੍ਰਿਤਸਰ ਵੱਲ ਨੂੰ ਚੱਲ ਪਏ, ਜਿਸ 'ਤੇ ਹਿੰਦ ਫ਼ੌਜਾਂ ਨੂੰ ਸਿੱਖਾਂ ਦੀ ਫੜੋ-ਫੜਾਈ ਦੀ ਮੁਹਿੰਮ ਰੋਕਣੀ ਪਈ। ਸਿੱਖਾਂ ਦੀ ਫੜੋ-ਫੜਾਈ ਸ਼ੁਰੂ ਹੋਣ 'ਤੇ

ਸੈਂਕੜੇ ਸਿੱਖ ਪਾਕਿਸਤਾਨ ਜਾਣ ਵਾਲੇ ਸਿੱਖ ਗੱਭਰੂਆਂ ਵਿਚ ਰਣਜੀਤ ਸਿੰਘ ਰਾਣਾ ਵੀ ਸੀ। ਵਾਪਸ ਅਉਣ 'ਤੇ ਦਮਦਮੀ ਟਕਸਾਲ ਦੇ ਜਥੇ ਵਿਚ ਰਹਿਣ ਲੱਗੇ। ਦੁਸ਼ਟ ਹਿੰਦੂ ਅਫ਼ਸਰ ਐਸ.ਐਸ.ਪੀ. ਗੋਬਿੰਦ ਰਾਮ ਸਿੱਖੀ ਵਿਰੋਧੀ ਅਫ਼ਸਰਾਂ ਵਿਚੋਂ ਸਿੱਖਾਂ ਉੱਤੇ ਜ਼ੁਲਮ ਕਰਨ ਵਾਲਿਆਂ ਵਿਚੋਂ ਪ੍ਰਮੁੱਖ ਸੀ, ਉਸ ਨੇ ਰਾਣਾ ਦੇ ਪਿਤਾ ਕਿਰਪਾਲ ਸਿੰਘ ਤੇ ਭਰਾਵਾਂ ਨੂੰ ਜ਼ੁਲਮ ਦਾ ਸ਼ਿਕਾਰ ਬਣਾਇਆ। ਪੁਲਿਸ ਨੇ ਬਾਪੂ ਕਿਰਪਾਲ ਸਿੰਘ ਉੱਤੇ ਬੇਹੱਦ ਤਸ਼ੱਦਦ ਕੀਤਾ ਤੇ ਲੱਤ ਨਕਾਰਾ ਕਰ ਦਿੱਤੀ, ਜਿਸ ਦਾ ਡਾਕਟਰਾਂ ਨੇ ਬੜੀ ਮਿਹਨਤ ਨਾਲ ਅਪਰੇਸ਼ਨ ਕਰ ਕੇ ਤੁਰਨ-ਫਿਰਨ ਯੋਗ ਬਣਾਇਆ ਹੈ। ਪੁਲਿਸ ਵਾਲੇ ਪਰਿਵਾਰ ਉੱਤੇ ਦਬਾਅ ਪਾਉਂਦੇ ਸਨ ਕਿ ਰਾਣੇ ਨੂੰ ਪੇਸ਼ ਕਰੋ, ਹੋਰ ਖਾੜਕੂ ਫੜਾਉ। ਬਟਾਲਾ ਪੁਲਿਸ ਨੇ ਪਿਤਾ 'ਤੇ 15 ਦਿਨ ਤਸ਼ੱਦਦ ਕਰ ਕੇ ਛੱਡਿਆ। ਇਕ ਵਾਰੀ ਫ਼ਿਰੋਜ਼ਪੁਰ ਸ਼ਹਿਰ ਵਿਚ ਪੁਲਿਸ ਤੇ ਬੀ.ਐਸ.ਐਫ਼. ਨੇ ਸਾਂਝੀ ਕਾਰਵਾਈ ਕਰ ਕੇ ਰਣਜੀਤ ਸਿੰਘ ਰਾਣਾ ਅਤੇ ਇਕ ਸਾਥੀ ਚਰਨਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਬਟਾਲਾ ਪੁਲਿਸ, ਫਿਰੋਜ਼ਪੁਰ ਤੋਂ ਬਟਾਲਾ ਪੁੱਛ-ਗਿੱਛ ਕੇਂਦਰ ਲੈ ਗਈ ਤੇ 20 ਦਿਨ ਪੁੱਛ-ਗਿੱਛ ਕੀਤੀ। ਤਿੰਨ ਦਿਨ ਮਜੀਠਾ ਪੁਲਿਸ ਨੇ ਪੁੱਛ-ਗਿੱਛ ਕਰਨ ਤੋਂ ਬਾਅਦ ਕਤਲਾਂ ਦੇ 32 ਕੇਸ ਪਾ ਕੇ ਅੰਮ੍ਰਿਤਸਰ ਜੇਲ੍ਹ ਭੇਜ ਦਿੱਤਾ। ਸੰਨ 1987 ਵਿਚ ਅੰਮ੍ਰਿਤਸਰ ਦੀ ਅਦਾਲਤ ਵਿਚ ਪੇਸ਼ੀ ਭੁਗਤਾਉਣ ਲਈ ਪੁਲਿਸ ਲੈ ਕੇ ਆਈ ਤਾਂ ਸਾਥੀ ਜੁਝਾਰੂ ਸਿੰਘਾਂ ਨੇ ਅੰਮ੍ਰਿਤਸਰ ਕਚਹਿਰੀ ਵਿਚ ਪੁਲਿਸ ਉੱਤੇ ਗੋਲੀਆਂ ਚਲਾ ਕੇ ਹਮਲਾ ਕਰ ਦਿੱਤਾ। ਇਸ ਗੋਲੀ-ਬਾਰੀ ਵਿਚ ਪੰਜਾਬ ਪੁਲਿਸ ਦਾ ਇਕ ਜਵਾਨ ਮਾਰਿਆ ਗਿਆ ਤੇ ਬਾਕੀਆਂ ਨੇ ਧਰਤੀ ਉੱਤੇ ਲੇਟ ਕੇ ਜਾਨ ਬਚਾਈ। ਜੁਝਾਰੂ ਭਾਈ ਰਣਜੀਤ ਸਿੰਘ ਰਾਣਾ ਨੂੰ ਲਾਲ ਰੰਗ ਦੀ ਵੈਨ ਵਿਚ ਬਿਠਾ ਕੇ ਫ਼ਰਾਰ ਹੋ ਗਏ। ਮਾਨਾਂਵਾਲੇ ਸਟੇਸ਼ਨ ਦੇ ਸਾਹਮਣੇ ਸੜਕ 'ਤੇ ਵੈਨ ਰੁਕ ਗਈ ਤਾਂ ਜੁਝਾਰੂ ਸਿੰਘਾਂ ਨੇ ਵੈਨ ਸੜਕ ਦੇ ਪਾਸੇ ਲਾ ਕੇ ਅੱਗ ਲਾ ਦਿੱਤੀ। ਆਪ ਭੱਜ ਕੇ ਬਾਗ ਵਿਚ ਵੜ ਗਏ ਤੇ ਪੈਦਲ ਹੀ ਨਿਕਲ ਗਏ। ਇਹ ਖਾੜਕੂ ਐਕਸ਼ਨ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਜਨਰਲ ਲਾਭ ਸਿੰਘ ਵੱਲੋਂ ਸਾਥੀ ਸਿੰਘਾਂ ਵੱਲੋਂ ਕੀਤਾ ਗਿਆ।

ਭਾਈ ਰਣਜੀਤ ਸਿੰਘ ਰਾਣਾ ਖ਼ਾਲਿਸਤਾਨ ਕਮਾਂਡੋ ਫ਼ੋਰਸ ਵਿਚ ਜਨਰਲ ਲਾਭ ਸਿੰਘ ਦੀ ਅਗਵਾਈ ਹੇਠ ਸਿੱਖ ਸੰਘਰਸ਼ ਵਿਚ ਵਿਚਰਨ ਲੱਗੇ। ਦਮਦਮੀ ਟਕਸਾਲ ਨਾਲ ਵੀ ਜੁੜੇ ਰਹੇ। ਭਾਈ ਰਣਜੀਤ ਸਿੰਘ ਰਾਣਾ ਠੇਠਰਕੇ ਵੱਲੋਂ ਪੁਲਿਸ ਮੁਖ਼ਬਰਾਂ ਵਿਰੁੱਧ ਜੇਹਾਦ ਆਰੰਭ ਕੀਤਾ ਹੋਇਆ ਸੀ। ਪੁਲਿਸ ਦੇ ਕਥਨ ਅਨੁਸਾਰ ਅਜਨਾਲਾ ਮਜੀਠਾ ਡਵੀਜ਼ਨ ਅਤੇ ਗੁਰਦਾਸਪੁਰ ਵਿਚ ਰਣਜੀਤ ਸਿੰਘ ਰਾਣਾ ਠੇਠਰਕੇ ਦੇ ਨਾਂ ਨਾਲ ਦਹਿਸ਼ਤ ਫੈਲ ਜਾਂਦੀ ਸੀ। ਪੰਜਾਬ ਪੁਲਿਸ/ਪੰਜਾਬ ਸਰਕਾਰ ਨੇ ਰਾਣੇ ਦੇ ਸਿਰ ਉੱਤੇ ਇਕ ਲੱਖ ਰੁਪਏ ਦਾ ਇਨਾਮ ਰੱਖਿਆ ਹੋਇਆ ਸੀ ਤੇ ਪੰਜਾਬ ਪੁਲਿਸ ਦੇ ਮੁਖੀ ਗਿੱਲ ਵੱਲੋਂ ਏ-ਕਲਾਸ ਦਾ ਖਾੜਕੂ ਐਲਾਨ ਕੀਤਾ ਹੋਇਆ ਸੀ। ਪੰਜਾਬ ਪੁਲਿਸ ਲਈ ਭਾਈ ਰਾਣਾ ਸਿਰਦਰਦੀ ਬਣੇ ਹੋਏ ਸਨ, ਪਰ ਭਾਈ ਰਾਣਾ ਬਾਰੇ ਕੋਈ ਸੂਹ

ਨਹੀਂ ਸੀ ਮਿਲ ਰਹੀ। ਪੰਜਾਬ ਪੁਲਿਸ ਨੇ ਆਪਣੀ ਨਵੀਂ ਰਣਨੀਤੀ ਤੋਂ ਕੰਮ ਲੈਂਦਿਆਂ ਜੇਲ੍ਹ ਵਿਚ ਭਾਈ ਰਾਣਾ ਨਾਲ ਬੰਦੀ ਸਾਥੀ ਨਾਲ ਗੰਢ-ਤੁਪ ਕੀਤੀ ਤੇ ਭਾਈ ਰਾਣਾ ਦੀ ਗ੍ਰਿਫ਼ਤਾਰੀ ਦਾ ਸਮਝੌਤਾ ਤੈਅ ਕਰ ਕੇ ਜੇਲ੍ਹ ਵਿਚੋਂ ਰਿਹਾਅ ਕਰ ਕੇ ਬਾਹਰ ਭੇਜ ਦਿੱਤਾ। ਜੇਲ੍ਹ ਦੇ ਬੰਦੀ ਸਾਥੀ ਨੇ ਜੇਲ੍ਹ ਵਿਚੋਂ ਬਾਹਰ ਆ ਕੇ ਭਾਈ ਰਣਜੀਤ ਸਿੰਘ ਰਾਣਾ ਨਾਲ ਮੇਲ-ਮਿਲਾਪ ਕੀਤਾ ਤੇ ਭਰੋਸੇ ਵਿਚ ਲੈ ਕੇ ਨਾਲ ਰਹਿਣ ਲੱਗਾ ਤੇ ਆਖ਼ਰ ਗੱਦਾਰੀ ਦੀ ਸਿਖਰ ਨੂੰ ਛੂਹ ਗਿਆ। 25 ਜੁਲਾਈ 1987 ਸਨਿੱਚਰਵਾਰ ਨੂੰ ਐਸ.ਪੀ. ਜੇ.ਐਸ. ਰਾਵਤ ਦੀ ਅਗਵਾਈ ਵਿਚ ਸੀ.ਆਰ.ਪੀ. ਦਾ ਬੱਸ ਅੱਡਾ ਬਨੂੜ ਦੇ ਸਕੂਲ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਗੁਰਦੁਆਰੇ ਕੋਲ ਨਾਕਾ ਲਗਵਾ ਦਿੱਤਾ। ਛੱਤ-ਬਨੂੜ ਤੋਂ ਪੱਤਰਕਾਰ ਭੂਸ਼ਨ ਸਰਹਿੰਦੀ ਦੀ ਰਿਪੋਰਟ ਅਨੁਸਾਰ ਇਹ ਮੁਕਾਬਲਾ ਬੱਸ ਅੱਡਾ ਬਨੂੜ ਦੇ ਨੇੜੇ ਰਾਜਪੁਰਾ-ਚੰਡੀਗੜ੍ਹ ਰੋਡ 'ਤੇ ਹੋਇਆ। ਸਜ਼ੂਕੀ ਮੋਟਰਸਾਈਕਲ 'ਤੇ ਦੋ ਸਵਾਰ ਆ ਰਹੇ ਸਨ ਤਾਂ ਸੀ.ਆਰ.ਪੀ. ਨੇ ਨਾਕੇ 'ਤੇ ਰੋਕ ਲਿਆ। ਭਾਈ ਰਣਜੀਤ ਸਿੰਘ ਰਾਣਾ ਦਾ ਸਾਥੀ ਮੋਟਰਸਾਈਕਲ ਚਲਾ ਰਿਹਾ ਸੀ, ਰਾਣਾ ਪਿੱਛੇ ਬੈਠਾ ਸੀ। ਸੀ.ਆਰ.ਪੀ. ਨੂੰ ਭਾਈ ਰਾਣਾ ਨੇ ਆਪਣੀ ਸ਼ਨਾਖ਼ਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਿਆਰਥੀ ਵਜੋਂ ਕਰਾਈ ਤੇ ਆਪਣਾ ਸ਼ਨਾਖ਼ਤੀ ਕਾਰਡ ਦਿਖਾਇਆ। ਭਾਈ ਰਾਣਾ ਇਸ ਮੌਕੇ ਖ਼ਾਲੀ ਹੱਥੀਂ ਸੀ। ਜਦੋਂ ਸੀ.ਆਰ.ਪੀ. ਦੇ ਜਵਾਨਾਂ ਨੇ ਭਾਈ ਰਾਣਾ ਨੂੰ ਵਿਦਿਆਰਥੀ ਸਮਝ ਕੇ ਜਾਣ ਦਾ ਹੁਕਮ ਦਿੱਤਾ ਤਾਂ ਪੁਲਿਸ ਕੈਟ ਨੇ ਇਸ਼ਾਰਾ ਕਰ ਦਿੱਤਾ ਕਿ ਇਹੋ ਹੀ ਸ਼ਿਕਾਰ ਹੈ। ਤਾਂ ਸੀ.ਆਰ.ਪੀ. ਦੇ ਜਵਾਨਾਂ ਨੇ ਕਾਬੂ ਕਰਨਾ ਚਾਹਿਆ ਤਾਂ ਭਾਈ ਰਾਣਾ ਨੇ ਸੀ.ਆਰ.ਪੀ. ਦੇ ਜਵਾਨ ਤੋਂ ਸਟੇਨ ਗੰਨ ਖੋਹ ਲਈ ਤਾਂ ਸਾਥੀ, ਜੋ ਕਾਲੀ ਬਿੱਲੀ ਸੀ, ਉਸ ਨੇ ਝਪਟ ਕੇ ਭਾਈ ਰਾਣਾ ਦੀ ਸਟੇਨ ਗੰਨ ਦਾ ਮੈਗਜ਼ੀਨ ਖਿੱਚ ਲਿਆ। ਭਾਈ ਰਾਣਾ ਨੂੰ ਸਾਰੀ ਕਹਾਣੀ ਸਮਝ ਆ ਗਈ ਤੇ ਉਹ ਸੀ.ਆਰ.ਪੀ. ਦੇ ਜਵਾਨਾਂ ਨਾਲ ਧੱਕਾ-ਮੁੱਕੀ ਹੁੰਦਾ ਹੋਇਆ ਭੱਜ ਕੇ ਛੋਟੇ ਜਿਹੇ ਗੰਦੇ ਨਾਲੇ ਵਿਚ ਕੁੱਦ ਗਿਆ ਤੇ ਅਗਲੇ ਪਾਸਿਉਂ ਨਿਕਲਣ ਲੱਗਾ ਤਾਂ ਸੀ.ਆਰ.ਪੀ. ਦੇ ਜਵਾਨਾਂ ਵੱਲੋਂ ਕੀਤੀ ਗਈ ਜ਼ਬਰਦਸਤ ਫ਼ਾਇਰਿੰਗ ਦੀ ਮਾਰ ਹੇਠਾਂ ਆ ਜਾਣ ਤੇ ਗੋਲੀਆਂ ਦੀ ਬਰੱਸਟ ਵੱਜਣ ਨਾਲ ਮੌਕੇ 'ਤੇ ਹੀ ਸ਼ਹੀਦ ਹੋ ਗਿਆ ਪਰ ਜਿਉਂਦੇ ਜੀਅ ਸੁਰੱਖਿਆ ਫ਼ੋਰਸਾਂ ਦੇ ਹੱਥ ਨਹੀਂ ਆਇਆ।

ਭਾਈ ਰਣਜੀਤ ਸਿੰਘ ਰਾਣਾ ਦੇ ਪਿਤਾ ਬਾਪੂ ਕਿਰਪਾਲ ਸਿੰਘ 28 ਜੁਲਾਈ 1987 ਨੂੰ ਐਸ.ਐਸ.ਪੀ. ਰਾਜਪੁਰਾ ਦੇ ਦਫ਼ਤਰ ਵਿਚ ਪੇਸ਼ ਹੋਏ ਤਾਂ ਐਸ.ਐਸ.ਪੀ. ਦੀਆਂ ਹਦਾਇਤਾਂ 'ਤੇ ਦੋ ਪੁਲਿਸ ਮੁਲਾਜ਼ਮ ਬਾਪੂ ਕਿਰਪਾਲ ਸਿੰਘ ਦੇ ਨਾਲ ਸ਼ਮਸ਼ਾਨ ਘਾਟ ਗਏ ਤੇ ਬਾਪੂ ਕਿਰਪਾਲ ਸਿੰਘ ਪੁੱਤਰ ਦੇ ਫੁੱਲ ਚੁਣ ਲਿਆਇਆ ਜੋ ਪਰਿਵਾਰ ਨੇ ਪਿੰਡ ਠੇਠਰਕੇ ਦੇ ਨਾਲ ਵਗਦੇ ਦਰਿਆ ਰਾਵੀ ਵਿਚ ਜਲ ਪ੍ਰਵਾਹ ਕਰ ਦਿੱਤੇ। ਭਾਈ ਰਣਜੀਤ ਸਿੰਘ ਰਾਣਾ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਦਾ ਭੋਗ 4 ਅਗਸਤ 1987 ਮੰਗਲਵਾਰ ਭਾਈ ਰਣਜੀਤ

ਸਿੰਘ ਦੇ ਜੱਦੀ ਪਿੰਡ ਠੇਠਰਕੇ ਵਿਖੇ ਪਾਏ ਗਏ। ਪੰਜਾਬ ਪੁਲਿਸ, ਬੀ.ਐਸ.ਐਫ਼. ਅਤੇ ਸੀ.ਆਰ.ਪੀ. ਨੇ ਸਾਰੇ ਇਲਾਕੇ ਵਿਚ ਕਰਫ਼ਿਊ ਲਗਾ ਦਿੱਤਾ ਤੇ ਸਖ਼ਤੀ ਨਾਲ ਕਿਸੇ ਵੀ ਪਿੰਡ ਦੇ ਜੀਅ ਜਾਂ ਸੰਗਤ, ਰਿਸ਼ਤੇਦਾਰ ਸੰਬੰਧੀ ਨੂੰ ਭੋਗ ਦੀ ਅਰਦਾਸ ਵਿਚ ਸ਼ਾਮਲ ਨਹੀਂ ਹੋਣ ਦਿੱਤਾ।

ਪਰਿਵਾਰ ਦਾ ਗਿਲ੍ਹਾ ਹੈ ਕਿ ਕਦੀ ਵੀ ਕਿਸੇ ਪੰਥਕ ਜਥੇਬੰਦੀ ਨੇ ਭਾਈ ਰਣਜੀਤ ਸਿੰਘ ਰਾਣਾ ਠੇਠਰਕੇ (ਧੁੱਸੀਵਾਲੇ) ਦੀ ਸ਼ਹੀਦੀ ਯਾਦ ਬਣਾਉਣ ਜਾਂ ਪਰਿਵਾਰ ਨੂੰ ਮਿਲਣ ਦੀ ਕੋਸ਼ਿਸ਼ ਨਹੀਂ ਕੀਤੀ। ਪੰਥਕ ਜਥੇਬੰਦੀਆਂ ਨੂੰ ਭਾਈ ਰਣਜੀਤ ਸਿੰਘ ਰਾਣਾ ਦੀ ਸ਼ਹੀਦੀ ਨੂੰ ਸਮਰਪਿਤ ਕੋਈ ਨਾ ਕੋਈ ਉੱਦਮ ਕਰਨ ਲਈ ਜ਼ਰੂਰ ਅੱਗੇ ਆਉਣਾ ਚਾਹੀਦਾ ਹੈ।

ਕੀ ਸ਼ਹੀਦਾਂ ਨੂੰ ਸਮਰਪਿਤ ਕਵੀ ਦੇ ਕਹੇ ਸ਼ਬਦ ਝੂਠ ਤਾਂ ਨਹੀਂ ਹੋ ਰਹੇ:

ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ
ਵਤਨ ਪੇ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ।

ਐਤਵਾਰ 26 ਜੁਲਾਈ 1987 ਦੀ ਜੱਗਬਾਣੀ ਦੀ ਮੁੱਖ ਖ਼ਬਰ—ਰਣਜੀਤ ਸਿੰਘ ਰਾਣਾ ਸਮੇਤ 2 ਖ਼ਤਰਨਾਕ ਦਹਿਸ਼ਤਪਸੰਦ ਮੁਕਾਬਲੇ ਵਿਚ ਹਲਾਕ।

***

# ਸ਼ਹੀਦ ਭਾਈ ਦੇਸਾ ਸਿੰਘ ਕਬਰਵਾਲਾ/ਸਦਰਵਾਲਾ
# ਖ਼ਾਲਿਸਤਾਨ ਕਮਾਂਡੋ ਫ਼ੋਰਸ

ਮਾਲਵੇ ਦੇ ਇਤਿਹਾਸਕ ਸ਼ਹਿਰ, 40 ਮੁਕਤਿਆਂ ਦੀ ਪਵਿੱਤਰ ਧਰਤੀ ਸ੍ਰੀ ਮੁਕਤਸਰ ਸਾਹਿਬ ਤੋਂ ਚਾਰ ਕੁ ਕਿਲੋਮੀਟਰ ਦੀ ਦੂਰੀ 'ਤੇ ਉੱਤਰ ਦਿਸ਼ਾ ਵੱਲ ਮਝੈਲਾਂ ਦਾ ਪਿੰਡ ਕਬਰਵਾਲਾ ਹੈ। ਇਹ ਨਗਰ ਕਬਰਵਾਲਾ ਦੇ ਵਾਸੀਆਂ ਨੂੰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਲੋਂ ਵਰੋਸਾਈ ਦਮਦਮੀ ਟਕਸਾਲ ਦੇ 13ਵੇਂ ਮੁਖੀ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ (ਸੱਚਖੰਡ ਵਾਸੀ) ਦੀ ਸਤਿਸੰਗਤ ਕਰਨ ਦਾ ਮਾਣ ਹਾਸਲ ਹੈ। ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਇਸ ਨਗਰ ਵਿਚ ਗੁਰਬਾਣੀ ਦੀ ਕਥਾ ਕੀਰਤਨ ਤੇ ਅੰਮ੍ਰਿਤ ਸੰਚਾਰ ਦੇ ਪ੍ਰਵਾਹ ਚਲਾਏ ਜਾਂਦੇ ਰਹੇ ਹਨ ਤੇ ਸਿੱਖ ਸੰਗਤਾਂ ਨੂੰ ਪ੍ਰੇਰਨਾ ਕਰ ਕੇ ਗੁਰਦੁਆਰਾ ਸਾਹਿਬ ਦੀ ਸੇਵਾ ਕਰਵਾਈ। ਮਹਾਂਪੁਰਖਾਂ ਨੇ ਇਸ ਨਗਰ ਦਾ ਨਾਂ ਕਬਰਵਾਲਾ ਨੂੰ ਸਦਰਵਾਲਾ ਦੇ ਰੁਤਬੇ ਨਾਲ ਨਿਵਾਜਿਆ। ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਅਕਾਲ ਚਲਾਣੇ ਤੋਂ ਬਾਅਦ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਵੀ ਕਬਰਵਾਲਾ ਉਰਫ਼ ਸਦਰਵਾਲਾ ਵਿਖੇ ਸਿਖੀ ਪ੍ਰਚਾਰ ਹਿੱਤ ਗੁਰਬਾਣੀ ਕਥਾ ਕੀਰਤਨ, ਅੰਮ੍ਰਿਤ ਸੰਚਾਰ ਦਾ ਪ੍ਰਵਾਹ ਚਲਾ ਕੇ ਸਿੱਖ ਸੰਗਤਾਂ ਨੂੰ ਗੁਰਸਿਖ ਜੀਵਨ ਦੇ ਲੜ ਲਾਉਂਦੇ ਰਹੇ ਹਨ। ਬਾਬਾ ਠਾਕੁਰ ਸਿੰਘ ਜੀ ਵੀ ਦਮਦਮੀ ਟਕਸਾਲ ਦੇ ਜਥੇ ਸਮੇਤ ਹਰ ਸਾਲ ਪਿੰਡ ਸਦਰਵਾਲਾ ਵਿਚ ਹਾਜ਼ਰੀ ਭਰਦੇ ਰਹੇ ਸਨ। ਪਿੰਡ ਦੀ ਸਮੁੱਚੀ ਸਿੱਖ ਸੰਗਤ ਦਮਦਮੀ ਟਕਸਾਲ ਨਾਲ ਜੁੜੀ ਹੋਈ ਹੈ। ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਸਿੱਖ ਕੌਮ ਦੀ ਆਜ਼ਾਦੀ ਲਈ ਆਰੰਭੇ ਸਿੱਖ ਸੰਘਰਸ਼ ਦੌਰਾਨ ਪਿੰਡ ਸਦਰਵਾਲਾ ਦੇ ਸਿੱਖ ਗੱਭਰੂਆਂ ਨੇ ਵੀ ਆਪਣਾ ਯੋਗਦਾਨ ਪਾ ਕੇ ਸ਼ਹਾਦਤਾਂ ਦੇ ਜਾਮ ਪੀਤੇ ਹਨ ਤੇ ਵੀਹਵੀਂ ਸਦੀ ਦੇ ਪਿਛਲੇ ਦੋ ਦਹਾਕਿਆਂ ਦੌਰਾਨ ਕਬਰਵਾਲਾ ਉਰਫ਼ ਸਦਰਵਾਲਾ ਦਾ ਨਾਂ ਅਕਸਰ ਹੀ ਅਖ਼ਬਾਰਾਂ ਦੀਆਂ ਸੁਰਖ਼ੀਆਂ ਵਿਚ ਰਿਹਾ ਹੈ। ਇਸੇ ਪਿੰਡ ਦਾ ਹੀ ਹੋਰ ਸਿੱਖ ਗੱਭਰੂਆਂ ਵਿਚੋਂ ਮਸ਼ਹੂਰ ਹੋਇਆ ਭਾਈ ਦੇਸਾ ਸਿੰਘ ਕਬਰਵਾਲਾ।

ਭਾਈ ਦੇਸਾ ਸਿੰਘ ਦਾ ਜਨਮ ਪਿਤਾ ਸ. ਸੰਦਲੀਪ ਸਿੰਘ ਦੇ ਘਰ ਮਾਤਾ ਚੰਨਣ ਕੌਰ ਦੀ ਕੁੱਖੋਂ ਸੰਨ 1945 ਵਿਚ ਹੋਇਆ। ਆਪ ਜੀ ਦੀ ਵੱਡੀ ਭੈਣ ਜੋਗਿੰਦਰ ਕੌਰ ਹੈ। ਭਾਈ ਦੇਸਾ ਸਿੰਘ ਜੀ ਪੰਜ ਜਮਾਤਾਂ ਪਾਸ ਸਨ ਤੇ ਪਿੰਡ ਵਿਚ ਦਮਦਮੀ ਟਕਸਾਲ ਦੇ 13ਵੇਂ ਮੁਖੀ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਅਤੇ

14ਵੇਂ ਮੁਖੀ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਪਿੰਡ ਆਉਣ 'ਤੇ ਖੰਡੇ ਬਾਟੇ ਦੀ ਪਾਹੁਲ ਅੰਮ੍ਰਿਤ ਛਕ ਕੇ ਗੁਰਸਿੱਖੀ ਜੀਵਨ ਵਾਲੇ ਬਣੇ ਅਤੇ ਗੁਰਬਾਣੀ ਦੇ ਨਿਤਨੇਮੀ ਨਾਮ ਅਭਿਆਸੀ ਬਣੇ। ਗੁਰਬਾਣੀ ਕਥਾ ਦੀ ਵਿਚਾਰ ਸੰਗਤਾਂ ਨਾਲ ਕਰਿਆ ਕਰਦੇ ਸਨ। ਭਾਈ ਦੇਸਾ ਸਿੰਘ ਜੀ ਆਪਣੀ 8 ਕਿਲੇ ਜ਼ਮੀਨ ਵਿਚ ਖੇਤੀ ਕਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖੀ ਸਿਧਾਂਤ ਨਾਮ ਜਪੋ—ਕਿਰਤ ਕਰੋ ਦੇ ਮਾਰਗ ਉੱਤੇ ਚੱਲ ਕੇ ਆਪਣਾ ਗ੍ਰਹਿਸਤੀ ਜੀਵਨ ਬਤੀਤੀ ਕਰਨ ਵਾਲੇ ਗੁਰਸਿੱਖ ਸਨ। ਭ੍ਰਾਈ ਦੇਸਾ ਸਿੰਘ ਦਾ ਆਨੰਦ ਕਾਰਜ ਸਿੱਖ ਰਹਿਤ ਮਰਿਆਦਾ ਅਨੁਸਾਰ ਬੀਬੀ ਕਸ਼ਮੀਰ ਕੌਰ ਪੁੱਤਰੀ ਸ. ਬਘੇਲ ਸਿੰਘ ਵਾਸੀ ਨਕੋਰੀਆਂ (ਰੋੜਾਂ ਵਾਲੀ ਮੰਡੀ) ਨਾਲ ਹੋਈ। ਆਪ ਜੀ ਦੇ ਘਰ ਤਿੰਨ ਬੱਚਿਆਂ ਨੇ ਜਨਮ ਲਿਆ, ਇਕ ਪੁੱਤਰੀ ਤੇ ਇਕ ਪੁੱਤਰ ਬਚਪਨ ਵਿਚ ਹੀ ਅਕਾਲ ਚਲਾਣਾ ਕਰ ਗਿਆ। ਇਕ ਸਪੁੱਤਰ ਮਲਕੀਤ ਸਿੰਘ ਹੈ, ਜੋ ਬੀਬੀ ਕਸਮੀਰ ਕੌਰ ਨੇ ਬਿਖੜੇ ਸਮਿਆਂ ਨਾਲ ਸੰਘਰਸ਼ ਕਰਦਿਆਂ ਪਾਲਿਆ ਹੈ।

ਜਿਵੇਂ ਜਿਵੇਂ ਹਿੰਦ ਸਰਕਾਰ ਨੇ ਸਿੱਖਾਂ ਦੇ ਹੱਕੀ ਸੰਘਰਸ਼ ਧਰਮ ਯੁੱਧ ਮੋਰਚਾ ਨੂੰ ਦਬਾਉਣ ਲਈ, ਬਦਨਾਮ ਕਰਨ ਲਈ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਆਪਣੇ ਪ੍ਰਚਾਰ ਮੀਡੀਆ ਰਾਹੀਂ ਅੱਤਵਾਦੀ- ਵੱਖਵਾਦੀ ਨੇਤਾ ਕਹਿ ਕੇ ਭੰਡੀ ਪ੍ਰਚਾਰ ਕਰ ਰਹੀ ਸੀ, ਤਿਵੇਂ-ਤਿਵੇਂ ਸਿੱਖ ਗੱਭਰੂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੀ ਜੁਝਾਰੂ, ਖ਼ਾਲਸਾਈ ਵਿਚਾਰਧਾਰਾ, ਇਨਕਲਾਬੀ ਸੋਚ ਦੇ ਕਾਇਲ ਹੋ ਕੇ ਸੰਤ ਜੀ ਨੂੰ ਸਿੱਖ ਹੱਕਾਂ ਦਾ ਪਹਿਰੇਦਾਰ ਸਮਝ ਕੇ ਸਿੱਖ ਹੱਕਾਂ ਦੀ ਪ੍ਰਾਪਤੀ ਲਈ ਸੰਤ ਜੀ ਦੀ ਸੋਚ ਉੱਤੇ ਪਹਿਰਾ ਦੇਣ ਲਈ ਸਿਰਾਂ 'ਤੇ ਕਫਨ ਬੰਨ੍ਹ ਕੇ ਘਰਾਂ ਤੋਂ ਨਿਕਲ ਕੇ ਗੁਰਬਾਣੀ ਫ਼ੁਰਮਾਨ ਅਨੁਸਾਰ -ਮਰਣ ਮੁਣਸਾ ਸੂਰਿਆ ਹਕ ਹੈ ਜੋ ਹੋਇ ਮਰਣੁ ਪਰਵਾਣੁ॥ ਨੂੰ ਅਮਲੀ ਜਾਮਾ ਪਹਿਨਾਉਣ ਵਿਚ ਫ਼ਖਰ ਮਹਿਸੂਸ ਕਰਨ ਲਈ ਤਤਪਰ ਸੀ। ਇਸ ਸੋਚ ਦਾ ਧਾਰਨੀ ਹਰ ਸਿੱਖ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਰਸ਼ਨ ਇਸ਼ਨਾਨ ਕਰ ਕੇ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ, ਸੱਚ ਦੇ ਸੂਰਜ ਦੇ ਦਰਸ਼ਨ ਕਰ ਕੇ ਅਤੇ ਬਚਨ ਸਰਵਨ ਕਰ ਕੇ ਆਪਣੇ ਧੰਨ-ਭਾਗ ਸਮਝਦਾ ਸੀ ਤੇ ਇਸੇ ਮਕਸਦ ਨਾਲ ਭਾਈ ਦੇਸਾ ਸਿੰਘ ਸਦਰਵਾਲਾ/ਸਦਰਵਾਲਾ 31 ਮਈ 1984 ਨੂੰ ਆਪਣੀ ਹਾੜੀ ਦੀ ਫਸਲ (ਤੂੜੀ ਦਾਣੇ) ਸੰਭਾਲ ਕੇ ਨਰਮਾ ਬੀਜ ਕੇ ਵਿਹਲਾ ਹੋ ਕੇ ਆਪਣੇ ਘਰ ਵਿਚ ਨਿਗਰਾਨੀ ਰੱਖਣ ਲਈ ਇਕ ਰਿਸ਼ਤੇਦਾਰ ਨੂੰ ਛੱਡ ਕੇ, ਕਿਉਂਕਿ ਭਾਈ ਸਾਹਿਬ ਦੇਸਾ ਸਿੰਘ ਆਪਣੇ ਖੇਤਾਂ/ਡੇਰੇ ਉੱਤੇ ਰਹਿੰਦੇ ਸਨ, ਘਰ ਵਿਚ ਛੋਟੇ ਬੱਚੇ ਤੇ ਸਿੰਘਣੀ ਸੀ, ਸ੍ਰੀ ਦਰਬਾਰ ਸਾਹਿਬ ਆ ਗਏ।

2 ਜੂਨ 1984 ਨੂੰ ਭਾਈ ਦੇਸਾ ਸਿੰਘ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਪੰਜਵੇਂ ਪਾਤਸਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ 'ਤੇ ਦਰਸ਼ਨ-ਇਸ਼ਨਾਨ ਕਰਨ ਗਿਆ ਸੀ। ਇਸੇ ਦਿਨ ਹਿੰਦ ਸਰਕਾਰ ਦੀ ਪ੍ਰਧਾਨ ਮੰਤਰੀ

ਇੰਦਰਾ ਗਾਂਧੀ ਦੇ ਹੁਕਮਾਂ ਉੱਤੇ ਪੰਜਾਬ ਨੂੰ ਫ਼ੌਜ ਦੇ ਹਵਾਲੇ ਕਰ ਕੇ ਸਮੁੱਚੇ ਪੰਜਾਬ ਅੰਦਰ ਕਰਫ਼ਿਊ ਲਗਾ ਦਿੱਤਾ ਸੀ ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਪੰਜਾਬ ਦੇ ਹੋਰ 37 ਗੁਰਧਾਮਾਂ ਉੱਤੇ ਫ਼ੌਜ ਨੂੰ ਹੁਕਮ ਦੇ ਕੇ ਤੋਪਾਂ ਟੈਂਕਾਂ ਨਾਲ ਹਮਲਾ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਢਾਹ-ਢੇਰੀ ਕਰ ਦਿੱਤਾ ਸੀ ਤੇ ਹੋਰ ਗੁਰਦੁਆਰੇ ਭੀ ਢਾਹ ਦਿੱਤੇ। ਹਜ਼ਾਰਾਂ ਸਿੰਘਾਂ-ਸਿੰਘਣੀਆਂ, ਬੱਚਿਆਂ, ਬਜ਼ੁਰਗਾਂ ਨੂੰ ਗੋਲੀਆਂ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਸ ਖ਼ੂਨੀ ਘੱਲੂਘਾਰੇ ਦੌਰਾਨ ਸਿੱਖ ਹੱਕਾਂ ਦੇ ਰਾਖੇ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ, ਸਿੱਖ ਵਿਦਿਆਰਥੀ ਜਥੇਬੰਦੀ ਦੇ ਮੁਖੀ ਭਾਈ ਅਮਰੀਕ ਸਿੰਘ ਜੀ, ਜਨਰਲ ਸੁਬੇਗ ਸਿੰਘ ਜੀ ਦੀ ਕਮਾਂਡ ਹੇਠ ਜੁਝਾਰੂ ਖ਼ਾਲਸੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰੱਖਿਆ ਕਰਦੇ ਹੋਏ ਸ਼ਹਾਦਤਾਂ ਦੇ ਜਾਮ ਪੀ ਗਏ।

6 ਜੂਨ ਤਕ ਜੁਝਾਰੂ ਖ਼ਾਲਸੇ ਨੇ ਹਿੰਦ ਫ਼ੌਜਾਂ ਦਾ ਨੱਕ ਵਿਚ ਦਮ ਕਰੀ ਰੱਖਿਆ (ਇਸ ਦੀ ਗਵਾਹੀ ਹਿੰਦ ਫ਼ੌਜ ਦਾ ਲੈਫ਼ਟੀਨੈਂਟ ਜਨਰਲ ਕੁਲਦੀਪ ਬਰਾੜ ਆਪਣੀ ਪੁਸਤਕ—'ਅਪਰੇਸ਼ਨ ਬਲਿਊ ਸਟਾਰ ਦਾ ਸੱਚ' ਵਿਚ ਦਿੰਦਾ ਹੈ ਕਿ "ਭਿੰਡਰਾਂਵਾਲੇ ਦੇ ਸਾਥੀ ਆਖ਼ਰੀ ਸਾਹ ਦੇ ਆਖ਼ਰੀ ਗੋਲੀ ਤਕ ਸਾਡੀ ਫ਼ੌਜ ਨਾਲ ਲੜੇ"। ਇਸ ਘੱਲੂਘਾਰੇ ਦੌਰਾਨ ਭਾਈ ਦੇਸਾ ਸਿੰਘ ਸਿੱਖ ਸੰਗਤ ਦੇ ਨਾਲ ਗੁਰੂ ਰਾਮਦਾਸ ਸਰਾਂ ਵਿਚ ਹੀ ਬੰਦ ਰਹੇ। ਸ੍ਰੀ ਦਰਬਾਰ ਸਾਹਿਬ ਕੰਪਲੈਕਸ 'ਤੇ ਕਬਜ਼ਾ ਕਰ ਲੈਣ ਤੋਂ ਬਾਅਦ ਫ਼ੌਜ ਨੇ ਸਰਾਂ ਦੇ ਕਮਰਿਆਂ ਵਿਚੋਂ ਸਿੱਖ ਸੰਗਤਾਂ ਨੂੰ ਬਾਹਰ ਕੱਢਿਆ ਤੇ ਜੁਝਾਰੂ ਸਿੰਘਾਂ ਹੱਥੋਂ ਹੋਏ ਆਪਣੇ ਫ਼ੌਜੀ ਨੁਕਸਾਨ ਦਾ ਗੁੱਸਾ ਨਿਹੱਥੇ ਸਿੱਖ ਯਾਤਰੂਆਂ ਨੂੰ ਬੰਬਾਂ ਨਾਲ ਉਡਾ ਕੇ ਅਤੇ ਗੋਲੀਆਂ ਮਾਰ ਕੇ ਸ਼ਹੀਦ ਕਰ ਕੇ ਕੱਢਿਆ। ਕਿਸੇ ਬਜ਼ੁਰਗ, ਔਰਤ, ਬੱਚੇ ਵੀ ਨਹੀਂ ਬਖ਼ਸ਼ੇ ਗਏ। ਸਿਰਫ ਜੇ ਕੋਈ ਬਚ ਗਿਆ ਤਾਂ ਰੱਬ ਦੀ ਕਰਾਮਾਤ ਹੀ ਕਹੀ ਜਾ ਸਕਦੀ ਹੈ। ਜਿਹੜੇ ਬਚ ਗਏ ਉਹਨਾਂ ਨੂੰ ਫ਼ੌਜ ਨੇ ਆਪਣੇ ਫ਼ੌਜੀ ਕੈਂਪਾਂ ਅਤੇ ਗੁਮਟਾਲਾ, ਨਾਭਾ ਜੇਲ੍ਹ ਵਿਚ ਸਾਢੇ ਤਿੰਨ ਮਹੀਨੇ ਰੱਖਣ ਤੋਂ ਬਾਅਦ ਰਾਜਸਥਾਨ ਦੀ ਜੋਧਪੁਰ ਜੇਲ੍ਹ ਵਿਚ ਸਿੰਘਾਂ ਤੇ ਬੀਬੀਆਂ ਸਮੇਤ ਬੰਦ ਕਰ ਦਿੱਤਾ ਗਿਆ। ਇਸ ਸਮੇਂ ਦੌਰਾਨ ਘਰ ਖੇਤੀ ਦਾ ਕਾਰੋਬਾਰ ਤਹਿਸ-ਨਹਿਸ ਹੋ ਗਿਆ। ਖੇਤ ਵਿਚਲਾ ਮਕਾਨ ਛੱਡ ਕੇ ਸਿੰਘਣੀ ਬੱਚਿਆਂ ਨੂੰ ਨਾਲ ਲੈ ਕੇ ਪਿੰਡ ਕਬਰਵਾਲਾ/ਸਦਰਵਾਲਾ ਵਿਚ ਆ ਕੇ ਰਹਿਣ ਲੱਗੀ। ਖੇਤਾਂ ਵਿਚਲਾ ਮਕਾਨ ਢਹਿ ਗਿਆ, ਪੈਲੀ ਸਿੰਘਣੀ ਠੇਕੇ 'ਤੇ ਦੇ ਕੇ ਗੁਜ਼ਾਰਾ ਕਰਦੀ ਰਹੀ। ਭਾਈ ਦੇਸਾ ਸਿੰਘ ਦਾ ਜੂਨ 1984 ਤਕ ਕਿਸੇ ਵੀ ਸਿਆਸੀ ਪਾਰਟੀ ਜਾਂ ਸਰਗਰਮੀ ਨਾਲ ਕੋਈ ਸੰਬੰਧ ਨਹੀਂ ਸੀ। ਭਾਈ ਦੇਸਾ ਸਿੰਘ ਜੀ ਨੇ ਜੋਧਪੁਰ ਜੇਲ੍ਹ ਬੰਦੀ ਦੌਰਾਨ ਸਿੱਖ ਇਤਿਹਾਸ ਨੂੰ ਪੜ੍ਹਿਆ, ਵਿਚਾਰਿਆ, ਗੁਰਬਾਣੀ ਪੜ੍ਹਦਿਆਂ ਸਮੇਂ ਨੂੰ ਚੜ੍ਹਦੀ ਕਲਾ ਵਿਚ ਗੁਜ਼ਾਰਿਆ। ਭਾਈ ਦੇਸਾ ਸਿੰਘ ਨੇ ਜੋਧਪੁਰ ਜੇਲ੍ਹ ਵਿਚੋਂ ਆਪਣੇ ਪਰਿਵਾਰ ਨੂੰ 6-3-1985 ਨੂੰ ਇਕ ਚਿੱਠੀ ਲਿਖੀ, ਜਿਸ ਵਿਚ ਸਿੰਘਣੀ ਕਸ਼ਮੀਰ ਕੌਰ ਨੂੰ ਕਿਹਾ ਗਿਆ ਕਿ ਮੈਂ ਇਥੇ ਰਾਜ਼ੀ ਖ਼ੁਸ਼ੀ ਹਾਂ ਤੇ ਆਪ ਜੀ ਦੀ ਰਾਜ਼ੀ ਖ਼ੁਸ਼ੀ ਪਰਮਾਤਮਾ

ਪਾਸੋਂ ਸਦਾ ਚੜ੍ਹਦੀ ਕਲਾ 'ਚ ਚਾਹੁੰਦਾ ਹਾਂ। ਕਸ਼ਮੀਰ ਕੌਰ ਤੂੰ ਇਕ ਬਹੁਤ ਹੀ ਹਿੰਮਤੀ ਸਿੰਘਣੀ ਹੈਂ ਤੇ ਮੈਨੂੰ ਇਸ ਬਾਰੇ ਕੋਈ ਫ਼ਿਕਰ ਨਹੀਂ। ਮੇਰੀ ਬੇਨਤੀ ਪ੍ਰਵਾਨ ਕਰਨੀ ਬੇਟੀ ਮਨਜੀਤ ਕੌਰ ਅਤੇ ਬੇਟਾ ਮਲਕੀਤ ਸਿੰਘ ਨੂੰ ਪਿਆਰ ਨਾਲ ਰੱਖਣਾ। ਸਵੇਰੇ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਰੇਡੀਓ ਤੋਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦਾ ਕੀਰਤਨ ਸੁਣਿਆ ਕਰੋ ਅਤੇ ਗੁਰਦੁਆਰਾ ਸਾਹਿਬ ਮੱਥਾ ਟੇਕ ਕੇ ਬੱਚੇ ਸਕੂਲ ਜਾਇਆ ਕਰਨ। ਗੁਰਦੁਅਰਾ ਸਾਹਿਬ ਦੋਵੇਂ ਵੇਲੇ ਜਾਇਆ ਕਰੋ। ਜੇ ਤੁਹਾਡਾ ਗੁਰਬਾਣੀ ਨਾਲ ਪਿਆਰ ਹੈ ਤਾਂ ਮੇਰੇ ਨਾਲ ਪਿਆਰ ਹੈ। ਸਾਰੇ ਦੁੱਖ-ਸੁਖ ਨੂੰ ਵਾਹਿਗੁਰੂ ਦੇ ਭਾਣੇ ਅੰਦਰ ਰਹਿ ਕੇ ਮੰਨਦਾ ਹੈ। ਜ਼ਮੀਨ ਠੇਕੇ 'ਤੇ ਦੇ ਕੇ ਬਿਜਲੀ ਦੀ ਮੋਟਰ ਕਨੈਕਸ਼ਨ ਖੇਤਾਂ ਵਿਚ ਲਵਾ ਲੈਣਾ। ਇਹ ਕੰਮ ਕਸ਼ਮੀਰ ਕੌਰ ਤੈਨੂੰ ਹੀ ਕਰਨਾ ਪੈਣਾ ਹੈ। ਆਸਰਾ ਸੱਚੇ ਪਾਤਿਸ਼ਾਹ ਵਾਹਿਗੁਰੂ ਦਾ ਲੈਣਾ। ਸੱਚਾ ਪਾਤਸ਼ਾਹ ਹੀ ਲੋੜਵੰਦਾਂ ਦੀ ਸਹਾਇਦਾ ਕਰਨ ਵਾਲਾ ਹੈ।

ਚਿੱਠੀ ਦੀ ਮੋਹਰ 'ਤੇ ਮਿਤੀ 6-3-1985 ਲਿਖੀ ਹੈ।

ਭਾਈ ਦੇਸਾ ਸਿੰਘ ਜਨਵਰੀ 1988 ਵਿਚ ਜੋਧਪੁਰ ਦੀ ਜੇਲ੍ਹ ਤੋਂ 133 ਸਿੰਘਾਂ ਨਾਲ ਰਿਹਾਅ ਹੋ ਕੇ ਘਰ ਆਏ ਤੇ ਘਰ ਦਾ ਖੇਤੀ ਦਾ ਕੰਮ-ਧੰਦਾ ਕਰਨ ਲੱਗੇ। ਪੁਲਿਸ ਵੀ ਗੇੜਾ ਮਾਰ ਜਾਂਦੀ ਸੀ ਤੇ ਗੱਲਬਾਤ ਰਾਹੀਂ ਪੁੱਛ-ਗਿੱਛ ਕਰਦੀ ਰਹਿੰਦੀ ਸੀ। ਇਸ ਸਮੇਂ ਦੌਰਾਨ ਖਾੜਕੂ ਸਿੰਘਾਂ ਦਾ ਭਾਈ ਦੇਸਾ ਸਿੰਘ ਦੇ ਘਰ ਆਉਣਾ ਜਾਣਾ ਹੋ ਗਿਆ ਸੀ। ਇਕ ਰਾਤ ਤਿੰਨ ਸਿੰਘ ਪਿੰਡ ਇਕਬਾਲ ਸਿੰਘ ਦੀ ਢਾਣੀ 'ਤੇ ਆਏ, ਰਾਤ ਠਹਿਰੇ ਸਨ। ਕਿਸੇ ਨੇ ਮੁਕਤਸਰ ਪੁਲਿਸ ਨੂੰ ਸੂਹ ਦੇ ਦਿੱਤੀ। ਸੁਰੱਖਿਆ ਫ਼ੋਰਸਾਂ ਨੇ ਤੜਕੇ ਹੀ ਇਕਬਾਲ ਸਿੰਘ ਦੀ ਢਾਣੀ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਘੇਰ ਲਿਆ ਤੇ ਸਿੰਘਾਂ ਨਾਲ ਮੁਕਾਬਲਾ ਸ਼ੁਰੂ ਹੋ ਗਿਆ। ਇਸ ਮੁਕਾਬਲੇ ਵਿਚ ਸੁੱਖਾ ਸਿੰਘ, ਗੁਲਾਬ ਸਿੰਘ ਤੇ ਹੀਰਾ ਸਿੰਘ ਬੱਬਰ ਪਤਰਾਵਾਂ ਸ਼ਹੀਦ ਹੋ ਗਏ ਅਤੇ ਘਰ ਦਾ ਮਾਲਿਕ ਸ. ਇਕਬਾਲ ਸਿੰਘ ਤੇ ਉਸ ਦਾ ਪੁੱਤਰ ਨਛੱਤਰ ਸਿੰਘ ਵੀ ਸੁਰੱਖਿਆ ਫ਼ੋਰਸਾਂ ਦੀ ਅੰਧਾਧੁੰਦ ਕੀਤੀ ਗਈ ਗੋਲਾਬਾਰੀ ਵਿਚ ਮਾਰੇ ਗਏ। ਘਰ ਦੀਆਂ ਮੱਝਾਂ ਵੀ ਗੋਲੀਆਂ ਦੀ ਮਾਰ ਵਿਚ ਆ ਕੇ ਮਾਰੀਆਂ ਗਈਆਂ। ਘਰ ਢਹਿ ਕੇ ਢੇਰ ਹੋ ਗਿਆ। ਮੁਕਾਬਲੇ ਵਿਚ ਸ਼ਹੀਦ ਹੋਣ ਵਾਲੇ ਸਿੰਘ ਭਾਈ ਦੇਸਾ ਸਿੰਘ ਦੀ ਜਾਣ-ਪਛਾਣ ਵਾਲੇ ਸਨ ਤੇ ਜਦੋਂ ਮੁਕਾਬਲਾ ਸ਼ੁਰੂ ਹੋਇਆ ਘਰ ਵਿਚ ਅੰਮ੍ਰਿਤ ਵੇਲੇ ਇਸ਼ਨਾਨ ਕਰ ਰਹੇ ਸਨ। ਇਸ ਲਈ ਵਕਤ ਦੀ ਵਿਚਾਰ ਕਰ ਕੇ ਘਰੋਂ ਰੂਪੋਸ਼ ਹੋ ਗਏ। ਸੁਰੱਖਿਆ ਬਲਾਂ ਦੀ ਪਹਿਲੀ ਨਜ਼ਰ ਭਾਈ ਦੇਸਾ ਸਿੰਘ ਨਾਲ ਖਾੜਕੂਆਂ ਦਾ ਨੇੜ ਹੋਣ 'ਤੇ ਉਸ ਉੱਤੇ ਹੀ ਆ ਟਿਕਦੀ ਸੀ। ਇਸ ਲਈ ਭਾਈ ਦੇਸਾ ਸਿੰਘ ਘਰ-ਬਾਰ ਛੱਡ ਕੇ ਜੁਝਾਰੂ ਸਿੰਘਾਂ ਦੇ ਕਾਫ਼ਲੇ ਵਿਚ ਰਲ ਗਏ। ਇਸ ਸਮੇਂ ਪੰਜਾਬ ਅੰਦਰ ਸਿੱਖ ਸੰਘਰਸ਼/ਖਾੜਕੂ ਲਹਿਰ ਪੂਰੀ ਚੜ੍ਹਤ ਵਿਚ ਸੀ। ਭਾਈ ਦੇਸਾ ਸਿੰਘ ਦਾ ਨਾਂ ਚੋਟੀ ਦੇ ਜੁਝਾਰੂ ਸਿੰਘਾਂ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਲੈਫ਼ਟੀਨੈਂਟ ਜਨਰਲ ਭਾਈ ਬਖ਼ਸ਼ੀਸ਼ ਸਿੰਘ ਸੋਨਾ ਕੈਰੋਂ, ਬੀ.ਟੀ.ਐਫ.ਕੇ. ਦੇ ਭਾਈ

ਗੁਰਬਖ਼ਸ਼ ਸਿੰਘ ਘੁੱਕਰ, ਕੇ.ਸੀ.ਐਫ. ਦੇਭਾਈ ਹਰਦੀਪ ਸਿੰਘ ਦੀਪਾ ਛੱਜਾਂਵਾਲੀ ਦੇ ਨਾਲ ਅਖ਼ਬਾਰਾਂ ਦੀਆਂ ਸੁਰਖ਼ੀਆਂ ਵਿਚ ਆਉਣ ਲੱਗਾ। ਪੁਲਿਸ ਵਾਲੇ ਭਾਈ ਸਾਹਿਬ ਦੀ ਸਿੰਘਣੀ ਬੀਬੀ ਕਸ਼ਮੀਰ ਕੌਰ ਨੂੰ ਆ ਕੇ ਦਬਕਾਉਂਦੇ ਕਿ ਦੇਸਾ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਫੜਾਉ। ਨਹੀਂ ਤਾਂ ਤੇਰੇ ਸਾਰੇ ਪਰਿਵਾਰ ਨੂੰ ਮਾਰ ਦੇਵਾਂਗੇ। ਬੀਬੀ ਕਸ਼ਮੀਰ ਕੌਰ ਦਾ ਜਵਾਬ ਹੁੰਦਾ ਕਿ ਜਨਾਬ, ਦੇਸਾ ਸਿੰਘ ਨੂੰ ਮੈਂ ਕਿਥੋਂ ਫੜਾਵਾਂ, ਜਦੋਂ ਉਹ ਘਰ ਹੀ ਨਹੀਂ ਆਉਂਦਾ। ਜਿਥੇ ਹੈ ਜਾ ਕੇ ਫੜ ਲਵੋ। ਜੇ ਤੁਸੀਂ ਮੈਨੂੰ ਤੇ ਮੇਰੇ ਬੱਚਿਆਂ ਨੂੰ ਹੀ ਮਾਰਨਾ, ਜਦੋਂ ਮਰਜ਼ੀ ਮਾਰ ਦਿਉ। ਮੈਂ ਕਿਹੜਾ ਲੁਕ ਕੇ ਰਹਿੰਨੀ ਹਾਂ, ਆਪਣੇ ਬੱਚਿਆਂ ਨੂੰ ਲੈ ਕੇ ਬੈਠੀ ਹਾਂ। ਮੈਂ ਤਾਂ ਹਰ ਮੁਸੀਬਤ ਨੂੰ ਆਪਣੇ ਸਿਰ 'ਤੇ ਹੀ ਕੱਟਣੀ ਹੈ, ਘਰ ਛੱਡ ਕੇ ਨਹੀਂ ਜਾਣਾ। ਪੁਲਿਸ ਦੇ ਦਬਾਅ ਅੱਗੇ ਬਹਾਦਰ ਸਿੰਘਣੀ ਝੁਕੀ ਨਹੀਂ, ਮੁਸੀਬਤਾਂ ਦੇ ਦਿਨ ਬੜੇ ਸਿਦਕ ਨਾਲ ਲੰਘਾਏ ਹਨ। ਕਦੀ ਵੀ ਕਿਸੇ ਰਿਸ਼ਤੇਦਾਰ ਜਾਂ ਸੰਬੰਧੀ ਨੂੰ ਔਖੀ ਘੜੀ ਜਾ ਕੇ ਪਰੇਸ਼ਾਨ ਨਹੀਂ ਕੀਤਾ।

ਭਾਈ ਦੇਸਾ ਸਿੰਘ ਜੀ ਸਿੱਖ ਸੰਘਰਸ਼ ਖ਼ਾਲਿਸਤਾਨ ਦੀ ਸਥਾਪਨਾ ਲਈ ਆਪਣਾ ਯੋਗਦਾਨ ਪਾਉਂਦੇ ਹੋਏ 4 ਅਗਸਤ 1990 (20 ਸਾਵਨ ਬਿਕਰਮੀ ਸੰਮਤ 2047) ਨੂੰ ਲੱਖੇਵਾਲੀ ਮੰਡੀ ਦੇ ਨਜ਼ਦੀਕ ਪਿੰਡ ਤੰਬੂਵਾਲਾ, ਰੱਤਾਖੇੜਾ ਦੇ ਵਿਚਕਾਰ ਨਹਿਰਾਂ ਦੇ ਲਾਗੇ ਇਕ ਬਹਿਕ 'ਤੇ ਠਹਿਰੇ ਹੋਏ ਸਨ ਤਾਂ ਪੰਜਾਬ ਪੁਲਿਸ ਤੇ ਕੇਂਦਰੀ ਫ਼ੋਰਸਾਂ ਨੇ ਭਾਈ ਦੇਸਾ ਸਿੰਘ ਦੀਆਂ ਪੈੜਾਂ ਕੱਢਦੇ ਹੋਏ ਘੇਰਾ ਪਾ ਲਿਆ। ਭਾਈ ਸਾਹਿਬ ਨੇ ਹਥਿਆਰ ਪਾਸੇ ਰੱਖੇ ਹੋਏ ਸਨ, ਕੋਲ ਹਥਿਆਰ ਨਾ ਹੋਣ ਕਰਕੇ ਮੁਕਾਬਲਾ ਨਾ ਕਰ ਸਕੇ। 4 ਅਗਸਤ 1990 ਨੂੰ ਸ਼ਾਮ ਦੇ 5 ਵਜੇ ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲਿਸ ਵਾਲੇ ਭਾਈ ਦੇਸਾ ਸਿੰਘ ਤੋਂ ਵੱਡੇ ਤੋਂ ਵੱਡੇ ਭੇਤ ਲੈਣਾ ਚਾਹੁੰਦੇ ਸੀ, ਬੇਹੱਦ ਤਸੀਹੇ ਦੇ ਕੇ, ਜਦੋਂ ਕੁਝ ਵੀ ਹਾਸਲ ਨਾ ਕਰ ਸਕੇ ਤਾਂ ਇਸੇ ਰਾਤ ਤੜਕੇ 4 ਵਜੇ (5 ਅਗਸਤ 1990) ਐਤਵਾਰ ਦੇ ਦਿਨ ਪਿੰਡ ਕਬਰਵਾਲਾ/ਸਦਰਵਾਲਾ ਦੇ ਸੇਮ ਨਾਲੇ 'ਤੇ ਲਿਆ ਕੇ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ ਗਿਆ। ਪਿੰਡ ਦੇ ਲੋਕਾਂ ਨੇ ਗੋਲੀਆਂ ਚੱਲਣ ਦੀ ਆਵਾਜ਼ ਸੁਣੀ, ਪਰ ਕਿਸੇ ਨੂੰ ਕੁਝ ਵੀ ਪਤਾ ਨਾ ਲੱਗਾ ਕਿ ਗੋਲੀਆਂ ਚੱਲਣ ਨਾਲ ਕੀ ਭਾਣਾ ਵਾਪਰਿਆ ਹੈ। ਪੁਲਿਸ ਨੇ ਪਿੰਡ ਦੇ ਲੋਕਾਂ ਤੋਂ ਲਾਸ਼ ਦੀ ਸ਼ਨਾਖ਼ਤ ਕਰਾਉਣ ਦੀ ਕੋਈ ਜ਼ਰੂਰਤ ਨਹੀਂ ਸਮਝੀ। ਜੇ ਸ਼ਨਾਖ਼ਤ ਕਰਾਈ ਜਾਂਦੀ ਤਾਂ ਪੁਲਿਸ ਤਸ਼ੱਦਦ ਦੇ ਪੁਲਿਸ ਮੁਕਾਬਲੇ ਦੀ ਕਹਾਣੀ ਦੀ ਸੱਚਾਈ ਆਪਣੇ ਆਪ ਸਾਹਮਣੇ ਆ ਜਾਣੀ ਸੀ। ਅਗਲੇ ਦਿਨ ਅਜੀਤ ਅਖ਼ਬਾਰ ਵਿਚ ਪੁਲਿਸ ਵੱਲੋਂ ਰਵਾਇਤੀ ਜਿਹੀ ਖ਼ਬਰ ਸੀ—ਮੁਕਤਸਰ—ਖ਼ਾਲਿਸਤਾਨ ਕਮਾਂਡੋ ਫ਼ੋਰਸ ਦਾ ਏਰੀਆ ਕਮਾਂਡਰ ਖ਼ਤਰਨਾਕ ਦਹਿਸ਼ਤਪਸੰਦ ਦੇਸਾ ਸਿੰਘ ਪੰਜਾਬ ਪੁਲਿਸ ਨਾਲ ਹੋਏ ਮੁਕਾਬਲੇ ਵਿਚ ਪਿੰਡ ਕਬਰਵਾਲਾ/ਸਦਰਵਾਲਾ ਦੇ ਸੇਮ ਨਾਲੇ 'ਤੇ ਮਾਰਿਆ ਗਿਆ। ਪੰਜਾਬ ਪੁਲਿਸ ਨੇ ਨਾਕਾ ਲਾਇਆ ਹੋਇਆ ਸੀ ਤੇ ਉਸ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਸ

ਨੇ ਜਵਾਨਾਂ 'ਤੇ ਗੋਲੀ ਚਲਾਈ। ਪੁਲਿਸ ਜਵਾਨਾਂ ਵੱਲੋਂ ਜਵਾਬੀ ਫ਼ਾਇਰਿੰਗ ਕੀਤੀ ਗਈ ਜਿਸ ਵਿਚ ਦੇਸਾ ਸਿੰਘ ਮਾਰਿਆ ਗਿਆ। ਦੇਸਾ ਸਿੰਘ ਪੁੱਤਰ ਸੰਦਲੀਪ ਸਿੰਘ ਵਾਸੀ ਪਿੰਡ ਕਬਰਵਾਲਾ/ਸਦਰਵਾਲਾ ਅਨੇਕਾਂ ਕਤਲਾਂ ਦੀਆਂ ਵਾਰਦਾਤਾਂ ਵਿਚ ਪੁਲਿਸ ਨੂੰ ਲੋੜੀਂਦਾ ਸੀ।

ਅਖ਼ਬਾਰ ਦੀ ਖ਼ਬਰ ਪੜ੍ਹ ਕੇ ਹੀ ਭਾਈ ਦੇਸਾ ਸਿੰਘ ਦੇ ਸ਼ਹੀਦ ਹੋ ਜਾਣ ਦਾ ਪਤਾ ਲੱਗਾ। ਸ. ਅਮਰੀਕ ਸਿੰਘ ਸਦਰਵਾਲਾ ਵੱਲੋਂ ਪੁਲਿਸ ਪ੍ਰਸ਼ਾਸਨ/ਅਧਿਕਾਰੀਆਂ ਕੋਲ ਪਹੁੰਚ ਕਰਨ ਤੇ ਫੁੱਲ ਚੁਗਣ ਦੀ ਇਜਾਜ਼ਤ ਮਿਲੀ ਤਾਂ ਬੀਬੀ ਕਸ਼ਮੀਰ ਕੌਰ, ਸ. ਅਮਰੀਕ ਸਿੰਘ ਤੇ ਇਕ ਹੋਰ ਮੈਂਬਰ ਸ਼ਮਸ਼ਾਨਘਾਟ ਵਿਚੋਂ ਭਾਈ ਦੇਸਾ ਸਿੰਘ ਦੇ ਫੁੱਲ 7 ਅਗਸਤ 1990 ਮੰਗਲਵਾਰ ਨੂੰ ਚੁੱਗ ਲਿਆਏ। ਭਾਈ ਦੇਸਾ ਸਿੰਘ ਦੀ ਸ਼ਹੀਦੀ ਦੀ ਖ਼ਬਰ ਪਤਾ ਲੱਗਣ 'ਤੇ ਦਮਦਮੀ ਟਕਸਾਲ ਮਹਿਤਾ ਦੇ ਜਥੇ ਦੇ ਸਿੰਘਾਂ ਨੇ ਪਿੰਡ ਸਦਰਵਾਲਾ ਪਹੁੰਚ ਕੇ ਭਾਈ ਦੇਸਾ ਸਿੰਘ ਦੀ ਆਤਮਿਕ ਸ਼ਾਂਤੀ ਲਈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਉਹਨਾਂ ਦੇ ਗ੍ਰਹਿ ਵਿਖੇ ਆਰੰਭ ਕਰ ਕੇ ਭੋਗ ਪਾਏ। ਦਮਦਮੀ ਟਕਸਾਲ ਦੇ ਜਥੇ ਨੇ ਕੀਰਤਨ ਕੀਤਾ, ਭਾਈ ਮੋਹਕਮ ਸਿੰਘ ਮੁੱਖ ਬੁਲਾਰਾ ਦਮਦਮੀ ਟਕਸਾਲ ਨੇ ਅਰਦਾਸ ਕੀਤੀ ਤੇ ਜੁਝਾਰੂ ਸਿੱਖ ਯੋਧੇ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਭਾਈ ਦੇਸਾ ਸਿੰਘ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਅੰਤਿਮ ਅਰਦਾਸ ਵਿਚ ਨਗਰ ਤੇ ਦੂਰੋਂ-ਨੇੜਿਉਂ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਸ਼ਾਮਲ ਹੋਈਆਂ। ਦਮਦਮੀ ਟਕਾਲ ਦੇ ਮੁੱਖੀ ਬਾਬਾ ਠਾਕੁਰ ਸਿੰਘ ਜੀ ਜਥੇ ਦੀ ਬੱਸ ਲੈ ਕੇ ਉਚੇਚੇ ਤੌਰ 'ਤੇ ਸ਼ਾਮਲ ਹੋਏ। ਬਾਬਾ ਠਾਕੁਰ ਸਿੰਘ ਜੀ ਨੇ ਸ਼ਹੀਦ ਭਾਈ ਦੇਸਾ ਸਿੰਘ ਜੀ ਦੇ ਸਪੁੱਤਰ ਮਲਕੀਤ ਸਿੰਘ ਨੂੰ ਦਸਤਾਰ ਬੰਦੀ ਕੀਤੀ ਤੇ ਅਰਦਾਸ ਕਰ ਕੇ ਬਾਬਾ ਜੀ ਜਥੇ ਸਮੇਤ ਪਿੰਡ ਦੀਆਂ ਸੰਗਤਾਂ ਨਾਲ ਸ਼ਹੀਦ ਭਾਈ ਦੇਸਾ ਸਿੰਘ ਜੀ ਦੇ ਫੁੱਲ ਲੈ ਕੇ ਕੀਰਤਪੁਰ ਸਾਹਿਬ ਜਲ ਪ੍ਰਵਾਹ ਕਰਨ ਲਈ ਰਵਾਨਾ ਹੋਏ। ਕੀਰਤਪੁਰ ਸਾਹਿਬ ਭਾਈ ਦੇਸਾ ਸਿੰਘ ਸ਼ਹੀਦ ਦੇ ਫੁੱਲ ਜਲ ਪ੍ਰਵਾਹ ਕਰ ਕੇ ਮਹਾਨ ਸ਼ਹੀਦ ਭਾਈ ਦੇਸਾ ਸਿੰਘ ਸਦਰਵਾਲਾ ਦੀ ਸਿੱਖ ਸੰਘਰਸ਼ ਪ੍ਰਤੀ ਕੀਤੀ ਕੁਰਬਾਨੀ ਨੂੰ ਸਿਜਦਾ ਕੀਤਾ। ਸ਼ਹੀਦ ਭਾਈ ਦੇਸਾ ਸਿੰਘ ਸਦਰਵਾਲਾ ਦਾ ਨਾਂ ਸਿੱਖ ਇਤਿਹਾਸ ਵਿਚ ਬੜੇ ਮਾਣ ਨਾਲ ਯਾਦ ਕੀਤਾ ਜਾਂਦਾ ਹੈ ਤੇ ਯਾਦ ਕੀਤਾ ਜਾਂਦਾ ਰਹੇਗਾ।

***

# ਸ਼ਹੀਦ ਭਾਈ ਬਿਕਰਮਜੀਤ ਸਿੰਘ ਕੰਮੋਕੇ
# ਲੈਫਟੀਨੈਂਟ ਜਨਰਲ–ਖ਼ਾਲਿਸਤਾਨ ਕਮਾਂਡੋ ਫ਼ੋਰਸ

ਮੌਜੂਦਾ ਸਿੱਖ ਸੰਘਰਸ਼ ਦੌਰਾਨ ਖ਼ਾਲਸਾ ਹਲੀਮੀ ਰਾਮ ਦੀ ਸਥਾਪਨਾ ਲਈ ਜੂਝਣ ਵਾਲੇ ਖ਼ਾਲਸਾ ਰਾਜ ਦੀ ਸ਼ਮ੍ਹਾਂ ਦੇ ਪਰਵਾਨਿਆਂ ਦੀ ਗੱਲ ਚੱਲਦੀ ਹੈ ਤਾਂ ਪਿੰਡ ਕੰਮੋਕੇ (ਬੁਤਾਲਾ), ਥਾਣਾ ਮਹਿਤਾ, ਜ਼ਿਲ੍ਹਾ ਅੰਮ੍ਰਿਤਸਰ ਦੇ ਤਿੰਨ ਹੀਰਿਆਂ–ਭਾਈ ਭੁਪਿੰਦਰ ਸਿੰਘ ਭਿੰਦਾ ਕੰਮੋਕੇ, ਭਾਈ ਮੁਕਿੰਦਰ ਸਿੰਘ ਉਰਫ਼ ਭਾਈ ਬਿਕਰਮਜੀਤ ਸਿੰਘ ਕੰਮੋਕੇ ਅਤੇ ਭਾਈ ਧਰਮਵੀਰ ਸਿੰਘ ਕੰਮੋਕੇ ਦਾ ਨਾਂ ਸਾਹਮਣੇ ਆਉਂਦਿਆਂ ਉਹਨਾਂ ਦੀਆਂ ਸਿਰਜੀਆਂ ਸਿੱਖ ਸੰਘਰਸ਼ ਪ੍ਰਤੀ ਨਵੀਆਂ ਨਰੋਈਆਂ ਪੈੜਾਂ ਦੇ ਇਤਿਹਾਸਕ ਕਾਂਡ ਫਰੋਲਦਿਆਂ ਹੈਰਾਨੀ ਹੁੰਦੀ ਹੈ ਕਿ ਇਹਨਾਂ ਨੌਜਵਾਨਾਂ ਦੀ ਉਮਰ ਕੀ ਸੀ, 24 ਸਾਲ, 21 ਸਾਲ ਤੇ 30 ਸਾਲ ਅਤੇ ਸਿੱਖ ਕੌਮ ਪ੍ਰਤੀ ਵਫ਼ਾਦਾਰੀ ਤੇ ਸੋਚ, ਰਣਨੀਤੀ, ਜਾਂਬਾਜ਼ੀ ਸਿਖਰਾਂ ਨੂੰ ਛੂੰਹਦੀ ਸੀ। ਨੌਜਵਾਨਾਂ ਦੇ ਮੋਢੇ ਅਤੇ ਹੱਥਾਂ ਵਿਚ ਹਥਿਆਰ ਹਨ, ਹਕੂਮਤ ਲਈ ਹਊਆ ਬਣੇ ਹੋਏ ਹਨ ਤੇ ਲੋਕਾਂ ਦੇ ਦਿਲਾਂ ਦੀ ਧੜਕਣ ਬਣੇ ਹੋਏ ਹਨ, ਲੋਕਾਂ ਵਿਚ ਪਿਆਰ ਨਾਲ ਰਹਿੰਦੇ ਹਨ। ਜਿਹੜਾ ਕੰਮ ਹਕੂਮਤ ਨਹੀਂ ਕਰ ਸਕੀ, ਭਾਵ ਲੋਕਾਂ ਦੀ ਰੱਖਿਆ ਕਰ ਰਹੇ ਹਨ। ਜੇ ਕੋਈ ਬਹੁਤਾ ਹੀ ਹੈਂਕੜਬਾਜ਼ ਹੈ ਤਾਂ ਉਸ ਦੀ ਧੌਣ 'ਤੇ ਗੋਡਾ ਰੱਖ ਕੇ ਮਣਕਾ ਵੀ ਤੋੜਦੇ ਹਨ। ਲੋਕਾਂ ਨੂੰ ਇਹਨਾਂ ਨੌਜਵਾਨਾਂ ਤੋਂ, ਇਹਨਾਂ ਦੇ ਹਥਿਆਰਾਂ ਤੋਂ ਡਰ ਨਹੀਂ ਸੀ ਲੱਗਦਾ। ਲੋਕ ਸਿੰਘਾਂ ਲਈ ਜੰਗਲ ਦਾ ਰੂਪ ਧਾਰਨ ਕਰ ਗਏ ਹਨ। ਹਕੂਮਤ ਇਹਨਾਂ ਨੂੰ ਖ਼ਤਮ ਕਰਨ ਲਈ ਚੱਪਾ-ਚੱਪਾ ਛਾਣ ਰਹੀ ਹੈ, ਲੋਕ ਆਪਣੇ ਦਿਲਾਂ ਵਿਚ ਪਨਾਹ ਦੇ ਰਹੇ ਹਨ। ਜੇ ਇਹਨਾਂ ਸਿੰਘਾਂ ਦੀ ਜਾਂਬਾਜ਼ੀ ਵੇਖੀਏ ਤਾਂ ਹੈਰਾਨੀ ਵੀ ਹੁੰਦੀ ਹੈ, ਇਹਨਾਂ ਸਿੰਘਾਂ ਦੇ ਪੇਂਡੂ 20 ਮੁੰਡੇ ਸਾਥੀ ਹਨ, ਤੇ ਦੂਜੇ ਪਾਸੇ ਹਜ਼ਾਰਾਂ ਦੀ ਗਿਣਤੀ ਵਿਚ ਸੁਰੱਖਿਆ ਫ਼ੋਰਸਾਂ ਸਿੰਘਾਂ ਦੀ ਭਾਲ ਵਿਚ ਹਰਲ-ਹਰਲ ਕਰਦੀਆਂ ਫਿਰਦੀਆਂ ਹਨ। ਜੇ ਕਿਤੇ ਪੰਜ ਸਿੰਘ ਬੈਠੇ ਹਨ ਤੇ ਹਕੂਮਤ ਦੇ ਵੀਹ ਹਜਾਰ ਸਿਪਾਹੀ ਆਣ ਘੇਰਦੇ ਹਨ। ਸੂਰਮੇ ਹਥਿਆਰ ਨਹੀਂ ਸੁੱਟਦੇ, ਮੁਕਾਬਲਾ ਕਰਦੇ ਹਨ, ਸ਼ਹੀਦ ਵੀ ਹੋ ਜਾਂਦੇ ਹਨ ਜਾਂ ਘੇਰਾ ਤੋੜ ਕੇ ਨਿਕਲ ਵੀ ਜਾਂਦੇ ਹਨ। ਅਗਲੇ ਦਿਨ ਅਖ਼ਬਾਰਾਂ ਇਹਨਾਂ ਦੀ ਬਹਾਦਰੀ ਦੇ ਸੋਹਿਲੇ ਗਾਉਂਦੀਆਂ ਹਨ।

ਇਹਨਾਂ ਕੰਮੋਕੇ ਦੇ ਹੀਰਿਆਂ ਵਿਚੋਂ ਹੀ ਸਿੱਖ ਕੌਮ ਦਾ ਇਕ ਹੀਰਾ ਪੈਦਾ ਹੋਇਆ ਹੈ ਭਾਈ ਬਿਕਰਮਜੀਤ ਸਿੰਘ ਕੰਮੋਕੇ। ਪਿਤਾ ਸ. ਅਵਤਾਰ ਸਿੰਘ ਤੇ

ਮਾਤਾ ਗੁਰਬਚਨ ਕੌਰ ਨੇ 30 ਅਪਰੈਲ 1969 ਨੂੰ ਆਪਣੇ ਘਰ ਜਨਮੇ ਪੁੱਤਰ ਦਾ ਨਾਂ ਮੁਕਿੰਦਰ ਸਿੰਘ ਰੱਖਿਆ, ਜੁਝਾਰੂ ਖਾਲਸੇ ਦਾ ਭਾਈ ਬਿਕਰਮਜੀਤ ਸਿੰਘ ਕੰਮੋਕੇ ਬਣ ਗਿਆ। ਭਾਈ ਬਿਕਰਮਜੀਤ ਸਿੰਘ ਤਿੰਨ ਭਰਾ ਦਲਜਿੰਦਰ ਸਿੰਘ, ਸੁਰਿੰਦਰ ਸਿੰਘ, ਸੁਖਵਿੰਦਰ ਸਿੰਘ ਅਤੇ ਭੈਣਾਂ ਰਾਜਵਿੰਦਰ ਕੌਰ, ਗੁਰਵਿੰਦਰ ਕੌਰ, ਸਰਬਜੀਤ ਕੌਰ, ਜਸਵਿੰਦਰ ਕੌਰ ਹਨ। ਭਾਈ ਸਾਹਿਬ ਨੇ ਦਸਵੀਂ ਤਕ ਵਿਦਿਆ ਪਿੰਡ ਕੰਮੋਕੇ ਦੇ ਸਕੂਲ ਤੋਂ ਹਾਸਲ ਕੀਤੀ। ਭਰਾਵਾਂ ਨਾਲ ਖੇਤੀਬਾੜੀ ਵਿਚ ਹੱਥ ਵੰਡਾਉਂਦੇ ਰਹੇ। ਆਪ ਜੀ ਦੇ ਪਿਤਾ ਸ. ਅਵਤਾਰ ਸਿੰਘ ਨੇ ਬਨਾਰਸ (ਯੂ.ਪੀ.) ਵਿਚ ਹੋਟਲ ਖੋਲ੍ਹਿਆ ਸੀ। ਪਿਤਾ ਜੀ ਕੋਲ ਬਨਾਰਸ ਵਿਚ ਹੋਟਲ ਦਾ ਕੰਮ ਸੰਭਾਲਦੇ ਸਨ। ਇਹਨੀਂ ਦਿਨੀਂ ਆਪ ਦਾ ਚਚੇਰਾ ਭਰਾ ਭਾਈ ਭੁਪਿੰਦਰ ਸਿੰਘ ਭਿੰਦਾ ਕੰਮੋਕੇ ਮਾਝੇ ਵਿਚ ਚੋਟੀ ਦਾ ਖਾੜਕੂ ਮੰਨਿਆ ਜਾਂਦਾ ਸੀ। ਬਚਪਨ ਤੋਂ ਹੀ ਭਾਈ ਭੁਪਿੰਦਰ ਸਿੰਘ, ਭਾਈ ਧਰਮਵੀਰ ਸਿੰਘ, ਭਾਈ ਬਿਕਰਮਜੀਤ ਸਿੰਘ ਕੰਮੋਕੇ ਦੋਸਤ ਸਨ। ਪਰਿਵਾਰ ਨੇ ਇਹਨਾਂ ਦੀ ਦੋਸਤੀ ਅਤੇ ਸਮੇਂ ਦੇ ਹਾਲਾਤ ਨੂੰ ਭਾਂਪਦਿਆਂ ਹੀ ਭਾਈ ਬਿਕਰਮਜੀਤ ਸਿੰਘ ਕੰਮੋਕੇ ਨੂੰ ਬਨਾਰਸ (ਯੂ.ਪੀ.) ਹੋਟਲ ਦਾ ਕੰਮ ਸੰਭਾਲਣ ਲਈ ਭੇਜਿਆ ਸੀ। ਪਰ ਭਾਈ ਭੁਪਿੰਦਰ ਸਿੰਘ ਦਾ ਬਨਾਰਸ (ਯੂ.ਪੀ.) ਵਿਚ ਭਾਈ ਬਿਕਰਮਜੀਤ ਸਿੰਘ ਪਾਸ ਆਉਣਾ-ਜਾਣਾ ਬਣਿਆ ਰਿਹਾ। ਜਿਸ ਦੇ ਫਲਸਰੂਪ ਭਾਈ ਬਿਕਰਮਜੀਤ ਸਿੰਘ ਵੀ ਖਾੜਕੂ ਸਫ਼ਾਂ ਵਿਚ ਸ਼ਾਮਲ ਹੋ ਗਿਆ ਤੇ ਪੰਜਾਬ ਆ ਗਿਆ ਤੇ ਖਾੜਕੂ ਲਹਿਰ ਵਿਚ ਸਰਗਰਮ ਹੋ ਗਿਆ। ਪੁਲਿਸ ਭਾਈ ਬਿਕਰਮਜੀਤ ਸਿੰਘ ਨੂੰ ਪੇਸ਼ ਕਰਨ ਲਈ ਪਰਿਵਾਰ ਨੂੰ ਤੰਗ ਕਰਨ ਲੱਗ ਪਈ। ਪਰਿਵਾਰ ਘਰੋਂ ਬੇਘਰ ਹੋ ਕੇ ਦਿਲ ਲੰਘਾਉਣ ਲੱਗਾ। ਛੋਟੇ ਭਰਾ ਸੁਖਜਿੰਦਰ ਸਿੰਘ 'ਤੇ ਤਿੰਨ ਮਹੀਨੇ ਮਾਲ-ਮੰਡੀ ਬੁੱਚੜਖ਼ਾਨੇ ਤਸ਼ੱਦਦ ਕੀਤਾ, ਦੋ ਅਸਾਲਟ ਰਾਈਫਲਾਂ ਬਰਾਮਦ ਕਰਨ ਦਾ ਝੂਠਾ ਕੇਸ ਪਾ ਕੇ ਦੋ ਸਾਲ ਅੰਮ੍ਰਿਤਸਰ ਜੇਲ੍ਹ ਵਿਚ ਬੰਦ ਰੱਖਿਆ। ਅਦਾਲਤ ਨੇ ਕੇਸ ਵਿਚੋਂ ਬਰੀ ਕਰ ਦਿੱਤਾ। ਇਕ ਵਾਰ ਆਪਣੇ ਨੇੜੇ ਦੇ ਪਿੰਡ ਟਪਿਆਲਾ ਵਿਚ ਮੇਜਰ ਸਿੰਘ ਟਪਿਆਲਾ ਦੇ ਘਰ ਠਹਿਰੇ ਹੋਏ ਸਨ। ਦਸੰਬਰ 1988 ਵਿਚ ਤੜਕੇ ਹੀ ਪੁਲਿਸ ਨੇ ਪਿੰਡ ਨੂੰ ਘੇਰ ਲਿਆ। ਕਿਸੇ ਹਮਦਰਦ ਨੇ ਦੱਸ ਦਿੱਤਾ ਕਿ ਬਾਬਾ ਜੀ ਘੇਰਾ ਪੈ ਗਿਆ ਹੈ। ਸੀ.ਆਰ.ਪੀ. ਤੇ ਪੰਜਾਬ ਪੁਲਿਸ ਵੀ ਹੈ, ਕੋਈ ਚਾਰਾ ਕਰ ਲਵੋ। ਇਸ ਵੇਲੇ ਮੇਜਰ ਸਿੰਘ ਦੇ ਘਰ ਤਿੰਨ ਸਿੰਘ ਭਾਈ ਭੁਪਿੰਦਰ ਸਿੰਘ, ਭਾਈ ਬਿਕਰਮਜੀਤ ਸਿੰਘ ਕੰਮੋਕੇ ਅਤੇ ਭਾਈ ਜਸਵੰਤ ਸਿੰਘ ਕਿੱਟੂ ਸਨ। ਇਹ ਹਥਿਆਰ ਸੰਭਾਲ ਕੇ ਘਰੋਂ ਬਾਹਰ ਨਿਕਲੇ ਤਾਂ ਸੀ.ਆਰ.ਪੀ. ਦੇ ਜਵਾਨ ਘਰ ਦੇ ਅੰਦਰ ਦਾਖ਼ਲ ਹੋ ਰਹੇ ਸਨ। ਸਿੰਘਾਂ ਨੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਦੋ ਸੀ.ਆਰ.ਪੀ. ਦੇ ਜਵਾਨ ਮਾਰੇ ਗਏ, ਬਾਕੀ ਪਿੱਛੇ ਹਟ ਗਏ। ਮੂੰਹ ਹਨੇਰਾ ਸੀ ਤੇ ਧੁੰਦ ਵੀ ਬੜੀ ਪਈ ਹੋਈ ਸੀ। ਸੀ.ਆਰ.ਪੀ. ਦੇ ਵੀਹ ਜਵਾਨਾਂ ਨੂੰ ਮਾਰ ਕੇ ਘੇਰਾ ਤੋੜ ਕੇ ਬਿਕਰਮਜੀਤ ਸਿੰਘ ਅਤੇ ਭੁਪਿੰਦਰ ਸਿੰਘ ਨਿਕਲ ਗਏ। ਜਸਵੰਤ ਸਿੰਘ ਕਿੱਟੂ ਘਰ ਵਿਚ ਹੀ ਲੁਕ ਗਿਆ। ਸੀ.ਆਰ.ਪੀ. ਦਾ ਭਾਰੀ ਜਾਨੀ ਨੁਕਸਾਨ

ਹੋ ਜਾਣ 'ਤੇ ਗੁੱਸੇ ਵਿਚ ਆਏ ਸੀ.ਆਰ.ਪੀ. ਤੇ ਪੰਜਾਬ ਪੁਲਿਸ ਨੇ ਘਰ ਵਾਲਿਆਂ ਦੇ ਮੁੰਡੇ ਮੇਜਰ ਸਿੰਘ ਨੂੰ ਗੋਲੀਆਂ ਮਾਰ ਕੇ ਘਰ ਵਿਚ ਹੀ ਮਾਰ ਦਿੱਤਾ। ਜਸਵੰਤ ਸਿੰਘ ਕਿੱਟੂ (ਜਲੰਧਰ) ਨੂੰ ਸੀ.ਆਰ.ਪੀ. ਨੇ ਫੜ ਲਿਆ ਅਤੇ ਸੀ.ਆਰ.ਪੀ. ਨੇ ਹੀ ਉਸ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਅਗਲੇ ਦਿਨ ਅਖ਼ਬਾਰਾਂ ਵਿਚ ਟਪਿਆਲਾ ਪਿੰਡ ਵਿਚ ਵੱਡੇ ਤੜਕੇ ਹੋਏ ਸੀ.ਆਰ.ਪੀ. ਨਾਲ ਜ਼ਬਰਦਸਤ ਮੁਕਾਬਲੇ ਵਿਚ ਦੋ ਅੱਤਵਾਦੀ–ਮੇਜਰ ਸਿੰਘ ਤੇ ਜਸਵੰਤ ਸਿੰਘ ਕਿੱਟੂ ਦੇ ਮਾਰੇ ਜਾਣ ਤੇ ਸੀ.ਆਰ.ਪੀ. ਦੇ ਜਵਾਨ ਹਲਾਕ ਤੇ ਜ਼ਖ਼ਮੀ ਹੋਣ ਦੀ ਖ਼ਬਰ ਸੀ। ਭਿੰਦਾ ਤੇ ਬਿਕਰਮਜੀਤ ਸਿੰਘ ਕੰਮੋਕੇ ਦੇ ਬਚ ਕੇ ਨਿਕਲ ਜਾਣ ਦਾ ਖ਼ਿਉਰਾ ਵੀ ਸੀ। ਭਾਈ ਬਿਕਰਮਜੀਤ ਸਿੰਘ ਨੇ ਭਾਈ ਭੁਪਿੰਦਰ ਸਿੰਘ ਕੰਮੋਕੇ ਵੱਲੋਂ ਜਨਰਲ ਲਾਭ ਸਿੰਘ ਦੀ ਸੋਚ ਤੇ ਅਮਲ ਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਸਟੈਂਡ ਨੂੰ ਭਾਈ ਭੁਪਿੰਦਰ ਸਿੰਘ ਦੀ ਸ਼ਹੀਦੀ ਤੋਂ ਬਾਅਦ ਵੀ ਜਾਰੀ ਰੱਖਿਆ। ਭਾਈ ਭੁਪਿੰਦਰ ਸਿੰਘ ਭਿੰਦਾ ਵੱਲੋਂ ਜਨਰਲ ਲਾਭ ਸਿੰਘ ਤੇ ਬਾਬਾ ਮਾਨੋਚਾਹਲ ਦੀ ਸੋਚ, ਆਪ-ਮੁਹਾਰੀ ਹਿੰਸਾ 'ਤੇ ਰੋਕ, ਸਿੱਖ ਪਰਿਵਾਰਾਂ ਤੋਂ ਹਥਿਆਰਾਂ ਦੀ ਖ਼ਰੀਦ ਦੇ ਨਾਂ 'ਤੇ ਜਬਰੀ ਫਿਰੌਤੀਆਂ ਤੋਂ ਤੌਬਾ, ਬੇਦੋਸ਼ਿਆਂ ਦੇ ਕਤਲਾਂ 'ਤੇ ਰੋਕ, ਮੁਖ਼ਬਰੀ ਦੇ ਨਾਂ 'ਤੇ ਸਾਰੇ ਪਰਿਵਾਰ ਦੇ ਬੱਚਿਆਂ, ਬੀਬੀਆਂ, ਬਜ਼ੁਰਗਾਂ ਦੀ ਕਤਲੇਆਮ ਦੇ ਰੁਝਾਨ ਨੂੰ ਸਖ਼ਤੀ ਨਾਲ ਰੋਕਿਆ ਤੇ ਹਥਿਆਰਬੰਦ ਸੰਘਰਸ਼ ਦੇ ਦਲੇਰਾਨਾ ਖਾੜਕੂ ਕਾਰਨਾਮਿਆਂ ਨੂੰ ਤਰਜੀਹ ਦਿੱਤੀ। ਲੋਕਾਂ ਦੀ ਸਿੱਖ ਸੰਘਰਸ਼ ਨਾਲ ਹਮਦਰਦੀ ਨੂੰ ਲੋਕ ਸ਼ਕਤੀ ਦੇ ਰੂਪ ਵਿਚ ਨਾਲ ਲੈ ਕੇ ਚੱਲਣ ਤੇ ਹਾਸਲ ਕਰਨ ਨੂੰ ਜ਼ਰੂਰੀ ਸਮਝਿਆ।

ਜਨਰਲ ਲਾਭ ਸਿੰਘ ਦੇ ਹੁਸ਼ਿਆਰਪੁਰ ਜ਼ਿਲੇ ਦੇ ਟਾਂਡਾ ਉੜਮੁੜ ਦੇ ਬਾਹਰ 1988 ਵਿਚ ਸ਼ਹੀਦ ਹੋ ਜਾਣ 'ਤੇ ਜੱਗਬਾਣੀ (ਹਿੰਦੀ ਸਮਾਚਾਰ ਸਮੂਹ) ਜਲੰਧਰ ਨੇ ਪੱਤਰਕਾਰੀ ਦੇ ਸਾਰੇ ਕਾਨੂੰਨ ਭੁੱਲ ਕੇ ਆਪਣੇ ਪਰਚਿਆਂ/ਅਖ਼ਬਾਰਾਂ ਵਿਚ ਜਨਰਲ ਲਾਭ ਸਿੰਘ ਦੀ ਸ਼ਹੀਦੀ 'ਤੇ ਬਕਵਾਸ ਕੀਤੀ ਤਾਂ ਇਸ ਦੇ ਜ਼ਿੰਮੇਵਾਰ ਲੇਖਕ ਇੰਦਰਜੀਤ ਸੂਦ ਪੱਤਰਕਾਰ, ਜਿਸ ਨੇ ਲਿਖਿਆ ਸੀ, "ਜਨਰਲ ਲਾਭ ਸਿੰਘ ਖ਼ਾਲਿਸਤਾਨ ਕਮਾਂਡੋ ਫ਼ੋਰਸ ਦਾ ਮੁਖੀ ਨੱਕ 'ਤੇ ਮੱਖੀ ਨਹੀਂ ਸੀ ਬੈਠਣ ਦਿੰਦਾ, ਅੱਜ ਉਸ ਦੀ ਲਾਸ਼ ਉੱਤੇ ਇੱਲਾਂ ਮੰਡਰਾ ਰਹੀਆਂ ਹਨ।" ਸਿੱਖ ਕੌਮ ਤਾਂ ਅੱਗੇ ਹੀ ਜਨਰਲ ਲਾਭ ਸਿੰਘ ਦੀ ਸ਼ਹਾਦਤ ਦੀ ਅੱਤ ਦੀ ਵਿਚੋਂ ਗੁਜ਼ਰ ਰਹੀ ਸੀ, ਸਿੱਖਾਂ ਨੇ ਤਾਂ ਚੁੱਲ੍ਹੇ ਅੱਗ ਨਹੀਂ ਸੀ ਬਾਲੀ, ਜੱਗਬਾਣੀ ਹਿੰਦੂ ਜਨੂੰਨ ਦੀਆਂ ਸਿਖਰਾਂ ਛੂਹ ਕੇ ਜਸ਼ਨ ਮਨਾ ਰਹੀ ਸੀ। ਜਨਰਲ ਲਾਭ ਸਿੰਘ ਦੀ ਸ਼ਹਾਦਤ ਦੀ ਖਿੱਲੀ ਉਡਾਉਣ ਵਾਲੀ ਇਹ ਖ਼ਬਰ ਪੜ੍ਹ ਕੇ ਅਣਖੀਲੇ ਬਹਾਦਰ ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ, ਭਾਈ ਨਿਰਮਲ ਸਿੰਘ ਮੀਆਂਵਿੰਡ, ਭਾਈ ਗੁਰਨਾਮ ਸਿੰਘ ਪਹਿਲਵਾਨ ਸੁਲਤਾਨਵਿੰਡ, ਭਾਈ ਬਿਕਰਮਜੀਤ ਸਿੰਘ ਕੰਮੋਕੇ, ਭਾਈ ਭੁਪਿੰਦਰ ਸਿੰਘ ਭਿੰਦਾ ਕੰਮੋਕੇ ਨੂੰ ਅੱਗ ਲੱਗ ਗਈ। ਸਿੰਘਾਂ ਨੇ ਫ਼ੈਸਲਾ ਕੀਤਾ ਕਿ ਅੱਜ ਸੂਰਜ ਛਿਪਣ ਤੋਂ ਪਹਿਲਾਂ ਜਨਰਲ ਲਾਭ ਸਿੰਘ ਦੀ ਸ਼ਹਾਦਤ ਦਾ ਅਪਮਾਨ ਕਰਨ ਵਾਲੇ ਨੂੰ ਦਿਨੇ ਹੀ ਈਦ

ਦਾ ਚੰਦ ਵਿਖਾਇਆ ਜਾਵੇ। ਭਾਈ ਭੁਪਿੰਦਰ ਸਿੰਘ ਕੰਮੋਕੇ ਤੇ ਬਿਕਰਮਜੀਤ ਸਿੰਘ ਦੀ ਅਗਵਾਈ ਹੇਠ ਸੂਰਜ ਡੁੱਬਣ ਤੋਂ ਪਹਿਲਾਂ ਹੀ ਪੱਤਰਕਾਰ ਸੂਦ ਵੱਲੋਂ ਸਿੱਖਾਂ ਨੂੰ ਪਾਈ ਭਾਜੀ ਦਾ ਨਿਉਂਦਾ ਗੋਲੀਆਂ ਮਾਰ ਕੇ ਮੋੜ ਦਿੱਤਾ। ਅਗਲੇ ਦਿਨ ਉਸੇ ਅਖ਼ਬਾਰ (ਜੱਗਬਾਣੀ) ਦੇ ਸਫ਼ੇ ਉੱਤੇ ਸੂਦ ਦੀ ਵੀ ਮੂੰਹ ਟੱਡੇ ਹੋਏ ਦੀ ਫ਼ੋਟੋ ਦੇ ਨਾਲ ਖ਼ਬਰ ਲੱਗੀ ਹੋਈ ਸੀ।

ਭਾਈ ਬਿਕਰਮਜੀਤ ਸਿੰਘ ਦੇ ਜਿਉਂਦੇ ਜੀਅ ਕਿਸੇ ਲੁਟੇਰੇ ਜਾਂ ਬਲੈਕ ਕੈਟ ਦੀ ਜੁਰਅਤ ਨਹੀਂ ਸੀ ਪੈਂਦੀ ਕਿ ਉਸ ਦੇ ਇਲਾਕੇ ਵਿਚ ਕੋਈ ਗ਼ਲਤ ਕਾਰਵਾਈ ਕਰ ਸਕੇ। ਸਿੱਖ ਸੰਘਰਸ਼ ਦੀਆਂ ਉੱਚੀਆਂ-ਨੀਵੀਆਂ ਘਾਟੀਆਂ ਲੰਘਦਾ, ਖੇਤਾਂ, ਕਮਾਦਾਂ, ਦਰਿਆਵਾਂ ਦੇ ਛੰਭਾਂ, ਝੱਲਾਂ ਵਿਚ ਵਿਚਰਦਾ ਬਿਕਰਮਜੀਤ ਸਿੰਘ ਲੋਕ-ਹਿੱਤਾਂ ਦਾ ਨਾਦ ਵਜਾਉਂਦਾ, ਪਿਆਰ ਦੀਆਂ ਖ਼ੁਸ਼ਬੋਆਂ ਵੰਡਦਾ ਰਿਹਾ ਤੇ ਸਤਿਕਾਰ ਸਹਿਤ ਲੋਕਾਂ ਦੀਆਂ ਦੁਆਵਾਂ ਲੈਂਦਾ ਰਿਹਾ। ਸਰਕਾਰ ਜਿੰਨਾ ਬਿਕਰਮਜੀਤ ਸਿੰਘ ਨੂੰ ਖ਼ਤਰਨਾਕ ਅੱਤਵਾਦੀ ਪ੍ਰਚਾਰ ਰਹੀ ਸੀ, ਲੋਕ ਉਤਨਾ ਹੀ ਦਿਲਾਂ ਦੀ ਸਾਂਝ ਕਰ ਕੇ ਉਸ ਨਾਲ ਜੁੜ ਰਹੇ ਸਨ। ਹੁਣ ਬਿਕਰਮਜੀਤ ਸਿੰਘ ਕੰਮੋਕੇ ਦਾ ਨਹੀਂ, ਸਿੱਖ ਕੌਮ ਦਾ ਹੋ ਗਿਆ ਸੀ। ਉਹ ਸਿੱਖੀ ਸਵੈਮਾਣ ਅਤੇ ਖ਼ਾਲਿਸਤਾਨ ਦੀ ਸਥਾਪਨਾ ਲਈ ਸਿੱਖ ਕੌਮ ਦੇ ਵਿਰੋਧੀਆਂ ਦੇ ਸਿਰ ਲੈਂਦਾ ਵੀ ਸੀ ਤੇ ਸਿੱਖੀ ਸਵੈਮਾਣ ਲਈ ਸਿਰ ਦੇਣ ਲਈ ਤਿਆਰ ਵੀ ਸੀ। ਫ਼ਤਹਿ ਜਾਂ ਸ਼ਹਾਦਤ ਸੂਰਮਿਆਂ ਦਾ ਨਿਸ਼ਾਨਾ ਹੁੰਦਾ ਹੈ। ਆਖ਼ਰ ਉਹ ਵੇਲਾ ਵੀ ਨੇੜੇ ਆ ਗਿਆ, ਬਿਕਰਮਜੀਤ ਸਿੰਘ ਆਪਣੇ ਇਲਾਕੇ ਵਿਚ ਆਜ਼ਾਦ ਘੁੰਮਣ ਲੱਗਾ ਤਾਂ ਧਰਮਵੀਰ ਸਿੰਘ ਕੰਮੋਕੇ ਨੇ ਰੋਕਿਆ, "ਬਿਕਰਮ, ਇਸ ਤਰ੍ਹਾਂ ਆਜ਼ਾਦ ਘੁੰਮਣਾ-ਫਿਰਨਾ ਗੁਰੀਲਿਆਂ ਵਾਸਤੇ ਠੀਕ ਨਹੀਂ ਹੁੰਦਾ। ਸਿੱਖਾਂ ਦਾ ਵਾਹ ਸਕਤੀਸ਼ਾਲੀ ਹਿੰਦੂ ਹਕੂਮਤ ਨਾਲ ਪਿਆ ਹੋਇਆ ਹੈ। ਅਸਾਵੀਂ ਜੰਗ ਹੈ। ਗੁਰੀਲਾ ਯੁੱਧ ਨਾਲ ਹੀ ਸਫਲ ਹੋਇਆ ਜਾ ਸਕਦਾ ਹੈ। ਹਜ਼ਾਰਾਂ ਦੀ ਗਿਣਤੀ ਅੱਗੇ ਦੋ-ਚਾਰ ਸਿੰਘਾਂ ਦੀ ਇਕੱਲੀ ਬਹਾਦਰੀ ਵੀ ਕੀ ਕਰ ਸਕਦੀ ਹੈ।"

28 ਮਈ 1990 (ਸੋਮਵਾਰ 15 ਜੇਠ) ਆਪਣੇ ਪਿੰਡ ਦੇ ਨਾਲ ਲੱਗਦੇ ਪਿੰਡ ਬੁਤਾਲਾ (ਜ਼ਿਲ੍ਹਾ ਅੰਮ੍ਰਿਤਸਰ) ਦੇ ਬੱਸ ਅੱਡੇ ਦੇ ਨਜ਼ਦੀਕ ਨਾਜ਼ਰ ਸਿੰਘ ਪੁੱਤਰ ਦੀਦਾਰ ਸਿੰਘ ਦੇ ਘਰ ਆਪਣੇ ਇਕ ਸਾਥੀ ਨਾਲ ਠਹਿਰੇ ਹੋਏ ਸਨ। ਥਾਣਾ ਬਿਆਸ ਦੀ ਪੁਲਿਸ ਪਾਰਟੀ ਹੌਲਦਾਰ ਅਸ਼ੋਕ ਕੁਮਾਰ ਦੀ ਅਗਵਾਈ ਵਿਚ ਗਸਤ ਕਰਦੀ ਬੁਤਾਲਾ ਦੇ ਬੱਸ ਅੱਡੇ ਤੋਂ ਲੰਘ ਰਹੀ ਸੀ। ਕਿਸੇ ਨੇ ਮੁਖ਼ਬਰੀ ਕਰ ਦਿੱਤੀ ਕਿ ਨਾਜ਼ਰ ਸਿੰਘ ਪੁੱਤਰ ਦੀਦਾਰ ਸਿੰਘ ਦੇ ਘਰ ਸ਼ੱਕੀ ਬੰਦੇ ਬੈਠੇ ਹਨ। ਪੁਲਿਸ ਉਸ ਘਰ ਪਹੁੰਚ ਗਈ ਤੇ ਕੁਝ ਗੁਆਂਢੀਆਂ ਦੇ ਮਕਾਨਾਂ ਦੀ ਛੱਤ 'ਤੇ ਚੜ੍ਹ ਗਏ। ਭਾਈ ਬਿਕਰਮਜੀਤ ਸਿੰਘ ਤੇ ਸਾਥੀ ਭਾਈ ਰਾਜਾ ਸਿੰਘ ਅਚਨਚੇਤ ਘੇਰੇ ਵਿਚ ਆ ਗਏ। ਸਾਬ ਪੁਲਿਸ ਦੇ ਜਵਾਨਾਂ ਨੇ ਦੋਹਾਂ ਨੂੰ ਜਿਉਂਦੇ ਫੜਨ ਦੀ ਕੋਸ਼ਿਸ਼ ਕੀਤੀ। ਅੱਗੋਂ ਭਾਈ ਬਿਕਰਮਜੀਤ ਸਿੰਘ ਤੇ ਰਾਜਾ ਸਿੰਘ ਪੁਲਿਸ ਨਾਲ ਹੱਥੋ-ਪਾਈ ਹੋ ਪਏ ਤੇ ਗੋਲੀ ਲੱਗਣ ਨਾਲ ਪੁਲਿਸ ਦਾ ਹੌਲਦਾਰ ਤੇ ਸਿਪਾਹੀ ਰਣਜੀਤ ਸਿੰਘ ਜ਼ਖ਼ਮੀ ਹੋ

ਗਏ। ਭਾਈ ਰਾਜਾ ਸਿੰਘ ਬਚ ਕੇ ਨਿਕਲਣ ਵਿਚ ਕਾਮਯਾਬ ਹੋ ਗਿਆ, ਜਦੋਂ ਕਿ ਭਾਈ ਬਿਕਰਮਜੀਤ ਸਿੰਘ ਕੋਲ ਸਿਰਫ਼ ਪਿਸਤੌਲ ਹੀ ਸੀ। ਜਦੋਂ ਹੱਥੋ-ਪਾਈ ਹੁੰਦਾ ਹੋਇਆ ਬਚ ਕੇ ਨਿਕਲਣ ਦੀ ਕੋਸ਼ਿਸ਼ ਕਰਦਾ ਹੋਇਆ ਕਮਾਨ ਦੀਆਂ ਪੱਕੀਆਂ ਪੌੜੀਆਂ ਭੱਜ ਕੇ ਚੜ੍ਹਿਆ ਤਾਂ ਮਕਾਨ ਦੀ ਆਖ਼ਰੀ ਪੌੜੀ 'ਤੇ ਅਜੇ ਪੈਰ ਰੱਖਿਆ ਹੀ ਸੀ ਕਿ ਦੂਜੇ ਮਕਾਨ ਦੀ ਛੱਤ ਤੋਂ ਪੁਲਿਸ ਵਾਲਿਆਂ ਨੇ ਬਰੱਸਟ ਮਾਰਿਆ, ਜੋ ਗੋਲੀਆਂ ਲੱਗਣ ਨਾਲ ਭਾਈ ਬਿਕਰਮਜੀਤ ਸਿੰਘ ਕੰਮੋਕੇ ਸ਼ਹੀਦ ਹੋ ਗਿਆ ਤੇ ਹੇਠਾਂ ਡਿੱਗ ਪਿਆ। ਹੋਰ ਪ੍ਰਾਪਤ ਜਾਣਕਾਰੀ ਅਨੁਸਾਰ ਖ਼ਾਲਿਸਤਾਨ ਕਮਾਂਡੋ ਫੋਰਸ ਦਾ ਲੈਫ਼ਟੀਨੈਂਟ ਜਨਰਲ ਵੀ ਸੀ ਤੇ ਪਹਿਲਾਂ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਵਿਚ ਸੀ। ਬਾਅਦ ਵਿਚ ਭਾਈ ਪਰਮਜੀਤ ਸਿੰਘ ਪੰਜਵੜ ਦੀ ਅਗਵਾਈ ਵਾਲੀ ਖ਼ਾਲਿਸਤਾਨ ਕਮਾਂਡੋ ਫ਼ੋਰਸ ਵਿਚ ਸ਼ਾਮਲ ਹੋ ਗਿਆ ਸੀ। ਭੁਪਿੰਦਰ ਸਿੰਘ ਭਿੰਦਾ ਕੰਮੋਕੇ ਦਾ ਬਿਕਰਮਜੀਤ ਸਿੰਘ ਚਚੇਰਾ ਭਰਾ ਸੀ।

ਭਾਈ ਬਿਕਰਮਜੀਤ ਸਿੰਘ ਦੇ ਸਿਰ 'ਤੇ ਸਰਕਾਰ ਨੇ ਪੰਜ ਲੱਖ ਰੁਪਏ ਦਾ ਇਨਾਮ ਰੱਖਿਆ ਹੋਇਆ ਸੀ। ਭਾਈ ਬਿਕਰਮਜੀਤ ਸਿੰਘ ਦੇ ਸ਼ਹੀਦ ਹੋਣ ਦੀ ਖ਼ਬਰ ਇਲਾਕੇ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ। ਪੁਲਿਸ ਪਾਰਟੀ ਜ਼ਖ਼ਮੀ ਪੁਲਿਸ ਵਾਲਿਆਂ ਨੂੰ ਅਤੇ ਭਾਈ ਬਿਕਰਮਜੀਤ ਸਿੰਘ ਦੀ ਸ਼ਹੀਦੀ ਦੇਹ ਨੂੰ ਜੀਪ ਵਿਚ ਰੱਖ ਕੇ ਥਾਣਾ ਬਿਆਸ ਲੈ ਗਈ। ਲਾਸ਼ ਪੋਸਟ-ਮਾਰਟਮ ਕਰਨ ਲਈ ਹਸਪਤਾਲ ਪਹੁੰਚਾ ਦਿੱਤੀ। ਲੋਕ 28 ਮਈ ਦੀ ਸ਼ਾਮ ਨੂੰ ਹੀ ਇਲਾਕੇ ਵਿਚ ਇਕੱਲੇ ਹੋ ਕੇ ਕੰਮੋਕੇ-ਬੁਤਾਲੇ ਪਹੁੰਚਣਾ ਸ਼ੁਰੂ ਹੋ ਗਏ। ਲੋਕਾਂ ਦੇ ਭਾਰੀ ਇਕੱਠ ਦੀ ਅਗਵਾਈ ਭਾਈ ਧਰਮਵੀਰ ਸਿੰਘ ਕੰਮੋਕੇ ਕਰ ਰਹੇ ਸਨ, ਉਹਨਾਂ ਨੇ ਸਿੱਖ ਸੰਗਤਾਂ ਦੇ ਭਾਰੀ ਗਿਣਤੀ ਦੇ ਇਕੱਠ ਵਿਚ ਕਿਹਾ ਕਿ ਖ਼ਾਲਸਾ ਜੀ, ਜੇ ਸ਼ਹੀਦ ਸਿੰਘ ਨਾਲ ਆਪਣਾ ਮੋਹ-ਪਿਆਰ ਹੈ ਤਾਂ ਆਪਣੇ ਪਿਆਰੇ ਪੁੱਤਰ ਦੀ ਸ਼ਹੀਦੀ ਦੇਹ ਹਾਕਮਾਂ ਤੋਂ ਪ੍ਰਾਪਤ ਕਰੀਏ। ਜੇ ਹਿੰਦੂ ਹਕੂਮਤ ਗੋਲੀ ਚਲਾਏਗੀ ਤਾਂ ਸਭ ਤੋਂ ਪਹਿਲਾਂ ਮੈਂ ਆਪਣੀ ਹਿੱਕ ਵਿਚ ਗੋਲੀ ਖਾਵਾਂਗਾ। ਜਲੰਧਰ-ਅੰਮ੍ਰਿਤਸਰ ਰੋਡ 'ਤੇ ਰਈਆ ਮੋੜ ਉੱਤੇ ਪਹੁੰਚ ਕੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਨੇ ਸੜਕ 'ਤੇ ਟਰੈਫਿਕ ਜਾਮ ਕਰ ਦਿੱਤਾ। ਰੇਲਵੇ ਲਾਈਨ ਦੀਆਂ ਫਿਸ਼ ਪਲੇਟਾਂ ਉਖਾੜ ਦਿੱਤੀਆਂ। ਸੜਕ 'ਤੇ ਬੈਠ ਕੇ ਰੇਲਵੇ ਲਾਈਨ 'ਤੇ ਬੈਠ ਕੇ ਰੇਲਾਂ ਰੋਕ ਦਿੱਤੀਆਂ। ਸਿੱਖ ਸੰਗਤਾਂ ਮੰਗ ਕਰ ਰਹੀਆਂ ਸਨ ਕਿ ਬਿਕਰਮਜੀਤ ਸਿੰਘ ਅੱਤਵਾਦੀ ਨਹੀਂ ਮਰਿਆ, ਸਾਡਾ ਸਪੁੱਤਰ ਮਰਿਆ ਹੈ। ਸਾਨੂੰ ਉਸ ਦੀ ਸ਼ਹੀਦੀ ਦੇਹ ਦਿੱਤੀ ਜਾਵੇ। ਉਤਨਾ ਚਿਰ ਸਾਡਾ ਅੰਦੋਲਨ ਜਾਰੀ ਰਹੇਗਾ। 29 ਮਈ ਦੀ ਸਵੇਰ ਨੂੰ ਪੰਜ ਹਜ਼ਾਰ ਦਾ ਇਕੱਠ ਸੀ, ਦੁਪਹਿਰ ਤਕ ਪੰਜਾਹ ਹਜ਼ਾਰ ਦਾ ਇਕੱਠ ਹੋ ਗਿਆ। ਬੁੱਢੜੀਆਂ ਮਾਈਆਂ ਖੂੰਡੀ ਦੇ ਸਹਾਰੇ ਸੜਕ 'ਤੇ ਆ ਗਈਆਂ। ਨਵੀਆਂ ਵਿਆਹੀਆਂ ਸਿੱਖ ਬੀਬੀਆਂ ਵੀ ਭਾਈ ਬਿਕਰਮਜੀਤ ਸਿੰਘ ਦੀ ਦੇਹ ਲੈਣ ਦੇ ਲੋਕਾਂ ਦੇ ਦਿਲਾਂ ਅੰਦਰ ਉਪਜੇ ਮੋਹ ਵਿਚ ਆਪਣੇ ਆਪ ਨੂੰ ਰੋਕ ਨਾ ਸਕੀਆਂ। ਆਖ਼ਰ ਲੋਕਾਂ ਦੇ ਰੋਹ ਅੱਗੇ ਹਿੰਦੂ ਹਕੂਮਤ

ਨੂੰ ਝੁਕਣਾ ਪਿਆ, ਹਜ਼ਾਰਾਂ ਦੀ ਗਿਣਤੀ ਵਿਚ ਪੁਲਿਸ ਫ਼ੋਰਸਾਂ ਲੋਕਾਂ ਦੇ ਦਿੱਲੀ ਮੁਹੱਬਤ ਦੇ ਰੋਹ ਨੂੰ ਦਬਾ ਨਾ ਸਕੀਆਂ। ਭਾਈ ਬਿਕਰਮਜੀਤ ਸਿੰਘ ਕੰਮੋਕੇ ਦੀ ਸ਼ਹੀਦੀ ਦੇਹ ਵਾਰਸਾਂ ਦੇ ਹਵਾਲੇ ਕਰਨੀ ਪਈ।

ਸ਼ਹੀਦ ਭਾਈ ਬਿਕਰਮਜੀਤ ਸਿੰਘ ਦੀ ਸ਼ਹੀਦੀ ਦੇਹ ਪਿੰਡ ਕੰਮੋਕੇ ਲਿਆਂਦੀ ਗਈ, ਪੰਜ ਸਿੰਘ ਸਾਹਿਬਾਨ, ਦਮਦਮੀ ਟਕਸਾਲ ਦੇ ਕਾਰਜਕਾਰੀ ਮੁਖੀ ਬਾਬਾ ਠਾਕੁਰ ਸਿੰਘ ਜੀ ਖ਼ਾਲਸਾ, ਭਾਈ ਮੋਹਕਮ ਸਿੰਘ ਨੇ ਭਾਈ ਬਿਕਰਮਜੀਤ ਸਿੰਘ ਦੀ ਸ਼ਹੀਦੀ ਦੇਹ ਨੂੰ ਹੱਥੀਂ ਇਸ਼ਨਾਨ ਕਰਾਇਆ। ਪਿੰਡ ਕੰਮੋਕੇ-ਬੁਤਾਲਾ ਵਿਚ ਸਿੱਖ ਸੰਗਤਾਂ ਦਾ ਹੜ੍ਹ ਆ ਗਿਆ ਸੀ। ਹਰ ਕੋਈ ਬਿਕਰਮਜੀਤ ਸਿੰਘ ਦੇ ਦਰਸ਼ਨ ਕਰਨਾ ਚਾਹੁੰਦਾ ਸੀ। ਅਜਬ ਨਜ਼ਾਰਾ ਸੀ। ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਲੈਫਟੀਨੈਂਟ ਜਨਰਲ ਬਿਕਰਮਜੀਤ ਸਿੰਘ ਦਾ ਅੰਤਿਮ ਸੰਸਕਾਰ ਹੋਣ ਜਾ ਰਿਹਾ ਸੀ, ਕਿਤੇ ਕਾਰ ਸੇਵਾ ਵਾਲੇ ਬਾਬਿਆਂ ਦਾ ਹਜੂਮ ਨਜ਼ਰ ਆ ਰਿਹਾ ਸੀ, ਕਿਤੇ ਨਿਹੰਗ ਸਿੰਘਾਂ ਦੀ ਫ਼ੌਜ ਨਜ਼ਰ ਆ ਰਹੀ ਸੀ, ਕਿਰਤੀ ਸਿੱਖ ਨੰਗੇ ਮੂੰਹ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਜਾਣਾ, ਦਿੱਲੀ ਹਕੂਮਤ ਨੂੰ ਲਾਹਨਤਾਂ ਪਾ ਰਿਹਾ ਸੀ। ਕੀ ਜ਼ਾਲਮ ਹਕੂਮਤੇ, ਬਿਕਰਮਜੀਤ ਸਿੰਘ ਨੂੰ ਸਰੀਰਕ ਤੌਰ 'ਤੇ ਤੇਰੇ ਕੋਲ ਖ਼ਤਮ ਕਰਨ ਦੀ ਤਾਕਤ ਹੈ ਸੀ। ਸਿੱਖਾਂ ਦੇ ਦਿਲਾਂ ਅੰਦਰ ਵੱਸਦੇ ਭਾਈ ਬਿਕਰਮਜੀਤ ਸਿੰਘ ਨੂੰ ਖ਼ਤਮ ਕਰਨ ਦੀ ਤਾਕਤ ਨਹੀਂ ਹੈ। ਪਿੰਡ ਕੰਮੋਕੇ ਵਿਚ ਭਾਈ ਬਿਕਰਮਜੀਤ ਸਿੰਘ ਦਾ ਸਿੱਖੀ ਰਹਿਤ ਮਰਿਆਦਾ, ਖ਼ਾਲਸਾਈ ਰਵਾਇਤਾਂ ਅਨੁਸਾਰ ਖ਼ਾਲਸਾ ਪੰਥ ਨੇ ਅੰਤਮ ਸਸਕਾਰ ਕੀਤਾ। ਦਮਦਮੀ ਟਕਸਾਲ ਦੇ ਕਾਰਜਕਾਰੀ ਮੁਖੀ ਬਾਬਾ ਠਾਕੁਰ ਸਿੰਘ ਜੀ ਨੇ ਚਿਖਾ ਨੂੰ ਲਾਂਬੂ ਲਾਇਆ। ਦਮਦਮੀ ਟਕਸਾਲ ਦੇ ਸਿੰਘਾਂ ਨੇ ਕੀਤਰਨ ਕੀਤਾ, ਅਰਦਾਸ ਉਪਰੰਤ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾ ਦਿੱਤੇ।

ਭਾਈ ਬਿਕਰਮਜੀਤ ਸਿੰਘ ਦੀ ਸ਼ਹੀਦੀ ਦੇਹ ਹਾਸਲ ਕਰ ਕੇ ਗੁਰਮਤਿ ਰਹਿਤ ਮਰਿਆਦਾ ਅਨੁਸਾਰ ਅੰਤਿਮ ਸੰਸਕਾਰ ਕਰਨ ਦਾ ਸਮੂਹ ਸਿੱਖ ਸੰਗਤਾਂ ਦੇ ਨਾਲ ਭਾਈ ਧਰਮਵੀਰ ਸਿੰਘ ਕੰਮੋਕੇ ਦਾ ਬਹੁਤ ਵੱਡਾ ਉੱਦਮ ਸੀ। ਇਸ ਦੀ ਅਗਵਾਈ ਅੱਗੇ ਲੱਗ ਕੇ ਉਸ ਨੇ ਕੀਤੀ ਸੀ, ਜਿਸ ਕਰਕੇ ਹਕੂਮਤ ਦੀਆ ਨਜ਼ਰਾਂ ਵਿਚ ਰੜਕਣ ਲੱਗ ਪਏ ਸਨ। ਭਾਈ ਧਰਮਵੀਰ ਸਿੰਘ ਨੂੰ ਹਕੂਮਤ ਨੇ ਜੰਮੂ ਜੇਲ੍ਹ ਵਿਚ ਬੰਦ ਕਰ ਦਿੱਤਾ। ਜ਼ਮਾਨਤ 'ਤੇ ਰਿਹਾਈ ਹੋਈ ਤਾਂ ਜੇਲ੍ਹ ਵਿਚੋਂ ਬਾਹਰ ਨਿਕਲਦੇ ਨੂੰ ਪੁਲਿਸ ਨੇ ਚੁੱਕ ਕੇ ਲਾਪਤਾ ਕਰ ਦਿੱਤਾ ਹੈ। ਭਾਈ ਧਰਮਵੀਰ ਸਿੰਘ ਕੰਮੋਕੇ ਵੀ ਸਿੱਖ ਸੰਘਰਸ਼ ਵਿਚ ਹਕੂਮਤ ਦੇ ਜ਼ੁਲਮਾਂ ਦਾ ਸ਼ਿਕਾਰ ਹੋ ਕੇ ਸ਼ਹੀਦ ਹੋ ਗਏ।

ਭਾਈ ਬਿਕਰਮਜੀਤ ਸਿੰਘ ਕੰਮੋਕੇ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਸਮੇਂ ਦਮਦਮੀ ਟਮਸਾਲ ਦੇ ਕਾਰਜਕਾਰੀ ਮਖੀ ਬਾਬਾ ਠਾਕੁਰ ਸਿੰਘ ਜੀ ਨੇ ਜਥੇ ਸਮੇਤ ਹਾਜ਼ਰੀ ਭਰੀ। ਕਾਰ ਸੇਵਾ ਵਾਲੇ ਬਾਬਿਆਂ ਨੇ ਵੀ ਹਾਜ਼ਰੀਆਂ ਭਰੀਆਂ। ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਨੇ ਕੌਮੀ ਹੀਰੇ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ***

# ਸ਼ਹੀਦ ਭਾਈ ਹਰਜਿੰਦਰ ਸਿੰਘ ਠੱਕਰ ਸੰਧੂ ਦਮਦਮੀ ਟਕਸਾਲ

ਸ਼ਹੀਦ ਭਾਈ ਹਰਜਿੰਦਰ ਸਿੰਘ ਠੱਕਰ ਸੰਧੂ ਦਾ ਜਨਮ ਪਿਤਾ ਸ: ਹਰਭਜਨ ਸਿੰਘ ਦੇ ਘਰ ਮਾਤਾ ਸਵਿੰਦਰ ਕੌਰ ਜੀ ਦੀ ਕੁੱਖੋਂ ਪਿੰਡ ਠੱਕਰ ਸੰਧੂ ਜ਼ਿਲ੍ਹਾ ਗੁਰਦਾਸਪੁਰ ਵਿਚ ਹੋਇਆ। ਭਾਈ ਸਾਹਿਬ ਪੰਜ ਭੈਣ ਭਰਾ ਸਨ, ਆਪ ਤੋਂ ਵੱਡੇ ਭਰਾ ਗੁਰਮੀਤ ਸਿੰਘ ਤੇ ਛੋਟੇ ਭੈਣ ਗੁਰਮੀਤ ਕੌਰ, ਰਣਜੀਤ ਕੌਰ, ਭਰਾ ਤਰਲੋਕ ਸਿੰਘ ਹਨ।



ਭਾਈ ਹਰਜਿੰਦਰ ਸਿੰਘ ਦਾ ਆਨੰਦ ਕਾਰਜ ਸੰਨ 1983 'ਚ ਬੀਬੀ ਚਰਨਜੀਤ ਕੌਰ ਪੁੱਤਰੀ ਸ: ਖ਼ਜ਼ਾਨ ਸਿੰਘ ਵਾਸੀ ਤਲਵੰਡੀ ਝੁੰਗਲਾਂ ਨਾਲ ਹੋਈ। ਇਕ ਪੁੱਤਰੀ ਗੁਰਜੀਤ ਕੌਰ ਹੈ, ਜੋ ਧਾਰਮਿਕ ਵਿਚਾਰਾ ਦੀ ਹੈ।

ਭਾਈ ਹਰਜਿੰਦਰ ਸਿੰਘ ਬਚਪਨ ਤੋਂ ਧਾਰਮਿਕ ਵਿਚਾਰਾਂ ਦੇ ਸਨ। 1980 'ਚ ਦਮਦਮੀ ਟਕਸਾਲ ਦੇ ਸੰਪਰਕ 'ਚ ਆਏ, ਅੰਮ੍ਰਿਤ ਪਾਨ ਕਰਕੇ ਸਿੰਘ ਸਰੂਪ ਵਿਚ ਪ੍ਰਪੱਕ ਹੋਏ। ਸਾਰੇ ਪਰਿਵਾਰ ਨੂੰ ਪੰਜਾਂ ਪਿਆਰਿਆਂ ਤੋਂ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਾਇਆ। ਆਪ ਗੁਰਬਾਣੀ ਦੇ ਰਸੀਏ ਸਨ, ਹਰ ਵੇਲੇ ਗੁਰਬਾਣੀ ਦੇ ਸ਼ਬਦ ਪੜ੍ਹਦੇ ਰਹਿੰਦੇ ਸਨ। ਧਰਮ ਯੁੱਧ ਮੋਰਚੇ ਦੌਰਾਨ 6 ਮਹੀਨੇ ਫਰੀਦਕੋਟ ਜੇਲ੍ਹ ਵੀ ਕੱਟੀ। ਜੂਨ 1984 ਦੇ ਘੱਲੂਘਾਰੇ ਵੇਲੇ ਆਪ ਆਪਣੇ ਪਿੰਡ ਠੱਕਰ ਸੰਧੂ ਸਨ ਤੇ ਪਰੇਸ਼ਾਨ ਰਹਿਣ ਲੱਗੇ। ਇਨ੍ਹੀਂ ਦਿਨੀਂ ਭਾਈ ਵੱਸਣ

ਸਿੰਘ ਜ਼ਫ਼ਰਵਾਲ ਤੇ ਭਾਈ ਤਰਸੇਮ ਸਿੰਘ ਕੋਹਾੜ ਨਾਲ ਮੇਲ ਹੋ ਗਿਆ। ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਗੁਪਤ ਰੂਪ ਵਿਚ ਵਿਚਰਨ ਲੱਗੇ। ਪੁਲਿਸ ਨੂੰ ਸੂਹ ਲੱਗ ਗਈ ਤੇ ਛਾਪੇ ਮਾਰਨ ਲੱਗ ਪਈ। ਆਪ ਬਾਬਾ ਠਾਕਰ ਸਿੰਘ ਜੀ ਦੇ ਨਾਲ ਗੰਨਮੈਨ ਤੌਰ 'ਤੇ ਸੇਵਾ ਕਰਦੇ ਹੋਏ ਮਹਿਤਾ ਸਾਹਿਬ ਰਹਿਣ ਲੱਗੇ। ਭਾਈ ਸਾਹਿਬ ਨੂੰ ਸਹੁਰੇ ਪਿੰਡ ਤਲਵੰਡੀ ਝੁੰਗਲਾਂ ਤੋਂ ਪੰਜਾਬ ਪੁਲਿਸ ਨੇ 1986 'ਚ ਗ੍ਰਿਫ਼ਤਾਰ ਕਰ ਲਿਆ ਅਤੇ ਅਸਲਾ ਬੰਬ ਰੱਖਣ ਦੇ ਕੇਸ ਪਾ ਕੇ, ਗੁਰਦਾਸਪੁਰ, ਨਾਭਾ ਅਤੇ ਸੰਗਰੂਰ ਜੇਲ੍ਹਾਂ ਵਿਚ ਤਿੰਨ ਸਾਲ ਬੰਦ ਰੱਖਿਆ। ਜ਼ਮਾਨਤ 'ਤੇ ਰਿਹਾਈ ਹੋਈ, ਅਦਾਲਤ ਨੇ ਸਾਰੇ ਕੇਸਾਂ ਵਿੱਚੋਂ ਬਰੀ ਕਰ ਦਿੱਤਾ। ਅਦਾਲਤ 'ਚੋਂ ਬਰੀ ਹੋਣ 'ਤੇ ਪੰਜਾਬ ਪੁਲਿਸ ਗ੍ਰਿਫ਼ਤਾਰ ਕਰਨ ਲਈ ਘਰ ਛਾਪੇ ਮਾਰਨ ਲੱਗੀ। ਘਰ ਟਿਕਣ ਨਾ ਦਿੱਤਾ ਤੇ ਫਿਰ ਬਾਬਾ ਠਾਕਰ ਸਿੰਘ ਜੀ ਦੀ ਸੇਵਾ ਵਿਚ ਪੱਕੇ ਤੌਰ 'ਤੇ ਨਾਲ ਰਹਿਣ ਲੱਗੇ। ਗੁਰਬਾਣੀ ਪਾਠ, ਬੜੇ ਪ੍ਰੇਮ ਨਾਲ ਕਰਦੇ ਸਨ, ਬਾਬਾ ਠਾਕਰ ਸਿੰਘ ਜੀ ਨੂੰ ਗੁਰਬਾਣੀ ਪਾਠ ਸੁਣਾਉਣ ਦੀ ਡਿਊਟੀ ਲੱਗੀ ਸੀ। ਆਪ ਦੀ ਸਿੰਘਣੀ ਚਰਨਜੀਤ ਕੌਰ ਵੀ ਮਹਿਤਾ ਗੁਰਦੁਆਰਾ ਸਾਹਿਬ ਹੀ ਰਹਿੰਦੇ ਸਨ। ਘਰ ਪੁਲਿਸ ਤੰਗ ਕਰਦੀ ਸੀ। 22 ਜਨਵਰੀ 1993 ਨੂੰ ਬਾਬਾ ਠਾਕਰ ਸਿੰਘ ਜੀ ਅੰਮ੍ਰਿਤਸਰ ਤੋਂ ਮਹਿਤਾ ਸਾਹਿਬ ਗੁਰਦਰਸ਼ਨ ਪ੍ਰਕਾਸ਼ ਆ ਰਹੇ ਸਨ, ਪਿੰਡ ਨੰਗਲੀ ਦੇ ਕੋਲ ਮਹਿਤਾ ਥਾਣੇ ਦੀ ਪੁਲਿਸ ਨੇ ਬਾਬਾ ਠਾਕਰ ਸਿੰਘ ਜੀ ਨੂੰ ਗੁਰਬਾਣੀ ਪਾਠ ਸੁਣਾ ਰਹੇ ਨੂੰ ਦਮਦਮੀ ਟਕਸਾਲ ਦੀ ਬੱਸ ਵਿੱਚੋਂ ਹਰਜਿੰਦਰ ਸਿੰਘ ਨੂੰ ਲਾਹ ਲਿਆ। ਮਹਿਤਾ ਪੁਲਿਸ ਨੇ ਹਰਜਿੰਦਰ ਸਿੰਘ ਠੱਕਰ ਸੰਧੂ ਨੂੰ ਧਾਰੀਵਾਲ ਪੁਲਿਸ ਦੇ ਹਵਾਲੇ ਕਰ ਦਿੱਤਾ। ਭਾਈ ਹਰਜਿੰਦਰ ਸਿੰਘ ਉੱਤੇ ਪੁਲਿਸ ਨੇ ਖਾੜਕੂ ਸਿੰਘਾਂ ਦਾ ਭੇਤ ਲੈਣ ਲਈ ਬੇਹੱਦ ਤਸ਼ੱਦਦ ਕੀਤਾ। ਜਦੋਂ ਪੰਜਾਬ ਪੁਲਿਸ ਦੇ ਅਫਸਰਾਂ ਦੇ ਸਾਰੇ ਦਰਿੰਦਗੀ ਦੇ ਹਥਿਆਰ ਭਾਈ ਹਰਜਿੰਦਰ ਸਿੰਘ ਦੇ ਸਿਦਕ ਅੱਗੇ ਫ਼ੇਲ੍ਹ ਹੋ ਗਏ ਤਾਂ ਧਾਰੀਵਾਲ ਥਾਣੇ ਦੇ ਸਵਰਨ ਸਿਹੁੰ ਐੱਸ.ਐੱਚ.ਓ. ਨੇ 24 ਜਨਵਰੀ 1993 ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਜੋ ਪੰਜਾਬ ਪੁਲਿਸ ਨੇ ਹਰਜਿੰਦਰ ਸਿੰਘ ਠੱਕਰ ਸੰਧੂ ਪੁਲਿਸ ਮੁਕਾਬਲੇ 'ਚ ਮਾਰੇ ਜਾਣ ਦੀ ਕਹਾਣੀ ਅਖ਼ਬਾਰਾਂ ਨੂੰ ਜਾਰੀ ਕੀਤੀ, ਉਹ ਇਸ ਤਰ੍ਹਾਂ :

**ਇਕ ਖਾੜਕੂ ਹਲਾਕ ਹੋਮਗਰਡ ਫੱਟੜ :**

ਜਲੰਧਰ 25 ਜਨਵਰੀ 1983 (ਏਜੰਸੀਆਂ ਤੇ ਪੱਤਰ ਪ੍ਰੇਰਕਾਂ ਰਾਹੀਂ) ਪਿਛਲੇ 24 ਘੰਟਿਆਂ ਦੌਰਾਨ ਪੰਜਾਬ ਵਿਚ ਇਕ ਮੁਕਾਬਲੇ ਦੌਰਾਨ ਇਕ ਖਾੜਕੂ ਹਲਾਕ ਹੋ ਗਿਆ ਜਦ ਕਿ ਇਕ ਹੋਮ ਗਾਰਡ ਜਵਾਨ ਫੱਟੜ ਹੋ ਗਿਆ।

***ਖਾੜਕੂ ਹਲਾਕ***—ਗੁਰਦਾਸਪੁਰ ਜ਼ਿਲ੍ਹੇ ਦੇ ਕਸਬਾ ਧਾਰੀਵਲ ਦੇ ਲਾਗੇ ਖਾਲਿਸਤਾਨ ਲਿਬਰੇਸ਼ਨ ਆਰਮੀ ਦਾ ਇਕ ਖਾੜਕੂ ਹਰਜਿੰਦਰ ਸਿੰਘ ਜਿੰਦਾ ਉਦੋਂ ਹਲਾਕ ਹੋ ਗਿਆ ਜਦੋਂ ਪੁਲਿਸ ਉਸਨੂੰ ਹਥਿਆਰ ਬਰਾਮਦੀ ਲਈ ਲਿਜਾ ਰਹੀ ਸੀ। ਪੁਲਿਸ ਦੇ ਦੱਸਣ ਅਨੁਸਾਰ ਹਰਜਿੰਦਰ ਸਿੰਘ ਜਿੰਦਾ ਖਾੜਕੂਆਂ ਵੱਲੋਂ ਕੀਤੇ ਹਮਲੇ ਦੌਰਾਨ ਹਲਾਕ ਹੋ ਗਿਆ। ਉਹ ਉਦੋਂ ਮਾਰਿਆ ਗਿਆ ਜਦੋਂ ਉਸਨੇ ਦੁਵੱਲੀ

ਫਾਇਰਿੰਗ (ਗੋਲੀ) ਦੇ ਭੰਬਲਭੂਸੇ ਵਿਚੋਂ ਬਚ ਕੇ ਨਿਕਲਣ ਦੀ ਕੋਸ਼ਿਸ਼ ਕੀਤੀ। ਪੀ.ਟੀ.ਆਈ. ਅਨੁਸਾਰ ਜਿੰਦਾ ਖ਼ਾਲਿਸਤਾਨ ਲਿਬਰੇਸ਼ਨ ਆਰਮੀ ਦਾ ਲੈਫਟੀਨੈਂਟ ਜਨਰਲ ਸੀ। ਉਹ ਬਾਬਾ ਠਾਕਰ ਸਿੰਘ ਜੀ ਦਾ ਅੰਗ ਰੱਖਿਅਕ ਵੀ ਰਿਹਾ। ਪੁਲਿਸ ਨੂੰ ਉਸਦੀ 50 ਕਤਲ ਕੇਸਾਂ ਵਿਚ ਭਾਲ ਸੀ।

ਪੁਲਿਸ ਸਮਝਦੀ ਹੈ ਕਿ ਖ਼ਾਲਿਸਤਾਨ ਲਿਬਰੇਸ਼ਨ ਆਰਮੀ ਦੇ ਮੁਖੀ ਨੇ ਉਸਨੂੰ ਗਣਤੰਤਰ ਦਿਵਸ ਉੱਤੇ ਬੰਬ ਧਮਾਕੇ ਕਰਨ ਦੀਆਂ ਹਦਾਇਤਾਂ ਦਿੱਤੀਆਂ ਸਨ। ਕਿਹਾ ਜਾਂਦਾ ਹੈ ਕਿ ਉਹ ਪੰਥਕ ਕਮੇਟੀ (ਜ਼ਫ਼ਰਵਾਲ) ਦੇ ਹਥਿਆਰ ਇਕ ਤੋਂ ਦੂਜੀ ਥਾਂ ਪਹੁੰਚਾਉਣ ਦਾ ਕੰਮ ਵੀ ਕਰਦਾ ਸੀ।

***ਹੋਈ ਨਾ ਪੰਜਾਬ ਪੁਲਿਸ ਦਿਲੀ ਤੋਂ ਸ਼ਾਬਾਸ਼ ਦੀ ਹੱਕਦਾਰ :*** 50 ਕੇਸਾਂ 'ਚ ਲੋੜੀਂਦੇ ਖਾੜਕੂ ਦਾ ਫੈਸਲਾ ਉਸਨੇ 2 ਦਿਨਾਂ ਵਿਚ ਹੀ ਕਰ ਦਿੱਤਾ, ਜੇ ਕੇਸ ਦਰਜ ਕਰਕੇ ਜੇਲ੍ਹ ਭੇਜਿਆ ਜਾਂਦਾ, ਪਤਾ ਨਹੀਂ ਹਿੰਦੁਸਤਾਨ ਦੀ ਸਰਕਾਰ ਦੀਆਂ ਅਦਾਲਤਾਂ ਨੂੰ ਕਿੰਨਾ ਚਿਰ ਸਿਰ ਖਪਾਈ ਕਰਨੀ ਪੈਂਦੀ, ਨਾਲੇ ਵਿਚਾਰੇ ਪੰਜਾਬ ਪੁਲਿਸ ਵਾਲਿਆਂ ਨੂੰ ਅਦਾਲਤ 'ਚ ਪੇਸ਼ੀਆਂ ਭੁਗਤਾਉਣ ਦਾ ਵਖਤ ਪਿਆ ਰਹਿਣਾ ਸੀ। ਇਸ ਹਿੰਦੁਸਤਾਨ ਦੇ ਕਾਨੂੰਨ ਵਿਚ ਕਿਹੜਾ ਸਿੱਖਾਂ ਨੂੰ ਇਨਸਾਫ਼ ਦਿੱਤਾ ਜਾਂਦਾ। ਜਿਥੇ ਅੱਗੇ ਹਜ਼ਾਰਾਂ ਸਿੱਖਾਂ ਦੇ ਕੇਸ ਝੂਠੇ ਪੁਲਿਸ ਮੁਕਾਬਲੇ ਕਰਨ ਵਾਲਿਆਂ ਨੂੰ ਤਰੱਕੀਆਂ ਦੇ ਕੇ ਨਿਵਾਜਿਆ ਜਾਂਦਾ ਹੁਣ ਫਿਰ ਭਾਈ ਹਰਜਿੰਦਰ ਸਿੰਘ ਜਿੰਦਾ ਠੱਕਰ ਸੰਧੂ ਨੂੰ ਖ਼ਤਮ ਕਰਨ ਵਾਲੇ ਪੁਲਿਸ ਵਾਲਿਆਂ ਨੂੰ ਵੀ ਸਰਕਾਰ ਦਾ ਤਰੱਕੀ ਦੇਣ ਦਾ ਫ਼ਰਜ਼ ਬਣਦਾ ਹੀ ਹੈ ਨਾ ?

ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਦੀ ਆਤਮਿਕ ਸ਼ਾਂਤੀ ਲਈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਪਾਏ ਗਏ, ਸੰਗਤ ਨੇ ਵੱਡੀ ਗਿਣਤੀ ਵਿਚ ਹਾਜ਼ਰੀ ਭਰੀ।

***

# ਸ਼ਹੀਦ ਭਾਈ ਤਰਸੇਮ ਸਿੰਘ ਕੋਹਾੜ
## ਲੈਫ. ਜਨਰਲ-ਖ਼ਾਲਿਸਤਾਨ ਕਮਾਂਡੋ ਫ਼ੋਰਸ

ੴ ਸਤਿਗੁਰ ਪ੍ਰਸਾਦਿ ॥
ਆਪਿ ਸਹਾਈ ਹੋਆ ਸਚੇ ਦਾ ਸਚਾ ਢੋਆ ॥
ਤੇਰੀ ਭਗਤਿ ਵਡਿਆਈ ਪਾਈ ਨਾਨਕ ਪ੍ਰਭ ਸਰਣਾਈ ॥
ਪ੍ਰਮੇਸਰ ਦਿਤਾ ਬੰਨਾ ਦੁਖ ਰੋਗ ਕਾ ਡੇਰਾ ਭੰਨਾ ॥



ਸੰਤ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਸਿੱਖ ਕੌਮ ਦੇ ਗਲੋਂ ਗੁਲਾਮੀ ਦਾ ਜੂਲਾ ਲਾਹੁਣ ਲਈ ਅਰੰਭੇ ਮੌਜੂਦਾ ਸਿੱਖ ਸੰਘਰਸ਼ ਦੌਰਾਨ, ਹਜ਼ਾਰਾਂ ਸਿੰਘਾਂ, ਸਿੰਘਣੀਆਂ, ਬੱਚਿਆਂ, ਬਜ਼ੁਰਗਾਂ ਨੇ ਜ਼ਾਲਮ ਹਕੂਮਤ ਦਾ ਅਸਹਿ ਤੇ ਅਕਹਿ ਕਸ਼ਟ-ਤਸ਼ੱਦਦ ਸਹਾਰਦਿਆਂ ਹੋਇਆਂ, ਸ਼ਹਾਦਤਾਂ ਦੇ ਜਾਮ ਪੀਤੇ, ਹਕੂਮਤੀ ਫੌਜਾਂ ਨਾਲ ਅਜਿਹੀ ਨੰਗੇ ਧੜ ਲੜਾਈ ਲੜੀ ਕਿ ਜਿਸ ਦੀ ਮਿਸਾਲ ਦੁਨੀਆ ਦੀਆਂ ਅਜ਼ਾਦੀ ਦੀਆਂ ਕੌਮੀ ਲਹਿਰਾਂ ਵਿਚ ਕਿਤੇ ਨਹੀਂ ਮਿਲਦੀ। 1947 ਵਿਚ ਭਾਰਤ ਅੰਗਰੇਜ਼ਾਂ ਤੋਂ ਅਜ਼ਾਦ ਹੋ ਗਿਆ, ਸਿੱਖ ਅੰਗਰੇਜ਼ਾਂ ਦੇ ਚਲੇ ਜਾਣ [illegible] ਬਾਅਦ ਹਿੰਦੂ ਸਰਕਾਰ ਦੇ ਗੁਲਾਮ ਹੋ ਕੇ ਰਹਿ ਗਏ, ਦੇਸ਼ ਦੀ ਅਜ਼ਾਦੀ ਤੋਂ ਬਾਅਦ [illegible] ਕੌਮ 'ਤੇ ਦਿਨੋ ਦਿਨ ਗੁਲਾਮੀ ਦੀਆਂ ਜ਼ੰਜੀਰਾਂ ਕੱਸੀਆਂ ਜਾਂਦੀਆਂ ਰਹੀਆਂ ਹਨ। [illegible] ਕੌਮ ਦੀ ਅਜ਼ਾਦੀ ਖ਼ਾਲਸਾ ਰਾਜ ਦੀ ਸਥਾਪਨਾ ਲਈ ਜੂਝਣ ਵਾਲੇ ਯੋਧਿਆਂ

ਵਿੱਚੋਂ ਹੀ ਭਾਈ ਤਰਸੇਮ ਸਿੰਘ ਜੀ ਕੋਹਾੜ ਹੋਏ ਹਨ, ਜਿਸ ਸੂਰਮੇ ਦਾ ਨਾਂ ਖਾਲਿਸਤਾਨ ਦੀ ਅਜ਼ਾਦੀ ਦੇ ਸੰਘਰਸ਼ ਵਿਚ ਬੜੇ ਫ਼ਖ਼ਰ ਨਾਲ ਜਾਣਿਆ ਜਾਂਦਾ ਹੈ।

ਖਾਲਿਸਤਾਨ ਕਮਾਂਡੋ ਫੋਰਸ ਦੇ ਲੈਫਟੀਨੈਂਟ ਜਨਰਲ ਸ਼ਹੀਦ ਭਾਈ ਤਰਸੇਮ ਸਿੰਘ ਜੀ ਦਾ ਜਨਮ ਮਾਤਾ ਇੰਦਰ ਕੌਰ ਦੀ ਕੁੱਖੋਂ ਸੰਨ ੧੯੬੧ ਵਿਚ ਪਿਤਾ ਸ: ਕਿਹਰ ਸਿੰਘ ਦੇ ਘਰ ਪਿੰਡ ਕੋਹਾੜ (ਨੇੜੇ ਕਾਦੀਆਂ) ਜ਼ਿਲ੍ਹਾ ਗੁਰਦਾਸਪੁਰ ਵਿਚ ਹੋਇਆ। ਆਪ ਪੰਜ ਭਰਾ ਤੇ ਆਪ ਦੀਆਂ ਤਿੰਨ ਭੈਣਾਂ ਸਨ। ਪਰਿਵਾਰ ਖੇਤੀਬਾੜੀ ਦਾ ਧੰਦਾ ਕਰਦਾ ਸੀ। ਤਰਸੇਮ ਸਿੰਘ ਕੋਹਾੜ ਨੇ ਮੁੱਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ ਤੇ ਉੱਚ ਵਿਦਿਆ ਡੀ.ਏ.ਵੀ. ਹਾਈ ਸਕੂਲ ਕਾਦੀਆਂ ਤੋਂ ਪ੍ਰਾਪਤ ਕੀਤੀ। ਉਚੇਰੀ ਵਿਦਿਆ ਹਾਸਲ ਕਰਨ ਲਈ ਬੇਰਿੰਗ ਯੂਨੀਅਨ ਕ੍ਰਿਸਚੀਅਨ ਕਾਲਜ ਬਟਾਲਾ ਵਿਚ ਪ੍ਰੀ-ਇੰਜੀਨੀਅਰਿੰਗ ਦੀ ਕਲਾਸ ਵਿਚ ਦਾਖਲਾ ਲਿਆ ਅਤੇ ਇਮਤਿਹਾਨ ਵਿਚ ਅੱਵਲ ਦਰਜੇ 'ਚ ਪਾਸ ਹੋਏ। ਆਪ ਦੀ ਇੰਜੀਨੀਅਰਿੰਗ ਕਾਲਜ ਵਿਚ ਦਾਖਲਾ ਲੈ ਕੇ ਇੰਜੀਨੀਅਰ ਬਣਨ ਦੀ ਖਾਹਿਸ਼ ਸੀ, ਜੋ ਦਾਖਲਾ ਨਾ ਮਿਲਣ 'ਤੇ ਪੂਰੀ ਨਾ ਹੋ ਸਕੀ। ਤਰਸੇਮ ਸਿੰਘ ਨੇ ਬਟਾਲੇ ਦੇ ਪਾਲੀਟੈਕਨਿਕ ਵਿਚ ਦਾਖਲਾ ਲਿਆ, ਇਸ ਸਮੇਂ ਦੌਰਾਨ ਇਕ ਵਿਦਿਆਰਥੀ ਮਾਨ ਸਿੰਘ ਦਾ ਕਤਲ ਹੋ ਗਿਆ, ਤਰਸੇਮ ਸਿੰਘ ਇਸ ਕਤਲ ਕੇਸ ਵਿਚ ਦੋ ਸਾਲ ਗੁਰਦਾਸਪੁਰ ਜੇਲ੍ਹ ਵਿਚ ਬੰਦ ਰਹੇ। ਪੜ੍ਹਾਈ ਕਰਕੇ ਇੰਜੀਨੀਅਰ ਬਣਨ ਦੀ ਰੀਝ ਵਿੱਚੇ ਰਹਿ ਗਈ। ਮਾਨ ਸਿੰਘ ਦੇ ਕਤਲ ਕੇਸ ਵਿਚ ਤਰਸੇਮ ਸਿੰਘ ਨੂੰ ਸੈਸ਼ਨ ਕੋਰਟ ਨੇ ਉਮਰ ਕੈਦ ਦੀ ਸਜ਼ਾ ਸੁਣਾਈ, ਜੋ ਹਾਈ ਕੋਰਟ ਵਿਚ ਅਪੀਲ ਕਰਨ 'ਤੇ ਬਰੀ ਹੋ ਗਏ। ਰਿਹਾਈ ਤੋਂ ਬਾਅਦ ਆਪ ਵਿਦੇਸ਼ ਜਾਣਾ ਚਾਹੁੰਦੇ ਸਨ, ਪਰ ਸਫ਼ਲ ਨਾ ਹੋ ਸਕੇ। ਕਈ ਪ੍ਰਾਈਵੇਟ ਕੰਮ ਧੰਦਾ ਕਰਨ ਦੇ ਉਪਰਾਲੇ ਕੀਤੇ, ਪਰ ਮਨ ਨਾ ਲੱਗਾ। ਜੇਲ੍ਹ-ਬੰਦੀ ਦਿਨਾਂ ਦੌਰਾਨ ਜੇਲ੍ਹ ਅੰਦਰ ਦੋ ਨਕਲਬਾੜੀ ਖਾੜਕੂਆਂ ਗੁਰਮੀਤ ਸਿੰਘ ਤੇ ਨਿਰਮਲ ਸਿੰਘ ਨਾਲ ਮੁਲਾਕਾਤ ਹੋਈ, ਜਿਸ ਨਾਲ ਆਪ ਜੁਝਾਰੂ ਵਿਚਾਰਧਾਰਾਂ ਦੇ ਮੁੱਦਈ ਬਣ ਗਏ। ਇਹਨੀਂ ਦਿਨੀਂ 4 ਅਗਸਤ 1982 ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਦੇ ਹੱਕਾਂ ਲਈ ਧਰਮ ਯੁੱਧ ਮੋਰਚਾ ਅਰੰਭ ਸੀ, ਸੰਤ ਜਰਨੈਲ ਸਿੰਘ ਜੀ ਦੀ ਰਹਿਨੁਮਾਈ ਹੇਠ ਹਿੰਦੂ ਹਕੂਮਤ ਨਾਲ ਸਿੱਖ ਆਰ-ਪਾਰ ਦੀ ਲੜਾਈ ਲੜ ਰਹੇ ਸਨ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਰਕਾਰ ਆਪਣੇ ਸੂਬੇਦਾਰ ਦਰਬਾਰਾ ਸਿੰਘ (ਮੁੱਖ ਮੰਤਰੀ ਤੋਂ ਸਿੱਖਾਂ ਨੂੰ ਜ਼ੁਲਮ-ਤਸ਼ੱਦਦ ਦਾ ਸ਼ਿਕਾਰ ਬਣਾ ਰਹੀ ਸੀ) ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ 'ਚ ਮਾਰ ਕੇ ਪੰਜਾਬ ਪੁਲਿਸ ਨੂੰ ਆਪਣੀਆਂ ਫੀਤੀਆਂ ਵਧਾਉਣ ਦਾ ਮੌਕਾ ਮਿਲ ਗਿਆ ਸੀ। ਦੂਜੇ ਪਾਸੇ ਸੰਤ ਜਰਨੈਲ ਸਿੰਘ ਜੀ ਬੜੀ ਸੂਝ ਬੂਝ ਨਾਲ ਧਰਮ ਯੁੱਧ ਮੋਰਚੇ ਦੀ ਕਮਾਂਡ ਕਰ ਰਹੇ ਸਨ। ਸੰਤ ਜਰਨੈਲ ਸਿੰਘ ਜੀ ਦੀਆਂ ਅਰਥ ਭਰਪੂਰ ਦਲੀਲਾਂ ਨੇ ਸਿੱਖ ਨੌਜਵਾਨਾਂ ਨੂੰ ਆਪਣੇ ਹੱਕਾਂ ਤੇ ਖਾਲਸਈ ਰਵਾਇਤਾਂ ਨੂੰ ਬਰਕਰਾਰ ਰੱਖਣ ਲਈ ਜ਼ੁਲਮ ਵਿਰੁੱਧ ਜੂਝਣ ਵਾਲੇ ਜ਼ਾਲਮਾਂ ਨੂੰ ਗੱਡੀ ਚੜ੍ਹਾਉਣ, ਧਰਮ ਅਤੇ ਸਿੱਖ ਕੌਮ ਦੀ ਆਨ

ਤੇ ਸ਼ਾਨ ਦੀ ਖਾਤਰ ਮਰਨ ਦਾ ਵਲ ਸਿਖਾ ਦਿੱਤਾ ਸੀ। ਸਿੱਖ ਨੌਜਵਾਨ ਸਿੱਖੀ ਦੇ ਸਵੈਮਾਣ ਲਈ, ਸਿਰ ਲੈਂਦੇ ਵੀ ਸੀ ਤੇ ਸਿਰ ਦੇ ਕੇ ਖਾਲਸੇ ਦੀ ਚੜ੍ਹਦੀ ਕਲਾ ਦੇ ਜੈਕਾਰੇ ਗਜਾਉਂਦੇ ਸਨ। ਸੈਂਕੜੇ ਨੌਜਵਾਨ ਸਿੱਖ ਹੱਕਾਂ ਦੀ ਪ੍ਰਾਪਤੀ ਲਈ ਸੰਤ ਜਰਨੈਲ ਸਿੰਘ ਜੀ ਦੀ ਗੋਦੀ ਦਾ ਨਿੱਘ ਮਾਣਨ ਲਈ ਸਿਰਾਂ ਉੱਤੇ ਕਫਨ ਬੰਨ੍ਹ ਕੇ ਮੈਦਾਨੇ ਜੰਗ ਵਿਚ ਨਿੱਤਰ ਆਏ ਸਨ। ਸਤੰਬਰ-ਅਕਤੂਬਰ 1983 ਵਿਚ ਭਾਈ ਤਰਸੇਮ ਸਿੰਘ ਕੋਹਾੜ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਰਸ਼ਨ ਇਸ਼ਨਾਨ ਕਰਨ ਗਏ, ਸੰਤ ਜਰਨੈਲ ਸਿੰਘ ਜੀ ਦੇ ਸਿੱਖ ਹੱਕਾਂ ਦੀ ਪ੍ਰਾਪਤੀ ਲਈ ਇਨਕਲਾਬੀ ਵਿਚਾਰ ਸੁਣੇ ਤੇ ਸੰਤ ਜੀ ਦੇ ਵਿਚਾਰਾਂ ਦੇ ਮੁਰੀਦ ਬਣ ਗਏ। ਹਫਤੇ ਵਿਚ ਇਕ ਵਾਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸੰਤ ਜਰਨੈਲ ਸਿੰਘ ਜੀ ਦੇ ਵਿਚਾਰ ਸੁਣਨ ਜ਼ਰੂਰ ਜਾਂਦੇ। ਇਸ ਸਮੇਂ ਦੌਰਾਨ ਸੰਤ ਜਰਨੈਲ ਸਿੰਘ ਜੀ ਖਾਲਸਾ, ਭਾਈ ਅਮਰੀਕ ਸਿੰਘ ਜੀ, ਜਨਰਲ ਸੁਬੇਗ ਸਿੰਘ ਜੀ ਦੇ ਵਿਸ਼ਵਾਸ ਪਾਤਰ ਬਣ ਗਏ, ਅੰਮ੍ਰਿਤ ਛਕ ਕੇ ਸਿੰਘ ਸਰੂਪ ਵਿਚ ਪ੍ਰਪੱਕ ਹੋ ਗਏ। ਜਨਰਲ ਸੁਬੇਗ ਸਿੰਘ ਜੀ ਨੇ ਹਥਿਆਰਾਂ ਦੀ ਟ੍ਰੇਨਿੰਗ ਦੇ ਕੇ ਜ਼ਾਲਮ ਹਕੂਮਤ ਦਾ ਟਾਕਰਾ ਕਰਨ ਲਈ ਤਿਆਰ ਕੀਤਾ ਤੇ ਤਰਸੇਮ ਸਿੰਘ ਦੀ ਡਿਊਟੀ, ਸ੍ਰੀ ਦਰਬਾਰ ਸਾਹਿਬ ਅੰਦਰ ਆਉਣ ਜਾਣ ਵਾਲੇ ਸ਼ੱਕੀ ਬੰਦਿਆਂ ਉੱਤੇ ਨਜ਼ਰ ਰੱਖਣ 'ਤੇ ਲਾ ਦਿੱਤੀ। ਇਸ ਉਪਰੰਤ ਸੰਤ ਭਿੰਡਰਾਂਵਾਲਿਆਂ ਦੀ ਸੁਰੱਖਿਆ ਦਾ ਕੰਮ ਵੀ ਪੂਰੀ ਤਨਦੇਹੀ ਨਾਲ ਨਿਭਾਉਂਦੇ ਰਹੇ। ਜੂਨ 1984 ਤੋਂ ਕੁਝ ਦਿਨ ਪਹਿਲਾਂ ਸੰਤ ਜਰਨੈਲ ਸਿੰਘ ਜੀ ਦੇ ਹੁਕਮ 'ਤੇ ਆਪਣੇ ਪਿੰਡ ਕੋਹਾੜ ਚਲੇ ਗਏ। ਸੰਤ ਜੀ ਦਾ ਹੁਕਮ ਸੀ ਕਿ ਤਰਸੇਮ ਸਿੰਘ, ਘਰ ਜਾ ਕੇ ਅਵੇਸਲੇ ਨਹੀਂ ਹੋਣਾ, ਪੂਰੀ ਹੁਸ਼ਿਆਰੀ ਨਾਲ ਰਹਿਣਾ, ਸਮਾਂ ਬੜਾ ਸਖ਼ਤ ਆ ਰਿਹੈ, ਸਿੱਖ ਕੌਮ ਦੀ ਅਜ਼ਾਦੀ ਤਕ ਸੰਘਰਸ਼ ਜਾਰੀ ਰੱਖਣਾ ? ਸੰਤ ਜੀ ਦੀ ਭਵਿੱਖਬਾਣੀ ਸੱਚ ਸਾਬਤ ਹੋਈ। 2 ਜੂਨ ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੁਕਮਾਂ 'ਤੇ ਹਿੰਦੁਸਤਾਨੀ ਫੌਜਾਂ ਤੋਪਾਂ, ਟੈਂਕਾਂ, ਮਸ਼ੀਨਗੰਨਾਂ ਨਾਲ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਅਤੇ 40 ਹੋਰ ਗੁਰਦੁਆਰਿਆਂ ਉਪਰ ਕਹਿਰੀ ਹਮਲਾ ਕੀਤਾ। ਸ੍ਰੀ ਅਕਾਲ ਤਖਤ ਸਾਹਿਬ ਢਾਹ-ਢੇਰੀ ਕਰ ਦਿੱਤਾ, ਗੁਰਦੁਆਰੇ ਖੰਡਰ ਬਣਾ ਦਿੱਤੇ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਆਈਆਂ ਸੰਗਤਾਂ, ਸਿੱਖ ਨੌਜਵਾਨਾਂ, ਬੀਬੀਆਂ, ਬੱਚਿਆਂ, ਬੁੱਢਿਆਂ ਦੀ ਹਜ਼ਾਰਾਂ ਦੀ ਗਿਣਤੀ ਵਿਚ ਕਤਲੇਆਮ ਕੀਤੀ ਗਈ। ਸਿੱਖਾਂ ਦੇ ਗੁਰਧਾਮਾਂ ਦੀ ਬੇਅਦਬੀ ਤੇ ਸਿੱਖਾਂ ਦੀ ਕਤਲੇਆਮ ਵੇਖ ਕੇ ਦੁਨੀਆ ਭਰ ਦੇ ਇਨਸਾਫਪਸੰਦ ਲੋਕ ਵੀ ਹਿੰਦੁਸਤਾਨੀ ਸਰਕਾਰ ਵਲੋਂ ਸਿੱਖਾਂ ਉਤੇ ਕੀਤੇ ਜ਼ੁਲਮ ਵੇਖ ਕੇ ਕੁਰਲਾ ਉੱਠੇ। ਵੀ ਦਿਨ ਵੇਲੇ ਲਾਲ ਧੁੰਧ ਵਿਚ ਛਿਪ ਗਿਆ। ਹਿੰਦੂ ਸਿੱਖਾਂ ਨੂੰ ਤਾਅਨੇ ਮੇਹਣੇ ਲੱਗੇ, ਜਿਸਨੂੰ ਸੁਣ ਕੇ ਬਹਾਦਰ ਧਰਮੀ ਸਿੱਖ ਫੌਜੀਆਂ ਨੇ ਬੈਰਕਾਂ ਛੱਡ ਕੇ ਬਗਾਵਤ ਕੀਤੀ, ਜਨੂੰਨੀ ਹਿੰਦੂ ਫਿਰਕਾਪ੍ਰਸਤਾਂ ਨੂੰ ਆਪਣੇ ਰੋਹ ਦਾ ਨਿਸ਼ਾਨਾ ਬਣਾਇਆ। ਧਰਮੀ ਫੌਜੀਆਂ ਸਿੱਖੀ ਦੀ ਆਨ-ਸ਼ਾਨ ਲਈ ਸ਼ਹਾਦਤਾਂ ਦੇ ਜਾਮ ਪੀਤੇ।

31 ਅਕਤੂਬਰ 1984 ਨੂੰ ਪੰਜਾਬ ਦੇ ਬਹਾਦਰ ਸਿੱਖਾਂ ਸ. ਬੇਅੰਤ ਸਿੰਘ ਤੇ ਸ. ਸਤਵੰਤ ਸਿੰਘ ਨੇ ਜੂਨ 1984 ਦੇ ਘੱਲੂਘਾਰੇ ਦੀ ਮੁੱਖ ਜ਼ਿੰਮੇਵਾਰ ਨੂੰ ਸਿਰਫ਼ ਪੰਜ ਮਹੀਨਿਆਂ ਦੇ ਅੰਦਰ ਉਸ ਦੇ (ਕਿਲ੍ਹੇ) ਘਰ ਅੰਦਰ ਹੀ ਦਿਨ ਦੀਵੀਂ ਗੋਲੀਆਂ ਨਾਲ ਫੁੰਡ ਕੇ ਨਰਕਧਾਮ ਪਹੁੰਚਾ ਦਿੱਤਾ, ਤਾਂ ਹਿੰਦੂ ਫ਼ਿਰਕਾਪ੍ਰਸਤੀਆਂ ਨੇ ਆਪਣੀ ਗਲਤੀ ਅਹਿਸਾਸ ਕਰਨ ਦੀ ਬਜਾਏ, ਸਿੱਖਾਂ ਸਿਰ ਨਵੀਂ ਹੋਰ ਭਾਜੀ ਚਾੜ੍ਹ ਦਿੱਤੀ। ਹਿੰਦੁਸਤਾਨੀ ਰਾਜਧਾਨੀ ਦਿੱਲੀ ਅਤੇ ਬਕਾਰੋ, ਕਾਨਪੁਰ ਅਤੇ ਹੋਰ ਸ਼ਹਿਰਾਂ 'ਚ ਸਿੱਖਾਂ ਦੀ ਵਹਿਸ਼ੀ ਕਤਲੇਆਮ ਕੀਤੀ। ਸਿੱਖਾਂ ਨੂੰ ਜਿਉਂਦੇ ਗਲਾਂ ਵਿਚ ਬਲਦੇ ਟਾਇਰ ਪਾ ਕੇ ਸਾੜਿਆ ਗਿਆ, ਸਰੀਆਂ ਨਾਲ ਸਿਰ ਫੇਹੇ ਗਏ, ਸਿੱਖਾਂ ਦੀਆਂ ਧੀਆਂ ਭੈਣਾਂ ਨਾਲ ਬਲਾਤਕਾਰ ਕੀਤੇ, ਮਾਸੂਮ ਬੱਚਿਆਂ ਨੂੰ ਕੋਹਿਆ ਗਿਆ। ਜਾਇਦਾਦਾਂ ਲੁੱਟੀਆਂ, ਘਰ ਸਾੜੇ ਗਏ। ਮਰੀ ਮਾਂ ਦੀ ਲਾਸ਼ 'ਤੇ ਕੁਰਸੀ ਡਾਹ ਕੇ ਹਿੰਦੁਸਤਾਨ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਨੇ ਸਿੱਖਾਂ ਦੀ ਨਵੰਬਰ 1984 ਦੀ ਕਤਲੇਆਮ ਦਾ ਪ੍ਰਤੀਕਰਮ ਤੇ ਜਾਇਜ਼ ਦੱਸਦਿਆਂ ਕਿਹਾ, "ਜਬ ਬੜਾ ਪੇੜ ਗਿਰਤਾ ਹੈ, ਤੋ ਧਰਤੀ ਹਿਲਤੀ ਹੈ।" ਜੂਨ 1984 ਦੇ ਹਮਲੇ 'ਚ ਢਹਿ-ਢੇਰੀ ਹੋਏ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਅਤੇ ਦਿੱਲੀ 'ਚ ਸਿੱਖਾਂ ਦੀ ਕਤਲੇਆਮ ਨੇ, ਸਿੱਖ ਨੌਜਵਾਨਾਂ ਨੂੰ ਆਪਣੇ ਵੱਖਰੇ ਘਰ ਲਈ ਸੰਘਰਸ਼ ਕਰਨ ਲਈ ਸੋਚਣ ਲਈ ਮਜਬੂਰ ਕਰ ਦਿੱਤਾ।

ਭਾਈ ਤਰਸੇਮ ਸਿੰਘ ਕੌਹਾੜ ਦੀ ਸ਼ਾਦੀ ਅਪ੍ਰੈਲ 1984 ਵਿਚ ਬੀਬੀ ਪਰਮਜੀਤ ਕੌਰ ਪੁੱਤਰੀ ਸ. ਹਰਬੰਸ ਸਿੰਘ ਦਿਆਲਗੜ੍ਹ ਨਾਲ ਹੋਈ। 4 ਜੁਲਾਈ 1986 ਨੂੰ ਬੇਟੇ ਰਣਜੋਤ ਸਿੰਘ ਨੇ ਜਨਮ ਲਿਆ। ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਭਾਈ ਤਰਸੇਮ ਸਿੰਘ ਪ੍ਰੇਸ਼ਾਨ ਰਹਿਣ ਲੱਗੇ, ਆਪ ਦਾ ਮੇਲ ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਵੱਸਣ ਸਿੰਘ ਜਫ਼ਰਵਾਲ, ਭਾਈ ਮਨਜੀਤ ਸਿੰਘ ਖੁਜਾਲਾ (ਗੁਰਦਾਸਪੁਰ), ਬਾਬਾ ਮੱਖਣ ਸਿੰਘ, ਭਾਈ ਜੋਗਾ ਸਿੰਘ ਬਿਸ਼ਨੰਦੀ, ਭਾਈ ਵਰਿਆਮ ਸਿੰਘ (ਫਰੀਦਕੋਟ) ਖੱਪਿਆਂ ਵਾਲੀ, ਭਾਈ ਹਰਜਿੰਦਰ ਸਿੰਘ ਜਿੰਦਾ ਅਰਜਨਪੁਰ ਨਾਲ ਹੋਇਆ। ਇਨ੍ਹਾਂ ਸਿੰਘਾਂ ਨਾਲ ਰਲ ਕੇ ਬਦਲਾ ਲੈਣ ਦਾ ਪ੍ਰਣ ਕੀਤਾ। ਮਾਰਚ 1985 ਵਿਚ ਸਿੰਘਾਂ ਨੇ ਖਾਲਿਸਤਾਨ ਲਿਬਰੇਸ਼ਨ ਆਰਮੀ ਦੀ ਸਥਾਪਨਾ ਕੀਤੀ, ਵੱਸਣ ਸਿੰਘ ਮੁਖੀ ਬਣਾਏ ਗਏ ਤੇ ਭਾਈ ਤਰਸੇਮ ਸਿੰਘ ਕੋਹਾੜ ਨੂੰ ਲੈਫਟੀਨੈਂਟ ਜਨਰਲ ਬਣਾਇਆ ਗਿਆ। ਖਾਲਿਸਤਾਨ ਦੀ ਪ੍ਰਾਪਤੀ ਲਈ ਹਥਿਆਰਬੰਦ ਸੰਘਰਸ਼ ਅਰੰਭ ਕਰ ਦਿੱਤਾ। 25 ਜਨਵਰੀ 1986 ਨੂੰ ਪੰਥਕ ਕਮੇਟੀ ਬਣਾਉਣ ਸਬੰਧੀ ਗੁਰਦੁਆਰਾ ਮਹਿਤਾ ਸਾਹਿਬ ਵਿਖੇ ਜੁਝਾਰੂ ਸਿੰਘਾਂ ਦੀ ਗੁਪਤ ਮੀਟਿੰਗ ਹੋਈ, ਜਿਸ ਵਿਚ ਭਾਈ ਤਰਸੇਮ ਸਿੰਘ ਕੌਹਾੜ ਦਾ ਨਾਂ ਨਿਯੁਕਤ ਕੀਤਾ ਗਿਆ। ਭਾਈ ਸਾਹਿਬ ਨੇ ਆਪਣੀ ਥਾਂ 'ਤੇ ਵੱਸਣ ਸਿੰਘ ਜਫ਼ਰਵਾਲ ਦਾ ਨਾਂ ਪੇਸ਼ ਕੀਤਾ। ਪੰਜ ਮੈਂਬਰੀ ਕਮੇਟੀ ਦੇ ਪੰਜ ਮੁੱਢਲੇ ਮੈਂਬਰ ਭਾਈ ਧੰਨਾ ਸਿੰਘ, ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਗੁਰਦੇਵ ਸਿੰਘ ਉਸਮਾਨ ਵਾਲਾ, ਵੱਸਣ ਸਿੰਘ ਜਫ਼ਰਵਾਲ ਤੇ ਗਿਆਨੀ ਅਰੂੜ ਸਿੰਘ ਸਨ। ਪੰਥਕ

ਕਮੇਟੀ ਦਾ ਕੰਮ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਸਿੱਖ ਸੰਘਰਸ਼ ਨੂੰ ਸੇਧ ਦੇਣਾ, ਸੰਘਰਸ਼ ਦੀ ਰੂਪ ਰੇਖਾ ਤਿਆਰ ਕਰ ਕੇ ਅਗਵਾਈ ਦੇਣੀ, ਸਿੱਖ ਕੌਮ ਦੀ ਅਜ਼ਾਦੀ ਲਈ ਫੈਸਲੇ ਕਰਨਾ ਸੀ।

ਵੱਸਣ ਸਿੰਘ ਜਫ਼ਰਵਾਲ ਦੇ ਪੰਥਕ ਕਮੇਟੀ ਮੈਂਬਰ ਨਿਯੁਕਤ ਹੋ ਜਾਣ ਤੇ ਖ਼ਾਲਿਸਤਾਨ ਲਿਬਰੇਸ਼ਨ ਆਰਮੀ ਦਾ ਜਰਨੈਲ ਭਾਈ ਤਰਸੇਮ ਸਿੰਘ ਕੋਂਹਾੜ ਨੂੰ ਥਾਪਿਆ ਗਿਆ। ਸੰਨ 1986 ਵਿਚ ਖਾੜਕੂ ਸਿੰਘਾਂ ਦੀ ਇਕ ਮੀਟਿੰਗ ਹੋਈ, ਜਿਸ ਵਿਚ ਭਾਈ ਮਨਬੀਰ ਸਿੰਘ ਚਹੇੜੂ ਅਤੇ ਭਾਈ ਤਰਸੇਮ ਸਿੰਘ ਕੋਹਾੜ ਦੇ ਗਰੁੱਪਾਂ ਦੀ ਏਕਤਾ ਹੋ ਗਈ ਅਤੇ ਖ਼ਾਲਿਸਤਾਨ ਕਮਾਂਡੋ ਫੋਰਸ ਦੀ ਸਥਾਪਨਾ ਕੀਤੀ ਗਈ। ਭਾਈ ਮਨਬੀਰ ਸਿੰਘ ਚਹੇੜੂ ਨੂੰ ਖ਼ਾਲਿਸਤਾਨ ਕਮਾਂਡੋ ਫੋਰਸ ਦਾ ਮੁੱਖ ਜਰਨੈਲ ਥਾਪਿਆ ਗਿਆ ਜੋ ਜਨਰਲ ਹਰੀ ਸਿੰਘ ਦੇ ਨਾਂ ਨਾਲ ਪ੍ਰਸਿੱਧ ਹੋਇਆ। ਭਾਈ ਤਰਸੇਮ ਸਿੰਘ ਕੋਂਹਾੜ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਲੈਫਟੀਨੈਂਟ ਜਨਰਲ ਦੇ ਤੌਰ 'ਤੇ ਸਿੰਘਾਂ ਦੀ ਅਗਵਾਈ ਕਰਨ ਲੱਗੇ। ਭਾਈ ਤਰਸੇਮ ਸਿੰਘ ਕੋਂਹਾੜ ਦੀ ਅਗ:ਵਾਈ ਹੇਠ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਖਾੜਕੂ ਕਾਰਨਾਮਿਆਂ ਦੀਆਂ ਪੰਜਾਬ ਅੰਦਰ ਧੁੰਮਾਂ ਪੈ ਗਈਆਂ। ਖ਼ਾਲਿਸਤਾਨ ਕਮਾਂਡੋ ਫੋਰਸ ਦੀਆਂ ਖਾੜਕੂ ਕਾਰਵਾਈਆਂ ਦੀ ਸਾਰੀ ਜ਼ਿੰਮੇਵਾਰੀ ਜਨਰਲ ਹਰੀ ਸਿੰਘ ਅਤੇ ਲੈਫ: ਤਰਸੇਮ ਸਿੰਘ ਕੋਹਾੜ ਦੇ ਸਿਰ ਹੁੰਦੀ ਸੀ। ਇਹਨੀਂ ਦਿਨੀਂ 1986 ਵਿਚ ਖਾੜਕੂ ਸਿੰਘਾਂ ਨੇ ਭਾਰਤੋਂ ਪਾਰ ਤੋਂ ਹਥਿਆਰ ਪ੍ਰਾਪਤ ਕਰਨ ਦੇ ਯਤਨ ਅਰੰਭ ਦਿੱਤੇ ਸਨ।

ਪੁਲਿਸ ਨੂੰ ਦਿੱਤੇ ਇਕਬਾਲੀਆ ਬਿਆਨ ਅਨੁਸਾਰ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਸਿੰਘਾਂ ਦੀ ਗਿਣਤੀ 50 ਤੋਂ ਵੱਧ ਸੀ ਅਤੇ ਕੋਹਾੜ ਗਰੁੱਪ ਕੋਲ 7 ਸਟੇਨਗੰਨਾਂ, 9 ਰਿਵਾਲਵਰ 455 ਏ, ਇਕ ਰਿਵਾਲਵਰ 38 ਦਾ, 1 ਮਾਊਜ਼ਰ, 5 ਰਾਈਫਲਾਂ 303 ਦੀਆਂ, ਤਿੰਨ ਬੰਦੂਕਾਂ 12 ਬੋਰ ਦੀਆਂ ਅਤੇ 2 ਹੱਥ ਗੋਲੇ ਸਨ। ਇਹ ਹਥਿਆਰ ਲੋਕਾਂ ਤੋਂ ਤੇ ਸੁਰੱਖਿਆ ਫੋਰਸਾਂ ਤੋਂ ਖੋਹੇ ਸਨ। ਜੇ ਪੁਲਿਸ ਮੁਤਾਬਿਕ ਭਾਈ ਤਰਸੇਮ ਸਿੰਘ ਦੇ ਇਸ ਬਿਆਨ ਨੂੰ ਸਹੀ ਮੰਨ ਲਿਆ ਜਾਵੇ ਤਾਂ ਖਾੜਕੂ ਸਿੰਘਾਂ ਦੀ ਬਹਾਦਰੀ, ਬੇ-ਮਿਸਾਲ ਹੈ ਅਤੇ ਪੜ੍ਹ ਕੇ ਜੈਮਲ-ਫੱਤਾ ਦਾ ਇਤਿਹਾਸ ਦੀ ਯਾਦ ਆ ਜਾਂਦੀ ਹੈ। ਜੈਮਲ ਅਤੇ ਫੱਤਾ ਰਾਜਪੂਤ ਬਹਾਦਰਾਂ ਨੇ, ਮੁਗ਼ਲ ਅਕਬਰ ਬਾਦਸ਼ਾਹ ਨਾਲ ਟੱਕਰ ਲਈ ਸੀ ਤੇ ਪਰ ਉਸ ਦੀ ਈਨ ਨਹੀਂ ਸੀ ਮੰਨੀ। ਉਨ੍ਹਾਂ ਕੋਲ ਭਾਵੇਂ ਫੌਜ ਅਕਬਰ ਬਾਦਸ਼ਾਹ ਦੇ ਮੁਕਾਬਲੇ ਦੀ ਨਹੀਂ ਸੀ, ਪਰ ਅਣਖ ਗ਼ੈਰਤ ਉਨ੍ਹਾਂ ਦੇ ਰੋਮ-ਰੋਮ ਵਿਚ ਸਮੋਈ ਹੋਈ ਸੀ, ਪਰ ਹਵੇਲੀ ਕਿਲ੍ਹੇ ਵਰਗੀ ਸੀ, ਜਿਹੜੀ ਉਨ੍ਹਾਂ ਦੀ ਬਹਾਦਰੀ ਦੇ ਜੌਹਰ ਵਿਖਾਉਣੇ ਲਈ ਢਾਲ ਬਣੀ। ਜੈਮਲ ਤੇ ਫੱਤਾ, ਮਰਦਾਨਗੀ ਨਾਲ ਅਕਬਰ ਬਾਦਸ਼ਾਹ ਦੀਆਂ ਫੌਜਾਂ ਨਾਲ ਲੜਦੇਂ ਸ਼ਹੀਦ ਹੋ ਗਏ।

ਜੇ ਇਥੇ ਸਿੰਘਾਂ ਦੀ ਬਹਾਦਰੀ ਨੂੰ ਵਿਚਾਰਿਆ ਜਾਏ ਤਾਂ ਹੈਰਾਨੀ ਹੁੰਦੀ ਹੈ ਕਿ ਭਾਈ ਮਨਬੀਰ ਸਿੰਘ ਚਹੇੜੂ ਤੇ ਭਾਈ ਤਰਸੇਮ ਸਿੰਘ ਕੋਹਾੜ ਦੀ ਜਥੇਬੰਦੀ, 50-

60 ਸਿੰਘ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਨਾਂ ਹੇਠ ਜਿਨ੍ਹਾਂ ਕੋਲ ਨਾ ਕੋਈ ਕਿਲ੍ਹਾ, ਨਾ ਕੋਈ ਫੌਜ, ਨਾ ਕੋਈ ਹਥਿਆਰ, ੫੦-੬੦ ਪੇਂਡੂ ਮੁੰਡੇ ਉਠ ਕੇ ਦੁਨੀਆ ਦੀ ਪੰਜਵੀਂ ਤਾਕਤ ਕਹਾਉਣ ਵਾਲੀ ਹਿੰਦੁਸਤਾਨ ਦੀ ਹਕੂਮਤ ਨਾਲ ਆਪਣੀ ਸਿੱਖ ਕੌਮ ਦੀ ਅਜ਼ਾਦੀ ਤੇ ਖਾਲਸਾ ਰਾਜ ਦੀ ਪ੍ਰਾਪਤੀ ਲਈ ਮੈਦਾਨੇ ਜੰਗ ਵਿਚ ਨਿਤਰਨ ਤਾਂ ਆਫਰੀਨ ਹੈ।

ਭਾਈ ਤਰਸੇਮ ਸਿੰਘ ਕੋਹਾੜ ਦਾ ਨਾਂ ਜੱਜ ਮਿਰਚੀਆ (ਸਾਜ਼ਿਸ਼ ਕਤਲ) 'ਚ ਅਤੇ ਲੁਬਾਣਿਆਂ ਵਾਲੀ ਬੱਸ ਕਾਂਡ ਵਿਚ ਵੀ ਬੋਲਦਾ ਸੀ। 12 ਅਗਸਤ 1984 ਨੂੰ ਭਾਈ ਤਰਸੇਮ ਸਿੰਘ ਆਪਣੇ ਸਾਥੀ ਭਾਈ ਸੁਖਦੇਵ ਸਿੰਘ ਵਾਸੀ ਲਿੱਧੜ ਨਾਲ ਹਮੀਰਾ ਸ਼ਰਾਬ ਮਿੱਲ ਤੋਂ ਕਿਸੇ ਵਿਅਕਤੀ ਨੂੰ ਮਿਲ ਕੇ ਸਕੂਟਰ 'ਤੇ ਬਾਹਰ ਆ ਰਹੇ ਸਨ, ਉਸੇ ਵਿਅਕਤੀ ਨੇ ਪੁਲਿਸ ਨੂੰ ਪਹਿਲਾਂ ਸੂਚਿਤ ਕਰ ਦਿੱਤਾ ਸੀ, ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਪੰਜਾਬ ਪੁਲਿਸ ਭਾਈ ਤਰਸੇਮ ਸਿੰਘ ਤੇ ਭਾਈ ਸੁਖਦੇਵ ਸਿੰਘ ਤੋਂ ਖ਼ਾਲਿਸਤਾਨੀ ਸਿੰਘਾਂ ਬਾਰੇ ਵੱਡੇ ਤੋਂ ਵੱਡੇ ਭੇਤ ਲੈਣਾ ਚਾਹੁੰਦੀ ਸੀ ਪਰ ਕਾਮਯਾਬ ਨਾ ਹੋ ਸਕੀ। ਪੰਜਾਬ ਸਰਕਾਰ ਨੇ ਕਾਲੇ ਕਾਨੂੰਨ ਟਾਡਾ ਅਧੀਨ ਨਾਭਾ ਜੇਲ੍ਹ ਵਿਚ ਬੰਦ ਕਰ ਦਿੱਤਾ। ਇਥੋਂ ੧ ਸਾਲ ਲਈ ਦੋਵਾਂ ਸਿੰਘਾਂ ਨੂੰ ਪੂਨੇ ਜੇਲ੍ਹ (ਮਹਾਰਾਸ਼ਟਰ) 'ਚ ਨਜ਼ਰਬੰਦ ਰੱਖਿਆ। ਪੂਨੇ ਜੇਲ੍ਹ ਤੋਂ ਨਾਸਿਕ ਜੇਲ੍ਹ ਲਿਆਂਦਾ ਗਿਆ। ਉਥੋਂ ਪੰਜਾਬ ਪੁਲਿਸ ਨੇ ਦੋਵਾਂ ਸਿੰਘਾਂ ਭਾਈ ਤਰਸੇਮ ਸਿੰਘ ਕੋਹਾੜ ਤੇ ਭਾਈ ਸੁਖਦੇਵ ਸਿੰਘ ਲਿੱਧੜ ਨੂੰ ਜੇਲ੍ਹ 'ਚੋਂ ਕੱਢ ਕੇ ਪਿੰਡ ਅਗਵਾਨ ਖੁਰਦ ਦੇ ਉਜਾੜ ਸੇਮ ਨਾਲੇ ਦੇ ਨਾਲ ਲੱਗਦੇ ਖੇਤਾਂ 'ਚ ਲਿਜਾ ਕੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਪੰਜਾਬ ਪੁਲਿਸ ਵੱਲੋਂ ਭਾਈ ਤਰਸੇਮ ਸਿੰਘ, ਭਾਈ ਸੁਖਦੇਵ ਸਿੰਘ ਨੂੰ ਜੇਲ੍ਹ 'ਚੋਂ ਕੱਢ ਕੇ ਝੂਠੇ ਪੁਲਿਸ ਮੁਕਾਬਲੇ ਵਿਚ ਖ਼ਤਮ ਕਰਨ ਦੀ ਕਹਾਣੀ ਵੀ ਐਨੀ ਹਾਸੋਹੀਣੀ ਤੇ ਝੂਠੀ ਸੀ ਕਿ ਜਿਸ ਉਤੇ ਯਕੀਨ ਨਹੀਂ ਕੀਤਾ ਜਾ ਸਕਦਾ। ਪੰਜਾਬ ਪੁਲਿਸ ਵੱਲੋਂ ਅਖ਼ਬਾਰਾਂ ਨੂੰ ਜਾਰੀ ਕੀਤੇ ਬਿਆਨ ਮੁਤਾਬਕ : ਪੰਜਾਬ ਪੁਲਿਸ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਲੈਫਟੀਨੈਂਟ ਜਨਰਲ, ਖ਼ਤਰਨਾਕ ਅੱਤਵਾਦੀ ਤਰਸੇਮ ਸਿੰਘ ਕੋਹਾੜ ਅਤੇ ਉਸਦੇ ਸਾਥੀ ਸੁਖਦੇਵ ਸਿੰਘ ਲਿੱਧੜ ਨੂੰ ਹਥਿਆਰਾਂ ਦੀ ਬਰਾਮਦੀ ਵਾਸਤੇ ਲੈ ਕੇ ਗਈ, ਅੱਤਵਾਦੀਆਂ ਨੇ ਤਰਸੇਮ ਸਿੰਘ ਅਤੇ ਸੁਖਦੇਵ ਸਿੰਘ ਨੂੰ ਛੁਡਾਉਣ ਲਈ ਪੰਜਾਬ ਪੁਲਿਸ ਦੀ ਪਾਰਟੀ 'ਤੇ ਫਾਇਰਿੰਗ ਕਰ ਦਿੱਤੀ, ਪੰਜਾਬ ਪੁਲਿਸ ਦੇ ਜਵਾਨਾਂ ਵੀ ਜਵਾਬੀ ਗੋਲੀ ਚਲਾਈ, ਇਸ ਦੁਪਾਸੀ ਫਾਇਰਿੰਗ ਵਿਚ ਭੱਜਣ ਦੀ ਕੋਸ਼ਿਸ਼ ਕਰਦੇ ਹੋਏ ਦੋਵੇਂ ਅੱਤਵਾਦੀ ਤਰਸੇਮ ਸਿੰਘ ਕੋਹਾੜ ਅਤੇ ਸੁਖਦੇਵ ਸਿੰਘ ਮਾਰੇ ਗਏ। ਇਹ ਦੋਵੇਂ ਏ ਸ਼੍ਰੇਣੀ ਦੇ ਅੱਤਵਾਦੀ ਸਨ ਅਤੇ ਬਹੁਤ ਸਾਰੇ ਕਤਲਾਂ, ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਵਿਚ ਸ਼ਾਮਲ ਸਨ। ਕਹਾਣੀ ਨਿਸ਼ਚੇ ਹੀ ਝੂਠੀ ਸੀ। ਪੰਜਾਬ ਅੰਦਰ ਅਖੌਤੀ ਅਕਾਲੀ ਸੁਰਜੀਤ ਸਿਹੁੰ ਬਰਨਾਲਾ ਦੀ ਸਰਕਾਰ ਸੀ। ਪੰਜਾਬ ਪੁਲਿਸ ਦਾ ਮੁਖੀ ਜੂਲੀਓ ਫਰਾਂਸਿਸ ਰਿਬੇਰੋ, ਅਤੇ ਪੰਜਾਬ ਦਾ ਗਵਰਨਰ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ

ਮੁਕਾਬਲਿਆਂ ਵਿਚ ਅਤੇ ਜੇਲ੍ਹਾਂ ਵਿਚੋਂ ਕੱਢ ਕੇ ਸ਼ਰੇਆਮ ਖਤਮ ਕਰ ਰਹੇ ਸਨ। ਅਕਾਲੀ ਬੀਬੇ ਰਾਣੇ ਖਾਮੋਸ਼ ਹੋ ਕੇ ਸਿੱਖ ਨੌਜਵਾਨਾਂ ਦੇ ਖ਼ੂਨ ਦੀ ਖੇਡੀ ਜਾ ਰਹੀ ਹੋਲੀ ਵੇਖ ਰਹੇ ਸਨ। ਪੰਜਾਬ ਅੰਦਰ ਅਕਾਲੀ ਸਰਕਾਰ ਦੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਅਜਿਹੇ ਇਕ ਵੀ ਕੇਸ ਉਤੇ ਇਨਕੁਆਰੀ ਨਹੀਂ ਕਰਾਈ। ਝੂਠੇ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਸਿੰਘਾਂ ਦੀਆਂ ਲਾਸ਼ਾਂ ਵੀ ਵਾਰਸਾਂ ਨੂੰ ਨਹੀਂ ਸੀ ਦਿੱਤੀਆਂ ਜਾਂਦੀਆਂ ਕਿ ਮੁਕਾਬਲੇ ਵਿਚ ਮਾਰੇ ਗਏ ਖਾੜਕੂ ਦੀ ਲਾਸ਼ ਉਤੇ ਤਸੀਹੇ-ਤਸ਼ੱਦਦ ਦੇ ਨਿਸ਼ਾਨਾਂ ਨੇ ਸੱਚੀ ਕਹਾਣੀ ਬਿਆਨ ਕਰ ਦੇਣੀ ਹੁੰਦੀ ਸੀ ਅਤੇ ਸਿੱਖੀ ਰੋਹ ਹੋਰ ਪ੍ਰਚੰਡ ਹੋ ਜਾਣਾ ਸੁਭਾਵਿਕ ਸੀ।

ਵਾਰਸਾਂ ਵੱਲੋਂ ਮ੍ਰਿਤਕ ਦੇਹਾਂ ਦੀ ਮੰਗ ਕੀਤੀ ਗਈ। ਵੱਡੀ ਗਿਣਤੀ ਵਿਚ ਗਏ ਸਿੱਖਾਂ ਦੇ ਟਰੱਕ ਵੇਖ ਕੇ ਪੁਲਿਸ ਕਪਤਾਨ ਕਦੀ ਕਹੇ ਡੇਰਾ ਬਾਬਾ ਨਾਨਕ ਜਾਉ, ਉਥੇ ਗਏ ਤੇ ਵਾਰਸਾਂ ਨੂੰ ਕਹਿੰਦੇ ਕਿ ਕਲਾਨੌਰ ਥਾਣੇ ਲਾਸ਼ਾਂ ਪਈਆਂ ਲੈ ਆਉ। ਜੇ ਉਥੇ ਗਏ ਤਾਂ ਕੁਝ ਵੀ ਨਹੀਂ ਸੀ। ਇਕ ਮੁਲਾਜ਼ਮ ਕਹਿੰਦਾ ਕਿ ਭਲੇਮਾਣਸੋ ਗੁਰਦਾਸਪੁਰ ਦੇ ਸਮਸ਼ਾਨਘਾਟ ਵਿਚੋਂ ਜਾ ਕੇ ਫੁੱਲ ਚੁਣ ਲਉ। ਉਥੇ ਚਾਰ ਸਸਕਾਰ ਪੁਲਿਸ ਨੇ ਕੀਤੇ, ਤੁਹਾਨੂੰ ਕਿਸੇ ਇਹ ਵੀ ਨਹੀਂ ਦੱਸਣਾ, ਤਰਸੇਮ ਸਿੰਘ ਦਾ ਸਿਵਾ ਕਿਹੜਾ ਹੈ। ਪਰਿਵਾਰ ਜਦੋਂ ਗਿਆ ਚਾਰ ਸਿਵੇ ਬਲ ਰਹੇ ਸਨ, ਚੌਂਹ ਸਿਵਿਆਂ ਵਿਚੋਂ ਹੀ ਫੁੱਲ ਚੁੱਕ ਕੇ ਪਰਿਵਾਰ ਨੂੰ ਸਬਰ ਕਰਨਾ ਪਿਆ। ਪਰਿਵਾਰ ਨੇ ਪੰਜਾਬ ਸਰਕਾਰ ਪਾਂ ਝੂਠੇ ਪੁਲਿਸ ਮੁਕਾਬਲੇ ਦੀ ਇਨਕੁਆਰੀ ਕਰਾਉਣ ਦੀ ਮੰਗ ਲੈ ਕੇ ਪੰਥਕ ਸਰਕਾਰ ਨੂੰ ਦਰਖਾਸਤਾਂ ਦਿੱਤੀਆਂ, ਪਰ ਸੁਰਜੀਤ ਸਿੰਘ ਬਰਨਾਲਾ ਖ਼ਾਮੋਸ਼ ਰਿਹਾ ।

***

# ਰੌਸ਼ਨ ਦਿਮਾਗ ਗੁਰੀਲਾ ਨੇਤਾ
# ਸ਼ਹੀਦ ਡਾ: ਗੁਰਨਾਮ ਸਿੰਘ ਬੁੱਟਰ ਐੱਮ.ਬੀ.ਬੀ.ਐੱਸ.
# ਪ੍ਰਧਾਨ-ਸਿੱਖ ਸਟੂਡੈਂਟਸ ਫੈਡਰੇਸ਼ਨ



ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਸਿੱਖ ਕੌਮ ਦੀ ਅਜ਼ਾਦੀ ਲਈ ਅਰੰਭੇ ਸੰਘਰਸ਼ ਦੌਰਾਨ ਹਜ਼ਾਰਾਂ ਸਿੰਘਾਂ, ਸਿੰਘਣੀਆਂ, ਭੁਝੰਗੀਆਂ ਨੇ ਆਪਣਾ ਯੋਗਦਾਨ ਪਾਉਂਦਿਆਂ ਸ਼ਹਾਦਤਾਂ ਦੇ ਜਾਮ ਪੀਤੇ। ਇਨ੍ਹਾਂ ਵਿਚ ਹੀ ਮਹਾਨ ਯੋਧਾ ਹੋਇਆ ਡਾ: ਜਗਦੀਸ਼ ਸਿੰਘ ਬੁੱਟਰ ਉਰਫ਼ ਡਾ: ਗੁਰਨਾਮ ਸਿੰਘ ਬੁੱਟਰ ਐੱਮ.ਬੀ.ਬੀ.ਐੱਸ.। ਡਾ: ਗੁਰਨਾਮ ਸਿੰਘ ਦਾ ਜਨਮ ਪਿਤਾ ਸ: ਦਲੀਪ ਸਿੰਘ ਸੁਤੰਤਰਤਾ ਸੰਗਰਾਮੀ (ਅਜ਼ਾਦ ਹਿੰਦ ਫੌਜ) ਦੇ ਘਰ ਮਾਤਾ ਪ੍ਰੀਤਮ ਕੌਰ ਦੀ ਕੁੱਖੋਂ ਪਿੰਡ ਬੁੱਟਰ ਕਲਾਂ ਜ਼ਿਲ੍ਹਾ ਗੁਰਦਾਸਪੁਰ (ਨੇੜੇ ਕਾਦੀਆਂ) ਵਿਚ ਹੋਇਆ। ਆਪ ਦੇ ਵੱਡੇ ਭਰਾ ਸ: ਮਹਿੰਦਰ ਸਿੰਘ, ਸ. ਮੁਖਤਿਆਰ ਸਿੰਘ, ਸ. ਸੁਖਦੇਵ ਸਿੰਘ ਅਤੇ ਭੈਣਾਂ ਨਰਿੰਦਰ ਕੌਰ, ਪਰਮਜੀਤ ਕੌਰ ਹਨ। ਡਾ: ਗੁਰਨਾਮ ਸਿੰਘ ਨੇ ਮੁੱਢਲੀ ਵਿਦਿਆ ੧੦ਵੀਂ ਤਕ ਬੁੱਟਰ ਕਲਾਂ ਹਾਈ ਸਕੂਲ ਤੋਂ ਪਾਸ ਕੀਤੀ, ਉਚੇਰੀ ਵਿਦਿਆ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਅਤੇ ਬਾਅਦ ਵਿਚ ਐੱਮ.ਬੀ.ਬੀ.ਐੱਸ. ਦੀ ਵਿਦਿਆ

ਹਾਸਲ ਕੀਤੀ। ਇਨ੍ਹੀਂ ਦਿਨੀਂ ਆਪ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਰਸ਼ਨ ਇਸ਼ਨਾਨ ਕਰਨ ਜਾਂਦੇ, ਸੰਤ ਜਰਨੈਲ ਸਿੰਘ ਖ਼ਾਲਸਾ ਦੇ ਮਹਾਨ ਇਨਕਲਾਬੀ ਵਿਚਾਰ ਸੁਣਨ ਦਾ ਸੁਭਾਗ ਪ੍ਰਾਪਤ ਹੁੰਦਾ। ਭਾਈ ਅਮਰੀਕ ਸਿੰਘ ਜੀ ਪ੍ਰਧਾਨ ਸਿੱਖ ਵਿਦਿਆਰਥੀ ਜਥੇਬੰਦੀ (ਸਿੱਖ ਸਟੂਡੈਂਟਸ ਫ਼ੈਡਰੇਸ਼ਨ) ਦੀ ਨੇੜਤਾ ਪ੍ਰਾਪਤੀ ਹੋਈ ਅਤੇ ਸਿੱਖ ਹੱਕਾਂ ਦੀ ਪ੍ਰਾਪਤੀ ਲਈ ਸਿੱਖ ਨੌਜਵਾਨ ਵਿਦਿਆਰਥੀਆਂ ਨੂੰ ਸਕੂਲਾਂ, ਕਾਲਜਾਂ ਵਿਚ ਜਥੇਬੰਦ ਕਰਨ ਦੀ ਜ਼ਿੰਮੇਵਾਰੀ ਨਿਭਾਉਣ ਲੱਗ ਪਏ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਕਹਿਣੀ-ਕਰਨੀ ਦੇ ਅਮਲ ਤੋਂ ਪ੍ਰਭਾਵਿਤ ਹੋ ਕੇ ਅੰਮ੍ਰਿਤ ਛਕ ਸਿੰਘ ਸਰੂਪ ਵਿਚ ਪ੍ਰਪੱਕ ਹੋ ਗਏ। ਡਾ: ਜਗਦੀਸ਼ ਸਿੰਘ ਨੂੰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਪਿਆਰ ਨਾਲ ਡਾ: ਗੁਰਨਾਮ ਸਿੰਘ ਕਹਿ ਕੇ ਬੁਲਾਉਂਦੇ ਸਨ। ਡਾ: ਜਗਦੀਸ਼ ਸਿੰਘ ਬੁੱਟਰ ਨੂੰ ਸਰਕਾਰੀ ਡਾਕਟਰ ਦੀ ਨੌਕਰੀ ਮਿਲ ਗਈ, ਜਿਸ ਦੇ ਆਪ ਬਤੌਰ ਡਾਕਟਰ ਸੇਵਾ ਕਰਨ ਲੱਗੇ। ਅਜੇ ਨੌਕਰੀ ਮਿਲੀ ਨੂੰ ਇਕ ਸਾਲ ਵੀ ਨਹੀਂ ਸੀ ਹੋਇਆ, ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ 40 ਗੁਰਦੁਆਰਿਆਂ ਉਪਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ 2 ਜੂਨ 1984 ਨੂੰ ਹਿੰਦੁਸਤਾਨ ਦੀ ਹਿੰਦੂ ਫ਼ਿਰਕਾਪ੍ਰਸਤੀ ਨਾਲ ਲਬਰੇਜ਼ਜ਼ਾਲਮ ਸਰਕਾਰ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਰਾਹੀਂ ਭਾਰਤੀ ਫ਼ੌਜਾਂ ਨੂੰ ਹੁਕਮ ਦੇ ਕੇ ਤੋਪਾਂ, ਟੈਂਕਾਂ ਤੇ ਮਸ਼ੀਨਗੰਨਾਂ ਨਾਲ ਕਹਿਰੀ ਫ਼ੌਜੀ ਹਮਲਾ ਕਰ ਦਿੱਤਾ। ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਹੀਦੀ ਗੁਰਪੁਰਬ ਦੇ ਦਿਨ ਆਈਆਂ ਹਜ਼ਾਰਾਂ ਸਿੱਖ ਸੰਗਤਾਂ ਨੂੰ ਬੇਰਹਿਮੀ ਨਾਲ ਸ਼ਹੀਦ ਕਰ ਦਿੱਤਾ। ਸ੍ਰੀ ਅਕਾਲ ਤਖ਼ਤ ਸਾਹਿਬ ਢਾਹ-ਢੇਰੀ ਕਰ ਦਿੱਤਾ ਗਿਆ। ਪੰਜਾਬ ਦੇ ਹੋਰ ਗੁਰਧਾਮਾਂ ਅੰਦਰ ਵੀ ਸਿੱਖਾਂ ਦੀ ਕਤਲੇਆਮ ਕੀਤੀ ਗਈ। ਸਿੱਖਾਂ ਦੇ ਧਾਰਮਿਕ ਸਥਾਨ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਕੀਤੀ, ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ, ਸਿੱਖਾਂ ਦੇ ਦੁੱਧ ਚੁੰਘਦੇ ਬੱਚਿਆਂ ਤਕ ਪ੍ਰਕਰਮਾ ਵਿਚ ਮਾਵਾਂ ਦੇ ਗੋਦੀ ਵਿਚੋਂ ਖੋਹ ਕੇ ਭਾਰਤੀ ਫ਼ੌਜ ਦੇ 'ਬਹਾਦਰ' ਜਵਾਨਾਂ ਨੇ ਸ਼ਹੀਦ ਕੀਤਾ। ਸਿੱਖਾਂ ਦੀ ਇੱਜ਼ਤ ਦੀ ਪੱਗ ਹਿੰਦੂ ਹਕੂਮਤ ਨੇ ਪੈਰਾਂ ਹੇਠਾਂ ਰੋਲ ਦਿੱਤੀ। ਸਿੱਖਾਂ ਦਾ ਜਿਊਣਾ, ਖਾਣਾ-ਪੀਣਾ ਹਰਾਮ ਹੋ ਗਿਆ। ਗੁਰਬਾਣੀ ਫ਼ੁਰਮਾਣ—'ਜੇ ਜੀਵੈ ਪਤਿ ਲਥੀ ਜਾਇ, ਸਭ ਹਰਾਮ ਜੇਤਾ ਕਿਛੁ ਖਾਇ।' ਸਿੱਖਾਂ ਦੇ ਦਿਮਾਗ਼ 'ਚ ਖੌਰੂ ਪਾਉਣ ਲੱਗੇ। ਸਿੱਖ ਦਿਲਾਂ ਅੰਦਰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਬੋਲ ਗੂੰਜਣ ਲੱਗੇ, ਮਰਣਾ ਸਿੱਖੋਗੇ ਤਾਂ ਗੁਲਾਮੀ ਗਲੋਂ ਲੱਥੇਗੀ। ਜਿਸ ਦਿਨ ਹਿੰਦੁਸਤਾਨ ਦੀ ਫ਼ੌਜ ਸ੍ਰੀ ਹਰਿਮੰਦਰ ਸਾਹਿਬ ਉਪਰ ਹਮਲਾ ਕਰੇਗੀ, ਉਸ ਦਿਨ ਖ਼ਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ। ਰਹਿੰਦੀ ਕਸਰ ਇੰਦਰਾ ਕਤਲ ਤੋਂ ਬਾਅਦ ਹਿੰਦੂ ਹਕੂਮਤ ਵੱਲੋਂ ਸਿੱਖਾਂ ਦੀ ਕਤਲੇਆਮ ਕਰ ਕੇ ਪੂਰੀ ਕਰ ਦਿੱਤੀ, ਜਿਸ ਨੇ ਹੋਰ ਸਿੱਖਾਂ ਵਾਂਗ ਡਾ: ਗੁਰਨਾਮ ਸਿੰਘ ਬੁੱਟਰ ਨੂੰ ਖ਼ਾਲਿਸਤਾਨੀ ਲਹਿਰ ਵਿਚ ਕੁੱਦਣ ਲਈ ਮਜਬੂਰ ਕਰ ਦਿੱਤਾ। ਡਾ: ਬੁੱਟਰ ਸਿੱਖ ਸੰਘਰਸ਼ ਨੂੰ ਸਮਰਪਿਤ ਹੋ ਗਏ ਤੇ ਦਿਨ ਰਾਤ ਪ੍ਰਚਾਰ ਕਰ ਕੇ ਸਿੱਖਾਂ ਨੂੰ ਸੰਘਰਸ਼ ਨਾਲ ਜੋੜਨ ਲੱਗੇ। ਮਨਜੀਤ ਸਿੰਘ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਹਰਮਿੰਦਰ ਸਿੰਘ

ਸੰਧੂ, ਖ਼ਾਲਿਸਤਾਨ ਦੇ ਨਿਸ਼ਾਨੇ ਤੋਂ ਮੁੱਖ ਮੋੜ ਗਏ ਤਾਂ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੀ ਅਗਵਾਈ ਡਾ: ਗੁਰਨਾਮ ਸਿੰਘ ਬੁੱਟਰ ਨੇ ਆਪਣੇ ਹੱਥ ਵਿਚ ਲੈ ਲਈ। ਫਤਹਿਗੜ੍ਹ ਸਾਹਿਬ ਦੇ ਸ਼ਹੀਦੀ ਜੋੜ ਮੇਲੇ 'ਤੇ ਸਿੱਖ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਨੂੰ ਡਾ: ਗੁਰਨਾਮ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ—ਗੁਰੂ ਰੂਪ ਸਾਧ ਸੰਗਤ ਜੀਉ, ਦਸਮੇਸ਼ ਪਿਤਾ ਸਰਬੰਸਦਾਨੀ ਪਿਤਾ ਨੇ ਆਪਣੇ ਚਾਰੇ ਸਾਹਿਬਜ਼ਾਦੇ ਸ਼ਹੀਦ ਕਰਵਾ ਕੇ ਸਾਨੂੰ ਬੜੇ ਹੀ ਮਾਣ ਨਾਲ ਆਪਣੇ-ਪੁੱਤਰ ਹੋਣ ਦਾ ਮਾਣ ਬਖ਼ਸ਼ਿਆ ਹੈ, ਜੇ ਆਪਾਂ ਦਸਮੇਸ਼ ਪਿਤਾ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਅਖਵਾਉਣਾ/ ਸਦਵਾਉਣਾ ਹੈ ਤਾਂ ਗੁਰੂ ਦਸਮੇਸ਼ ਜੀ ਦੇ ਸਾਹਿਬਜ਼ਾਦਿਆਂ ਵਾਂਗ ਜ਼ਾਲਮ ਹਕੂਮਤ ਨਾਲ ਟੱਕਰ ਲੈਂਦਿਆਂ ਸ਼ਹੀਦੀਆਂ ਪ੍ਰਾਪਤ ਕਰਨੀਆਂ ਪੈਣੀਆਂ ਹਨ। ਛੋਟੇ ਸਾਹਿਬਜ਼ਾਦਿਆਂ ਵਾਂਗ ਸਾਨੂੰ ਜਬਰ-ਜ਼ੁਲਮ ਵਿਰੁੱਧ ਬਗ਼ਾਵਤ ਕਰ ਕੇ, ਨੀਹਾਂ 'ਚ ਚਿਣੇ ਜਾਣ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ। ਜੇ ਦਸਮੇਸ਼ ਪਿਤਾ ਜੀ ਦੇ ਪੁੱਤਰ ਹਾਂ, ਤਾਂ ਮੌਤ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰਾਂ ਵਾਲੀ ਹੀ ਮਰਨ ਲਈ ਤਿਆਰ ਹੋ ਜਾਈਏ, ਹਰ ਸਿੱਖ ਪਰਿਵਾਰ ਖ਼ਾਲਿਸਤਾਨ ਦੀ ਅਜ਼ਾਦੀ ਦੀ ਲੜਾਈ ਲਈ ਆਪਣਾ ਇਕ ਸਿਰ, ਇਕ ਮੈਂਬਰ ਸਮਰਪਿਤ ਹੋ ਜਾਵੇ। ਸੰਤ ਜੀ ਦੇ ਬਚਨ ਹਨ, ਮਰਨਾ ਸਿੱਖਾਂਗੇ ਤਾਂ ਹੀ ਗਲੋਂ ਗ਼ੁਲਾਮੀ ਲੱਥਣੀ ਹੈ। ਖ਼ਾਲਸਾ ਜੀਉ, ਅਸੀਂ ਸੰਤ ਜਰਨੈਲ ਸਿੰਘ ਵੱਲੋਂ ਦੱਸੇ ਰਾਹ, ਨਿਸ਼ਾਨੇ ਉਤੇ ਚੱਲਣਾ ਹੈ, ਇਕ ਇੰਚ ਵੀ ਪਾਸੇ ਨਹੀਂ ਹੱਟਣਾ, ਸਾਡੇ ਸਿਰ ਕੱਟੇ ਤਾਂ ਜਾ ਸਕਦੇ ਹਨ ਹਕੂਮਤ ਦੇ ਜ਼ੁਲਮਾਂ ਅੱਗੇ ਝੁਕਣੇ ਨਹੀਂ ਚਾਹੀਦੇ। ਅਸੀਂ ਸਿੱਖ ਕੌਮ ਦੀ ਅਜ਼ਾਦੀ ਚਾਹੁੰਦੇ ਹਾਂ। ਅਸੀਂ ਕਿਸੇ ਦੀ ਅਜ਼ਾਦੀ ਨਹੀਂ ਖੋਹਣੀ, ਕਿਸੇ ਨੂੰ ਗ਼ੁਲਾਮ ਨਹੀਂ ਬਣਾਉਣਾ। ਖ਼ਾਲਸਾ ਰਾਜ ਵਿਚ ਹਰ ਧਰਮ ਦੇ ਵਿਅਕਤੀ ਨੂੰ ਬਰਾਬਰ ਦੇ ਹੱਕ ਪ੍ਰਾਪਤ ਹੋਣਗੇ, ਕੋਈ ਕਿਸੇ ਧਰਮ ਵਿਚ ਦਖ਼ਲ ਨਹੀਂ ਦੇਵੇਗਾ, ਸਾਰੇ ਧਰਮਾਂ ਦੇ ਲੋਕ ਬਰਾਬਰ-ਬਰਾਬਰ ਭਰਾ ਹੋਣਗੇ। ਅਸੀਂ ਸਾਰੇ ਧਰਮਾਂ ਦੇ ਲੋਕਾਂ ਨੂੰ ਵਿਸ਼ਵਾਸ ਦਿਵਾਉਂਦੇ ਹਾਂ ਕਿ ਅਸੀਂ ਕਿਸੇ ਹਿੰਦੂ, ਮੁਸਲਮਾਨ, ਈਸਾਈ ਦੇ ਵਿਰੁੱਧ ਨਹੀਂ, ਅਸੀਂ ਸਾਰੇ ਧਰਮਾਂ ਦੇ ਲੋਕਾਂ ਤੋਂ ਖ਼ਾਲਸਾ ਰਾਜ ਦੀ ਪ੍ਰਾਪਤੀ ਲਈ ਸਹਿਯੋਗ ਚਾਹੁੰਦੇ ਹਾਂ, ਤੇ ਉਨ੍ਹਾਂ ਦੀ ਹਿਫ਼ਾਜ਼ਤ ਦੀ ਜ਼ਿੰਮੇਵਾਰੀ ਸਾਡੇ ਸਿਰ ਹੋਵੇਗੀ। ਜੋ ਖ਼ਾਲਸਾ ਰਾਜ ਦੇ ਸੰਘਰਸ਼ ਵਿਚ ਵਿਰੋਧ ਕਰੇਗਾ, ਜ਼ਾਲਮ ਹਕੂਮਤ ਦਾ ਪਿੱਠੂ ਬਣ ਕੇ, ਸਿੰਘਾਂ ਦਾ ਨੁਕਸਾਨ ਕਰੇਗਾ, ਉਸ ਦਾ ਹਸ਼ਰ ਗ਼ੱਦਾਰਾਂ ਵਾਲਾ ਹੋਵੇਗਾ। ਅਸੀਂ ਸਿੱਖੀ ਦੀ ਅਰਦਾਸ, ਖ਼ਾਲਸਾ ਜੀ ਕੇ ਬੋਲ-ਬਾਲੇ ਅਤੇ ਸਰਬੱਤ ਦਾ ਭਲਾ ਚਾਹੁੰਦੇ ਹਾਂ, ਤੇ ਅਰਦਾਸ ਦੇ ਇੱਕ ਇੱਕ ਅੱਖ਼ਰ ਨੂੰ ਅਮਲੀ ਰੂਪ ਵਿਚ ਖ਼ਾਲਸਾ ਰਾਜ ਵਿਚ ਅਮਲ 'ਚ ਲਿਆਉਣਾ ਹੈ। ਦਸੰਬਰ 1986 ਦੇ ਫ਼ਤਹਿਗੜ੍ਹ ਸਾਹਿਬ ਦੇ ਸ਼ਹੀਦੀ ਜੋੜ ਮੇਲੇ 'ਤੇ ਡਾ: ਗੁਰਨਾਮ ਸਿੰਘ ਨੇ ਸਿੱਖਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕੀਤਾ, ਪੁਲਿਸ ਫੋਰਸ ਨੇ ਚੁਫੇਰੇ ਪੰਡਾਲ ਨੂੰ ਘੇਰਾ ਪਾਇਆ ਹੋਇਆ ਸੀ, ਕੋਈ ਨਹੀਂ ਸੀ ਕਹਿੰਦਾ ਕਿ ਇਹ ਨੌਜਵਾਨ, ਪੁਲਿਸ ਦੀ ਪਕੜ ਤੋਂ ਬਚ ਕੇ ਨਿਕਲ ਜਾਵੇਗਾ। ਪਰ ਡਾ: ਗੁਰਨਾਮ ਸਿੰਘ ਗੁਰੂ ਫ਼ਤਹਿ ਬੁਲਾ ਕੇ ਸਟੇਜ ਤੋਂ ਉਤਰਿਆ ਤਾਂ ਪੁਲਿਸ

ਨੂੰ ਪਤਾ ਹੀ ਨਾ ਲੱਗਾ ਕਿ ਇਹ ਸਿੱਖ ਖਾੜਕੂ ਕਿਧਰ ਗਾਇਬ ਹੋ ਗਿਆ। ਪੁਲਿਸ ਵਾਲੇ ਅਤੇ ਸੀ.ਆਈ.ਡੀ. ਵਾਲੇ ਆਪਸ ਵਿਚ ਖਹਿਬੜ ਰਹੇ ਸਨ, ਇਹ ਕੌਣ ਹੈ ਡਾ: ਗੁਰਨਾਮ ਸਿੰਘ ? ਪੁਲਿਸ ਅਤੇ ਸੀ.ਆਈ.ਡੀ. ਵਾਲੇ ਹੱਥ ਮਲਦੇ ਹੀ ਰਹਿ ਗਏ। ਡਾ: ਗੁਰਨਾਮ ਸਿੰਘ ਉਪਨਾਮ ਸੀ, "ਅਸਲ ਵਿਚ ਇਹ ਡਾ: ਜਗਦੀਸ਼ ਸਿੰਘ ਬੁੱਟਰ ਕਲਾਂ ਐੱਮ.ਬੀ.ਬੀ.ਐੱਸ., ਜ਼ਿਲ੍ਹਾ ਗੁਰਦਾਸਪੁਰ ਸੀ। ਇਸ ਦਿਨ ਤੋਂ ਪੰਜਾਬ ਪੁਲਿਸ ਦੀ ਮਸ਼ੀਨਰੀ ਡਾ: ਗੁਰਨਾਮ ਸਿੰਘ ਦੀ ਭਾਲ ਵਿਚ ਪੰਜਾਬ ਦਾ ਚੱਪਾ-ਚੱਪਾ ਛਾਣਨ ਲੱਗੀ। ਜਦੋਂ ਪੁਲਿਸ ਨੂੰ ਇਹ ਪਤਾ ਲੱਗਾ ਕਿ ਫਤਹਿਗੜ੍ਹ ਸਾਹਿਬ ਵਾਲੇ ਜੋੜ ਮੇਲੇ 'ਤੇ ਖ਼ਾਲਿਸਤਾਨ ਦੇ ਹੱਕ 'ਚ ਐਲਾਨ ਅਤੇ ਪ੍ਰਚਾਰ ਕਰ ਕੇ, ਭਾਰੀ ਇਕੱਠ ਤੋਂ ਹੱਥ ਖੜ੍ਹੇ ਕਰਵਾ ਕੇ ਗੁਰਮਤੇ ਪਾਸ ਕਰਵਾਉਣ ਵਾਲਾ, ਅਸਲ 'ਚ ਡਾ: ਜਗਦੀਸ਼ ਸਿੰਘ ਬੁੱਟਰ ਹੈ, ਤਾਂ ਪੁਲਿਸ, ਪਿੰਡ ਬੁੱਟਰ ਕਲਾਂ ਡੇਰੇ (ਖੇਤਾਂ ਵਿਚਲੇ ਘਰ) ਛਾਪੇ ਮਾਰਨ ਲੱਗੀ। ਡਾ: ਸਾਹਿਬ ਦੇ ਸਿਰ 'ਤੇ ਲੱਖਾਂ ਰੁਪਏ ਦਾ ਇਨਾਮ ਰੱਖਿਆ ਗਿਆ। ਪੁਲਿਸ ਫਾਈਲਾਂ 'ਚ ਡਾ: ਗੁਰਨਾਮ ਸਿੰਘ ਬੁੱਟਰ, ਖਾੜਕੂ ਜਰਨੈਲਾਂ ਦੇ ਨੇੜੇ ਸਮਝਿਆ ਜਾਣ ਲੱਗਾ। ਡਾ: ਗੁਰਨਾਮ ਸਿੰਘ ਬੁੱਟਰ ਬੇਦੋਸ਼ਿਆਂ ਕਤਲਾਂ, ਲੁੱਟਾਂ-ਖੋਹਾਂ, ਫਿਰੌਤੀਆਂ ਦੇ ਵਿਰੁੱਧ ਸਟੈਂਡ ਲੈਂਦਿਆਂ ਪ੍ਰਚਾਰ ਕਰਨ ਲੱਗਾ। ਪੰਜਾਬ ਪੁਲਿਸ ਦੇ 12 ਜ਼ਿਲ੍ਹਿਆਂ ਦੇ ਐੱਸ.ਐੱਸ.ਪੀ. ਮੀਟਿੰਗਾਂ ਵਿਚ ਡਾ: ਗੁਰਨਾਮ ਸਿੰਘ ਬੁੱਟਰ ਦੀਆਂ ਸਰਗਰਮੀਆਂ ਬਾਰੇ ਵਿਚਾਰਾਂ ਕਰਨ ਲੱਗੇ। ਅੱਧੇ ਐੱਸ.ਐੱਸ.ਪੀ. ਕਹਿੰਦੇ ਸਨ, ਡਾ: ਬੁੱਟਰ ਜ਼ੁਲਮ ਵਿਰੁੱਧ ਹੈ, ਭਾਵੇਂ ਆਪਣਿਆਂ ਵੱਲੋਂ ਹੋਵੇ, ਭਾਵੇਂ ਵਿਰੋਧੀਆਂ ਵੱਲੋਂ। ਇਸ ਦੇ ਪ੍ਰਚਾਰ ਨਾਲ ਪੰਜਾਬ ਅੰਦਰ ਹੋ ਰਹੀਆਂ ਅੱਤਵਾਦੀ ਕਾਰਵਾਈਆਂ ਵਿਚ ਸੁਧਾਰ ਆ ਰਿਹਾ ਹੈ। ਕੁਝ ਕਹਿੰਦੇ ਸਨ, ਜੇ ਡਾ: ਗੁਰਨਾਮ ਸਿੰਘ ਪੁਲਿਸ ਦੇ ਕਾਬੂ ਨਾ ਆਇਆ ਤਾਂ ਇਸਦੇ ਪ੍ਰਚਾਰ ਨਾਲ ਖਾੜਕੂ ਲਹਿਰ ਅਜਿਹਾ ਰੂਪ ਧਾਰਨ ਕਰ ਲਵੇਗੀ, ਜਿਸਨੂੰ ਕਾਬੂ ਕਰਨਾ ਮੁਸ਼ਕਿਲ ਹੋ ਜਾਵੇਗਾ। ਕੁਝ ਐੱਸ.ਐੱਸ.ਪੀ. ਕਹਿੰਦੇ ਕਿ ਪਤਾ ਨਹੀਂ ਡਾ: ਗੁਰਨਾਮ ਸਿੰਘ ਦੇ ਸਿਰ ਨੂੰ ਕੀ ਹੋ ਗਿਆ ਹੈ, ਹੈ ਤਾਂ ਪੜ੍ਹਿਆ-ਲਿਖਿਆ ਸੂਝਵਾਨ ਸੀ, ਪਰ ਕਿਸ ਰਸਤੇ ਪੈ ਗਿਆ, ਦਿਨ ਰਾਤ ਖ਼ਾਲਿਸਤਾਨ-ਖ਼ਾਲਿਸਤਾਨ ਕਰਦਾ, ਕਹਿੰਦਾ। ਸਿਰ ਦੇਣਾ, ਸਿਰ ਦੇਣਾ, ਕਹੀ ਜਾਂਦਾ, ਜੇ ਪੜ੍ਹਿਆ-ਲਿਖਿਆ ਇਕ ਕਾਬਲ ਡਾਕਟਰ ਜ਼ਿੰਦਗੀ ਦੇ ਸੁੱਖ-ਦੁੱਖ ਵਿਚ ਫਰਕ ਹੀ ਕੋਈ ਨਹੀਂ ਸਮਝਦਾ ਤਾਂ ਆਮ ਵਿਅਕਤੀ ਨੇ ਤਾਂ ਸੋਚਣਾ ਕੀ ਹੈ ?

ਡਾ: ਗੁਰਨਾਮ ਸਿੰਘ ਬੁੱਟਰ ਖ਼ਾਲਿਸਤਾਨ ਦੀ ਲੜਾਈ ਜਮਹੂਰੀਅਤ ਢੰਗ ਨਾਲ ਲੜਨਾ ਚਾਹੁੰਦੇ ਸਨ, ਅਜਿਹੇ ਨੀਤੀਵਾਨ ਸਿੱਖ ਸੰਘਰਸ਼ ਵਿਚ ਵਿਰਲੇ ਹੀ ਸਨ। ਡਾ: ਸਾਹਿਬ ਦਾ ਵਿਚਾਰ ਸੀ ਕਿ ਸਾਰੀ ਲੜਾਈ ਹਥਿਆਰਾਂ ਦੀ ਟੇਕ 'ਤੇ ਹੀ ਜਾਰੀ ਰੱਖਣੀ ਆਤਮਘਾਤੀ ਹੈ, ਤੇ ਸਾਨੂੰ ਆਪਣੀ ਸੰਘਰਸ਼ ਦੀ ਨੀਤੀ ਲੋਕਾਂ ਨੂੰ ਪ੍ਰਚਾਰ ਨਾਲ ਵੀ ਸਮਝਾਉਣੀ ਚਾਹੀਦੀ ਹੈ। ਪਰ ਬ੍ਰਾਹਮਣਵਾਦੀ ਸਰਕਾਰ ਤਾਂ ਹਥਿਆਰਬੰਦ ਖਾੜਕੂਆਂ ਨਾਲੋਂ, ਖ਼ਾਲਸਾ ਰਾਜ ਦੀ ਗੱਲ ਦਲੀਲ ਨਾਲ ਕਰਨ ਵਾਲੇ ਨੂੰ ਜ਼ਿਆਦਾ ਖ਼ਤਰਨਾਕ ਸਮਝਦੀ ਸੀ। ਪੰਜਾਬ ਪੁਲਿਸ ਡਾ: ਸਾਹਿਬ ਦੇ ਪਿਤਾ ਸ. ਦਲੀਪ ਸਿੰਘ

ਦੇ ਭਰਾ ਮਹਿੰਦਰ ਸਿੰਘ ਨੂੰ ਫੜ ਕੇ ਥਾਣੇ ਲੈ ਜਾਂਦੀ, ਤਸ਼ੱਦਦ ਕਰਦੀ ਰਹਿੰਦੀ ਕਿ ਡਾ: ਬੁੱਟਰ ਨੂੰ ਪੇਸ਼ ਕਰੋ। ਇਕ ਵਾਰੀ ਬਟਾਲਾ ਦਾ ਐੱਸ.ਐੱਸ.ਪੀ. ਗੋਬਿੰਦ ਰਾਮ, ਡਾਕਟਰ ਦੇ ਪਿਤਾ ਸ: ਦਲੀਪ ਸਿੰਘ (ਸੁਤੰਤਰਤਾ ਸੰਗਰਾਮੀ) ਨੂੰ ਕਹਿੰਦਾ—ਮੁੰਡਾ ਤੇਰਾ ਲਾਇਕ ਹੈ, ਪਰ ਇਸ ਨੇ ਭੰਗ ਦੇ ਭਾੜੇ ਜਾਨ ਗਵਾ ਲੈਣੀ ਹੈ, ਪੁਲਿਸ ਕਪਤਾਨਾਂ ਦੀ ਮੀਟਿੰਗ ਵਿਚ ਅੱਧੇ ਡਾ: ਸਾਹਿਬ ਦੀ ਖ਼ਾਲਿਸਤਾਨੀ ਨੀਤੀ ਦੇ ਕਾਇਲ ਹਨ 'ਤੇ ਅੱਧੇ ਖ਼ਫ਼ਾ ਹਨ ਕਿ ਜੇ ਜਿਉਂਦਾ ਰਿਹਾ ਤਾਂ ਸਿੱਖ ਸੰਘਰਸ਼ ਉਤੇ ਕਾਬੂ ਪਾਉਣਾ ਮੁਸ਼ਕਿਲ ਹੋ ਜਾਵੇਗਾ।

ਆਖ਼ਿਰ ਪੰਜਾਬ ਪੁਲਿਸ ਡਾ: ਗੁਰਨਾਮ ਸਿੰਘ ਦੀਆਂ ਪੈੜਾਂ ਕੱਢਦੀ ਹੋਈ, ਉਸਦੇ ਕਰੀਬ ਪਹੁੰਚ ਗਈ। ਜਲੰਧਰ ਸ਼ਹਿਰ ਵਿਚ ਸਪੋਰਟਸ ਕਾਲਜ ਵੱਲ ਸਾਈਕਲ 'ਤੇ ਜਾਂਦੇ ਨੂੰ ਪੁਲਿਸ ਨੇ ਕਾਰ ਦੀ ਸਾਈਡ ਮਾਰ ਕੇ ਡੇਗ ਲਿਆ ਤੇ ਕਾਬੂ ਕਰ ਕੇ ਲੈ ਗਏ (ਗ੍ਰਿਫ਼ਤਾਰ ਕਰ ਲਿਆ)। ਪੰਜਾਬ ਪੁਲਿਸ ਡਾ: ਗੁਰਨਾਮ ਸਿੰਘ ਤੋਂ ਵੱਡੇ ਤੋਂ ਵੱਡੇ ਭੇਤ ਲੈਣਾ ਚਾਹੁੰਦੀ ਸੀ। ਅੰਨ੍ਹਾ ਤਸ਼ੱਦਦ ਸ਼ੁਰੂ ਕੀਤਾ, ਪੱਟ ਚੀਰ ਕੇ ਲੂਣ ਭਰ ਦਿੱਤਾ, ਹੱਥਾਂ ਦੇ ਅਤੇ ਪੈਰਾਂ ਦੇ ਬੰਦ-ਬੰਦ ਕੱਲਾ-ਕੱਲਾ ਕਰਕੇ ਕੱਟ ਦਿੱਤੇ ਗਏ। ਗਰਮ ਪਰੈੱਸਾਂ ਲਾ ਕੇ ਸਰੀਰ ਸਾੜਿਆ ਗਿਆ, ਪੁਲਿਸ ਬਾਬਾ ਗੁਰਬਚਨ ਸਿੰਘ ਮਾਣੋਚਾਹਲ, ਭਾਈ ਗੁਰਜੰਟ ਸਿੰਘ ਰਾਜਸਥਾਨੀ, ਭਾਈ ਬਲਵਿੰਦਰ ਸਿੰਘ ਸ਼ਾਹਪੁਰ, ਭਾਈ ਸੁਖਵਿੰਦਰ ਸਿੰਘ ਪੱਪੂ ਗੋਰਾ ਤੇ ਸਾਥੀਆਂ ਦੇ ਟਿਕਾਣੇ ਪੁੱਛਦੀ ਰਹੀ, ਪਰ ਡਾ: ਗੁਰਨਾਮ ਸਿੰਘ ਬੁੱਟਰ, ਅਸਹਿ ਤੇ ਅਕਹਿ ਕਸ਼ਟ ਤੇ ਤਸੀਹੇ ਝੱਲਦਾ ਹੋਇਆ ਖ਼ਾਲਸਾ ਰਾਜ ਦੀ ਲੜਾਈ ਲੜ ਰਹੇ ਸਾਥੀ ਜਰਨੈਲਾਂ ਦੇ ਭੇਦ ਆਪਣੇ ਵਿਚ ਹੀ ਗੁਪਤ ਰੱਖਦਾ ਅਤੇ ਜ਼ਬਰ ਦਾ ਟਾਕਰਾ ਸਬਰ ਨਾ ਕਰਦਾ ਹੋਇਆ ਸ਼ਹਾਦਤ ਦਾ ਜਾਮ ਪੀ ਗਿਆ। ਖਾਲਸਾ ਰਾਜ ਦੀ ਸਥਾਪਨਾ ਦੀ ਜਦੋਂ ਜਹਿਦ ਦਾ ਨੀਤੀਵਾਨ, ਸਿਰੜੀ ਸਿਦਕੀ, ਅਣਖ਼ੀਲਾ ਜਰਨੈਲ ਇਤਿਹਾਸ ਵਿਚ ਅਮਰ ਹੋ ਗਿਆ। ਪੰਜਾਬ ਪਲਿਸ ਵੱਲੋਂ ਤਸੀਹੇ ਦੇ ਕੇ ਸ਼ਹੀਦ ਕੀਤੇ ਗਏ ਡਾ: ਗੁਰਨਾਮ ਸਿੰਘ ਬੁੱਟਰ ਨੂੰ ਫਰਜ਼ੀ ਝੂਠਾ ਪੁਲਿਸ ਮੁਕਾਬਲਾ ਵਿਖਾ ਕੇ ਗੋਲੀਆਂ ਨਾਲ ਵਿੰਨਿਆ ਗਿਆ ਤੇ ਬਹੁਤ ਸਾਰਾ ਅਸਲਾ ਤੇ ਗੋਲੀ ਸਿੱਕਾ ਬਰਾਮਦ ਹੋਇਆ ਵਿਖਾ ਕੇ ਅਤੇ ਸ਼ਹੀਦੀ ਰੂਪ ਦੀ ਤਸਵੀਰ ਛੁਪਾ ਕੇ ਪੁਲਿਸ ਦੀ ਬਹਾਦਰੀ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਛਪ ਗਈਆਂ।

***

# ਡਾ: ਜਗਦੀਸ਼ ਸਿੰਘ ਐੱਮ.ਬੀ.ਬੀ.ਐੱਸ. ਉਰਫ਼ ਡਾ: ਗੁਰਨਾਮ ਸਿੰਘ ਬੁੱਟਰ ਦੀ ਪਿਤਾ ਦੇ ਨਾਮ ਲਿਖੀ ਚਿੱਠੀ

ੴ ਸਤਿਗੁਰ ਪ੍ਰਸਾਦਿ

ਪੂਜਣਯੋਗ, ਪਿਤਾ ਜੀ, ਮਾਤਾ ਜੀ,

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ।

ਧਰਮ ਦੀ ਰੱਖਿਆ ਖ਼ਾਤਿਰ ਸਰਬੰਸ ਕੁਰਬਾਨ ਕਰਨ ਵਾਲੇ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਪਾ ਸਦਕਾ ਚੜ੍ਹਦੀ ਕਲਾ ਵਿਚ ਹਾਂ। ਪਿਤਾ ਜੀ ਆਪ ਜੀ, ਮਾਤਾ ਜੀ ਤੇ ਸਮੂਹ ਪਰਿਵਾਰ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਦਾ ਹਾਂ।



ਪਿਤਾ ਜੀ, ਮੈਨੂੰ ਖ਼ੁਦ 'ਤੇ ਕਦੀ-ਕਦੀ ਹੈਰਾਨੀ ਹੁੰਦੀ ਹੈ ਕਿ ਮੈਂ ਕੀ ਸੀ ਤੇ ਕੁਦਰਤ ਨੇ ਮੈਨੂੰ ਕੀ ਬਣਾ ਦਿੱਤਾ ਹੈ। ਪਤਾ ਨਹੀਂ ਗੁਰੂ ਦਸਮੇਸ਼ ਪਿਤਾ ਕਿਤਨੇ ਦਿਆਲ ਹੋਏ ਹਨ, ਇਕ ਸਧਾਰਨ ਵਿਅਕਤੀ ਤੋਂ ਚੁੱਕ ਕੇ ਸਿੱਖ ਕੌਮ ਦੀ ਅਜ਼ਾਦੀ ਦੀ ਲੜਾਈ ਵਾਸਤੇ ਸੇਵਾ ਕਰਨ ਦਾ ਮੌਕਾ ਬਖ਼ਸ਼ਿਆ ਹੈ। ਗੁਰੂ ਸਾਹਿਬ ਦੀਆਂ ਗੁਰੂ ਜਾਣੇ, ਮੇਰੇ ਵਰਗੇ ਨਾਚੀਜ਼ ਨੂੰ ਵੀ ਸਿੱਖ ਸੰਘਰਸ਼ ਦੇ ਮੈਦਾਨ ਵਿਚ ਹੱਥ ਪੈਰ ਮਾਰਨ ਦਾ ਮੌਕਾ ਮਿਲ ਗਿਆ ਹੈ। ਮੈਨੂੰ ਪਤਾ ਲੱਗਾ ਹੈ ਕਿ ਬਟਾਲਾ ਪੁਲਿਸ ਦਾ ਐੱਸ.ਐੱਸ.ਪੀ. ਗੋਬਿੰਦ ਰਾਮ ਤੁਹਾਨੂੰ ਪੁੱਛਦਾ ਕਿ ਤੁਹਾਡੇ ਡਾਕਟਰ ਨੂੰ ਕੀ ਹੋ ਗਿਆ ਹੈ ? ਪਿਤਾ ਜੀ ਮੈਨੂੰ ਕੀ ਹੋਣਾ ਸੀ, ਸ੍ਰੀ ਹਰਿਮੰਦਰ ਸਾਹਿਬ 'ਤੇ ਫੌਜੀ ਹਮਲੇ ਅਤੇ ਦਿੱਲੀ ਦੇ ਕਤਲੇਆਮ 'ਚ ਹਜ਼ਾਰਾਂ ਬੇਦੋਸ਼ਿਆਂ ਦੀ ਹਿੰਦੁਸਤਾਨ ਦੀ ਹਕੂਮਤ ਦੀ ਵਹਿਸ਼ੀ

ਕਤਲੇਆਮ ਨੇ ਤੇ ਹਜ਼ਾਰਾਂ ਸਿੰਘਾਂ, ਸਿੰਘਣੀਆਂ, ਬੱਚਿਆਂ ਦਾ ਡੁਲ੍ਹਿਆ ਖ਼ੂਨ ਮੇਰੇ ਸਿਰ ਨੂੰ ਚੜ੍ਹ ਗਿਆ ਹੈ। ਪਿਤਾ ਜੀ, ਮੈਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਮਹਾਂਪੁਰਖਾਂ ਤੇ ਸ਼ਹੀਦ ਭਾਈ ਅਮਰੀਕ ਸਿੰਘ ਦੇ ਦਰਸ਼ਨ ਕੀਤੇ ਹਨ ਤੇ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਸੀ। ਉਸ ਤੋਂ ਬਾਅਦ ਮੈਂ ਕਿਸੇ ਨਾ ਕਿਸੇ ਤਰ੍ਹਾਂ ਸਿੱਖ ਸੰਘਰਸ਼ ਨਾਲ ਜੁੜਿਆ ਰਿਹਾ ਹਾਂ, ਮੇਰੀਆਂ ਅੱਖਾਂ ਸਾਹਮਣੇ ਮੇਰੇ ਕਈ ਸਾਥੀ ਸ਼ਹੀਦੀ ਜਾਮ ਪੀ ਗਏ ਹਨ। ਮੇਰੀ ਗ੍ਰਿਫ਼ਤਾਰੀ ਵੇਲੇ ਮੇਰੇ ਉੱਪਰ ਤਸ਼ੱਦਦ ਕਰਕੇ ਰਹਿੰਦੀ ਕਸਰ ਪੂਰੀ ਕਰ ਦਿੱਤੀ। ਮੇਰੇ ਪੈਰਾਂ ਦੀਆਂ ਤਲੀਆਂ 'ਤੇ ਵੱਜੀਆਂ ਪੁਲਿਸ ਦੀਆਂ ਡਾਂਗਾਂ ਨੇ ਮੈਨੂੰ ਅਸਲੀ ਰਸਤੇ ਤੁਰਨ ਦੀ ਸਿੱਖਿਆ ਦਿੱਤੀ, ਸ਼ਹੀਦਾਂ ਦੀਆਂ ਰੂਹਾਂ ਮੇਰਾ ਮਾਰਗ-ਦਰਸ਼ਨ ਕਰ ਰਹੀਆਂ ਹਨ, ਸਿੰਘਾਂ ਦਾ ਡੁਲ੍ਹਿਆ ਲਹੂ ਮੈਨੂੰ ਚੈਨ ਨਾਲ ਬੈਠਣ ਨਹੀਂ ਦਿੰਦਾ, ਪਲ-ਪਲ ਅੱਗੇ ਵਧਣ ਦੀ ਪ੍ਰੇਰਨਾ ਦਿੰਦਾ ਹੈ। ਪਿਤਾ ਜੀ, ਮੈਨੂੰ ਆਪ ਜੀ ਉੱਪਰ ਬਹੁਤ ਮਾਣ ਹੈ, ਗੁਰੂ ਸਾਹਿਬ ਜੀ ਤੋਂ ਬਾਅਦ ਆਪ ਜੀ ਨੂੰ ਪੂਜਦਾ ਹਾਂ। ਮੈਂ ਦੁਨਿਆਵੀ ਤੌਰ 'ਤੇ ਆਪ ਨੂੰ ਕੋਈ ਸੁੱਖ ਨਹੀਂ ਦੇ ਸਕਿਆ, ਆਤਮਿਕ ਤੌਰ 'ਤੇ ਮਹਿਸੂਸ ਕਰਨ ਦੀ ਕੋਸ਼ਿਸ਼ ਕਰੋ। ਸ਼ਾਇਦ ਮੈਨੂੰ ਵੀ ਕੋਈ ਸੁੱਖ ਮਹਿਸੂਸ ਹੋਵੇ ਕਿ ਤੁਸੀਂ ਮੇਰੇ ਕਰਕੇ ਕੋਈ ਮਾਣ ਮਹਿਸੂਸ ਨਹੀਂ ਕਰਦੇ। ਇਥੇ ਤੁਹਾਡੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਤੁਸੀਂ ਮੈਨੂੰ ਗੁਰੂ ਸਾਹਿਬ ਜੀ ਦੇ ਖ਼ਾਲਸਾ ਪੰਥ ਦੇ ਘਰ ਦੀ ਸੇਵਾ ਕਰਨ ਦੀ ਹੱਲਾਸ਼ੇਰੀ ਦਿਉਗੇ ਅਤੇ ਸਾਰੇ ਪਰਿਵਾਰ ਵੱਲੋਂ ਕੋਈ ਵੀ ਅਜਿਹੀ ਗੱਲ ਨਹੀਂ ਹੋਣੀ ਚਾਹੀਦੀ ਕਿ ਮੇਰੇ ਵਧਦੇ ਕਦਮਾਂ 'ਤੇ ਮਾੜਾ ਅਸਰ ਪਵੇ। ਇਹੋ ਗੁਰੂ ਸਾਹਿਬ ਅੱਗੇ ਅਰਦਾਸ ਕਰੋ ਕਿ ਮੈਂ ਵੱਧ ਤੋਂ ਵੱਧ ਸੇਵਾ ਕਰ ਸਕਾਂ। ਇਕ ਗੱਲ ਹੋਰ ਹੈ ਕਿ ਸਰਕਾਰ ਵੱਲੋਂ ਤੁਹਾਡੇ ਉਪਰ ਲੱਖ ਮੁਸੀਬਤਾਂ ਆਉਣ/ਢਾਹੀਆਂ ਜਾਣ, ਪਰ ਮੇਰੇ ਵੱਲੋਂ ਬੇਨਤੀ ਹੈ ਕਿ ਡੋਲਣਾ ਨਹੀਂ, ਗੁਰੂ ਸਾਹਿਬ ਦਾ ਭਾਣਾ ਮਿੱਠਾ ਕਰਕੇ ਮੰਨਣਾ ਅਤੇ ਚੜ੍ਹਦੀ ਕਲਾ ਵਿਚ ਰਹਿਣਾ ਹੈ। ਕਿਸੇ ਵੀ ਸਰਕਾਰੀ ਜ਼ੁਲਮ ਅੱਗੇ ਤੁਹਾਡਾ ਸਿਰ ਝੁਕਣਾ ਨਹੀਂ ਚਾਹੀਦਾ। ਕੌਮਾਂ ਦੀਆਂ ਅਜ਼ਾਦੀ ਦੀਆਂ ਜੰਗਾਂ ਕਿਤੇ ਐਵੇਂ ਨਹੀਂ ਜਿੱਤੀਆਂ ਜਾਂਦੀਆਂ ਹਨ। ਆਪ ਜੀ ਨੂੰ ਮੇਰੇ ਨਾਲੋਂ ਵੱਧ ਪਤਾ ਹੈ, ਕਿਉਂਕਿ ਪਿਤਾ ਜੀ, ਤੁਸੀਂ ਵੀ ਹਿੰਦੁਤਸਾਨ ਵਿੱਚੋਂ ਅੰਗਰੇਜ਼ਾਂ ਨੂੰ ਕੱਢਣ ਲਈ ਹਿੰਦੁਸਤਾਨ ਦੀ ਅਜ਼ਾਦੀ ਲਈ ਅਜ਼ਾਦ ਹਿੰਦ ਫੌਜ ਵਿਚ ਸ਼ਾਮਲ ਹੋ ਕੇ ਅਜ਼ਾਦੀ ਦੀ ਜੰਗ ਲੜੀ ਸੀ, ਜੋ ਤੁਸੀਂ ਕੌਮੀ ਜਜ਼ਬੇ ਨਾਲ ਕੀਤਾ ਹੈ, ਮੈਂ ਵੀ ਸਿੱਖਾਂ ਦੀ ਅਜ਼ਾਦੀ ਲਈ ਹੀ ਤੁਰਿਆ ਹਾਂ, ਬਿਨਾਂ ਜੰਗ ਜਿੱਤੇ ਜਿਉਂਦਾ ਘਰ ਵਾਪਸ ਨਹੀਂ ਪਰਤਾਂਗਾ। ਫ਼ਤਹਿ ਜਾਂ ਸ਼ਹਾਦਤ ਮੇਰਾ ਮਿਸ਼ਨ ਹੈ। ਪਿਤਾ ਜੀ, ਮੇਰੀ ਗੁਰੂ ਸਾਹਿਬ ਅੱਗੇ ਅਰਦਾਸ ਹੈ ਕਿ ਸੱਚੇ ਪਾਤਿਸ਼ਾਹ ਮੇਰਾ ਸਿਰ ਸਿੱਖ ਕੌਮ ਦੀ ਅਜ਼ਾਦੀ ਲਈ ਲੱਗ ਜਾਵੇ, ਮੇਰੇ ਸਾਰੇ ਪਰਿਵਾਰ ਦੇ ਸਿਰ ਲੱਗ ਜਾਣ, ਪਰ ਸਾਡੀ ਸਿੱਖ ਕੌਮ ਆਪਣੀ ਅਜ਼ਾਦੀ ਪ੍ਰਾਪਤ ਕਰਕੇ, ਖ਼ਾਲਸਾ ਰਾਜ ਦੀ ਅਜ਼ਾਦੀ ਦਾ ਨਿੱਘ ਮਾਣੇ। ਮੇਰੇ ਆਖ਼ਰੀ ਸਵਾਸ ਕੌਮੀ ਅਜ਼ਾਦੀ ਦੇ ਲੇਖੇ ਲੱਗ ਜਾਣ, ਮੈਂ ਗ਼ੁਲਾਮੀ ਦੀ ਜ਼ਿੰਦਗੀ ਜਿਊਣ ਨਾਲੋਂ ਅਣਖ ਦੀ ਮੌਤ ਮਰਨਾ ਲੱਖ ਦਰਜੇ ਚੰਗਾ ਸਮਝਦਾ ਹਾਂ। ਸੰਤ ਮਹਾਂਪੁਰਖ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਕਹਿਣਾ

ਸੀ ਕਿ "ਜਿਸ ਦਿਨ ਹਿੰਦੁਸਤਾਨ ਦੀ ਸਰਕਾਰ ਸ੍ਰੀ ਹਰਿਮੰਦਰ ਸਾਹਿਬ ਉੱਪਰ ਹਮਲਾ ਕਰੇਗੀ, ਖ਼ਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ।" ਸੰਤ ਜੀ ਦੇ ਸੁਪਨੇ ਨੂੰ ਸਾਕਾਰ ਕਰ ਸਕੀਏ ਤੇ ਸਾਹਿਬ-ਏ-ਕਮਾਲ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਸਕੀਏ। ਮੇਰੇ ਵੱਲੋਂ ਪਿਤਾ ਜੀ, ਮਾਤਾ ਜੀ, ਸਮੂੰਹ ਪਰਿਵਾਰ ਸਬੰਧੀਆਂ ਨੂੰ ਗੁਰੂ ਫ਼ਤਹਿ ਪ੍ਰਵਾਨ ਹੋਵੇ।

ਵਾਹਿਗੁਰੂ ਜੀ ਕਾ ਖ਼ਾਲਸਾ।

ਵਾਹਿਗੁਰੂ ਜੀ ਕੀ ਫ਼ਤਹਿ।।

ਗੁਰੂ ਪੰਥ ਦਾ ਦਾਸ : ਡਾ: ਗੁਰਨਾਮ ਸਿੰਘ ਬੁੱਟਰ, ਐੱਮ.ਬੀ.ਬੀ.ਐੱਸ.

ਕਨਵੀਨਰ : ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ

***ਮੇਰੇ ਪੁੱਤਰ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ—ਸ. ਦਲੀਪ ਸਿੰਘ ਬੁੱਟਰ***

ਸੁਤੰਤਰਤਾ ਸੰਗਰਾਮੀ ਅਜ਼ਾਦ ਹਿੰਦ ਫੌਜ ਦੇ ਪ੍ਰਮੁੱਖ ਆਗੂ ਰਹਿ ਚੁੱਕੇ ਸ: ਦਲੀਪ ਸਿੰਘ ਬੁੱਟਰ ਨੇ ਪੁਲਿਸ ਉੱਤੇ ਡਾ: ਗੁਰਨਾਮ ਸਿੰਘ ਬੁੱਟਰ ਐੱਮ.ਬੀ.ਬੀ.ਐੱਸ. ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਮਾਰੇ ਜਾਣ ਦਾ ਦੋਸ਼ ਲਾਇਆ ਹੈ। ਸ. ਦਲੀਪ ਸਿੰਘ ਨੇ ਕਿਹਾ ਹੈ ਕਿ ਮੇਰੇ ਪੁੱਤਰ ਨੂੰ ਜਲੰਧਰ ਦੇ ਸਪੋਰਟਸ ਕਾਲਜ ਦੇ ਕੋਲ ਸਾਈਕਲ 'ਤੇ ਜਾਂਦੇ ਪੁਲਿਸ ਨੇ ਕਾਰ ਦੀ ਸਾਈਡ ਮਾਰ ਕੇ ਡੇਗ ਦਿੱਤਾ ਤੇ ਗ੍ਰਿਫ਼ਤਾਰ ਕਰਕੇ ਲੈ ਗਏ। ਪੰਜਾਬ ਪੁਲਿਸ ਨੇ ਡਾ: ਬੁੱਟਰ ਨੂੰ ਅਣਮਨੁੱਖੀ ਤਸੀਹੇ ਦਿੱਤੇ, ਪੱਟ ਚੀਰ ਕੇ ਵਿਚ ਲੂਣ ਭਰ ਦਿੱਤਾ ਤੇ ਕਈ ਦਿਨ ਜ਼ਖ਼ਮਾਂ 'ਚੋਂ ਪਾਕ ਵਗਦੀ ਰਹੀ, ਮਾਸ ਹੱਡੀਆਂ ਨੂੰ ਛੱਡ ਗਿਆ, ਹੱਥ ਪੋਟਾ-ਪੋਟਾ ਕਰਕੇ ਗੁੱਟਾਂ ਤਕ ਵੱਢੇ ਗਏ। ਮੇਰੇ ਪੁੱਤਰ ਨੂੰ ਸ਼ਹੀਦ ਭਾਈ ਮਨੀ ਸਿੰਘ ਵਾਂਗ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਹੈ। ਜੇ ਕਿਸੇ ਕੇਸ ਵਾਰਦਾਤ ਵਿਚ ਡਾਕਟਰ ਬੁੱਟਰ ਪੁਲਿਸ ਨੂੰ ਲੋੜੀਂਦਾ ਸੀ ਤਾਂ ਅਦਾਲਤ 'ਚ ਪੇਸ਼ ਕਰਕੇ ਕੇਸ ਚਲਾਉਣਾ ਚਾਹੀਦਾ ਸੀ। ਡਾਕਟਰ ਪੁਲਿਸ ਦੇ ਤਸੀਹੇ ਵਾਹਿਗੁਰੂ ਵਾਹਿਗੁਰੂ ਬੋਲਦਾ ਸਹਿੰਦਾ ਰਿਹਾ, ਪੰਜਾਬ ਪੁਲਿਸ ਨੇ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਮਾਰਿਆ ਹੈ ਅਤੇ ਉਹ ਕੌਮ ਦਾ ਸ਼ਹੀਦ ਹੈ।

***

# ਸ਼ਹੀਦ ਡਾ: ਭਾਈ ਬਰਜਿੰਦਰ ਸਿੰਘ ਪੰਜਵੜ
## ਸਿੱਖ ਸਟੂਡੈਂਟਸ ਫ਼ੈਡਰੇਸ਼ਨ



ਸਿੱਖ ਕੌਮ ਦੇ ਗਲੋਂ ਗ਼ੁਲਾਮੀ ਲਾਹੁਣ ਲਈ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਖ਼ਾਲਸਾ ਰਾਜ ਦੀ ਸਥਾਪਨਾ ਲਈ ਸੰਘਰਸ਼ ਦੌਰਾਨ ਹਜ਼ਾਰਾਂ ਸਿੰਘਾਂ-ਸਿੰਘਣੀਆਂ, ਭੁਝੰਗੀਆਂ ਨੇ ਜ਼ਾਲਮ ਹਕੂਮਤ ਦੇ ਅਸਹਿ ਤੇ ਅਕਹਿ ਕਸ਼ਟ ਝਲਦਿਆਂ ਹੋਇਆਂ ਸ਼ਹਾਦਤਾਂ ਦੇ ਜਾਮ ਪੀਤੇ। ਇਨ੍ਹਾਂ ਜੁਝਾਰੂ ਸਿੰਘਾਂ ਦੇ ਕਾਫਲੇ ਵਿੱਚੋਂ ਹੀ ਸਿਰੜੀ ਤੇ ਸਿਦਕਵਾਨ ਡਾ: ਬਰਜਿੰਦਰ ਸਿੰਘ ਪੰਜਵੜ ਹੋਏ ਜਿਨ੍ਹਾਂ ਦਾ ਜਨਮ ਪਿਤਾ ਡਾ: ਹਰਭਜਨ ਸਿੰਘ ਦੇ ਘਰ ਮਾਤਾ ਹਰਜਿੰਦਰ ਕੌਰ ਦੀ ਕੁੱਖੋਂ 1963 ਵਿਚ ਪਿੰਡ ਪੰਜਵੜ ਤਹਿਸੀਲ ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਡਾ: ਬਰਜਿੰਦਰ ਸਿੰਘ ਦਾ ਇਕ ਭਰਾ ਡਾ: ਭੁਪਿੰਦਰ ਸਿੰਘ ਦੋ ਭੈਣਾਂ ਸ਼ਰਨਜੀਤ ਕੌਰ ਤੇ ਰਣਜੀਤ ਕੌਰ ਹਨ। ਡਾ: ਬਰਜਿੰਦਰ ਸਿੰਘ ਦਾ ਆਨੰਦ ਕਾਰਜ ਬੀਬੀ ਬਲਜੀਤ ਕੌਰ ਨਾਲ ਹੋਈ, ਆਪ ਦੀ ਇਕ ਲੜਕੀ ਗੁਰਵਿੰਦਰ ਕੌਰ ਵਿੱਕੀ ਹੈ।

ਡਾ: ਬਰਜਿੰਦਰ ਸਿੰਘ ਨੇ ਮੁਢਲੀ ਵਿਦਿਆ ਪਿੰਡ ਪੰਜਵੜ ਦੇ ਸਕੂਲ ਤੋਂ ਅਤੇ ਫਿਰ ਬੀੜ ਬਾਬਾ ਬੁੱਢਾ ਸਾਹਿਬ ਕਾਲਜ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਡੀ.ਫਾਰਮੇਸੀ ਕੀਤੀ। ਧਰਮ ਯੁੱਧ ਮੋਰਚੇ ਦੌਰਾਨ ਸੰਨ 1983 'ਚ ਸੰਤ ਜਰਨੈਲ ਸਿੰਘ

ਖ਼ਾਲਸਾ ਭਿੰਡਰਾਂਵਾਲਾ ਅਤੇ ਭਾਈ ਅਮਰੀਕ ਸਿੰਘ ਜੀ ਦੇ ਸੰਪਰਕ ਵਿਚ ਆਏ। ਅੰਮ੍ਰਿਤ ਛਕ ਕੇ ਸਿੰਘ ਸਰੂਪ ਵਿਚ ਪ੍ਰਪੱਕ ਹੋਏ। ਆਪ ਜੀ ਦਾ ਜਨਰਲ ਲਾਭ ਸਿੰਘ ਨਾਲ ਬਚਪਨ ਤੋਂ ਹੀ ਬੜਾ ਪ੍ਰੇਮ ਸੀ ਤੇ ਇੱਕੋ ਵਿਚਾਰਧਾਰਾ ਦੇ ਹਮਸਫ਼ਰ ਸਾਥੀ ਸਨ। ਜੂਨ 1984 ਦੇ ਸ੍ਰੀ ਦਰਬਾਰ ਸਾਹਿਬ ਵਾਪਰੇ ਹਿੰਦੁਸਤਾਨੀ ਫੌਜਾਂ ਦੇ ਘੱਲੂਘਾਰੇ ਵੇਲੇ ਆਪ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਸਨ ਅਤੇ ਚੱਲਦੀ ਗੋਲੀ 'ਚੋਂ ਬੱਚ ਨਿਕਲਣ ਵਿਚ ਕਾਮਯਾਬ ਹੋ ਗਏ। 1984 ਤੋਂ ਬਾਅਦ ਗੁਪਤ ਰੂਪ ਵਿਚ ਸੇਵਾ ਕਰਦੇ ਰਹੇ ਤੇ ਹਕੂਮਤ ਦੀ ਕੈਦ ਵਿਚੋਂ ਜਨਰਲ ਲਾਭ ਸਿੰਘ ਨੂੰ ਛੁਡਾਉਣ ਲਈ ਸੋਚ-ਵਿਚਾਰ ਕਰਨ ਲੱਗੇ। ਮਾਰਚ 1986 'ਚ ਭਾਈ ਮਨਬੀਰ ਸਿੰਘ ਚਹੇੜੂ ਜਲੰਧਰ ਕਚਹਿਰੀਆਂ 'ਚੋਂ ਭਾਈ ਲਾਭ ਸਿੰਘ, ਭਾਈ ਗੁਰਿੰਦਰ ਸਿੰਘ ਭੋਲਾ ਤਰਨ ਤਾਰਨ, ਭਾਈ ਦਲਜੀਤ ਸਿੰਘ ਮਾਹਲਾਂ ਨੂੰ ਪੁਲਿਸ ਪਾਰਟੀ 'ਤੇ ਹਮਲਾ ਕਰਕੇ ਅਜ਼ਾਦ ਕਰਵਾਉਣ ਵਿਚ ਕਾਮਯਾਬ ਹੋ ਗਏ। ਡਾ: ਗੁਰਨਾਮ ਸਿੰਘ ਬੁੱਟਰ ਦੀ ਸ਼ਹੀਦੀ ਤੋਂ ਬਾਅਦ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਕਮਾਨ ਸੰਭਾਲੀ ਅਤੇ ਖ਼ਾਲਿਸਤਾਨ ਦੀ ਅਜ਼ਾਦੀ ਲਈ ਸਿੱਖ ਨੌਜਵਾਨਾਂ ਨੂੰ ਲਾਮਬੰਦ ਕਰਨ ਵਿਚ ਜੁੱਟ ਗਏ। ਡਾਕਟਰ ਸਾਹਿਬ ਸਰਦੇ ਪੁੱਜਦੇ ਘਰ ਦੇ ਸਨ, ਜਬਰੀ ਫਿਰੌਤੀਆਂ ਦੇ ਵਿਰੋਧੀ ਸਨ, ਘਰੋਂ ਲੋੜ ਲਈ ਰੁਪਏ ਲੈ ਜਾਂਦੇ ਸਨ ਤੇ ਪਿਤਾ ਜੀ ਨੂੰ ਕਹਿੰਦੇ ਸਨ ਕਿ ਮੈਂ ਆਪਣੇ ਹਿੱਸੇ ਦੀ ਜਿੰਨੀ ਵੀ ਜਾਇਦਾਦ ਹੈ ਵੇਚ ਕੇ ਖ਼ਾਲਿਸਤਾਨ ਦੀ ਅਜ਼ਾਦੀ ਦੇ ਸੰਘਰਸ਼ ਲੇਖੇ ਲਗਾ ਦੇਣੀ ਹੈ, ਤੇ ਸਿੱਖਾਂ ਦੇ ਘਰ ਖ਼ਾਲਿਸਤਾਨ ਦੀ ਅਜ਼ਾਦੀ ਲੜਾਈ ਲੜਦਿਆਂ ਸ਼ਹੀਦੀ ਪ੍ਰਾਪਤ ਕਰਨੀ ਹੈ। ਤੁਸੀਂ ਕਿਸੇ ਵੀ ਤਰ੍ਹਾਂ ਦਿਲੋਂ ਨਹੀਂ ਡੋਲਣਾ, ਵਾਹਿਗੁਰੂ ਦਾ ਭਾਣਾ ਮੰਨਣਾ ਹੈ। ਸੰਨ 1986 ਵਿਚ ਪੁਲਿਸ ਨੇ ਗ੍ਰਿਫਤਾਰ ਕਰਕੇ ਸਦਰਪੁਰਾ ਕਤਲ ਕਾਂਡ ਅਤੇ 5-6 ਹੋਰ ਕੇਸ ਪਾ ਕੇ ਬੇਹੱਦ ਤਸ਼ੱਦਦ ਕਰਕੇ ਅੰਮ੍ਰਿਤਸਰ ਜੇਲ੍ਹ 'ਚ ਬੰਦ ਕਰ ਦਿੱਤਾ। ਜਸਟਿਸ ਅਜੀਤ ਸਿੰਘ ਬੈਂਸ ਕਮੇਟੀ ਦੀ ਸਿਫਾਰਸ਼ 'ਤੇ ਡੇਢ ਸਾਲ ਬਾਅਦ ਜੇਲ੍ਹ ਵਿਚੋਂ ਰਿਹਾਅ ਹੋਏ। ਸੰਨ 1988 'ਚ ਜਲੰਧਰ ਪੁਲਿਸ ਦੇ ਐੱਸ.ਐੱਸ.ਪੀ. ਸੰਜੀਵ ਗੁਪਤਾ ਨੇ ਗ੍ਰਿਫ਼ਤਾਰ ਕਰਕੇ ਕਈ ਕੇਸ ਪਾ ਕੇ ਜੇਲ੍ਹ 'ਚ ਡੱਕ ਦਿੱਤਾ। 6-7 ਮਹੀਨੇ ਬਾਅਦ ਜ਼ਮਾਨਤ 'ਤੇ ਰਿਹਾਅ ਹੋਏ ਤਾਂ ਅਜਨਾਲਾ ਦੇ ਐੱਸ.ਐੱਚ.ਓ. ਮਦਨ ਗੋਪਾਲ ਨੇ ਗ੍ਰਿਫ਼ਤਾਰ ਕਰਕੇ 20-25 ਦਿਨ ਅੰਮ੍ਰਿਤਸਰ ਦੇ ਮਾਲ ਮੰਡੀ ਤਸੀਹੇ ਕੇਂਦਰ 'ਚ ਤਸ਼ੱਦਦ ਕੀਤਾ। ਇਸ ਤੋਂ ਬਾਅਦ ਡਾ: ਬਰਜਿੰਦਰ ਸਿੰਘ ਰੂਪੋਸ਼ ਹੋ ਕੇ ਸਿੱਖ ਸੰਘਰਸ਼ ਵਿਚ ਕੁੱਦ ਪਏ। 1988 ਦੇ ਬਲੈਕ ਥੰਡਰ ਕਾਰਵਾਈ ਤੋਂ ਬਾਅਦ ਜਨਰਲ ਲਾਭ ਸਿੰਘ ਵੱਲੋਂ ਸਿੱਖ ਸੰਘਰਸ਼ 'ਚ ਆਈਆਂ ਖਾਮੀਆਂ ਦੂਰ ਕਰਨ ਲਈ, ਅਪਣਾਈ ਸੋਚ ਵਿਚ ਡਾ: ਬਰਜਿੰਦਰ ਸਿੰਘ ਦਾ ਪੂਰਾ ਸਹਿਯੋਗ ਲਿਆ ਅਤੇ ਉਸ ਦਾ ਇਸ ਪਿੱਛੇ ਦਿਮਾਗ਼ ਕੰਮ ਕਰਦਾ ਸੀ। ਜਨਰਲ ਲਾਭ ਸਿੰਘ ਦੀ 12 ਜੁਲਾਈ 1988 ਨੂੰ ਸ਼ਹੀਦੀ ਵੇਲੇ ਮਿਲੀ ਡਾਇਰੀ ਵਿਚੋਂ 16 ਸਫ਼ਿਆਂ ਦੀ ਦਸਤਾਵੇਜ਼ ਨੂੰ ਤਿਆਰ ਕਰਕੇ ਸੰਘਰਸ਼ ਦੀਆਂ ਕਮਜ਼ੋਰੀਆਂ ਉੱਪਰ ਕੀਤੀ ਨਿਸ਼ਾਨਦੇਹੀ, ਦੋਹਾਂ ਜਰਨੈਲਾਂ ਦੀ ਇਕਸੁਰਤਾ ਤੇ ਸਿੱਖ ਸੰਘਰਸ਼ ਪ੍ਰਤੀ ਗੰਭੀਰਤਾ ਤੇ ਦ੍ਰਿੜ੍ਹਤਾ ਦਾ ਸਬੂਤ ਸੀ/ਹੈ।

ਜਨਰਲ ਲਾਭ ਸਿੰਘ ਦੀ ਸ਼ਹੀਦੀ ਤੋਂ ਬਾਅਦ ਉਸ ਦੀ ਸਿਧਾਂਤਕ ਸੂਝ-ਬੂਝ ਨੂੰ ਅਮਲੀ ਰੂਪ ਵਿਚ ਲਾਗੂ ਕਰਨ ਲਈ ਡਾ: ਬਰਜਿੰਦਰ ਸਿੰਘ ਜੁਟ ਗਏ। ਆਪ ਖ਼ਾਲਿਸਤਾਨ ਦੇ ਸੰਘਰਸ਼ ਦੇ ਹੱਕ 'ਚ ਪ੍ਰਚਾਰ ਕਰਦਿਆਂ ਸਖ਼ਤ ਸਟੈਂਡ ਲਿਆ ਤੇ ਇਸ ਸਿਧਾਂਤ 'ਤੇ ਅਮਲ ਕਰਨ 'ਤੇ ਜ਼ੋਰ ਦਿੱਤਾ ਕਿ ਜੁਝਾਰੂ ਸਿੰਘਾਂ ਦੇ ਹਥਿਆਰਬੰਦ ਘੋਲ ਦੇ ਨਾਲ ਲੋਕ-ਸ਼ਕਤੀ ਦੀ ਧਿਰ ਹੋਣਾ ਬਹੁਤ ਜ਼ਰੂਰੀ ਹੈ। ਛੋਟੇ ਮੋਟੇ ਦੋਸ਼ਾਂ ਤਹਿਤ ਮੌਤ ਦੀ ਸਜ਼ਾ ਦੋਸ਼ੀ ਨੂੰ ਦੇਣ ਨਾਲ ਖਾੜਕੂ ਸੰਘਰਸ਼ ਨੂੰ ਢਾਅ ਲੱਗਦੀ ਹੈ ਤੇ ਲੋਕਾਂ ਵਿਚ ਅੱਥਰੇ ਖਾੜਕੂ ਹੋਣ ਦਾ ਪ੍ਰਭਾਵ ਪੈਂਦਾ ਹੈ। ਅਜਿਹੀ ਸਥਿਤੀ ਵਿਚ ਖਾੜਕੂ ਸਿੰਘਾਂ ਨੂੰ ਲੋਕ ਪਨਾਹ ਦੇਂਦੇ ਹਨ ਤਾਂ ਸਿਰਫ਼ ਦਹਿਸ਼ਤ ਕਾਰਨ ਹੀ ਇਹ ਸਿਧਾਂਤਹੀਣ ਦਿਸ਼ਾ ਨਾਲ ਲੰਬਾ ਸਮਾਂ ਸੰਘਰਸ਼ ਜਿੰਦਾ ਨਹੀਂ ਰਹੇਗਾ। ਡਾ: ਬਰਜਿੰਦਰ ਸਿੰਘ ਕਹਿੰਦੇ ਸਨ ਕਿ ਪੰਜਾਬ ਪੁਲਿਸ ਦਾ ਬਹੁਤਾ ਹਿੱਸਾ, ਸਾਡਾ ਆਪਣਾ ਕੇਡਰ ਹੈ, ਗਰੀਬ ਪਰਿਵਾਰ ਦੇ ਹੀ ਪੁੱਤਰ ਪੰਜਾਬ ਪੁਲਿਸ ਵਿਚ ਭਰਤੀ ਹੁੰਦੇ ਹਨ ਤੇ ਬੇਰੁਜ਼ਗਾਰੀ ਉਨ੍ਹਾਂ ਦੀ ਮਜਬੂਰੀ ਹੈ, ਇਕ ਭਰਾ ਪੁਲਿਸ ਵਿਚ ਹੈ ਤਾਂ ਇਕ ਜੁਝਾਰੂ ਵੀ ਹੈ। ਪੰਜਾਬ ਪੁਲਿਸ ਦਾ ਜੇ ਕੋਈ ਸਿਪਾਹੀ ਥਾਣੇਦਾਰ ਗਲਤ ਹੈ ਤਾਂ ਉਸ ਨੂੰ ਪਿਆਰ ਨਾਲ ਸਮਝਣ ਦਾ ਮੌਕਾ ਜ਼ਰੂਰ ਦੇਣਾ ਚਾਹੀਦਾ ਹੈ, ਪੰਜਾਬ ਪੁਲਿਸ ਦਾ ਇਕ ਵੀ ਨਿਰਦੋਸ਼ ਬੰਦਾ ਮਾਰਿਆ ਜਾਣਾ ਸੰਘਰਸ਼ ਲਈ ਆਤਮਘਾਤ ਸਿੱਧ ਹੋਵੇਗਾ। ਜੋ ਆਪਣੇ ਮੋਢਿਆਂ ਦੇ ਸਟਾਰ ਵਧਾਉਣ ਦੇ ਲਾਲਚ ਵਿਚ ਸਿੰਘਾਂ ਨੂੰ ਅਣਮਨੁੱਖੀ ਤਸੀਹੇ ਦੇ ਕੇ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਦੇ ਹਨ, ਉਨ੍ਹਾਂ ਨੂੰ ਹੀ ਖ਼ਾਲਸਈ ਰਵਾਇਤਾਂ ਅਨੁਸਾਰ ਸੋਧੇ ਜਾਣ ਤੇ ਸਿਰਫ ਚੋਣਵੇਂ ਕਾਤਲਾਂ ਨੂੰ ਸੋਧਣ ਨਾਲ ਲੋਕਾਂ ਦੀ ਹਮਦਰਦੀ ਜੁਝਾਰੂ ਸਿੰਘਾਂ ਨਾਲ ਜੁੜਦੀ ਹੈ। ਸ਼ਰਾਬ ਦੇ ਠੇਕੇ ਦੇ ਕਰਿੰਦਿਆਂ ਜਾਂ ਕਿਸੇ ਗਰੀਬ ਨੂੰ ਦੇਸੀ ਸ਼ਰਾਬ ਕੱਢਣ, ਪੀਣ ਦੇ ਦੋਸ਼ ਹੇਠ ਮਾਰ ਦੇਣਾ, ਜੁਝਾਰੂ ਸਿੰਘਾਂ ਦੇ ਉੱਚੇ ਆਦੇਸ਼ਾਂ ਦੀ ਪ੍ਰਾਪਤੀ ਨਹੀਂ ਮੰਨੀ ਜਾ ਸਕਦੀ। ਖ਼ਾਸ ਕਰਕੇ ਜੱਟ ਭਾਈਚਾਰੇ ਦੀ ਇਹ ਵੱਡੀ ਕਮਜ਼ੋਰੀ ਹੈ ਕਿ ਜ਼ਿਆਦਾ ਕਰਕੇ ਖਾੜਕੂ ਸਿੰਘਾਂ ਨੂੰ ਪਨਾਹ ਤੇ ਪ੍ਰਸ਼ਾਦਾ ਪਾਣੀ ਇਸ ਕਰਕੇ ਛਕਾਉਂਦੇ ਹਨ ਕਿ ਇਨ੍ਹਾਂ ਨੇ ਆਪਣੀ ਨਿੱਜੀ ਰੰਜਿਸ਼ ਕਾਰਨ ਆਪਣੇ ਕਿਸੇ ਵਿਰੋਧੀ ਦਾ ਕੰਡਾ ਕਢਾਉਣਾ ਹੁੰਦਾ ਹੈ। ਇਸ ਲਈ ਆਪਣੇ ਵਿਰੋਧੀ ਨੂੰ ਪੁਲਿਸ ਮੁਖਬਰ ਕਹਿ ਕੇ, ਜੁਝਾਰੂ ਸਿੰਘਾਂ ਤੋਂ ਮਰਵਾ ਦੇਣਾ, ਆਮ ਗੱਲ ਹੈ। ਇਸ ਗੱਲ/ਅਮਲ ਨੂੰ ਠੱਲ ਪਾਏ ਬਿਨ੍ਹਾਂ ਖ਼ਾਲਿਸਤਾਨ ਸੰਘਰਸ਼ ਆਪਣੀ ਮੰਜ਼ਿਲ ਦੀ ਪ੍ਰਾਪਤੀ ਨਹੀਂ ਕਰ ਸਕੇਗਾ। ਪੁਲਿਸ ਮੁਖਬਰ ਹੋਣ ਦੇ ਦੋਸ਼ ਹੇਠ ਸਿੱਖ ਪਰਿਵਾਰਾਂ ਦੇ ਪਰਿਵਾਰ ਬਜ਼ੁਰਗਾਂ ਤੋਂ ਲੈ ਕੇ ਬੀਬੀਆਂ ਬੱਚਿਆਂ ਤਕ ਕਤਲੇਆਮ ਰੂਪ ਵਿਚ ਖ਼ਤਮ ਕਰਨ ਨਾਲ ਲੋਕਾਂ ਦੀ ਹਮਦਰਦੀ ਸਿੱਖ ਸੰਘਰਸ਼ ਨਾਲੋਂ ਟੁੱਟਦੀ ਹੈ, ਸਿੰਘਾਂ ਦੀ ਮੁਖਬਰੀ ਕਰਨ ਵਾਲੇ ਬਾਰੇ ਪੂਰੀ ਛਾਣਬੀਣ ਕਰਨ ਤੋਂ ਬਾਅਦ, ਜਥੇਬੰਦੀ ਦੀ ਅਨੁਸ਼ਾਸਨੀ ਕਮੇਟੀ ਵੱਲੋਂ ਸਿਰਫ਼ ਮੁਖ਼ਬਰ ਵਿਅਕਤੀ, ਸਿੱਖ ਸੰਘਰਸ਼ ਦੇ ਕੱਟੜ ਵਿਰੋਧੀ, ਸਿੰਘਾਂ ਨੂੰ ਬਦਨਾਮ ਕਰਨ ਵਾਲੇ, ਬਾਰੇ ਲਏ ਗਏ ਫੈਸਲੇ ਅਨੁਸਾਰ ਹੀ ਕਾਰਵਾਈ ਹੋਣੀ ਚਾਹੀਦੀ ਹੈ। ਹਰ ਮੋਢੇ 'ਤੇ ਪਾਈ ਅਸਾਲਟ ਵਾਲੇ ਖਾੜਕੂ ਨੂੰ ਆਪਣੇ ਵੱਲੋਂ ਹੀ ਕਿਸੇ ਦੀ ਜ਼ਿੰਦਗੀ ਦਾ

ਘਾਣ ਕਰ ਦੇਣਾ ਸਿੱਖ ਸੰਘਰਸ਼ ਲਈ ਆਤਮਘਾਤੀ ਸਿੱਧ ਹੁੰਦਾ ਹੈ। ਇਸ ਵਿਚ ਪੰਜਾਬ ਪੁਲਿਸ ਦੇ ਹੌਲਦਾਰ, ਥਾਣੇਦਾਰ ਜਾਂ ਪੁਲਿਸ ਕਪਤਾਨ ਵੱਲੋਂ ਹੀ ਕਿਸੇ ਫੜੇ ਜੁਝਾਰੂ ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਖ਼ਤਮ ਕਰਨ ਦੇਣਾ, ਅਧਿਕਾਰਾਂ ਦੀ ਉਲੰਘਣਾ ਦੇ ਤੁੱਲ ਹੈ।

ਸਿੱਖ ਸੰਘਰਸ਼ ਦਾ ਸ਼ੁਭ ਚਿੰਤਕ, ਨੀਤੀਵਾਨ, ਅਣਖੀਲਾ ਜਰਨੈਲ ਆਪਣੀ ਸੂਝ-ਬੂਝ ਨਾਲ ਖ਼ਾਲਸਾ ਹਲੀਮੀ ਰਾਜ ਦੀ ਸਥਾਪਨਾ ਦੀ ਲੜਾਈ ਲੜਦਾ ਹੋਇਆ ਆਪਣੇ ਇਕ ਸਾਥੀ ਤਰਲੋਚਨ ਸਿੰਘ ਨਾਲ ਡਾ: ਬਰਜਿੰਦਰ ਸਿੰਘ ਪੰਜਵੜ ਛੇਹਰਟਾ ਸਾਹਿਬ ਦੇ ਇਕ ਘਰ ਵਿਚ 23 ਅਗਸਤ 1991 ਨੂੰ ਇਕ ਕਮਰੇ ਅੰਦਰ ਬੈਠੇ ਦਿਨੇ 11 ਕੁ ਵਜੇ ਟੈਲੀਵਿਜ਼ਨ ਵੇਖ ਰਹੇ ਸਨ, ਦੋਵਾਂ ਸਿੰਘਾਂ ਕੇਸੀਂ ਇਸ਼ਨਾਨ ਕਰਕੇ ਗਿੱਲੇ ਕੇਸ ਹਰੇ ਕਰ ਰਹੇ ਸਨ। ਥਾਣਾ ਛੇਹਰਟਾ ਦਾ ਡੀ.ਐੱਸ.ਪੀ. ਅਤੇ ਐੱਸ.ਐੱਚ.ਓ. ਗੁਰਮੀਤ ਰਾਮ ਪੁਲਿਸ ਪਾਰਟੀ ਨਾਲ ਗ੍ਰਿਫਤਾਰ ਕਰਨ ਲਈ ਪਹੁੰਚ ਗਿਆ। ਉਨ੍ਹਾਂ ਦੋਵਾਂ ਸਿੰਘਾਂ ਕੋਲ ਹਥਿਆਰ ਕੋਈ ਨਹੀਂ ਸੀ। ਡੀ.ਐੱਸ.ਪੀ. ਨੇ ਪੁਲਿਸ ਨਾਲ ਤੁਰਨ ਤੇ ਥਾਣੇ ਜਾਣ ਲਈ ਕਿਹਾ ਕਿ ਡਾ: ਬਰਜਿੰਦਰ ਸਿੰਘ ਤੁਹਾਨੂੰ ਸਾਡੇ ਨਾਲ ਚੱਲਣਾ ਪਵੇਗਾ ? ਤਾਂ ਡਾ: ਬਰਜਿੰਦਰ ਸਿੰਘ ਤੇ ਤਰਲੋਚਨ ਸਿੰਘ ਨੇ ਕਿਹਾ—ਅਸੀਂ ਥਾਣੇ ਨਹੀਂ ਜਾਣਾ, ਤੁਸੀਂ ਸਾਨੂੰ ਇਥੇ ਹੀ ਗੋਲੀ ਮਾਰ ਦੇਵੋ। ਦੋਵੇਂ ਸਿੰਘ ਖਾਲੀ ਹੱਥੀਂ ਹੀ ਮੁਕਾਬਲਾ ਕਰਨ ਦੇ ਲਈ ਤਿਆਰ ਹੋ ਗਏ। ਡੀ.ਐੱਸ.ਪੀ. ਨੇ ਡਾ: ਬਰਜਿੰਦਰ ਸਿੰਘ ਨੂੰ ਕੇਸਾਂ ਤੋਂ ਫੜ ਕੇ ਨਾਲ ਲਿਜਾਣ ਲਈ ਤੋਰ ਲਿਆ, ਤੇ ਐੱਸ.ਐੱਚ.ਓ. ਨੇ ਤਰਲੋਚਨ ਸਿੰਘ ਨੂੰ ਫੜ ਕੇ ਨਾਲ ਤੋਰਨਾ ਚਾਹਿਆ ਤਾਂ ਤਰਲੋਚਨ ਸਿੰਘ ਨੇ ਪੁਲਿਸ ਵਾਲਿਆਂ ਨੂੰ ਠੁੱਡ ਤੇ ਮੁੱਕੇ ਮਾਰੇ। ਡਾ: ਬਰਜਿੰਦਰ ਸਿੰਘ ਨੂੰ ਜਦੋਂ ਕੇਸਾਂ ਤੋਂ ਫੜ ਕੇ ਡੀ.ਐੱਸ.ਪੀ. ਖਿੱਚ ਕੇ ਘਰੋਂ ਬਾਹਰ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਉਸ ਦਾ ਦਾਅ ਲੱਗ ਗਿਆ ਤੇ ਡੀ.ਐੱਸ.ਪੀ. ਦਾ ਪਿਸਤੌਲ ਖੋਹ ਲਿਆ, ਪਰ ਇਸ ਭਾਰੀ ਗੁੱਥਮ ਗੁੱਥਾ ਵਿਚ ਚਲਾਇਆ ਨਾ ਗਿਆ। ਡਾ: ਬਰਜਿੰਦਰ ਸਿੰਘ ਨੇ ਮੌਕਾ ਸੰਭਾਲਦਿਆਂ ਡੀ.ਐੱਸ.ਪੀ. ਦੇ ਹੱਥ 'ਤੇ ਐਸੀ ਦੰਦੀ ਵੱਢੀ ਕਿ ਡੀ.ਐੱਸ.ਪੀ. ਚੀਕਾਂ ਮਾਰੀ ਜਾਵੇ, ਓਏ ਮੈਂ ਮਾਰਿਆ ਗਿਆ, ਉਏ ਛਡਾਉ, ਉਏ ਖਾ ਗਿਆ ਮੈਨੂੰ। ਪੁਲਿਸ ਵਾਲੇ ਡਾਕਟਰ ਸਾਹਿਬ ਨੂੰ ਖਿੱਚਣ ਨਾਲ ਹੀ ਡੀ.ਐੱਸ.ਪੀ. ਖਿੱਚੀਦਾ ਫਿਰੇ, ਤੇ ਤਰਲੋਚਨ ਸਿੰਘ ਵੀ ਖਾਲੀ ਹੱਥੀਂ ਹੀ ਪੁਲਿਸ ਨੂੰ ਠੁੱਡ ਤੇ ਧੱਕਾ ਮੁੱਕੀ ਕਰੀ ਫਿਰਦਾ ਸੀ। ਪੁਲਿਸ ਨੇ ਅਜਿਹਾ ਪੰਗਾ ਪਹਿਲੀ ਵਾਰ ਦੋ ਖਾਲੀ ਹੱਥੀਂ ਸਿੰਘਾਂ ਨਾਲ ਪਿਆ ਵੇਖਿਆ ਸੀ। ਪੁਲਿਸ ਪਾਰਟੀ ਘਬਰਾ ਗਈ ਸੀ, ਇਥੇ ਤਾਂ ਖਾਲੀ ਹੱਥੀਂ 18ਵੀਂ ਸਦੀ ਦੇ ਬਾਬਾ ਬੋਤਾ ਸਿੰਘ, ਗਰਜਾ ਸਿੰਘ ਵਾਂਗ, ਆਕੀ ਹੋ ਕੇ 'ਖ਼ਾਲਿਸਤਾਨ ਜ਼ਿੰਦਾਬਾਦ ਖ਼ਾਲਿਸਤਾਨ ਜ਼ਿੰਦਾਬਾਦ' ਉੱਚੀ ਉੱਚੀ ਕੂਕ ਰਹੇ ਸਨ ਤੇ ਪੁਲਿਸ ਨੂੰ ਗਾਲਾਂ ਵੀ ਕੱਢ ਰਹੇ ਸਨ। ਡਾਂ: ਬਰਜਿੰਦਰ ਸਿੰਘ ਡੀ.ਐੱਸ.ਪੀ. ਨੂੰ ਵੱਢੀ ਦੰਦੀ ਛੱਡ ਨਹੀਂ ਸੀ ਰਿਹਾ, ਸ਼ਹਿਰ ਦੇ ਛੋਟੇ ਜਿਹੇ ਘਰ ਝੋਟਿਆਂ ਦੀ ਭੇੜ ਵਾਲਾ ਹਾਲ ਹੋਇਆ ਹੋਇਆ ਸੀ। ਘਰ ਵਾਲੇ ਅੱਡ ਕੰਬੀ ਜਾਂਦੇ ਸਨ, ਦੋਵਾਂ ਨੇ ਸ਼ਹੀਦ ਹੋਣ ਦਾ ਨਿਸਚਾ ਧਾਰ

ਲਿਆ ਸੀ, ਪਰ ਪੁਲਿਸ ਦੇ ਜਿਉਂਦੇ ਹੱਥ ਨਹੀਂ ਆਉਣਾ ਚਾਹੁੰਦੇ ਸਨ। ਸਿੰਘਾਂ ਨੇ ਖਾਲੀ ਹੱਥੀਂ ਹੀ ਪੂਰੀ ਪੁਲਿਸ ਪਾਰਟੀ ਨੂੰ ਮੁਕਾਬਲੇ 'ਚ ਉਲਝਾ ਲਿਆ ਸੀ। ਵੀਹ ਮਿੰਟ ਦੀ ਜੱਦੋ-ਜਹਿਦ ਤੋਂ ਬਾਅਦ ਪੰਜਾਬ ਪੁਲਿਸ ਨੇ ਡਾ: ਬਰਜਿੰਦਰ ਸਿੰਘ ਪੰਜਵੜ ਤੇ ਤਰਲੋਚਨ ਸਿੰਘ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। 6-7 ਗੋਲੀਆਂ ਵੱਜਣ 'ਤੇ ਵੀ ਡਾ: ਬਰਜਿੰਦਰ ਸਿੰਘ ਨੇ ਡੀ.ਐੱਸ.ਪੀ. ਦੇ ਹੱਥ 'ਤੇ ਵੱਢੀ ਦੰਦੀ ਨਾ ਛੱਡੀ, ਆਖ਼ਿਰ ਗੋਲੀਆਂ ਨਾਲ ਛੱਲਣੀ ਹੋਏ ਸਰੀਰ ਠੰਡੇ ਹੋ ਗਏ ਤਾਂ ਪੁਲਿਸ ਵਾਲਿਆਂ ਡੀ.ਐੱਸ.ਪੀ. ਦਾ ਹੱਥ ਦੰਦੀ ਤੋਂ ਮੁਕਤ ਕਰਾਇਆ। ਦੋਵੇਂ ਸਿੰਘਾਂ ਦੀਆਂ ਖ਼ੂਨ ਨਾਲ ਲੱਥ ਪੱਥ ਲਾਸ਼ਾਂ ਪੁਲਿਸ ਗੱਡੀ 'ਚ ਸੁੱਟ ਕੇ ਲੈ ਗਈ। ਪੁਲਿਸ ਵਾਲਿਆਂ ਦੀਆਂ ਪਾਟੀਆਂ ਵਰਦੀਆਂ, ਲੱਥੀਆਂ ਪੱਗਾਂ ਅਤੇ ਡੀ.ਐੱਸ.ਪੀ. ਦੇ ਹੱਥ 'ਚੋਂ ਵਗਦਾ ਲਹੂ, ਸਿੰਘਾਂ ਨਾਲ ਹੋਏ ਅਲੋਕਾਰ ਮੁਕਾਬਲੇ ਦੀ ਕਹਾਣੀ ਦਰਸਾ ਰਹੇ ਸਨ। ਹਸਪਤਾਲ 'ਚ ਪੋਸਟ ਮਾਰਟਮ ਕਰਨ ਤੋਂ ਬਾਅਦ ਡਾ: ਬਰਜਿੰਦਰ ਸਿੰਘ ਪੰਜਵੜ ਭਾਈ ਤਰਲੋਚਨ ਸਿੰਘ ਦਾ ਅੰਤਿਮ ਸੰਸਕਾਰ ਹਿੰਦੂਆਂ ਦੇ ਸੀਤਲਾ ਮੰਦਰ ਅੰਮ੍ਰਿਤਸਰ ਦੇ ਸ਼ਮਸ਼ਾਨਘਾਟ ਵਿਚ ਕਰ ਦਿੱਤਾ। ਅਗਲੇ ਦਿਨ ਅਖ਼ਬਾਰਾਂ ਵਿਚ ਡਾ: ਬਰਜਿੰਦਰ ਸਿੰਘ ਪੰਜਵੜ ਤੇ ਭਾਈ ਤਰਲੋਚਨ ਸਿੰਘ ਦੇ ਪੁਲਿਸ ਮੁਕਾਬਲੇ ਵਿਚ ਮਾਰੇ ਜਾਣ ਤੇ ਹਥਿਆਰ ਤੇ ਗੋਲੀ ਸਿੱਕਾ ਬਰਾਮਦ ਹੋਣ ਦੀਆਂ ਖ਼ਬਰਾਂ ਲੱਗ ਗਈਆਂ। ਡੀ.ਐੱਸ.ਪੀ. ਦੇ ਮੁਕਾਬਲੇ 'ਚ ਜ਼ਖ਼ਮੀ ਹੋ ਜਾਣ ਦੀ ਕਹਾਣੀ ਵੀ ਸੀ ਤੇ ਡਾ: ਬਰਜਿੰਦਰ ਸਿੰਘ ਪੰਜਵੜ ਨੂੰ ਚੋਟੀ ਦਾ ਖਾੜਕੂ ਜਰਨੈਲ ਅਤੇ ਪੰਜਾਬ ਪੁਲਿਸ ਦੀ ਵੱਡੀ ਪ੍ਰਾਪਤੀ ਲਿਖਿਆ ਹੋਇਆ ਸੀ।

(ਡਾ: ਬਰਜਿੰਦਰ ਸਿੰਘ ਜੀ ਦੇ ਪਿਤਾ ਡਾ: ਹਰਭਜਨ ਸਿੰਘ ਜੀ ਦੇ ਦੱਸਣ ਅਨੁਸਾਰ ਡੀ.ਐੱਸ.ਪੀ. ਡਾ: ਬਰਜਿੰਦਰ ਸਿੰਘ ਦੀ ਵੱਢੀ ਦੰਦੀ ਦੇ ਜ਼ਖ਼ਮ ਨਾਲ ਧਨੁਖ ਹੋ ਜਾਣ ਨਾਲ ਹੀ ਥੋੜ੍ਹੇ ਚਿਰ ਬਾਅਦ ਮਰ ਗਿਆ। ਡਾਕਟਰ ਦੇ ਇਲਾਜ ਕਰਨ ਦੇ ਬਾਵਜੂਦ ਡੀ.ਐੱਸ. ਪੀ. ਦੇ ਵੱਢੀ ਦੰਦੀ ਦਾ ਜ਼ਖ਼ਮ ਠੀਕ ਨਾ ਹੋ ਸਕਿਆ, ਹੱਥ ਬਾਂਹ ਗਲਦੇ ਹੀ ਗਏ ਤੇ ਡੀ.ਐੱਸ.ਪੀ. ਇਸ ਰੰਗਲੀ ਦੁਨੀਆ ਨੂੰ ਸਦਾ ਲਈ ਛੱਡ ਗਿਆ।

***

ੴ ਸਤਿਗੁਰ ਪ੍ਰਸਾਦਿ॥
ਆਪਿ ਸਹਾਈ ਹੋਆ ਸਚੇ ਦਾ ਸਚਾ ਢੋਆ॥
ਤੇਰੀ ਭਗਤਿ ਵਡਿਆਈ ਪਾਈ ਨਾਨਕ ਪ੍ਰਭ ਸਰਣਾਈ॥

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸ਼ਹੀਦ ਜਥੇਦਾਰ ਬਾਬਾ ਗੁਰਬਚਨ ਸਿੰਘ ਖ਼ਾਲਸਾ ਮਾਨੋਚਾਹਲ

## (ਮੋਢੀ ਅਤੇ ਮੁਖੀ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਆਫ਼ ਖ਼ਾਲਿਸਤਾਨ)

13 ਅਪਰੈਲ 1978 ਦੇ ਖ਼ਾਲਸੇ ਦੇ ਜਨਮ ਦਿਨ 'ਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਤੀ ਉੱਤੇ ਨਕਲੀ ਨਿਰੰਕਾਰੀਆਂ ਵੱਲੋਂ ਬੇਰਹਿਮੀ ਨਾਲ ਸਰਕਾਰੀ ਸ਼ਹਿ ਉੱਤੇ 13 ਸਿੰਘਾਂ ਦੀ ਸ਼ਹਾਦਤ ਹੋਈ ਅਤੇ 150 ਤੋਂ ਵੱਧ ਗੰਭੀਰ ਰੂਪ ਵਿਚ ਜ਼ਖ਼ਮੀ ਹੋਏ। ਸਿੰਘਾਂ ਦੀ ਸ਼ਹੀਦੀ ਦੇ ਖ਼ੂਨੀ ਸਾਕੇ ਤੋਂ ਬਾਅਦ ਪੰਜਾਬ ਦੀ ਧਰਤੀ ਤੋਂ ਸਿੱਖੀ ਸਵੈਮਾਣ ਅਤੇ ਸਿੱਖ ਕੌਮ ਦੀ ਆਜ਼ਾਦੀ ਦੀ ਲੜਾਈ, ਸਿੱਖ ਸੰਘਰਸ਼ ਦੀ ਲਹਿਰ ਨੂੰ ਵੇਖਦਿਆਂ ਬੇਅੰਤ ਹੋਰ ਜੁਝਾਰੂ ਸਿੰਘਾਂ ਦੇ ਨਾਲ ਸਿੱਖ ਸੰਘਰਸ਼ ਦੇ ਮੋਢੀਆਂ ਵਿਚੋਂ ਜਾਣੇ ਜਾਂਦੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੀ ਬਹਾਦਰੀ ਭਰੇ ਸੰਘਰਸ਼ ਦੀ ਤਸਵੀਰ ਅੱਖਾਂ ਸਾਹਮਣੇ ਆ ਜਾਂਦੀ ਹੈ ਤੇ ਮਨ ਸਿੱਖ ਸੰਘਰਸ਼ ਦੀਆਂ ਅਹਿਮ ਇਤਿਹਾਸਕ ਘਟਨਾਵਾਂ ਵਿਚ ਘਿਰ ਜਾਂਦਾ ਹੈ। ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦਾ ਜੀਵਨ, ਲੰਮਾ ਸੰਘਰਸ਼ਮਈ ਤੇ ਸਿੱਖ ਸੰਘਰਸ਼ ਦੇ ਬਿਖੜੇ ਪੈਂਡੇ ਤੇ ਹਾਲਾਤ ਵੇਖ ਕੇ, 18ਵੀਂ ਸਦੀ ਦੇ ਸੰਘਰਸ਼ ਦੇ ਮੋਢੀ ਬਾਬਾ ਬੰਦਾ ਸਿੰਘ ਬਹਾਦਰ ਅਤੇ ਜਥੇਦਾਰ ਸ਼ਾਮ ਸਿੰਘ ਨਾਰਲਾ ਵੱਲੋਂ ਮੁਗਲ ਹਕੂਮਤ ਦੇ ਸਿੱਖਾਂ ਉੱਤੇ ਹੋ ਰਹੇ ਜ਼ੁਲਮਾਂ ਵਿਰੁੱਧ ਸਿੱਖਾਂ ਦੀ ਜੱਦੋ-ਜਹਿਦ ਦੀ ਯਾਦ ਆ ਜਾਂਦੀ ਹੈ।

ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦਾ ਜਨਮ ਪਿਤਾ ਸ. ਆਤਮਾ ਸਿੰਘ ਦੇ ਘਰ ਮਾਤਾ ਗੁਰਮੇਜ ਕੌਰ ਦੀ ਕੁੱਖੋਂ ਸੰਨ 1954 ਵਿਚ ਪਿੰਡ ਮਾਨੋਚਾਹਲ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਬਾਬਾ ਜੀ ਦੀ ਵੱਡੀ ਭੈਣ ਬਲਜੀਤ ਕੌਰ ਹੈ। ਬਾਬਾ ਗੁਰਬਚਨ ਸਿੰਘ ਦੇਂ ਭਰਾ ਸ਼ਹੀਦ ਨਿਰਵੈਰ ਸਿੰਘ, ਤਰਲੋਚਨ ਸਿੰਘ, ਨਰਿੰਦਰ ਸਿੰਘ ਸਨ। ਵੱਡੀ ਬਲਜੀਤ ਕੌਰ ਸ. ਦਿਆਲ ਸਿੰਘ ਇੰਸਪੈਕਟਰ ਵਾਸੀ ਪਿੰਡ ਬ੍ਰਹਮਪੁਰਾ ਨਾਲ ਵਿਆਹੀ ਹੋਈ ਹੈ। ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨੇ ਦਸਵੀਂ ਤਕ

ਵਿਦਿਆ ਪ੍ਰਾਪਤ ਕੀਤੀ। ਬਚਪਨ ਤੋਂ ਹੀ ਧਾਰਮਿਕ ਵਿਚਾਰਾਂ ਦੇ ਧਾਰਨੀ, 18ਵੀਂ ਸਦੀ ਦੇ ਬਹਾਦਰ ਜੁਝਾਰੂ ਸਿੰਘਾਂ ਦੇ ਜੀਵਨ, ਕੁਰਬਾਨੀ ਦੇ ਜਜ਼ਬੇ ਦੇ ਮੁਰੀਦ ਸਨ। ਸਿੱਖੀ ਸਵੈਮਾਣ ਲਈ ਰਣਤੱਤੇ ਵਿਚ ਜੂਝਣ ਦਾ ਜਜ਼ਬਾ ਹਿਰਦੇ ਅੰਦਰ ਠਾਠਾਂ ਮਾਰਦਾ ਸੀ। ਧਾਰਮਿਕ ਵਿਚਾਰਾਂ, ਜੁਝਾਰੂ ਜਜ਼ਬੇ ਦਾ ਮਾਲਕ ਹੋਣ ਕਰਕੇ ਲੋਕਾਂ ਅਤੇ ਸੱਜਣਾਂ-ਮਿੱਤਰਾਂ ਵੱਲੋਂ ਗੁਰਬਚਨ ਸਿੰਘ ਦੇ ਨਾਂ ਨਾਲ ਬਾਬਾ ਤਖ਼ੱਲਸ ਜੋੜਿਆ ਗਿਆ ਸੀ। ਬਾਬਾ ਗੁਰਬਚਨ ਸਿੰਘ ਮਾਨੋਚਾਹਲ ਸੰਨ 1975-76 ਵਿਚ ਦਮਦਮੀ ਟਕਸਾਲ ਦੇ ਤੇਰਵੇਂ ਮੁਖੀ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਜੱਥੇ ਵਿਚ ਸ਼ਾਮਲ ਹੋ ਗਿਆ। ਪੰਜਾਂ ਪਿਆਰਿਆਂ ਤੋਂ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਗੁਰਸਿੱਖੀ ਜੀਵਨ ਵਿਚ ਪਰਪੱਕ ਹੋ ਗਿਆ। ਸੰਤ ਕਰਤਾਰ ਸਿੰਘ ਜੀ ਖ਼ਾਲਸਾ ਦੀ ਰਹਿਨੁਮਾਈ ਵਿਚ ਰਹਿੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀ ਸੰਥਿਆ ਹਾਸਲ ਕੀਤੀ। ਗੁਰਬਾਣੀ ਦੀ ਕਥਾ ਕਰਨ ਦੀ ਸੰਥਿਆ ਹਾਸਲ ਕੀਤੀ ਤੇ ਸਿੱਖ ਮਿਸ਼ਨ ਦਾ ਚਮਕਦਾ ਗੁਣੀ-ਗਿਆਨੀ ਪ੍ਰਚਾਰਕ ਬਣ ਗਿਆ। ਬਾਬਾ ਗੁਰਬਚਨ ਸਿੰਘ ਮਾਨੋਚਾਹਲ ਫ਼ੌਜ ਵਿਚ ਭਰਤੀ ਹੋ ਗਿਆ। ਕੁਝ ਚਿਰ ਬਾਅਦ ਧਾਰਮਿਕ ਸਿੱਖ ਰਹੁਰੀਤਾਂ ਦਾ ਧਾਰਨੀ ਹੋਣ ਕਰਕੇ ਫ਼ੌਜ ਦੇ ਅਫ਼ਸਰ ਨਾਲ ਤਕਰਾਰ ਹੋ ਗਿਆ ਤੇ ਉਸ ਨੂੰ ਮੌਕੇ ਉੱਤੇ ਹੀ ਅਜਿਹਾ ਸਬਕ ਸਿਖਾਇਆ ਕਿ ਜਿਸ ਕਾਰਨ ਫ਼ੌਜ ਦੀ ਨੌਕਰੀ ਛੱਡ ਕੇ ਘਰ ਵਾਪਸ ਆ ਗਏ ਤੇ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਸੰਪਰਕ ਵਿਚ ਦਮਦਮੀ ਟਕਸਾਲ ਵਿਚ ਸੇਵਾ ਕਰਨ ਲੱਗੇ ਅਤੇ ਕਥਾ ਕਰਨੀ ਸਿੱਖੀ। ਸੰਨ 1977 ਵਿਚ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਅਕਾਲ ਚਲਾਣਾ ਕਰ ਜਾਣ ਤੋਂ ਬਾਅਦ ਉਹ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਨੇੜੇ ਆ ਗਏ।

13 ਅਪਰੈਲ 1978 ਨੂੰ ਖ਼ਾਲਸੇ ਦੇ ਜਨਮ ਦਿਹਾੜੇ, ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਦੀ ਧਰਤੀ ਉੱਤੇ ਜੋ ਨਕਲੀ ਨਿਰੰਕਾਰੀਆਂ ਵੱਲੋਂ ਸਿੱਖ ਧਰਮ, ਸਿੱਖ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਕਾਰੀ ਸ਼ਹਿ ਉੱਤੇ ਨਿੰਦਾ ਕੀਤੀ ਜਾ ਰਹੀ ਸੀ, ਜਿਸ ਨੂੰ ਅਖੰਡ ਕੀਰਤਨੀ ਜਥੇ ਦੇ ਭਾਈ ਫ਼ੌਜਾ ਸਿੰਘ, ਦਮਦਮੀ ਟਕਸਾਲ ਦੇ ਭਾਈ ਰਣਬੀਰ ਸਿੰਘ ਫ਼ੌਜੀ ਦੀ ਅਗਵਾਈ ਹੇਠ ਨਿਰੰਕਾਰੀਆਂ ਦੇ ਸਿੱਖੀ ਵਿਰੁੱਧ ਕੂੜ ਕੁਸੱਤ ਵਿਰੁੱਧ ਸ਼ਾਤਮਈ ਰੋਸ ਪ੍ਰਗਟ ਕਰਨ ਗਏ ਸਿੱਖਾਂ ਉਪਰ ਨਕਲੀ ਨਿਰੰਕਾਰੀਆਂ ਦੀ ਗੁੰਡਾ ਸੈਨਾ ਤੇ ਪੰਜਾਬ ਪੁਲਿਸ ਦੀ ਮਿਲੀਭੁਗਤ ਨੇ 13 ਸਿੰਘ ਸ਼ਹੀਦ ਕਰ ਦਿੱਤੇ ਅਤੇ 150 ਦੇ ਕਰੀਬ ਸਖ਼ਤ ਜ਼ਖ਼ਮੀ ਹੋਣ ਵਾਲੇ ਸਿੰਘਾਂ ਵਿਚ ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਕੁਲਦੀਪ ਸਿੰਘ ਮੁੱਛਲ ਵੀ ਸ਼ਾਮਲ ਸਨ। 13 ਅਪਰੈਲ 1978 ਨੂੰ ਨਿਰੰਕਾਰੀਆਂ ਦੇ ਹੱਥੋਂ 13 ਸਿੰਘਾਂ ਦੀ ਸ਼ਹਾਦਤ ਦੇ ਖ਼ੂਨੀ ਸਾਕੇ ਦੇ ਵਾਪਰਨ ਨਾਲ ਸਿੱਖ ਜਗਤ ਅੰਦਰ ਰੋਸ ਅਤੇ ਰੋਹ ਦੀ ਲਹਿਰ ਉੱਠ ਖਲੋਤੀ। ਪੰਜਾਬ ਦੀ ਅਖੌਤੀ ਅਕਾਲੀ ਸਰਕਾਰ ਦਾ ਮੁੱਖ ਮੰਤਰੀ ਪ੍ਰਕਾਸ਼ ਸਿੰਹੁ ਬਾਦਲ, ਸਿੱਖ ਸ਼ਹੀਦਾਂ ਦੇ ਡੁੱਲ੍ਹੇ ਖ਼ੂਨ ਦੀਆਂ ਭਾਵਨਾਵਾਂ ਨੂੰ ਕੁਝ ਵੀ ਨਹੀਂ

ਸੀ ਸਮਝਦਾ, ਜਿਸ ਦੀ ਮਾੜੀ ਕਾਰਗੁਜ਼ਾਰੀ ਸਦਕਾ, ਨਰਕਧਾਰੀ ਗੁਰਬਚਨਾ ਅਤੇ ਉਸ ਦੇ ਗੁੰਡਾ ਬ੍ਰਿਗੇਡ 65-70 ਮੁਜਰਮ ਅਦਾਲਤ ਵਿਚੋਂ ਬਰੀ ਹੋ ਗਏ ਤੇ ਨਰਕਧਾਰੀਆਂ (ਨਿਰੰਕਾਰੀਆਂ) ਨੇ ਸਿੱਖਾਂ ਨੂੰ ਚਿੜਾਉਣ ਵਾਸਤੇ ਅਖ਼ਬਾਰਾਂ ਵਿਚ ਇਹ ਬਿਆਨ ਦਿੱਤੇ ਕਿ ਸਿੱਖਾਂ ਦਾ ਗੁਰੂ ਹਰਿਗੋਬਿੰਦ ਸਾਹਿਬ 52 ਬੰਦੀ ਛੁਡਾ ਕੇ ਲਿਆਇਆ ਸੀ, ਸਾਡਾ ਗੁਰੂ ਗੁਰਬਚਨ ਸਿੰਘ ਨਿਰੰਕਾਰ ਮੰਡਲ 70 ਬੰਦੀ ਛੁਡਾ ਕੇ ਲਿਆਇਆ ਹੈ। ਨਿਰੰਕਾਰੀਆਂ ਨੇ ਦੀਪਮਾਲਾ ਕੀਤੀ।

ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ 'ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥ ਹਲਾਲ ਅਸਤ ਬ਼ੁਰਦਲ ਬ-ਸ਼ਮਸ਼ੀਰ ਦਸਤ' ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਫ਼ੁਰਮਾਨ ਉੱਤੇ ਅਮਲ ਕਰਦਿਆਂ ਨਕਲੀ ਨਿਰੰਕਾਰੀਆਂ ਵਿਰੁੱਧ ਖ਼ਾਲਸਾਈ ਜੁਝਾਰੂ ਰਵਾਇਤਾਂ ਅਨੁਸਾਰ ਜੱਹਾਦ ਆਰੰਭ ਕੀਤਾ ਤਾਂ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਤੇ ਹੋਰ ਜੁਝਾਰੂ ਸਿੰਘਾਂ ਨੇ ਸੰਤ ਜੀ ਨਾਲ ਮੋਹਰੀ ਹੋ ਕੇ ਹਿੱਸਾ ਲਿਆ।

9 ਸਤੰਬਰ 1981 ਨੂੰ ਸਿੱਖੀ ਦੇ ਕੱਟੜ ਵਿਰੋਧੀ ਅਤੇ ਨਕਲੀ ਨਿਰੰਕਾਰੀ ਮਿਸ਼ਨ ਦੇ ਪੱਕੇ ਹਮਾਇਤੀ ਲਾਲ ਜਗਤ ਨਾਰਾਇਣ ਦਾ ਭਾਈ ਸਵਰਨ ਸਿੰਘ ਰੋਡੇ, ਭਾਈ ਨਛੱਤਰ ਸਿੰਘ ਰੋਡੇ ਹੁਰਾਂ ਨੇ ਲੁਧਿਆਣਾ ਨੇੜੇ ਕਤਲ ਕਰ ਦਿੱਤਾ ਗਿਆ। ਇਸ ਕਤਲ ਦੇ ਸੰਬੰਧ ਵਿਚ ਸਰਕਾਰ ਤੇ ਪੁਲਿਸ ਵੱਲੋਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਵਾਰੰਟ ਜਾਰੀ ਕੀਤੇ ਗਏ। ਇਹਨੀਂ ਦਿਨੀਂ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਹਰਿਆਣਾ ਦੇ ਚੰਦੋ ਕਲਾਂ ਪਿੰਡ ਵਿਚ ਸਿੱਖੀ ਪ੍ਰਚਾਰ, ਗੁਰਬਾਣੀ ਕਥਾ, ਅੰਮ੍ਰਿਤ ਸੰਚਾਰ ਸਮਾਗਮ ਵਿਚ ਸੇਵਾ ਕਰ ਰਹੇ ਸਨ। ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਨੇ ਹਰਿਆਣਾ ਪੁਲਿਸ ਅਤੇ ਕੇਂਦਰੀ ਫ਼ੋਰਸਾਂ ਦੀ ਮਦਦ ਨਾਲ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੂੰ ਪੁਲਿਸ ਨਾਲ ਮੁੱਠਭੇੜ ਮੁਕਾਬਲਾ ਬਣਾ ਕੇ ਖ਼ਤਮ ਕਰਨ ਦੀ ਸਕੀਮ ਬਣਾਈ ਤੇ ਚੰਦੋ ਕਲਾਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਘੇਰਾ ਪਾ ਲਿਆ। ਜਿਸ ਦੀ ਸੂਚਨਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦਮਦਮੀ ਟਕਸਾਲ ਦੇ ਸਿੰਘਾਂ ਨੂੰ ਅਗਾਊਂ ਹੀ ਮਿਲ ਗਈ। ਇਥੇ ਦਮਦਮੀ ਟਕਸਾਲ ਦੇ ਸਿੰਘਾਂ ਨੇ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਸੰਨ 1705, 22 ਦਸੰਬਰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕੱਚੀ ਗੜ੍ਹੀ ਛੱਡ ਕੇ ਨਿਕਲ ਜਾਣ ਦਾ ਇਤਿਹਾਸ ਦੁਹਰਾਇਆ ਹੈ। ਦਸਮੇਸ਼ ਪਿਤਾ ਜੀ ਆਪਣੀ ਜਗ੍ਹਾ ਉੱਤੇ ਭਾਈ ਸੰਗਤ ਸਿੰਘ ਨੂੰ ਕਲਗੀ ਤੋੜਾ, ਆਪਣੀ ਪੁਸ਼ਾਕ ਪਹਿਨਾ ਕੇ ਦੁਸ਼ਮਣ ਦੇ ਘੇਰੇ ਵਿਚੋਂ ਪੰਜਾਂ ਸਿੰਘਾਂ ਦਾ ਹੁਕਮ ਮੰਨ ਕੇ ਨਿਕਲ ਗਏ ਸਨ। ਠੀਕ ਉਸੇ ਤਰ੍ਹਾਂ ਗੁਰੂ ਦੇ ਸਪੂਤ ਦਮਦਮੀ ਟਕਸਾਲ ਦੇ ਪੰਜਾਂ ਸਿੰਘਾਂ ਦਾ ਹੁਕਮ ਮੰਨ ਕੇ 10 ਸਤੰਬਰ 1981 ਦੀ ਰਾਤ ਨੂੰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਚੰਦੋ ਕਲਾਂ (ਹਰਿਆਣਾ) ਤੋਂ ਆਪਣੇ ਸਥਾਨ, ਕਮਰੇ ਅੰਦਰ ਆਪਣੀ ਲੋਈ ਤੇ ਸ੍ਰੀ ਸਾਹਿਬ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨੂੰ ਦੇ ਕੇ ਆਪਣੇ ਆਸਣ ਉੱਤੇ ਬਿਠਾ ਕੇ ਚੁੱਪ-ਚੁਪੀਤੇ ਤੀਹ ਹਜ਼ਾਰ ਪੁਲਿਸ ਦੇ ਘੇਰੇ ਵਿਚੋਂ ਬਚ

ਕੇ ਨਿਕਲ ਗਏ ਤੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਸਾਹਿਬ (ਹੈਡਕੁਆਰਟਰ ਦਮਦਮੀ ਟਕਸਾਲ) ਪਹੁੰਚ ਗਏ।

ਚੰਦੋ ਕਲਾਂ ਦੇ ਘੇਰੇ ਦੀ ਅਗਵਾਈ ਪੁਲਿਸ ਕਪਤਾਨ ਡੀ.ਆਰ. ਭੱਟੀ ਕਰ ਰਿਹਾ ਸੀ ਤੇ ਉਸ ਨੂੰ ਪਹਿਲਾਂ ਹੀ ਚੰਦੋ ਕਲਾਂ ਵਿਚ ਸੰਤ ਜਰਨੈਲ ਸਿੰਘ ਖ਼ਾਲਸਾ ਉੱਤੇ ਨਿਗ੍ਹਾ ਰੱਖਣ ਦੀ ਸੀ.ਆਈ.ਡੀ. ਦੀ ਭਾਰੀ ਡਿਊਟੀ ਲਾਈ ਹੋਈ ਸੀ। ਦਮਦਮੀ ਟਕਸਾਲ ਦੇ ਸਿੰਘਾਂ ਨੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਚੰਦੋ ਕਲਾਂ 'ਚੋਂ ਨਿਕਲ ਜਾਣ 'ਤੇ ਵੀ ਭੇਤ ਨਹੀਂ ਸੀ ਖੁੱਲ੍ਹਣ ਦਿੱਤਾ। ਦਮਦਮੀ ਟਕਸਾਲ ਦੇ ਸਿੰਘ ਸਮਾਗਮ ਵਿਚ ਕੀਰਤਨ ਤੇ ਕਥਾ ਦਾ ਪ੍ਰਵਾਹ ਚਲਾ ਰਹੇ ਸਨ ਤੇ ਸੰਤ ਜਰਨੈਲ ਸਿੰਘ ਜੀ ਦੀ ਸਿਹਤ ਢਿੱਲੀ ਹੋਣ ਦਾ ਬਹਾਨਾ ਲਾ ਕੇ ਸੰਤ ਜੀ ਦੀ ਦਵਾਈ ਦਾਰੂ ਦੇਣ ਦਾ ਵਿਖਾਵਾ ਕਰ ਰਹੇ ਸਨ ਤੇ ਸੰਤ ਜੀ ਦੀ ਥਾਂ ਉੱਤੇ ਕਮਰੇ ਵਿਚ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੀਆਂ ਬਾਹਾਂ, ਲੱਤਾਂ, ਪੈਰਾਂ ਦੀ ਮੁੱਠੀ-ਚਾਪੀ ਕਰ ਰਹੇ ਸਨ ਤੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਸੰਤ ਜਰਨੈਲ ਸਿੰਘ ਜੀ ਵਾਲੀ ਲੋਈ ਉੱਤੇ ਲੈ ਕੇ ਮੂੰਹ-ਸਿਰ ਵਲ੍ਹੇਟ ਕੇ ਆਰਾਮ ਕਰ ਰਹੇ ਸਨ। ਸੀ.ਆਈ.ਡੀ. ਵਾਲੇ ਕਈ ਵਾਰ ਅੰਦਰ ਝਾਤੀ ਮਾਰ ਆਏ ਸਨ ਤੇ ਸਿੰਘ ਕਹਿੰਦੇ ਸਨ ਕਿ ਸੰਤ ਜੀ ਦੀ ਸਿਹਤ ਢਿੱਲੀ ਹੈ, ਠੀਕ ਹੋਣ 'ਤੇ ਹੀ ਸੰਗਤਾਂ ਦੇ ਦਰਸ਼ਨ ਕਰਨਗੇ। ਜਿਸ ਉੱਤੇ ਸੀ.ਆਈ.ਡੀ. ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੂੰ ਚੰਦੋ ਕਲਾਂ ਵਿਚ ਕਮਰੇ ਅੰਦਰ ਹੀ ਸਮਝਦੀ ਰਹੀ। ਸੰਤ ਜੀ ਤਾਂ ਮਹਿਤਾ ਸਾਹਿਬ ਪਹੁੰਚ ਚੁੱਕੇ ਸਨ।

12 ਸਤੰਬਰ 1981 ਨੂੰ ਪੰਜਾਬ ਪੁਲਿਸ, ਹਰਿਆਣਾ ਪੁਲਿਸ ਤੇ ਕੇਂਦਰੀ ਫ਼ੋਰਸਾਂ ਨੇ ਚੰਦੋ ਕਲਾਂ ਦੇ ਗੁਰਮਤਿ ਸਮਾਗਮ ਵਾਲੇ ਸਥਾਨ ਉੱਤੇ ਹੱਲਾ ਬੋਲ ਕੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੂੰ ਗ੍ਰਿਫ਼ਤਾਰ ਕਰਨ ਦੀ ਕਾਰਵਾਈ ਆਰੰਭ ਕਰ ਦਿੱਤੀ, ਜਿਸ ਦਾ ਟਕਸਾਲ ਦੇ ਸਿੰਘਾਂ ਨੇ ਵਿਰੋਧ ਨਾ ਕੀਤਾ। ਸੰਤ ਜਰਨੈਲ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਕਮਾਂਡੋ ਕਮਰੇ ਅੰਦਰ ਦਾਖ਼ਲ ਹੋਏ ਤਾਂ ਸੰਤ ਜੀ ਨੂੰ ਉੱਠਣ ਲਈ ਕਿਹਾ ਤਾਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੀ ਥਾਂ ਉੱਤੇ 27-28 ਸਾਲ ਦਾ ਗੱਭਰੂ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਬੁਲਾ ਕੇ ਬੈਠ ਗਿਆ। ਵੱਡੇ ਪੁਲਿਸ ਅਫ਼ਸਰ ਵੀ ਕਮਰੇ ਅੰਦਰ ਕਾਹਲੇ ਕਦਮੀਂ ਦਾਖ਼ਲ ਹੋਏ ਤਾਂ ਵੇਖ ਕੇ ਹੈਰਾਨ ਰਹਿ ਗਏ ਕਿ ਇਹ ਤਾਂ ਸਿੱਖ ਗੱਭਰੂ ਹੋਰ ਹੈ ਤੇ ਸਾਡਾ ਸ਼ਿਕਾਰ ਤਾਂ ਬਚ ਕੇ ਨਿਕਲ ਕੇ ਜਾ ਚੁੱਕਾ ਹੈ।

ਪੁਲਿਸ ਕਪਤਾਨ ਭੱਟੀ ਤੇ ਹੋਰ ਪੁਲਿਸ ਕਪਤਾਨ ਸੀ.ਆਈ.ਡੀ. ਵਾਲਿਆਂ ਉੱਤੇ ਦੰਦੀਆਂ ਕਰੀਚ ਰਹੇ ਸਨ, "ਨਾਮਰਦੋ, ਤਨਖ਼ਾਹਾਂ ਕਿਸ ਦੀਆਂ ਲੈਂਦੇ ਹੋ? ਤੁਹਾਡਾ ਜੀਜਾ ਤਾਂ ਅੱਖੀਂ ਘੱਟਾ ਪਾ ਕੇ ਨਿਕਲ ਗਿਆ। ਹੁਣ ਕਰ ਲਵੋ ਆਪਣੇ ਇਸ ਨਵੇਂ ਭਿੰਡਰਾਂਵਾਲੇ ਦੇ ਦਰਸ਼ਨ।"

ਪੁਲਿਸ ਕਪਤਾਨ ਨਮੋਸ਼ੀ ਦਾ ਮਾਰਿਆ, ਗੁੱਸੇ ਵਿਚ ਅੱਗ-ਬਬੋਲਾ ਹੋ ਗਿਆ ਤੇ ਉਸ ਨੇ ਸਿੱਖ ਸੰਗਤਾਂ, ਜੋ ਸਮਾਗਮ ਵਿਚ ਸ਼ਾਮਲ ਸਨ ਤੇ ਜਥੇ ਦੇ ਸਿੰਘਾਂ

ਨੂੰ ਮੱਕੀ ਦੀਆਂ ਛੱਲੀਆਂ ਵਾਂਗ ਡਾਂਗਾਂ ਨਾਲ ਕੁੱਟਿਆ ਤੇ ਦਮਦਮੀ ਟਕਸਾਲ ਦੀਆਂ ਬੱਸਾਂ ਜਿਨ੍ਹਾਂ ਵਿਚ ਗੁਰਬਾਣੀ ਦੀਆਂ ਪੋਥੀਆਂ, ਸੈਂਚੀਆਂ ਤੇ ਸੰਤ ਗਿਆਨੀ ਗੁਰਬਚਨ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੀ ਕਥਾ ਦੀਆਂ ਰਿਕਾਰਡਿੰਗ ਟੇਪਾਂ ਸਨ, ਅੱਗ ਲਾ ਕੇ ਸਾੜ ਦਿੱਤਾ। ਇਸ ਤਰ੍ਹਾਂ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨੇ 10 ਸਤੰਬਰ ਤੋਂ 12 ਸਤੰਬਰ 1981 ਤਕ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਨੂੰ ਚੰਦੋ ਕਲਾਂ ਹਰਿਆਣਾ ਦੇ 30 ਹਜ਼ਾਰ ਪੁਲਿਸ ਦੇ ਘੇਰੇ ਵਿਚੋਂ ਬਚ ਕੇ ਨਿਕਲਣ ਵਿਚ ਸੂਝ-ਬੂਝ ਤੇ ਸਿਆਣਪ ਭਰੀ ਨੀਤੀ ਦੀ ਵਰਤੋਂ ਕਰਦਿਆਂ ਸਿਖ ਇਤਿਹਾਸ ਦੇ ਅਹਿਮ ਕਾਂਡ ਦੀ ਸਿਰਜਣਾ ਕੀਤੀ ਤੇ ਦਮਦਮੀ ਟਕਸਾਲ ਨਾਲ ਵਫ਼ਾਦਾਰੀ ਨਿਭਾ ਕੇ ਕੌਮ ਦੇ ਹਾਲਾਤ ਦੇ ਹਿਸਾਬ ਨਾਲ ਕੁਰਬਾਨੀ ਦੀਆਂ ਸਿਖਰਾਂ ਨੂੰ ਛੂਹਿਆ ਹੈ। ਜੋ ਇਤਿਹਾਸ ਵਿਚ ਕਿਸੇ ਵਿਰਲੇ ਦੇ ਹੀ ਹਿੱਸੇ ਆਉਂਦਾ ਹੈ।

ਬਾਬਾ ਗੁਰਬਚਨ ਸਿੰਘ ਮਾਨੋਚਾਹਲ ਸੰਤ ਜੀ ਦੇ ਅਤਿ ਨਿਕਟਵਰਤੀ ਸਿੰਘਾਂ ਵਿਚੋਂ ਪ੍ਰਮੁੱਖ ਸਨ ਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਹੁਕਮ ਵਿਚ ਰਹਿ ਕੇ ਹੀ ਹਰ ਤਰ੍ਹਾਂ ਦੀ ਸੇਵਾ ਕਰ ਰਹੇ ਸਨ। ਕਦੀ ਵੀ ਆਪਣੇ ਨਾਂ 'ਤੇ ਸੇਵਾਵਾਂ ਨੂੰ ਲੋਕਾਂ ਵਿਚ ਪ੍ਰਚਾਰਨ ਦੀ ਕੋਸ਼ਿਸ਼ ਨਹੀਂ ਕੀਤੀ, ਸਗੋਂ ਹਮੇਸ਼ਾਂ ਆਪਣੇ ਕਾਰਜ ਖੇਤਰ ਨੂੰ ਬਹੁਤ ਹੀ ਗੁਪਤ ਰੂਪ ਵਿਚ ਜਾਰੀ ਰੱਖਿਆ। ਧਰਮ ਯੁੱਧ ਮੋਰਚੇ ਦੌਰਾਨ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਪਿੰਡ ਨੁਸ਼ਹਿਰਾ ਪਨੂੰਆਂ ਵਿਖੇ ਰਹਿਣ ਲੱਗ ਪਏ ਸਨ। ਆਪ ਜੀ ਦਾ ਨਾਨਕਾ ਪਰਿਵਾਰ ਵਿਦੇਸ਼ ਚਲਾ ਗਿਆ ਸੀ ਤੇ ਉਸ ਜ਼ਮੀਨ 'ਤੇ ਖੇਤੀ ਕਰਦੇ ਸਨ। ਪਿਤਾ ਸ. ਆਤਮਾ ਸਿੰਘ ਜੀ ਨੇ ਚਾਰ ਸਪੁੱਤਰਾਂ ਸਮੇਤ ਨੁਸ਼ਹਿਰਾ ਪਨੂੰਆਂ ਥਾਂ ਮੁੱਲ ਲੈ ਕੇ ਘਰ ਬਣਾ ਲਿਆ ਸੀ। ਪਰ ਫਿਰ ਵੀ ਬਾਬਾ ਗੁਰਬਚਨ ਸਿੰਘ ਦੇ ਨਾਂ ਨਾਲ ਮਾਨੋਚਾਹਲ ਤਖ਼ੱਲਸ ਲੱਗਿਆ ਰਿਹਾ। ਸੰਤ ਜਰਨੈਲ ਸਿੰਘ ਜੀ ਖਾਲਸਾ ਦਾ ਹੁਕਮ ਸੀ ਕਿ ਬਾਬਾ ਗੁਰਬਚਨ ਸਿੰਘ, ਤੇਰੇ ਤੋਂ ਅਸੀਂ ਸਿੱਖ ਸੰਘਰਸ਼ ਵਿਚ ਬਹੁਤ ਸਾਰੀ ਸੇਵਾ ਲੈਣੀ ਹੈ। ਸਾਡੇ ਸੁਨੇਹਾ ਭੇਜਣ 'ਤੇ ਹੀ ਤੁਸੀਂ ਸਾਨੂੰ ਮਿਲਣ ਆਉਣਾ ਹੈ। ਗੁਰਬਾਣੀ ਤੇ ਪੰਥ ਨਾਲ ਜੁੜੇ ਰਹਿਣਾ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਅਤੇ ਸ਼ਹੀਦ ਜਨਰਲ ਸੁਬੇਗ ਸਿੰਘ ਜੀ ਦੀ ਦੂਰ ਦੀ ਸੋਚ ਸੀ ਕਿ ਇਕ ਦਿਨ ਸ੍ਰੀ ਦਰਬਾਰ ਸਾਹਿਬ ਉੱਪਰ ਹਿੰਦ ਦੀਆਂ ਫ਼ੌਜਾਂ ਨੇ ਹਮਲਾ ਕਰ ਕੇ ਸਿੱਖ ਹੱਕਾਂ ਦੇ ਸੰਘਰਸ਼ ਨੂੰ ਖ਼ਤਮ ਕਰਨਾ ਹੀ ਹੈ ਤੇ ਇਸ ਤੋਂ ਪਿੱਛੋਂ ਹਿੰਦ ਹਕੂਮਤ ਵਿਰੁੱਧ ਸਿੱਖ ਸੰਘਰਸ਼ ਆਰੰਭ ਕਰਨ ਲਈ ਸੂਝਵਾਨ ਸੂਰਮਿਆਂ ਦੀ ਲੋੜ ਪੈਣੀ ਹੈ, ਜਿਸ ਦੇ ਮੱਦੇ-ਨਜ਼ਰ ਸੰਤ ਜੀ ਨੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਮਨਬੀਰ ਸਿੰਘ ਚਹੇੜੂ, ਭਾਈ ਗੁਰਦੇਵ ਸਿੰਘ ਉਸਮਾਨ ਵਾਲਾ, ਗਿਆਨੀ ਗੁਰਦਿਆਲ ਸਿੰਘ ਡੱਲਾ, ਭਾਈ ਸੁਖਦੇਵ ਸਿੰਘ ਸਖੀਰਾ, ਜਥੇਦਾਰ ਦੁਰਗਾ ਸਿੰਘ ਆਰਿਫ਼ਕੇ, ਭਾਈ ਅਵਤਾਰ ਸਿੰਘ ਬ੍ਰਹਮਾ, ਭਾਈ ਧੰਨਾ ਸਿੰਘ ਜਿਹੇ ਬਹਾਦਰ ਸਿੰਘਾਂ ਨੂੰ ਸ੍ਰੀ ਦਰਬਾਰ ਸਾਹਿਬ ਤੋਂ ਬਾਹਰ ਚਲੇ ਜਾਣ ਦਾ ਹੁਕਮ ਕੀਤਾ ਸੀ।

ਆਖ਼ਰ ਹਿੰਦ ਹਕੂਮਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੁਕਮਾਂ ਨਾਲ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉਪਰ ਟੈਂਕਾਂ, ਤੋਪਾਂ, ਮਸ਼ੀਨ ਗੰਨਾਂ ਨਾਲ ਇਕ ਲੱਖ ਫ਼ੌਜ ਨੇ ਹਮਲਾ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਢਹਿ-ਢੇਰੀ ਕਰ ਦਿੱਤਾ। ਹਜ਼ਾਰਾਂ ਸਿੰਘ, ਸਿੰਘਣੀਆਂ, ਬੱਚਿਆਂ, ਬੁੱਢਿਆਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਮਨਾਉਣ ਆਇਆਂ ਨੂੰ ਹਿੰਦੁਸਤਾਨੀ ਫ਼ੌਜ ਨੇ ਮੌਤ ਦੇ ਘਾਟ ਉਤਾਰ ਦਿੱਤਾ। ਪੰਜਾਬ ਦੇ 37 ਹੋਰ ਗੁਰਦੁਆਰਿਆਂ ਅੰਦਰ ਸਿੰਘਾਂ, ਸਿੰਘਣੀਆਂ ਤੇ ਯਾਤਰੂਆਂ ਨੂੰ ਹਮਲਾਵਰ ਫ਼ੌਜਾਂ ਨੇ ਸ਼ਹੀਦ ਕਰ ਦਿੱਤਾ। ਪਿੰਡਾਂ ਵਿਚੋਂ ਪੰਜ ਹਜ਼ਾਰ ਤੋਂ ਵੱਧ ਸਿਖ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਕੇ ਜ਼ੁਲਮ ਦਾ ਸ਼ਿਕਾਰ ਬਣਾਇਆ ਗਿਆ। ਸਿੱਖਾਂ ਦੀ ਅਣਖ ਗ਼ੈਰਤ ਦੀ ਪੱਗ ਇੰਦਰਾ ਗਾਂਧੀ ਹਕੂਮਤ ਨੇ ਪੈਰਾਂ ਹੇਠ ਰੋਲ ਦਿੱਤੀ। ਸਿਖ ਅਜੇ ਹਕੂਮਤ ਦੇ ਜੂਨ 1984 ਦੇ ਘੱਲੂਘਾਰੇ ਦੀਆਂ ਚੀਸਾਂ ਨਾਲ ਤਰਾਹ ਰਹੇ ਸਨ ਕਿ 31 ਅਕਤੂਬਰ 1984 ਨੂੰ ਜੁਝਾਰੂ ਖ਼ਾਲਸੇ ਨੇ ਖ਼ਾਲਸਾਈ ਰਵਾਇਤਾਂ ਮੁਤਾਬਕ ਜੂਨ 1984 ਦੇ ਸ੍ਰੀ ਦਰਬਾਰ ਸਾਹਿਬ ਉਪਰ ਵਰਤਾਏ ਗਏ ਹਕੂਮਤੀ ਫ਼ੌਜੀ ਖ਼ੂਨੀ ਘੱਲੂਘਾਰੇ ਦਾ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਉਸ ਦੇ ਸੁਰੱਖਿਆ ਕਿਲ੍ਹੇ ਅੰਦਰ ਹੀ ਗੋਲੀਆਂ ਮਾਰ ਕੇ ਮਾਰ ਦਿੱਤਾ ਤੇ ਬਦਲਾ ਲਿਆ ਤੇ ਅਣਖੀਲੇ ਸਿੱਖ ਇਤਿਹਾਸ ਦੇ ਪੰਨਿਆਂ ਨੂੰ ਪਾਕਿ-ਪਵਿੱਤਰ ਰੱਖਿਆ। ਜਿਸ ਤੋਂ ਬੌਖਲਾ ਕੇ ਕਤਲ ਕੀਤੀ ਗਈ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਛੋਕਰੇ ਨੇ ਦਿੱਲੀ ਅਤੇ ਹੋਰ ਸਥਾਨਾਂ ਉੱਤੇ ਸਿੱਖਾਂ ਦੀ ਨਸਲਕੁਸ਼ੀ ਲਈ ਕਤਲੇਆਮ ਕਰਵਾਈ ਤੇ ਕਿਸੇ ਕਾਤਲ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਨਾ ਕੀਤੀ। ਸਰਕਾਰੀ ਮਸ਼ੀਨਰੀ ਸਿੱਖਾਂ ਨੂੰ ਜਿਉਂਦਿਆਂ ਨੂੰ ਸਾੜਦੀ ਰਹੀ। ਸਿੱਖਾਂ ਦੇ ਗਲਾਂ ਵਿਚ ਟਾਇਰ ਪਾ ਕੇ ਸਾੜਿਆ ਗਿਆ, ਸਿੱਖਾਂ ਦੀਆਂ ਧੀਆਂ-ਭੈਣਾਂ ਨਾਲ ਸਮੂਹਿਕ ਬਲਾਤਕਾਰ ਕੀਤੇ ਗਏ, ਸਿੱਖ ਬੱਚਿਆਂ ਤਕ ਜਿਉਂਦੇ ਸਾੜੇ ਗਏ। ਸਿੱਖਾਂ ਦੀਆਂ ਜਾਇਦਾਦਾਂ ਲੁੱਟ ਲਈਆਂ ਗਈਆਂ। ਹਿੰਦ ਹਕੂਮਤ ਵੱਲੋਂ ਸਿੱਖਾਂ ਲਈ ਇਨਸਾਫ਼ ਤੇ ਜਾਨ ਮਾਲ ਦੀ ਰਾਖੀ ਕਰਨ ਦੇ ਸਾਰੇ ਰਸਤੇ ਬੰਦ ਕਰ ਦਿੱਤੇ ਗਏ। ਰਾਖੇ ਹੀ ਵੈਰੀ ਬਣ ਗਏ।

ਜੂਨ 1984 ਦਾ ਘੱਲੂਘਾਰਾ ਅਤੇ ਨਵੰਬਰ 1984 ਦੇ ਦਿੱਲੀ ਵਿਚ ਸਿੱਖਾਂ ਦੇ ਕਤਲੇਆਮ ਦੇ ਘੱਲੂਘਾਰੇ ਤੋਂ ਬਾਅਦ ਇਸ ਘੱਲੂਘਾਰੇ ਦੌਰਾਨ ਬਚੇ-ਖੁਚੇ ਸਿੰਘਾਂ ਨੇ ਸਿੱਖੀ ਸਵੈਮਾਣ ਅਤੇ ਸਿੱਖਾਂ ਦੇ ਕੌਮੀ ਘਰ ਦੀ ਪ੍ਰਾਪਤੀ ਵਾਸਤੇ ਲਾਮਬੰਦ ਹੋਣਾ ਸ਼ੁਰੂ ਕੀਤਾ ਤਾਂ ਦੂਜੇ ਪਾਸੇ ਪੰਥ ਦੇ ਮਹਾਨ ਗਦਾਰ ਹਰਚੰਦ ਸਿਹੁੰ ਲੌਂਗੋਵਾਲ, ਸੁਰਜੀਤ ਸਿਹੁੰ ਬਰਨਾਲਾ, ਬਲਵੰਤ ਸਿਹੁੰ ਗਿੱਠਮੁਠੀਆ ਤੇ ਇਹਨਾਂ ਦੇ ਪਿੱਛੇ ਹੋਰ ਪੋਚਵੀਆਂ ਨੀਲੀਆਂ ਪੱਗਾਂ ਵਾਲਿਆਂ ਨੇ ਰਾਜੀਵ ਗਾਂਧੀ ਨਾਲ ਰਾਜੀਵ-ਲੌਂਗੋਵਾਲ ਸਮਝੌਤਾ ਕਰ ਕੇ ਪੰਜਾਬ ਉੱਤੇ ਅਖੌਤੀ ਪੰਥਕ ਅਕਾਲੀ ਸਰਕਾਰ ਸੁਰਜੀਤ ਸਿਹੁੰ ਬਰਨਾਲਾ ਦੀ ਅਗਵਾਈ ਵਿਚ ਕਾਇਮ ਕੀਤੀ। ਅਨੰਦਪੁਰ ਮਤਾ ਤੇ ਉਸ ਦੀ ਕੋਈ ਵੀ ਮੰਗ ਪੰਜਾਬ ਅੰਦਰ ਲਾਗੂ ਨਾ ਕਰਵਾ ਸਕੇ। ਸਗੋਂ ਦਿੱਲੀ ਹਕੂਮਤ ਦੇ ਜ਼ੁਲਮੀ ਕੁਹਾੜੇ

ਦਾ ਦਸਤਾ ਬਣ ਕੇ ਸਿੱਖ ਹੱਕਾਂ ਦੀ ਪ੍ਰਾਪਤੀ ਲਈ ਜੱਦੋ-ਜਹਿਦ ਕਰਨ ਵਾਲਿਆਂ ਉੱਤੇ ਜ਼ੁਲਮ ਕਰਨ ਲੱਗੇ। ਇਹ ਤਾਂ ਭਾਈ ਜਰਨੈਲ ਸਿੰਘ ਹਲਵਾਰਾ ਅਤੇ ਸਾਥੀਆਂ ਦਾ ਕਮਾਲ ਸੀ ਕਿ ਲੌਂਗੋਵਾਲ ਸਮਝੌਤਾ ਲੌਂਗੋਵਾਲ ਦੇ ਨਾਲ ਹੀ ਮਰ ਗਿਆ।

ਜੁਝਾਰੂ ਸਿੰਘਾਂ ਨੇ ਅਕਾਲ ਪੁਰਖ ਵਾਹਿਗੁਰੂ ਅਤੇ ਸ਼ਸਤਰਾਂ ਦਾ ਆਸਰਾ ਲੈ ਕੇ ਜਬਰ-ਜ਼ੁਲਮ ਦਾ ਸਿਦਕ-ਦਿਲੀ ਨਾਲ ਟਾਕਰਾ ਕਰਦਿਆਂ ਹੋਇਆਂ ਸਿੱਖ ਸੰਘਰਸ਼ ਦੀ ਲਾਮਬੰਦੀ ਦੇ ਆਪਣੇ ਯਤਨ ਜਾਰੀ ਰੱਖੇ। ਇਹਨਾਂ ਸਿੰਘਾਂ ਵਿਚ ਸ਼ਹੀਦ ਭਾਈ ਸੁਖਦੇਵ ਸਿੰਘ ਸਖੀਰਾ, ਭਾਈ ਮਨਬੀਰ ਸਿੰਘ ਚਹੇੜੂ, ਬਾਬਾ ਗੁਰਬਚਨ ਸਿੰਘ ਮਾਨੋਚਾਹਲ (ਸਾਰੇ ਸਿੰਘਾਂ ਦਾ ਹੀ ਯੋਗਦਾਨ ਬਰਾਬਰ ਸੀ, ਪਰ ਪ੍ਰੈੱਸ ਵਿਚ ਇਹਨਾਂ ਦਾ ਜ਼ਿਕਰ ਜ਼ਿਆਦਾ ਆਇਆ ਹੈ) ਦੇ ਨਾਂ ਵਰਣਨਯੋਗ ਹਨ। ਸਿੰਘਾਂ ਨੇ ਸਿਆਸੀ ਮੁਹਾਜ਼ ਲਈ ਸੰਯੁਕਤ ਅਕਾਲੀ ਦਲ ਦੀ ਸਥਾਪਨਾ ਕੀਤੀ ਤੇ ਸ. ਸਿਮਰਨਜੀਤ ਸਿੰਘ ਮਾਨ ਨੂੰ ਪ੍ਰਧਾਨ ਬਣਾਇਆ ਤੇ ਬਾਪੂ ਜੋਗਿੰਦਰ ਸਿੰਘ ਰੋਡੇ (ਪਿਤਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ) ਨੂੰ ਐਕਟਿੰਗ ਪ੍ਰਧਾਨ ਬਣਾ ਕੇ ਸਿਆਸੀ ਮੁਹਾਜ਼ ਸਥਾਪਤ ਕਰ ਕੇ, ਰਾਜਨੀਤਕ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ। ਸਿੱਖ ਸਟੂਡੈਂਟਸ ਦੇ ਪ੍ਰਧਾਨ ਮਨਜੀਤ ਸਿੰਘ, ਜਨਰਲ ਸਕੱਤਰ ਹਰਮਿੰਦਰ ਸਿੰਘ ਜੋਧਪੁਰ ਜੇਲ੍ਹ ਵਿਚ ਬੰਦ ਹੋਣ ਕਰਕੇ ਭਾਈ ਹਰਿੰਦਰ ਸਿੰਘ ਕਾਹਲੋਂ ਦੀ ਅਗਵਾਈ ਹੇਠ ਲਾਮਬੰਦ ਕੀਤਾ। ਪੰਜ ਮੈਂਬਰੀ ਪ੍ਰੀਜ਼ੀਡੀਅਮ ਭਾਈ ਸਤਿੰਦਰ ਸਿੰਘ ਭੋਲਾ, ਭਾਈ ਸੁਰਿੰਦਰ ਸਿੰਘ ਬਾਬਾ, ਭਾਈ ਕੁਲਵੰਤ ਸਿੰਘ ਖੁਖਰਾਨਾ, ਭਾਈ ਚਮਕੌਰ ਸਿੰਘ ਰੋਡੇ, ਭਾਈ ਸੁਖਵੰਤ ਸਿੰਘ ਅੱਕਾਂਵਾਲੀ ਅਧਾਰਿਤ ਬਣਾਈ ਗਈ। ਸੰਯੁਕਤ ਅਕਾਲੀ ਦਲ ਵੱਲੋਂ ਬਾਬਾ ਜੋਗਿੰਦਰ ਸਿੰਘ ਰੋਡੇ ਦੀ ਅਗਵਾਈ ਵਿਚ ਅੰਮ੍ਰਿਤ ਪ੍ਰਚਾਰ ਮੁਹਿੰਮ ਪਿੰਡ ਪੱਧਰ ਉੱਤੇ ਪੰਜਾਬ ਅੰਦਰ ਚਲਾਈ ਗਈ, ਜਿਸ ਦੀ ਸਟੇਜ ਤੋਂ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਨੁਮਾਇੰਦੇ ਅਤੇ ਦਮਦਮੀ ਟਕਸਾਲ ਦੇ ਸਿੰਘ ਸਿੱਖ ਸੰਘਰਸ਼ ਦੀ ਗੱਲ ਸਿੱਖਾਂ ਨਾਲ ਸਾਂਝੀ ਕਰਦੇ ਸਨ, ਜਿਸ ਵਿਚ ਪ੍ਰਮੁੱਖ ਤੌਰ 'ਤੇ ਜੂਨ 1984 ਦੇ ਘੱਲੂਘਾਰੇ ਦੌਰਾਨ ਹਿੰਦ ਫ਼ੌਜ ਵੱਲੋਂ ਢਾਹ-ਢੇਰੀ ਕੀਤੇ ਗਏ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੀ ਜੋ ਇੰਦਰਾ ਗਾਂਧੀ ਸਰਕਾਰ ਨੇ ਤਨਖ਼ਾਹੀਏ ਸਿੱਖ ਸੰਤਾ ਸਿਹੁੰ ਨਿਹੰਗ ਦੇ ਨਾਂ ਹੇਠ ਬਿਹਾਰੀ ਭਈਆਂ ਤੋਂ ਠੇਕੇਦਾਰੀ 'ਤੇ ਮੁਰੰਮਤ ਕਰਵਾਈ ਸੀ, ਦੀ ਸਿੱਖ ਸੰਗਤਾਂ ਦੇ ਹੱਥੀਂ ਸਿੱਖ ਮਰਿਆਦਾ ਨਾਲ ਕਾਰ ਸੇਵਾ ਰਾਹੀਂ, ਢਾਹ ਕੇ ਦੁਬਾਰਾ ਸੇਵਾ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਆਰੰਭ ਕਰਨ ਦੀ ਹੁੰਦੀ ਸੀ। ਜਿਸ ਨੂੰ ਸਿੱਖ ਸੰਗਤਾਂ ਦੇਸ਼ ਵਿਦੇਸ਼ ਵਿਚ ਬੜੇ ਉਤਸ਼ਾਹ ਨਾਲ ਹਾਮੀ ਭਰ ਰਹੀਆਂ ਸਨ।

ਦਮਦਮੀ ਟਕਸਾਲ ਦੇ ਸਿੰਘਾਂ ਨੇ ਆਪਣੀ ਲਾਮਬੰਦੀ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਜੂਨ 1984 ਦੇ ਘੱਲੂਘਾਰੇ ਦੌਰਾਨ ਸ਼ਹੀਦ ਹੋਏ ਸਿੰਘਾਂ ਨੂੰ ਸਰਧਾਂਜਲੀ ਭੇਟ ਕਰਨ, ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਚੌਕ ਮਹਿਤਾ ਵਿਖੇ ਸ਼ਹੀਦੀ ਸਮਾਗਮ ਕੀਤਾ। ਜਿਸ ਵਿਚ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਗਿਆ। ਸਿੱਖਾਂ ਦਾ ਬਹੁਤ ਭਾਰੀ ਇਕੱਠ ਹੋਇਆ ਤੇ ਖਿੰਡੇ-ਪੁੰਡੇ ਸੂਰਮੇ

ਪਹਿਲੀ ਵਾਰ ਇਕੱਠੇ ਹੋਏ। ਇਹ ਸਾਰਾ ਸਿਹਰਾ ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਸੁਖਦੇਵ ਸਿੰਘ ਸਖੀਰਾ (ਬਾਬਾ ਠਾਕੁਰ ਸਿੰਘ ਜੀ ਖ਼ਾਲਸਾ ਦੀ ਅਗਵਾਈ ਵਿਚ) ਦੇ ਸਿਰ ਹੈ। ਇਸ ਇਕੱਠ ਵਿਚ ਹੀ ਸਿੰਘਾਂ ਦੇ ਹੌਂਸਲੇ ਬੁਲੰਦ ਹੋਏ ਤੇ ਸਿੰਘਾਂ ਨੇ ਆਪਣੀ ਅਗਲੀ ਰਣਨੀਤੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਾਰ ਸੇਵਾ ਆਰੰਭ ਕਰਨ ਲਈ ਦਮਦਮੀ ਟਕਸਾਲ ਅਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ, ਸੰਯੁਕਤ ਅਕਾਲੀ ਦਲ ਅਤੇ ਸਿੱਖ ਸੰਪਰਦਾਵਾਂ ਦੇ ਸਹਿਯੋਗ ਨਾਲ 26 ਜਨਵਰੀ 1986 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਸਰਬੱਤ ਖ਼ਾਲਸਾ ਦਾ ਇਕੱਠ ਸੱਦਣ ਦਾ ਐਲਾਨ ਕੀਤਾ ਗਿਆ।

ਪੰਜਾਬ ਦੀ ਅਖੌਤੀ ਪੰਥਕ ਅਕਾਲੀ ਸੁਰਜੀਤ ਸਿਹੁੰ ਬਰਨਾਲਾ ਦੀ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੇਂਦਰ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦਿਆਂ 26 ਜਨਵਰੀ 1986 ਨੂੰ ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ ਵਿਖੇ ਹੋਣ ਵਾਲੇ ਸਰਬੱਤ ਖਾਲਸਾ ਦੇ ਇਕੱਠ ਨੂੰ ਰੋਕਣ ਲਈ ਪੂਰੀ ਸਰਕਾਰੀ ਮਸ਼ੀਨਰੀ ਅਤੇ ਸ਼੍ਰੋਮਣੀ ਕਮੇਟੀ ਦੀ ਟਾਸਕ ਫ਼ੋਰਸ ਦੀ ਵਰਤੋਂ ਕੀਤੀ। ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੇ ਸਰਬੱਤ ਖ਼ਾਲਸਾ ਦੇ ਇਕੱਠ ਨੂੰ ਰੋਕਣ ਲਈ, ਸਿੱਖਾਂ ਦੀ ਵੱਡੀ ਪੱਧਰ ਉੱਤੇ ਪੰਜਾਬ ਪੁਲਿਸ ਵੱਲੋਂ ਫੜੋ-ਫੜਾਈ ਦੀ ਮੁਹਿੰਮ ਸ਼ੁਰੂ ਕੀਤੀ ਗਈ। ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਆਗੂ ਅਤੇ ਦਮਦਮੀ ਟਕਸਾਲ ਦੇ ਸਿੰਘ ਸੰਭਾਵਤ ਗ੍ਰਿਫ਼ਤਾਰੀ ਤੋਂ ਬਚਣ ਲਈ ਰੂਪੋਸ਼ ਹੋ ਗਏ ਤੇ ਜੰਗੀ ਪੱਧਰ ਉੱਤੇ ਸਰਬੱਤ ਖ਼ਾਲਸਾ ਦੇ ਇਕੱਠ ਲਈ ਸਿਰਤੋੜ ਯਤਨ ਜਾਰੀ ਰੱਖੇ। 26 ਜਨਵਰੀ 1986 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਸੱਚੇ-ਸੁੱਚੇ ਸਿੱਖਾਂ, ਸੰਪਰਦਾਵਾਂ ਦਾ ਬੇਮਿਸਾਲ ਸਰਬੱਤ ਖ਼ਾਲਸਾ ਦਾ ਤਿੰਨ ਲੱਖ ਦਾ ਇਕੱਠ ਹੋਇਆ, ਜਿਸ ਵਿਚ ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਨੇ ਵੱਡੀ ਗਿਣਤੀ ਵਿਚ ਸ਼ਾਮਲ ਹੋ ਕੇ, ਸਿੱਖੀ ਸਵੈਮਾਣ, ਕੌਮੀ ਆਜ਼ਾਦੀ, ਕੌਮੀ ਘਰ ਦੀ ਸਥਾਪਨਾ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਾਰ ਸੇਵਾ ਰਾਹੀਂ ਨਵੀਂ ਉਸਾਰੀ, ਸੰਤ ਮਹਾਂਪੁਰਸ਼ਾਂ, ਸਿੱਖਾਂ ਸੰਗਤਾਂ ਦੁਆਰਾ ਕਰਨ ਦੇ ਮਤੇ ਸਿੱਖ ਸੰਗਤਾਂ ਦੇ ਸਰਬੱਤ ਖ਼ਾਲਸਾ ਦੇ ਇਕੱਠ ਤੋਂ ਹੱਥ ਖੜੇ ਕਰਾ ਕੇ ਪ੍ਰਵਾਨਗੀ ਲਈ ਗਈ। 26 ਜਨਵਰੀ 1986 ਦੇ ਸਰਬੱਤ ਖ਼ਾਲਸਾ ਇਕੱਠ ਵੱਲੋਂ ਦਮਦਮੀ ਟਕਸਾਲ ਦੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਨਿਯੁਕਤ ਕਰਨ ਦਾ ਐਲਾਨ ਕੀਤਾ ਗਿਆ, ਜਿਸ ਦਾ ਸਰਬੱਤ ਖ਼ਾਲਸਾ ਇਕੱਠ ਨੇ ਹੱਥ ਖੜੇ ਕਰ ਕੇ ਮਤੇ ਨੂੰ ਪ੍ਰਵਾਨਗੀ ਦਿੱਤੀ। ਸਿੱਖ ਕੌਮ ਦੇ ਕੌਮੀ ਮਸਲੇ ਹੱਲ ਕਰਨ ਲਈ ਤੇ ਸਿੱਖ ਸੰਘਰਸ਼ ਨੂੰ ਅਗਵਾਈ ਦੇਣ ਲਈ ਦਮਦਮੀ ਟਕਸਾਲ ਦੇ ਮੁਖੀ ਬਾਬਾ ਠਾਕੁਰ ਸਿੰਘ ਜੀ ਖ਼ਾਲਸਾ, ਸਿੱਖ ਸਟੂਡੈਂਟਸ ਫ਼ੈਡਰੇਸ਼ਨ, ਸੰਯੁਕਤ ਅਕਾਲੀ ਦਲ, ਦਮਦਮੀ ਟਕਸਾਲ ਦੇ ਸਿੰਘਾਂ ਨੇ ਸਰਬ-ਸੰਮਤੀ ਨਾਲ ਪੰਜ ਮੈਂਬਰੀ ਪੰਥਕ ਕਮੇਟੀ ਦਾ ਐਲਾਨ ਕੀਤਾ, ਜਿਸ ਦੇ ਪੰਜ ਮੈਂਬਰ ਗਿਆਨੀ ਗੁਰਦਿਆਲ ਸਿੰਘ ਡੱਲਾ ਉਰਫ ਗਿਆਨੀ ਅਰੂੜ ਸਿੰਘ, ਭਾਈ ਗੁਰਦੇਵ ਸਿੰਘ

ਉਸਮਾਨਵਾਲਾ, ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਧੰਨਾ ਸਿੰਘ, ਵੱਸਣ ਸਿੰਘ ਜ਼ਫਰਵਾਲ ਸਨ। ਸਰਬੱਤ ਖ਼ਾਲਸਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿੱਖ ਸੰਗਤਾਂ ਵੱਲੋਂ ਹੱਥੀਂ ਸੇਵਾ ਕਰਨ 'ਤੇ ਕਾਰ ਸੇਵਾ ਵਾਲੇ ਪੰਜ ਬਾਬੇ ਮਹਾਂਪੁਰਖਾਂ ਬਾਬਾ ਖੜਕ ਸਿੰਘ ਜੀ ਬੀੜ ਸਾਹਿਬ ਵਾਲੇ, ਬਾਬਾ ਜਗਤਾਰ ਸਿੰਘ ਜੀ ਤਰਨ ਤਾਰਨ ਵਾਲੇ, ਬਾਬਾ ਹਰਬੰਸ ਸਿੰਘ ਜੀ ਦਿੱਲੀ ਵਾਲੇ, ਬਾਬਾ ਦੀਵਾਨ ਸਿੰਘ ਖ਼ਜ਼ਾਨ ਸਿੰਘ ਛਾਪੜੀ ਸਾਹਿਬ ਵਾਲੇ, ਬਾਬਾ ਠਾਕੁਰ ਸਿੰਘ ਜੀ ਦਮਦਮੀ ਟਕਸਾਲ ਮਹਿਤਾ ਵਾਲਿਆਂ ਨੂੰ ਕਾਰ ਸੇਵਾ ਦਾ ਕਾਰਜ ਸੌਂਪਿਆ ਗਿਆ। ਜੋ 26 ਜਨਵਰੀ 1986 ਦੇ ਸਰਬੱਤ ਖ਼ਾਲਸਾ ਇਕੱਠ ਨੇ ਅਰਦਾਸ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਵ ਉਸਾਰੀ ਲਈ ਕਾਰ ਸੇਵਾ ਸ਼ੁਰੂ ਕਰ ਦਿੱਤੀ।

## ਪੰਜ ਮੈਂਬਰੀ ਪੰਥਕ ਕਮੇਟੀ ਵੱਲੋਂ ਖ਼ਾਲਿਸਤਾਨ ਦਾ ਐਲਾਨ

29 ਅਪਰੈਲ 1986 ਨੂੰ ਪੰਜ ਮੈਂਬਰੀ ਪੰਥਕ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਪੱਤਰਕਾਰ ਕਾਨਫ਼ਰੰਸ ਬੁਲਾਈ, ਜਿਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਖ਼ਾਲਿਸਤਾਨ ਦੇ ਸੰਘਰਸ਼ ਦਾ ਐਲਾਨ ਕੀਤਾ ਗਿਆ। ਇਹ ਪੰਥਕ ਕਮੇਟੀ ਦੇ ਪੰਜ ਮੈਂਬਰ ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਗਿਆਨੀ ਅਰੂੜ ਸਿੰਘ, ਭਾਈ ਧੰਨਾ ਸਿੰਘ, ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਵੱਸਣ ਸਿੰਘ ਜ਼ਫ਼ਰਵਾਲ, ਦਮਦਮੀ ਟਕਸਾਲ ਦੇ ਬਾਣੇ ਵਿਚ ਪੱਤਰਕਾਰ ਕਾਨਫ਼ਰੰਸ ਵਿਚ ਮੌਜੂਦ ਸਨ। ਪੱਤਰਕਾਰਾਂ ਦੀ ਚਾਹ-ਪਾਣੀ ਨਾਲ ਸੇਵਾ ਕੀਤੀ ਗਈ ਤੇ ਨਿਰਪੱਖ ਰਹਿ ਕੇ ਖ਼ਾਲਿਸਤਾਨ ਦੇ ਸੰਘਰਸ਼ ਵਿਚ ਭੂਮਿਕਾ ਨਿਭਾਉਣ ਦੀ ਮੰਗ ਕੀਤੀ ਗਈ ਤੇ ਖ਼ਾਲਿਸਤਾਨ ਦੀ ਸਥਾਪਨਾ 'ਚ ਸਾਰੇ ਫ਼ਿਰਕਿਆਂ ਦੇ ਲੋਕਾਂ ਨੂੰ ਸਹਿਯੋਗ ਦੇਣ ਦੀ ਮੰਗ ਕੀਤੀ ਗਈ; ਸਿਵਾਏ ਸਿੱਖ ਸੰਘਰਸ਼ ਦੇ ਕੱਟੜ ਦੁਸ਼ਮਣਾਂ ਨੂੰ ਛੱਡ ਕੇ ਸਾਰੇ ਧਰਮਾਂ, ਫ਼ਿਰਕਿਆਂ ਦੇ ਲੋਕਾਂ ਦੀ ਜਾਨ-ਮਾਲ ਦੀ ਹਿਫ਼ਾਜ਼ਤ ਕਰਨ ਦਾ ਵਿਸ਼ਵਾਸ ਦਿਵਾਇਆ ਗਿਆ। ਪੰਥਕ ਕਮੇਟੀ ਨੇ ਪੰਜ ਮੈਂਬਰ ਚੀਤੇ ਵਾਲੀ ਫੁਰਤੀ ਨਾਲ ਟਕਸਾਲੀ ਦਸਤਾਰਾਂ ਤੇ ਚੋਲੇ ਉਤਾਰ ਕੇ, ਪੈਂਟਾਂ-ਸ਼ਰਟਾਂ ਪਾ ਕੇ, ਪੋਚਵੀਆਂ ਪੱਗਾਂ ਬੰਨ੍ਹ ਕੇ ਖ਼ਾਲਿਸਤਾਨ ਦਾ ਐਲਾਨ ਕਰਨ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਬਾਹਰ ਨਿਕਲ ਗਏ ਤੇ ਰੂਪੋਸ਼ ਹੋ ਗਏ।

30 ਅਪਰੈਲ ਨੂੰ ਸੁਰਜੀਤ ਸਿੰਘ ਬਰਨਾਲਾ ਦੀ ਅਖੌਤੀ ਪੰਥਕ ਅਕਾਲੀ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਪੁਲਿਸ ਦਾਖ਼ਲ ਕਰ ਕੇ ਦਿੱਲੀ ਵਾਲੇ ਮਾਲਕਾਂ ਨੂੰ ਖ਼ੁਸ਼ ਕਰਨ ਲਈ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਐਕਟਿੰਗ ਜੱਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਾਰ ਸੇਵਾ ਕਰ ਰਹੀ ਸੰਗਤ ਨੂੰ ਗ੍ਰਿਫ਼ਤਾਰ ਕਰ ਕੇ ਜ਼ੁਲਮ-ਤਸ਼ੱਦਦ ਦਾ ਨਿਸ਼ਾਨਾ ਬਣਾਇਆ ਤੇ ਜੇਲ੍ਹਾਂ ਵਿਚ ਬੰਦ ਕਰ ਦਿੱਤਾ।

ਬਾਬਾ ਗੁਰਬਚਨ ਸਿੰਘ ਮਾਨੋਚਾਹਲ ਪੰਥਕ ਕਮੇਟੀ ਦੇ ਮੈਂਬਰਾਂ ਵਿਚੋਂ ਬਾਨੀ ਮੰਨੇ ਜਾਂਦੇ ਸਨ। ਸੰਨ 1985 ਤਕ ਆਪ ਦਾ ਨਾਂ ਸਿੱਖ ਸੰਘਰਸ਼ ਵਿਚ ਕਿਧਰੇ ਨਹੀਂ ਸੀ ਲਿਆ ਜਾਂਦਾ। ਸੰਨ 1985 ਦੇ ਅਖ਼ੀਰ ਵਿਚ ਬਾਬਾ ਗੁਰਬਚਨ ਸਿੰਘ ਆਪਣੇ ਸਾਥੀ ਭਾਈ ਸੁਖਦੇਵ ਸਿੰਘ ਸਖੀਰਾ ਨਾਲ ਆਪਣੇ ਪਿੰਡ ਦੀ ਬੰਬੀ ਵਾਲੇ ਕਮਰੇ ਅੰਦਰ ਰਾਤ ਵੇਲੇ ਠਹਿਰੇ ਹੋਏ ਸਨ। ਪੰਜਾਬ ਪੁਲਿਸ ਅਤੇ ਸੀ.ਆਰ.ਪੀ.ਐਫ਼. ਨੇ ਅੰਮ੍ਰਿਤ ਵੇਲੇ ਘੇਰਾ ਪਾ ਲਿਆ ਤੇ ਹੱਥ ਖੜੇ ਕਰ ਕੇ ਬਾਹਰ ਆਉਣ ਲਈ ਕਿਹਾ। ਬਾਬਾ ਮਾਨੋਚਾਹਲ ਇਕੱਲੇ ਹੀ ਬੋਲੇ, ਸਖੀਰਾ ਸਾਹਿਬ ਚੁੱਪ ਰਹੇ, ਕਿ ਪਿੰਡ ਦਾ ਸਰਪੰਚ ਲੈ ਆਉ, ਮੈਂ ਗ੍ਰਿਫ਼ਤਾਰੀ ਦੇ ਦੇਵਾਂਗਾ, ਉਤਨਾ ਚਿਰ ਮੈਂ ਬੂਹਾ ਨਹੀਂ ਖੋਲ੍ਹਾਂਗਾ। ਪੁਲਿਸ ਵਾਲੇ ਪਿੰਡ ਮਾਨੋਚਾਹਲ ਦੇ ਸਰਪੰਚ ਸ. ਕਰਤਾਰ ਸਿੰਘ ਨੂੰ ਫੜ ਲਿਆਏ। ਸੀ.ਆਰ.ਪੀ.ਐਫ. ਵਾਲੇ ਖ਼ੁਸ਼ੀ ਵਿਚ ਫੁੱਲੇ ਨਹੀਂ ਸੀ ਸਮਾਉਂਦੇ ਕਿ ਉਹ ਬਾਗ਼ੀ ਗੁਰਬਚਨ ਸਿੰਘ ਨੂੰ ਫੜ ਕੇ ਫੀਤੀਆਂ ਲਵਾ ਲੈਣਗੇ। ਹਿੰਦੂ ਅਫ਼ਸਰਾਂ ਨੇ ਕਿਹਾ, ''ਸਰਪੰਚ ਸਾਹਿਬ, ਉਸ ਕੋ ਕਹੋ ਕਿ ਹਥਿਆਰ ਫੈਂਕ ਕਰ ਆਪ ਕੇ ਸਾਥ ਹਮਾਰੇ ਪੇਸ਼ ਹੋ ਜਾਵੇ, ਉਸ ਦੀ ਜਾਨ ਕੀ ਹਿਫ਼ਾਜ਼ਤ ਕੀ ਜਾਏਗੀ।'' ਸਰਪੰਚ ਕਰਤਾਰ ਸਿੰਘ ਦੇ ਨਾਲ 12-13 ਪੁਲਿਸ ਵਾਲੇ ਤੇ ਸੀ.ਆਰ.ਪੀ.ਐਫ਼. ਦੇ ਜਵਾਨ ਬੰਬੀ ਅੱਗੇ ਗਏ। ਸਰਪੰਚ ਕਹਿੰਦਾ, ''ਗੁਰਬਚਨ ਸਿੰਘ ਪੇਸ਼ ਹੋ ਜਾ, ਘੇਰਾ ਵਾਹਵਾ ਹੈ, 15 ਕੁ ਤਾਂ ਮੇਰੇ ਨਾਲ ਹੀ ਖੜੇ ਆ। ਹੁਣ ਹੋਰ ਕੋਈ ਚਾਰਾ ਨਹੀਂ।'' ਗੁਰਬਚਨ ਸਿੰਘ ਕਹਿੰਦਾ, ''ਚਾਚਾ, ਬੈਟਰੀ ਫੜਾ ਦੇ ਪਟੇ ਵਾਲੀ ਮੋਰੀ ਥਾਣੀਂ, ਮੈਂ ਕੁੰਜੀ ਕਿਤੇ ਰੱਖ ਬੈਠਾਂ ਅੰਦਰ ਜਿੰਦਰਾ ਮਾਰ ਕੇ ਲੱਭਦੀ ਨਹੀਂ, ਡਿੱਗ ਪਈ ਆ। ਜਾਂ ਫਿਰ ਇਥੇ ਬੈਠੇ ਰਹੋ, ਦਿਨੇ ਕੁੰਜੀ ਲੱਭ ਕੇ ਬੂਹਾ ਖੋਹਲੂੰ ਜਿੰਦਰਾ ਖੋਹਲ ਕੇ।'' ਸੀ.ਆਰ.ਪੀ.ਐਫ਼. ਵਾਲਾ ਕਹਿੰਦਾ ਕਿ ਇਸ ਨੂੰ ਟਾਰਚ ਦੇ ਦਿਉ, ਕੁੰਜੀ ਲੱਭ ਲਵੇ। ਸਰਪੰਚ ਕਰਤਾਰ ਸਿੰਘ ਨੇ ਬੰਬੀ ਵਾਲੇ ਕਮਰੇ ਅੰਦਰ ਪਟੇ ਵਾਲੇ ਮੋਰੇ ਰਾਹੀਂ ਬੈਟਰੀ ਅੰਦਰ ਫੜਾ ਦਿੱਤੀ। ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨੇ ਕਿਹਾ ਕਿ ਸਰਪੰਚ ਸਾਹਿਬ ਬੂਹਾ ਲੱਭਣ ਲੱਗਾ, ਤਾਂ ਲੇਟ ਜਾਵੀਂ ਪਾਸੇ ਨੂੰ। ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨੇ ਬੰਬੀ ਦਾ ਬੂਹਾ ਖੋਲ੍ਹਿਆ ਤਾਂ ਪੰਜਾਬ ਪੁਲਿਸ ਦਾ ਹੌਲਦਾਰ ਤੇ ਸੀ.ਆਰ.ਪੀ.ਐਫ਼. ਦੇ ਜਵਾਨ ਜੱਫਾ ਮਾਰਨ ਲਈ ਅੱਗੇ ਵਧੇ ਤਾਂ ਸਿੰਘਾਂ ਨੇ ਸਟੇਨਗੰਨ ਦਾ ਘੋੜਾ ਦਬਾ ਦਿੱਤਾ। ਪੰਜਾਬ ਪੁਲਿਸ ਦਾ ਹੌਲਦਾਰ ਅਤੇ ਤਿੰਨ ਸੀ.ਆਰ.ਪੀ.ਐਫ. ਦੇ ਜਵਾਨ ਗੋਲੀਆਂ ਵੱਜਣ ਨਾਲ ਸੋਧੇ ਗਏ, ਬਾਕੀ ਫ਼ੋਰਸਾਂ, ਸੀ.ਆਰ.ਪੀ.ਐਫ਼. ਦੇ ਜਵਾਨਾਂ ਦੀ ਹਾਲ ਪਾਹਰਿਆ 'ਹਾਏ ਮਾਰ ਡਾਲਾ, ਮਾਰੇ ਗਏ, ਮਾਰੇ ਗਏ' ਦੀ ਕੂਕ ਦੁਹਾਈ ਸੁਣ ਕੇ ਨੱਸ ਗਈਆਂ। ਬਾਬਾ ਗੁਰਬਚਨ ਸਿੰਘ ਮਾਨੋਚਾਹਲ ਤੇ ਭਾਈ ਸੁਖਦੇਵ ਸਿੰਘ ਸਖੀਰਾ, ਸੁਰੱਖਿਆ ਫ਼ੋਰਸਾਂ ਦੇ ਮਰਨ ਵਾਲੇ ਜਵਾਨਾਂ ਦੇ ਹਥਿਆਰ ਵੀ ਨਾਲ ਲੈ ਗਏ। ਇਸ ਦਿਨ ਤੋਂ ਬਾਅਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦਾ ਨਾਂ ਚੋਟੀ ਦੇ ਖਾੜਕੂ ਜੁਝਾਰੂ ਸਿੰਘਾਂ ਦੀ ਕਤਾਰ ਵਿਚ ਜੁੜ ਗਿਆ। ਪੰਜਾਬ ਪੁਲਿਸ ਦੇ ਮੁਖੀ ਜੇ.ਐਫ਼. ਰਿਬੇਰੋ (ਜੂਲੀਉ ਫ਼ਰਾਂਸਿਸ ਰਿਬੇਰੋ) ਨੇ ਪੰਜਾਬ ਪੁਲਿਸ ਦਾ ਅਹੁਦਾ

ਸੰਭਾਲਦਿਆਂ 36 ਜੁਝਾਰੂ ਸਿੰਘਾਂ ਦੇ ਸਿਰਾਂ ਦਾ ਇਨਾਮ ਰੱਖਿਆ ਸੀ ਤੇ ਰਿਬੇਰੋ ਨੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨੂੰ ਮਾਰਨ ਲਈ ਆਪਣੀ ਪੂਰੀ ਵਾਹ ਲਾਈ ਪਰ ਇਸ ਦੇ ਉਲਟ 3 ਅਕਤੂਬਰ 1986 ਨੂੰ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਅਤੇ ਜਨਰਲ ਲਾਭ ਸਿੰਘ ਪੰਜਵੜ ਦੀ ਅਗਵਾਈ ਵਿਚ ਜਲੰਧਰ ਦੇ ਪੀ.ਏ.ਪੀ., ਸਭ ਤੋਂ ਵੱਧ ਸੁਰੱਖਿਅਤ ਕਿਲ੍ਹੇ ਅੰਦਰ ਦਲੇਰਾਨਾ ਖਾੜਕੂ ਕਾਤਲਾਨਾ ਹਮਲਾ ਕਰ ਕੇ ਦਰਸਾ ਦਿੱਤਾ ਸੀ ਕਿ ਅਸੀਂ ਮਰਦੇ ਰਹਾਂਗੇ, ਮਾਰਦੇ ਰਹਾਂਗੇ, ਮੁੱਕਾਂਗੇ ਨਹੀਂ। ਸਾਡੇ ਇਰਾਦੇ ਅਟੱਲ ਹਨ, ਜਿਨ੍ਹਾਂ ਨੂੰ ਮੌਤ ਦਾ ਭੈ ਦੇ ਕੇ ਵਿਸਾਰਿਆ ਨਹੀਂ ਜਾ ਸਕਦਾ।

## ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਆਫ਼ ਖ਼ਾਲਿਸਤਾਨ ਦੀ ਸਥਾਪਨਾ

ਪੰਥਕ ਕਮੇਟੀ ਮੈਂਬਰ ਦੀ ਸੇਵਾਵਾਂ ਨਿਭਾਉਂਦਿਆਂ ਨਾਲ ਹੀ ਬਾਬਾ ਜੀ ਨੇ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਆਫ਼ ਖ਼ਾਲਿਸਤਾਨ ਦੀ ਸਥਾਪਨਾ ਕੀਤੀ, ਜਿਸ ਦਾ ਮਿਸ਼ਨ ਖ਼ਾਲਿਸਤਾਨ ਦੀ ਸਥਾਪਨਾ ਲਈ ਸਿੱਖ ਜਦੋ-ਜਹਿਦ ਨੂੰ ਤੇਜ਼ ਕਰਨਾ ਹੈ ਤੇ ਭਾਰਤੀ ਹਥਿਆਰਬੰਦ ਸੁਰੱਖਿਆ ਫ਼ੋਰਸਾਂ ਨਾਲ ਟੱਕਰ ਲੈਣੀ ਤੇ ਗੁਰੀਲਾ ਦਾਅ-ਪੇਚਾਂ 'ਤੇ ਆਧਾਰਿਤ ਸਿੱਖ ਸੰਘਰਸ਼ ਨੂੰ ਅੱਗੇ ਵਧਾਉਣਾ ਹੈ। ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਆਫ਼ ਖ਼ਾਲਿਸਤਾਨ (ਬੀ.ਟੀ.ਐਫ਼. ਕੇ.) ਦੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਆਪ ਮੁਖੀ ਸਨ ਤੇ ਮਾਝੇ ਦੇ ਅਣਖੀਲੇ ਗੱਭਰੂ ਇਸ ਵਿਚ ਸ਼ਾਮਲ ਹੋ ਕੇ ਕੁਰਬਾਨੀ ਕਰਨ ਵਿਚ ਫ਼ਖ਼ਰ ਮਹਿਸੂਸ ਕਰਦੇ ਸਨ। ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੀ ਅਗਵਾਈ ਵਿਚ ਬੜੇ-ਬੜੇ ਇਨਾਮੀ ਸੂਰਮਿਆਂ ਨੇ ਦਲੇਰਾਨਾ ਖਾੜਕੂ ਐਕਸ਼ਨਾਂ ਨਾਲ ਸੂਰਮਗਤੀ ਤੇ ਬਹਾਦਰੀ ਦੀਆਂ ਸਿਖਰਾਂ ਨੂੰ ਛੂਹਿਆ ਹੈ। ਭਾਈ ਸੁਖਵਿੰਦਰ ਸਿੰਘ ਸੰਘਾ, ਭਾਈ ਬਿਕਰਮਜੀਤ ਸਿੰਘ ਨਾਰਲਾ, ਭਾਈ ਸੁਰਜੀਤ ਸਿੰਘ ਬਹਿਲਾ, ਭਾਈ ਬਲਵਿੰਦਰ ਸਿੰਘ ਰਾਮਦੀਵਾਲੀ, ਭਾਈ ਭੁਪਿੰਦਰ ਸਿੰਘ ਕੰਮੋਕੇ, ਭਾਈ ਸਤਨਾਮ ਸਿੰਘ ਛੀਨਾ, ਭਾਈ ਕਾਰਜ ਸਿੰਘ ਥਾਂਦੇ, ਭਾਈ ਸੁਰਜੀਤ ਸਿੰਘ ਪੈਂਟਾ, ਭਾਈ ਦਇਆ ਸਿੰਘ ਚੋਹਲਾ ਸਾਹਿਬ, ਭਾਈ ਸਵਰਨਜੀਤ ਸਿੰਘ ਅੱਲਾਦੀਨਪੁਰ, ਭਾਈ ਬੂਟਾ ਸਿੰਘ ਸੁਰਸਿੰਘ ਵਾਲਾ, ਭਾਈ ਸਤਨਾਮ ਸਿੰਘ ਚੰਗਿਆੜਾ ਅਜਿਹੇ ਬਹਾਦਰ ਸੂਰਮੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੇ ਸੰਪਰਕ ਵਿਚ ਆਉਣ 'ਤੇ ਜੁਝਾਰੂ ਜਰਨੈਲਾਂ ਦੀਆਂ ਪਦਵੀਆਂ ਪ੍ਰਾਪਤ ਕਰ ਕੇ ਸਿੱਖ ਜੱਦੋ-ਜਹਿਦ ਵਿਚ ਜੂਝਦੇ ਹੋਏ ਸਿੱਖ ਇਤਿਹਾਸ ਦੇ ਨਾਇਕ ਵੱਜੋਂ ਪ੍ਰਵਾਨ ਚੜ੍ਹੇ ਹਨ।

ਬਾਬਾ ਗੁਰਬਚਨ ਸਿੰਘ ਮਾਨੋਚਾਹਲ ਸਿੱਖ ਸੰਘਰਸ਼ ਦੇ ਮੁਖੀ ਜਰਨੈਲਾਂ ਜਨਰਲ ਮਨਬੀਰ ਸਿੰਘ ਚਹੇੜੂ, ਜਨਰਲ ਲਾਭ ਸਿੰਘ ਪੰਜਵੜ, ਭਾਈ ਸੁਖਦੇਵ ਸਿੰਘ ਦਾਸੂਵਾਲ, ਜਥੇਦਾਰ ਗੁਰਜੰਟ ਸਿੰਘ ਬੁੱਧਸਿੰਘ ਵਾਲਾ, ਜਥੇਦਾਰ ਗੁਰਜੰਟ ਸਿੰਘ ਰਾਜਸਥਾਨੀ, ਜਥੇਦਾਰ ਕੰਵਲਜੀਤ ਸਿੰਘ ਸੁਲਤਾਨਵਿੰਡ, ਜਥੇਦਾਰ ਸੀਤਲ ਸਿੰਘ

ਮੱਤੇਵਾਲ, ਜਨਰਲ ਅਵਤਾਰ ਸਿੰਘ ਬ੍ਰਹਮਾ, ਗਿਆਨੀ ਅਰੂੜ ਸਿੰਘ ਡੱਲਾ, ਜਥੇਦਾਰ ਸੁਖਦੇਵ ਸਿੰਘ ਸਖੀਰਾ, ਜਥੇਦਾਰ ਭਾਈ ਅਨੋਖ ਸਿੰਘ ਬੱਬਰ, ਭਾਈ ਮਥਰਾ ਸਿੰਘ ਆਦਿ ਸਿੰਘਾਂ ਦੀ ਪਹਿਲੀ ਕਤਾਰ ਦੇ ਸਿੰਘਾਂ ਵਿਚੋਂ ਜਾਣੇ ਜਾਂਦੇ ਸਨ ਅਤੇ ਸਿੱਖ ਸੰਘਰਸ਼ ਨੂੰ ਅੱਗੇ ਤੋਰਨ ਵਾਲੇ, ਅਗਵਾਈ ਕਰਨ ਵਾਲੇ ਜੁਝਾਰੂ ਖ਼ਾਲਸੇ ਵਿਚੋਂ ਮੋਹਰੀ ਸਨ।

ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੀ ਸੁਰੱਖਿਆ ਫ਼ੋਰਸਾਂ ਨਾਲ 1985 ਨੂੰ ਪਿੰਡ ਮਾਨੋਚਾਹਲ ਦੀ ਬੰਬੀ ਦੇ ਮੁਕਾਬਲੇ ਤੋਂ ਬਾਅਦ ਲੁਕਣਮੀਚੀ ਚੱਲਦੀ ਰਹੀ। ਕਦੀ ਬਾਬਾ ਮਾਨੋਚਾਹਲ ਤੇ ਜੁਝਾਰੂ ਸਿੰਘ ਸੁਰੱਖਿਆ ਬਲਾਂ ਉੱਪਰ ਅਚਨਚੇਤ ਅਸਮਾਨੀ ਬਿਜਲੀ ਵਾਂਗ ਕੜਕ ਕੇ ਹਮਲਾ ਕਰਦੇ ਤੇ ਹਰਨ ਹੋ ਜਾਂਦੇ। ਕਦੀ ਸੁਰੱਖਿਆ ਫ਼ੋਰਸਾਂ ਹਜ਼ਾਰਾਂ ਦੀ ਗਿਣਤੀ ਵਿਚ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੇ ਛਿਪਣ ਵਾਲੇ ਟਿਕਾਣਿਆਂ ਨੂੰ ਆਣ ਘੇਰਦੀਆਂ। ਜ਼ਬਰਦਸਤ ਮੁਕਾਬਲੇ ਹੁੰਦੇ, ਅਗਲੇ ਦਿਨ ਅਖ਼ਬਾਰਾਂ ਵਿਚ ਬਾਬਾ ਮਾਨੋਚਾਹਲ ਦੇ ਘੇਰਾ ਤੋੜ ਕੇ ਨਿਕਲ ਜਾਣ ਦੀਆਂ, ਕੁਝ ਸਿੰਘਾਂ ਦਾ ਮੁਕਾਬਲਾ ਕਰਦਿਆਂ ਸ਼ਹੀਦ ਹੋ ਜਾਣ, ਰਟੌਲ ਜਿਹੇ ਜ਼ਬਰਦਸਤ ਮੁਕਾਬਲੇ ਵਿਚ ਡੀ.ਆਈ.ਜੀ ਬਾਰਡਰ ਰੇਂਜ ਅਜੀਤ ਸਿਹੁੰ ਦੇ ਮਾਰੇ ਜਾਣ ਦੀਆਂ ਖ਼ਬਰਾਂ ਨਾਲ ਸਫ਼ੇ ਭਰੇ ਹੁੰਦੇ। ਅਖ਼ਬਾਰਾਂ ਜੱਗਬਾਣੀ, ਪੰਜਾਬ ਕੇਸਰੀ, ਮਾਝੇ ਵਿਚ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਦਾ ਰਾਤ ਵੇਲੇ ਰਾਜ ਲਿਖਦੀਆਂ। ਕਿਤੇ ਨਾ ਕਿਤੇ ਬਾਬਾ ਮਾਨੋਚਾਹਲ ਦੀ ਸੁਰੱਖਿਆ ਫ਼ੋਰਸਾਂ ਨਾਲ ਝੜਪ ਹੁੰਦੀ, ਘੇਰਾ ਪਾ ਲਿਆ, ਘੇਰਾ ਤੋੜ ਕੇ ਨਿਕਲ ਗਿਆ, ਚਰਚਾ ਹੁੰਦੀ ਰਹਿੰਦੀ ਸੀ। ਸਰਕਾਰ ਨੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੀ ਗ੍ਰਿਫ਼ਤਾਰੀ ਵਾਸਤੇ 40 ਲੱਖ ਰੁਪਏ ਦਾ ਇਨਾਮ ਰੱਖਿਆ ਸੀ। ਜਿਵੇਂ-ਜਿਵੇਂ ਸਰਕਾਰ ਬਾਬਾ ਮਾਨੋਚਾਹਲ ਨੂੰ ਖ਼ਤਰਨਾਕ ਦਹਿਸ਼ਤਪਸੰਦ ਕਹਿ ਕੇ ਪ੍ਰਚਾਰ ਰਹੀ ਸੀ, ਤਿਵੇਂ-ਤਿਵੇਂ ਸਿੱਖਾਂ ਦੀ ਹਮਦਰਦੀ ਖਾੜਕੂ ਜਰਨੈਲ ਬਾਬਾ ਮਾਨੋਚਾਹਲ ਨਾਲ ਵਧਦੀ ਜਾਂਦੀ ਸੀ। ਸੰਭਾਵੀ ਲੁਕਣ ਵਾਲੇ ਟਿਕਾਣਿਆਂ ਤੋਂ ਪਰਿਵਾਰਾਂ ਨੂੰ ਪੁਲਿਸ ਜ਼ਲੀਲ ਕਰ ਰਹੀ ਸੀ, ਸਿੱਖ ਨੌਜਵਾਨਾਂ ਨੂੰ ਬਾਬਾ ਮਾਨੋਚਾਹਲ ਦੀ ਸੂਹ ਕੱਢਣ ਲਈ ਥੋਕ ਵਿਚ ਤਸ਼ੱਦਦ ਦਾ ਨਿਸ਼ਾਨਾ ਬਣਾਇਆ ਜਾਂਦਾ ਸੀ, ਉਹ ਨੌਜਵਾਨ ਸਮਾਂ ਪਾ ਕੇ ਬਾਬਾ ਮਾਨੋਚਾਹਲ ਦੀ ਅਗਵਾਈ ਵਿਚ ਸਿੱਖ ਸੰਘਰਸ਼ ਵਿਚ ਯੋਗਦਾਨ ਪਾਉਣ ਲਈ ਰਲ ਜਾਂਦੇ ਸਨ। ਬਾਬਾ ਮਾਨੋਚਾਹਲ ਦੀ ਜੁਝਾਰੂ ਸਿੰਘਾਂ ਨੂੰ ਹਦਾਇਤ ਸੀ ਕਿ ਪ੍ਰਸ਼ਾਦਾ ਪਾਣੀ ਛਕਣ ਤੇ ਕਿਸੇ ਦੇ ਕਹੇ ਉੱਤੇ ਕਿਸੇ ਦੇ ਨਿੱਜੀ ਝਗੜੇ ਵਿਚ ਦਖ਼ਲ ਨਹੀਂ ਦੇਣਾ। ਕਿਸੇ ਨਿਰਦੋਸ਼ ਦਾ ਖ਼ੂਨ ਨਹੀਂ ਵਹਾਉਣਾ। ਕਿਸੇ ਗ਼ਰੀਬ ਨਾਲ ਨਾ ਧੱਕੇਸ਼ਾਹੀ ਕਰਨੀ ਹੈ ਤੇ ਨਾ ਹੀ ਹੋਣ ਦੇਣੀ ਹੈ। ਸ਼ਸਤਰਾਂ ਦੀ ਵਰਤੋਂ ਮਜ਼ਲੂਮਾਂ ਦੀ ਰੱਖਿਆ, ਦੁਸ਼ਟਾਂ ਦੀ ਭੱਖਿਆ ਵਾਸਤੇ ਕਰਨੀ ਹੈ। ਬਾਬਾ ਮਾਨੋਚਾਹਲ ਕਹਿੰਦੇ, "ਅਸੀਂ ਸਿੱਖ ਕੌਮ ਦੀ ਆਜ਼ਾਦੀ ਦੀ ਲੜਾਈ ਲੜ ਰਹੇ ਹਾਂ, ਆਜ਼ਾਦੀ ਲੈ ਕੇ ਰਹਾਂਗੇ। ਇਹ ਸਾਡਾ ਹੱਕ ਹੈ। ਆਜ਼ਾਦੀ ਲੈਣਾ ਕਾਨੂੰਨੀ ਤੇ ਜਮਾਂਦਰੂ ਹੱਕ ਹੈ। ਅਸੀਂ ਕਿਸੇ ਦੀ ਆਜ਼ਾਦੀ ਖੋਹਣੀ ਨਹੀਂ

ਚਾਹੁੰਦੇ। ਸਿੱਖ ਰਾਜ ਵਿਚ ਸਾਰੇ ਧਰਮਾਂ ਦੇ ਲੋਕਾਂ ਨੂੰ ਆਜ਼ਾਦੀ ਨਾਲ ਜਿਊਣ ਦਾ ਪੂਰਨ ਅਧਿਕਾਰ ਹੋਵੇਗਾ।''

1989 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ, ਜੋ ਕਿ ਵੋਟਾਂ ਪੈਣ ਤੋਂ ਸਿਰਫ਼ ਇਕ ਦਿਨ ਪਹਿਲਾਂ ਕਾਂਗਰਸ ਪਾਰਟੀ ਦੇ ਦਬਾਅ ਕਾਰਨ ਚੋਣ ਕਮਿਸ਼ਨਰ ਨੇ ਰੱਦ ਕਰ ਦਿੱਤੀਆਂ ਸਨ, ਇਹਨਾਂ ਚੋਣਾਂ ਵਿਚ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨੇ ਦੂਰ-ਅੰਦੇਸੀ ਤੋਂ ਕੰਮ ਲੈਂਦਿਆਂ ਮਨਜੀਤ ਸਿੰਘ ਪ੍ਰਧਾਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੂੰ ਸਿਆਸੀ ਜਥੇਬੰਦੀ ਦੇ ਤੌਰ 'ਤੇ ਚੋਣਾਂ ਵਿਚ ਪੰਥਕ ਉਮੀਦਵਾਰ ਖੜੇ ਕਰਨ ਲਈ ਕਿਹਾ ਤੇ ਸਪੱਸ਼ਟ ਐਲਾਨ ਕੀਤਾ ਕਿ ਚੋਣਾਂ ਵਿਚ ਪੰਜਾਬ ਵਿਧਾਨ ਸਭਾ ਵਿਚ ਜਿੱਤ ਪ੍ਰਾਪਤ ਕਰ ਕੇ ਲੋਕਾਂ ਨੂੰ ਖ਼ਾਲਿਸਤਾਨ ਦਾ ਨਕਸ਼ਾ ਵਿਖਾਉਣਾ ਹੈ ਕਿ ਆਜ਼ਾਦ ਸਿੱਖ ਰਾਜ ਕਿਹੋ ਜਿਹਾ ਹੋਵੇਗਾ। ਇਹ ਚੋਣਾਂ ਦੀ ਜਿੱਤ ਸਾਡੇ ਸੰਘਰਸ਼ ਦਾ ਪੜਾਅ ਹੋਵੇਗੀ। ਮੰਜ਼ਿਲ ਸਾਡੀ ਆਜ਼ਾਦ ਖ਼ਾਲਸਾ ਰਾਜ ਹੀ ਹੋਵੇਗਾ। ਇਹਨਾਂ ਚੋਣਾਂ ਵਿਚ ਡਾ. ਸੋਹਣ ਸਿੰਘ ਵਾਲੀ ਪੰਥਕ ਕਮੇਟੀ ਵੀ ਹਮਾਇਤ ਕਰਨ ਦੇ ਹੱਕ ਵਿਚ ਸੀ। ਕਿਹਾ ਜਾਂਦਾ ਹੈ ਕਿ ਭਾਈ ਸੁਖਦੇਵ ਸਿੰਘ ਦਾਸੂਵਾਲ ਦੇ ਮੂੰਹੋਂ ਇਕ ਵਾਰ ਨਾਂਹ ਨਿਕਲ ਗਈ ਤੇ ਉਸ ਦੇ ਅੜੀ ਕਰਨ 'ਤੇ ਡਾ. ਸੋਹਣ ਸਿੰਘ ਵਾਲੀ ਪੰਥਕ ਕਮੇਟੀ ਨੂੰ ਚੋਣਾਂ ਦਾ ਬਾਈਕਾਟ ਕਰਨ ਦਾ ਐਲਾਨ ਕਰਨਾ ਪਿਆ। ਜਿਸ ਨੂੰ ਬਾਅਦ ਵਿਚ ਬਹੁਤ ਵੱਡੀ ਗ਼ਲਤੀ ਵਜੋਂ ਮੰਨਿਆ ਗਿਆ। ਉਸ ਤੋਂ ਬਾਅਦ ਕਾਂਗਰਸ ਪਾਰਟੀ ਚੋਣ ਅਖਾੜੇ ਵਿਚ ਉਤਰੀ ਤਾਂ ਜੁਝਾਰੂ ਸਿੰਘਾਂ ਨੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦਾ ਬਾਈਕਾਟ ਕਰਨ ਦਾ ਐਲਾਨ ਕਰ ਕੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੀ ਕੋਈ ਪੇਸ਼ ਨਹੀਂ ਜਾਣ ਦਿੱਤੀ। ਬਾਬਾ ਮਾਨੋਚਾਹਲ ਕਹਿੰਦੇ ਰਹੇ ਕਿ ਜਿਹੜੇ ਅੱਜ ਸਾਨੂੰ ਘਰਾਂ ਵਿਚ ਚਰਨ ਪਾਉਣ ਲਈ ਤਰਲੇ ਕਰਦੇ ਆ, ਜੇ ਇਹੋ ਰਾਜ-ਭਾਗ 'ਤੇ ਕਾਬਜ਼ ਹੋ ਗਏ ਤਾਂ ਇਹਨਾਂ ਬੂਹੇ ਖੜਕਾਇਆਂ ਨਹੀਂ ਖੋਲ੍ਹਣੇ ਤੇ ਇਹਨਾਂ ਸਾਡੀ ਜਾਨ ਦੇ ਵੈਰੀ ਬਣ ਜਾਣਾ ਹੈ।

ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੀ ਭਵਿੱਖਬਾਣੀ ਸੱਚੀ ਸਾਬਤ ਹੋਈ। ਖਾੜਕੂ ਸਿੰਘਾਂ ਵੱਲੋਂ ਚੋਣਾਂ ਦਾ ਬਾਈਕਾਟ ਕਰਨ ਦੇ ਕਾਰਨ ਸਿਰਫ਼ 6% ਵੋਟਾਂ ਨਾਲ ਕਾਂਗਰਸ ਸਰਕਾਰ ਹੋਂਦ ਵਿਚ ਆਈ, ਜਿਸ ਦਾ ਮੁੱਖ ਮੰਤਰੀ ਬੇਅੰਤਾ ਬੁੱਚੜ ਬਣਿਆ। ਪੰਜਾਬ ਪੁਲਿਸ ਦੇ ਮੁਖੀ ਕੇ.ਪੀ.ਐਸ. ਗਿੱਲ ਅਤੇ ਬੇਅੰਤ ਸਿਹੁੰ ਮੁੱਖ ਮੰਤਰੀ ਪੰਜਾਬ ਦੀ ਜੋੜੀ ਨੇ ਜਿਹੜੀ ਵਾਢੀ ਸਿੱਖ ਸਿਰਾਂ ਦੀ ਪਾਈ, ਜੋ ਜ਼ੁਲਮ ਸਿੱਖਾਂ ਉੱਤੇ ਇਸ ਸਮੇਂ ਦੌਰਾਨ ਹੋਏ, ਉਸ ਨੇ ਜ਼ਕਰੀਆ ਖ਼ਾਨ, ਮੀਰ ਮੰਨੂੰ, ਯਹੀਆ ਖ਼ਾਂ, ਫ਼ਰੁਖ਼ਸੀਅਰ, ਔਰੰਗਜ਼ੇਬ ਦੇ ਸਮੇਂ ਮੁਗ਼ਲ ਹਕੂਮਤ ਦੇ ਸਿੱਖਾਂ ਉੱਤੇ ਹੋਏ ਜ਼ੁਲਮਾਂ ਨੂੰ ਵੀ ਮਾਤ ਪਾ ਦਿੱਤਾ। ਚੋਟੀ ਦੇ ਖਾੜਕੂ ਜਰਨੈਲਾਂ ਤੋਂ ਲੈ ਕੇ ਖਾੜਕੂਆਂ ਦੇ ਰਿਸ਼ਤੇਦਾਰਾਂ, ਹਮਦਰਦਾਂ, ਵਕੀਲਾਂ, ਮਨੁੱਖੀ ਹੱਕਾਂ ਦੀ ਰਾਖੀ ਕਰਨ ਵਾਲਿਆਂ, ਸਿੱਖ ਸੰਘਰਸ਼ ਨਾਲ ਹਮਦਰਦੀ ਰੱਖਣ ਵਾਲਿਆਂ 'ਤੇ ਜ਼ੁਲਮ ਦੀ ਹਨੇਰੀ ਝੁਲਾਈ ਤੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਨਹਿਰਾਂ, ਨਾਲੇ, ਦਰਿਆ, ਸਿਵੇ ਲਾਸ਼ਾਂ ਨਾਲ ਭਰ ਦਿੱਤੇ ਗਏ ਤੇ ਬੇਅੰਤ

ਸਿਹੁੰ ਮੁੱਖ ਮੰਤਰੀ ਪੰਜਾਬ ਨੇ ਸਿੱਖਾਂ ਦਾ ਘਾਣ ਕਰ ਕੇ ਆਪਣੇ ਆਪ ਨੂੰ ਸ਼ੇਰੇ-ਪੰਜਾਬ ਅਖਵਾਉਣਾ ਸ਼ੁਰੂ ਕਰ ਦਿੱਤਾ। ਬੇਅੰਤ ਸਿਹੁੰ ਤੇ ਕੇ.ਪੀ.ਐਸ. ਗਿੱਲ ਨੇ ਸਿੱਖਾਂ ਨੂੰ ਅੱਤਵਾਦੀ ਕਹਿ-ਕਹਿ ਕੇ ਮਾਰ ਦਿੱਤਾ। ਨਾ ਕੋਈ ਧਾਰਮਿਕ ਆਗੂ, ਭਾਈ ਗੁਰਦੇਵ ਸਿੰਘ ਕਾਉਂਕੇ ਛੱਡਿਆ, ਨਾ ਮਨੁੱਖੀ ਹੱਕਾਂ ਦਾ ਰਾਖਾ ਭਾਈ ਜਸਵੰਤ ਸਿੰਘ ਖਾਲੜਾ ਛੱਡਿਆ, ਨਾ ਬਾਬਾ ਚਰਨ ਸਿੰਘ ਕਾਰ ਸੇਵਾ ਵਾਲਾ ਸੰਤ ਛੱਡਿਆ। ਇਹ ਸਾਰਾ ਖਮਿਆਜਾ ਚੋਣਾਂ ਦਾ ਬਾਈਕਾਟ ਕਰਨ ਕਰਕੇ ਭੁਗਤਣਾ ਪਿਆ।

ਬੇਅੰਤੇ ਅਤੇ ਉਸ ਦੇ ਸਾਥੀ ਬੁੱਚੜ ਕੇ.ਪੀ.ਐਸ. ਗਿੱਲ ਦੀ ਜੋੜੀ ਨੇ ਖਾੜਕੂ ਸਿੰਘਾਂ ਦੇ ਪਰਿਵਾਰਾਂ ਨੂੰ ਖ਼ਤਮ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਤਾਂ ਇਸੇ ਨੀਤੀ ਅਨੁਸਾਰ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੇ ਨੁਸਹਿਰਾ ਪਨੂੰਆਂ ਘਰ ਉੱਤੇ ਕਬਜ਼ਾ ਕਰ ਲਿਆ ਗਿਆ, ਘਰ ਦਾ ਸਾਰਾ ਸਾਮਾਨ ਚੁੱਕ ਲਿਆ ਗਿਆ, 15 ਮੱਝਾਂ ਤੇ ਚਾਰ ਭਰਾਵਾਂ ਦਾ ਸਾਮਾਨ ਵੀ ਚੁੱਕ ਲਿਆ ਗਿਆ। ਛੋਟੇ ਭਰਾ ਨਿਰਵੈਰ ਸਿੰਘ ਨੂੰ ਪੁਲਿਸ ਨੇ ਫੜ ਲਿਆ, ਸਾਰਾ ਪਰਿਵਾਰ ਘਰੋਂ ਬੇਘਰ ਹੋ ਗਿਆ, ਲੁਕ-ਛਿਪ ਕੇ ਰਹਿਣ ਲੱਗਾ। ਬਾਬਾ ਮਾਨੋਚਾਹਲ ਨੂੰ ਫੜਾਉਣ ਲਈ ਭਾਈ ਨਿਰਵੈਰ ਸਿੰਘ ਉੱਤੇ ਪੰਜਾਬ ਪੁਲਿਸ ਨੇ ਅੰਨ੍ਹਾ ਤਸ਼ੱਦਦ ਕੀਤਾ, ਹੱਡੀ-ਹੱਡੀ ਤੋੜ ਦਿੱਤੀ, ਸਰੀਰ ਗਰਮ ਪ੍ਰੈਸਾਂ ਲਾ ਕੇ ਸਾੜ ਦਿੱਤਾ ਤੇ ਅਖ਼ੀਰ ਝੂਠੇ ਪੁਲਿਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਬਾਬਾ ਮਾਨੋਚਾਹਲ ਆਪਣੇ ਭਰਾ ਨਿਰਵੈਰ ਸਿੰਘ ਉੱਤੇ ਇਤਨਾ ਵਿਸ਼ਵਾਸ ਕਰਦੇ ਸਨ ਤੇ ਕਹਿੰਦੇ ਸਨ ਕਿ ਨਿਰਵੈਰ ਸਿੰਘ ਦੇ ਟੋਕੇ ਨਾਲ ਟੋਟੇ ਕਰਦੇ ਪਏ ਹੋਣ ਪੁਲਿਸ ਵਾਲੇ ਤੇ ਮੈਂ ਮਾਨੋਚਾਹਲ ਨਿਰਵੈਰ ਸਿੰਘ ਦੇ ਸਾਹਮਣੇ ਫਿਰਦਾ ਹੋਵਾਂ ਤਾਂ ਵੀ ਨਿਰਵੈਰ ਸਿੰਘ ਮੇਰੇ ਬਾਰੇ ਪੁਲਿਸ ਨੂੰ ਨਹੀਂ ਦੱਸੇਗਾ, ਸ਼ਹੀਦ ਹੋ ਜਾਵੇਗਾ।

ਸੰਨ 1990 ਵਿਚ ਪਿਤਾ ਸ. ਆਤਮਾ ਸਿੰਘ ਨੂੰ ਨੁਸ਼ਹਿਰਾ ਪਨੂੰਆਂ ਵਾਲੇ ਘਰ ਵਿਚੋਂ ਪੰਜਾਬ ਪੁਲਿਸ ਚੁੱਕ ਕੇ ਲੈ ਗਈ, ਸਰਹਾਲੀ ਥਾਣੇ ਵਿਚ ਪੁੱਠਾ ਲਟਕਾ ਕੇ ਤਸੀਹੇ ਦਿੰਦੇ ਰਹੇ। ਬਾਅਦ ਵਿਚ ਪਿਤਾ ਸ. ਆਤਮਾ ਸਿੰਘ ਨੂੰ ਬਲੈਕ ਕੈਟਾਂ ਨੇ ਕਤਲ ਕਰ ਦਿੱਤਾ। ਉਸ ਦਾ ਗੁਨਾਹ ਸਿਰਫ਼ ਇਹ ਸੀ ਕਿ ਉਹ ਖਾੜਕੂ ਜਰਨੈਲ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦਾ ਪਿਤਾ ਸੀ ਤੇ ਉਸ ਦਾ ਪੁੱਤਰ ਹਿੰਦ ਹਕੂਮਤ ਨਾਲ ਸਿੱਖਾਂ ਦੀ ਆਜ਼ਾਦੀ ਲਈ ਵੱਡੀ ਜੰਗ ਦੀ ਅਗਵਾਈ ਕਰ ਰਿਹਾ ਸੀ।

ਮਾਤਾ ਗੁਰਮੇਜ ਕੌਰ ਜੋ ਪੋਤਰੇ ਹਰਬਿੰਦਰ ਸਿੰਘ ਨਾਲ ਕਟੜਾ ਜੈਮਲ ਸਿੰਘ ਅੰਮ੍ਰਿਤਸਰ ਵਿਖੇ ਇਕ ਘਰ ਵਿਚ ਰਹਿੰਦੇ ਸਨ, ਤਰਨ ਤਾਰਨ ਪੁਲਿਸ ਨੇ ਛਾਪਾ ਮਾਰਿਆ। ਹਰਬਿੰਦਰ ਸਿੰਘ ਦੋ ਕੁ ਮਿੰਟ ਪਹਿਲਾਂ ਘਰੋਂ ਬਾਹਰ ਗਲੀ ਵਿਚ ਨਿਕਲਿਆ ਸੀ, ਇਸ ਕਰਕੇ ਪੁਲਿਸ ਤੋਂ ਬਚ ਗਿਆ, ਮਾਤਾ ਗੁਰਮੇਜ ਕੌਰ ਨੂੰ ਤਰਨ ਤਾਰਨ ਪੁਲਿਸ ਚੁੱਕ ਕੇ ਲੈ ਗਈ ਤੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੀ ਸੂਹ ਕੱਢਣ ਲਈ ਬਜ਼ੁਰਗ ਮਾਤਾ ਉਪਰ ਤਸ਼ੱਦਦ ਕੀਤਾ ਤੇ ਉਸ ਨੂੰ ਮਾਰ ਕੇ ਕਿਧਰੇ ਖਪਾ ਦਿੱਤਾ ਗਿਆ, ਉਸ ਦੀ ਉੱਘ-ਸੁੱਘ ਨਹੀਂ ਨਿਕਲੀ। ਬੀ.ਟੀ.ਐਫ਼.ਕੇ. ਦੇ ਡਿਪਟੀ ਚੀਫ਼ ਭਾਈ ਸੁਰਜੀਤ ਸਿੰਘ ਬਹਿਲਾ ਦੀ ਪਤਨੀ ਉਦੋਂ ਪੁਲਿਸ ਹਿਰਾਸਤ ਵਿਚ

ਸੀ, ਉਸ ਦੇ ਸਾਹਮਣੇ ਮਾਤਾ ਉੱਤੇ ਤਸ਼ੱਦਦ ਕੀਤਾ ਗਿਆ। ਜੇ ਹਰਬਿੰਦਰ ਸਿੰਘ ਉਸ ਦਿਨ ਪੁਲਿਸ ਦੇ ਹੱਥੀਂ ਆ ਜਾਂਦਾ ਤਾਂ ਉਸ ਨੂੰ ਪੁਲਿਸ ਨੇ ਮਾਰ-ਖਪਾ ਦੇਣਾ ਸੀ। ਇਸ ਤੋਂ ਇਲਾਵਾ ਬਾਬਾ ਗੁਰਬਚਨ ਸਿੰਘ ਜੀ ਦੇ ਚਚੇਰੇ ਭਰਾ ਭਾਈ ਕਾਰਜ ਸਿੰਘ ਮਾਨੋਚਾਹਲ ਅਤੇ ਭਾਈ ਬਲਵਿੰਦਰ ਸਿੰਘ ਮਾਨੋਚਾਹਲ (ਰਿਬੇਰੋ ਕਾਂਡ) ਸਿੱਖ ਲਹਿਰ ਲਈ ਕੁਰਬਾਨ ਹੋਏ ਤੇ ਸ਼ਹੀਦੀ ਪ੍ਰਾਪਤ ਕਰ ਗਏ।

ਸਿੱਖ ਸੰਘਰਸ਼ ਦਾ ਬਾਬਾ ਬੋਹੜ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਦਾ ਮੁਖੀ, ਪੰਥਕ ਕਮੇਟੀ ਦਾ ਮੁੱਢਲਾ ਮੈਂਬਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਤਰਨ ਤਾਰਨ ਨੇੜੇ ਸੁਰੱਖਿਆ ਫ਼ੋਰਸਾਂ ਨਾਲ ਮੁਕਾਬਲੇ ਵਿਚ ਸਹਾਦਤ ਦਾ ਜਾਮ ਪੀ ਗਿਆ।

ਜਲੰਧਰ, ਸੋਮਵਾਰ 18 ਫੱਗਣ, 1 ਮਾਰਚ 1993 ਦੇ ਰੋਜ਼ਾਨਾ ਅਜੀਤ ਜਲੰਧਰ ਦੇ ਮੁੱਖ ਸਫ਼ੇ ਦੀ ਖ਼ਬਰ ਧੰਨਵਾਦ ਸਹਿਤ

ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਦੇ ਮੁਖੀ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਤਰਨ ਤਾਰਨ ਨੇੜੇ ਸੁਰੱਖਿਆ ਫ਼ੋਰਸਾਂ ਨਾਲ ਮੁਕਾਬਲੇ ਵਿਚ ਹਲਾਕ।

ਚੰਡੀਗੜ੍ਹ 28 ਫ਼ਰਵਰੀ (ਯੂ.ਐਨ.ਆਈ., ਪੀ.ਟੀ.ਆਈ.) ਪੰਥਕ ਕਮੇਟੀ ਅਤੇ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਦੇ ਮੁਖੀ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਅੱਜ ਤਰਨ ਤਾਰਨ ਪੁਲਿਸ ਜ਼ਿਲ੍ਹੇ ਵਿਚ ਸੁਰੱਖਿਆ ਫ਼ੋਰਸਾਂ ਨਾਲ ਮੁਕਾਬਲੇ ਵਿਚ ਹਲਾਕ ਹੋ ਗਏ। ਪੰਜਾਬ ਪੁਲਿਸ ਦੇ ਮੁਖੀ ਸ. ਕੇ.ਪੀ.ਐਸ. ਗਿੱਲ ਨੇ ਅੱਜ ਇਥੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਮੁਕਾਬਲਾ ਰਟੌਲ ਪਿੰਡ ਵਿਖੇ ਹੋਇਆ।

ਸ੍ਰੀ ਗਿੱਲ ਨੇ ਦੱਸਿਆ ਕਿ ਕੱਲ੍ਹ ਸੁਰੱਖਿਆ ਫ਼ੋਰਸਾਂ ਨੇ ਬਾਬਾ ਮਾਨੋਚਾਹਲ ਨੂੰ ਘੇਰੇ ਵਿਚ ਲੈ ਲਿਆ ਸੀ ਪਰ ਉਹ ਬਚ ਨਿਕਲਣ ਵਿਚ ਸਫਲ ਹੋ ਗਏ ਸਨ ਅਤੇ ਭਾਰੀ ਮਾਤਰਾ ਵਿਚ ਹਥਿਆਰ ਤੇ ਗੋਲੀ-ਸਿੱਕਾ ਪਿੱਛੇ ਛੱਡ ਗਏ ਸਨ।

ਸੂਚਨਾ ਮਿਲਣ 'ਤੇ ਅੱਜ ਸਾਮ 16-45 ਵਜੇ (ਸ਼ਾਮ ਦੇ ਪੌਣੇ ਪੰਜ ਵਜੇ) ਉਹਨਾਂ ਨੂੰ ਰਟੌਲ ਪਿੰਡ ਵਿਖੇ ਘੇਰੇ ਵਿਚ ਲੈ ਲਿਆ ਗਿਆ, ਜਿਥੇ ਉਹ ਮੁਕਾਬਲੇ ਵਿਚ ਮਾਰਿਆ ਗਿਆ।

ਪੁਲਿਸ ਸੁਪਰੀਮੋ ਨੇ ਕਿਹਾ ਕਿ ਹੁਣ ਮੌਕਾ ਹੈ ਕਿ ਪਾਕਿਸਤਾਨ ਵਿਚ ਸਰਨ ਲਈ ਬੈਠੇ ਖਾੜਕੂ ਜਿਵੇਂ ਵੱਸਣ ਸਿੰਘ ਜ਼ਫ਼ਰਵਾਲ, ਪਰਮਜੀਤ ਸਿੰਘ ਪੰਜਵੜ ਅਤੇ ਦਲਜੀਤ ਸਿੰਘ ਬਿੱਟੂ ਸੁਰੱਖਿਆ ਫ਼ੋਰਸਾਂ ਅੱਗੇ ਆਤਮ ਸਮਰਪਣ ਕਰ ਦੇਣ। ਉਹਨਾਂ ਕਿਹਾ ਕਿ ਜੇ ਉਹਨਾਂ ਮੇਰੀ ਸਲਾਹ ਦੀ ਪ੍ਰਵਾਹ ਨਾ ਕੀਤੀ ਤਾਂ ਉਹਨਾਂ ਦਾ ਹਸ਼ਰ ਵੀ ਮਾਨੋਚਾਹਲ ਵਰਗਾ ਹੀ ਹੋਵੇਗਾ।

ਤਰਨ ਤਾਰਨ ਤੋਂ ਮਿਲੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਿਸ ਸਮੇਂ ਮੁਕਾਬਲਾ ਹੋਇਆ ਉਸ ਸਮੇਂ ਮਾਨੋਚਾਹਲ ਆਪਣੀ ਲੁਕਣ ਵਾਲੀ ਥਾਂ 'ਤੇ ਇਕੱਲਾ ਹੀ ਸੀ। ਉਸ ਥਾਂ ਤੋਂ ਇਕ ਜਨਰਲ ਪਰਪਜ਼ ਮਸ਼ੀਨਗੰਨ, ਇਕ ਏ.ਕੇ.ਸੰਤਾਲੀ ਰਾਈਫਲ ਅਤੇ ਭਾਰੀ ਮਾਤਰਾ ਵਿਚ ਗੋਲੀ-ਸਿੱਕਾ ਬਰਾਮਦ ਹੋਇਆ।

ਪੁਲਿਸ ਮੁਖੀ ਨੇ ਦੱਸਿਆ ਕਿ ਬਾਬਾ ਮਾਨੋਚਾਹਲ ਦੋ ਦਿਨ ਪਹਿਲਾਂ ਤਰਨ ਤਾਰਨ ਪੁਲਿਸ ਜ਼ਿਲ੍ਹੇ ਦੇ ਪਿੰਡ ਬਾਗੜੀਆ ਵਿਖੇ ਸੁਰੱਖਿਆ ਫ਼ੋਰਸਾਂ ਦੇ ਘੇਰੇ ਵਿਚੋਂ ਨਿਕਲਣ ਵਿਚ ਸਫਲ ਹੋ ਗਿਆ ਸੀ। ਉਸ ਸਮੇਂ ਤੋਂ ਹੀ ਸੁਰੱਖਿਆ ਫ਼ੋਰਸਾਂ ਉਸ ਦਾ ਪਿੱਛਾ ਕਰ ਰਹੀਆਂ ਸਨ। ਅੱਜ ਸ਼ਾਮ ਉਹ ਪਿੰਡ ਰਟੌਲ ਵਿਖੇ ਘੇਰੇ ਵਿਚ ਆ ਗਿਆ ਅਤੇ ਮੁਕਾਬਲੇ ਵਿਚ ਮਾਰਿਆ ਗਿਆ।

ਦੱਸਿਆ ਗਿਆ ਹੈ ਕਿ ਪੁਲਿਸ ਨੇ ਮਾਨੋਚਾਹਲ ਨੂੰ ਫੜਨ ਲਈ 20 ਲੱਖ ਰੁਪਏ ਤੋਂ ਵੱਧ ਦਾ ਇਨਾਮ ਰੱਖਿਆ ਹੋਇਆ ਸੀ। ਉਹ ਪਿਛਲੇ 2 ਸਾਲਾਂ ਦੌਰਾਨ ਪੰਜ ਵਾਰ ਪੁਲਿਸ ਘੇਰੇ ਵਿਚੋਂ ਨਿਕਲਣ ਵਿਚ ਸਫਲ ਹੋਏ ਸਨ।

ਖਾੜਕੂਆਂ ਨੇ ਉਹਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਥਾਪਿਆ ਸੀ ਅਤੇ ਕੇਵਲ ਇਕ ਪੰਦਰਵਾੜਾ ਪਹਿਲਾਂ ਉਹਨਾਂ ਨੇ ਇਸ ਪਦਵੀ ਤੋਂ ਅਸਤੀਫ਼ਾ ਦਿੱਤਾ ਸੀ ਅਤੇ ਸਭ ਜਥੇਬੰਦੀਆਂ ਨੂੰ ਅਪੀਲ ਕੀਤੀ ਸੀ ਕਿ ਉਹ ਮਿਲ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਥਾਪਣ।

ਭਾਈ ਮਾਨੋਚਾਹਲ ਪਹਿਲਾਂ ਫ਼ੌਜ ਵਿਚ ਇਕ ਸਿਪਾਹੀ ਸੀ ਅਤੇ ਪਿੱਛੋਂ ਗੁਰਦੁਆਰੇ ਵਿਚ ਕੁਝ ਸਮਾਂ ਗ੍ਰੰਥੀ ਵਜੋਂ ਸੇਵਾ ਕਰਨ ਪਿੱਛੋਂ ਸੰਨ 1983 ਵਿਚ ਖਾੜਕੂ ਸਫ਼ਾਂ ਵਿਚ ਸ਼ਾਮਲ ਹੋ ਗਿਆ ਤੇ ਲੰਮਾ ਸਮਾਂ ਸਰਗਰਮ ਰਹੇ। ਅੰਮ੍ਰਿਤਸਰ ਤੋਂ ਅਜੀਤ ਸਟਾਫ਼ ਰਿਪੋਰਟਰ ਅਨੁਸਾਰ ਬਾਬਾ ਗੁਰਬਚਨ ਸਿੰਘ ਮਾਨੋਚਾਹਲ 38 ਸਾਲ ਦੇ ਸਨ। ਉਹਨਾਂ ਦੇ ਪਿਤਾ ਜਥੇਦਾਰ ਆਤਮਾ ਸਿੰਘ ਤੇ ਭਰਾ ਨਿਰਵੈਰ ਸਿੰਘ ਵੀ ਪੁਲਿਸ ਹੱਥੋਂ ਪਹਿਲਾਂ ਹੀ ਮਾਰੇ ਜਾ ਚੁੱਕੇ ਹਨ।

ਸੰਨ 1975-76 ਵਿਚ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦਮਦਮੀ ਟਕਸਾਲ ਦੇ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਸੰਪਰਕ ਵਿਚ ਆਏ ਤੇ ਉਹਨਾਂ ਤੋਂ ਹੀ ਗੁਰਬਾਣੀ ਦਾ ਪਾਠ ਤੇ ਕਥਾ ਕਰਨੀ ਸਿੱਖੀ। 1977 ਵਿਚ ਸੰਤ ਕਰਤਾਰ ਸਿੰਘ ਜੀ ਦੇ ਅਕਾਲ ਚਲਾਣਾ ਕਰ ਜਾਣ ਤੋਂ ਬਾਅਦ ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਨੇੜੇ ਆ ਗਏ।

13 ਅਪਰੈਲ 1978 ਨੂੰ ਨਿਰੰਕਾਰੀਆਂ ਨਾਲ ਝਗੜੇ ਸਮੇਂ ਜੋ ਜੱਥਾ ਨਿਰੰਕਾਰੀ ਪੰਡਾਲ ਵੱਲ ਗਿਆ ਸੀ, ਉਸ ਵਿਚ ਬਾਬਾ ਮਾਨੋਚਾਹਲ ਵੀ ਸ਼ਾਮਲ ਸੀ, ਉਸ ਸਮੇਂ ਸਖ਼ਤ ਜ਼ਖ਼ਮੀ ਹੋਏ ਸਨ।

1981 ਵਿਚ ਜਦ ਲਾਲਾ ਜਗਤ ਨਰਾਇਣ ਕਤਲ ਕੇਸ ਸੰਬੰਧੀ ਸੰਤ ਭਿੰਡਰਾਂਵਾਲਿਆਂ ਨੂੰ ਬੰਬਈ ਵਿਚ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ ਤਾਂ ਉਸ ਸਮੇਂ ਬਾਬਾ ਮਾਨੋਚਾਹਲ ਨੇ ਸੰਤ ਭਿੰਡਰਾਂਵਾਲਿਆਂ ਨੂੰ ਪੁਲਿਸ ਗ੍ਰਿਫ਼ਤਾਰੀ ਤੋਂ ਬਚਾਇਆ ਸੀ। (ਚੰਦੋ ਕਲਾਂ ਹਰਿਆਣਾ ਤੋਂ ਵੀ 30 ਹਜ਼ਾਰ ਦੇ ਪੁਲਿਸ ਘੇਰੇ ਵਿਚੋਂ ਬਚ ਕੇ ਨਿਕਲ ਜਾਣ ਲਈ ਸਹਾਇਤਾ ਕੀਤੀ ਸੀ ਤੇ ਆਪਣੇ ਆਪ ਨੂੰ ਖ਼ਤਰੇ ਵਿਚ ਪਾਇਆ ਸੀ। —ਲੇਖਕ)

26 ਜਨਵਰੀ 1986 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿੱਖ ਸਟੂਡੈਂਟਸ

ਫ਼ੈਡਰੇਸ਼ਨ ਅਤੇ ਦਮਦਮੀ ਟਕਸਾਲ ਵੱਲੋਂ ਸਰਬੱਤ ਖ਼ਾਲਸਾ ਬੁਲਾਇਆ ਗਿਆ ਅਤੇ ਪੰਜ ਮੈਂਬਰੀ ਪੰਥਕ ਕਮੇਟੀ ਬਣਾਈ ਗਈ, ਜਿਸ ਵਿਚ ਗਿਆਨੀ ਅਰੂੜ ਸਿੰਘ ਭਾਈ ਗੁਰਦੇਵ ਸਿੰਘ ਉਸਮਾਨ ਵਾਲਾ, ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਧੰਨਾ ਸਿੰਘ, ਭਾਈ ਵੱਸਣ ਸਿੰਘ ਜ਼ਫ਼ਰਵਾਲ ਸ਼ਾਮਲ ਸਨ।

ਬੱਬਰ ਖ਼ਾਲਸਾ ਦੇ ਮੁਖੀ ਸ਼ਹੀਦ ਭਾਈ ਸੁਖਦੇਵ ਸਿੰਘ ਤੋਂ ਬਾਅਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਹੀ ਅਜਿਹੇ ਵਿਅਕਤੀ ਸਨ ਜੋ ਖਾੜਕੂ ਸਫ਼ਾਂ ਵਿਚ ਇਤਨਾ ਲੰਮਾ ਸਮਾਂ ਛਾਏ ਰਹੇ।

1987 ਵਿਚ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਆਫ਼ ਖ਼ਾਲਿਸਤਾਨ ਬਣੀ, ਜਿਸ ਦੇ ਬਾਬਾ ਮਾਨੋਚਾਹਲ ਮੁਖੀ ਬਣੇ। ਰਟੌਲ ਜਿਥੇ ਬਾਬਾ ਮਾਨੋਚਾਹਲ ਮੁਕਾਬਲੇ ਵਿਚ ਸ਼ਹੀਦ ਹੋਏ, ਇਸੇ ਪਿੰਡ ਵਿਚ ਇਸ ਤੋਂ ਪਹਿਲਾਂ ਤਿੰਨ ਵਾਰੀ ਮੁਕਾਬਲੇ ਹੋ ਚੁੱਕੇ ਸਨ। ਪਹਿਲੀ ਵਾਰੀ 8 ਮਈ 1990 ਨੂੰ ਸਭ ਤੋਂ ਲੰਮਾ ਤੇ ਜ਼ਬਰਦਸਤ ਮੁਕਾਬਲਾ ਹੋਇਆ ਸੀ, ਜੋ 72 ਘੰਟੇ ਤਕ ਚੱਲਿਆ ਸੀ ਤੇ ਜਿਸ ਵਿਚ ਡੀ.ਆਈ.ਜੀ. ਬਾਰਡਰ ਰੇਂਜ਼ ਅਜੀਤ ਸਿੰਘ ਸਣੇ ਸੁਰੱਖਿਆ ਬਲਾਂ ਦੇ ਕੁਝ ਹੋਰ ਜਵਾਨ ਮਾਰੇ ਗਏ ਸਨ। ਸੰਨ 1991 ਵਿਚ ਦੋ ਮੁਕਾਬਲੇ ਹੋਏ, ਜਿਨ੍ਹਾਂ ਵਿਚੋਂ ਬਾਬਾ ਮਾਨੋਚਾਹਲ ਬਚ ਕੇ ਨਿਕਲ ਗਏ ਜਦ ਕਿ ਉਹਨਾਂ ਦੇ 8 ਸਾਥੀ ਸ਼ਹੀਦ ਮਾਰੇ ਗਏ ਸਨ। ਅੱਜ ਦੇ ਮੁਕਾਬਲੇ ਦੀ ਅਗਵਾਈ ਡੀ.ਐਸ.ਪੀ. ਸਿਟੀ ਦਿਲਬਾਗ ਸਿੰਘ ਨੇ ਕੀਤੀ।

28 ਫ਼ਰਵਰੀ ਸੰਨ 1993 ਨੂੰ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਦੇ ਮੁਖੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਪੰਥਕ ਕਮੇਟੀ ਦੇ ਮੈਂਬਰ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਪੇਂਡੂ ਜੱਟਾਂ ਦੇ ਭੇਸ ਵਿਚ, ਗਲ ਕਮੀਜ਼, ਤੇੜ ਚਾਦਰ, ਸੀਸ ਉੱਤੇ ਸਾਫ਼ਾ ਬੰਨ੍ਹੀ ਖੇਸ ਦੀ ਬੁੱਕਲ ਮਾਰੀ ਪਿੰਡ ਰਟੌਲ ਵਿਚ ਆਪਣੀ ਠਾਹਰ 'ਤੇ ਪਹੁੰਚਿਆ ਸੀ। ਬਾਬਾ ਮਾਨੋਚਾਹਲ ਪੈਦਲ ਆਏ ਸਨ ਤੇ ਅਰਾਮ ਕਰਨ ਲਈ ਲੰਮੇ ਪੈ ਗਏ। ਸ਼ਾਮ 4-30 ਵਜੇ ਦਾ ਵੇਲਾ ਸੀ, ਤਰਨ ਤਾਰਨ ਪੁਲਿਸ ਨੇ ਦਿਲਬਾਗ ਸਿੰਘ ਸਿਟੀ ਡੀ.ਐਸ.ਪੀ. ਦੀ ਕਮਾਂਡ ਹੇਠ ਡੇਰੇ ਨੂੰ ਘੇਰ ਲਿਆ। ਘਰ ਵਾਲਿਆਂ ਨੇ ਬਾਬਾ ਮਾਨੋਚਾਹਲ ਨੂੰ ਦੱਸਿਆ ਕਿ ਬਾਬਾ ਜੀ, ਕੋਈ ਚਾਰਾ ਕਰ ਲਵੋ, ਪੁਲਿਸ ਨੇ ਡੇਰੇ ਨੂੰ ਘੇਰ ਲਿਆ ਹੈ। ਬਾਬਾ ਮਾਨੋਚਾਹਲ ਨੇ ਸ਼ਸਤਰ ਸੰਭਾਲਿਆ ਤੇ ਚੁਫੇਰੇ ਵੇਖਿਆ ਤੇ ਪੁਲਿਸ ਨੂੰ ਲਲਕਾਰਿਆ ਕਿ ਮੈਂ ਘਰ ਵਿਚ ਮੁਕਾਬਲਾ ਨਹੀਂ ਕਰਨਾ, ਮੈਦਾਨ ਵਿਚ ਆ ਕੇ ਹੀ ਕਰਾਂਗਾ। ਬਾਬਾ ਮਾਨੋਚਾਹਲ ਨਹੀਂ ਸੀ ਚਾਹੁੰਦੇ ਕਿ ਘਰ ਵਾਲੇ ਨਿਰਦੋਸ਼ਾਂ ਦਾ ਘਰ ਵਿਚ ਮੁਕਾਬਲਾ ਕਰ ਕੇ ਜ਼ਾਲਮ ਹਕੂਮਤ ਦੀਆਂ ਫ਼ੋਰਸਾਂ ਹੱਥੋਂ ਨੁਕਸਾਨ ਕਰਵਾਇਆ ਜਾਵੇ। ਬਾਬਾ ਮਾਨੋਚਾਹਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾ ਕੇ ਡੇਰੇ ਤੋਂ ਬਾਹਰ ਨਿਕਲ ਕੇ ਮੱਕੀ ਦੇ ਖੇਤ ਵੱਲ ਵਧਿਆ ਤਾਂ ਸੁਰੱਖਿਆ ਫ਼ੋਰਸਾਂ ਨੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਅੱਗੋਂ ਬਾਬਾ ਮਾਨੋਚਾਹਲ ਨੇ ਵੀ ਗੋਲੀ ਚਲਾਈ, ਪਰ ਦਿਨ ਦਾ ਵੇਲਾ ਅਤੇ ਕੋਈ ਵੀ ਮੋਰਚੇ ਦੀ ਆੜ ਨਾ ਹੋਣ ਕਰਕੇ

ਮੱਕੀ ਦੇ ਖੇਤ ਵਿਚ ਹੀ ਸੁਰੱਖਿਆ ਬਲਾਂ ਦੀਆਂ ਗੋਲੀਆਂ ਦੀ ਮਾਰ ਵਿਚ ਆ ਕੇ ਮੈਦਾਨੇ-ਜੰਗ ਵਿਚ 4-45 ਵਜੇ ਸ਼ਾਮ ਐਤਵਾਰ 17 ਫੱਗਣ, 28 ਫ਼ਰਵਰੀ 1993 ਨੂੰ ਸ਼ਹੀਦ ਹੋ ਗਏ। ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੇ ਸ਼ਹੀਦ ਹੋ ਜਾਣ 'ਤੇ ਪੰਜਾਬ ਪੁਲਿਸ ਦਾ ਮੁਖੀ ਕੇ.ਪੀ.ਐਸ. ਗਿੱਲ ਨੇ ਚੰਡੀਗੜ੍ਹ ਵਿਚ ਪ੍ਰੈਸ ਕਾਨਫ਼ਰੰਸ ਬੁਲਾਈ ਤੇ ਛਾਤੀ ਫੁਲਾਈ ਮੁੱਛਾਂ ਨੂੰ ਵੱਟ ਦਿੰਦਾ ਹੋਇਆ ਕਹਿ ਰਿਹਾ ਸੀ, "ਪੰਜਾਬ ਪੁਲਿਸ ਨੇ ਅੱਜ ਖ਼ਾਲਿਸਤਾਨ ਸੰਘਰਸ਼ ਦਾ ਬਾਬਾ ਬੋਹੜ ਮਾਰ ਕੇ ਖ਼ਾਲਿਸਤਾਨ ਦੇ ਕਿਲ੍ਹੇ ਦਾ ਆਖ਼ਰੀ ਬੁਰਜ ਢਾਹ ਦਿੱਤਾ ਹੈ। ਪਾਕਿਸਤਾਨ ਵਿਚ ਬੈਠੇ ਪਰਮਜੀਤ ਸਿੰਘ ਪੰਜਵੜ, ਦਲਜੀਤ ਸਿੰਘ ਬਿੱਟੂ ਤੇ ਵੱਸਣ ਸਿੰਘ ਜ਼ਫ਼ਰਵਾਲ ਸੁਰੱਖਿਆ ਬਲਾਂ ਅੱਗੇ ਆਤਮ-ਸਮਰਪਣ ਕਰ ਦੇਣ ਨਹੀਂ ਤਾਂ ਇਹਨਾਂ ਦਾ ਹਸ਼ਰ ਵੀ ਬਾਬਾ ਮਾਨੋਚਾਹਲ ਵਰਗਾ ਹੀ ਹੋਵੇਗਾ। ਬਾਬਾ ਮਾਨੋਚਾਹਲ ਦੇ ਸ਼ਹੀਦ ਹੋ ਜਾਣ 'ਤੇ ਸਿੱਖ ਸੰਘਰਸ਼ ਵਿਰੋਧੀ ਲਾਬੀ ਵੱਲੋਂ ਸਿੱਖ ਕੌਮ ਦੇ ਸਿਦਕੀ ਜਰਨੈਲ ਦੇ ਮਾਰੇ ਜਾਣ 'ਤੇ ਖ਼ੁਸ਼ੀ ਵਿਚ ਕਿਲਕਾਰੀਆਂ ਮਾਰੀਆਂ ਜਾ ਰਹੀਆਂ ਸਨ। ਸਿੱਖ ਸੰਘਰਸ਼ ਵਿਰੋਧੀ ਇਕ ਦੂਜੇ ਨੂੰ ਵਧਾਈਆਂ ਦੇ ਕੇ ਮੂੰਹ ਮਿੱਠੇ ਕਰਵਾ ਰਹੇ ਸਨ। ਉਥੇ ਹੀ ਪੰਥ-ਪ੍ਰਸਤ ਹਿਰਦਿਆਂ ਵਾਲੇ ਵਣਚੜੀ ਪਿੰਡ ਦੇ ਸੱਜਣ ਤੋਂ ਟਾਊਟ ਬਣ ਬੈਠੇ, ਲਾਹਨਤੀਏ ਨੂੰ ਲੱਖ-ਲੱਖ ਲਾਹਨਤਾਂ ਪਾ ਰਹੇ ਸਨ। ਸ਼ਾਮ ਦੀਆਂ ਖ਼ਬਰਾਂ ਸੁਣ ਕੇ ਖ਼ਾਲਸਾ ਰਾਜ, ਸਿੱਖ ਸੰਘਰਸ਼ ਦੇ ਹਾਮੀਆਂ ਦੇ ਸਿਰਾਂ ਉੱਤੇ ਬਾਬਾ ਮਾਨੋਚਾਹਲ ਦੇ ਮਾਰੇ ਜਾਣ ਦੀ ਖ਼ਬਰ ਅਸਮਾਨੀ ਬਿਜਲੀ ਵਾਂਗ ਕੜਕ ਕੇ ਡਿੱਗੀ ਸੀ, ਜਿਸ ਨੇ ਸਿੱਖ ਸੰਘਰਸ਼ ਦੇ ਉਸਰੇ ਹੋਏ ਕਿਲ੍ਹੇ ਨੂੰ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਤੋਂ ਬਾਅਦ ਦੁਬਾਰਾ ਸਿੱਖਾਂ ਦੀਆਂ ਕੌਮੀ ਉਮੀਦਾਂ/ਰੀਝਾਂ ਨੂੰ ਢਾਹ-ਢੇਰੀ ਕਰ ਦਿੱਤਾ ਸੀ। ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਆਜ਼ਾਦ ਖਾਲਸਾ ਰਾਜ ਦੇ ਹਾਮੀਆਂ ਹੱਥੋਂ 28 ਫ਼ਰਵਰੀ 1993 ਨੂੰ ਰਾਤ ਦੀ ਰੋਟੀ ਦੀਆਂ ਬੁਰਕੀਆਂ ਡਿੱਗ ਪਈਆਂ। ਦੁਨੀਆਂ ਭਰ ਦੇ ਸਿੱਖਾਂ ਲਈ ਅਤਿ ਦੁਖਦਾਈ ਖਬਰ ਸੀ, ਜਿਸ ਨੇ ਸਿੱਖਾਂ ਦੀਆਂ ਕੌਮੀ ਖ਼ੁਸ਼ੀਆਂ ਨੂੰ ਗ਼ਮਾਂ ਦੇ ਡੂੰਘੇ ਸਮੁੰਦਰਾਂ ਵਿਚ ਡੋਬ ਦਿੱਤਾ ਸੀ।

ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੇ ਸੰਘਰਸ਼ਮਈ ਜੀਵਨ, ਹਲੀਮੀ ਖ਼ਾਲਸਾ ਰਾਜ ਦੀ ਸਥਾਪਨਾ ਲਈ ਕੀਤੀਆਂ ਗਈਆਂ ਮਹਾਨ ਸੇਵਾਵਾਂ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਦੀ ਹੈਸੀਅਤ ਵਿਚ ਸਿੱਖ ਕੌਮ ਦੇ ਨਾਂ ਸੰਦੇਸ਼, ਪੰਥਕ ਕਮੇਟੀ ਮੈਂਬਰ ਦੀ ਹੈਸੀਅਤ ਵਿਚ ਨੀਤੀ ਬਿਆਨ, ਸਰਬੱਤ ਖ਼ਾਲਸਾ ਵੱਲੋਂ ਪ੍ਰਵਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਪ੍ਰਵਾਨ ਕੀਤੇ ਗਏ ਮਤੇ, ਬਾਬਾ ਮਾਨੋਚਾਹਲ ਜੀ ਦੀ ਇੰਟਰਵਿਊ ਦੀਆਂ ਵੰਨਗੀਆਂ ਅਖ਼ਬਾਰਾਂ, ਰਸਾਲਿਆਂ ਵਿਚੋਂ ਧੰਨਵਾਦ ਸਹਿਤ 'ਖਾੜਕੂ ਯੋਧੇ' ਪੁਸਤਕ ਛਾਪ ਕੇ ਬਾਬਾ ਮਾਨੋਚਾਹਲ ਜੀ ਦੇ ਸੰਘਰਸ਼ਮਈ ਜੀਵਨ ਦੇ ਪਹਿਲੂਆਂ ਤੋਂ ਸਿੱਖ ਸੰਗਤਾਂ ਨੂੰ ਜਾਣੂ ਕਰਵਾਉਣ ਦੀ ਖ਼ੁਸ਼ੀ ਹਾਸਲ ਕਰ ਰਹੇ ਹਾਂ ਕਿ ਸਿੱਖ ਕੌਮ ਬਾਬਾ ਮਾਨੋਚਾਹਲ ਦੇ ਸੰਘਰਸ਼ਮਈ ਜੀਵਨ ਤੋਂ ਸੇਧ ਲੈ ਕੇ ਸਿੱਖਾਂ ਦੇ ਕੌਮੀ ਸੁਪਨਿਆਂ/ਰੀਝਾਂ ਨੂੰ ਸਾਕਾਰ ਕਰ ਸਕੇ। ਇਹੋ ਸਾਡੀ ਕਾਮਨਾ ਹੈ।

# ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੀ ਇੰਡੀਆ ਟੂਡੇ ਦੇ ਪ੍ਰਸਿੱਧ ਪੱਤਰਕਾਰ ਕੰਵਰ ਸੰਧੂ ਵੱਲੋਂ ਲਈ ਇਕ ਪੁਰਾਣੀ ਇੰਟਰਵਿਊ

ਮੁੱਢਲੀ ਪੰਥਕ ਕਮੇਟੀ ਦੇ ਸੰਚਾਲਕ ਤੇ ਮਾਨੋਚਾਹਲ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਆਫ਼ ਖ਼ਾਲਿਸਤਾਨ ਦੇ ਮੁਖੀ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨਾਲ ਇੰਡੀਆ ਟੂਡੇ ਦੇ ਵਿਸ਼ੇਸ਼ ਨਾਮਾਨਿਗਾਰ ਕੰਵਰ ਸੰਧੂ ਨੇ ਆਹਮੋ ਸਾਹਮਣੇ ਬੈਠ ਕੇ ਬਚਨ-ਬਿਲਾਸ ਕਰਨ ਦਾ ਅਵਸਰ ਪ੍ਰਾਪਤ ਕੀਤਾ, ਜੋ ਇਸ ਤਰ੍ਹਾਂ ਹੈ:

ਉਹਨਾਂ ਨੂੰ ਮਿਲਣ ਲਈ ਦੋ ਘੰਟੇ ਦਾ ਮਿੱਟੀ-ਘੱਟਾ ਭਰੇ ਮੋੜਵੇਂ ਰਸਤਿਆਂ ਦਾ ਸਫ਼ਰ ਤਹਿ ਕਰਨਾ ਪਿਆ ਪਰ ਐਸਾ ਕਰਨਾ ਕੁਦਰਤੀ ਹੀ ਸੀ ਕਿਉਂਕਿ ਪੰਜਾਬ ਦੀ ਖਾੜਕੂ ਲੋਕ-ਵਾਰਤਾ ਵਿਚ ਮਾਨੋਚਾਹਲ ਦਾ ਵਿਸ਼ੇਸ਼ ਸਥਾਨ ਸੀ। ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਮੁਖੀ ਵੱਸਣ ਸਿੰਘ ਜ਼ਫ਼ਰਵਾਲ ਅਤੇ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਮੁਖੀ ਸੁਖਦੇਵ ਸਿੰਘ ਦਾਸੂਵਾਲ ਦੇ ਵਾਂਗ ਹੀ ਇਹਨਾਂ ਦੀ ਪਿਛਲੇ ਪੰਜ ਸਾਲ ਤੋਂ ਪਰਛਾਵੇਂ ਵਾਂਗ ਹਸਤੀ ਰਹੀ ਹੈ। ਜਿਨ੍ਹਾਂ ਨੇ ਪੱਤਰਕਾਰਾਂ ਨਾਲ ਸਿੱਧੇ ਸੰਪਰਕ ਨੂੰ ਟਾਲਿਆ ਹੈ। ਜ਼ਿਲ੍ਹਾ ਅੰਮ੍ਰਿਤਸਰ ਵਿਚ ਗੋਇੰਦਵਾਲ ਤੋਂ ਇਕ ਘੰਟੇ ਦੇ ਕਾਰ ਦੇ ਸਫ਼ਰ, ਫਿਰ ਅੱਧੇ ਘੰਟੇ ਦੇ ਟਰੈਕਟਰ 'ਤੇ ਬੈਠ ਕੇ ਹੱਡੀਆਂ ਕੜਕਾਉਣ ਵਾਲੇ ਸਫ਼ਰ ਕਰਨ ਤੋਂ ਬਾਅਦ ਅਸੀਂ ਉਸ ਜਗ੍ਹਾ ਪੁੱਜੇ, ਜਿਥੇ ਪੈਦਲ ਚੱਲ ਕੇ ਅਸੀਂ ਮਾਨੋਚਾਹਲ ਨੂੰ ਮਿਲੇ। ਜਿਸ ਦੇ ਸਿਰ ਦਾ ਮੁੱਲ ਵੀਹ ਲੱਖ ਰੁਪਏ ਰੱਖਿਆ ਗਿਆ ਸੀ। ਪੈਦਲ ਚੱਲਣ ਲੱਗਿਆਂ ਮੁਲਾਕਾਤ ਕਰਵਾਉਣ ਵਾਲੇ ਤਿੰਨ ਵਿਚੋਲੇ ਬੰਦੇ ਮੇਰੇ ਨਾਲ ਸਨ ਤੇ ਮੇਰੇ ਕੋਲ ਇਕ ਛੋਟਾ ਕੈਮਰਾ, ਟੇਪ ਰਿਕਾਰਡਰ ਅਤੇ ਟਾਰਚ ਸੀ।

ਮੈਨੂੰ ਹਦਾਇਤ ਕੀਤੀ ਗਈ ਕਿ ਜੇ ਰਸਤੇ ਵਿਚ ਕੋਈ ਬੁਲਾਏ ਤਾਂ ਉਸ ਦਾ ਜੁਆਬ ਨਹੀਂ ਦੇਣਾ ਤੇ ਟਾਰਚ ਕੇਵਲ ਐਮਰਜੈਂਸੀ ਵਿਚ ਹੀ ਜਗਾਉਣੀ ਹੈ। ਤੰਗ ਰਸਤਿਆਂ ਵਿਚੋਂ ਲੰਘਦਿਆਂ ਅਸੀਂ ਕਈ ਵਾਰ ਤਿਲਕ ਜਾਂਦੇ ਸਾਂ ਤੇ ਗੋਡੇ ਤਕ ਪਾਣੀ ਦੇ ਭਰੇ ਝੋਨੇ ਦੇ ਖੇਤਾਂ ਵਿਚ ਫਸ ਜਾਂਦੇ ਸਨ। ਨੇੜੇ ਟਿਊਬਵੈੱਲ ਚਲਾਉਂਦੇ ਕਈ ਸਾਨੂੰ ਖਾੜਕੂ ਸਮਝ ਕੇ ਸਾਡੀ ਮਦਦ ਕਰਨ ਆ ਜਾਂਦੇ ਸਨ। ਜਦੋਂ ਤਕ ਅਸੀਂ ਇਕ ਖ਼ਾਸ ਫਾਰਮ ਹਾਊਸ ਤਕ ਪੁੱਜੇ, ਮੇਰੇ ਗਿੱਲੇ ਜੋੜੇ ਮੇਰੇ ਹੱਥਾਂ ਵਿਚ ਸਨ।

ਮਕਾਨ ਦੇ ਵਿਹੜੇ ਵਿਚ 15 ਕੁ ਬੰਦੇ ਮੰਜੀਆਂ ਉੱਤੇ ਬੈਠੇ ਸਨ। ਤਕਰੀਬਨ ਇਕ ਘੰਟੇ ਬਾਅਦ ਅਸਲਿਆਂ ਨਾਲ ਲੈਸ ਤਿੰਨ ਬੰਦਿਆਂ ਨਾਲ ਮਾਣੋਚਾਹਲ ਉਥੇ ਪੁੱਜੇ। ਮਾਣੋਚਾਹਲ, ਜਿਸ ਨੂੰ ਬਾਬਾ ਕਹਿੰਦੇ ਸਨ, ਉਹਨਾਂ ਦੇ ਭਰਵੇਂ ਸਰੀਰ 'ਤੇ ਇਕ 38 ਬੋਰ ਦਾ ਪਿਸਤੌਲ ਅਤੇ



ਅਸਾਲਟ ਰਾਈਫ਼ਲ ਸੀ। 38 ਸਾਲਾ ਬਾਬਾ ਮਾਣੋਚਾਹਲ ਕਿਸੇ ਵੇਲੇ ਆਰਮੀ ਦੀ ਆਰਟਿਲਰੀ ਡਵੀਜ਼ਨ ਵਿਚ ਸਰਵੇਅਰ ਸੀ ਅਤੇ ਅਫ਼ਸਰ ਨਾਲ ਤਕਰਾਰ ਕਰਨ ਦੇ ਜੁਰਮ ਵਿਚ ਦਸ ਮਹੀਨੇ ਦੀ ਕੈਦ ਦੀ ਸਜ਼ਾ ਮਿਲਣ ਉਪਰੰਤ ਉਹ ਆਰਮੀ ਛੱਡ ਗਿਆ। ਉਹ ਤਕਰੀਬਨ ਸੱਤ ਵਾਰੀ ਪੁਲਿਸ ਦੇ ਪੱਕੇ ਘੇਰੇ ਵਿਚ ਫਸਿਆ ਪਰ ਬਚ ਨਿਕਲਿਆ। ਪੁਲਿਸ ਦਾਅਵੇ ਦੇ ਉਲਟ ਉਹ ਦੇਸ਼ ਤੋਂ ਬਾਹਰ ਕੇਵਲ ਦੋ ਵਾਰੀ ਗਏ ਤੇ ਇਕ ਵਾਰੀ ਪਾਕਿਸਤਾਨ ਨਾਰਥ-ਵੈਸਟ ਫਰੰਟੀਅਰ ਸੂਬੇ ਦਾ ਇਲਾਕਾ, ਦਾੜਾ ਵਿਚ ਹਥਿਆਰ ਖ਼ਰੀਦਣ ਗਏ ਸਨ। ਉਹਨਾਂ ਦੀ ਪੰਜਾਬੀ ਜ਼ੁਬਾਨ ਪੇਂਡੂ ਹੈ। ਜਿਸ ਵਿਚ ਉਹ ਗੁਰਬਾਣੀ ਦੇ ਪ੍ਰਮਾਣ ਦਿੰਦੇ ਰਹਿੰਦੇ ਹਨ ਤੇ ਉਹਨਾਂ ਦੇ ਪਾਕਿਸਤਾਨ ਦੀ ਸ਼ਮੂਲੀਅਤ ਤੋਂ ਇਲਾਵਾ ਹੋਰ ਸਾਰੇ ਜੁਆਬ ਸਪੱਸ਼ਟ ਸਨ। ਪੰਜਾਬ ਦੇ ਹੋਰ ਖਾੜਕੂਆਂ ਵਾਂਗ ਮਾਣੋਚਾਹਲ ਵੀ ਆਪਣੀ ਬਣਾਈ ਦੁਨੀਆਂ ਵਿਚ ਵੱਸਦੇ ਹਨ। ਜਿਥੋਂ ਤਕ ਸਮਰਪਣ ਕਰਨ ਦਾ ਸੰਬੰਧ ਹੈ, ਉਹਨਾਂ ਦਾ ਵਿਸ਼ਵਾਸ ਲੋਹੇ ਵਾਂਗ ਮਜ਼ਬੂਤ ਹੈ ਕਿ 'ਹੁਣ ਪਿੱਛੇ ਹਟਣ ਦਾ ਕੋਈ ਸੁਆਲ ਹੀ ਨਹੀਂ। ਮੇਰਾ ਵਾਹਿਗੁਰੂ ਅੱਗੇ ਇਕਰਾਰ ਹੈ ਕਿ ਮੈਂ ਜਿਉਂਦਾ ਨਹੀਂ ਪਕੜਿਆ ਜਾਵਾਂਗਾ। ਉਹਨਾਂ ਨਾਲ ਕੀਤੀ ਇੰਟਰਵਿਊ ਦੇ ਕੁਝ ਅੰਸ਼ ਇਸ ਤਰ੍ਹਾਂ ਹਨ:

*ਸਵਾਲ—ਜਿਸ ਸੰਘਰਸ਼ ਵਿਚ ਤੁਸੀਂ ਜੁਟੇ ਹੋਏ ਹੋ, ਉਸ ਦਾ ਅਸਲ ਮੰਤਵ ਕੀ ਹੈ ?*

ਜਵਾਬ—ਨਿਸ਼ਾਨਾ ਸਿਧਾ ਹੈ। ਅਸੀਂ ਮੁਕੰਮਲ ਆਜ਼ਾਦੀ ਅਤੇ ਸਿਆਸੀ ਤਾਕਤ ਚਾਹੁੰਦੇ ਹਾਂ (ਸੰਪੂਰਨ ਪ੍ਰਭੁਸੱਤਾ)। ਇਸ ਨੂੰ ਜੋ ਮਰਜ਼ੀ ਨਾਂ ਦੇ ਦਿਉ, ਖ਼ਾਲਿਸਤਾਨ ਜਾਂ ਸਿੱਖ ਹੋਮਲੈਂਡ। ਸਿੱਖ ਰਾਜ ਸਾਡੇ ਗੁਰੂ ਸਾਹਿਬਾਨ ਦੇ ਦਰਸਾਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕੀਤੇ ਉਪਦੇਸ਼ਾਂ ਦੀ ਰੌਸ਼ਨੀ ਵਿਚ ਹੋਵੇਗਾ, ਜਿਸ ਵਿਚ ਸਰਬੱਤ ਦਾ ਭਲਾ ਤੇ ਬਰਾਬਰਤਾ ਨੂੰ ਯਕੀਨੀ ਬਣਾਇਆ ਜਾਵੇਗਾ।

*ਸਵਾਲ—ਤੁਹਾਡੇ ਮਨ ਵਿਚ ਮੌਜੂਦਾ ਪੰਜਾਬ ਹੈ ਜਾਂ ਇਸ ਤੋਂ ਵੱਡਾ ਕੁਝ ਹੋਰ?*

ਜਵਾਬ—ਮੈਂ ਵਿਸਥਾਰ ਨਾਲ ਸਮਝਾਂਦਾ ਹਾਂ। ਸਾਡੇ ਲੀਡਰਾਂ ਦੀ ਮੂਰਖਤਾ ਕਰਕੇ ਜਿਸ ਇਲਾਕੇ ਵਿਚ ਕਦੇ ਸਿੱਖ ਰਾਜ ਹੁੰਦਾ ਸੀ, ਉਸ ਨੂੰ ਸੁੰਘੜ ਕੇ ਛੋਟਾ ਹੋਣ ਦਿੱਤਾ ਗਿਆ। ਇਸ ਵੇਲੇ ਇਹ ਕਹਿਣਾ ਕਠਿਨ ਹੈ ਕਿ ਹੱਦਾਂ ਕਿਹੜੀਆਂ ਹੋਣਗੀਆਂ। ਸਾਡੇ ਮਨ ਵਿਚ ਇਹ ਜ਼ਰੂਰ ਹੈ ਕਿ ਦਿੱਲੀ ਤਖ਼ਤ 'ਤੇ ਖ਼ਾਲਸਾ ਰਾਜ ਹੋਵੇ, ਕਿਉਂਕਿ ਸਾਡੀ ਲੜਾਈ ਬ੍ਰਾਹਮਣ-ਬਾਣੀਏ ਦੇ ਗੱਠਜੋੜ ਨਾਲ ਹੈ, ਜੋ ਸੰਘਰਸ਼ ਤੋਂ ਬਿਨਾਂ ਇਕ ਇੰਚ ਵੀ ਨਹੀਂ ਸਰਕਦੇ। ਅਸੀਂ ਅੰਤ ਤਕ ਜੂਝਦੇ ਰਹਾਂਗੇ। ਜੰਮੂ-ਕਸ਼ਮੀਰ, ਆਸਾਮ, ਨਾਗਾਲੈਂਡ, ਮਿਜ਼ੋਰਮ, ਆਂਧਰਾ ਪ੍ਰਦੇਸ਼ ਵਿਚ ਅੱਗੇ ਹੀ ਸੰਕਟ ਹੈ। ਜੇਕਰ ਹਿੰਦੂ ਕੱਟੜਵਾਦ ਦੇ ਵਿਰੁੱਧ ਅਸਹਿਮਤੀ ਕੌਮੀ ਪੱਧਰ 'ਤੇ ਖਲੋਂਦੀ ਹੈ ਤਾਂ ਸੈਂਟਰ ਕਿਵੇਂ ਕਾਇਮ ਰਹਿ ਸਕਦਾ ਹੈ।

*ਸਵਾਲ—ਕੀ ਤੁਸੀਂ ਕਿਸੇ ਹੋਰ ਖਾੜਕੂ ਲਹਿਰ ਨਾਲ ਤਾਲਮੇਲ ਕਰ ਰਹੇ ਹੋ?*

ਜਵਾਬ—ਆਸਾਮ ਤੇ ਜੰਮੂ-ਕਸ਼ਮੀਰ ਦੇ ਖਾੜਕੂਆਂ ਨਾਲ ਸਾਡਾ ਮੇਲ ਮਿਲਦਾ ਹੈ। ਥੱਲੜੇ ਪੱਧਰ 'ਤੇ ਕੁਝ ਸੰਬੰਧ ਜੁੜ ਚੁੱਕੇ ਹਨ। ਅਸੀਂ ਸਾਂਝਾ ਮੁਹਾਜ਼ ਬਣਾਉਣ ਲਈ ਯਤਨ ਕਰ ਰਹੇ ਹਾਂ। ਸਾਡਾ ਦੁਸ਼ਮਣ ਇਕ ਹੈ, ਇਸ ਲਈ ਅਸੀਂ ਇਕ ਦੂਜੇ ਦੀ ਸਹਾਇਤਾ ਕਰ ਸਕਾਂਗੇ।

*ਸਵਾਲ—ਕਿਹੜੇ ਮੁਲਕ ਤੁਹਾਡੀ ਸਹਾਇਤਾ ਕਰ ਰਹੇ ਹਨ? ਪਾਕਿਸਤਾਨ ਦੀ ਸਹਿਯੋਗ ਦੀ ਆਮ ਚਰਚਾ ਹੈ।*

ਜਵਾਬ—ਇਹ ਤੁਸੀਂ ਕਹਿ ਰਹੇ ਹੋ, ਮੈਂ ਨਹੀਂ। ਮੈਂ ਉਸ ਦੇਸ਼ ਦਾ ਨਾਂ ਨਹੀਂ ਲਵਾਂਗਾ, ਪਰ ਅਸੀਂ ਬਾਹਰੋਂ ਮਦਦ ਲੈ ਰਹੇ ਹਾਂ। ਕਿਸੇ ਵੇਲੇ ਸਾਨੂੰ ਹਥਿਆਰ ਖ਼ਰੀਦਣੇ ਪੈਂਦੇ ਹਨ ਅਤੇ ਕਿਸੇ ਵੇਲੇ ਅਸੀਂ ਹਥਿਆਰ ਸਮਝੌਤੇ ਦੇ ਆਧਾਰ 'ਤੇ ਹਾਸਲ ਕਰਦੇ ਹਾਂ, ਜਿਸ ਬਾਰੇ ਮੈਂ ਦੱਸ ਨਹੀਂ ਸਕਦਾ।

*ਸਵਾਲ—ਕੀ ਖ਼ਾਲਿਸਤਾਨ ਤੋਂ ਬਿਨਾਂ ਕੋਈ ਸਮਝੌਤਾ ਹੋ ਸਕਣ ਦਾ ਇਮਕਾਨ ਹੈ?*

ਜਵਾਬ—ਖ਼ਾਲਸਾ ਰਾਜ ਤੋਂ ਥੱਲੇ ਹੁਣ ਕੁਝ ਵੀ ਮਨਜ਼ੂਰ ਨਹੀਂ ਹੋਵੇਗਾ। ਅਸੀਂ ਗੱਲਬਾਤ ਤਦ ਹੀ ਕਰਾਂਗੇ ਜੇਕਰ ਅਜੰਡੇ ਵਿਚ ਖ਼ਾਲਿਸਤਾਨ ਦਰਜ ਹੋਵੇ।

*ਸਵਾਲ—ਲੇਕਿਨ ਇਸ ਨਾਲ ਪੰਜਾਬ ਤੋਂ ਬਾਹਰ ਦੇ ਸਿੱਖਾਂ ਅਤੇ ਪੰਜਾਬ ਦੇ ਅੰਦਰ ਹਿੰਦੂਆਂ ਦੀ ਸਥਿਤੀ ਕੀ ਹੋਵੇਗੀ?*

ਜਵਾਬ—ਪੰਜਾਬ ਤੋਂ ਬਾਹਰ ਦੇ ਸਿੱਖ ਸਾਡੇ ਮਸਲਿਆਂ ਤੋਂ ਅਚੇਤ ਰਹੇ ਹਨ। ਹੁਣ ਮੈਂ ਸਲਾਹ ਦਿੰਦਾ ਹਾਂ ਕਿ ਉਹ ਆਪਣੀ ਠਾਹਰ ਪੰਜਾਬ ਵਿਚ ਕਿਵੇਂ ਬਣਾ ਲੈਣ। ਇਹ ਅਮਲੀ ਗੱਲ ਹੋਵੇਗੀ, ਕਿਉਂਕਿ ਇਕ ਦਿਨ ਉਹਨਾਂ ਨੂੰ ਇਥੇ ਸ਼ਿਫ਼ਟ ਕਰਨਾ ਪਵੇਗਾ। ਅਸੀਂ ਹਿੰਦੂਆਂ ਨੂੰ ਪੰਜਾਬ ਤੋਂ ਬਾਹਰ ਧਕੇਲਣ ਜਾਂ ਕੱਢਣ ਦੇ ਇੱਛੁਕ ਨਹੀਂ, ਪਰ ਉਹਨਾਂ ਨੂੰ ਖ਼ਾਲਿਸਤਾਨ ਦੀ ਹੋਂਦ ਬਾਰੇ ਸੰਧੀ ਕਰਨੀ ਪਵੇਗੀ।

*ਸਵਾਲ—ਸਿੱਖਾਂ ਦਾ ਗੁੱਸਾ, ਇੰਦਰਾ ਗਾਂਧੀ ਤੇ ਰਾਜੀਵ ਗਾਂਧੀ ਵਿਰੁੱਧ ਕਿਹਾ ਜਾਂਦਾ ਹੈ। ਹੁਣ ਉਹ ਦੋਵੇਂ ਨਹੀਂ ਰਹੇ, ਇਸ ਲਈ ਕੀ ਹੁਣ ਕਿਸੇ ਸਮਝੌਤੇ ਦੀ ਸੰਭਾਵਨਾ ਹੋ ਸਕਦੀ ਹੈ?*

ਜਵਾਬ—ਸਿੱਖਾਂ ਵਾਸਤੇ ਸਭ ਉਹੋ ਕੁਝ ਹਨ, ਭਾਵੇਂ ਨਹਿਰੂ ਗਾਂਧੀ ਟੱਬਰ ਸੀ ਜਾਂ ਹੋਰ ਮੁਰਾਰਜੀ ਡਿਸਾਈ, ਵੀ.ਪੀ ਸਿਹੁੰ। ਚੰਦਰ ਸ਼ੇਖਰ ਜਾਂ ਨਰਸਿਮ੍ਹਾ ਰਾਉ ਵਰਗੇ ਹੋਣ। ਕੇਵਲ ਵਿਅਕਤੀ ਬਦਲਦੇ ਹਨ, ਸੋਚ ਨਹੀਂ ਬਦਲਦੀ।

*ਸਵਾਲ—ਤੁਸੀਂ ਚੋਣਾਂ ਵਿਚ ਹਿੱਸਾ ਲੈ ਕੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ (ਮਨਜੀਤ ਧੜੇ) ਦੀ ਸਹਾਇਤਾ ਕਰਨ ਦਾ ਫ਼ੈਸਲਾ ਕਿਉਂ ਕੀਤਾ?*

ਜਵਾਬ—ਭਾਵੇਂ ਸਾਡਾ ਭਾਰਤ ਦੇ ਵਿਧਾਨ ਵਿਚ ਕੋਈ ਵਿਸ਼ਵਾਸ ਨਹੀਂ, ਫਿਰ ਵੀ ਅਸੀਂ ਚੋਣਾਂ ਵਿਚ ਹਿੱਸਾ ਲੈਣ ਦੇ ਹੱਕ ਵਿਚ ਹਾਂ। ਸੱਤ ਸਾਲ ਦੇ ਬਾਅਦ ਵੀ ਅਸੀਂ ਅੰਤਰ-ਰਾਸ਼ਟਰੀ ਮਾਨਤਾ ਹਾਸਲ ਨਹੀਂ ਕਰ ਸਕੇ। ਅਸੀਂ ਸਿਆਸੀ ਤਾਕਤ ਦੇ ਘੋਲ ਨਾਲ ਹੀ ਇਹ ਹਾਸਲ ਕਰਾਂਗੇ। ਇਸ ਤੋਂ ਬਿਨਾਂ ਸਾਡਾ ਆਕਾਰ ਕਾਤਲਾਂ ਵਾਲਾ ਹੀ ਬਣਿਆ ਰਹੇਗਾ। ਜੇ ਅਸੀਂ ਬਹੁਸੰਮਤੀ ਹਾਸਲ ਕਰ ਲਈਏ ਅਤੇ ਸਰਕਾਰ ਬਣਾ ਲਈਏ ਤਾਂ ਅਸੀਂ ਖ਼ਾਲਿਸਤਾਨ ਦਾ ਮਤਾ ਪਾਸ ਕਰਨਾ ਚਾਹਾਂਗੇ। ਜੇ ਸਾਨੂੰ ਕੰਮ-ਕਾਜ ਚਲਾਉਣ ਨਾ ਦਿੱਤਾ ਗਿਆ ਤਾਂ ਅਸੀਂ ਕਹਾਂਗੇ ਕਿ ਸਾਨੂੰ ਗੋਲੀਆਂ ਨਾਲ ਮਾਰ ਦਿਉ, ਕੀ ਉਹ ਚੁਣੇ ਹੋਏ ਨੁਮਾਇੰਦਿਆਂ ਨਾਲ ਐਸਾ ਕਰ ਸਕਣਗੇ?

*ਸਵਾਲ—ਸਰਕਾਰ ਨੇ ਇਹ ਭਾਂਪ ਲਿਆ ਹੈ ਕਿ ਇਸ ਲਈ ਇਕ ਕਾਨੂੰਨ ਬਣਾ ਰਹੀ ਹੈ, ਜਿਸ ਅਧੀਨ ਵੱਖਵਾਦੀ ਪ੍ਰਚਾਰ ਵਾਲੇ ਨੂੰ ਚੋਣਾਂ ਲੜਨ ਦੇ ਅਧਿਕਾਰ ਤੋਂ ਵੰਚਿਤ ਕਰ ਦਿੱਤਾ ਜਾਵੇਗਾ। ਕੀ ਫਿਰ ਤੁਸੀਂ ਚੋਣਾਂ ਲੜੋਗੇ?*

ਜਵਾਬ—ਅਸੀਂ ਇਸ ਬਾਰੇ ਵਿਚਾਰਾਂਗੇ। ਸਰਕਾਰ ਨੂੰ ਇਸ ਲਈ ਮਾਪਦੰਡ ਬਣਾਉਣੇ ਪੈਣਗੇ ਕਿ ਕੌਣ ਚੋਣਾਂ ਲੜ ਸਕਦਾ ਹੈ। ਜੇ ਸਾਨੂੰ ਚੋਣਾਂ ਵਿਚ ਹਿੱਸਾ ਨਾ ਲੈਣ ਦਿੱਤਾ ਤਾਂ ਅਸੀਂ ਸੰਸਾਰ ਨੂੰ ਦੱਸਾਂਗੇ ਕਿ ਇਹ ਸਰਕਾਰ ਸਾਨੂੰ ਹਿੰਦੁਸਤਾਨੀ ਹੋਣਾ ਸਵੀਕਾਰ ਨਹੀਂ ਕਰਦੀ।

*ਸਵਾਲ—ਲੇਕਿਨ ਚੋਣਾਂ ਦੇ ਮਸਲੇ 'ਤੇ ਖਾੜਕੂ ਵੀ ਆਪਸ ਵਿਚ ਵੰਡੇ ਹੋਏ ਹਨ?*

ਜਵਾਬ—ਸਾਡੀ ਪੰਥਕ ਕਮੇਟੀ ਸਾਰਿਆਂ ਤੋਂ ਪਹਿਲਾਂ ਸੀ, ਜਿਸ ਨੇ ਅਪਰੈਲ 1986 ਵਿਚ ਸੰਘਰਸ਼ ਆਰੰਭਿਆ ਅਤੇ ਇਸ ਨੇ ਖ਼ਾਲਿਸਤਾਨ ਦਾ ਐਲਾਨ ਕੀਤਾ ਅਤੇ ਸਮੇਂ ਦੇ ਗੇੜ ਕੱਢਦੀ ਇਹ ਅੱਜ ਵੀ ਕਾਇਮ ਹੈ। ਚੋਣਾਂ ਦੇ ਮਸਲੇ ਉੱਤੇ ਅਸੀਂ ਪਹਿਲੇ ਦਿਨ ਤੋਂ ਹੀ ਸਪੱਸ਼ਟ ਸਾਂ ਕਿ ਅਸੀਂ ਚੋਣਾਂ ਲੜਾਂਗੇ। ਦੂਜਿਆਂ ਨੇ ਚੋਣਾਂ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ। ਉਹਨਾਂ ਨੇ ਆਪਣੀ ਗ਼ਲਤੀ ਮਹਿਸੂਸ ਕੀਤੀ, ਲੇਕਿਨ ਫਿਰ ਉਹ ਆਪਣੇ ਐਲਾਨ ਤੋਂ ਪਿਛਾਂਹ ਨਾ ਹਟ ਸਕੇ। 1985 ਅਤੇ 1989 ਦੀਆਂ ਚੋਣਾਂ ਨੇ ਵਿਚ ਸਪੱਸ਼ਟ ਹੋਇਆ ਕਿ ਲੋਕ ਆਪਣੇ ਵੋਟਾਂ ਦੀ ਵਰਤੋਂ ਕਰਨਾ ਚਾਹੁੰਦੇ ਹਨ। ਅਸੀਂ ਉਹਨਾਂ ਨੂੰ

ਚੋਣਾਂ ਦਾ ਬਾਈਕਾਟ ਕਰਨ ਲਈ ਤਿਆਰ ਨਹੀਂ ਕਰ ਸਕਦੇ। ਹੋਰ ਮਾੜਾ ਕੰਮ ਇਹ ਹੋਇਆ ਕਿ ਇਹਨਾਂ ਖਾੜਕੂ ਧੜਿਆਂ ਨੇ ਉਮੀਦਵਾਰਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ ਜੋ ਜ਼ਿਆਦਾਤਰ ਸਿੱਖ ਸਨ। ਤੁਸੀਂ ਆਪਣੇ ਵਿਚਾਰ ਜਬਰ ਤੇ ਧੱਕੇ ਨਾਲ ਨਹੀਂ, ਸਗੋਂ ਪਿਆਰ ਨਾਲ ਫੈਲਾ ਸਕਦੇ ਹੋ। ਸਾਡੇ ਗੁਰੂ ਸਾਹਿਬਾਨ ਨੇ ਵੀ ਸਾਨੂੰ ਇਹੀ ਉਪਦੇਸ਼ ਦਿੱਤਾ ਹੈ।

*ਸਵਾਲ—ਲੇਕਿਨ ਭਾਵੇਂ ਤੁਸੀਂ ਮੰਨੋ ਜਾਂ ਨਾ, ਹਰ ਵਰਗ ਦੇ ਖਾੜਕੂ ਲੁੱਟਾਂ-ਖੋਹਾਂ, ਅਗਵਾਕਾਰੀ ਤੇ ਔਰਤਾਂ ਨਾਲ ਛੇੜਖਾਨੀ ਵਿਚ ਹਿੱਸਾ ਲੈਂਦੇ ਹਨ। ਤੁਸੀਂ ਇਸ ਬਾਰੇ ਕੀ ਕਹਿਣਾ ਚਾਹੋਗੇ?*

ਜਵਾਬ—ਇਸ ਦੇ ਕਈ ਪੱਖ ਹਨ। ਚੂੰਕਿ ਅਸੀਂ ਰੂਪੋਸ਼ ਹਾਂ, ਹਰ ਇਕ ਉੱਤੇ ਨਿਗਰਾਨੀ ਰੱਖਣੀ ਮੁਮਕਿਨ ਨਹੀਂ। ਸਪੱਸ਼ਟ ਰੂਪ ਵਿਚ ਕਹਾਂ ਤਾਂ ਜੇ ਸਰਕਾਰ ਕੋਲ ਇਤਨੇ ਵਸੀਲੇ ਹੋਣ ਦੇ ਬਾਵਜੂਦ ਉਹ ਪੀਲੀਭੀਤ ਵਰਗੇ ਕਤਲ ਨਹੀਂ ਰੋਕ ਸਕਦੀ ਅਤੇ ਨਾਲ ਇਹ ਬੇਇਨਸਾਫ਼ੀ ਹੋਵੇਗੀ ਜੇ ਰੂਪੋਸ਼ ਧੜਿਆਂ ਕੋਲੋਂ ਉਮੀਦ ਰੱਖੀ ਜਾਵੇ ਕਿ ਉਹ ਪੂਰੀ ਤਰ੍ਹਾਂ ਇਨਸਾਫ਼ ਲਾਗੂ ਕਰਵਾਉਣ। ਦਰਅਸਲ ਅਸੀਂ ਚਾਹੁੰਦੇ ਹਾਂ ਕਿ ਬਹੁਤੇ ਨੌਜਵਾਨ ਖਾੜਕੂ ਨਾ ਬਣਨ। ਕਈ ਐਵੇਂ ਸ਼ੌਕੀਆ ਹੀ ਖਾੜਕੂ ਬਣ ਗਏ ਹਨ। ਐਸੇ ਅਨਸਰ ਸਾਡੇ ਲਈ ਵੀ ਸਿਰਦਰਦੀ ਦਾ ਕਾਰਨ ਬਣ ਗਏ ਹਨ ਤੇ ਸਾਨੂੰ ਕਈਆਂ ਨੂੰ ਮਾਰਨਾ ਵੀ ਪਿਆ ਹੈ। ਬਦਕਿਸਮਤੀ ਇਹ ਹੈ ਕਿ ਸਾਨੂੰ ਦੋ ਮੁਹਾਜ਼ਾਂ 'ਤੇ ਲੜਨਾ ਪੈ ਰਿਹਾ ਹੈ। ਇਕ ਸਰਕਾਰ ਤੇ ਦੂਜੇ ਕੁਝ ਸਾਡੇ ਅੰਦਰ ਘੁਸਪੈਠ ਕਰ ਗਏ ਮਾੜੇ ਅਨਸਰਾਂ ਵਿਰੁੱਧ। ਮੈਂ ਸਵੀਕਾਰ ਕਰਦਾ ਹਾਂ ਕਿ ਮਾਸੂਮਾਂ ਦੇ ਕਤਲ ਹੋਏ ਹਨ। ਲੇਕਿਨ ਇਹ ਸਰਕਾਰ ਵੱਲੋਂ ਕੀਤੀਆਂ ਕਾਰਵਾਈਆਂ ਹਨ।

*ਸਵਾਲ—ਕੀ ਕੋਈ ਉਮੀਦ ਹੈ ਕਿ ਖਾੜਕੂ ਅਕਾਲੀ ਲੀਡਰਾਂ ਨਾਲ ਰਲ ਸਕਣਗੇ?*

ਜਵਾਬ—ਅਸਲ ਵਿਚ ਸਾਰੇ ਅਕਾਲੀ ਲੀਡਰ ਹੁਣ ਬੇਤੁਕੇ ਹੋ ਗਏ ਹਨ। ਉਹਨਾਂ ਵਿਚੋਂ ਬਹੁਤੇ ਚਾਹੁੰਦੇ ਹਨ ਕਿ ਖਾੜਕੂਆਂ ਨੂੰ ਖ਼ਤਮ ਕਰ ਦਿੱਤਾ ਜਾਵੇ। ਜਿਹੜੇ ਸਾਡੇ ਹੱਕ ਵਿਚ ਬੋਲਦੇ ਹਨ, ਉਹ ਕੇਵਲ ਗੋਲੀ ਦੇ ਡਰ ਤੋਂ ਹੀ ਐਸਾ ਕਰਦੇ ਹਨ।

*ਸਵਾਲ—ਕਿਹਾ ਜਾਂਦਾ ਹੈ ਤੁਸੀਂ ਚੋਣਾਂ ਦੌਰਾਨ ਕੁਝ ਅਕਾਲੀ ਲੀਡਰਾਂ ਨੂੰ ਮਿਲੇ ਹੋ?*

ਜਵਾਬ—ਹਾਂ ਸੁਖਜਿੰਦਰ ਸਿੰਘ, ਕੈਪਟਨ ਕੰਵਲਜੀਤ ਸਿੰਘ ਤੇ ਨੱਥਾ ਸਿੰਘ ਦਾਲਮ ਵਰਗੇ ਕੁਝ ਅਕਾਲੀ ਲੀਡਰ ਮੈਨੂੰ ਮਿਲਣ ਮੇਰੇ ਰੂਪੋਸ਼ ਟਿਕਾਣਿਆਂ 'ਤੇ ਆਏ ਸਨ। ਲੇਕਿਨ ਉਹਨਾਂ ਨਾਲ ਕੋਈ ਸਮਝੌਤਾ ਨਹੀਂ ਹੋ ਸਕਦਾ। ਮੈਨੂੰ ਅਕਾਲੀ ਲੀਡਰਾਂ 'ਤੇ ਵਿਸ਼ਵਾਸ ਨਹੀਂ ਹੈ।

(ਇੰਡੀਆ ਟੂਡੇ ਵਿਚ ਛਪੀ ਇਹ ਇੰਟਰਵਿਊ
ਉਲਥਾ ਕਰ ਕੇ ਧੰਨਵਾਦ ਸਹਿਤ ਛਾਪੀ ਗਈ।)

# "ਹਮ ਨਹੀ ਚੰਗੇ ਬੁਰਾ ਨਹੀ ਕੋਇ"

**-ਬਾਬਾ ਗੁਰਬਚਨ ਸਿੰਘ ਮਾਨੋਚਾਹਲ**



ਕਤਲ ਚਾਹੇ ਕਿਸੇ ਦਾ ਵੀ ਹੋਵੇ, ਮੇਰੀ ਬਹਿਸ ਦਾ ਵਿਸ਼ਾ ਇਕ ਹੀ ਹੈ ਕਿ ਇਸ ਨੂੰ ਸਿੱਖ ਲਹਿਰ ਲਈ ਫ਼ਾਇਦੇਮੰਦ ਕਿਹਾ ਜਾਵੇ ਜਾਂ ਹਾਨੀਕਾਰਕ ? ਸਾਨੂੰ ਇਸ ਵਿਸ਼ੇ ਤੋਂ ਟਾਲਾ ਵੱਟ ਕੇ ਫ਼ਾਇਦਾ ਹੈ ਜਾਂ ਇਸ 'ਤੇ ਬਹਿਸ ਕਰ ਕੇ। ਇਹ ਮਸਲੇ ਅੱਜ ਸਮੁੱਚੇ ਸਿੱਖ ਜਗਤ ਦੇ ਸਾਹਮਣੇ ਹਨ। ਜੇਕਰ ਮੈਂ ਬੀ.ਟੀ.ਐਫ. ਦੇ ਚੀਫ਼ ਵਿਚ ਜਾਂ ਪੰਥਕ ਕਮੇਟੀ ਦੇ ਮੁਖੀ ਦੇ ਰੂਪ ਵਿਚ, ਜਨਰਲ ਦੇ ਰੂਪ ਵਿਚ ਵਿਸ਼ੇ ਨੂੰ ਛੇੜਨਾ ਹੋਵੇ ਤਾਂ ਮੈਨੂੰ ਯੁੱਧਨੀਤਕ ਦਾਅ-ਪੇਚਾਂ ਦਾ ਆਪਣੀ ਗੱਲਬਾਤ ਵਿਚ ਵੀ ਖ਼ਿਆਲ ਰੱਖਣਾ ਪਵੇਗਾ ਪਰ ਜੇਕਰ ਮੈਂ ਸਰਬੱਤ ਖ਼ਾਲਸਾ ਦੀ ਉਸ ਧਾਰਮਿਕ ਇਕੱਤਰਤਾ ਵੱਲੋਂ ਸੌਂਪੀ ਅਕਾਲ ਤਖ਼ਤ ਸਾਹਿਬ ਜੀ ਦੇ ਜੱਥੇਦਾਰ ਦੀ ਧਾਰਮਿਕ ਜ਼ਿੰਮੇਵਾਰੀ ਨੂੰ ਮੰਨਾਂ ਤਾਂ ਮੈਨੂੰ ਜ਼ਰੂਰ ਸਿੱਧਾ ਤੇ ਸਾਫ਼ ਕਹਿਣਾ ਪਵੇਗਾ। ਸੋ ਮੈਂ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸਥਾਪਿਤ ਪਰਮ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਆਦਾ ਨੂੰ ਸਨਮੁੱਖ ਰੱਖ ਕੇ ਸਿੱਖ ਲਹਿਰ ਨੂੰ ਸੰਬੋਧਨ

ਹੋਣਾ ਚਾਹੁੰਦਾ ਹਾਂ।

ਖਾੜਕੂ ਲਹਿਰ ਅੰਦਰ ਜੂਝ ਰਹੇ ਸਿੱਖ ਨੌਜਵਾਨ ਕੁਝ ਸਿੱਖ ਸੰਗਤ ਵਿਚੋਂ ਸਭ ਤੋਂ ਵੱਧ ਅਣਖੀਲੇ ਤੇ ਈਮਾਨਦਾਰ ਤੱਤ ਹਨ, ਸਾਨੂੰ ਇਹ ਮੰਨ ਕੇ ਹੀ ਤੁਰਨਾ ਪਵੇਗਾ। ਉਹ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਸਿਰ ਤਲੀ 'ਤੇ ਧਰ ਕੇ ਲੜ ਰਹੇ ਹਨ, ਇਸ ਗੱਲ 'ਤੇ ਕਿਸੇ ਨੂੰ ਕਿੰਤੂ ਨਹੀਂ ਹੋਣਾ ਚਾਹੀਦਾ। ਪਰ ਹਰੇਕ ਕੰਮ ਕਰਨ ਲੱਗਿਆਂ ਬੰਦਾ ਨਾ ਚਾਹੁੰਦਾ ਹੋਇਆ ਵੀ ਗ਼ਲਤੀਆਂ ਕਰ ਸਕਦਾ ਹੈ, ਇਹ ਮਨੁੱਖੀ ਫ਼ਿਤਰਤ ਦੀ ਅਟੱਲ ਸਚਾਈ ਹੈ। ਅਨੇਕਾਂ ਚੰਗੇ ਕਾਰਜ ਕਰਦਿਆਂ ਮਾਮੂਲੀ ਗ਼ਲਤੀਆਂ ਆਮ ਤੌਰ 'ਤੇ ਨਜ਼ਰ-ਅੰਦਾਜ਼ ਹੋ ਜਾਂਦੀਆਂ ਹਨ ਪਰ ਕਦੇ-ਕਦੇ ਗ਼ਲਤੀਆਂ ਗੰਭੀਰ ਰੂਪ ਧਾਰਨ ਕਰ ਜਾਂਦੀਆਂ ਹਨ, ਜਿਨ੍ਹਾਂ 'ਤੇ ਜੇਕਰ ਕਾਬੂ ਨਾ ਪਾਇਆ ਜਾਵੇ ਤਾਂ ਇਹ ਸਮੁੱਚੀ ਚੰਗਿਆਈ 'ਤੇ ਭਾਰੂ ਹੋ ਕੇ ਅਸਲ ਕਾਜ ਦਾ ਸਤਿਆਨਾਸ ਕਰ ਸਕਦੀਆਂ ਹਨ। ਸੋ ਸਾਨੂੰ ਆਪਣੇ ਕਾਜ ਦੇ ਹਿੱਤ ਨੂੰ ਮੁੱਖ ਰੱਖਦਿਆਂ ਆਪਣੀਆਂ ਗ਼ਲਤੀਆਂ ਨੂੰ ਮੁੱਖ ਰੱਖਦਿਆਂ ਉਹਨਾਂ ਨੂੰ ਸੁਧਾਰਨ ਦੀ ਜੁਰਅਤ ਰੱਖਣੀ ਚਾਹੀਦੀ ਹੈ। ਹਾਂ, ਗ਼ਲਤੀ ਦੀ ਨਿਸ਼ਾਨਦੇਹੀ ਕਰਦਿਆਂ ਸਾਨੂੰ ਆਪਣੇ ਤੇ ਬੇਗਾਨੇ ਵਿਚ ਫਰਕ ਕਰਨਾ ਪੈਂਦਾ ਹੈ। ਆਪਣੇ ਦੀ ਗ਼ਲਤੀ ਅਸੀਂ ਦੂਰ ਕਰਾਉਣ ਦੀ ਇੱਛਾ ਇਸ ਲਈ ਕਰਦੇ ਹਾਂ ਕਿ ਉਸ ਦੀ ਚੜ੍ਹਦੀ ਕਲਾ ਲਈ ਇੰਜ ਜ਼ਰੂਰੀ ਹੈ ਤੇ ਬੇਗਾਨੇ ਦੀ ਗ਼ਲਤੀ ਅਸੀਂ ਇਸ ਲਈ ਫੜਦੇ ਹਾਂ ਕਿ ਉਸ ਨੂੰ ਨੀਵਾਂ ਦਿਖਾਇਆ ਜਾ ਸਕੇ। ਮੈਂ ਉਪਰੋਕਤ ਕਤਲਾਂ ਨੂੰ ਗ਼ਲਤੀ ਮੰਨਦਾ ਹੋਇਆ ਇਹਨਾਂ ਨੂੰ ਆਪਣੇ ਘੇਰੇ ਵਿਚ ਹੀ ਰੱਖਣਾ ਚਾਹੁੰਦਾ ਹਾਂ ਤੇ ਸੰਬੰਧਤ ਖਾੜਕੂ ਜਥੇਬੰਦੀਆਂ ਦੀ ਚੜ੍ਹਦੀ ਕਲਾ ਦੀ ਕਾਮਨਾ ਕਰਦਾ ਇਹਨਾਂ 'ਤੇ ਉਂਗਲ ਧਰ ਰਿਹਾ ਹਾਂ।

ਖਾੜਕੂ ਲਹਿਰਾਂ ਦੁਨੀਆਂ ਦੇ ਚਾਹੇ ਕਿਸੇ ਵੀ ਹਿੱਸੇ ਵਿਚ ਚੱਲ ਰਹੀਆਂ ਹੋਣ ਜਾਂ ਇਤਿਹਾਸ ਦੇ ਵਰਕਿਆਂ ਵਿਚ ਅੰਕਤ ਹੋ ਚੁੱਕੀਆਂ ਹੋਣ। ਇਹੋ ਜਿਹੇ ਕਤਲਾਂ ਨਾਲ ਅਕਸਰ ਭਰੀਆਂ ਮਿਲਣਗੀਆਂ। ਤਾਹੀਓਂ ਇਹ ਕਈ ਖਾੜਕੂ ਵੀਰਾਂ ਨੂੰ ਕੋਈ ਅਚਰਜ ਘਟਨਾ ਨਹੀਂ ਜਾਪੀ। ਖਾੜਕੂ ਜੋ ਅਜਿਹੇ ਕਤਲ ਕਰਦੇ ਹਾਂ, ਉਹ ਇਸ ਨੂੰ ਘਰ ਦੀ ਸਫ਼ਾਈ ਦਾ ਨਾਂ ਦਿੰਦੇ ਹਨ ਤੇ ਜਿਹਨਾਂ ਨਾਲ ਇਹ ਘਟਨਾ ਵਾਪਰਦੀ ਹੈ, ਉਹ ਇਸ ਨੂੰ ਭਰਾ-ਮਾਰੂ ਜੰਗ ਕਹਿੰਦੇ ਹਨ।

ਇਸ ਤਰ੍ਹਾਂ ਦੇ ਕਤਲਾਂ ਮਗਰ ਤਿੰਨ ਤਰ੍ਹਾਂ ਦੀਆਂ ਧਾਰਨਾਵਾਂ ਕੰਮ ਕਰਦੀਆਂ ਹੁੰਦੀਆਂ ਹਨ। ਇਕ ਹੁੰਦੀ ਹੈ, ਆਪਣੀ ਸਰਦਾਰੀ ਕਾਇਮ ਕਰਨ ਦੀ ਦੂਜੇ ਗਰੁੱਪ ਨੂੰ ਨੀਵਾਂ ਦਿਖਾ ਕੇ, ਧਮਕਾ ਕੇ ਜਾਂ ਖ਼ਤਮ ਕਰ ਕੇ ਉਸ ਸਿਆਸੀ ਖੇਤਰ ਅੰਦਰ ਆਪਣੀ ਪੂਰਨ ਪ੍ਰਭੁਤਾ ਸਥਾਪਤ ਕਰਨ ਲਈ ਕਈ ਵਾਰ ਇਹ ਰੁਝਾਨ ਪੈਦਾ ਹੁੰਦਾ ਹੈ ਕਿ ਸ਼ਰੀਕ ਜਥੇਬੰਦੀਆਂ ਨੂੰ ਖ਼ਤਮ ਕਰ ਦਿੱਤਾ ਜਾਵੇ। ਇਹ ਰੁਝਾਨ ਪੈਦਾ ਹੁੰਦਾ ਹੈ ਹੀਣ ਭਾਵਨਾ ਵਿਚੋਂ, ਜਦੋਂ ਕਿਸੇ ਨੂੰ ਸਮਾਨਾਂਤਰ ਲੀਡਰਸ਼ਿਪ ਦੀ ਯੋਗਤਾ ਤੋਂ ਭੈਅ ਪੈਦਾ ਹੋ ਜਾਵੇ ਅਤੇ ਉਸ ਨਾਲ ਠੀਕ ਢੰਗ ਨਾਲ ਮੁਕਾਬਲੇਬਾਜ਼ੀ 'ਚ ਪੱਛੜੇ ਰਹਿਣ ਦਾ ਸਦੀਵੀ ਡਰ ਮਨ ਵਿਚ ਬੈਠ ਜਾਵੇ ਤਾਂ ਉਸ ਨੂੰ ਖ਼ਤਮ ਕਰਨ ਲਈ

ਇਹ ਰੁਝਾਨ ਪੈਦਾ ਹੁੰਦਾ ਹੈ। ਇਕ ਰੁਝਾਨ ਅਨੈਤਿਕ ਪ੍ਰਵਿਰਤੀ ਵਿਚੋਂ ਪੈਦਾ ਹੁੰਦਾ ਹੈ ਜਿਸ ਵਿਚ ਦੋਸਤ ਦੁਸ਼ਮਣ ਦੀ ਪਛਾਣ ਸਿਰਫ਼ ਨਿੱਜੀ ਮੁਫ਼ਾਦ 'ਤੇ ਖੜ ਕੇ ਕੀਤੀ ਜਾਂਦੀ ਹੈ ਅਤੇ ਆਪਣੀ ਕਮਜ਼ੋਰੀ ਛੁਪਾਉਣ ਦੀ ਖ਼ਾਤਰ ਵੀ ਅਜਿਹੇ ਕਤਲ ਕਰ ਦਿੱਤੇ ਜਾਂਦੇ ਹਨ। ਇਹਨਾਂ ਤਿੰਨਾਂ ਹੀ ਤਰੀਕਿਆਂ ਦੇ ਕਤਲਾਂ ਨੂੰ ਕਰਨ ਵਾਲਾ ਖ਼ੁਦ ਨੂੰ ਗ਼ਲਤ ਨਹੀਂ ਮੰਨਦਾ ਹੁੰਦਾ। ਉਹ ਆਪਣੇ ਰਾਜਸੀ ਮੰਤਵ ਲਈ ਇਸ ਕੰਮ ਨੂੰ ਦਰੁਸਤ ਮੰਨਦਾ ਹੁੰਦਾ ਤੇ ਇਸ ਦੇ ਹੱਕ ਵਿਚ ਦਲੀਲਾਂ ਵੀ ਦੇ ਸਕਦਾ ਹੁੰਦਾ ਹੈ। ਉਹ ਕਹਿ ਸਕਦਾ ਹੁੰਦਾ ਹੈ "ਮੇਰੇ ਵੱਲੋਂ ਇਹ ਕਤਲ ਕੀਤੇ ਜਾਣ ਨਾਲ ਮੇਰੀ ਜਥੇਬੰਦੀ ਦਾ ਫ਼ਾਇਦਾ ਹੋਇਆ ਹੈ, ਮੇਰੀ ਸੋਚ ਦਾ ਪਸਾਰਾ ਹੋਇਆ ਹੈ ਤੇ ਮੇਰੇ ਮੁਤਾਬਿਕ ਇਹੋ ਹੀ ਮੇਰੀ ਸਿਆਸਤ ਲਈ ਲਾਹੇਵੰਦਾ ਹੈ।" ਇਸੇ ਕਾਰਨ ਇਹਨਾਂ ਕਤਲਾਂ ਦਾ ਰੁਝਾਨ ਦੁਨੀਆਂ ਦੀ ਰਾਜਨੀਤੀ ਅੰਦਰ ਚੱਲ ਰਹੀਆਂ ਖਾੜਕੂ ਲਹਿਰਾਂ ਵਿਚ ਮਾਨਤਾ ਪ੍ਰਾਪਤ ਰੁਝਾਨ ਬਣਿਆ ਹੋਇਆ ਹੈ। ਸਾਡੇ ਗੁਆਂਢ ਵਿਚ ਹੀ ਲੰਕਾ ਵਿਚ ਲਿਟੇ ਵੱਲੋਂ ਵਰਤਿਆ ਜਾ ਰਿਹਾ ਹੈ। ਲਾਤੀਨੀ ਅਮਰੀਕਾ ਤੇ ਅਫ਼ਰੀਕਾ ਦੇ ਕਈ ਮੁਲਕਾਂ ਵਿਚ ਇਹ ਰੁਝਾਨ ਪ੍ਰਚਲਿਤ ਹੈ। ਹਿੰਦ-ਚੀਨੀ ਖਿੱਤੇ ਵਿਚ ਪ੍ਰਚਲਿਤ ਹੈ ਤੇ ਇਹਨਾਂ ਲਹਿਰਾਂ ਤੋਂ ਪ੍ਰਭਾਵ ਗ੍ਰਹਿਣ ਕਰਦਿਆਂ ਇਹ ਸਿੱਖ ਖਾੜਕੂ ਲਹਿਰ ਅੰਦਰ ਵੀ ਪੈਰ ਧਰਾਵਾ ਕਰ ਰਿਹਾ ਹੈ।

ਜੇਕਰ ਰਾਜਨੀਤਕ ਸ਼ਬਦਾਵਲੀ ਵਰਤਣੀ ਹੋਵੇ ਤਾਂ ਇਸ ਨੂੰ ਅੱਤਵਾਦੀ ਰੁਝਾਨ ਕਹਿੰਦੇ ਹਨ। ਅੱਤਵਾਦ ਹਥਿਆਰ ਉਠਾਉਣਾ ਨਹੀਂ ਹੁੰਦਾ, ਹਥਿਆਰ ਉਠਾਉਣਾ ਅਤੇ ਆਪਣੇ ਹੱਕਾਂ ਲਈ ਹਥਿਆਰਬੰਦ ਜੱਦੋ-ਜਹਿਦ ਕਰਨਾ ਖਾੜਕੂਪੁਣਾ ਹੁੰਦਾ ਹੈ ਪਰ ਆਪਣੇ ਹੀ ਖੇਮੇ ਅੰਦਰ ਕਤਲੋ-ਗਾਰਤ ਕਰਨਾ, ਜਿਥੋਂ ਗ਼ੈਰ-ਦੁਸ਼ਮਣ ਤਰੀਕਿਆਂ ਰਾਹੀਂ ਭੱਤੇ ਝੰਡੇ ਬੋਇਆਂ ਵੀ ਸਰ ਸਕਦਾ ਹੋਵੇ, ਉਥੇ ਦੁਸ਼ਮਨਾਮਾਂ ਤਰੀਕਿਆਂ ਦੀ ਵਰਤੋਂ ਕਰਨਾ, ਦਲੀਲਬਾਜ਼ੀ ਦੀਆਂ ਗੁੰਜਾਇਸ਼ਾਂ ਖ਼ਤਮ ਕਰ ਛੱਡਣੀਆਂ ਰੁਝਾਨ ਹੁੰਦਾ ਹੈ। ਸਾਨੂੰ ਇਸ ਤੋਂ ਬਚਣਾ ਚਾਹੀਦਾ ਹੈ। ਸਾਨੂੰ ਦੁਨੀਆਂ ਦੀਆਂ ਹੋਰ ਰਾਜਨੀਤਕ ਲਹਿਰਾਂ, ਚਾਹੇ ਉਹ ਕਾਮਯਾਬ ਰਹੀਆਂ ਜਾਂ ਨਾ-ਕਾਮਯਾਬ, ਦੀ ਅੰਨ੍ਹੇ-ਵਾਹ ਨਕਲ ਕਰਨ ਵੱਲ ਨਹੀਂ ਵਧਣਾ ਚਾਹੀਦਾ। ਕਿਉਂਕਿ ਸਾਡੀ ਲਹਿਰ ਦਾ ਉਹਨਾਂ ਲਹਿਰਾਂ ਨਾਲੋਂ ਬੁਨਿਆਦੀ ਅੰਤਰ ਹੈ ਤੇ ਅੰਤਰ ਨੂੰ ਜੇਕਰ ਦਿਲਾਂ ਵਿਚ ਬਿਠਾ ਲਈਏ ਤਾਂ ਇਸ ਅੱਤਵਾਦੀ ਰੁਝਾਨ 'ਤੇ ਕਾਬੂ ਪਾਇਆ ਜਾ ਸਕਦਾ ਹੈ।

ਇਹ ਅੰਤਰ ਸਾਡੀ ਲਹਿਰ ਦੇ ਧਰਮ ਅਧੀਨ ਰਾਜਨੀਤਕ ਸਵਰੂਪ ਦਾ ਹੋਣਾ। ਸਾਡੀ ਲਹਿਰ ਦਾ ਰਾਜਨੀਤਕ ਨਿਸ਼ਾਨਾ ਸਿਰਫ਼ ਤੇ ਸਿਰਫ਼ ਸਾਡੇ ਧਾਰਮਿਕ ਆਸ਼ੇ ਦੀ ਪੂਰਤੀ ਦਾ ਨਿਸ਼ਾਨਾ ਹੈ। ਉਹ ਲਹਿਰਾਂ ਜਾਂ ਲੀਡਰ ਜਿਨ੍ਹਾਂ ਨੇ ਅਜਿਹੇ ਢੰਗ ਤਰੀਕੇ (ਆਪਸੀ ਕਤਲਾਂ ਦੇ) ਇਜਾਦ ਕੀਤੇ, ਸਾਡੇ ਮਾਡਲ ਨਹੀਂ ਬਣ ਸਕਦੇ ਕਿਉਂਕਿ ਉਹਨਾਂ ਦੀਆਂ ਲਹਿਰਾਂ ਨਿਰੋਲ ਰਾਜਨੀਤਕ ਸਨ ਅਤੇ ਉਹਨਾਂ ਦੇ ਸਾਹਮਣੇ ਸਿਰਫ਼ ਸੱਤਾ ਪ੍ਰਾਪਤੀ ਦਾ ਹੀ ਇਕੋ ਇਕ ਲਕਸ਼ ਸੀ। ਇਸੇ ਕਾਰਨ ਉਹ ਸੱਤਾ ਪ੍ਰਾਪਤੀ ਦੇ ਸੰਘਰਸ਼ ਵਿਚ ਆਏ ਹਰ ਰੋੜੇ ਨੂੰ ਬੇਰਹਿਮੀ ਨਾਲ ਪਾਸੇ ਹਟਾ ਕੇ

ਅੱਗੇ ਵਧਦੇ ਸਨ। ਸੋ ਜੋ ਲੋਕ ਸਿਰਫ਼ ਰਾਜਨੀਤਕ ਲਾਭਾਂ ਦੀ ਖ਼ਾਤਰ ਲੜਦੇ ਹਨ, ਉਹਨਾਂ ਵਾਸਤੇ ਨੈਤਿਕ ਤੇ ਮਨੁੱਖੀ ਕਦਰਾਂ-ਕੀਮਤਾਂ ਮਾਇਨੇ ਨਹੀਂ ਰੱਖਦੀਆਂ ਤੇ ਉਹ ਰਾਜਨੀਤੀ ਤੇ ਜੰਗ ਅੰਦਰ ਹਰ ਤਰ੍ਹਾਂ ਦੇ ਛਲ ਤੇ ਕਪਟ ਨੂੰ ਜਾਇਜ਼ ਮੰਨਦੇ ਹਨ। ਇਹੋ ਹੀ ਚਾਣਕਿਆ ਦੀ ਕੁਟਿਲ ਨੀਤੀ ਹੈ। ਪਰੰਤੂ ਸਾਡੀ ਲੜਾਈ ਧਰਮ ਦੀ ਲੜਾਈ ਹੈ ਤੇ ਅਸੀਂ ਆਪਣੇ ਸਮੁੱਚੇ ਸੰਘਰਸ਼ ਨੂੰ ਧਾਰਮਿਕ ਅਕੀਦਿਆਂ ਦੀ ਰੌਸ਼ਨੀ ਵਿਚ ਹੀ ਲੜਨਾ ਹੈ ਨਹੀਂ ਤਾਂ ਸੱਤਾ ਪ੍ਰਾਪਤੀ ਦੇ ਬਾਵਜੂਦ ਵੀ ਅਸੀਂ ਹਾਰ ਜਾਵਾਂਗੇ ਕਿਉਂਕਿ ਨੈਤਿਕਤਾ, ਮਾਨਵਤਾ ਅਤੇ ਧਰਮ ਦੇ ਤਕਾਜ਼ੇ ਅਸੀਂ ਛੱਡ ਚੁੱਕੇ ਹੋਵਾਂਗੇ।

ਇਸ ਰੁਝਾਨ ਦੇ ਦੂਜੇ ਪੱਖ 'ਤੇ ਗੌਰ ਕਰਨਾ ਵੀ ਜ਼ਰੂਰੀ ਹੈ। ਅਜਿਹੇ ਕਤਲ ਕਰਨ ਵਾਲਾ ਬੰਦਾ ਸੁਤੇ-ਸਿਧ ਇਸ ਪ੍ਰਵਿਰਤੀ ਦਾ ਸ਼ਿਕਾਰ ਨਹੀਂ ਹੁੰਦਾ। ਉਸ ਨੂੰ ਪ੍ਰਸਥਿਤੀਆਂ ਇਸ ਪਾਸੇ ਵੱਲ ਧਕੇਲ ਦਿੰਦੀਆਂ ਹਨ ਅਤੇ ਜੇਕਰ ਅਜਿਹੀਆਂ ਪ੍ਰਸਥਿਤੀਆਂ ਪੈਦਾ ਹੀ ਨਾ ਹੋਣ ਦਿੱਤੀਆਂ ਜਾਣ ਤਾਂ ਵੀ ਅਜਿਹੀਆਂ ਦੁਰਘਟਨਾਵਾਂ ਤੋਂ ਬਚਿਆ ਜਾ ਸਕਦਾ ਹੈ। ਕਈ ਵਾਰ ਕੁਝ ਲੋਕ ਮੁਕਾਬਲੇ ਬਾਜ਼ੀ ਦੇ ਗ਼ਲਤ ਢੰਗ ਤਰੀਕੇ ਅਪਣਾਉਂਦੇ ਹਨ। ਉਹ ਹੱਥੀਂ ਮਿਹਨਤ ਕਰਨ ਦੀ ਥਾਂ ਫੋਕੀ ਬਿਆਨਬਾਜ਼ੀ ਰਾਹੀਂ ਕਿਸੇ ਤੋਂ ਹੱਥ ਉਪਰ ਕਰਨ ਦੀ ਕੋਸਿਸ਼ ਕਰਦੇ ਹਨ। ਕਈ ਆਪਣੀ ਡਿਪਲੋਮੈਟਿਕ ਯੋਗਤਾ ਇਸ ਤਰੀਕੇ ਨਾਲ ਇਸਤੇਮਾਲ ਕਰਦੇ ਹਨ ਕਿ ਦੂਜਿਆਂ ਲੋਕਾਂ, ਜਿਹੜੇ ਮੁਕਾਬਲਤਨ ਵੱਧ ਮਿਹਨਤੀ ਅਤੇ ਕੁਰਬਾਨੀ ਵਾਲੇ ਹੁੰਦੇ ਹਨ, ਨੂੰ ਨੀਵਿਆਂ ਦਿਖਾਇਆ ਜਾਵੇ। ਇਸ ਤਰ੍ਹਾਂ ਇਕ ਅਜਿਹਾ ਮਾਹੌਲ ਤਿਆਰ ਹੋ ਜਾਂਦਾ ਹੈ ਜਦੋਂ ਮੁਕਾਬਲੇਬਾਜ਼ੀ ਅੰਦਰਲੀਆਂ ਦੋਹਾਂ ਧਿਰਾਂ ਇਕ ਦੂਜੇ ਨੂੰ ਉਤੇਜਿਤ ਕਰਦੀਆਂ ਈਰਖਾ ਵੱਲ ਵਧਦੀਆਂ ਹਨ। ਇਕ ਦੂਜੇ ਵੱਲੋਂ ਪੈਦਾ ਕੀਤੀ ਉਕਸਾਹਟ ਭੜਕਾਹਟ ਤੇ ਉਤੇਜਨਾ ਅਖ਼ੀਰ ਕਤਲਾਂ ਦਾ ਰੂਪ ਧਾਰਨ ਕਰ ਲੈਂਦੀ ਹੈ ਤੇ ਇਸ ਦੀ ਜ਼ਿੰਮੇਵਾਰੀ ਸਿਰਫ਼ ਤੇ ਸਿਰਫ਼ ਕਤਲ ਕਰਨ ਵਾਲੇ 'ਤੇ ਹੀ ਨਹੀਂ ਪੈਂਦੀ, ਉਸ ਨੂੰ ਉਕਸਾਉਣ ਤੇ ਭੜਕਾਉਣ ਵਾਲੇ 'ਤੇ ਵੀ ਪੈ ਜਾਂਦੀ ਹੈ।

ਖ਼ਾਲਸਾ ਜੀ, ਆਪਾਂ ਨੂੰ ਇਸ ਬੀਮਾਰੀ ਤੋਂ ਬਚਨ ਲਈ ਸੋਚਣਾ ਚਾਹੀਦਾ ਹੈ। ਕਿਸੇ ਇਕ ਨੂੰ ਦੋਸ਼ੀ ਕਰਾਰ ਦੇ ਦੇਣਾ ਤੇ ਦੂਸਰੇ ਨੂੰ ਦੋਸ਼ ਮੁਕਤ ਕਰ ਦੇਣਾ ਮਸਲੇ ਦੇ ਹੱਲ ਲਈ ਕਾਫ਼ੀ ਨਹੀਂ ਹੈ। ਇਸ ਮਾਜਰੇ ਵਿਚ ਅਸੀਂ ਸਾਰੇ ਕੁਝ ਹੱਦ ਤਕ ਦੋਸ਼ੀ ਹਾਂ ਤੇ ਸਾਡਾ ਦੋਸ਼ ਹੈ ਕਿ ਆਪਣੀ ਲਹਿਰ ਨੂੰ ਸਹੀ ਸੇਧ ਦੇਣ ਵਿਚ ਪੂਰੀ ਤਵੱਜੋ ਨਹੀਂ ਦੇ ਸਕੇ। ਸਿੱਖ ਕੌਮ ਕੋਲ ਖਾੜਕੂ ਲਹਿਰਾਂ ਦਾ ਬੜਾ ਅਮੀਰ ਵਿਰਸਾ ਹੈ ਪਰ ਅਸੀਂ ਉਸ ਵਿਚੋਂ ਬਣਦੀ ਸਿੱਖਿਆ ਗ੍ਰਹਿਣ ਨਹੀਂ ਕਰ ਸਕੇ। ਦੁਨੀਆਂ ਦੀਆਂ ਖਾੜਕੂ ਲਹਿਰਾਂ ਵਿਚ ਬੜਾ ਕੁਝ ਸਿੱਖਣ ਲਈ ਪਿਆ ਹੈ ਪਰ ਅਸੀਂ ਉਹਨਾਂ ਵਿਚੋਂ ਨੈਤਿਕ ਮਿਆਰਾਂ ਦੇ ਸਬਕ ਨਹੀਂ ਸਿੱਖ ਸਕੇ। ਬਾਣੀ ਤੇ ਬਾਣੇ ਦੀ ਲਹਿਰ ਉੱਤੇ ਪਕੜ ਬਣਾਉਣ ਦੀ ਥਾਂ ਬਾਣੀ ਤੇ ਬਾਣੇ ਨੂੰ ਲਹਿਰ ਦੇ ਅਧੀਨ ਕਰੀ ਜਾ ਰਹੇ ਹਾਂ। ਆਪਣੇ ਅੰਦਰ ਝਾਤੀ ਮਾਰਨ ਦੀ ਥਾਂ ਦੂਜਿਆਂ ਦੇ

ਨੁਕਸ ਲੱਭਣ ਦੀ ਦੌੜ ਵਿਚ ਲੱਗ ਗਏ ਹਾਂ ਦੁਸ਼ਮਣ ਨਾਲ ਗੋਲੀਆਂ ਦੇ ਵਟਾਂਦਰੇ ਦੇ ਸਿਧਾਂਤ ਨੂੰ ਛੱਡ ਕੇ ਹਰ ਥਾਂ ਗੋਲੀ ਪ੍ਰਧਾਨ ਕਰ ਕੇ ਖਾੜਕੂਪੁਣੇ ਤੋਂ ਅੱਤਵਾਦ ਵੱਲ ਵਧ ਰਹੇ ਹਾਂ। ਬਾਣੀ ਵਿਚ ਮਿਲਦੇ ਹਲੀਮੀ ਦੇ ਰਸ ਨੂੰ ਛੱਡ ਕੇ ਤਾਕਤ ਦੇ ਨਸ਼ੇ ਨੂੰ ਮਾਨਣ ਦੀ ਆਤਮਘਾਤੀ ਪ੍ਰਵਿਰਤੀ ਦਾ ਸ਼ਿਕਾਰ ਹੋ ਰਹੇ ਹਾਂ। ਇਹਨਾਂ ਸਾਰੀਆਂ ਅਣਗਹਿਲੀਆਂ ਦੇ ਜ਼ਿੰਮੇਵਾਰ ਆਪਾਂ ਸਾਰੇ ਹੀ ਹਾਂ। ਸੋ ਮੈਂ ਖਾੜਕੂ ਲਹਿਰ ਨਾਲ ਸੰਬੰਧਤ ਸਭਨਾਂ ਸਿੰਘਾਂ ਨੂੰ ਅਪੀਲ ਕਰਦਾ ਹਾਂ ਕਿ ਦੁਸ਼ਮਣ ਨਾਲ ਕਰਾਰੇ ਹੱਥੀਂ ਅਤੇ ਆਪਣਿਆਂ ਨਾਲ ਹਲੀਮੀ ਨਾਲ ਪੇਸ਼ ਆਉਣ ਦਾ ਸੁਭਾਅ ਪੈਦਾ ਕੀਤਾ ਜਾਵੇ। ਕਿਸੇ ਵਿਚਲੇ ਨੁਕਸ 'ਤੇ ਉਂਗਲ ਰੱਖਣ ਤੋਂ ਪਹਿਲਾਂ ਆਪਣੇ ਅੰਦਰ ਵੀ ਝਾਤੀ ਮਾਰੀ ਜਾਵੇ। ਆਪਣੇ ਆਪ ਨੂੰ ਸਿਰਫ਼ ਰਾਜਨੀਤਕ ਸਿਪਾਹੀ ਬਣਾਉਣ ਦੀ ਥਾਂ ਸੰਤ-ਸਿਪਾਹੀ ਬਣਾਇਆ ਜਾਵੇ। ਆਲੋਚਨਾ ਬਰਦਾਸ਼ਤ ਕਰਨ ਦਾ ਜਿਗਰਾ ਪੈਦਾ ਕੀਤਾ ਜਾਵੇ। ਜਾਹਲਸਾਜ਼ੀ ਆਧਾਰਿਤ ਸਿਆਸੀ ਸਟੰਟਬਾਜ਼ੀ ਤੋਂ ਗੁਰੇਜ਼ ਕੀਤਾ ਜਾਵੇ। ਸਿਰਫ਼ ਤੇ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਰੁਸਤ ਅਤੇ ਸੱਚ ਮੰਨਿਆ ਜਾਵੇ ਅਤੇ ਆਪਣੇ ਆਪ ਨੂੰ ਸਭ ਤੋਂ ਦਰੁਸਤ ਅਤੇ ਸੱਚੇ ਐਲਾਨ ਕਰਨ ਦੀ ਪ੍ਰਵਿਰਤੀ ਤੋਂ ਖਹਿੜਾ ਛੁਡਾਇਆ ਜਾਵੇ। ਉਹ ਸਭ ਕੁਝ ਸਪੱਸ਼ਟ ਤੌਰ 'ਤੇ ਕਹਿ ਦਿੱਤਾ ਜਾਵੇ ਜੋ ਸਾਡਿਆਂ ਦਿਲਾਂ ਵਿਚ ਹੈ ਤੇ ਉਹ ਸਭ ਕੁਝ ਦਿਲੋਂ ਹੋ ਕੇ ਕੀਤਾ ਜਾਵੇ ਜੋ ਅਸੀਂ ਦੂਜਿਆਂ ਨੂੰ ਕਹਿ ਰਹੇ ਹਾਂ। ਵਾਹਿਗੁਰੂ ਸਾਨੂੰ ਸੁਮੱਤ ਬਖ਼ਸ਼ੇ, ਬਾਣੀ ਸਾਨੂੰ ਸੇਧ ਬਖ਼ਸ਼ੇ ਤੇ ਬਾਬਾ ਸਾਨੂੰ ਬਲ ਬਖ਼ਸ਼ੇ। ਸਿਰਫ਼ ਤੇ ਸਿਰਫ਼ ਤਦ ਹੀ ਅਸੀਂ ਮੰਜ਼ਿਲ 'ਤੇ ਪਹੁੰਚ ਸਕਦੇ ਹਾਂ ਤੇ ਆਪਣੇ ਗੁਰੂ ਸਾਹਿਬਾਨ ਵੱਲੋਂ ਮਿਥੇ ਨਿਸ਼ਾਨੇ ਦੀ ਪੂਰਤੀ ਕਰਨ ਲਈ ਖ਼ਾਲਸਾਈ ਰਾਜ ਦੀ ਸਥਾਪਨਾ ਕਰਨ ਦੇ ਯੋਗ ਹੋ ਸਕਦੇ ਹਾਂ।

ਆਪਣੇ ਆਪ ਨੂੰ ਅਤੇ ਆਪ ਸਭ ਨੂੰ ਹੋਰ ਦਰੁਸਤ ਦੇਖਣ ਦਾ ਚਾਹਵਾਨ

ਪੰਥ ਦਾ ਦਾਸ—ਗੁਰਬਚਨ ਸਿੰਘ ਮਾਨੋਚਾਹਲ

***

# ਫ਼ਤਹਿਗੜ੍ਹ ਸਾਹਿਬ ਦੇ ਜੋੜ ਮੇਲੇ 'ਤੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦਾ ਕੌਮ ਦੇ ਨਾਂ ਸੰਦੇਸ਼

ਗੁਰੂ ਰੂਪ ਖ਼ਾਲਸਾ ਜੀਉ!

ਅੱਜ ਜਦ ਅਸੀਂ ਦਸਮ ਪਿਤਾ ਦੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲੇ ਸਮੇਂ ਸ੍ਰੀ ਫ਼ਤਹਿਗੜ੍ਹ ਸਾਹਿਬ ਇਕੱਠੇ ਹੋਏ ਹਾਂ ਤਾਂ ਸਾਨੂੰ ਸਿੱਖੀ ਰਵਾਇਤਾਂ ਅਨੁਸਾਰ ਆਪਣੀ ਕੌਮੀ ਸਿਆਸਤ ਵਿਚ ਉਭਰੇ ਮਸਲੇ ਵਿਚਾਰ ਅਧੀਨ ਲਿਆਉਣੇ ਚਾਹੀਦੇ ਹਨ ਕਿਉਂਕਿ ਦਾਸ ਨੂੰ ਸਰਬੱਤ ਖ਼ਾਲਸਾ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਜਥੇਦਾਰੀ ਸੌਂਪੀ ਗਈ ਸੀ। ਇਸ ਲਈ ਮੈਂ ਆਪਣਾ ਪਵਿੱਤਰ ਫ਼ਰਜ਼ ਸਮਝਦਿਆਂ ਆਪਣੀ ਤੁੱਛ ਜਿਹੀ ਬੁੱਧੀ ਨਾਲ ਵਿਚਾਰ ਸਾਂਝੇ ਕਰ ਰਿਹਾ ਹਾਂ। ਕਿਸੇ ਕੌਮ ਦੀ ਸਿਆਸੀ ਲੜਾਈ ਦਾ ਧੁਰਾ ਉਸ ਦਾ ਸਿਆਸੀ ਨਿਸ਼ਾਨਾ ਹੁੰਦਾ ਹੈ ਅਤੇ ਜਿਸ ਕੌਮ ਦੇ ਬਾਸ਼ਿੰਦੇ ਆਪਣੇ ਸਿਆਸੀ ਮਿਸ਼ਨ ਬਾਰੇ ਹੀ ਇਕਮਤ ਨਾ ਹੋਣ, ਉਹ ਰਾਜਨੀਤਕ ਆਪੋ-ਧਾਪੀ ਦਾ ਸ਼ਿਕਾਰ ਕੌਮ ਮੰਨੀ ਜਾਂਦੀ ਹੈ। ਇਸ ਲਈ ਸਭ ਤੋਂ ਪਹਿਲਾਂ ਸਾਨੂੰ ਆਪਣੇ ਰਾਜਨੀਤਕ ਨਿਸ਼ਾਨੇ ਬਾਰੇ ਪੂਰੀ ਤਰ੍ਹਾਂ ਇਕਮਤ ਤੇ ਸਪੱਸ਼ਟ ਹੋਣਾ ਚਾਹੀਦਾ ਹੈ। ਖ਼ਾਲਸਾ ਪੰਥ ਦੀ ਦੁਨੀਆਂ ਵਿਚ ਵਿਲੱਖਣਤਾ ਕੁਝ ਸਪੱਸ਼ਟ ਮੁੱਦਿਆਂ ਉਪਰ ਹੈ। ਇਹਨਾਂ ਵਿਚੋਂ ਇਕ ਮਸਲਾ ਧਰਮ ਤੇ ਰਾਜਨੀਤੀ ਦੇ ਸੰਬੰਧਾਂ ਦਾ ਹੈ। ਦੁਨੀਆਂ ਅੰਦਰ ਬਹੁਤ ਲੋਕ ਹੋਏ ਹਨ ਤੇ ਮੌਜੂਦ ਵੀ ਹਨ, ਜੋ ਧਰਮ ਤੇ ਰਾਜਨੀਤੀ ਨੂੰ ਜੋੜਦੇ ਹਨ ਪਰ ਉਹਨਾਂ ਦਾ ਸਾਡੇ ਨਾਲੋਂ ਬੁਨਿਆਦੀ ਫ਼ਰਕ ਹੈ। ਉਹ ਲੋਕ ਆਪਣੀ ਰਾਜਨੀਤੀ ਦੀ ਖ਼ਾਤਰ ਧਰਮ ਦਾ ਇਸਤੇਮਾਲ ਕਰਦੇ ਹਨ। ਰਾਜਨੀਤਕ ਮਨਸ਼ੇ ਉਹਨਾਂ ਦੇ ਪਹਿਲੇ ਨੰਬਰ 'ਤੇ ਹੁੰਦੇ ਹਨ ਤੇ ਧਰਮ ਦੂਸਰੇ ਨੰਬਰ 'ਤੇ। ਰਾਜਨੀਤੀ ਉਹਨਾਂ ਦਾ ਨਿਸ਼ਾਨਾ ਹੁੰਦਾ ਹੈ ਤੇ ਧਰਮ ਉਹਨਾਂ ਦਾ ਸਾਧਨ। ਪਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਸ਼ੁਰੂ ਕੀਤੇ ਗਏ ਇਸ ਪੰਥ ਨੇ ਸ਼ੁਰੂ ਤੋਂ ਹੀ ਅਜਿਹੇ ਰਾਜਨੀਤੀਵਾਨਾਂ ਦਾ ਵਿਰੋਧ ਕੀਤਾ, ਜੋ ਆਪਣੀ ਮਨੁੱਖਤਾ ਵਿਰੋਧੀ ਸਿਆਸਤ ਨੂੰ ਧਰਮ ਦਾ ਰੰਗ ਦੇ ਕੇ ਅਧਰਮੀ ਕਾਰਜ ਕਰਦੇ ਰਹੇ। ਦਸਮ ਪਿਤਾ ਵੱਲੋਂ ਖ਼ਾਲਸਾ ਪੰਥ ਦੀ ਬਾਕਾਇਦਾ ਗੁਰੂ ਦੀ ਲਾਡਲੀ ਫ਼ੌਜ ਦੇ ਰੂਪ ਵਿਚ ਸਥਾਪਨਾ ਕਰ ਕੇ ਧਰਮ ਦੀ ਕੁਵਰਤੋਂ 'ਤੇ ਰੋਕ ਲਗਾਉਂਦਿਆਂ ਧਰਮ ਮਾਤਹਿਤ ਰਾਜਨੀਤੀ ਦੀ ਨੀਂਹ ਰੱਖੀ। ਸਾਡਾ ਮਸਲਾ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਦਾ ਹੈ ਤੇ ਸਰਬੱਤ ਦੇ ਭਲੇ ਦਾ ਹੈ ਤੇ ਸਾਧਨ ਧਰਮ ਅਧੀਨ ਰਾਜਨੀਤੀ ਹੈ, ਸਿੱਖੀ ਸਿਧਾਂਤ ਅਨੁਸਾਰ ਕਿਹੋ ਜਿਹਾ ਸਮਾਜ ਬਣਨਾ ਚਾਹੀਦਾ ਹੈ, ਕਿਹੋ ਜਿਹਾ ਸਭਿਆਚਾਰ ਚਾਹੀਦਾ ਹੈ ਤੇ ਕਿਹੋ ਜਿਹੀ ਆਰਥਿਕਤਾ ਚਾਹੀਦੀ ਹੈ, ਇਹ ਸਭ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਅੰਦਰ ਮੌਜੂਦ ਹੈ। ਉਹਨਾਂ

ਸਮਾਜਿਕ ਸਿਧਾਂਤਾਂ ਨੂੰ ਕਿਸ ਤਰ੍ਹਾਂ ਲਾਗੂ ਕੀਤਾ ਜਾਵੇ ਅਤੇ ਉਹਨਾਂ ਦੇ ਉਲਟ ਚੱਲਦੀਆਂ ਸਮਾਜਿਕ ਧਾਰਨਾਵਾਂ ਨੂੰ ਕਿਵੇਂ ਖ਼ਤਮ ਕੀਤਾ ਜਾਵੇ, ਇਹ ਸਭ ਕੁਝ ਖ਼ਾਲਸੇ ਦੀ ਰਹਿਤ ਮਰਿਆਦਾ ਤੇ ਬਾਣੇ ਵਿਚ ਮੌਜੂਦ ਹੈ। ਸੋ ਬਾਣੀ ਤੇ ਬਾਣੇ ਦਾ ਪਵਿੱਤਰ ਸੁਮੇਲ ਅੱਜ ਸਾਡੇ ਨਿਸ਼ਾਨੇ ਅਤੇ ਮਸਲਿਆਂ ਬਾਰੇ ਕੋਈ ਭਰਮ ਭੁਲੇਖਾ ਨਹੀਂ ਰਹਿਣ ਦਿੰਦਾ।

ਕਈ ਵਾਰ ਸਾਡੇ 'ਚੋਂ ਬਹੁਤੇ ਲੋਕ ਘਟਨਾਵਾਂ ਦੇ ਚੱਲਦੇ ਪ੍ਰਵਾਹ ਤੋਂ ਪ੍ਰਭਾਵ ਗ੍ਰਹਿਣ ਕਰਦੇ ਹਨ ਅਤੇ ਆਪਣੀ ਸੋਚਣੀ ਨੂੰ ਉਵੇਂ ਹੀ ਢਾਲ ਲੈਂਦੇ ਹਨ। ਉਦਾਹਰਣ ਵਜੋਂ ਰਾਜਨੀਤਕ ਨਿਸ਼ਾਨੇ ਨੂੰ ਪਹਿਲੇ ਨੰਬਰ 'ਤੇ ਰੱਖ ਕੇ ਧਰਮ ਨੂੰ ਸਿਰਫ਼ ਸਾਧਨ ਬਣਾਉਣ ਦੀ ਇਕ ਧਾਰਨਾ ਹੈ ਜਿਸ ਦੇ ਬਹੁਤ ਲੋਕ ਸ਼ਿਕਾਰ ਹਨ। ਉਹ ਆਪਣੇ ਨਿਸ਼ਾਨੇ 'ਤੇ ਬਹਿਸ ਕਰਦਿਆਂ ਬਾਣੀ ਤੇ ਬਾਣੇ ਦਾ ਆਸਰਾ ਲੈਣ ਦੀ ਥਾਂ ਰਾਜਨੀਤਕ ਘਟਨਾਵਾਂ 'ਤੇ ਨਿਰਭਰ ਕਰਦੇ ਹਨ।

ਉਹ ਕਹਿੰਦੇ ਹਨ ਕਿ ਅਸੀਂ ਇਸ ਨਿਸ਼ਾਨੇ ਤਕ ਇਸ ਲਈ ਨਹੀਂ ਪਹੁੰਚ ਸਕਦੇ ਕਿਉਂਕਿ ਸਾਨੂੰ ਇਸ ਲਈ ਮਜਬੂਰ ਕੀਤਾ ਗਿਆ। ਜੇਕਰ ਦੂਜੀ ਧਿਰ ਫਲਾਂ-ਫਲਾਂ ਕਾਰਵਾਈ ਨਾ ਕਰਦੀ ਤਾਂ ਅਸੀਂ ਤਾਂ ਗੁਜ਼ਾਰਾ ਕਰੀ ਹੀ ਜਾਂਦੇ ਸਾਂ। ਇਥੇ ਉਹ ਸਾਬਤ ਕਰਦੇ ਹਨ ਕਿ ਸਾਡਾ ਰਾਜਨੀਤਕ ਨਿਸ਼ਾਨਾ ਸਾਡੀ ਬਾਣੀ ਤੇ ਬਾਣੇ ਨੇ ਨਿਰਧਾਰਤ ਨਹੀਂ ਕੀਤਾ ਬਲਕਿ ਸਾਡੇ ਵਿਰੋਧੀਆਂ ਨੇ ਨਿਰਧਾਰਤ ਕੀਤਾ ਹੈ। ਇਸ ਤਰ੍ਹਾਂ ਦੇ ਸ਼ੱਕ ਕੁਝ ਖਾੜਕੂ ਧਿਰਾਂ ਵਿਚ ਵੀ ਹਨ ਅਤੇ ਅਕਾਲੀ ਧਿਰਾਂ ਵਿਚ ਵੀ। ਇਹ ਲੋਕ ਜ਼ਰੂਰੀ ਨਹੀਂ ਕਿ ਜਾਣ-ਬੁੱਝ ਕੇ ਇੰਝ ਕਰ ਰਹੇ ਹੋਣ, ਬਲਕਿ ਇਹ ਵੀ ਹੋ ਸਕਦਾ ਹੈ ਕਿ ਉਹਨਾਂ 'ਤੇ ਬਾਣੀ ਤੇ ਬਾਣੀ ਦੀ ਪੂਰੀ ਪ੍ਰਭਾਵ ਨਾ ਹੋ ਸਕੀ ਹੋਵੇ।

ਇਸ ਲਈ ਖ਼ਾਲਸਾ ਜੀਉ, ਸਭ ਤੋਂ ਪਹਿਲਾਂ ਸਾਨੂੰ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਸਾਡਾ ਰਾਜਨੀਤਕ ਨਿਸ਼ਾਨਾ, ਸਾਡੇ ਧਾਰਮਿਕ ਆਸ਼ੇ ਤੇ ਮਾਤਹਿਤ ਪਹਿਲਾਂ ਤੋਂ ਹੀ ਤੈਅ ਹੈ। ਜਿਹੜੇ ਲੋਕ ਮੌਜੂਦਾ ਪ੍ਰਚੱਲਿਤ ਰਾਜਨੀਤਕ ਭਾਸ਼ਾ ਦੇ ਹੀ ਸ਼ੌਕੀਨ ਹਨ, ਉਹਨਾਂ ਦੀ ਜਾਣਕਾਰੀ ਵਾਸਤੇ ਮੈਂ ਦੁਹਰਾ ਦੇਵਾਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਨੀਂਹ ਸਾਡੇ ਰਾਜਨੀਤਕ ਆਸ਼ੇ ਦੀ ਨੀਂਹ ਸੀ ਤੇ ਉਸ ਉਪਰ ਇਮਾਰਤ ਸ਼ੁਰੂ ਕੀਤੀ ਗਈ ਸੀ ਖ਼ਾਲਸਾ ਫ਼ੌਜ ਦੀ ਸਥਾਪਨਾ ਨਾਲ ਅਤੇ ਇਸ ਰਸਮ ਸਮੇਂ ਰਣਜੀਤ ਨਗਾਰੇ 'ਤੇ ਚੋਟ, ਭਗਤੀ ਦਾ ਹੀ ਨਹੀਂ ਬਲਕਿ ਸ਼ਕਤੀ ਦਾ ਵੀ ਪੈਗਾਮ ਸੀ। ਦੁਨੀਆਂ ਦੇ ਸਭ ਰਾਜਨੀਤਕ ਸ਼ਾਸਤਰ ਮੰਨਦੇ ਹਨ ਕਿ ਤਖ਼ਤ, ਨਗਾਰੇ ਅਤੇ ਫ਼ੌਜ ਉਸ ਸਮੇਂ ਤੋਂ ਅੱਜ ਤਕ ਰਾਜ ਦੇ ਪ੍ਰਤੀਕ ਹੁੰਦੇ ਹਨ, ਅਧਿਆਤਮਿਕਤਾ ਦੇ ਪ੍ਰਤੀਕ ਨਹੀਂ। ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਜੇਕਰ ਖਾਲਿਸਤਾਨ ਦੇ ਮਸਲੇ ਬਾਰੇ ਆਪਣੇ ਵੱਲੋਂ ਕਿਸੇ ਐਲਾਨ ਕਰਨ ਨੂੰ ਮਹੱਤਵ ਨਹੀਂ ਦਿੰਦੇ ਸਨ ਤਾਂ ਉਸ ਦਾ ਇਹ ਅਰਥ ਨਹੀਂ ਸੀ ਕਿ ਉਹ ਇਸ ਬਾਰੇ ਕਿਸੇ ਜੱਕੋ-ਤੱਕੀ ਵਿਚ ਸਨ। ਸਗੋਂ ਉਹ ਇਸ ਸਵਾਲ ਨੂੰ ਹੀ ਫ਼ਜ਼ੂਲ ਸਮਝਦੇ ਸਨ ਜਿਸ ਸੁਆਲ ਦਾ ਜਵਾਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੇ ਉਸ 'ਤੇ ਪਹਿਰਾ ਦੇ ਰਹੇ ਸਿੰਘਾਂ ਦੇ ਬਾਣੇ ਵਿਚ ਆਪ-ਮੁਹਾਰੇ

ਦਿਖਾਈ ਦਿੰਦਾ ਹੈ। ਜੋ ਤਖ਼ਤਾਂ ਦੇ ਰੂਪ ਵਿਚ ਅੱਜ ਤੇ ਇਤਿਹਾਸ ਦੇ ਰੂਪ ਵਿਚ ਕੱਲ ਦਾ ਸੱਚ ਹੈ, ਉਸ ਬਾਰੇ ਲਗਾਤਾਰ ਬੋਲਣ ਨੂੰ ਮਹਾਂਪੁਰਖ ਜ਼ਰੂਰੀ ਨਹੀਂ ਸਨ ਸਮਝਦੇ। 26 ਜਨਵਰੀ 1986 ਦੇ ਸਰਬੱਤ ਖ਼ਾਲਸਾ ਤੇ ਉਸ ਤੋਂ ਬਾਅਦ ਖ਼ਾਲਸਾਈ ਸੰਘਰਸ਼ ਲਈ ਬਣੀ ਪੰਥਕ ਕਮੇਟੀ ਵੱਲੋਂ ਖ਼ਾਲਿਸਤਾਨ ਦੇ ਮਸਲੇ 'ਤੇ ਪ੍ਰਚਾਰ-ਪ੍ਰਸਾਰ ਦਾ ਮਤਲਬ ਇਹ ਨਹੀਂ ਲਿਆ ਜਾਣਾ ਚਾਹੀਦਾ ਕਿ ਉਹ ਕੋਈ ਨਵਾਂ ਕੰਮ ਕਰ ਰਹੇ ਹਨ ਜਾਂ ਇਹ ਉਹਨਾਂ ਦੇ ਮਨ ਦੀ ਕਾਢ ਹੈ। ਉਹ ਸਿਰਫ਼ ਇਸ ਲਈ ਇਸ 'ਤੇ ਜ਼ੋਰ ਲਗਾ ਰਹੇ ਹਨ ਕਿਉਂਕਿ ਸਿੱਖਾਂ ਦੇ ਭੇਸ ਵਿਚ ਕੁਝ ਅਧਰਮੀ ਲੋਕਾਂ ਤੇ ਕੁਝ ਅਣਜਾਣ ਬੰਦਿਆਂ ਨੇ ਖ਼ਾਲਸਾਈ ਰਾਜਨੀਤਕ ਨਿਸ਼ਾਨੇ ਬਾਰੇ ਭਰਮ ਭੁਲੇਖੇ ਖੜੇ ਕਰ ਦਿੱਤੇ ਹਨ। ਉਹਨਾਂ ਦੀ ਗੰਦੀ ਸਿਆਸਤ ਦੀ ਸਾਡੇ ਪਵਿੱਤਰ ਨਿਸਾਨੇ 'ਤੇ ਚੜ੍ਹੀ ਮੈਲ ਨੂੰ ਧੋਣ ਲਈ ਹਜ਼ਾਰਾਂ ਸਿੰਘਾਂ ਨੇ ਆਪਣੇ ਪਵਿੱਤਰ ਖ਼ੂਨ ਦੀ ਵਰਤੋਂ ਕੀਤੀ ਹੈ ਅਤੇ ਅੱਜ ਉਹ ਨਿਸ਼ਾਨਾ ਫਿਰ ਨਿੱਖਰ ਕੇ ਚਮਕਾਂ ਮਾਰ ਰਿਹਾ ਹੈ। ਨਿਸ਼ਾਨਾ ਉਹੋ ਹੈ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਬੁਨਿਆਦਾਂ ਵਿਚ ਪਿਆ ਹੈ ਤੇ ਜੋ ਦਸਮ ਪਿਤਾ ਨੇ ਸਾਨੂੰ ਗੁੜ੍ਹਤੀ ਵਿਚ ਦਿੱਤਾ ਹੈ। ਤੇ ਅੱਜ ਜਦ ਸਿੰਘਾਂ ਸ਼ਹੀਦਾਂ ਨੇ ਇਸ 'ਤੇ ਚੜ੍ਹੀ ਮੈਲ ਉਤਾਰ ਦਿੱਤੀ ਹੈ ਅਤੇ ਇਹ ਨਿਸ਼ਾਨਾ ਸਾਡੇ ਧਰਮ ਦੀ ਚੜ੍ਹਦੀ ਕਲਾ ਦਾ ਰਾਹ ਰੁਸ਼ਨਾ ਰਿਹਾ ਹੈ ਤਾਂ ਫਿਰ ਸਿਰ ਚੁੱਕ ਰਹੇ ਨੇ ਹਨੇਰੇ ਦੇ ਵਣਜਾਰੇ ਵੱਖ-ਵੱਖ ਰੂਪਾਂ ਵਿਚ। ਅੱਜ ਸ਼ਹੀਦੀ ਜੋੜ ਮੇਲੇ ਵਿਚ ਇਕੱਤਰ ਸੰਗਤਾਂ ਇਹ ਕਸਮ ਲੈਣ ਕਿ ਉਹ ਸ਼ਹੀਦਾਂ ਦੇ ਖ਼ੂਨ ਨੂੰ ਅਜਾਈਂ ਨਹੀਂ ਜਾਣ ਦੇਣਗੀਆਂ ਤੇ ਉਸ ਪਵਿੱਤਰ ਨਿਸ਼ਾਨੇ 'ਤੇ ਮੁੜ ਮੈਲ ਨਹੀਂ ਚੜ੍ਹਨ ਦੇਣਗੀਆਂ।

ਹੁਣ ਮੈਂ ਉਹਨਾਂ ਕੁਝ ਭੁੱਲੜ ਤੇ ਕੁਝ ਬੇਈਮਾਨ ਲੋਕਾਂ ਨਾਲ ਗੱਲ ਕਰਨੀ ਚਾਹੁੰਦਾ ਹਾਂ ਜੋ ਆਪਣੀ ਰਾਜਨੀਤੀ ਦੀ ਖ਼ਾਤਰ ਪੰਥ ਦੀ ਏਕਤਾ ਦੀ ਦੁਹਾਈ ਪਾ ਰਹੇ ਹਨ। ਇਹ ਲੋਕ ਏਕਤਾ ਦਾ ਵਾਸਤਾ ਪਾਉਂਦੇ ਹੋਏ ਸਿੱਖ ਕੌਮ ਨੂੰ ਕੁਝ ਰਾਜਨੀਤਕ ਤੇ ਆਰਥਿਕ ਲਾਲਚਾਂ ਨਾਲ ਭਰਮਾ ਰਹੇ ਹਨ ਅਤੇ ਖਾਲਿਸਤਾਨ ਦੇ ਰਾਜਨੀਤਕ ਲਕਸ਼ ਤੋਂ ਦੂਰ ਕਰਨ ਲਈ ਹੋਣ ਵਾਲੀਆਂ ਆਰਥਿਕ ਹਾਨੀਆਂ ਤੋਂ ਸਿੱਖ ਕੌਮ ਨੂੰ ਭੈਭੀਤ ਕਰ ਰਹੇ ਹਨ। ਮੈਂ ਇਹਨਾਂ ਲੋਕਾਂ ਨੂੰ ਖਬਰਦਾਰ ਕਰਦਾ ਹਾਂ ਕਿ ਹੁਣ ਇਹ ਆਪਣੀ ਖੇਡ ਬੰਦ ਕਰ ਦੇਣ। ਹਾਂ ਜੇਕਰ ਸਿਆਸੀ ਸਰਗਰਮੀਆਂ ਦਾ ਆਪਣਾ ਚੇਟਕ ਛੱਡਣਾ ਨਹੀਂ ਚਾਹੁੰਦੇ ਤੇ ਉਹਨਾਂ ਨੂੰ ਧਾਰਮਿਕ ਮਸਲਿਆਂ 'ਤੇ ਏਕਤਾ ਅਤੇ ਸੰਘਰਸ਼ ਦਾ ਕਾਰਜ ਕਰਨਾ ਚਾਹੀਦਾ ਹੈ। ਇਹਨਾਂ ਲੋਕਾਂ ਨੂੰ ਥੋੜ੍ਹੀ-ਬਹੁਤੀ ਸੰਗ ਆਉਣੀ ਚਾਹੀਦੀ ਹੈ ਕਿ ਜਦ ਬਾਣੀ ਦਾ ਧੁਰਾ ਸ੍ਰੀ ਹਰਿਮੰਦਰ ਸਾਹਿਬ ਸੁਰੱਖਿਆ ਦਸਤਿਆਂ ਦੇ ਕਬਜ਼ੇ ਵਿਚ ਹੈ, ਖ਼ਾਲਸਾਈ ਸਿਆਸਤ ਦਾ ਧੁਰਾ ਸ੍ਰੀ ਅਕਾਲ ਤਖਤ ਸਾਹਿਬ ਅਧੂਰੀ ਹਾਲਤ ਵਿਚ ਖੜਾ ਹੈ ਤਦ ਇਹ ਲੋਕ ਆਪਣੇ ਲਈ ਹੋਰ ਕਾਰਜ ਕੱਢਦੇ ਫਿਰਦੇ ਹਨ। ਇਕ ਪਾਸੇ ਇਹ ਖੇਖਣ ਕਰਦੇ ਹਨ ਕਿ ਉਹ ਖਾੜਕੂ ਸੰਘਰਸ ਦਾ ਸਮਰਥਨ ਕਰਨਗੇ, ਉਹ ਹਰ ਰਾਜਨੀਤਕ ਫ਼ੈਸਲਾ ਜੋ ਖਾੜਕੂ ਤੇ ਹਿੰਦੂ ਰਾਜ ਨਿਬੇੜ ਲੈਣ, ਉਸ ਦੇ ਪਾਬੰਦ ਹੋਣਗੇ ਅਤੇ ਦੂਜੇ ਪਾਸੇ ਵੱਖਰੀ ਡਫਲੀ ਵਜਾਉਣ ਤੋਂ ਬਾਜ ਨਹੀਂ ਆ ਰਹੇ। ਕੋਈ ਵੀ ਅਕਾਲੀ ਦਲ

ਹੋਵੇ, ਚਾਹੇ ਉਹਨਾਂ ਵਿਚੋਂ ਕਿਸੇ ਨੂੰ ਕਿਸੇ ਸਮੇਂ ਖਾੜਕੂਆਂ ਦੀ ਹਮਦਰਦੀ ਹਾਸਲ ਵੀ ਕਿਉਂ ਨਾ ਰਹੀ ਹੋਵੇ, ਇਸ ਭੁਲੇਖੇ ਵਿਚੋਂ ਨਿਕਲ ਜਾਵੇ ਕਿ ਖ਼ਾਲਸੇ ਦੀ ਰਾਜਨੀਤਕ ਹੋਣੀ ਦਾ ਫ਼ੈਸਲਾ ਹੁਣ ਉਹਨਾਂ ਦੇ ਹੱਥ ਵਿਚ ਹੈ। ਜਦ ਤਕ ਉਹਨਾਂ ਦਾ ਦਾਅ ਲੱਗਦਾ ਰਿਹਾ, ਉਹਨਾਂ ਆਪੋ ਆਪਣੀ ਰਾਜਨੀਤੀ ਲਈ ਧਰਮ ਨੂੰ ਵਰਤਿਆ ਹੈ। ਅੱਜ ਸਾਡਾ ਧਰਮ ਮੰਗ ਕਰ ਰਿਹਾ ਹੈ ਕਿ ਆਪਣੇ ਆਪ ਨੂੰ ਧਰਮ ਦੇ ਅਧੀਨ ਪੇਸ਼ ਕਰੋ। ਅੱਜ ਤੋਂ ਉਹਨਾਂ ਦੀ ਆਪਣੀ ਕੋਈ ਰਾਜਨੀਤੀ ਜੋ ਧਰਮ ਦੇ ਹਾਣ ਦੀ ਨਾ ਹੋਵੇ, ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਜਦ ਖ਼ਾਲਸਾ ਪੰਥ ਦੇ ਆਸ਼ੇ ਦੇ ਮੁਤਾਬਕ ਖਾੜਕੂ ਸਿੰਘ ਸਿਰ ਤਲੀ 'ਤੇ ਧਰ ਕੇ ਧਰਮ ਅਧੀਨ ਰਾਜਨੀਤਕ ਜੰਗ ਲੜ ਰਹੇ ਹਨ ਤਾਂ ਉਹਨਾਂ ਦੇ ਸਮਾਨਾਂਤਰ ਕੋਈ ਵੀ ਰਾਜਨੀਤਕ ਧੜਾ ਖ਼ਾਲਸਾਈ ਨਿਸ਼ਾਨੇ ਅਤੇ ਸਿੱਖ ਕੌਮ ਦਾ ਦੁਸ਼ਮਣ ਕਰਾਰ ਦਿੱਤਾ ਜਾਵੇਗਾ। ਇਸ ਲਈ ਮੈਂ ਇਹ ਸਪੱਸ਼ਟ ਸੰਕੇਤ ਦੇਣਾ ਚਾਹੁੰਦਾ ਹਾਂ ਕਿ ਅੱਜ ਤੋਂ ਸਿੱਖ ਕੌਮ ਦੀ ਸਿਰਫ਼ ਇਕ ਹੀ ਰਾਜਨੀਤਕ ਧਿਰ ਦੁਨੀਆਂ ਨੂੰ ਨਜ਼ਰ ਆਉਣੀ ਚਾਹੀਦੀ ਹੈ ਤੇ ਉਹ ਧਿਰ ਹੈ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਜੂਝ ਰਹੀ ਖਾੜਕੂ ਧਿਰ। ਕਿਸੇ ਕੰਨੀਂ ਇਹ ਗੱਲ ਸਿਰਕਣੀ ਵੀ ਨਹੀਂ ਚਾਹੀਦੀ ਕਿ ਸਿੱਖ ਕੌਮ ਦੇ ਅਨੇਕ ਰਾਜਨੀਤਕ ਨਿਸ਼ਾਨੇ ਹਨ ਅਤੇ ਅਨੇਕਾਂ ਰਾਜਨੀਤਕ ਧਿਰਾਂ ਹਨ। ਸੋ, ਸੌ ਹੱਥ ਰੱਸਾ, ਸਿਰੇ 'ਤੇ ਗੰਢ। ਅੱਜ ਤੋਂ ਅਕਾਲੀ ਦਲਾਂ ਨੂੰ ਇਕ ਰਾਜਨੀਤਕ ਪਾਰਟੀ ਦੇ ਤੌਰ 'ਤੇ ਆਪਣਾ ਭੋਗ ਪਾ ਦੇਣਾ ਚਾਹੀਦਾ ਹੈ। ਉਹਨਾਂ ਦੀ ਮੌਜੂਦਗੀ ਸਿੱਖ ਰਾਜਨੀਤੀ ਵਿਚ ਘਚੋਲਾ ਖੜਾ ਕਰ ਰਹੀ ਹੈ ਤੇ ਦੁਨੀਆਂ ਵਿਚ ਸਿੱਖਾਂ ਦੀ ਇਕਸੁਰਤਾ ਤੇ ਇਕਜੁਟਤਾ ਨੂੰ ਸ਼ੱਕੀ ਬਣਾ ਰਹੀ ਹੈ। ਇਸ ਲਈ ਮੈਂ ਆਸ ਕਰਦਾ ਹਾਂ ਕਿ ਕੱਲ 26 ਦਸੰਬਰ ਨੂੰ ਸਭ ਅਕਾਲੀ ਦਲ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਨੂੰ ਮੁੱਖ ਰੱਖਦਿਆਂ ਆਪਣੇ ਰਾਜਨੀਤਕ ਲਾਲਚਾਂ ਦਾ ਤਿਆਗ ਕਰਨਗੇ ਅਤੇ ਖਾੜਕੂ ਸਿੰਘਾਂ ਨੂੰ ਇਸ ਸੰਘਰਸ਼ਮਈ ਦੌਰ ਵਿਚ ਪੰਥ ਦੀ ਅਗਵਾਈ ਕਰਨ ਲਈ ਨਿਰਵਿਘਨ ਮੌਕਾ ਪ੍ਰਦਾਨ ਕਰਨਗੇ।

ਰਹੀ ਗੱਲ ਇਹਨਾਂ ਬੇਰੁਜ਼ਗਾਰ ਸਿਆਸੀ ਕਾਰਕੁਨਾਂ ਦੇ ਮੁੜ ਵਸੇਬੇ ਦੀ, ਉਹ ਸਾਰੇ ਅਕਾਲੀ ਵਰਕਰ ਜੋ ਕਿਸੇ ਨਾ ਕਿਸੇ ਰੂਪ ਵਿਚ ਖ਼ਾਲਸਾਈ ਸੰਘਰਸ਼ ਵਿਚ ਹਿੱਸਾ ਪਾਉਣਾ ਚਾਹੁੰਦੇ ਹਨ, ਉਹਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਮੁਕਤੀ ਅਤੇ ਇਹਨਾਂ ਦੀ ਖ਼ਾਲਸਾਈ ਸ਼ਾਨ ਨੂੰ ਮੁੜ ਬਹਾਲ ਕਰਨ ਦੇ ਯਤਨਾਂ ਨੂੰ ਪਹਿਲ ਦੇਣੀ ਚਾਹੀਦੀ ਹੈ। ਸ਼ਹੀਦ ਸਿੰਘਾਂ ਤੇ ਗੁਪਤਵਾਸ ਹੋਏ ਖਾੜਕੂਆਂ ਦੇ ਪਰਿਵਾਰਾਂ ਦੀ ਦੇਖ-ਰੇਖ ਤੇ ਮੁੜ ਵਸੇਬੇ ਦਾ ਕੰਮ ਹੱਥੀਂ ਲੈਣਾ ਚਾਹੀਦਾ ਹੈ। ਸ਼ਹੀਦਾਂ ਦੇ ਨਿਸ਼ਾਨ ਝੁਲਾਉਣੇ ਚਾਹੀਦੇ ਹਨ ਤੇ ਸਿੱਖੀ ਦਾ ਪ੍ਰਚਾਰ ਕਰਨਾ ਚਾਹੀਦਾ ਹੈ। ਇਹ ਸਭ ਕੁਝ ਕਰਦਿਆਂ ਉਹਨਾਂ ਨੂੰ ਅਕਾਲੀ ਦਲਾਂ ਦੇ ਰਾਜਨੀਤਕ ਫੱਟਿਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਹਾਂ, ਮੌਜੂਦਾ ਸੰਘਰਸ਼ ਦੀ ਸਫਲਤਾ ਤੋਂ ਬਾਅਦ ਸਿਰਜੇ ਗਏ ਨਵੇਂ ਖ਼ਾਲਸਾਈ ਰਾਜ ਵਿਚ ਹਰ ਇਕ ਨੂੰ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਆਪੋ ਆਪਣੀਆਂ ਧਾਰਨਾਵਾਂ ਤਹਿਤ ਰਾਜਨੀਤਕ ਸੰਸਥਾਵਾਂ ਸਥਾਪਤ ਕਰਨ ਦੀ ਸੁਤੰਤਰਤਾ ਦਿੱਤੀ ਜਾਵੇਗੀ ਅਤੇ ਵੱਖਰੀ

ਡਫਲੀ ਵਜਾਉਣ ਦੇ ਸ਼ੌਕੀਨਾਂ ਨੂੰ ਉਸ ਵੇਲੇ ਲੋਕਰਾਜੀ ਹੱਕ ਪ੍ਰਦਾਨ ਕਰਨ 'ਤੇ ਸਾਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।

ਅੱਜ ਮੈਂ ਸਿਰਫ਼ ਇਸੇ ਹੀ ਮੁੱਦੇ 'ਤੇ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਰਾਜਨੀਤਕ ਜੰਗ ਦੇ ਇਸ ਦੌਰ ਵਿਚ ਜੇਕਰ ਤੁਸੀਂ ਖ਼ਾਲਸਾ ਪੰਥ ਦੀ ਜਿੱਤ ਦੀ ਦਿਲੋਂ ਕਾਮਨਾ ਕਰਦੇ ਹੋ ਤਾਂ ਬਿਨਾਂ ਦੇਰ ਐਲਾਨ ਕਰੋ ਕਿ ਖਾੜਕੂਆਂ ਤੋਂ ਬਿਨਾਂ ਪੰਥ ਦੀ ਕੋਈ ਹੋਰ ਨੁਮਾਇੰਦਾ ਰਾਜਨੀਤਕ ਪਾਰਟੀ ਨਹੀਂ ਹੈ ਤੇ ਅੱਜ ਤੋਂ ਕੋਈ ਅਕਾਲੀ ਦਲ ਆਪਣੇ ਆਪ ਨੂੰ ਰਾਜਨੀਤਕ ਧਿਰ ਨਹੀਂ ਮੰਨੇਗਾ ਅਤੇ ਅਕਾਲੀ ਦਲ ਬਾਕਾਇਦਾ ਤੌਰ 'ਤੇ ਭੰਗ ਕੀਤੇ ਜਾਣ। ਇਹੋ ਹੀ ਗੁਜ਼ਾਰਿਸ਼ ਮੇਰੀ ਫੈਡਰੇਸ਼ਨ ਦੇ ਉਹਨਾਂ ਦੋ ਧੜਿਆਂ ਨੂੰ ਹੈ ਜੋ ਅੱਜ ਕਲ੍ਹ ਅਕਾਲੀਆਂ ਵਾਂਗ ਹੀ ਵੱਖਰੇ ਰਾਜਨੀਤਕ ਧੜੇ ਬਣਾਉਣ ਵਿਚ ਰੁੱਝੇ ਹੋਏ ਹਨ। ਆਓ, ਸਾਰੇ ਪੰਥ ਦੀ ਚੜ੍ਹਦੀ ਕਲਾ ਲਈ ਉਸ ਦੇ ਰਸਤੇ ਵਿਚੋਂ ਰੋੜੇ ਚੁਣ ਬਾਹਰ ਸੁੱਟੀਏ ਤੇ ਜੈਕਾਰੇ ਬੁਲਾਈਏ।

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

—ਗੁਰਬਚਨ ਸਿੰਘ ਖ਼ਾਲਸਾ ਮਾਣੋਚਾਹਲ

* * *

# ਸਰਬੱਤ ਖ਼ਾਲਸਾ-ਫ਼ਰਵਰੀ 1986

ਪਰਮ ਸਤਿਕਾਰਯੋਗ ਖ਼ਾਲਸਾ ਜੀਓ!

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

'ੴ ਸਤਿਨਾਮ' ਦੀ ਵਿਚਾਰਧਾਰਾ ਨੂੰ ਮੰਨਣ ਵਾਲੇ ਅਤੇ ਉਸ ਦੀ 'ਰਜ਼ਾ' (ਹੁਕਮ) ਅਨੁਸਾਰ ਚੱਲਣ ਵਾਲੇ ਗੁਰਸਿੱਖਾਂ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਇਤਿਹਾਸਕ ਅਸਥਾਨ 'ਤੇ ਹੋ ਰਿਹਾ ਅੱਜ ਦਾ ਇਹ ਸਮਾਗਮ ਸਮੁੱਚੇ ਸਿੱਖ ਜਗਤ ਨੂੰ ਪੇਸ਼ ਸਮੱਸਿਆਵਾਂ ਉੱਤੇ ਸਾਂਝੀ ਵਿਚਾਰ ਬਣਾਉਣ ਅਤੇ ਪੈਂਤੜਾ ਉਲੀਕਣ ਲਈ ਅਸਲੀ ਸਿੱਖ ਪਰੰਪਰਾਵਾਂ ਦਾ ਪ੍ਰਗਟਾਵਾ ਹੈ। ਸਰਬੱਤ ਖ਼ਾਲਸਾ ਜੀ ਦੇ ਸਮਾਗਮਾਂ ਦੀਆਂ ਇਹਨਾਂ ਪਰੰਪਰਾਵਾਂ ਵਿਚ ਆਤਮਾ ਦੀ ਆਵਾਜ਼ ਦਾ ਸਤਿਕਾਰ ਇਕ ਮੁੱਢਲਾ ਸਿਧਾਂਤ ਰਿਹਾ ਹੈ। ਆਤਮਾ ਦੀ ਇਸ ਆਵਾਜ਼ ਨੂੰ ਨਸ਼ਟ ਕਰਨ ਲਈ ਅੱਜ ਸਿੱਖਾਂ ਤੇ ਸਿੱਖ ਸਿਧਾਂਤਾਂ ਉੱਤੇ ਕਈ ਪਾਸਿਆਂ ਤੋਂ ਮਾਰੂ ਹਮਲੇ ਹੋ ਰਹੇ ਹਨ।

'ਰਾਜ ਬਿਨਾਂ ਨਹਿ ਧਰਮ ਚਲੈ ਹੈਂ, ਧਰਮ ਬਿਨਾਂ ਸਭ ਦਲੇ ਮਲੇ ਹੈਂ' ਦੇ ਸੁਨਹਿਰੀ ਅਸੂਲ ਦੀ ਮਹਾਨਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਿੱਛੋਂ ਕਾਰਨ ਪ੍ਰਤੱਖ ਰੂਪ ਵਿਚ ਸਾਹਮਣੇ ਆ ਗਈ ਸੀ। ਸ਼ਹੀਦਾਂ ਦੇ ਸਿਰਤਾਜ, ਆਪਣੇ ਪਿਤਾ ਜੀ ਦੇ ਆਦੇਸ਼ਾਂ ਅਨੁਸਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉਸ ਸਮੇਂ ਸੇਹਲੀ ਟੋਪੀ ਤੇ ਮੰਡੀ ਤਿਆਗ ਕੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ, ਸੀਸ 'ਤੇ ਦਸਤਾਰ ਤੇ ਕਲਗੀ, ਬੈਠਣ ਲਈ ਤਖ਼ਤ, ਸ਼ਸਤਰ, ਅੰਗ ਰੱਖਿਅਕ, ਘੋੜੇ, ਨਗਾਰਾ ਅਤੇ ਨਿਸ਼ਾਨ ਸਾਹਿਬ ਦੀ ਵਰਤੋਂ ਕਰ ਕੇ ਮੀਰੀ ਪੀਰੀ ਤੇ ਸੰਤ ਸਿਪਾਹੀ ਦੇ ਰੂਪ ਵਿਚ ਵਿਚਰਨਾ ਆਰੰਭਿਆ ਤਾਂ ਜੋ 'ਸੰਤ ਉਬਾਰਨ ਦੁਸ਼ਟ ਸੰਘਾਰਨ' ਦੇ ਨਿਸ਼ਾਨੇ ਨੂੰ ਅਮਲੀ ਰੂਪ ਦਿੱਤਾ ਜਾ ਸਕੇ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਿਰਜਣਾ ਕਰ ਕੇ ਦਿੱਲੀ ਦਰਬਾਰ ਨੂੰ ਇਹ ਦੱਸ ਦਿੱਤਾ ਸੀ ਕਿ ਸਿੱਖ ਕਿਸੇ ਮਨੁੱਖ ਨੂੰ ਨਹੀਂ ਸਗੋਂ ਕੇਵਲ ਤੇ ਕੇਵਲ ਅਕਾਲ ਪੁਰਖ ਨੂੰ ਹੀ ਸੱਚਾ ਪਾਤਸ਼ਾਹ ਮੰਨਦੇ ਹਨ ਅਤੇ ਉਹਨਾਂ ਦਾ ਨਿਸ਼ਾਨਾ ਇਸ ਧਰਤੀ 'ਤੇ ਝੂਠੇ ਰਾਜ ਦੀ ਥਾਂ ਇਕ ਅਜਿਹਾ ਸੱਚਾ ਤੇ ਖ਼ਾਲਸ ਰਾਜ ਸਥਾਪਤ ਕਰਨਾ ਹੈ ਜਿਸ ਵਿਚ ਝੂਠ, ਫ਼ਰੇਬ ਤੇ ਧੱਕੇਸ਼ਾਹੀ ਦੀ ਕੋਈ ਥਾਂ ਨਾ ਹੋਵੇ ਅਤੇ ਜਿਥੇ ਸੱਚ, ਦਇਆ, ਸੰਤੋਖ, ਸਾਧਨਾ, ਸੂਝ, ਗਿਆਨ, ਪ੍ਰੇਮ ਤੇ ਭੈਅ ਦਾ ਪਹਿਰਾ ਹੋਵੇ ਅਤੇ ਇਹਨਾਂ ਗੁਣਾਂ ਦਾ ਵਿਨਾਸ਼ ਕਰਨ ਵਾਲੀਆਂ



ਸ਼ਕਤੀਆਂ ਨੂੰ ਕਰਾਰੀ ਹਾਰ ਦੇਣ ਦਾ ਬਲ। ਇਸ ਤਰ੍ਹਾਂ ਸਿੱਖਾਂ ਨੇ ਆਪਣੇ ਧਾਰਮਿਕ, ਰਾਜਨੀਤਕ, ਸਭਿਆਚਾਰਕ ਮਸਲੇ ਨਜਿੱਠਣ ਲਈ ਅਤੇ ਪੰਥਕ ਮਾਰਗ 'ਤੇ ਦ੍ਰਿੜ੍ਹਤਾ ਨਾਲ ਚੱਲਣ ਲਈ ਅੰਮ੍ਰਿਤਸਰ ਸਾਹਿਬ ਵਿਖੇ ਇਕ ਕੇਂਦਰ ਸਥਾਪਿਤ ਕੀਤਾ ਸੀ।

ਗੁਰੂ ਕਾਲ ਤੋਂ ਪਿੱਛੋਂ ਗੁਰਸਿੱਖਾਂ ਨੇ ਰਾਜਨੀਤਕ, ਧਾਰਮਿਕ ਤੇ ਆਮ ਗ੍ਰਹਿਸਤੀ ਸਮੱਸਿਆਵਾਂ ਨਜਿੱਠਣ ਲਈ ਅਤੇ ਸੰਕਟਮਈ ਸਥਿਤੀਆਂ ਦਾ ਟਾਕਰਾ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਅਸਥਾਨ 'ਤੇ ਸਮੇਂ-ਸਮੇਂ ਸਰਬੱਤ ਖ਼ਾਲਸਾ ਸਮਾਗਮ ਕਰਨ ਦੀ ਪਰੰਪਰਾ ਤੋਰੀ ਜੋ ਮਨੁੱਖੀ ਇਤਿਹਾਸ ਵਿਚ ਲੋਕ-ਰਾਜੀ ਤੇ ਮਾਨਵਵਾਦੀ ਪਰੰਪਰਾਵਾਂ ਦੀ ਸਿਖਰ ਸੀ। ਇਹਨਾਂ ਸਮਾਗਮਾਂ ਦੇ ਫ਼ੈਸਲੇ ਮਨੁੱਖੀ ਇਤਿਹਾਸ ਵਿਚ ਸੱਚ ਦੇ ਪ੍ਰਤੀਕ ਬਣੇ ਜੋ ਹਰ ਮਨੁੱਖੀ ਆਤਮਾ ਵਿਚ ਇਕੋ ਰੂਪ ਵਿਚ ਵਿਚਰਦਾ ਹੈ ਤੇ ਜਿਸ ਨੂੰ 'ਕੂੜ ਨਿਖੁਟੇ ਨਾਨਕਾ ਓੜਕਿ ਸਚੁ ਰਹੀ' ਦੀ ਧਾਰਨਾ ਨਾਲ ਦਰਸਾਇਆ ਜਾ ਸਕਦਾ ਹੈ।

'ਪਰਚਾ ਸਬਦ ਕਾ, ਪੂਜਾ ਅਕਾਲ ਕੀ, ਦੀਦਾਰ ਖ਼ਾਲਸੇ ਕਾ' ਇਹ ਸਬਦ ਖ਼ਾਲਸਾ ਪੰਥ ਦੇ ਵਾਲੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅਕਾਲ ਚਲਾਣੇ ਸਮੇਂ ਸਿੱਖਾਂ ਨੂੰ ਆਮ ਜੀਵਨ ਵਿਚ ਸੱਚੇ ਮਾਰਗ 'ਤੇ ਚੱਲਣ ਲਈ ਸੇਧ ਦੇਣ ਵਜੋਂ ਕਹੇ ਸਨ। ਇਸੇ ਸੇਧ ਸਦਕਾ ਧਰਤੀ ਦੇ ਇਸ ਖਿੱਤੇ ਵਿਚ ਅਕਾਲ ਪੁਰਖ ਦੇ ਤਖ਼ਤ (ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਸਰਦਾਰੀ ਹੇਠ ਧਰਮ ਦੇ ਰਾਜ ਦੀ ਥੋੜਾ ਸਮਾਂ ਸਥਾਪਨਾ ਹੋਈ।

1947 ਪਿਛੋਂ ਬ੍ਰਾਹਮਣ-ਬਾਣੀਆਂ ਦੀ ਰਾਜਸੱਤਾ 'ਤੇ ਸਰਦਾਰੀ ਕਾਰਨ ਕੁਝ ਸਿੱਖਾਂ ਅੰਦਰ ਲਾਲਚ, ਹਉਮੈ, ਕੂੜ, ਮੱਕਾਰੀ, ਕਾਇਰਤਾ ਤੇ ਕੱਚ ਦਾ ਇੰਨਾ ਡੂੰਘਾ ਪ੍ਰਵੇਸ਼ ਹੋ ਗਿਆ ਹੈ ਕਿ ਸਿੱਖ ਸਮਾਜ 'ਤੇ ਹਾਵੀ ਲੋਕਾਂ ਅੰਦਰ ਸੱਚ ਤੇ ਕੱਚ ਨੂੰ ਪਰਖਣ ਦੀ ਸੂਝ ਭੀ ਮੱਠੀ ਪਈ ਜਾਪਦੀ ਹੈ। ਇਹਨਾਂ ਕਮਜ਼ੋਰੀਆਂ ਦਾ ਲਾਭ

ਉਠਾ ਕੇ ਭਾਰਤ ਦੇ ਬ੍ਰਾਹਮਣਾਂ-ਬਾਣੀਆਂ ਨੇ ਦਿੱਲੀ ਦਰਬਾਰ ਦੀ ਸ਼ਕਤੀ ਵਰਤ ਕੇ ਸਿੱਖ ਸਿਧਾਂਤ, ਗੁਰਧਾਮਾਂ ਅਤੇ ਅਜੋਕੇ ਸਮਾਜ ਵਿਚ ਸਿੱਖ ਹੱਕਾਂ ਨੂੰ ਕੁਚਲਿਆ। ਨਰਕਧਾਰੀਆਂ ਤੇ ਪੰਜਾਬ ਦੇ ਆਰੀਆ ਸਮਾਜੀਆਂ ਰਾਹੀਂ ਸਿੱਖ ਸਿਧਾਂਤ, ਸਭਿਆਚਾਰ ਤੇ ਸਿੱਖਾਂ ਦੀ ਕਿਰਤ ਕਮਾਈ ਉੱਤੇ ਵੱਡੇ ਹੱਲੇ ਕੀਤੇ ਅਤੇ ਛਾਪੇ ਮਾਰੇ, ਜਿਸ ਨੂੰ ਅੱਜ ਦੀ ਬੋਲੀ ਵਿਚ ਸਾਮਰਾਜਸ਼ਾਹੀ ਲੁੱਟ ਦਾ ਨਾਂ ਦਿੱਤਾ ਜਾ ਸਕਦਾ ਹੈ। ਸਿੱਖ ਬਹੁ-ਗਿਣਤੀ ਵੱਸੋਂ ਵਾਲੇ ਪੰਜਾਬ ਦੇ ਇਲਾਕਿਆਂ, ਪਾਣੀਆਂ, ਬਿਜਲੀ ਤੇ ਜਿਨਸਾਂ ਦੀ ਪੈਦਾਵਾਰ ਉੱਤੇ ਬ੍ਰਾਹਮਣਾਂ-ਬਾਣੀਆਂ ਅਤੇ ਦੂਜਿਆਂ ਪ੍ਰਾਂਤਾਂ ਦਾ ਕਬਜ਼ਾ ਕਰਵਾਇਆ ਗਿਆ ਹੈ ਅਤੇ ਭਾਰਤ ਦੇ ਕਾਨੂੰਨਾਂ ਦੀ ਉਲੰਘਣਾ ਕਰ ਕੇ ਸਿੱਖਾਂ ਦੇ ਇਹ ਹੱਕ ਖੋਹਣ ਦੀ ਦਿੱਲੀ ਦਰਬਾਰ ਦੇ ਹਾਕਮਾਂ ਦੀ ਇਹ ਪ੍ਰਵਿਰਤੀ ਅਜੇ ਵੀ ਜਾਰੀ ਹੈ।

ਪੰਜਾਬ ਦਾ ਫਿਰਕਾਪ੍ਰਸਤ ਬਾਣੀਆਂ, ਪੰਜਾਬੀ ਬੋਲੀ ਮੰਨਣ ਤੋਂ ਇਨਕਾਰੀ ਹੋਇਆ ਤੇ ਇਸ ਨੇ ਕੁਝ ਦਰਬਾਰਾ ਸਿੰਘ ਵਰਗੇ ਕਾਂਗਰਸੀ ਸਿੱਖਾਂ ਨੂੰ ਨਾਲ ਰਲਾ ਕੇ ਸਿੱਖ ਵੱਸੋਂ ਵਾਲੇ ਇਲਾਕੇ ਪੰਜਾਬੋਂ ਬਾਹਰ ਰੱਖਣ ਅਤੇ ਪੰਜਾਬ ਦੇ ਪਾਣੀ, ਬਿਜਲੀ ਤੇ ਡੈਮਾਂ ਨੂੰ ਕੇਂਦਰ ਜਾਂ ਦੂਜਿਆਂ ਪ੍ਰਾਂਤਾਂ ਨੂੰ ਸੌਂਪਣ ਲਈ ਜ਼ੋਰ ਲਾਇਆ ਅਤੇ ਅਖ਼ਬਾਰਾਂ ਉੱਤੇ ਆਪਣੇ ਕਬਜ਼ੇ ਦੀ ਦੁਰਵਰਤੋਂ ਕਰ ਕੇ ਇਹਨਾਂ ਸਿੱਖ ਮਾਰੂ ਤੱਥਾਂ ਦੀ ਭਾਰੀ ਵਕਾਲਤ ਕੀਤੀ। ਇਸ ਤਰ੍ਹਾਂ ਪੰਜਾਬ ਦੇ ਆਰੀਆ ਸਮਾਜੀਆਂ ਤੇ ਫ਼ਿਰਕਾਪ੍ਰਸਤ ਬਾਣੀਆਂ ਨੇ ਪੰਜਾਬ ਦੇ ਹਿੱਤਾਂ ਨਾਲ ਗੱਦਾਰੀ ਕੀਤੀ ਤੇ ਆਪਣੀ ਸ਼ੈਤਾਨ ਪ੍ਰਵਿਰਤੀ ਰਾਹੀਂ ਸਿੱਖਾਂ ਨੂੰ ਅੱਤਵਾਦੀ, ਆਤੰਕਵਾਦੀ ਤੇ ਵੱਖਵਾਦੀ ਗਰਦਾਨਿਆ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਹਿਯੋਗੀਆਂ ਨੂੰ ਕਤਲ ਕਰਨ, ਸਿੱਖ ਗੁਰਧਾਮ ਬਰਬਾਦ ਕਰਨ ਅਤੇ ਸ੍ਰੀ ਹਰਿਮੰਦਰ ਸਾਹਿਬ ਉੱਤੇ ਫ਼ੌਜੀ ਹਮਲੇ ਦਾ ਸਮਰਥਨ ਕੀਤਾ।

ਸਰਬੱਤ ਖਾਲਸਾ ਜੀ ਦਾ ਇਹ ਸਮਾਗਮ ਪੰਜਾਬ ਦੇ ਉਹਨਾਂ ਸਾਰੇ ਵਸਨੀਕਾਂ ਨੂੰ ਜਿਨ੍ਹਾਂ ਨੇ ਪੰਜਾਬ ਦੇ ਸਿੱਖਾਂ ਦੇ ਹੱਕ ਖੁਹਾਉਣ ਦੀ ਵਕਾਲਤ ਕੀਤੀ, ਨੂੰ ਪੰਜਾਬ ਦਾ ਗੱਦਾਰ ਮੰਨਦਾ ਹੈ ਅਤੇ ਸਿੱਖ ਸੰਗਤਾਂ ਨੂੰ ਬੇਨਤੀ ਕਰਦਾ ਹੈ ਕਿ ਅਜਿਹੇ ਲੋਕਾਂ ਨਾਲੋਂ ਆਪਣਾ ਨਾਤਾ ਤੋੜਨ ਦਾ ਯਤਨ ਕਰਨ। ਉਹਨਾਂ ਲੋਕਾਂ ਪਾਸੋਂ ਨਾ ਹੀ ਕੋਈ ਚੀਜ਼ ਖ਼ਰੀਦਣ ਅਤੇ ਨਾ ਹੀ ਉਹਨਾਂ ਨੂੰ ਕੋਈ ਚੀਜ਼ ਵੇਚਣ।

1978 ਤੋਂ ਦਮਦਮੀ ਟਕਸਾਲ ਦੇ ਚੌਧਵੇਂ ਜੱਥੇਦਾਰ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਇਹਨਾਂ ਸਿੱਖ ਵਿਰੋਧੀ ਰੁਚੀਆਂ ਨੂੰ ਠੱਲ੍ਹ ਪਾਉਣ ਲਈ ਸਿੱਖਾਂ ਨੂੰ ਲਾਮਬੰਦ ਕੀਤਾ। ਪਰ ਸਰਕਾਰ ਅਤੇ ਫ਼ਿਰਕਾਪ੍ਰਸਤ ਬਾਣੀਆਂ ਨੇ ਪ੍ਰਚਾਰ ਸਾਧਨਾਂ ਦੀ ਦੁਰਵਰਤੋਂ ਕਰ ਕੇ ਰੇਡੀਓ, ਟੈਲੀਵਿਜ਼ਨ ਅਤੇ ਅਖ਼ਬਾਰਾਂ ਰਾਹੀਂ ਸਿੱਖਾਂ ਨੂੰ ਅਤੇ ਸਿੱਖਾਂ ਦੇ ਸਮਰਥਕਾਂ ਨੂੰ ਅੱਤਵਾਦੀ, ਵੱਖਵਾਦੀ, ਆਤੰਕਵਾਦੀ ਅਤੇ ਹੋਰ ਅਨੇਕਾਂ ਮੰਦੇ ਅੱਖਰਾਂ ਵਿਚ ਪੇਸ਼ ਕੀਤਾ ਅਤੇ ਹੀਰਿਆਂ ਵਰਗੇ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਨਾ ਆਰੰਭਿਆ ਤੇ ਉਸ ਦੀ ਵਕਾਲਤ ਕੀਤੀ।

ਦੂਸਰੇ ਪਾਸੇ ਲੌਂਗੋਵਾਲ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਬਜ਼ ਧੜਿਆਂ ਨੇ ਵੀ ਅੰਦਰਖਾਤੇ ਧਰਮ ਯੁੱਧ ਮੋਰਚੇ ਸਮੇਂ ਫ਼ਿਰਕਾਪ੍ਰਸਤ ਬ੍ਰਾਹਮਣਾਂ, ਬਾਣੀਆਂ ਅਤੇ ਦਿੱਲੀ ਦਰਬਾਰ ਨਾਲ ਪੂਰਾ ਤਾਲਮੇਲ ਰੱਖਿਆ। ਇਹਨਾਂ ਧੜਿਆਂ ਦੀ ਸ਼ਹਿ 'ਤੇ ਸਿੱਖ ਜਗਤ ਵਿਚ ਫੁੱਟ ਤੇ ਭੁਲੇਖੇ ਪਾ ਕੇ ਦਿੱਲੀ ਦਰਬਾਰ ਨੇ ਜੂਨ 1984 ਵਿਚ ਸਿੱਖਾਂ ਵਿਰੁੱਧ ਜੰਗ ਦਾ ਐਲਾਨ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਸਮੂਹ 'ਤੇ ਫ਼ੌਜੀ ਹਮਲਾ ਕੀਤਾ। ਇਸ ਹਮਲੇ ਵਿਚ ਭਾਰਤੀ ਫ਼ੌਜ ਨੇ ਟੈਂਕ, ਤੋਪਾਂ, ਹਵਾਈ ਜਹਾਜ਼ ਅਤੇ ਜ਼ਹਿਰੀਲੀਆਂ ਗੈਸਾਂ ਵਰਤ ਕੇ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ਾਰਾਂ ਸਰੂਪਾਂ ਤੇ ਅਨੇਕਾਂ ਵੱਡਮੁੱਲੀਆਂ ਵਸਤਾਂ ਨਸ਼ਟ ਕੀਤੀਆਂ, ਤੋਸ਼ਾਖ਼ਾਨਾ ਤੇ ਗੋਲਕਾਂ ਲੁੱਟੀਆਂ, ਦਮਦਮੀ ਟਕਸਾਲ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਯੋਧੇ ਅਤੇ ਹੋਰ ਹਜ਼ਾਰਾਂ ਸਿੱਖ ਬੱਚੇ, ਇਸਤਰੀਆਂ, ਮਰਦ ਅਤੇ ਸਿੱਖ ਫ਼ੌਜੀ ਵੀਰ ਸ਼ਹੀਦ ਕੀਤੇ। ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਅਤੇ ਬਾਹਰ ਸਿੱਖ ਬੀਬੀਆਂ ਦੀਆਂ ਇੱਜ਼ਤਾਂ ਲੁੱਟੀਆਂ ਅਤੇ ਉਥੇ ਸਿਗਰਟਾਂ ਸ਼ਰਾਬ ਦੀ ਅੰਨ੍ਹੀ ਵਰਤੋਂ ਕੀਤੀ। ਵੱਡੀ ਪੱਧਰ 'ਤੇ ਸਿੱਖਾਂ ਨੂੰ ਅਣਮਨੁੱਖੀ ਤਸੀਹੇ ਦੇ ਕੇ ਜੇਲ੍ਹੀਂ ਡੱਕਿਆ, ਪਿੱਛੇ ਹੱਥ ਬੰਨ੍ਹ ਕੇ, ਸਾਹ ਘੁੱਟਵੇਂ ਕਮਰਿਆਂ ਵਿਚ ਤਾੜ ਕੇ ਜਾਨੋਂ ਮਾਰਿਆ। ਪੰਜਾਬ ਤੇ ਪੰਜਾਬੋਂ ਬਾਹਰ (ਇੰਦਰਾ ਕਤਲ ਪਿੱਛੋਂ) ਸੈਂਕੜੇ ਗੁਰਧਾਮ ਨਸ਼ਟ ਕੀਤੇ, ਅਰਬਾਂ ਰੁਪਏ ਦੀ ਸਿੱਖਾਂ ਦੀ ਜਾਇਦਾਦ ਲੁੱਟੀ ਤੇ ਬਰਬਾਦ ਕੀਤੀ। ਉਹਨਾਂ ਨੂੰ ਜਿਉਂਦੇ ਜੀਅ ਸਾੜਿਆ ਅਤੇ ਗੱਡੀਆਂ ਵਿਚੋਂ ਧੂਹ ਧੂਹ ਕੇ ਮਾਰਿਆ ਗਿਆ। ਐਡੀ ਵੱਡੀ ਪੱਧਰ 'ਤੇ ਇਹ ਅਤੀ ਅਣਮਨੁੱਖੀ ਘਟਨਾਵਾਂ ਦਿੱਲੀ ਦਰਬਾਰ ਦੇ ਕਹਿਣ 'ਤੇ ਹੋਈਆਂ। ਇਹ ਸਮਾਗਮ ਇਹਨਾਂ ਸਰਕਾਰੀ ਜ਼ੁਲਮਾਂ ਕਾਰਨ ਦਿੱਲੀ ਦਰਬਾਰ ਤੇ ਚੰਡੀਗੜ੍ਹ ਸਰਕਾਰ ਨੂੰ ਅੱਤਵਾਦੀ, ਆਤੰਕਵਾਦੀ, ਚੋਰਾਂ, ਧਾੜਵੀਆਂ ਤੇ ਗੁੰਡਿਆਂ ਦੀਆਂ ਸਰਪ੍ਰਸਤ ਅਤੇ ਵੱਖਵਾਦ ਨੂੰ ਫੈਲਾਉਣ ਦੀ ਜ਼ਿੰਮੇਵਾਰ ਸਮਝਦਾ ਹੈ ਅਤੇ ਰਾਜੀਵ ਗਾਂਧੀ ਨੂੰ ਨਿੱਜੀ ਤੌਰ 'ਤੇ ਪਿਛਲੀਆਂ ਚੋਣਾਂ ਸਮੇਂ ਸਿੱਖਾਂ ਵਿਰੁੱਧ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਸੰਬੰਧੀ ਅਤਿ ਝੂਠਾ ਪ੍ਰਚਾਰ ਕਰਨ ਲਈ ਦੋਸ਼ੀ ਸਮਝਦਾ ਹੈ।

ਇਹ ਸਮਾਗਮ ਇਹਨਾਂ ਘਟਨਾਵਾਂ ਅਤੇ ਸ੍ਰੀ ਹਰਿਮੰਦਰ ਸਾਹਿਬ 'ਤੇ ਫ਼ੌਜੀ ਹਮਲੇ ਅਤੇ ਸਿੱਖਾਂ ਦੇ ਕਤਲੇਆਮ ਲਈ ਹੋਰਨਾਂ ਤੋਂ ਛੁੱਟ ਇੰਦਰਾ ਗਾਧੀ, ਰਾਜੀਵ ਗਾਂਧੀ, ਭਜਨ ਲਾਲ, ਜੈਲ ਸਿੰਘ, ਬੂਟਾ ਸਿੰਘ, ਦਰਬਾਰਾ ਸਿੰਘ, ਸੁਰਿੰਦਰ ਨਾਥ, ਐਨ.ਐਨ. ਵੋਹਰਾ, ਅਜੀਤ ਕੁਮਾਰ, ਐਚ.ਕੇ.ਐਲ. ਭਗਤ, ਜਗਦੀਸ ਟਾਈਟਲਰ, ਅਰੁਨ ਸਿੰਘ, ਅਰੁਨ ਨਹਿਰੂ, ਜਨਰਲ ਬਰਾੜ, ਜਨਰਲ ਦਿਆਲ, ਜਨਰਲ ਸੁੰਦਰਜੀ ਅਤੇ ਜਨਰਲ ਵੈਦਿਆ ਨੂੰ ਦੋਸ਼ੀ ਠਹਿਰਾਉਂਦਾ ਹੈ। ਅਤੇ ਹਰਕ੍ਰਿਸ਼ਨ ਸਿੰਘ ਸੁਰਜੀਤ, ਅਵਤਾਰ ਸਿੰਘ ਮਲਹੋਤਰਾ, ਸਤਪਾਲ ਡਾਂਗ ਨੂੰ ਇਹਨਾਂ ਕਤਲਾਂ ਦਾ ਸਿਧਾਂਤਕ ਆਗੂ ਜਿਹੜੇ ਹਰ ਅੰਮ੍ਰਿਤਧਾਰੀ ਸਿੱਖ ਨੂੰ ਵਿਦੇਸ਼ੀ ਏਜੰਟ ਕਹਿੰਦੇ ਹਨ।

ਬ੍ਰਾਹਮਣਾਂ-ਬਾਣੀਆਂ ਦੀ ਫ਼ਿਰਕਾਪ੍ਰਸਤ ਤੇ ਸਿੱਖ ਦੁਸ਼ਮਣੀ ਦੀਆਂ ਰੁਚੀਆਂ

ਰੱਖਣ ਵਾਲੇ ਜਿਨ੍ਹਾਂ ਪੱਤਰਕਾਰਾਂ ਨੇ ਸਿੱਖਾਂ ਵਿਰੁੱਧ ਜ਼ਹਿਰੀਲਾ ਪ੍ਰਚਾਰ ਕੀਤਾ, ਉਹਨਾਂ ਵਿਚ ਲਾਲਾ ਜਗਤ ਨਰਾਇਣ, ਅਰੁਣ ਸ਼ੋਰੀ, ਗਿਰੀ ਲਾਲ ਜੈਨ, ਐਨ.ਸੀ. ਮੈਨਨ, ਬੀ.ਕੇ. ਚੰਮ, ਭਾਟੀਆ, ਵਰਿੰਦਰ, ਅਕਬਰ ਅਹਿਮਦ, ਸੰਜੀਵ ਗੌੜ, ਜਗਜੀਤ ਅਨੰਦ, ਯੂ.ਐਨ.ਆਈ. ਅਤੇ ਪੀ.ਟੀ.ਆਈ. ਖ਼ਬਰ ਦੇਣ ਵਾਲੀਆਂ ਏਜੰਸੀਆਂ ਦੇ ਕਰਿੰਦੇ ਵਰਣਨਯੋਗ ਹਨ। ਇਹਨਾਂ ਲੋਕਾਂ ਦੀ ਪਲੀਤ ਸੋਚ ਇਥੋਂ ਤਕ ਗਿਰ ਗਈ ਕਿ ਉਹਨਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਰਗੇ ਪਵਿੱਤਰ ਅਸਥਾਨ 'ਤੇ ਅਤਿ-ਘਿਰਣਤ ਨਸ਼ੀਲੀਆਂ ਵਸਤਾਂ ਦੀ ਹੋਂਦ ਅਤੇ ਨਾਮ ਬਾਣੀ ਦੇ ਰਸੀਆਂ, ਉੱਚੇ-ਸੁੱਚੇ ਇਖ਼ਲਾਕ ਦੇ ਸਿੱਖਾਂ ਨੂੰ ਕੁਕਰਮੀਆਂ ਦੇ ਰੂਪ ਵਿਚ ਪੇਸ਼ ਕੀਤਾ ਅਤੇ ਸਿੱਖ ਕੌਮ ਦੇ ਦਿਲਾਂ ਦੀ ਧੜਕਣ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਲਈ ਬਹੁਤ ਭੈੜੇ ਸ਼ਬਦ ਵਰਤੇ। ਇਹ ਲੋਕ ਆਮ ਅੰਮ੍ਰਿਤਧਾਰੀ ਸਿੱਖਾਂ ਨੂੰ ਚੋਰ, ਡਾਕੂ, ਗੁੰਡੇ ਅਤੇ ਗੁਰਧਾਮਾਂ ਨੂੰ ਗੁਨਾਹਗਾਰਾਂ ਦੇ ਅੱਡੇ ਦੱਸਦੇ ਰਹੇ। ਇਹ ਸਮਾਗਮ ਇਸ ਝੂਠ ਤੇ ਅਪਰਾਧਾਂ ਭਰੇ ਪ੍ਰਚਾਰ ਦੀ ਸਥਿਤੀ ਨੂੰ ਠੱਲ੍ਹ ਪਾਉਣ ਲਈ ਸਮੂਹ ਸਿੱਖ ਸੰਗਤਾਂ ਨੂੰ ਅਤੇ ਖ਼ਾਸ ਕਰਕੇ ਹਉਮੈ-ਰਹਿਤ ਬੁੱਧੀਜੀਵੀਆਂ ਨੂੰ ਵੱਡੀ ਪੱਧਰ 'ਤੇ ਆਪਣੇ ਅਖ਼ਬਾਰ ਤੇ ਰਸਾਲੇ ਛਾਪਣ ਲਈ ਉਪਰਾਲੇ ਕਰਨ ਲਈ ਪ੍ਰੇਰਦਾ ਹੈ ਅਤੇ ਸਿੱਖ ਪੱਤਰਕਾਰਾਂ ਤੇ ਅਖਬਾਰਾਂ, ਖ਼ਾਸ ਕਰਕੇ 'ਅਜੀਤ' ਅਤੇ 'ਅਕਾਲੀ ਪੱਤ੍ਰਿਕਾ' ਨੂੰ ਝੂਠ ਬੋਲਣ ਦੀ ਅਜੋਕੀ ਪ੍ਰਵਿਰਤੀ ਤੋਂ ਸੰਕੋਚ ਕਰਨ ਦੀ ਹਦਾਇਤ ਕਰਦਾ ਹੈ।

ਇਹ ਸਮਾਗਮ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਰਾਖੀ ਕਰਦੇ ਹੋਏ ਸ਼ਹੀਦ ਹੋਏ ਸਿੰਘਾਂ ਸਿੰਘਣੀਆਂ ਅਤੇ ਸਿੱਖਾਂ ਦੀ ਅਣਖ ਤੇ ਪੱਤ ਦੀ ਰਾਖੀ ਲਈ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਅਨੇਕਾਂ ਹੋਰ ਸ਼ਹੀਦ ਵੀਰਾਂ ਤੇ ਭੈਣਾਂ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਟ ਕਰਦਾ ਹੈ। ਇਹ ਸਮਾਗਮ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਨਿਕਟਵਰਤੀ ਸਹਿਯੋਗੀਆਂ—ਭਾਈ ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ, ਬਾਬਾ ਠਾਰਾ ਸਿੰਘ, ਭਾਈ ਰਛਪਾਲ ਸਿੰਘ, ਸੰਤ ਸੁਜਾਨ ਸਿੰਘ, ਬੀਬੀ ਉਪਕਾਰ ਕੌਰ ਅਤੇ ਸ. ਬੇਅੰਤ ਸਿੰਘ ਅਤੇ ਹੋਰ ਹਜ਼ਾਰਾਂ ਉਹਨਾਂ ਸਿੰਘਾਂ ਸਿੰਘਣੀਆਂ ਨੂੰ, ਜਿਨ੍ਹਾਂ ਨੇ ਆਪਣੇ ਖ਼ੂਨ ਦੀ ਆਹੁਤੀ ਦੇ ਕੇ ਸਿੱਖਾਂ ਦੀ ਪੱਤ ਤੇ ਅਣਖ ਨੂੰ ਬਚਾਉਣ ਦਾ ਯਤਨ ਕੀਤਾ, ਸਿੱਖ ਕੌਮ ਦੇ ਅਨਮੋਲ ਸ਼ਹੀਦਾਂ ਦੀ ਪਦਵੀ ਦਿੰਦਾ ਹੋਇਆ ਉਹਨਾਂ ਦਾ ਰੋਮ-ਰੋਮ ਧੰਨਵਾਦ ਕਰਦਾ ਹੈ।

ਸਰਬੱਤ ਖ਼ਾਲਸਾ ਦਾ ਇਹ ਸਮਾਗਮ ਅਜਿਹੇ ਸਿੱਖ ਸਦਵਾਉਣ ਵਾਲੇ ਲੋਕਾਂ ਨੂੰ ਫਿਟਕਾਰ ਪਾਉਂਦਾ ਹੈ, ਜਿਨ੍ਹਾਂ ਨੇ ਅੰਦਰਖਾਤੇ ਦਿੱਲੀ ਦਰਬਾਰ ਨਾਲ ਸਾਜ-ਬਾਜ ਕਰ ਕੇ ਦਮਦਮੀ ਟਕਸਾਲ ਦੇ ਸਿੰਘਾਂ, ਆਲ ਇੰਡੀਆ ਸਟੂਡੈਂਟਸ ਫ਼ੈਡਰੇਸ਼ਨ ਦੇ ਜੁਝਾਰੂਆਂ ਅਤੇ ਆਮ ਸਿੱਖਾਂ ਦਾ ਕਤਲੇਆਮ ਕਰਵਾਇਆ ਅਤੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਖਾਧੀਆ ਕਸਮਾਂ ਤੋੜ ਗਏ। ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੀ ਪ੍ਰਾਪਤੀ ਤੋਂ ਘੱਟ ਕੋਈ ਵੀ ਸਮਝੌਤਾ ਨਾ ਕਰਨ ਦੇ ਸਿੱਖ

ਜਗਤ ਨਾਲ ਕੀਤੇ ਹੋਏ ਕਸਮਾਂ ਅਧੀਨ ਬਚਨ ਵੀ ਤੋੜ ਗਏ। ਇਸ ਵਿਸ਼ਵਾਸਘਾਤ ਤੇ ਗੱਦਾਰੀ ਲਈ ਇਹ ਸਮਾਗਮ ਹਰਚੰਦ ਸਿੰਘ ਲੌਂਗੋਵਾਲ, ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ, ਸੁਰਜੀਤ ਸਿੰਘ ਬਰਨਾਲਾ, ਬਲਵੰਤ ਸਿੰਘ, ਸੁਖਜਿੰਦਰ ਸਿੰਘ, ਬਲਵੰਤ ਸਿੰਘ ਰਾਮੂਵਾਲੀਆ ਅਤੇ ਰਵੀਇੰਦਰ ਸਿੰਘ ਆਦਿ ਨੂੰ ਮੁੱਖ ਦੋਸ਼ੀ ਮੰਨਦਾ ਹੋਇਆ ਇਹਨਾਂ ਲੋਕਾਂ ਨੂੰ ਸਿੱਖ ਕੌਮ ਦੇ ਗੱਦਾਰ ਕਰਾਰ ਦਿੰਦਾ ਹੈ। ਇੰਦਰਾ ਗਾਂਧੀ ਵੱਲੋਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਲਈ ਦੋ ਸੌ ਕਰੋੜ ਰੁਪਏ ਦੀ ਖਿੱਲਤ ਲਿਆਉਣ ਤੇ ਉਹਨਾਂ ਪਾਸੀ ਫਿਟਕਾਰ ਤੇ ਧੱਕੇ ਖਾਣ ਵਾਲੇ ਪਟਿਆਲੇ ਦੇ ਰਾਜਕੁਮਾਰ ਅਮਰਿੰਦਰ ਸਿੰਘ ਨੂੰ ਬੁੱਕਲ ਦਾ ਸੱਪ ਸਮਝਦਾ ਹੈ।

ਇਹ ਸਮਾਗਮ ਆਪਣੇ ਆਪ ਨੂੰ ਸਿੰਘ ਸਾਹਿਬਾਨ ਅਤੇ ਧਾਰਮਿਕ ਸ਼ਖ਼ਸੀਅਤਾਂ ਸਦਵਾਉਣ ਵਾਲੇ ਉਹਨਾਂ ਲੋਕਾਂ ਨੂੰ ਸਿੱਖ ਕੌਮ ਦੇ ਵਿਸ਼ਵਾਸਘਾਤੀ ਮੰਨਦਾ ਹੈ, ਜਿਨ੍ਹਾਂ ਨੇ ਉੱਚ ਸਿੱਖ ਧਾਰਮਿਕ ਪਦਵੀਆਂ 'ਤੇ ਹੁੰਦਿਆਂ ਹੋਇਆਂ ਦਿੱਲੀ ਦਰਬਾਰ ਦੇ ਹਾਕਮਾਂ ਨਾਲ ਗਾਂਢਾ-ਸਾਂਢਾ ਕੀਤਾ ਅਤੇ ਸਰਕਾਰੀ ਹਾਕਮਾਂ ਦੀ ਗ਼ੁਲਾਮੀ ਕਬੂਲ ਕੇ ਉਹਨਾਂ ਨੂੰ ਦੋਸ਼-ਮੁਕਤ ਕੀਤਾ ਤੇ ਜੁਝਾਰੂ ਸਿੰਘਾਂ ਵਿਰੁੱਧ ਝੂਠੀਆਂ ਗੱਲਾਂ ਕਹੀਆਂ। ਆਪਣੇ ਉੱਚ ਅਹੁਦਿਆਂ ਦੀ ਮਰਿਆਦਾ ਭੰਗ ਕਰਨ ਸਦਕਾ ਇਹ ਸਮਾਗਮ ਗਿਆਨੀ ਕ੍ਰਿਪਾਲ ਸਿੰਘ ਨੂੰ ਦੋਸੀ ਮੰਨਦਾ ਹੋਇਆ ਇਹਨਾਂ ਪਦਵੀਆਂ ਤੋਂ ਸੇਵਾ-ਮੁਕਤ ਕਰਦਾ ਹੈ ਅਤੇ ਸੰਤਾ ਸਿੰਘ ਨਿਹੰਗ ਨੂੰ ਕੌਮ ਦਾ ਗੱਦਾਰ ਕਰਾਰ ਦਿੰਦਾ ਹੈ। ਇਹ ਸਮਾਗਮ ਭਾਈ ਜਸਬੀਰ ਸਿੰਘ ਜੀ ਨੂੰ ਸ੍ਰੀ ਅਕਾਲ ਤਖ਼ਤ ਜੀ ਦਾ ਜਥੇਦਾਰ ਨਿਯੁਕਤ ਕਰਦਾ ਹੈ। ਉਹਨਾਂ ਦੀ ਗੈਰਹਾਜ਼ਰੀ ਵਿਚ ਭਾਈ ਗੁਰਦੇਵ ਸਿੰਘ ਜੀ ਕਾਉਂਕੇ ਕਲਾਂ ਕਾਇਮ ਮੁਕਾਮ ਜਥੇਦਾਰ ਹੋਣਗੇ। ਇਹ ਸਮਾਗਮ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਸਾਹਿਬ ਸਿੰਘ ਨੂੰ ਸੇਵਾ-ਮੁਕਤ ਕਰ ਕੇ ਉਹਨਾਂ ਦੀ ਥਾਂ ਭਾਈ ਬਖ਼ਸ਼ੀਸ਼ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਨਿਯੁਕਤ ਕਰਦਾ ਹੈ।

ਇਹ ਸਮਾਗਮ ਲੌਂਗੋਵਾਲ-ਰਾਜੀਵ ਸਮਝੌਤੇ ਨੂੰ ਰੱਦ ਕਰਦਾ ਹੈ ਕਿਉਂਕਿ ਇਹ ਸਮਝੌਤਾ ਸਿੱਖਾਂ ਨਾਲ ਵਿਸ਼ਵਾਸਘਾਤ ਹੈ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੀ ਪੂਰਨ ਪ੍ਰਾਪਤੀ ਦੇ ਆਪਣੇ ਮਿਥੇ ਹੋਏ ਨਿਸ਼ਾਨੇ ਦੇ ਕਿਧਰੇ ਨੇੜੇ-ਤੇੜੇ ਵੀ ਨਹੀਂ ਢੁੱਕਦਾ। ਇਹ ਸਮਾਗਮ ਪੂਰੀ ਦ੍ਰਿੜ੍ਹਤਾ ਨਾਲ ਇਹ ਐਲਾਨ ਕਰਦਾ ਹੈ ਕਿ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸਿੱਖਾਂ ਦਾ ਸੰਘਰਸ਼ ਜਾਰੀ ਹੈ ਅਤੇ ਇਸ ਲਈ ਉਹ ਭਾਰਤ ਤੇ ਸਾਰੀ ਦੁਨੀਆਂ ਦੇ ਉਹਨਾਂ ਲੋਕਾਂ ਦਾ ਸਹਿਯੋਗ ਪ੍ਰਾਪਤ ਕਰਦੇ ਹੋਏ ਲੜਨਗੇ ਤੇ ਉਹਨਾਂ ਨੂੰ ਸਹਿਯੋਗ ਦੇਣਗੇ ਜਿਹੜੇ ਹੱਕਾਂ ਤੇ ਆਤਮਾ ਦੀ ਆਵਾਜ਼ ਦੇ ਖੁੱਲ੍ਹੇ-ਡੁੱਲ੍ਹੇ ਪ੍ਰਗਟਾਵੇ ਲਈ ਜੂਝ ਰਹੇ ਹਨ। ਇਹ ਸਮਾਗਮ ਸਪੱਸ਼ਟ ਕਰਨਾ ਚਾਹੁੰਦਾ ਹੈ ਕਿ ਸਿੱਖਾਂ ਦਾ ਕਿਸੇ ਦੂਸਰੇ ਧਰਮ, ਫ਼ਿਰਕੇ, ਜਾਤ, ਨਸਲ ਜਾਂ ਇਲਾਕਾਈ ਵੱਸੋਂ ਨਾਲ ਕੋਈ ਝਗੜਾ ਨਹੀਂ ਪਰ ਉਹ ਆਪਣੇ ਹੱਕ ਖੋਹਣ ਵਾਲੇ ਦੁਸ਼ਟਾਂ ਦੇ ਜਬਰ ਦਾ ਪੂਰੀ ਦ੍ਰਿੜ੍ਹਤਾ ਨਾਲ ਉੱਤਰ ਦੇਣਗੇ।

ਇਹ ਸਮਾਗਮ ਸਪੱਸ਼ਟ ਕਰਦਾ ਹੈ ਕਿ ਪੰਜਾਬੋਂ ਬਾਹਰ ਰਹਿ ਗਏ ਸਿੱਖ

ਵੱਸੋਂ ਵਾਲੇ ਇਲਾਕੇ ਹਰ ਹਾਲਤ ਵਿਚ ਪੰਜਾਬ ਅੰਦਰ ਸ਼ਾਮਲ ਕੀਤੇ ਜਾਣਗੇ। ਪੰਜਾਬ ਦੇ ਪਾਣੀਆਂ, ਬਿਜਲੀ, ਡੈਮਾਂ ਆਦਿ 'ਤੇ ਕਿਸੇ ਦੂਸਰੇ ਰਾਜ ਦਾ ਕੋਈ ਹੱਕ ਨਹੀਂ ਮੰਨਿਆ ਜਾਵੇਗਾ ਅਤੇ ਭਾਖੜਾ ਡੈਮ, ਬਿਆਸ-ਸਤਲੁਜ ਲਿੰਕ ਪ੍ਰਜੈਕਟ, ਰਾਜਸਥਾਨ ਫੀਡਰ ਅਤੇ ਸਤਲੁਜ-ਜਮਨਾ ਲਿੰਕ ਨਹਿਰ ਆਦਿ ਰਾਹੀਂ ਪੰਜਾਬ ਦੇ ਬਿਜਲੀ ਤੇ ਪਾਣੀ ਖੋਹਣ ਦੇ ਸਾਰੇ ਯਤਨ ਫੇਲ੍ਹ ਕੀਤੇ ਜਾਣਗੇ। ਇਸ ਤਰ੍ਹਾਂ ਪੰਜਾਬ ਦੀ ਕਿਰਸਾਨੀ ਦੀ ਸਾਮਰਾਜੀ ਆਰਥਿਕ ਲੁੱਟ ਨੂੰ ਰੋਕਿਆ ਜਾਵੇਗਾ ਅਤੇ ਉਹਨਾਂ ਨੂੰ ਠੀਕ ਦਰਾਂ 'ਤੇ ਖੇਤੀ ਲਈ ਲੋੜੀਂਦੀਆਂ ਵਸਤਾਂ ਦੀ ਸਪਲਾਈ ਅਤੇ ਉਹਨਾਂ ਦੀਆ ਜਿਣਸਾਂ ਦੇ ਯੋਗ ਭਾਅ ਦਿਵਾਏ ਜਾਣਗੇ।

---

ਇਹ ਸਮਾਗਮ ਇਕ ਵਾਰ ਫਿਰ ਉਹ ਗੱਲ ਸਪੱਸ਼ਟ ਕਰ ਦੇਣੀ ਚਾਹੁੰਦਾ ਹੈ ਕਿ 'ੴ ਸਤਿਨਾਮ' ਦੇ ਧਾਰਨੀ ਸਿੱਖਾਂ ਦਾ ਧਰਮ, ਰਾਜਨੀਤੀ ਤੇ ਗੁਰਧਾਮ ਅਨਿੱਖੜ ਹਨ ਅਤੇ ਉਹ ਇਹਨਾਂ ਦੀ ਵਰਤੋਂ ਪੰਥਕ ਨਵ-ਉਸਾਰੀ ਲਈ ਕਰਦੇ ਹੀ ਰਹਿਣਗੇ ਅਤੇ ਸਿੱਖ ਆਪਣਾ ਸਸਤਰਧਾਰੀ ਹੋਣ ਦਾ ਹੱਕ ਤੇ ਗੁਰਧਾਮਾਂ ਵਿਚ ਸਸਤਰਾਂ 'ਤੇ ਪਾਬੰਦੀ ਨੂੰ ਪ੍ਰਵਾਨ ਨਹੀਂ ਕਰਦੇ। ਇਸ ਤੋਂ ਅੱਗੇ ਇਹ ਸਮਾਗਮ ਸਰਬੱਤ ਖ਼ਾਲਸਾ ਜੀ ਨੂੰ ਬੇਨਤੀ ਕਰਦਾ ਹੈ ਕਿ ਉਹ ਕੇਵਲ ਸਿੱਖ ਜਗਤ ਅੰਦਰ ਹੀ ਨਹੀਂ, ਸਗੋਂ ਭਾਰਤ ਅਤੇ ਦੁਨੀਆ ਭਰ ਵਿਚ ਸਮਾਜ ਦੇ ਹਰ ਕੰਮ ਕਾਰਜ ਤੇ ਸੰਸਥਾ ਅੰਤਰ ਅਤੇ ਖ਼ਾਸ ਕਰਕੇ ਰਾਜਨੀਤੀ ਅੰਦਰ ਧਰਮ ਪਹਿਰਾ ਬਣਾਈ ਰੱਖਣ ਲਈ ਹਮੇਸ਼ਾ ਹੀ ਯਤਨਸੀਲ ਰਹਿਣ। ਹੱਕ-ਸੱਚ ਦੇ ਇਸ ਰਸਤੇ 'ਤੇ ਚੱਲਦਿਆਂ ਹੋਇਆਂ ਹੀ ਦੁਨੀਆਂ ਅੰਦਰ ਵਿਨਾਸ਼ਕਾਰੀ ਸ਼ਕਤੀਆਂ ਨੂੰ ਠੱਲ੍ਹ ਪਾਈ ਜਾ ਸਕਦੀ ਹੈ ਤੇ ਉਹਨਾਂ ਦੀ ਮਨੁੱਖਾਂ ਵੱਲੋਂ ਕੀਤੀ ਜਾ ਰਹੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਨੂੰ ਭੰਗ ਦੇ ਭਾੜੇ ਰੋੜ੍ਹਨ ਦੀ ਪ੍ਰਵਿਰਤੀ ਰੋਕੀ ਜਾ ਸਕਦੀ ਹੈ ਅਤੇ ਦੁਨੀਆਂ ਵਿਚ ਸ਼ਾਂਤੀ ਕਾਇਮ ਕੀਤੀ ਜਾ ਸਕਦੀ ਹੈ।

ਲਾਲਚ ਅਤੇ ਹਉਮੈ ਦੇ ਮਾਰੇ ਸਿੱਖ ਲੀਡਰ ਅਖਵਾਉਣ ਵਾਲੇ ਕੁਝ ਲੋਕਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਬਜ਼ ਹੋ ਕੇ ਸ਼ਰਧਾ ਦੇ ਰੂਪ ਵਿਚ ਗੋਲਕਾਂ ਵਿਚ ਆਈ ਮਾਇਆ ਨੂੰ ਆਪਣੇ ਨਿੱਜਵਾਦੀ ਧੜਿਆਂ ਅਤੇ ਰਾਜਨੀਤਕ ਉਦੇਸ਼ਾਂ ਲਈ ਵਰਤਣ ਦਾ ਘਿਨਾਉਣਾ ਤਰੀਕਾ ਅਪਣਾਇਆ ਹੋਇਆ ਹੈ। ਇਸ ਪ੍ਰਵਿਰਤੀ ਅਧੀਨ ਸੇਵਾ-ਸੰਭਾਲ ਦੇ ਪਰਦੇ ਹੇਠਾਂ ਗੁਰਧਾਮਾਂ ਦੀ ਜਾਇਦਾਦ ਦੀ ਲੁੱਟ ਅਤੇ ਕਈ ਕਿਸਮ ਦੇ ਕੁਕਰਮ ਤੇ ਚਰਿੱਤਰਹੀਣ ਢੰਗ ਤਰੀਕੇ ਇਹਨਾਂ ਪਵਿੱਤਰ ਅਸਥਾਨਾਂ ਵਿਚ ਅੱਜ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਦੀ ਮਿਲੀ-ਭੁਗਤ ਨਾਲ ਵਰਤੇ ਜਾ ਰਹੇ ਹਨ। ਇਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਰਕਾਰ ਨਾਲ ਮਿਲ ਕੇ ਸਿੱਖਾਂ 'ਤੇ ਹੋਏ ਜ਼ੁਲਮਾਂ 'ਤੇ ਪਰਦਾ ਪਾਉਣ ਦਾ ਯਤਨ ਕੀਤਾ ਹੈ ਅਤੇ ਸ੍ਰੀ ਹਰਿਮੰਦਰ ਸਾਹਿਬ 'ਤੇ ਫ਼ੌਜੀ ਹਮਲੇ ਸਮੇਂ ਕਮੇਟੀ ਦੇ ਅਧਿਕਾਰੀਆਂ ਵਿਚੋਂ ਕਈਆਂ ਨੇ ਸਿੱਖਾਂ ਨਾਲ ਧਰੋਹ ਕਮਾ ਕੇ ਸਰਕਾਰ ਨੂੰ ਸਹਿਯੋਗ ਦਿੱਤਾ। ਇਹਨਾਂ ਹਾਲਤਾਂ ਨੂੰ ਮੁੱਖ ਰੱਖ ਕੇ ਅਤੇ ਸ਼੍ਰੋਮਣੀ ਕਮੇਟੀ ਅਤੇ ਲੋਕਲ

ਗੁਰਦੁਆਰਾ ਕਮੇਟੀਆਂ ਨੂੰ ਸਿੱਖਾਂ ਦੀਆਂ ਨੁਮਾਇੰਦਾ ਜਥੇਬੰਦੀਆਂ ਨਹੀਂ ਮੰਨਦਾ ਅਤੇ ਉਹਨਾਂ ਨੂੰ ਭੰਗ ਕਰਦਾ ਹੈ ਅਤੇ ਸਭ ਸਿੱਖ ਸੰਗਤਾਂ ਨੂੰ ਬੇਨਤੀ ਕਰਦਾ ਹੈ ਕਿ ਉਹ ਗੁਰਧਾਮਾਂ ਦੀ ਸੇਵਾ-ਸੰਭਾਲ ਲਈ ਨਵਾਂ ਢਾਂਚਾ ਬਣਾਉਣ ਦਾ ਉਪਰਾਲਾ ਕਰਨ। ਸ਼ਰਧਾ ਤੇ ਦਾਨ ਵਜੋਂ ਦਿੱਤੀ ਜਾਣ ਵਾਲੀ ਮਾਇਆ ਸੰਬੰਧੀ ਇਹ ਸਮਾਗਮ ਗੁਰੂ ਘਰ ਵੱਲੋਂ ਪ੍ਰਚੱਲਤ ਹੇਠ ਲਿਖੇ ਅਸੂਲ ਸੰਗਤਾਂ ਨੂੰ ਸਦਾ ਧਿਆਨ ਵਿਚ ਰੱਖਣ ਦੀ ਬੇਨਤੀ ਕਰਦਾ ਹੈ।

1. ਗ਼ਰੀਬ ਦਾ ਮੂੰਹ, ਗੁਰੂ ਕੀ ਗੋਲਕ।
2. ਦਾਨ ਦੀਯੋ ਇਨਹੀ ਕੋ ਭਲੋ ਅਰ ਆਨ ਕੋ ਦਾਨ ਨ ਲਾਗਤ ਨੀਕੋ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ 'ਇਨਹੀ' ਸ਼ਬਦ ਸਿੰਘਾਂ ਲਈ ਵਰਤਿਆ ਗਿਆ ਹੈ।

ਸਿੱਖਾਂ ਦੀ ਅਣਖ ਤੋੜ ਕੇ ਤੇ ਪੱਤ ਰੋਲ ਕੇ ਸਿਧਾਂਤਕ, ਰਾਜਨੀਤਕ, ਆਰਥਿਕ ਅਤੇ ਸਭਿਆਚਾਰਕ ਪੱਖੋਂ ਉਹਨਾਂ ਨੂੰ ਆਪਣੇ ਗ਼ੁਲਾਮ ਬਣਾਉਣ ਲਈ ਬ੍ਰਾਹਮਣਾਂ-ਬਾਣੀਆਂ ਅਤੇ ਦਿੱਲੀ ਦਰਬਾਰ ਨੇ ਉਹਨਾਂ ਵਿਚ ਨਾਮ-ਬਾਣੀ ਦੇ ਧਾਰਨੀਆਂ ਨੂੰ ਉੱਕਾ ਹੀ ਖ਼ਤਮ ਕਰ ਦੇਣ ਦੇ ਅਣਮਨੁੱਖੀ ਯਤਨਾਂ ਪਿੱਛੋਂ ਇਕ ਨਵਾਂ ਪੈਂਤੜਾ ਬਦਲ ਕੇ ਪੰਜਾਬ ਵਿਚ ਚੋਣਾਂ ਕਰਵਾਈਆਂ। ਮੰਦੇ ਭਾਗਾਂ ਨੂੰ ਕਿਸੇ ਯੋਗ ਅਗਵਾਈ ਦੀ ਅਣਹੋਂਦ ਕਾਰਨ ਸਿੱਖ ਜੁਝਾਰੂ, ਅਣਖੀਲੇ ਤੇ ਸੱਚੇ-ਸੁੱਚੇ ਵੀਰ ਤੇ ਭੈਣਾਂ ਇਹਨਾਂ ਚੋਣਾਂ ਦੀ ਯੋਗ ਵਰਤੋਂ ਕਰਨ ਤੋਂ ਲਾਂਭੇ ਰਹਿ ਗਏ ਅਤੇ ਸਿੱਖ ਜਗਤ ਦੇ ਸਰਕਾਰ ਅਤੇ ਇੰਦਰਾ ਕਾਂਗਰਸ ਵਿਰੋਧੀ ਗੁੱਸੇ ਸਦਕਾ ਮੰਨੇ-ਪ੍ਰਮੰਨੇ ਲਾਲਚੀ, ਹਉਮੈ ਮਾਰੇ ਅਤੇ ਸਿੱਖਾਂ ਨਾਲ ਗੱਦਾਰੀ ਕਰਨ ਵਾਲਿਆਂ ਦਾ ਟੋਲਾ ਸੁਰਜੀਤ ਸਿੰਘ ਬਰਨਾਲਾ ਅਤੇ ਬਲਵੰਤ ਸਿੰਘ ਦੀ ਅਗਵਾਈ ਵਿਚ ਪੰਜਾਬ ਦੀ ਰਾਜਸੱਤਾ 'ਤੇ ਕਾਬਜ਼ ਹੋ ਗਿਆ। ਅੱਜ ਇਸ ਟੋਲੇ ਨੇ ਆਪਣੇ ਆਪ ਨੂੰ ਦਿੱਲੀ ਦਰਬਾਰ ਦੇ ਹਾਕਮਾਂ ਮਤਾਹਿਤ ਚੱਲਦੇ ਰਹਿਣ ਦਾ ਪ੍ਰਣ ਕੀਤਾ ਜਾਪਦਾ ਹੈ ਅਤੇ ਆਪਣੇ ਹੁਕਮਾਂ ਦੀ ਦੁਰਵਰਤੋਂ ਕਰ ਕੇ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਕਰੀ ਬੈਠਾ ਹੈ ਅਤੇ ਭਾਰੀ ਗਿਣਤੀ ਵਿਚ ਗੱਭਰੂਆਂ ਦੇ ਵਾਰੰਟ ਜਾਰੀ ਕਰ ਕੇ ਉਹਨਾਂ ਦੇ ਸਿਰਾਂ ਦੇ ਵੱਡੇ-ਵੱਡੇ ਮੁੱਲ ਰੱਖੇ ਹੋਏ ਹਨ। ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵੱਲੋਂ 10 ਜਨਵਰੀ ਨੂੰ 'ਰਸਤਾ ਰੋਕੋ' ਅੰਦੋਲਨ ਤੇ ਉਸ ਤੋਂ ਪਿੱਛੋਂ ਬਰਨਾਲਾ ਸਰਕਾਰ ਨੇ 2500 ਸਿੱਖ ਨੌਜਵਾਨਾਂ ਨੂੰ ਨਵੇਂ ਸਿਰਿਉਂ ਜੇਲ੍ਹੀਂ ਬੰਦ ਕਰ ਦਿੱਤਾ ਹੈ, ਜਦ ਕਿ ਪਹਿਲਾਂ ਫੜੇ ਅਜੇ ਛੱਡੇ ਨਹੀਂ ਗਏ। ਇਹ ਸਮਾਗਮ ਬਰਨਾਲਾ, ਬਲਵੰਤ, ਟੌਹੜਾ ਸਿੱਖ ਗੱਦਾਰਾਂ ਦੇ ਇਸ ਟੋਲੇ ਦੀ ਸਰਕਾਰ ਨੂੰ ਸਿੱਖਾਂ ਤੇ ਸਿੱਖੀ ਦੀ ਦੁਸ਼ਮਣ ਮੰਨਦਾ ਹੈ ਅਤੇ ਸਿੱਖ ਜਗਤ ਨੂੰ ਬੇਨਤੀ ਕਰਦਾ ਹੈ ਕਿ ਸਿੱਖਾਂ ਦੇ ਇਸ ਗੱਦਾਰ ਟੋਲੇ ਦਾ ਹਰ ਥਾਂ ਮੂੰਹ ਫਿਟਕਾਰਿਆ ਜਾਵੇ।

ਇਹ ਸਮਾਗਮ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਰਾਖੀ ਲਈ ਦਿੱਤੀਆਂ ਸ਼ਹੀਦੀਆਂ ਅਤੇ ਕੀਤੀਆਂ ਕੁਰਬਾਨੀਆਂ ਨੂੰ ਮੁੱਖ

ਰੱਖ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਕਾਰ ਸੇਵਾ ਦਾ ਕਾਰਜ ਦਮਦਮੀ ਟਕਸਾਲ (ਜੱਥਾ ਭਿੰਡਰਾਂ) ਨੂੰ ਸੌਂਪਦਾ ਹੈ ਅਤੇ ਸਮੂਹ ਸੰਗਤਾਂ ਨੂੰ ਬੇਨਤੀ ਕਰਦਾ ਹੈ ਕਿ ਉਹ ਟਕਸਾਲ ਦੇ ਮੁਖ ਸੇਵਾਦਾਰ ਬਾਬਾ ਠਾਕੁਰ ਸਿੰਘ ਜੀ ਨੂੰ ਅਤੇ ਉਹਨਾਂ ਵੱਲੋਂ ਇਸ ਕਾਰਜ ਲਈ ਸਹਿਯੋਗੀ ਬਣਾਏ ਗਏ ਚਾਰ ਮਹਾਂਪੁਰਖਾਂ ਨੂੰ ਪੂਰਨ ਸਹਿਯੋਗ ਦੇਣ। ਇਹ ਸਮਾਗਮ ਸਮੂਹ ਸੰਗਤ ਨੂੰ ਬੇਨਤੀ ਕਰਦਾ ਹੈ ਕਿ:

1. ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦੱਸੇ ਹੋਏ ਮਾਰਗ 'ਤੇ ਚੱਲਦਿਆਂ ਹੋਇਆਂ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਨਵ-ਉਸਾਰੀ ਵਿਚ ਕੇਵਲ ਤੇ ਕੇਵਲ ਦਸਾਂ ਨਹੁੰਆਂ ਦੀ ਕਿਰਤ ਕਮਾਈ ਰਾਹੀਂ ਇਕੱਤਰ ਹੋਈ ਮਾਇਆ ਹੀ ਭੇਟ ਕੀਤੀ ਤੇ ਵਰਤੀ ਜਾਵੇ ਅਤੇ ਠੱਗੀ ਠੋਰੀ ਨਾਲ ਜੋੜਿਆ ਧਨ ਇਸ ਦੀ ਉਸਾਰੀ ਵਿਚ ਨਾ ਵਰਤਿਆ ਜਾਵੇ। ਇਸ ਮਨਸ਼ੇ ਲਈ ਗੁਰੂ ਦੀ ਗੋਲਕ ਸਮੂਹ ਸੰਗਤਾਂ ਦੀਆਂ ਨਜ਼ਰਾਂ ਦੇ ਸਾਹਮਣੇ ਰਹੇ ਤੇ ਖੁੱਲ੍ਹੇ।
2. ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਵ-ਉਸਾਰੀ ਵਿਚ ਕੇਵਲ ਤੇ ਕੇਵਲ 'ਸਾਬਤ ਸੂਰਤ' ਤੇ ਬਣਾਉਟੀ ਸ਼ਿੰਗਾਰ ਤੋਂ ਰਹਿਤ ਸਿੰਘਾਂ ਤੇ ਸਿੰਘਣੀਆਂ ਨੂੰ ਹੀ ਸ਼ਾਮਲ ਹੋਣ ਦਿੱਤਾ ਜਾਵੇ।
3. ਕਿਸੇ ਕਿਸਮ ਦਾ ਨਸ਼ਾ ਕਰਨ ਵਾਲੇ ਕਿਸੇ ਵਿਅਕਤੀ ਨੂੰ ਵੀ ਇਸ ਕਾਰ ਸੇਵਾ ਵਿਚ ਹਿੱਸਾ ਨਾ ਲੈਣ ਦਿੱਤਾ ਜਾਵੇ।
4. ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਧਰਮ ਯੁੱਧ ਮੋਰਚੇ ਸਮੇਂ ਖਾਧੀਆਂ ਕਸਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਇਸ ਕਾਰ ਸੇਵਾ ਵਿਚ ਸ਼ਾਮਲ ਨਾ ਹੋਣ ਦਿੱਤਾ ਜਾਵੇ।
5. ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਦਾ ਸਮਰਥਨ ਕਰਨ ਵਾਲੇ ਸਰਕਾਰੀ ਅਫ਼ਸਰਾਂ, ਰਾਜਨੀਤਕਾਂ ਅਤੇ ਆਪਣੇ ਆਪ ਨੂੰ ਧਾਰਮਿਕ ਆਗੂ ਸਦਵਾਉਣ ਵਾਲਿਆਂ ਅਤੇ ਉਸ ਦੀ ਸਰਕਾਰੀ ਨਵ-ਉਸਾਰੀ ਕਰਨ ਕਰਾਉਣ ਅਤੇ ਉਸ ਦਾ ਸਮਰਥਨ ਕਰਨ ਵਾਲੇ ਲੋਕਾਂ ਨੂੰ ਇਸ ਕਾਰ ਸੇਵਾ ਵਿਚ ਹਿੱਸਾ ਨਾ ਲੈਣ ਦਿੱਤਾ ਜਾਵੇ।

ਇਹ ਸਮਾਗਮ ਵਿਦੇਸ਼ ਵਿਚ ਵੱਸਦੇ ਉਹਨਾਂ ਸਿੱਖਾਂ ਦਾ ਵੀ ਧੰਨਵਾਦੀ ਹੈ ਜਿਨ੍ਹਾਂ ਨੇ ਇਸ ਔਕੜ ਸਮੇਂ ਵਿਚ ਵੱਧ-ਚੜ੍ਹ ਕੇ ਆਪਣੇ ਵੀਰਾਂ ਦੀ ਸਹਾਇਤਾ ਕੀਤੀ ਅਤੇ ਸਰਬੱਤ ਖ਼ਾਲਸਾ ਭਾਰਤ ਅੰਦਰ ਪੰਜਾਬੋਂ ਬਾਹਰ ਰਹਿਣ ਵਾਲੇ ਸਿੱਖਾਂ ਨੂੰ ਇਹ ਬੇਨਤੀ ਕਰਦਾ ਹੈ ਕਿ ਉਹ ਪੂਰਾ-ਪੂਰਾ ਯਤਨ ਕਰ ਕੇ ਪੰਜਾਬ ਆਪਣਾ ਅੱਡਾ-ਟਿਕਾਣਾ ਬਣਾਉਣ ਅਤੇ ਅਸੁਰੱਖਿਆ ਦੀ ਹਾਲਤ ਵਿਚ ਆਪਣੀ ਮਾਤ-ਭੂਮੀ ਪਰਤ ਆਉਣ। ਪੰਜਾਬ ਦੇ ਸਿੱਖ ਉਹਨਾਂ ਨੂੰ ਪੂਰਾ ਸਹਿਯੋਗ ਦੇਣਗੇ। ਵਿਦੇਸ਼ ਵਿਚ ਸਿੱਖਾਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਪੂਰੀ ਦ੍ਰਿੜ੍ਹਤਾ ਨਾਲ ਭਾਰਤ ਸਰਕਾਰ ਦੇ ਸਿੱਖਾਂ ਦੇ ਵਿਰੁੱਧ ਜ਼ੁਲਮ ਨੂੰ ਨੰਗਿਆਂ ਕਰਨ।

ਇਹ ਸਮਾਗਮ ਸਿੱਖ ਸਮਾਜ ਵਿਚ ਪ੍ਰਚੱਲਤ ਅਨੇਕਾਂ ਵਹਿਮਾਂ, ਭਰਮਾਂ, ਪੰਥਕ

ਤੇ ਸਿੱਖ ਸਿਧਾਂਤ ਵਿਰੋਧੀ ਧਾਰਨਾਵਾਂ ਵੱਲ ਸਰਬੱਤ ਖ਼ਾਲਸਾ ਜੀ ਦਾ ਧਿਆਨ ਦਿਵਾਉਂਦਾ ਹੋਇਆ ਇਹ ਆਦੇਸ਼ ਦਿੰਦਾ ਹੈ ਕਿ ਬਹੁਤ ਲੰਮੇ ਸਮੇਂ ਤੋਂ ਪ੍ਰਚਲਤ ਬ੍ਰਾਹਮਣੀ ਅੰਧ-ਵਿਸ਼ਵਾਸੀ ਧਾਰਨਾਵਾਂ ਨੂੰ ਜੜ੍ਹੋਂ ਪੁੱਟਣ ਦਾ ਯਤਨ ਕੀਤਾ ਜਾਵੇ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਹੋਰ ਗੁਰੂ ਸਾਹਿਬਾਨ ਵੱਲੋਂ ਦਰਸਾਏ ਗਏ ਅਸਲੀ ਨਕਲੀ ਤੇ ਕੱਚ ਸੱਚ ਦੇ ਫ਼ਰਕ ਨੂੰ ਸਮੂਹ ਸੰਗਤ ਵਿਚ ਪੂਰੇ ਜ਼ੋਰ ਨਾਲ ਨਿਖੇੜ ਕੇ ਦਰਸਾਇਆ ਤੇ ਪ੍ਰਚਾਰਿਆ ਜਾਵੇ। ਇਹ ਸਮਾਗਮ ਸਭ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਗੁਰਬਾਣੀ ਨੂੰ ਆਪਣੇ ਆਪ ਜੀਵਨ ਵਿਚ ਸੇਧ ਨਿਰਧਾਰਤ ਕਰਨ ਲਈ ਪੜ੍ਹਨ, ਉਚਾਰਨ ਅਤੇ ਸਮਝਣ ਲਈ ਸਦਾ ਯਤਨਸ਼ੀਲ ਰਹਿਣ ਦੀ ਹਦਾਇਤ ਕਰਦਾ ਹੈ ਅਤੇ ਸਭ ਸਿੰਘਾਂ ਨੂੰ ਨਸ਼ੇ ਤਿਆਗਣ ਤੇ ਸਾਬਤ ਸੂਰਤ ਰਹਿਣ ਤੇ ਅੰਮ੍ਰਿਤਧਾਰੀ ਹੋਣ ਦੀ ਪ੍ਰੇਰਨਾ ਕਰਦਾ ਹੈ।

ਇਹ ਸਮਾਗਮ ਹਿੰਦੂ ਫ਼ਿਰਕਾ-ਪ੍ਰਸਤਾਂ ਵੱਲੋਂ ਭਾਰਤ ਦੀ ਵਿਧਾਨ ਪਾਲਿਕਾ, ਕਾਰਜ ਪਾਲਿਕਾ, ਨਿਆਂ ਪਾਲਿਕਾ ਅਤੇ ਫ਼ੌਜਾਂ ਨੂੰ ਪੱਖਪਾਤੀ ਢੰਗ ਨਾਲ ਸਿੱਖਾਂ ਵਿਰੁੱਧ ਵਰਤਣ ਦੀਆਂ ਕਾਰਵਾਈਆਂ ਦੀ ਸਖ਼ਤ ਨਿਖੇਧੀ ਕਰਦਾ ਹੈ ਅਤੇ ਭਾਰਤ ਦੇ ਫ਼ਿਰਕਾਪ੍ਰਸਤ ਹਾਕਮਾਂ ਨੂੰ ਇਹ ਚੇਤਾਵਨੀ ਦਿੰਦਾ ਹੈ ਕਿ ਉਹਨਾਂ ਦੀ ਇਹ ਰੁਚੀ ਸਿੱਖਾਂ ਨੂੰ ਭਾਰਤ ਨਾਲੋਂ ਵੱਖ ਕਰਨ ਵਾਲੀ ਹੈ।

ਅੰਤ ਵਿਚ ਇਹ ਸਮਾਗਮ ਇੰਦਰਾ ਕਤਲ ਕਾਂਡ ਵਿਚ ਫਸਾਏ ਗਏ ਭਾਈ ਸਤਵੰਤ ਸਿੰਘ, ਭਾਈ ਬਲਬੀਰ ਸਿੰਘ ਅਤੇ ਭਾਈ ਕਿਹਰ ਸਿੰਘ ਹੋਰਾਂ ਨੂੰ ਦਿੱਤੀ ਗਈ ਮੌਤ ਦੀ ਸਜਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹੋਇਆ ਭਾਰਤ ਦੇ ਹਾਕਮਾਂ ਨੂੰ ਇਸ ਨੂੰ ਖ਼ਤਮ ਕਰਨ ਲਈ ਕਹਿੰਦਾ ਹੈ ਅਤੇ ਸਿੱਖ ਸੰਗਤਾਂ ਨੂੰ ਇਸ ਦਾ ਢੁਕਵਾਂ ਉੱਤਰ ਦੇਣ ਦੀ ਬੇਨਤੀ ਕਰਦਾ ਹੈ। ਪਾਕਿਸਤਾਨ ਵਿਚ ਜਹਾਜ਼ ਅਗਵਾਕਾਰਾਂ, ਤਿੰਨ ਸਿੱਖ ਜੁਝਾਰੂਆਂ ਭਾਈ ਪਰਮਿੰਦਰ ਸਿੰਘ ਹਰਫਨ ਮੌਲਾ, ਭਾਈ ਹਰਮਿੰਦਰ ਸਿੰਘ ਅਤੇ ਭਾਈ ਦਲੀਪ ਸਿੰਘ ਨੂੰ ਮੌਤ ਦੀ ਅਤੇ ਇਕ ਨੂੰ ਉਮਰ ਕੈਦ ਕਰਨ ਲਈ ਸਖ਼ਤ ਸਜ਼ਾ 'ਤੇ ਦੁੱਖ ਪ੍ਰਗਟਾਉਂਦਾ ਹੋਇਆ ਪਾਕਿਸਤਾਨ ਸਰਕਾਰ ਤੋਂ ਮੰਗ ਕਰਦਾ ਹੈ ਕਿ ਇਹਨਾਂ ਨੂੰ ਫੌਰਨ ਰਿਹਾਅ ਕੀਤਾ ਜਾਵੇ। ਇਹ ਸਮਾਗਮ ਸਪੱਸ਼ਟ ਕਰਦਾ ਹੈ ਕਿ ਇਹਨਾਂ ਸਿੰਘਾਂ ਜਾਂ ਇਹਨਾਂ ਵਿਚੋਂ ਕਿਸੇ ਇਕ ਨੂੰ ਭੀ ਸ਼ਹੀਦ ਕੀਤਾ ਗਿਆ ਤਾਂ ਉਹ ਖ਼ਾਲਿਸਤਾਨ ਦੇ ਸਹੀਦ ਸਦਵਾਏਗਾ।

*ਵਾਹਿਗੁਰੂ ਜੀ ਕਾ ਖ਼ਾਲਸਾ।।*

*ਵਾਹਿਗੁਰੂ ਜੀ ਕੀ ਫ਼ਤਹਿ।।*

***

# ਸ਼ਹੀਦ ਭਾਈ ਕਾਰਜ ਸਿੰਘ ਥਾਂਦੇ
# ਲੈਫਟੀਨੈਂਟ ਜਨਰਲ-ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਆਫ਼ ਖ਼ਾਲਿਸਤਾਨ



ਸਿੱਖੀ ਸਵੈਮਾਣ, ਖ਼ਾਲਸਾ ਰਾਜ ਦੀ ਸਥਾਪਨਾ ਲਈ ਜੂਝ ਕੇ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਸੂਰਬੀਰ ਬਹਾਦਰ ਸਿੰਘਾਂ ਵਿਚੋਂ ਸ਼ਹੀਦ ਭਾਈ ਕਾਰਜ ਸਿੰਘ ਥਾਂਦੇ ਦਾ ਬੜਾ ਵੱਡਾ ਯੋਗਦਾਨ ਹੈ। ਪਰ ਵਕਤ ਦੇ ਹਾਲਾਤ ਅਤੇ ਇਤਿਹਾਸਕਾਰਾਂ ਨੇ ਉਸ ਨੂੰ ਅਣਗੌਲਿਆਂ ਹੀ ਕਰ ਛੱਡਿਆ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਹੱਦ ਅੰਦਰ ਸਾਕਾ ਕਾਲੀ ਗਰਜ 15 ਮਈ 1988 ਈਸਵੀ ਵਿਚ ਹਿੰਦੁਸਤਾਨੀ ਹਕੂਮਤ ਦਾ ਡਟ ਕੇ ਮੁਕਾਬਲਾ ਕਰਨ ਵਾਲੇ ਬਹਾਦਰ ਯੋਧੇ ਨੇ ਗੁਰਬਾਣੀ ਫੁਰਮਾਨ

**ਕਬੀਰ ਮੋਹਿ ਮਰਨੇ ਕਾ ਚਾਉ ਹੈ ਮਰੋ ਤਾਂ ਹਰਿ ਕੇ ਦੁਆਰ॥**

'ਤੇ ਅਮਲ ਕਰਦਿਆਂ ਸ਼ਹਾਦਤ ਦਾ ਜਾਮ ਪੀਤਾ।

ਮਹਾਨ ਯੋਧੇ ਸ਼ਹੀਦ ਭਾਈ ਕਾਰਜ ਸਿੰਘ ਥਾਂਦੇ ਦਾ ਜਨਮ ਪਿਤਾ ਸ. ਮੱਖਣ ਸਿੰਘ ਦੇ ਘਰ ਮਾਤਾ ਸਰਦਾਰਨੀ ਬਲਬੀਰ ਕੌਰ ਦੀ ਕੁੱਖੋਂ ਸੰਨ 1959 ਵਿਚ ਪਿੰਡ ਥਾਂਦੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਪਿੰਡ ਥਾਂਦੇ ਅੰਮ੍ਰਿਤਸਰ ਤੋਂ ਲਹਿੰਦੇ ਪਾਸੇ ਪੱਛਮ ਦਿਸਾ ਵੱਲ 4 ਕੁ ਕਿਲੋਮੀਟਰ 'ਤੇ ਵੱਸਿਆ ਹੈ। ਭਾਈ ਸਾਹਿਬ ਹੁਰੀਂ ਪੰਜ ਭੈਣ-ਭਰਾ ਸਨ। ਵੱਡੇ ਭਰਾ ਹਰਭਜਨ ਸਿੰਘ, ਜੋਗਿੰਦਰ ਸਿੰਘ, ਬਲਵਿੰਦਰ ਸਿੰਘ ਤੇ ਕਾਰਜ ਸਿੰਘ (ਪਹਿਲਵਾਨ) ਸ਼ਹੀਦ, ਅਤੇ ਭੈਣ ਹਰਭਜਨ ਕੌਰ। ਭਾਈ ਕਾਰਜ ਸਿੰਘ ਨੇ ਪੰਜਵੀਂ ਤਕ ਦੀ ਪੜ੍ਹਾਈ ਪਿੰਡ ਥਾਂਦੇ ਦੇ ਸਕੂਲ ਤੋਂ, ਦਸਵੀਂ ਤਕ ਦੀ ਪੜਾਈ ਫ਼ਤਹਿਪੁਰ ਦੇ ਸਰਕਾਰੀ ਹਾਈ ਸਕੂਲ ਤੋਂ ਪਾਸ ਕੀਤੀ। ਭਾਈ ਸਾਹਿਬ ਬਚਪਨ ਤੋਂ ਹੀ ਹੱਡਾਂ-ਪੈਰਾਂ ਦੇ ਖੁੱਲ੍ਹੇ ਤੇ ਸਰੀਰ ਦੇ ਤਕੜੇ ਸਨ। ਕਬੱਡੀ, ਕੁਸ਼ਤੀ ਵਿਚ ਤਕੜੇ ਖਿਡਾਰੀ ਹੋਣ ਕਰਕੇ ਸਾਰੇ ਕਾਰਜ ਸਿੰਘ ਨੂੰ ਪਹਿਲਵਾਨ ਕਰਕੇ ਬੁਲਾਉਂਦੇ ਸਨ। ਭਾਈ ਸਾਹਿਬ 1978 ਵਿਚ ਫ਼ੌਜ ਵਿਚ ਭਰਤੀ ਹੋ ਗਏ। ਫ਼ੌਜ

ਵਿਚ ਨੌਕਰੀ ਕਰਦਿਆਂ ਖੇਡਾਂ ਵਿਚ ਵੀ ਭਾਗ ਲੈਂਦੇ ਰਹੇ। ਵੇਟ ਲਿਫਟਰ ਅਤੇ ਬੌਕਸਿੰਗ ਦੇ ਬੈਸਟ ਅਥਲੀਟ ਮੰਨੇ ਗਏ ਤੇ ਕਈ ਇਨਾਮ ਜਿੱਤੇ। ਭਾਈ ਸਾਹਿਬ ਦਾ ਆਨੰਦ ਕਾਰਜ ਨੇੜੇ ਦੇ ਪਿੰਡ ਗੁਰੂ ਕੀ ਵਡਾਲੀ ਦੇ ਗੁਰਸਿੱਖ ਪਰਿਵਾਰ ਦੀ ਬੀਬੀ ਬਲਜੀਤ ਕੌਰ ਨਾਲ ਹੋਇਆ। ਦੋ ਪੁੱਤਰ ਦਲੇਰ ਸਿੰਘ ਤੇ ਸੁਰਿੰਦਰ ਸਿੰਘ ਹਨ। ਭਾਈ ਕਾਰਜ ਸਿੰਘ ਥਾਂਦੇ ਨੇ ਸ਼ਹੀਦ ਸੁਰਿੰਦਰ ਸਿੰਘ ਸੋਢੀ ਦੇ ਜੁਝਾਰੂ ਕਾਰਨਾਮਿਆਂ ਤੋਂ ਪ੍ਰਭਾਵਿਤ ਹੋ ਕੇ ਉਸ ਦੀ ਸਦੀਵੀ ਯਾਦ ਨੂੰ ਆਪਣੇ ਹਿਰਦੇ ਵਿਚ ਸਾਂਭਣ ਲਈ ਆਪਣੇ ਛੋਟੇ ਪੁੱਤਰ ਦਾ ਨਾਂ ਸੁਰਿੰਦਰ ਸਿੰਘ ਰੱਖਿਆ।

ਸ੍ਰੀ ਦਰਬਾਰ ਸਾਹਿਬ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੇ 37 ਹੋਰ ਗੁਰਦੁਆਰਿਆਂ ਉੱਤੇ ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਕਰਾਏ ਗਏ ਫ਼ੌਜੀ ਹਮਲੇ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਤੋਪਾਂ-ਟੈਂਕਾਂ ਨਾਲ ਢਾਹ-ਢੇਰੀ ਕਰਨ, ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਹੀਦੀ ਗੁਰਪੁਰਬ ਮਨਾਉਣ ਆਈਆਂ ਸਿੱਖ ਸੰਗਤਾਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਸ਼ਹੀਦ ਕਰ ਦਿੱਤਾ। ਜੂਨ 1984 ਦੇ ਸ੍ਰੀ ਹਰਿਮੰਦਰ ਸਾਹਿਬ ਤੇ ਪੂਰੇ ਪੰਜਾਬ ਵਿਚ ਹਿੰਦੁਸਤਾਨੀ ਹਕੂਮਤ ਵੱਲੋਂ ਵਰਤਾਏ ਖ਼ੂਨੀ ਘੱਲੂਘਾਰੇ ਨੂੰ ਭਾਈ ਕਾਰਜ ਸਿੰਘ ਥਾਂਦੇ ਸਹਾਰ ਨਾ ਸਕੇ ਤੇ ਹੋਰ ਧਰਮੀ ਫ਼ੌਜੀਆਂ ਵਾਂਗ ਫ਼ੌਜ ਦੀ ਨੌਕਰੀ ਛੱਡ ਦਿੱਤੀ। ਦੋ ਮਹੀਨੇ ਬਾਅਦ ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰ ਕੇ ਮਿਲਟਰੀ ਕੈਂਪ ਸਾਗਰ (ਮੱਧ ਪ੍ਰਦੇਸ਼) ਲਿਜਾਇਆ ਗਿਆ ਅਤੇ ਉੱਚ-ਪੱਧਰੀ ਖਿਡਾਰੀ ਹੋਣ ਕਰਕੇ ਨੌਕਰੀ 'ਤੇ ਬਹਾਲ ਕਰ ਦਿੱਤਾ ਗਿਆ। ਕੁਝ ਦਿਨਾਂ ਬਾਅਦ ਫਿਰ ਫ਼ੌਜ ਵਿਚੋਂ ਭਗੌੜਾ ਹੋ ਕੇ ਪੰਜਾਬ ਆ ਗਏ ਤੇ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਲੈਫਟੀਨੈਂਟ ਜਨਰਲ ਭਾਈ ਰਣਜੀਤ ਸਿੰਘ ਰਾਣਾ (ਠਰੂ) ਨਾਲ ਰਲ ਕੇ ਖ਼ਾਲਸਾ ਰਾਜ ਦੀ ਸਥਾਪਨਾ ਲਈ ਸੰਘਰਸ਼ ਵਿਚ ਕੁੱਦ ਪਏ। ਭਾਈ ਰਣਜੀਤ ਸਿੰਘ ਰਾਣਾ (ਠਰੂ) ਦੀ ਸ਼ਹੀਦੀ ਤੋਂ ਬਾਅਦ ਭਾਈ ਸਾਹਿਬ ਦਾ ਮੇਲ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਆਫ਼ ਖ਼ਾਲਿਸਤਾਨ ਦੇ ਮੁਖੀ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨਾਲ ਹੋ ਗਿਆ। ਬਾਬਾ ਮਾਨੋਚਾਹਲ ਨੇ ਸਿੱਖ ਸੰਘਰਸ਼ ਪ੍ਰਤੀ ਯੋਗਤਾ, ਜਾਂਬਾਜ਼ੀ ਤੇ ਦ੍ਰਿੜ੍ਹਤਾ ਵੇਖਦਿਆਂ ਜਥੇਬੰਦੀ ਦਾ ਲੈਫਟੀਨੈਂਟ ਜਨਰਲ ਨਿਯੁਕਤ ਕਰ ਦਿੱਤਾ ਅਤੇ ਸਿੱਖ ਸੰਘਰਸ਼ ਵਿਚ ਨਵੇਂ ਭਰਤੀ ਹੋਣ ਵਾਲੇ ਨੌਜਵਾਨਾਂ ਨੂੰ ਹਥਿਆਰਾਂ ਦੀ ਟਰੇਨਿੰਗ ਦਾ ਕੰਮ ਸੌਂਪਿਆ।

ਟਰੇਨਿੰਗ ਦੇ ਨਾਲ ਸਿੱਖ ਗੱਭਰੂਆਂ ਵਿਚ ਕੁਰਬਾਨੀ ਕਰਨ, ਲੜਨ-ਮਰਨ ਦਾ ਜਜ਼ਬਾ ਭਰ ਦਿੰਦੇ ਸਨ ਕਿ ਸਿੱਖ ਨੌਜਵਾਨ ਮੌਤ ਨੂੰ ਮਖ਼ੌਲ ਕਰਨ ਲੱਗ ਪੈਂਦੇ ਸਨ। ਭਾਈ ਕਾਰਜ ਸਿੰਘ ਥਾਂਦੇ ਨੇ ਝੂਠੇ ਪੁਲਿਸ ਮੁਕਾਬਲੇ ਬਣਾਉਣ ਵਾਲੇ ਅਫ਼ਸਰਾਂ, ਸੁਰੱਖਿਆ ਫ਼ੋਰਸਾਂ, ਮੁਖ਼ਬਰੀ ਕਰ ਕੇ ਸਿੰਘਾਂ ਨੂੰ ਸ਼ਹੀਦ ਕਰਾਉਣ ਵਾਲਿਆਂ ਨੂੰ ਨਿਸ਼ਾਨਾ ਬਣਾ ਕੇ ਖ਼ਤਮ ਕੀਤਾ। ਭਾਈ ਕਾਰਜ ਸਿੰਘ ਥਾਂਦੇ ਦੀਆਂ ਜੁਝਾਰੂ ਕਰਾਵਾਈਆਂ ਤੋਂ ਸਰਕਾਰ ਬੌਖਲਾ ਗਈ ਤੇ ਚਿੱਟ ਕੱਪੜੀਏ ਪੁਲਸੀਆਂ ਨੇ 24 ਫ਼ਰਵਰੀ 1987 ਨੂੰ ਪਿੰਡ ਥਾਂਦੇ ਭਾਈ ਕਾਰਜ ਸਿੰਘ ਥਾਂਦੇ ਦੀ ਮਾਤਾ, ਜੋ ਉਸ

ਵੇਲੇ ਘਰ ਵਿਚ ਇਕੱਲੀ ਸੀ, ਜਾ ਕੇ ਕਿਹਾ ਕਿ ਮਾਤਾ ਜੀ, ਅਸੀਂ ਤੇਰੇ ਪੁੱਤਰ ਕਾਰਜ ਸਿੰਘ ਦਾ ਸੁਨੇਹਾ ਦੇਣ ਆਏ ਹਾਂ। ਮਾਤਾ ਜੀ ਲਾਗੇ ਆਏ ਤਾਂ ਸਕੂਟਰ 'ਤੇ ਆਏ ਤਿੰਨ ਸਰਕਾਰੀ ਕਾਤਲਾਂ, ਜਿਨ੍ਹਾਂ ਸਕੂਟਰ ਸਟਾਰਟ ਹੀ ਰੱਖਿਆ ਸੀ, ਮਾਤਾ ਜੀ ਨੂੰ ਪਸਤੌਲ ਨਾਲ ਗੋਲੀ ਮਾਰ ਕੇ ਮਾਰ ਦਿੱਤਾ। ਜੇ ਹੋਰ ਵੀ ਕੋਈ ਘਰ ਦਾ ਜੀਅ ਮਿਲ ਜਾਂਦਾ ਤਾਂ ਕਾਤਲ ਟੋਲੇ ਨੇ ਮਾਰ ਦੇਣਾ ਸੀ। ਮਾਤਾ ਜੀ ਨੂੰ ਕਤਲ ਕਰਨਾ ਸੂਰਮਿਆਂ ਵਾਲਾ ਕੰਮ ਨਹੀਂ ਸੀ। ਮਾਤਾ ਜੀ ਦਾ ਸਿਰਫ਼ ਇਹੀ ਕਸੂਰ ਸੀ ਕਿ ਉਸ ਨੇ ਧਰਮੀ ਯੋਧੇ ਨੂੰ ਜਨਮ ਦਿੱਤਾ ਸੀ। ਮਾਤਾ ਜੀ ਦੀ ਸ਼ਹੀਦੀ ਤੋਂ ਬਾਅਦ ਵੀ ਭਾਈ ਕਾਰਜ ਸਿੰਘ ਅਡੋਲ ਰਹੇ ਤੇ ਇਹੋ ਕਹਿੰਦੇ ਰਹੇ ਕਿ ਜੇ ਹਕੂਮਤ ਮੇਰੇ ਪੁੱਤਰ ਵੀ ਸ਼ਹੀਦ ਕਰ ਦੇਵੇਗੀ ਤਾਂ ਵੀ ਮੈਂ ਖ਼ਾਲਿਸਤਾਨ ਦੀ ਆਜ਼ਾਦੀ ਦੀ ਲੜਾਈ ਲਈ ਚੁੱਕੇ ਹਥਿਆਰ ਸੁੱਟ ਕੇ ਆਤਮ-ਸਮਰਪਣ ਨਹੀਂ ਕਰਾਂਗਾ। ਫ਼ਤਹਿ ਜਾਂ ਸ਼ਹਾਦਤ ਮੇਰਾ ਨਿਸ਼ਾਨਾ ਹੈ। ਮਾਤਾ ਜੀ ਦਾ ਬਦਲਾ ਅਸਲੀ ਦੋਸ਼ੀਆਂ, ਸ਼ਹੀਦ ਕਰਵਾਉਣ ਵਾਲਿਆਂ ਨੂੰ ਸੋਧ ਕੇ ਲਿਆ ਜਾਵੇਗਾ। ਸੀ.ਆਰ.ਪੀ. ਪਿੰਡਾਂ ਵਿਚ ਸਿੱਖ ਗੱਭਰੂਆਂ ਦਾ ਸਿਕਾਰ ਖੇਡਣ ਜਾਂਦੀ। ਸਿੰਘ ਸੀ.ਆਰ.ਪੀ. ਤੇ ਪੁਲਿਸ 'ਤੇ ਘਾਤ ਲਾ ਕੇ ਹਮਲਾ ਕਰ ਕੇ ਸੀ.ਆਰ.ਪੀ. ਦੇ ਸੈਂਕੜੇ ਜਵਾਨ ਮੌਤ ਦੇ ਘਾਟ ਉਤਾਰ ਦਿੰਦੇ, ਜਿਨ੍ਹਾਂ ਵਿਚ ਪਿੰਡ ਬੁੰਡਾਲਾ, ਚੀਚਾ, ਸਾਂਗਣਾਂ ਪੁਲ, ਫਤਹਿਪੁਰ ਬਾਗ ਵਿਚ ਹਮਲਾ ਕਰ ਕੇ ਸੀ.ਆਰ.ਪੀ. ਦੀਆਂ ਗੱਡੀਆਂ ਉਡਾਈਆਂ। ਸੀ.ਆਰ.ਪੀ. ਵਾਲੇ ਆਪਸੀ ਗੱਲਬਾਤ ਵਿਚ ਇਹ ਆਮ ਗੱਲਾਂ ਕਰਦੇ ਸਨ ਕਿ ''ਵੱਸਣ ਸਿੰਘ ਘੇਰਾ ਪੜਨੇ ਸੇ ਪਹਿਲੇ ਹੀ ਭਾਗ ਜਾਤੇ ਹੈਂ। ਯੇ ਕਾਰਜ ਸਿੰਘ ਫ਼ੌਜੀ ਅਤੇ ਬ੍ਰਹਮ ਸਿੰਘ ਜਥੇਦਾਰ (ਅਵਤਾਰ ਸਿੰਘ ਬ੍ਰਹਮਾ) ਦੁਰਗਾ ਸਿੰਘ ਮੋਟਾ ਬਾਬਾ ਤੋਂ ਚੱਲ ਕਰ ਆਤੇ ਹੈਂ ਹਮਲਾ ਕਰਨੇ ਕੇ ਲੀਏ, ਯੇ ਬਾਬੇ ਤੋਂ ਦੰਗਾ ਫ਼ਸਾਦ ਮੇਂ ਹੀ ਖ਼ੁਸ਼ ਰਹਿਤੇ ਹੈਂ।''

ਜਨਵਰੀ 1988 ਵਿਚ ਖਾੜਕੂ ਸਿੱਖ ਸੰਘਰਸ਼ ਨੇ ਨਵਾਂ ਮੋੜ ਕੱਟ ਲਿਆ। ਖਾੜਕੂ ਸਿੰਘਾਂ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਡੇਰੇ ਲਾਉਣੇ ਸ਼ੁਰੂ ਕਰ ਦਿੱਤੇ। ਪੰਥਕ ਕਮੇਟੀ ਦਾ ਬੁਲਾਰਾ ਭਾਈ ਜਗੀਰ ਸਿੰਘ ਜਜ਼ਬਾਤੀ ਸੁਭਾਅ ਦਾ ਖਾੜਕੂ ਆਗੂ ਸੀ। ਇਹਨੀਂ ਦਿਨੀਂ ਏ.ਕੇ. ਸੰਤਾਲੀ ਅਸਾਲਟ ਰਾਈਫ਼ਲਾਂ ਨਾਲ ਸਿੱਖ ਖਾੜਕੂਆਂ ਵਿਚ ਇਨਕਲਾਬ ਆ ਗਿਆ ਸੀ। ਭਾਈ ਜਗੀਰ ਸਿੰਘ ਦੇ ਹਿਰਦੇ ਅੰਦਰ ਸ਼ਹੀਦੀ ਜਜ਼ਬਾ ਠਾਠਾਂ ਮਾਰ ਰਿਹਾ ਸੀ। ਉਸ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਵਾਂਗ, ਸਿੱਖ ਸੰਘਰਸ਼ ਦਾ ਹੈੱਡ-ਕੁਆਰਟਰ ਬਣਾਉਣ ਦੀ ਨੀਤੀ ਅਪਣਾਈ। ਭਾਈ ਨਿਰਵੈਰ ਸਿੰਘ ਇਸ ਦਾ ਇਕ ਹਮਖ਼ਿਆਲ ਸਾਥੀ ਸੀ। ਪਰਕਰਮਾ ਦੇ 14 ਨੰਬਰ ਕਮਰੇ ਵਿਚ ਖ਼ਾਲਿਸਤਾਨ ਦਾ ਦਫ਼ਤਰ ਖੋਲ੍ਹ ਲਿਆ ਗਿਆ। ਭਾਈ ਜਸਵੀਰ ਸਿੰਘ ਰੋਡੇ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਚਾਰ ਸਿੰਘ ਸਾਹਿਬਾਨ ਦੀ ਰਿਹਾਈ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਪਹੁੰਚਣ 'ਤੇ ਖਾੜਕੂ ਸਿੰਘਾਂ ਨੇ ਪਹਿਲੀ ਵਾਰ ਪਰਕਰਮਾਂ ਵਿਚ ਏ.ਕੇ. ਸੰਤਾਲੀ ਅਸਾਲਟ ਰਾਈਫ਼ਲਾਂ ਨਾਲ ਹਵਾਈ ਫ਼ਾਇਰਿੰਗ ਕਰ ਕੇ ਸਲਾਮੀ ਦਿੱਤੀ।

ਸਿੱਖ ਨੌਜਵਾਨਾਂ ਦੇ ਹੱਥਾਂ ਵਿਚ ਏ.ਕੇ. ਸੰਤਾਲੀ ਆ ਜਾਣ ਨਾਲ ਖਾੜਕੂ ਆਗੂਆਂ ਦੇ ਹੱਥਾਂ ਵਿਚਲੀ ਤਾਕਤ ਵਧ ਗਈ ਪਰ ਸੰਤ ਭਿੰਡਰਾਂਵਾਲਿਆਂ ਵਰਗੀ ਸੁਚੱਜੀ ਅਗਵਾਈ ਦੀ ਘਾਟ ਸਾਫ਼ ਮਹਿਸੂਸ ਹੁੰਦੀ ਸੀ, ਜੋ ਅੱਜ ਵੀ ਹੈ। ਸ੍ਰੀ ਦਰਬਾਰ ਸਾਹਿਬ ਅੰਦਰ ਇਹਨੀਂ ਦਿਨੀਂ ਭਾਈ ਸੁਰਜੀਤ ਸਿੰਘ ਪੈਂਟਾ, ਭਾਈ ਨਿਸਾਨ ਸਿੰਘ ਕਲਾਨੌਰ, ਭਾਈ ਮਲਕੀਤ ਸਿੰਘ ਅਜਨਾਲਾ ਦੇ ਜੋਸ਼ ਦਾ ਬੋਲ-ਬਾਲਾ ਸੀ। ਸ੍ਰੀ ਦਰਬਾਰ ਸਾਹਿਬ ਅੰਦਰ ਸਿੱਖਾਂ ਨੂੰ ਧਮਕੀਆਂ ਭਰੀਆਂ ਚਿੱਠੀਆਂ ਲਿਖ ਕੇ ਸੱਦਿਆ ਜਾਂਦਾ ਤੇ ਫਿਰੌਤੀਆਂ ਲੈਣ ਦੇ ਕਿੱਸੇ ਸਾਹਮਣੇ ਆਏ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ, ਜੋ ਮਲਬਾ ਮੰਜੀ ਸਾਹਿਬ ਦੀਵਾਨ ਹਾਲ ਲਾਗੇ ਪਿਆ ਸੀ, ਕੁਝ ਲੋਕਾਂ ਨੂੰ ਕਤਲ ਕਰ ਕੇ ਸਰਕਾਰ ਵੱਲੋਂ ਉਸ ਵਿਚ ਦਫ਼ਨਾ ਦਿੱਤਾ ਗਿਆ। ਜਨਰਲ ਲਾਭ ਸਿੰਘ, ਭਾਈ ਅਵਤਾਰ ਸਿੰਘ ਬ੍ਰਹਮਾ, ਬਾਬਾ ਗੁਰਬਚਨ ਸਿੰਘ ਮਾਨੋਚਾਹਲ ਅਤੇ ਭਾਈ ਸੁਖਦੇਵ ਸਿੰਘ ਬੱਬਰ ਵੀ ਇਸ ਸਥਿਤੀ ਤੋਂ ਬੇਹੱਦ ਪ੍ਰੇਸ਼ਾਨ ਸਨ। ਸ੍ਰੀ ਦਰਬਾਰ ਸਾਹਿਬ ਵਿਚਲੇ ਖਾੜਕੂਆਂ ਨੂੰ ਏ.ਕੇ. ਸੰਤਾਲੀ ਅਸਾਲਟ ਦੇ ਭਰਵੇਂ ਬਰੱਸਟ 'ਤੇ ਤਾਂ ਮਾਣ ਸੀ ਤੇ ਸਾਰੀ ਟੇਕ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਹੋਣ ਦੀ ਸੂਰਤ ਵਿਚ ਬਾਹਰਲੇ ਹਥਿਆਰਬੰਦ ਖਾੜਕੂਆਂ ਵੱਲੋਂ ਜ਼ਬਰਦਸਤ ਪ੍ਰਤੀਕਰਮ 'ਤੇ ਹੀ ਰੱਖੀ ਗਈ ਸੀ। ਖਾੜਕੂਆਂ ਦਾ ਇਹ ਵੀ ਵਿਚਾਰ ਸੀ ਕਿ ਸਰਕਾਰ ਜੂਨ 1984 ਦੇ ਘੱਲੂਘਾਰੇ ਦੇ ਜੋ ਨਤੀਜੇ ਤੇ ਫ਼ੌਜ ਦਾ ਪ੍ਰਤੀਕਰਮ ਅਤੇ ਸਿੱਖ ਕੌਮ ਦੇ ਰੋਹ ਨੂੰ ਭੜਕਾਉਣ ਦਾ ਖ਼ਤਰਾ ਦੁਬਾਰਾ ਮੁੱਲ ਲੈਣ ਦੀ ਗ਼ਲਤੀ ਨਹੀਂ ਕਰੇਗੀ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਜੋ ਹਕੀਕਤ ਤੌਰ 'ਤੇ ਪ੍ਰਭਾਵ ਅਤੇ ਸਿੱਖਾਂ ਦੇ ਦਿਲਾਂ ਅੰਦਰ ਜੋ ਵਿਸ਼ਵਾਸ ਬਣਿਆ ਹੋਇਆ ਸੀ ਅਤੇ ਇਸ ਤੋਂ ਇਲਾਵਾ ਜਨਰਲ ਸੁਬੇਗ ਸਿੰਘ ਦੀ ਯੁੱਧ ਕਲਾ ਦੀ ਰਣਨੀਤੀ ਤੋਂ 1988 ਵਾਲੇ ਖਾੜਕੂ ਸੱਖਣੇ ਸਨ। ਖਾੜਕੂ ਆਗੂ ਬਾਬਾ ਗੁਰਬਚਨ ਸਿੰਘ ਮਾਣੋਚਾਹਲ ਅਤੇ ਜਨਰਲ ਲਾਭ ਸਿੰਘ ਨੇ ਸਥਿਤੀ ਨੂੰ ਕੰਟਰੋਲ ਵਿਚ ਕਰਨ ਅਤੇ ਖ਼ਤਰੇ ਦਾ ਮੁਕਾਬਲਾ ਕਰਨ ਲਈ ਮੋਰਚਾਬੰਦੀ ਕਰਨ ਲਈ ਭਾਈ ਕਾਰਜ ਸਿੰਘ ਥਾਂਦੇ ਦੀ ਸ੍ਰੀ ਦਰਬਾਰ ਸਹਿਬ ਅੰਦਰ ਡਿਊਟੀ ਲਾਈ। ਖਾੜਕੂ ਆਗੂਆਂ ਨੂੰ ਵਿਸ਼ਵਾਸ ਸੀ ਕਿ ਭਾਈ ਕਾਰਜ ਸਿੰਘ ਥਾਂਦੇ ਫ਼ੌਜੀ ਹੋਣ ਦੇ ਨਾਤੇ ਮੋਰਚਾਬੰਦੀ ਅਤੇ ਖ਼ਤਰੇ ਦੀ ਹਾਲਤ ਵਿਚ ਦਰਬਾਰ ਸਾਹਿਬ 'ਤੇ ਸੁਰੱਖਿਆ ਬਲਾਂ ਦੇ ਹਮਲੇ ਦੀ ਸੂਰਤ ਵਿਚ ਮੂੰਹ ਤੋੜਵਾਂ ਜਵਾਬ ਦੇਵੇਗਾ ਅਤੇ ਹਕੂਮਤ ਅੱਗੇ ਆਤਮ-ਸਮਰਪਣ ਦੀ ਜਗ੍ਹਾ ਸ਼ਹੀਦੀ ਪ੍ਰਾਪਤ ਕਰੇਗਾ।

ਭਾਈ ਕਾਰਜ ਸਿੰਘ ਥਾਂਦੇ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਮੋਰਚਾਬੰਦੀ ਕੀਤੀ ਕਿ ਖਾੜਕੂ ਸਿੰਘਾਂ ਕੋਲ ਹਥਿਆਰ ਸੀਮਤ ਤੇ ਥੋੜੀ ਦੂਰੀ ਤਕ ਮਾਰ ਕਰਨ ਵਾਲੇ ਸਨ। ਜੇ ਹਕੂਮਤ ਫ਼ੌਜ ਨੂੰ ਜੂਨ 1984 ਵਾਂਗ ਅੰਨ੍ਹੇਵਾਹ ਭੇਜਦੀ ਤਾਂ ਸਿੰਘਾਂ ਨੇ ਫ਼ੌਜ ਦਾ ਜਾਨੀ ਨੁਕਸਾਨ ਕਰਨ ਵਿਚ ਕੋਈ ਕਸਰ ਨਹੀਂ ਸੀ ਛੱਡਣੀ। ਖਾੜਕੂਆਂ ਵੱਲੋਂ ਕੀਤੀ ਜਾ ਰਹੀ ਮੋਰਚਾਬੰਦੀ ਵੇਖਣ ਲਈ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਤੋਂ ਬਾਹਰ ਡੀ.ਆਈ.ਜੀ. ਐਸ.ਐਸ. ਵਿਰਕ ਮੁਆਇਨਾ ਕਰਨ ਆਇਆ

ਤਾਂ ਖਾੜਕੂਆਂ ਨੇ ਉਸ 'ਤੇ ਗੋਲੀ ਚਲਾ ਦਿੱਤੀ, ਜਿਸ ਨਾਲ ਉਸ ਦਾ ਜਬਾੜਾ ਉੱਡ ਗਿਆ ਤੇ ਸੀ.ਆਰ.ਪੀ ਨੇ ਬੜੀ ਮੁਸ਼ਕਿਲ ਨਾਲ ਉਸ ਨੂੰ ਬਚਾਇਆ। ਖਾੜਕੂਆਂ ਨੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾ ਦਿੱਤੇ ਕਿ ਅਸੀਂ ਡੀ.ਆਈ.ਜੀ. ਵਿਰਕ ਨੂੰ ਮਾਰ ਲਿਆ ਹੈ, ਹਾਲਾਂਕਿ ਉਹ ਜ਼ਖ਼ਮੀ ਹੋਇਆ ਸੀ। ਇਸ ਕਾਰਵਾਈ ਤੋਂ ਸਰਕਾਰ ਨੂੰ ਸ੍ਰੀ ਦਰਬਾਰ ਸਾਹਿਬ 'ਤੇ ਦੁਬਾਰਾ ਹਮਲਾ ਕਰਨ ਦਾ ਬਹਾਨਾ ਦੇ ਮਿਲ ਗਿਆ। ਸ੍ਰੀ ਦਰਬਾਰ ਸਾਹਿਬ ਨੂੰ ਸੀ.ਆਰ.ਪੀ. ਤੇ ਵਿਸ਼ੇਸ਼ ਕਮਾਂਡੋ ਦਸਤਿਆਂ ਨੇ ਘੇਰ ਲਿਆ ਤੇ ਬਾਹਰ ਉੱਚੀਆਂ ਇਮਾਰਤਾਂ 'ਤੇ ਮੋਰਚਾਬੰਦੀ ਕਰ ਕੇ ਪੁਜ਼ੀਸ਼ਨਾਂ ਸੰਭਾਲ ਲਈਆਂ। ਦੂਰਬੀਨ ਫਿੱਟ ਹਥਿਆਰਾਂ, ਲੰਬੀ ਦੂਰੀ ਤਕ ਮਾਰ ਕਰਨ ਵਾਲੇ ਹਥਿਆਰਾਂ ਨਾਲ, ਦੂਰੋਂ ਹੀ ਖਾੜਕੂਆਂ 'ਤੇ ਫ਼ਾਇਰਿੰਗ ਕੀਤੀ ਗਈ। ਖਾੜਕੂ ਅਚਾਨਕ ਹੀ ਘੇਰੇ ਗਏ, ਅਜੇ ਪੂਰੀ ਤਿਆਰੀ ਵਿਚ ਨਹੀਂ ਸਨ। ਸਰਕਾਰ ਨੇ ਆਤਮ-ਸਮਰਪਣ ਦੀ ਅਪੀਲ ਕੀਤੀ ਤਾਂ ਮੱਥਾ ਟੇਕਣ ਆਈ ਸੰਗਤ ਨਾਲ ਕੁਝ ਖਾੜਕੂਆਂ ਨੇ ਬਾਹਰ ਨਿਕਲਣ ਦੀ ਕੋਸ਼ਿਸ ਕੀਤੀ ਪਰ ਸਰਕਾਰ ਦੀ ਸੀ.ਆਈ.ਡੀ. ਨੇ ਸ਼ਨਾਖ਼ਤ ਕਰ ਲਈ। ਇਹਨਾਂ ਵਿਚੋਂ ਖਾੜਕੂ ਭਾਈ ਸੁਰਜੀਤ ਸਿੰਘ ਪੈਂਟਾ ਨੇ ਸਾਇਨਾਈਡ ਦਾ ਕੈਪਸੂਲ ਖਾ ਕੇ ਸ਼ਹੀਦੀ ਪ੍ਰਾਪਤ ਕਰ ਲਈ। ਘੇਰਾ ਦਸ ਦਿਨ ਲੰਬਾ ਹੋ ਗਿਆ। ਸਰਕਾਰ ਨੇ ਬਾਬਾ ਉੱਤਮ ਸਿੰਘ ਖਡੂਰ ਸਾਹਿਬ, ਕਾਰ ਸੇਵਾ ਵਾਲਿਆਂ ਵੱਲੋਂ ਖਾੜਕੂਆਂ ਨੂੰ ਆਤਮ-ਸਮਰਪਣ ਕਰਨ ਦੀਆਂ ਅਪੀਲਾਂ ਕਰਵਾਈਆਂ, ਜਿਸ 'ਤੇ ਖਾੜਕੂਆਂ ਨੇ ਆਤਮ-ਸਮਰਪਣ ਕਰਨ ਦਾ ਇਰਾਦਾ ਬਣਾ ਲਿਆ। ਖ਼ਾਲਿਸਤਾਨ ਦੇ ਦਫ਼ਤਰ 14 ਨੰਬਰ ਕਮਰੇ ਦੇ ਅੰਦਰ ਹੀ ਭਾਈ ਜਗੀਰ ਸਿੰਘ ਬੁਲਾਰਾ ਪੰਥਕ ਕਮੇਟੀ ਨੂੰ ਦੂਰ ਤੋਂ ਹੀ ਸੁਰੱਖਿਆ ਬਲਾਂ ਨੇ ਗੋਲੀਆਂ ਦਾ ਨਿਸ਼ਾਨਾ ਬਣਾ ਕੇ ਸ਼ਹੀਦ ਕਰ ਦਿੱਤਾ ਸੀ। ਭਾਈ ਨਿਰਵੈਰ ਸਿੰਘ, ਜੋ ਦੂਜੇ ਨੰਬਰ 'ਤੇ ਵੱਡਾ ਆਗੂ ਮੰਨਿਆ ਜਾਂਦਾ ਸੀ, ਉਸ ਦੀ ਅਗਵਾਈ ਵਿਚ ਖਾੜਕੂ ਆਤਮ-ਸਮਰਪਣ ਕਰਨ ਲਈ ਰਾਜ਼ੀ ਹੋ ਗਏ। ਖਾੜਕੂ ਭਾਈ ਜੋਗਾ ਸਿੰਘ ਨੇ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਸ਼ਹੀਦੀ ਪਾਉਣ ਦੀ ਅਰਦਾਸ ਕੀਤੀ ਕਿ ਹੇ ਸੱਚੇ ਪਾਤਸ਼ਾਹ, ਜਿਉਂਦੇ-ਜੀਅ ਦੁਸ਼ਮਣ ਦੇ ਹੱਥ ਆਉਣ ਨਾਲੋਂ ਤੇਰੇ ਦਰ 'ਤੇ ਸ਼ਹੀਦੀ ਪਾ ਰਿਹਾ ਹਾਂ, ਆਪਣੇ ਚਰਨਾਂ ਦੀ ਪ੍ਰੀਤ ਬਖ਼ਸ਼ੀਂ। ਤੇ ਸਾਇਨਾਈਡ ਦਾ ਕੈਪਸੂਲ ਖਾ ਕੇ ਹਰਿਮੰਦਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪ੍ਰਾਣ ਤਿਆਗ ਦਿੱਤੇ।

ਭਾਈ ਕਾਰਜ ਸਿੰਘ ਥਾਂਦੇ, ਸਾਥੀਆਂ ਸਮੇਤ ਪਰਕਰਮਾ ਵਿਚ ਦੱਖਣੀ ਡਿਉਢੀ ਵਾਲੇ ਪਾਸੇ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਬੁੰਗੇ ਕੋਲ ਆਏ ਤਾਂ ਸਾਥੀ ਸਿੰਘਾਂ ਨੂੰ ਕਿਹਾ ਕਿ ਮੈਂ ਦੁਸ਼ਮਣ ਅੱਗੇ ਆਤਮ-ਸਮਰਪਣ ਨਹੀਂ ਕਰਾਂਗਾ। ਮੈਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਹਦੂਦ ਅੰਦਰ ਸ਼ਹੀਦੀ ਪਾਉਣ ਨੂੰ ਉੱਤਮ ਮੰਨਦਾ ਹਾਂ। ਭਾਈ ਕਾਰਜ ਸਿੰਘ ਥਾਂਦੇ ਨੇ ਇਤਨਾ ਕਹਿ ਕੇ ਸਾਇਨਾਈਡ ਦਾ ਕੈਪਸੂਲ ਖਾ ਲਿਆ। ਕਿਹਾ ਜਾਂਦਾ ਹੈ ਕਿ ਸਾਇਨਾਈਡ ਦਾ ਕੈਪਸੂਲ ਨਿਗਲ ਜਾਣ 'ਤੇ ਆਦਮੀ ਆਪਣੇ ਦਸਤਖ਼ਤ ਵੀ ਨਹੀਂ ਕਰ ਸਕਦਾ, ਪਰ ਭਾਈ ਕਾਰਜ ਸਿੰਘ 'ਤੇ ਕੈਪਸੂਲ

ਨੇ ਤੁਰੰਤ ਅਸਰ ਨਾ ਕੀਤਾ। ਭਾਈ ਕਾਰਜ ਸਿੰਘ ਨੇ ਸਾਥੀ ਸਿੰਘਾਂ ਨੂੰ ਕਿਹਾ, "ਮੈਨੂੰ ਗੋਲੀ ਮਾਰ ਦਿਉ।" ਸਾਰੇ ਹੀ ਖਾੜਕੂ ਭਾਈ ਕਾਰਜ ਸਿੰਘ ਦੇ ਚੁਫੇਰੇ ਖਲੋਤੇ ਹੈਰਾਨ ਸਨ ਕਿ ਕੀ ਭਾਣਾ ਵਰਤ ਰਿਹਾ ਹੈ। ਜ਼ਹਿਰ ਵੀ ਅਸਰ ਨਹੀਂ ਕਰ ਰਿਹਾ। ਕੁਝ ਸਿੰਘਾਂ ਨੇ ਕਿਹਾ, "ਭਾਈ ਸਾਹਿਬ ਦਾ ਹੁਕਮ ਮੰਨ ਕੇ ਗੋਲੀ ਮਾਰ ਕੇ ਸ਼ਹੀਦ ਕਰ ਦੇਈਏ।" ਪਰ ਜਥੇਦਾਰ ਬਲਵੰਤ ਸਿੰਘ ਨਾਗੋਕੇ ਨੇ ਰੋਕ ਦਿੱਤਾ ਕਿ ਇਤਿਹਾਸ ਨੇ ਇਹ ਫ਼ਤਵਾ ਦੇ ਦੇਣਾ ਹੈ ਕਿ ਭਾਈ ਕਾਰਜ ਸਿੰਘ ਥਾਂਦੇ ਨੂੰ ਖਾੜਕੂਆਂ ਨੇ ਆਪ ਗੋਲੀ ਮਾਰ ਕੇ ਮਾਰ ਦਿੱਤਾ। ਭਾਈ ਕਾਰਜ ਸਿੰਘ ਥਾਂਦੇ ਬਹੁਤ ਤੜਪ-ਤੜਪ ਕੇ ਗੁਰਬਾਣੀ ਫ਼ੁਰਮਾਨ **ਕਬੀਰ ਮੋਹਿ ਮਰਨੈ ਕਾ ਚਾਉ ਮਰਹੁ ਤਾਂ ਹਰਿ ਕੇ ਦੁਆਰ॥** ਅਨੁਸਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾਂ ਵਿਚ 15 ਮਈ 1988 ਨੂੰ ਸ਼ਹੀਦ ਹੋ ਗਏ। ਪਰ ਬਹਾਦਰ ਸੂਰਮਾ ਜਿਉਂਦਾ ਦੁਸ਼ਮਣ ਦੇ ਹੱਥ ਨਾ ਆਇਆ। ਖਾੜਕੂਆਂ ਵੱਲੋਂ ਸਾਕਾ ਕਾਲੀ ਗਰਜ ਮਈ 1988 ਵਿਚ ਕੀਤੇ ਆਤਮ-ਸਮਰਪਣ ਨੇ ਸਿੱਖ ਕੌਮ ਨੂੰ ਬੇਹੱਦ ਨਮੋਸ਼ੀ ਦੀ ਦਸ਼ਾ ਵੱਲ ਧੱਕ ਦਿੱਤਾ ਸੀ। ਸਰਕਾਰ ਵੱਲੋਂ ਆਤਮ ਸਮਰਪਣ ਕਰਵਾਉਣ ਵਿਚ ਖ਼ਾਸ ਭੂਮਿਕਾ ਨਿਭਾਉਣ ਵਾਲੇ ਸੰਘਰ ਪਿੰਡ ਦੇ ਇਕ ਕਰਿੰਦੇ ਨੂੰ ਭਾਈ ਗੁਰਮੁਖ ਸਿੰਘ ਨਾਗੋਕੇ ਨੇ ਜਲਦੀ ਹੀ ਸੋਧਾ ਲਾ ਦਿੱਤਾ। ਜਿਸ ਕਾਰਨ ਭਾਈ ਜਗੀਰ ਸਿੰਘ ਬੁਲਾਰਾ ਪੰਥਕ ਕਮੇਟੀ, ਭਾਈ ਜੋਗਾ ਸਿੰਘ, ਭਾਈ ਸੁਰਜੀਤ ਸਿੰਘ ਪੈਂਟਾ ਅਤੇ ਭਾਈ ਕਾਰਜ ਸਿੰਘ ਥਾਂਦੇ ਦੀ ਸ਼ਹੀਦੀ ਦਾ ਇਤਿਹਾਸਕ ਕਾਂਡ ਵੀ ਸਾਕਾ ਕਾਲੀ ਗਰਜ ਦੀ ਧੂੜ ਹੇਠਾਂ ਦੱਬ ਕੇ ਰਹਿ ਗਿਆ।

ਸ਼ਹੀਦ ਭਾਈ ਕਾਰਜ ਸਿੰਘ ਦੇ ਸਾਲੇ (ਜੋ ਕਿ ਇਕ ਹੀ ਸੀ) ਗੁਰਮੀਤ ਸਿੰਘ ਗੁਰੂ ਕੀ ਵਡਾਲੀ ਨੂੰ ਫ਼ਤਹਿਗੜ੍ਹ ਚੂੜੀਆਂ ਤੋਂ ਵਾਪਸ ਅੰਮ੍ਰਿਤਸਰ ਆਉਂਦਿਆਂ ਪੁਲਿਸ ਨੇ ਬੱਸ ਵਿਚੋਂ ਉਤਾਰ ਲਿਆ ਤੇ ਪਿੰਡ ਚੱਕ ਸਕੰਦਰ, ਰਮਦਾਸ ਨੇੜੇ ਝੂਠੇ ਪੁਲਿਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਤੇ ਮਜੀਠਾ ਪੁਲਿਸ ਦੇ ਐਸ.ਐਸ.ਪੀ. ਨੇ ਅੱਤਵਾਦੀਆਂ ਦੇ ਪੁਲਿਸ ਨਾਲ ਮੁਕਾਬਲੇ ਵਿਚ ਮਾਰੇ ਜਾਣ ਦੀ ਪੱਤਰਕਾਰਾਂ ਨੂੰ ਜਾਣਕਾਰੀ ਦਿੱਤੀ।

* * *

# ਸ਼ਹੀਦ ਭਾਈ ਸੁਖਵਿੰਦਰ ਸਿੰਘ ਸੰਘਾ
# ਮੁਖੀ-ਭਿੰਡਰਾਂਵਾਲਾ ਟਾਈਗਰਜ਼ ਫੋਰਸ (ਸੰਘਾ)

ਇਸ ਰੋਹ ਭਰੇ ਇਤਿਹਾਸ ਦਾ ਕੀ ਕਰੋਗੇ ਚਾਰਾ।
ਹਰ ਜ਼ਰੇ ਵਿਚ ਮਚਲ ਰਿਹੈ ਜ਼ਖ਼ਮੀ ਲਲਕਾਰਾ।
ਇਥੇ ਹੱਕ ਮਾਨਣੇ ਪੈਂਦੇ ਨੇ ਤੇਗਾਂ ਦੀ ਛਾਵੇਂ।
ਹਰ ਪੱਤੇ 'ਤੇ ਉਕਰੇ ਸ਼ਹੀਦ ਸਿੰਘਾਂ ਦੇ ਸਿਰਨਾਵੇਂ।



ਖ਼ਾਲਸਾ ਰਾਜ ਦੀ ਸਥਾਪਨਾ ਦੇ ਸੰਘਰਸ਼ ਦੀ ਗੱਲ ਕਰਦਿਆਂ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਸੰਘਾ ਦੇ ਮੁਖੀ ਭਾਈ ਸੁਖਵਿੰਦਰ ਸਿੰਘ ਸੰਘਾ ਦੀ ਜਾਂਬਾਜ਼ੀ, ਬਹਾਦਰੀ, ਨਿਮਰਤਾ, ਤਿਆਗ, ਸਿਰੜ-ਸਿਦਕ ਅਤੇ ਸੁੰਦਰ ਸੋਹਣੇ ਨੈਣ ਨਕਸ਼ਾਂ ਵਾਲੇ ਸਿੱਖ ਗੱਭਰੂ, ਸਿੱਖੀ ਸਰੂਪ ਵਿਚ ਪ੍ਰਪੱਕ ਸੰਤ ਸਿਪਾਹੀ ਦੀ ਤਸਵੀਰ ਅੱਖਾਂ ਸਾਹਮਣੇ ਆ ਜਾਂਦੀ ਹੈ। ਇਹ ਭਾਈ ਸੁਖਵਿੰਦਰ ਸਿੰਘ ਸੰਘਾ ਸੂਰਮਾ ਹੀ ਸੀ, ਜਿਸ ਨੇ ਜੂਨ 1984 (ਹਿੰਦੁਸਤਾਨੀ ਹਕੂਮਤ ਦੀ ਫ਼ੌਜ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਚ ਸਿੱਖਾਂ ਉਪਰ ਵਰਤਾਏ ਵਹਿਸ਼ੀ ਘੱਲੂਘਾਰੇ) ਤੋਂ ਬਾਅਦ ਹਿੰਦੁਸਤਾਨੀ ਫ਼ੋਰਸਾਂ, ਪੰਜਾਬ ਪੁਲਿਸ, ਸੀ.ਆਰ.ਪੀ., ਬੀ.ਐਸ.ਐਫ਼. ਨੂੰ ਵਾਹਣੀ ਪਾਇਆ ਹੋਇਆ ਸੀ।

ਭਾਈ ਸੁਖਵਿੰਦਰ ਸਿੰਘ ਸੰਘਾ ਦਾ ਜਨਮ ਸ. ਗੁਲਜ਼ਾਰ ਸਿੰਘ ਦੇ ਘਰ ਮਾਤਾ

ਬੀਬੀ ਮਹਿੰਦਰ ਕੌਰ ਦੀ ਕੁੱਖੋਂ 3 ਫਰਵਰੀ 1965 ਨੂੰ ਪਿੰਡ ਸੰਘਾ (ਨੇੜੇ ਤਰਨ ਤਾਰਨ) ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਆਪ ਪਰਿਵਾਰ ਵਿਚ ਸਭ ਤੋਂ ਵੱਡੇ ਸਨ, ਆਪ ਚਾਰ ਭਰਾ ਤੇ ਇਕ ਭੈਣ ਸੀ। ਸੁਖਵਿੰਦਰ ਸਿੰਘ ਸੰਘਾ, ਭਰਾ ਬਲਵਿੰਦਰ ਸਿੰਘ ਬਿੱਲੂ, ਖੁਸ਼ਦੀਪ ਸਿੰਘ ਬਿੱਟੂ, ਭੈਣ ਰਣਜੀਤ ਕੌਰ ਤੇ ਛੋਟਾ ਭਰਾ ਦਿਲਬਾਗ ਸਿੰਘ ਹੈ। ਭਾਈ ਸਾਹਿਬ ਨੇ ਪੰਜਵੀਂ ਜਮਾਤ ਪਿੰਡ ਸੰਘਾ ਦੇ ਸਕੂਲ ਤੋਂ ਪਾਸ ਕੀਤੀ, ਨੌਵੀਂ ਜਮਾਤ ਐਸ.ਡੀ. ਹਾਈ ਸਕੂਲ ਤਰਨ ਤਾਰਨ ਤੋਂ, ਦਸਵੀਂ ਹਾਇਰ ਸੈਕੰਡਰੀ ਸਕੂਲ ਤਰਨ ਤਾਰਨ ਤੋਂ ਪਾਸ ਕੀਤੀ। ਸ੍ਰੀ ਗੁਰੂ ਅਰਜਨ ਦੇਵ ਕਾਲਜ ਤੋਂ ਬੀ.ਏ. ਪਾਸ ਕੀਤੀ। ਭਾਈ ਸੁਖਵਿੰਦਰ ਸਿੰਘ ਸੰਘਾ ਬਚਪਨ ਤੋਂ ਹੀ ਧਾਰਮਿਕ ਰੁਚੀ ਦੇ ਮਾਲਿਕ ਸਨ। 14-15 ਸਾਲ ਦੀ ਉਮਰ ਤਕ ਅੰਮ੍ਰਿਤ ਵੇਲੇ ਦੀਆਂ ਪੰਜ ਬਾਣੀਆਂ, ਸ਼ਾਮ ਦੀ ਬਾਣੀ ਸੋਦਰ ਰਹਿਰਾਸ, ਕੀਰਤਨ ਸੋਹਿਲਾ ਦੀਆਂ ਬਾਣੀਆਂ ਕੰਠ ਕਰ ਲਈਆਂ ਸਨ। ਭਾਈ ਸਾਹਿਬ ਨੂੰ ਜਦੋਂ ਵੀ ਵਕਤ ਮਿਲਦਾ, ਸੁਖਮਨੀ ਸਾਹਿਬ, ਆਸਾ ਦੀ ਵਾਰ, ਚੰਡੀ ਦੀ ਵਾਰ ਦਾ ਪਾਠ ਕਰਦੇ ਸਨ। ਭਾਈ ਸਾਹਿਬ ਗੁਰਬਾਣੀ ਦੇ ਰਸੀਏ ਸਨ ਤੇ ਵਿਦਿਆਰਥੀ ਜੀਵਨ ਤੋਂ ਹੀ ਅੰਮ੍ਰਿਤ ਵੇਲੇ ਕੇਸੀਂ ਇਸ਼ਨਾਨ ਕਰ ਕੇ ਗੁਰਬਾਣੀ ਪਾਠ ਨਿਤਨੇਮ ਨਾਲ ਕਰਨ ਦੇ ਅਭਿਆਸੀ ਸਨ। ਭਾਈ ਸਾਹਿਬ ਨੂੰ ਸ਼ਸਤਰ ਵਿਦਿਆ ਨਾਲ ਮੋਹ ਸੀ ਤੇ ਸ਼ਾਮ ਦੇ ਵਕਤ ਮਿੱਤਰਾਂ-ਦੋਸਤਾਂ ਨਾਲ ਗੱਤਕਾ ਖੇਡ ਕੇ ਪ੍ਰਸੰਨ ਹੁੰਦੇ ਸਨ। ਸਕੂਲ, ਕਾਲਜ ਦੇ ਵਿਸ਼ੇਸ਼ ਸਮਾਗਮਾਂ ਅਤੇ ਗੁਰਪੁਰਬ 'ਤੇ ਨਗਰ ਕੀਰਤਨਾਂ ਵਿਚ ਗੱਤਕਾ ਪਾਰਟੀ ਵਿਚ ਸ਼ਾਮਲ ਹੋ ਕੇ ਸ਼ਸਤਰ ਵਿਦਿਆ ਦੇ ਜੌਹਰ ਵਿਖਾਉਂਦੇ ਸਨ। ਨਕਲੀ ਨਿਰੰਕਾਰੀਆਂ ਵੱਲੋਂ 13 ਅਪਰੈਲ 1978 ਦੇ ਅੰਮ੍ਰਿਤਸਰ ਵਿਖੇ ਅੰਮ੍ਰਿਤਧਾਰੀ ਸਿੰਘਾਂ ਦੇ ਖ਼ੂਨ ਦੀ ਖੇਡੀ ਹੋਲੀ, 13 ਸਿੰਘਾਂ ਦੀ ਸ਼ਹੀਦੀ ਅਤੇ 150 ਤੋਂ ਵੱਧ ਸਿੰਘਾਂ ਦੇ ਜ਼ਖ਼ਮੀ ਹੋਣ ਦੇ ਖ਼ੂਨੀ ਸਾਕੇ ਤੋਂ ਬਾਅਦ ਜੁਝਾਰੂ ਖ਼ਾਲਸੇ ਵੱਲੋਂ ਨਿਰੰਕਾਰੀਆਂ ਨੂੰ ਲੋਹੇ ਦੇ ਚਣੇ ਚਬਾਉਣੇ ਆਰੰਭ ਕੀਤੇ ਤਾਂ ਭਾਈ ਸੁਖਵਿੰਦਰ ਸਿੰਘ ਦੀ ਜੁਝਾਰੂ ਖ਼ਾਲਸੇ ਦੇ ਅਣਖੀਲੇ ਮਰਦਾਂ ਨਾਲ ਹਮਦਰਦੀ ਹੋ ਗਈ ਅਤੇ ਕਾਲਜ ਦੀ ਪੜ੍ਹਾਈ ਵੇਲੇ ਜੁਝਾਰੂ ਸਿੰਘਾਂ ਦਾ ਗੁਪਤ ਰੂਪ ਵਿਚ ਸਾਥ ਦਿੰਦੇ ਰਹੇ। ਸੰਨ 1982 ਵਿਚ ਪਿਤਾ ਸ. ਗੁਲਜਾਰ ਸਿੰਘ ਦਾ ਕਤਲ ਹੋ ਗਿਆ, ਘਰ ਵਿਚ ਵੱਡੇ ਹੋਣ ਦੇ ਨਾਤੇ ਸਾਰੇ ਪਰਿਵਾਰ ਦੀ ਜ਼ਿੰਮੇਵਾਰੀ ਭਾਈ ਸੁਖਵਿੰਦਰ ਸਿੰਘ 'ਤੇ ਆ ਪਈ, ਜਿਸ ਨੂੰ ਸਿਦਕਦਿਲੀ ਨਾਲ ਨਿਭਾਉਂਦੇ ਰਹੇ। ਸੰਨ 1982 ਵਿਚ ਭਾਈ ਸਾਹਿਬ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਅਤੇ ਭਾਈ ਅਮਰੀਕ ਸਿੰਘ ਪ੍ਰਧਾਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸੰਪਰਕ ਵਿਚ ਆਏ ਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਮੈਂਬਰ ਬਣ ਗਏ ਅਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਵਿਚਾਰ ਸੁਣਨ ਲਈ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜਾਂਦੇ ਸਨ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੀ ਇਨਕਲਾਬੀ ਸ਼ਖ਼ਸੀਅਤ ਦਾ ਭਾਈ ਸਾਹਿਬ ਦੇ ਮਨ 'ਤੇ ਬੜਾ ਅਸਰ ਹੋਇਆ ਤੇ ਸਿੱਖ ਸੰਘਰਸ਼ ਨੂੰ ਸਮਰਪਿਤ ਹੋ ਗਏ। ਸਿੱਖ ਹੱਕਾਂ ਦੀ ਪ੍ਰਾਪਤੀ ਲਈ ਆਰੰਭੇ ਧਰਮ ਯੁੱਧ ਮੋਰਚੇ

ਦੌਰਾਨ ਭਾਈ ਅਮਰੀਕ ਸਿੰਘ ਦੇ ਆਦੇਸ਼ਾਂ ਅਨੁਸਾਰ ਸਿੱਖ ਸੰਗਤਾਂ ਨੂੰ ਪ੍ਰੇਰ ਕੇ ਗ੍ਰਿਫ਼ਤਾਰੀ ਦਿੱਤੀ ਤੇ ਲੁਧਿਆਣਾ ਜੇਲ੍ਹ ਵਿਚ ਸਿਆਸੀ ਕੈਦ ਕੱਟੀ। ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ ਉੱਪਰ ਹੋਏ ਹਿੰਦੁਸਤਾਨੀ ਹਕੂਮਤ ਦੇ ਖ਼ੂਨੀ ਕਹਿਰੀ ਘੱਲੂਘਾਰੇ ਨੇ ਭਾਈ ਸੰਘਾ ਦੇ ਮਨ ਨੂੰ ਝੰਜੋੜ ਕੇ ਰੱਖ ਦਿੱਤਾ। ਭਾਈ ਸੁਖਵਿੰਦਰ ਸਿੰਘ ਸੰਘਾ ਕਿਹਾ ਕਰਦੇ ਸਨ ਕਿ ਰੋਇਆਂ ਝੂਰਿਆਂ ਕੁਝ ਨਹੀਂ ਬਣਨਾ, ਹੁਣ ਸ੍ਰੀ ਦਰਬਾਰ ਸਾਹਿਬ ਦੀ ਬੇਹੁਰਮਤੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤੋਪਾਂ-ਟੈਂਕਾਂ ਨਾਲ ਕੀਤੀ ਤਬਾਹੀ ਤੇ ਹਜਾਰਾਂ ਸਿੰਘਾਂ ਸਿੰਘਣੀਆਂ ਦੀ ਕਤਲੇਆਮ (ਸ਼ਹਾਦਤ) ਦਾ ਬਦਲਾ ਲੈਣ ਲਈ ਅਤੇ ਖ਼ਾਲਸਾਈ ਜੁਝਾਰੂ ਰਵਾਇਤਾਂ ਨੂੰ ਕਾਇਮ ਰੱਖਣ ਲਈ ਸਿਰ ਲੈਣੇ ਵੀ ਪੈਣਗੇ ਤੇ ਸਿੱਖ ਧਰਮ ਦੀ ਖ਼ਾਤਰ ਸਿਰ ਦੇਣਾ ਵੀ ਪਵੇਗਾ। ਜ਼ਾਲਮ ਹਕੂਮਤ ਦੀਆਂ ਨਜ਼ਰਾਂ ਪਹਿਲਾਂ ਹੀ ਭਾਈ ਸੁਖਵਿੰਦਰ ਸਿੰਘ ਸੰਘਾ ਵਰਗੇ ਅਣਖੀਲੇ ਮਰਦਾਂ 'ਤੇ ਟਿਕੀਆਂ ਹੋਈਆਂ ਸਨ। ਅਗਸਤ 1984 ਵਿਚ ਪੰਜਾਬ ਅੰਦਰ ਸਿੱਖ ਗੱਭਰੂਆਂ ਦਾ ਫੜੋ-ਫੜਾਈ ਸ਼ੁਰੂ ਸੀ। ਇਕ ਦਿਨ ਸਵੇਰੇ ਅਚਾਨਕ ਤਰਨ ਤਾਰਨ ਪੁਲਿਸ ਨੇ ਪਿੰਡ ਸੰਘਾ ਨੂੰ ਘੇਰ ਲਿਆ ਅਤੇ ਭਾਈ ਸੁਖਵਿੰਦਰ ਸਿੰਘ ਸੰਘਾ ਨੂੰ ਗ੍ਰਿਫ਼ਤਾਰ ਕਰ ਕੇ ਤਰਨ ਤਾਰਨ ਥਾਣੇ ਲੈ ਗਏ ਅਤੇ ਪੁਲਿਸ ਨੇ ਬੇਤਹਾਸ਼ਾ ਤਸ਼ੱਦਦ ਕੀਤੀ ਕਿ ਤੇਰੇ ਕੋਲ ਸੰਤ ਭਿੰਡਰਾਂਵਾਲੇ ਦੇ ਸਾਥੀ ਆਉਂਦੇ ਹਨ, ਉਹਨਾਂ ਨੂੰ ਫੜਾ। ਪੁਲਿਸ-ਤਸ਼ੱਦਦ ਨੂੰ ਭਾਈ ਸਾਹਿਬ ਨੇ ਬੜੀ ਸਿਦਕ-ਦਿਲੀ ਨਾਲ ਆਪਣੇ ਸਰੀਰ 'ਤੇ ਹੰਢਾਇਆ।

ਪੰਜਾਬ ਪੁਲਿਸ ਭਾਈ ਸੁਖਵਿੰਦਰ ਸਿੰਘ ਸੰਘਾ ਤੋਂ ਕੋਈ ਭੇਦ ਨਾ ਲੈ ਸਕੀ ਤੇ ਫ਼ੌਜੀ ਕੈਂਪ ਵਿਚ ਭੇਜ ਦਿੱਤਾ, ਜਿਥੇ ਹਿੰਦੁਸਤਾਨੀ ਫ਼ੌਜ ਸਿੱਖਾਂ ਉੱਤੇ ਅਣਮਨੁੱਖੀ ਵਿਹਾਰ ਕਰਦੀ ਸੀ। ਫ਼ੌਜ ਨੇ ਤਸੀਹੇ ਦੇ ਕੇ ਪੁੱਛ-ਗਿੱਛ ਕੀਤੀ ਤੇ ਕੁਝ ਵੀ ਪਿੜ ਪੱਲੇ ਨਾ ਪੈਣ 'ਤੇ ਅੰਮ੍ਰਿਤਸਰ ਜੇਲ੍ਹ ਵਿਚ ਭੇਜ ਦਿੱਤਾ। ਇਕ ਸਾਲ ਬਾਅਦ ਜ਼ਮਾਨਤ ਹੋਈ। ਜੂਨ 1984 ਦੇ ਸ੍ਰੀ ਦਰਬਾਰ ਸਾਹਿਬ ਉੱਤੇ ਹਿੰਦੁਸਤਾਨ ਸਰਕਾਰ ਦੇ ਫ਼ੌਜੀ ਹਮਲੇ ਤੋਂ ਬਾਅਦ ਮੁੱਖ ਦੋਸ਼ੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਦੋ ਸਿੱਖ ਨੌਜਵਾਨਾਂ (ਬਾਡੀਗਾਰਡਾਂ) ਨੇ ਉਸ ਦੇ ਸੁਰੱਖਿਆ ਕਿਲ੍ਹੇ ਅੰਦਰ ਹੀ 31 ਅਕਤੂਬਰ 1984 ਨੂੰ ਗੋਲੀਆਂ ਨਾਲ ਫੁੰਡ ਕੇ ਮੌਤ ਦੇ ਘਾਟ ਉਤਾਰ ਦਿੱਤਾ। ਸ੍ਰੀ ਹਰਿਮੰਦਰ ਸਾਹਿਬ ਉਪਰ ਜੂਨ 1984 ਦੇ ਫ਼ੌਜੀ ਹਮਲੇ ਦਾ ਬਦਲਾ ਲਿਆ ਤਾਂ ਉਸ ਵੇਲੇ ਦੀ ਹਾਕਮ ਜਮਾਤ ਕਾਂਗਰਸ ਪਾਰਟੀ ਨੇ ਦਿੱਲੀ ਅਤੇ ਹੋਰ ਵੱਡੇ ਸ਼ਹਿਰਾਂ ਵਿਚ ਸਿੱਖਾਂ ਦੀ ਬੇਰਹਿਮੀ ਨਾਲ ਕਤਲੇਆਮ ਕਰਵਾਈ, ਜਿਉਂਦੇ ਸਿੱਖਾਂ ਨੂੰ ਗਲਾਂ ਵਿਚ ਟਾਇਰ ਪਾ ਕੇ ਸਾੜਿਆ ਗਿਆ, ਸਿੱਖਾਂ ਦੀਆਂ ਧੀਆਂ-ਭੈਣਾਂ ਨਾਲ ਸਮੂਹਕ ਬਲਾਤਕਾਰ ਕੀਤਾ ਗਿਆ। ਕਿਸੇ ਵੀ ਦੋਸ਼ੀ ਨੂੰ ਗ੍ਰਿਫ਼ਤਾਰ ਨਾ ਕੀਤਾ ਗਿਆ। ਇਹ ਸਿੱਖਾਂ ਵਿਰੁੱਧ ਹਿੰਦੁਸਤਾਨੀ ਹਕੂਮਤ ਵੱਲੋਂ ਨਵੰਬਰ 1984 ਦਾ ਦੂਜਾ ਘੱਲੂਘਾਰਾ ਸੀ, ਜਿਸ ਨੇ ਸਿੱਖ ਨੌਜਵਾਨਾਂ ਦੀ ਅਣਖ ਨੂੰ ਜਗਾ ਦਿੱਤਾ। ਭਾਈ ਸੁਖਵਿੰਦਰ ਸਿੰਘ ਸੰਘਾ ਨੇ ਜਾਬਰ ਹਕੂਮਤ ਵਿਰੁੱਧ ਹਥਿਆਰਬੰਦ ਟੱਕਰ ਲੈਣ ਲਈ ਤੇ ਸਿੱਖ ਨੌਜਵਾਨਾਂ ਨੂੰ

ਲਾਮਬੰਦ ਕਰਨ ਲਈ ਯਤਨ ਆਰੰਭ ਦਿੱਤੇ। ਸਭ ਤੋਂ ਪਹਿਲਾਂ ਤਰਨ ਤਾਰਨ ਦੀ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੂੰ ਦੁਬਾਰਾ ਪੈਰਾਂ ਸਿਰ ਖੜੇ ਕਰ ਕੇ ਲਾਮਬੰਦ ਕੀਤਾ ਅਤੇ ਹਥਿਆਰਬੰਦ ਗੁਰੀਲਾ ਲੜਾਈ ਲਈ ਆਪਣੀ ਜ਼ਮੀਨ ਗਹਿਣੇ ਰੱਖ ਕੇ ਲਾਇਸੈਂਸੀ ਹਥਿਆਰ ਖ਼ਰੀਦੇ। ਇਹਨੀਂ ਦਿਨੀਂ ਨਾਮਵਰ ਜੁਝਾਰੂ ਸਿੰਘਾਂ ਨਾਲ ਮੇਲ-ਮਿਲਾਪ ਹੁੰਦਾ ਰਿਹਾ। ਸੰਨ 1985 ਵਿਚ ਮਾਝੇ ਦੀ ਧਰਤੀ 'ਤੇ ਭਾਈ ਰਣਜੀਤ ਸਿੰਘ ਰਾਣਾ ਠਰੂ ਦੀ ਪੂਰੀ ਚੜ੍ਹਤ ਸੀ। ਭਾਈ ਸੁਖਵਿੰਦਰ ਸਿੰਘ ਸੰਘਾ ਰਾਣਾ ਠਰੂ ਦੇ ਜਥੇ ਵਿਚ ਸ਼ਾਮਲ ਹੋ ਗਏ। ਗੱਜ-ਵੱਜ ਕੇ ਖਾੜਕੂ ਦਲੇਰਾਨਾ ਐਕਸ਼ਨ ਕੀਤੇ। ਭਾਈ ਰਣਜੀਤ ਸਿੰਘ ਰਾਣਾ ਠਰੂ ਦੇ ਨਾਲ ਭਾਈ ਸੁਖਵਿੰਦਰ ਸਿੰਘ ਸੰਘਾ ਦਾ ਨਾਂ ਵੀ ਸਿੱਖ ਕੌਮ ਦੇ ਬੱਚੇ-ਬੱਚੇ ਦੀ ਜ਼ੁਬਾਨ ਤੋਂ ਲਿਆ ਜਾਣ ਲੱਗਾ। ਭਾਈ ਰਾਣਾ ਠਰੂ ਦੇ ਜੱਥੇ ਦੇ ਸਿੰਘਾਂ ਦੀ ਗਿਣਤੀ 15-16 ਦੇ ਕਰੀਬ ਸੀ ਤੇ ਹਥਿ੍ਆਰ ਵੀ ਸੀਮਤ ਹੀ ਸਨ। ਭਾਈ ਰਾਣਾ ਦੇ ਸਾਥੀ ਬੜੀ ਬਹਾਦਰੀ ਨਾਲ ਖ਼ਾਲਸਾ ਰਾਜ ਦੀ ਸਥਾਪਨਾ ਲਈ ਜੂਝਦੇ ਹੋਏ ਸਾਰੇ ਸਿੰਘ ਭਾਈ ਰਾਣਾ ਠਰੂ ਸਮੇਤ ਸੰਨ 1987 ਵਿਚ ਹੀ ਸ਼ਹੀਦੀਆਂ ਪਾ ਗਏ। ਭਾਈ ਸੁਖਵਿੰਦਰ ਸਿੰਘ ਸੰਘਾ ਇਕੱਲਾ ਰਹਿ ਗਿਆ। ਸੰਨ 1987 ਦੇ ਅਖ਼ੀਰ ਵਿਚ ਆਪ ਦਾ ਮੇਲ ਬਾਬਾ ਗੁਰਬਚਨ ਸਿੰਘ ਮਾਣੋਚਾਹਲ ਨਾਲ ਹੋਇਆ ਤੇ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਆਫ਼ ਖ਼ਾਲਿਸਤਾਨ ਵਿਚ ਸ਼ਾਮਲ ਹੋ ਗਏ। ਬੀ.ਟੀ.ਐਫ਼.ਕੇ. 'ਚ ਭਰਤੀ ਹੋਣ 'ਤੇ ਖ਼ਾਲਸਾ ਰਾਜ ਦੀ ਸਥਾਪਨਾ ਲਈ ਵੱਡੇ-ਵੱਡੇ ਦਲੇਰਾਨਾ ਖਾੜਕੂ ਐਕਸ਼ਨ ਕਰ ਕੇ ਛੇਤੀ ਹੀ ਖਾੜਕੂ ਸਿੰਘਾਂ ਦੀ ਮੋਹਰੀ ਕਤਾਰ ਵਿਚ ਸ਼ਾਮਲ ਹੋ ਗਏ। ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਦੇ ਮੁਖੀ ਬਾਬਾ ਗੁਰਬਚਨ ਸਿੰਘ ਮਾਣੋਚਾਹਲ ਨੇ ਆਪਣੀ ਜਥੇਬੰਦੀ ਦਾ ਲੈਫ਼ਟੀਨੈਂਟ ਜਨਰਲ ਨਿਯੁਕਤ ਕਰ ਦਿੱਤਾ। ਬਾਬਾ ਮਾਣੋਚਾਹਲ ਦੀ ਗੈਰ-ਹਾਜ਼ਰੀ ਵਿਚ ਜਥੇਬੰਦੀ ਦੀ ਕਮਾਂਡ ਦੀ ਸਾਰੀ ਜ਼ਿੰਮੇਵਾਰੀ ਭਾਈ ਸੁਖਵਿੰਦਰ ਸਿੰਘ ਸੰਘਾ ਦੇ ਸਿਰ ਹੁੰਦੀ ਸੀ। ਭਾਈ ਸੁਖਵਿੰਦਰ ਸਿੰਘ ਮੈਦਾਨੇ ਜੰਗ ਵਿਚ ਹਮੇਸ਼ਾ 6-7 ਸਾਥੀਆਂ ਦੇ ਵਿਚ ਘਿਰਿਆ ਹੁੰਦਾ ਸੀ ਤੇ ਇਸ ਦੀ ਕਮਾਂਡ ਹੇਠਾਂ 80 ਸਿੰਘਾਂ ਦਾ ਜੱਥਾ ਸੀ। ਸਾਰੇ ਸਿੰਘਾਂ ਨੂੰ ਭਾਈ ਸੰਘਾ ਦੀ ਸਖ਼ਤ ਹਿਦਾਇਤ ਸੀ ਕਿ ਕਿਸੇ ਦੇ ਵੀ ਨਿੱਜੀ ਝਗੜੇ ਵਿਚ ਨਹੀਂ ਪੈਣਾ, ਕਿਸੇ ਗਰੀਬ ਪਰਿਵਾਰ ਨਾਲ ਨਾ ਧੱਕੇਸ਼ਾਹੀ ਕਰਨੀ ਹੈ ਨਾ ਹੀ ਹੋਣ ਦੇਣੀ ਹੈ, ਹਥਿਆਰਾਂ ਦੀ ਵਰਤੋਂ ਲੋਕਾਂ ਉਪਰ ਧੌਂਸ ਜਮਾਉਣ, ਦਹਿਸ਼ਤ ਫੈਲਾਉਣ ਵਾਸਤੇ ਨਹੀਂ ਕਰਨੀ। ਹਕੂਮਤੀ ਜ਼ੁਲਮ ਅਤੇ ਲੁਟੇਰੇ ਅਪਰਾਧੀਆਂ ਅਤੇ ਖ਼ਾਲਸਾ ਰਾਜ ਦੇ ਸਿੱਖ ਸੰਘਰਸ਼ ਨਾਲ ਗਦਾਰੀ ਕਰਨ ਵਾਲਿਆਂ ਵਿਰੁੱਧ ਕਰਨੀ ਹੈ। ਲੋਕਾਂ ਦੇ ਰਾਖੇ ਬਣ ਕੇ ਰਹਿਣਾ ਹੈ। ਲੋਕ ਸਾਨੂੰ ਅੱਤਵਾਦੀ ਨਹੀਂ, ਆਪਣੇ ਪੁੱਤਰ-ਭਰਾ ਸਮਝਣ। ਪੰਜਾਬ ਜਿਹੇ ਮੈਦਾਨੀ ਇਲਾਕੇ ਵਿਚ ਜਿਥੇ ਸਹੇ ਦੇ ਲੁਕਣ ਲਈ ਵੀ ਥਾਂ ਨਹੀਂ, ਲੋਕਾਂ ਦੀ ਹਮਦਰਦੀ ਜਿੱਤ ਕੇ ਲੋਕਾਂ ਦੇ ਦਿਲਾਂ ਦੇ ਜੰਗਲ ਵਿਚ ਛੁਪ ਕੇ ਰਹਿਣਾ ਹੈ। ਇਸ ਦੀ ਮਿਸਾਲ ਸਭ ਤੋਂ ਪਹਿਲਾਂ ਭਾਈ ਸੁਖਵਿੰਦਰ ਸਿੰਘ ਸੰਘਾ ਨੇ ਆਪ ਕਾਇਮ ਕੀਤੀ। ਕਿਹਾ ਜਾਂਦਾ ਹੈ ਕਿ ਭਾਈ ਸੁਖਵਿੰਦਰ ਸਿੰਘ ਸੰਘਾ ਦੇ

ਪਿਤਾ ਸ. ਗੁਲਜ਼ਾਰ ਸਿੰਘ ਦਾ ਕਤਲ ਹੋ ਗਿਆ ਸੀ, ਖਾੜਕੂ ਸਿੰਘਾਂ ਵਿਚ ਰਲ ਜਾਣ 'ਤੇ ਪਿਤਾ ਦੇ ਕਾਤਲ ਡਰਦੇ ਪਿੰਡ ਛੱਡ ਕੇ ਚਲੇ ਗਏ। ਭਾਈ ਸੁਖਵਿੰਦਰ ਸਿੰਘ ਸੰਘਾ ਨੂੰ ਪਤਾ ਲੱਗਾ ਤਾਂ ਉਹਨਾਂ ਨੂੰ ਸਮਝਾ ਕੇ ਪਿੰਡ ਲਿਆ ਕੇ ਵਸਾਇਆ ਤੇ ਕਿਹਾ ਕਿ ਮੈਂ ਨਿੱਜੀ ਰੰਜਸ਼ਾਂ ਕੱਢਣ ਲਈ ਹਥਿਆਰ ਚੁੱਕ ਕੇ ਘਰੋਂ ਨਹੀਂ ਤੁਰਿਆ, ਮੇਰਾ ਨਿਸ਼ਾਨਾ ਸਿੱਖ ਕੌਮ ਦਾ ਆਜ਼ਾਦ ਵੱਖਰਾ ਘਰ ਹੈ, ਤੁਸੀਂ ਬੇਖ਼ੌਫ਼ ਪਿੰਡ ਵਿਚ ਵੱਸੋ, ਨਹੀਂ ਤਾਂ ਲੋਕ ਕਹਿਣਗੇ ਕਿ ਸੁਖਵਿੰਦਰ ਸਿੰਘ ਸੰਘਾ ਆਪਣੇ ਪਿਤਾ ਦਾ ਬਦਲਾ ਲੈਣ ਲਈ ਹੀ ਜੁਝਾਰੂ ਸਿੰਘਾਂ ਵਿਚ ਸ਼ਾਮਲ ਹੋਇਆ ਸੀ। ਜਿੰਨਾ ਚਿਰ ਮੈਂ ਜਿਉਂਦਾ ਹਾਂ, ਤੁਹਾਡੀ ਵਾਅ ਵੱਲ ਵੀ ਕੋਈ ਨਹੀਂ ਵੇਖ ਸਕਦਾ। ਇਸ ਬਚਨ 'ਤੇ ਸ਼ਹੀਦੀ ਤਕ ਭਾਈ ਸੁਖਵਿੰਦਰ ਸਿੰਘ ਨੇ ਪਹਿਰਾ ਦਿੱਤਾ। ਭਾਈ ਸੁਖਵਿੰਦਰ ਸਿੰਘ ਸਾਥੀ ਸਿੰਘਾਂ ਵਿਚ ਘਿਰਿਆ ਜਦੋਂ ਬਜ਼ੁਰਗ ਬਾਪੂਆਂ ਤੇ ਮਾਤਾਵਾਂ ਦੇ ਪੈਰੀਂ ਹੱਥ ਲਾਉਂਦਾ ਤਾਂ ਬਜ਼ੁਰਗਾਂ ਦੇ ਮੂੰਹੋਂ ਆਪ-ਮੁਹਾਰੇ ਅਸੀਸ ਨਿਕਲਦੀ—ਸੰਘਿਆ, ਜਵਾਨੀਆਂ ਮਾਣ। ਸਾਡੀ ਉਮਰ ਤੈਨੂੰ ਲੱਗ ਜਾਏ। ਜੇ ਕਿਤੇ ਪਿੰਡ ਦੀ ਸੱਥ ਵਿਚ ਬੈਠੇ ਗੱਭਰੂਆਂ ਨੂੰ ਮਿਲਦਾ ਤਾਂ ਸੰਘਾ ਸਾਰਿਆਂ ਨੂੰ ਜੱਫੀ ਪਾ ਕੇ ਮਿਲਦਾ, ਧਰਮ ਮਜ਼ਹਬ ਦਾ ਵਿਤਕਰਾ ਨਾ ਰੱਖਦਾ। ਸਾਰਿਆਂ ਹਿੰਦੂ, ਸਿੱਖ ਗੱਭਰੂਆਂ ਨੂੰ ਅਪਣੱਤ ਜਿਤਾ ਲੈਂਦਾ, ਗੱਭਰੂਆਂ ਦੇ ਦਿਲਾਂ ਅੰਦਰ ਖ਼ਾਸ ਮੋਹ ਪੈਦਾ ਕਰ ਦਿੰਦਾ, ਨੌਜਵਾਨ ਗੱਭਰੂ ਭਾਈ ਸੁਖਵਿੰਦਰ ਸਿੰਘ ਸੰਘਾ ਨੂੰ ਸਰਕਾਰੀ ਪ੍ਰਚਾਰ ਖ਼ੂੰਖ਼ਾਰ ਅੱਤਵਾਦੀ ਦੀ ਥਾਂ ਆਪਣਾ-ਆਪਣਾ ਸਮਝਣ ਲੱਗ ਪੈਂਦੇ, ਸਮਾਂ ਆਉਣ 'ਤੇ ਉਸ ਦੇ ਸਾਥੀ ਹੋ ਨਿੱਬੜਦੇ। ਮਾਝੇ (ਭਿੱਖੀਵਿੰਡ ਏਰੀਏ) 'ਚ ਪ੍ਰਚੱਲਤ ਦੰਦ-ਕਥਾ ਹੈ ਕਿ ਸੰਘਾ (ਜੱਗਬਾਣੀ ਨੇ ਉਹਨੀਂ ਦਿਨੀਂ ਕੰਬੋਕੀ ਮਾੜੀ ਲਿਖਿਆ ਸੀ) ਸੁਖਵਿੰਦਰ ਸਿੰਘ ਸੰਘਾ, ਸਾਥੀ ਬਿਕਰਮਜੀਤ ਸਿੰਘ ਨਾਰਲਾ ਤੇ ਕੁਝ ਹੋਰ ਸਿੰਘਾਂ ਨਾਲ ਵਿਚਰ ਰਿਹਾ ਸੀ, ਸੂਰਜ ਅਸਤ ਦਾ ਵੇਲਾ ਸੀ, ਕੁਝ ਗੱਭਰੂ ਸੱਥ ਵਿਚ ਬੈਠੇ ਸਨ। ਉਥੇ ਸੰਘਾ ਵੀ ਪਹੁੰਚ ਗਿਆ, ਸਾਰਿਆਂ ਨੂੰ ਪਿਆਰ ਮੁਹੱਬਤ ਨਾਲ ਸਕੇ ਭਰਾਵਾਂ ਵਾਂਗ ਮਿਲਿਆ। ਸਿੱਖ ਗੱਭਰੂਆਂ ਵਿਚ ਕੁਝ ਹਿੰਦੂ ਨੌਜਵਾਨ ਵੀਰ ਵੀ ਸ਼ਾਮਲ ਸਨ। ਸੰਘੇ ਦਾ ਵਿਹਾਰ ਵੇਖ ਕੇ ਉਹਨਾਂ ਦੇ ਮਨਾਂ 'ਤੇ ਪਿਆ ਡਰ ਲਹਿ ਗਿਆ। ਪਵਨ ਕੁਮਾਰ ਨਾਂ ਦਾ ਗੱਭਰੂ ਕਹਿੰਦਾ, "ਭਾ ਜੀ, ਗੱਲ ਕਰਨੀ, ਜੇ ਆਪ ਜੀ ਦਾ ਹੁਕਮ ਹੋਵੇ?" ਭਾਈ ਸੁਖਵਿੰਦਰ ਸਿੰਘ ਕਹਿੰਦਾ, " ਵੀਰ, ਜੋ ਵੀ ਤੈਨੂੰ ਦੁੱਖ ਤਕਲੀਫ਼ ਦੱਸ, ਜੇ ਕੋਈ ਨਾਜਾਇਜ਼ ਤੰਗ ਕਰਦਾ ਹੈ ਤਾਂ ਦੱਸ?" ਪਵਨ ਕੁਮਾਰ ਸੰਘਾ ਦਾ ਹੱਥ ਫੜ ਕੇ ਪਾਸੇ ਲੈ ਗਿਆ ਤੇ ਕਹਿਣ ਲੱਗਾ, "ਭਾ ਜੀ, ਤੇਰੇ ਨਾਂ 'ਤੇ ਪੰਜ ਲੱਖ ਰੁਪਏ ਦੀ ਮੰਗ ਚਿੱਠੀ ਆਈ ਹੈ, ਅਸੀਂ ਗਰੀਬ, ਸਾਡੇ ਰਿਸ਼ਤੇਦਾਰ ਗਰੀਬ ਨੇ। ਕਿਥੋਂ ਦੇਈਏ?" ਭਾਈ ਸੁਖਵਿੰਦਰ ਸਿੰਘ ਸੰਘਾ ਕਹਿੰਦਾ, "ਵੀਰ, ਇਹ ਤੂੰ ਬਹੁਤ ਚੰਗਾ ਕੀਤਾ, ਹੁਣ ਇਹ ਪੰਜ ਲੱਖ ਰੁਪਏ ਦੀ ਮੰਗ ਵਾਲਾ ਮਸਲਾ ਹੱਲ ਕਰ ਕੇ ਅਸੀਂ ਦੱਸਾਂਗੇ ਲੋਕਾਂ ਨੂੰ ਕਿ ਅਸਲੀ ਸੁਖਵਿੰਦਰ ਸਿੰਘ ਸੰਘਾ ਤੇ ਉਸ ਦੇ ਨਾਂ 'ਤੇ ਫਿਰੌਤੀਆਂ ਲੈਣ ਵਾਲਾ ਸਿੱਖ ਸੰਘਰਸ਼ ਨੂੰ ਬਦਨਾਮ ਕਰਨ ਵਾਲਾ ਕਿਹੜਾ ਸੰਘਾ ਹੈ।"

ਇਸ ਗੱਲ ਦਾ ਸਖ਼ਤ ਨੋਟਿਸ ਲੈਂਦਿਆਂ ਭਾਈ ਸੰਘਾ ਨੇ ਜਿਸ ਘਰੋਂ ਪੰਜ ਲੱਖ ਰੁਪਏ ਫਿਰੌਤੀ ਲੈਣ ਆਉਣਾ ਸੀ, ਰਣਨੀਤੀ ਤਹਿਤ ਮੋਰਚੇ ਮੱਲ ਲਏ। ਅੱਠ ਲੁਟੇਰੇ ਕਮਾਂਡੋ ਜੋ ਪੁਲਿਸ ਕਪਤਾਨ ਦੇ ਗੰਨਮੈਨ ਦੱਸੇ ਜਾਂਦੇ ਹਨ, ਮਿਥੇ ਦਿਨ 'ਤੇ ਘਰ ਅੰਦਰ ਦਾਖ਼ਲ ਹੋਏ, ਜਿਨ੍ਹਾਂ ਨੇ ਗੋਲ ਪੱਗਾਂ ਬੰਨ੍ਹੀਆਂ ਹੋਈਆਂ ਸਨ ਤੇ ਮੋਢੇ 'ਤੇ ਅਸਾਲਟਾਂ ਤੇ ਚੋਲੇ ਕਛਹਿਰੇ ਵੀ ਪਾਏ ਹੋਏ ਸਨ ਤੇ ਭੇਸ ਤੋਂ ਜੁਝਾਰੂ ਸਿੰਘ ਹੀ ਲੱਗਦੇ ਸਨ। ਘਰ ਵਾਲਿਆਂ ਨੇ ਵਿਹੜੇ ਵਿਚ ਮੰਜੇ ਡਾਹ ਦਿੱਤੇ, ਉਹ ਬੈਠ ਗਏ। ਘਰ ਦੇ ਮੈਂਬਰ ਪਹਿਲਾਂ ਹੀ ਸੁਰੱਖਿਅਤ ਥਾਂ 'ਤੇ ਚਲੇ ਗਏ ਸਨ, ਜੋ ਦੋ ਕੁ ਮੌਜੂਦ ਸਨ, ਉਹਨਾਂ ਕਿਹਾ ਕਿ ਬਾਬਾ, ਕੰਮ ਤਾਂ ਹੋਇਆ ਪਿਆ ਪਰ ਥੋੜ੍ਹੀ ਜਿਹੀ ਕਸਰ ਰਹਿ ਗਈ। ਫਿਰ ਲੈ ਜਾਣਾ, ਅੱਗੇ ਤੋਂ ਸਾਡੇ 'ਤੇ ਮਿਹਰ ਰੱਖਣੀ। ਚਾਹ-ਪਾਣੀ ਛਕ ਕੇ ਜਾਣਾ। ਗੁਆਂਢ ਵਿਚ ਭਾਈ ਸੰਘਾ ਦੇ ਸਾਥੀ ਟਾਈਗਰਜ਼ ਮੋਰਚੇ ਮੱਲੀ ਬੈਠੇ ਸਨ। ਘਰ ਵਾਲਿਆਂ ਦੀ ਮਿੰਨਤ ਵਰਗੀ ਬੇਨਤੀ ਸੁਣ ਕੇ ਟੋਲੇ ਦਾ ਮੁਖੀ ਗਰਜਿਆ, ''ਭੈਣ ਦਿਆ ਖਸਮਾ, ਫ਼ਿਲਾਸਫ਼ੀ ਨਾ ਘੋਟ, ਸਾਡਾ ਕੰਮ ਕੀਤਾ ਤਾਂ ਦੱਸ, ਨਹੀਂ ਕੀਤਾ ਤਾਂ ਦੱਸ। ਭੈਣ ਦੇ.........ਲੁੱਟਦੇ ਸਿੱਖਾਂ ਨੂੰ, ਗੁਣ ਗਾਉਂਦੇ ਦਿੱਲੀ ਦੇ। ਚਾਹ-ਪਾਣੀ ਅਸੀਂ ਨਹੀਂ ਪੀਣਾ ਗੰਗੂ ਦੀਏ ਔਲਾਦੇ! ਤੁਸੀਂ (ਤੁਹਾਡੇ ਵੱਡਿਆਂ) ਸਾਡੇ ਗੁਰੂ ਗੋਬਿੰਦ ਸਿੰਘ ਦੇ ਬੱਚੇ, ਮੁਗ਼ਲ ਹਕੂਮਤ ਨੂੰ ਫੜਾ ਕੇ ਸ਼ਹੀਦ ਕਰਾ ਦਿੱਤੇ, ਸਾਨੂੰ ਕਦੋਂ ਬਖ਼ਸ਼ਿਆ? ਹੁਣ ਭਾਈ ਸੁਖਵਿੰਦਰ ਸਿੰਘ ਸੰਘਾ ਦੇ ਸਾਥੀ ਟਾਈਗਰਾਂ ਨੇ ਵੀ ਮੌਕਾ ਸੰਭਾਲਦਿਆਂ ਨੇ ਆਪਣੀਆਂ ਅਸਾਲਟਾਂ ਦੇ ਮੂੰਹ ਖੋਲ੍ਹ ਦਿੱਤੇ। ਤਰੜ-ਤਰੜ ਦੀ ਆਵਾਜ਼ ਨਾਲ ਅੱਗ ਦੀਆਂ ਲਾਟਾਂ ਨਿਕਲੀਆਂ, ਪੰਜ ਲੱਖ ਦੀ ਫਿਰੌਤੀ ਲੈਣ ਆਏ ਨਕਲੀ ਖਾੜਕੂ ਘਰ ਦੇ ਵਿਹੜੇ ਦੇ ਮੰਜਿਆਂ ਉੱਤੇ ਤੇ ਹੇਠਾਂ ਤੜਪ ਰਹੇ ਸਨ। ਕੁਝ ਮਿੰਟਾਂ ਦੀ ਚੀਕ-ਪੁਕਾਰ ਤੋਂ ਬਾਅਦ ਅੱਠ ਕਮਾਂਡੋ ਇਸ ਰੰਗਲੀ ਦੁਨੀਆਂ ਨੂੰ ਸਦਾ ਲਈ ਅਲਵਿਦਾ ਕਹਿ ਗਏ। ਭਾਈ ਸੰਘਾ ਦੇ ਸਾਥੀਆਂ ਨੇ ਉਹਨਾਂ ਦੀ ਜਾਮਾ-ਤਲਾਸ਼ੀ ਲਈ, ਪੁਲਿਸ ਕਮਾਂਡੋ ਦੇ ਸ਼ਨਾਖ਼ਤੀ ਕਾਰਡ ਉਹਨਾਂ ਦੀਆਂ ਜੇਬਾਂ ਵਿਚੋਂ ਨਿਕਲੇ। ਪਿੰਡ ਵਾਸੀ ਰਾਤ ਦੇ ਹਨੇਰੇ ਵਿਚ ਸੁੰਨ ਹੋ ਗਏ। ਉਹਨਾਂ ਸਮਝਿਆ, ਖ਼ਾੜਕੂਆਂ ਨੇ ਹਿੰਦੂ ਪਰਿਵਾਰ ਦਾ ਕਤਲ ਕਰ ਦਿੱਤਾ। ਪਰ ਸਿੰਘਾਂ ਨੇ ਪਿੰਡ ਵਾਸੀਆਂ ਨੂੰ ਘਰਾਂ ਤੋਂ ਉਠਾ ਕੇ ਸੱਚਾਈ ਤੋਂ ਜਾਣੂ ਕਰਵਾਇਆ ਤੇ ਇਸ ਕਾਰਵਾਈ ਨਾਲ ਸੰਘੇ ਦੀ ਇਸ ਇਲਾਕੇ ਵਿਚ ਧੁੰਮ ਪੈ ਗਈ। ਅਖ਼ਬਾਰਾਂ ਵਿਚ ਖ਼ਬਰ ਸੀ, 'ਗਸ਼ਤ ਕਰ ਰਹੇ ਅੱਠ ਕਮਾਂਡੋ ਅੱਤਵਾਦੀਆਂ ਨੇ ਘਾਤ ਲਾ ਕੇ ਗੋਲੀਆਂ ਮਾਰ ਕੇ ਹਲਾਕ ਕਰ ਦਿੱਤੇ। ਅੱਤਵਾਦੀਆਂ ਦੀ ਭਾਲ ਜਾਰੀ ਹੈ।' ਇਸ ਦਲੇਰਾਨਾ ਐਕਸ਼ਨ ਤੋਂ ਬਾਅਦ ਪਵਨ ਕੁਮਾਰ ਨੇ ਕਿਹਾ, ''ਸੰਘਾ ਭਾ ਜੀ, ਹੁਣ ਮੈਨੂੰ ਜ਼ਾਲਮ ਹਕੂਮਤ ਨੇ ਜਿਉਂਦੇ ਨੂੰ ਨਹੀਂ ਛੱਡਣਾ, ਹੁਣ ਤਾਂ ਖ਼ਾਲਸਾ ਰਾਜ ਦੀ ਸ਼ਮ੍ਹਾਂ ਦਾ ਪਰਵਾਨਾ ਬਣ ਕੇ ਸ਼ਹੀਦ ਹੋਵਾਂਗਾ।'' ਭਾਈ ਸੁਖਵਿੰਦਰ ਸਿੰਘ ਸੰਘਾ ਸਰਕਾਰੀ ਜ਼ੁਲਮ ਦੀ ਹਕੀਕਤ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਸ ਨੇ ਪਵਨ ਕੁਮਾਰ ਨੂੰ ਆਪਣੀ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਵਿਚ ਸ਼ਾਮਲ ਕਰ ਲਿਆ। ਪਵਨ

ਕੁਮਾਰ ਅੰਮ੍ਰਿਤ ਛਕ ਕੇ ਸਿੰਘ ਸੱਜ ਗਿਆ ਤੇ ਭਾਈ ਬਲਕਾਰ ਸਿੰਘ ਟਾਈਗਰਜ਼ ਫ਼ੋਰਸ ਨਾਂ ਦਾ ਜਾਂਬਾਜ਼ ਯੋਧਾ ਹੋ ਨਿਬੜਿਆ। ਖ਼ਾਲਸਾ ਰਾਜ ਦੀ ਸ਼ਮ੍ਹਾਂ ਦਾ ਪਰਵਾਨਾ ਸਿੰਘ ਸੰਘਰਸ਼ ਵਿਚ ਮਰਦਾਨਗੀ ਦੇ ਜੌਹਰ ਦਿਖਾਉਂਦਾ ਹੋਇਆ **ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ॥** ਪੁਰਜ਼ਾ-ਪੁਰਜ਼ਾ ਕਟਾ ਕੇ ਸਿੱਖ ਸ਼ਹੀਦਾਂ ਦੀ ਕਤਾਰ ਵਿਚ ਆਪਣਾ ਨਾਂ ਸਦਾ ਲਈ ਚਮਕਾ ਗਿਆ। ਭਾਈ ਸੁਖਵਿੰਦਰ ਸਿੰਘ ਸੰਘਾ ਪਾਰਸ ਸੀ, ਜਿਹੜਾ ਵੀ ਉਸ ਨਾਲ ਛੂਹਿਆ, ਉਹੋ ਹੀ ਸੋਨਾ ਬਣ ਗਿਆ।

ਭਾਈ ਰਛਪਾਲ ਸਿੰਘ ਘੁੱਕ ਪਿੰਡ ਨਾਰਲਾ ਦਾ ਗੱਭਰੂ ਸੀ, ਬੜੇ ਅੱਥਰੇ ਸੁਭਾਅ ਦਾ ਸੀ। ਸਿੰਘਾਂ ਵਿਚ ਰਲ ਗਿਆ ਪਰ ਅੱਥਰਾਪਨ ਨਾ ਛੱਡਿਆ, ਦਲੇਰ ਜ਼ਰੂਰ ਸੀ, ਪਰ ਨੀਤੀਵਾਨ ਨਹੀਂ ਸੀ। ਪਿੰਡ ਨਾਰਲਾ ਦੇ ਸਿੱਖ ਪੁਲਿਸ ਮੁਲਾਜ਼ਮਾਂ ਦੇ ਪਰਿਵਾਰ ਗੋਲੀਆਂ ਮਾਰ ਕੇ ਮਾਰ ਦਿੱਤੇ। ਜਿਸ ਦਾ ਇਲਾਕੇ ਦੇ ਸਿੱਖਾਂ ਨੇ ਬੁਰਾ ਮਨਾਇਆ। ਲੋਕ ਸੰਘੇ ਨੂੰ ਉਲਾਂਭਾ ਦਿੰਦੇ, "ਭਾਉ ਸੰਘਿਆ, ਪੁਲਿਸ ਮੁਲਾਜ਼ਮ ਹੋਣਾ ਕੋਈ ਵੱਡਾ ਗੁਨਾਹ ਨਹੀਂ। ਜੇ ਕਿਸੇ ਪਰਿਵਾਰ ਦਾ ਇਕ ਪੁੱਤਰ ਪੁਲਿਸ ਵਿਚ ਮੁਲਾਜ਼ਮ ਹੈ ਤਾਂ ਉਸ ਦਾ ਭਰਾ ਜਾਂ ਨੇੜੇ ਦਾ ਰਿਸ਼ਤੇਦਾਰ ਜੁਝਾਰੂ ਵੀ ਹੈ। ਹਰ ਪੁਲਿਸ ਵਾਲੇ ਨੂੰ ਦੁਸ਼ਮਣ ਮੰਨ ਲੈਣਾ ਦਾਨਾਈ ਨਹੀਂ। ਨਾਰਲਾ ਦੇ ਪੁਲਿਸ ਮੁਲਾਜ਼ਮਾਂ ਦੇ ਪਰਿਵਾਰ ਮਾਰ ਕੇ ਤੁਸੀਂ ਖ਼ਾਲਿਸਤਾਨ ਦੀ ਪ੍ਰਾਪਤੀ ਵੱਲ ਨਹੀਂ', ਖ਼ਾਲੀਸਥਾਨ ਵੱਲ ਵਧੇ ਹੋ।"

ਭਾਈ ਸੁਖਵਿੰਦਰ ਸਿੰਘ ਸੰਘਾ ਰਛਪਾਲ ਸਿੰਘ ਘੁੱਕ ਨਾਰਲਾ ਨੂੰ ਮਿਲਿਆ। ਭਾਈ ਸੁਖਵਿੰਦਰ ਸਿੰਘ ਸੰਘਾ ਨਾਰਲਾ ਦੀ ਕਤਲੇਆਮ ਤੋਂ ਬਹੁਤ ਦੁਖੀ ਸੀ, ਉਹ ਕਈ ਦਿਨਾਂ ਤੋਂ ਉਸ ਨੂੰ ਲੱਭ ਰਿਹਾ ਸੀ। ਆਖ਼ਰ ਮੇਲ ਹੋ ਗਿਆ। ਸੰਘੇ ਦੇ ਬਿਕਰਮਜੀਤ ਸਿੰਘ, ਰਛਪਾਲ ਸਿੰਘ ਛੰਦੜਾ, ਜਗਦੀਸ਼ ਸਿੰਘ ਜੂਹਰਾ, ਮਨਜੀਤ ਸਿੰਘ ਮਾਧੋ, ਬਲਜੀਤ ਸਿੰਘ ਖੇਲਾ ਵੀ ਨਾਲ ਸਨ। ਰਛਪਾਲ ਸਿੰਘ ਘੁੱਕ ਆਪਣੇ ਜੱਥੇ ਨਾਲ ਬੈਠਾ ਸੀ, ਦੋਹਾਂ ਧਿਰਾਂ ਦੇ ਤਕਰਾਰ 'ਤੇ ਕੁਝ ਵੀ ਵਾਪਰ ਸਕਦਾ ਸੀ। ਸੁਖਵਿੰਦਰ ਸਿੰਘ ਸੰਘਾ ਨੇ ਆਪਣੇ ਸਾਥੀ ਪਿੱਛੇ ਰੋਕ ਦਿੱਤੇ ਤੇ ਆਪ ਇਕੱਲਾ ਹੀ ਉਸ ਦੇ ਕੋਲ ਗਿਆ। ਰਛਪਾਲ ਸਿੰਘ ਘੁੱਕ ਕਹਿੰਦਾ, "ਭਾਊ, ਆ ਕਿਵੇਂ ਆਉਣਾ ਹੋਇਆ?" ਸੁਖਵਿੰਦਰ ਸਿੰਘ ਕੁਝ ਬੋਲਦਾ, ਘੁੱਕ ਦੀ ਹਾਲਤ ਵੇਖ ਕੇ ਉਸ ਦਾ ਮਨ ਭਰ ਆਇਆ। ਘੁੱਕ ਆਖੇ, "ਵੀਰ, ਕੀ ਦੁੱਖ ਆ ਤੈਨੂੰ, ਦੱਸ ਤਾਂ ਸਹੀ। ਅਸੀਂ ਹੁਣੇ ਉਸ ਦੇ ਫੱਟੇ ਚੱਕ ਦੇਈਏ।"

ਸੁਖਵਿੰਦਰ ਸਿੰਘ, "ਇਹ ਤੁਹਾਡੇ ਫੱਟੇ ਚੱਕਣ ਦਾ ਈ ਰੋਣਾ, ਹੋਰ ਮੈਂ ਕਿਹਨੂੰ ਰੋਣਾ ਹੈ?"

ਰਛਪਾਲ ਸਿੰਘ, "ਭਾਉ, ਮੈਂ ਸਮਝਿਆ ਨਹੀਂ, ਗੱਲ ਖੋਲ੍ਹ ਕੇ ਦੱਸ?"

ਸੰਘਾ, " ਆ ਜਿਹੜੀ ਤੂੰ ਆਪਣੇ ਪਿੰਡ ਦੇ ਸਿੱਖ ਪੁਲਿਸ ਵਾਲਿਆਂ ਦੇ ਪਰਿਵਾਰਾਂ ਦੀ ਕਤਲੇਆਮ ਕੀਤੀ ਆ, ਇਹ ਕੰਮ ਤੂੰ ਬੜਾ ਮਾੜਾ ਕੀਤਾ। ਮੈਂ ਲੋਕਾਂ ਵਿਚ ਮੂੰਹ ਵਿਖਾਉਣ ਜੋਗਾ ਨਹੀਂ ਰਿਹਾ। ਲੋਕ ਮੈਨੂੰ ਪੁੱਛਦੇ ਆ, ਤੂੰ ਭਾਉ

ਕਿਹੋ ਜਿਹੇ ਬੰਦੇ ਟਾਈਗਰਜ਼ ਫ਼ੋਰਸ ਵਿਚ ਭਰਤੀ ਕਰ ਲਏ ਆ। ਜੇ ਤੂੰ ਮੇਰੀ ਮਦਦ ਕਰ ਸਕਦਾ ਹੈਂ ਤਾਂ ਮੈਨੂੰ ਆਪ ਦੇ ਹਥਿਆਰ ਨਾਲ ਗੋਲੀ ਮਾਰ ਕੇ ਮਾਰ ਦੇ, ਫਿਰ ਜਿਵੇਂ ਮਰਜ਼ੀ ਕਰੀ ਜਾਵੀਂ।''

ਸੁਖਵਿੰਦਰ ਸਿੰਘ ਸੰਘਾ ਦੀ ਦਲੀਲ ਸੁਣ ਕੇ ਘੁੱਕ ਦਾ ਮਨ ਵੀ ਪਿਘਲ ਗਿਆ। ਕਹਿੰਦਾ, ''ਭਾਉ, ਮੈਨੂੰ ਮਾਫ਼ ਕਰ ਦੇ, ਮੈਂ ਇਸ ਤੋਂ ਅੱਗੇ ਇਹੋ ਜਿਹੀ ਗ਼ਲਤੀ ਨਹੀਂ ਕਰਦਾ।''

''ਮੈਦਾਨੀ ਇਲਾਕਾ, ਸਹੇ (ਖ਼ਰਗੋਸ਼) ਦੇ ਲੁਕਣ ਵਾਸਤੇ ਥਾਂ ਨਹੀਂ। ਹੱਥ ਵਿਚ ਅਸਾਲਟ ਫੜਨ ਨਾਲ, ਜ਼ਾਲਮ ਨੂੰ ਕਤਲ ਕਰਨ ਨੂੰ ਹੀ ਲੋਕ ਜੁਝਾਰੂ ਮੰਨਦੇ। ਜੁਝਾਰੂ ਸਿੰਘਾਂ ਨੂੰ ਲੋਕਾਂ ਦੇ ਹੱਕਾਂ ਦੀ ਆਵਾਜ਼ ਦੀ ਤਰਜਮਾਨੀ ਕਰਨੀ ਪੈਂਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੱਸੇ ਮਾਰਗ 'ਤੇ ਚੱਲਣਾ ਪੈਣਾ ਹੈ—ਪੰਥ ਵੱਸੇ ਮੈਂ ਉੱਜੜਾਂ ਮਨ ਚਾਉ ਘਨੇਰਾ—'ਤੇ ਅਮਲ ਕਰਨਾ ਪੈਂਦਾ ਹੈ।''

ਰਛਪਾਲ ਸਿੰਘ ਘੁੱਕ, ''ਭਾਉ, ਇਸ ਤੋਂ ਪਹਿਲਾਂ ਹੋਏ ਗੁਨਾਹਾਂ ਦੀ ਮੈਨੂੰ ਮਾਫ਼ੀ ਦੇ ਦੇ। ਇਸ ਤੋਂ ਅੱਗੇ ਤੇਰੇ ਹੁਕਮ ਤੋਂ ਬਿਨਾਂ ਕੋਈ ਕੰਮ ਨਹੀਂ ਕਰਾਂਗਾ। ਭਾਊ, ਅੱਜ ਤੂੰ ਮੇਰੀ ਮੰਨ, ਫਿਰ ਮੈਂ ਸਾਰੀ ਜ਼ਿੰਦਗੀ ਤੇਰੀ ਆਖੀ ਮੰਨਾਂਗਾ। ਮੈਂ ਵਾਅਦਾ ਕਰਦਾਂ। ਅੰਮ੍ਰਿਤ ਛਕ ਕੇ ਗੁਰੂ ਦਾ ਸਿੰਘ ਤੇ ਤੇਰਾ ਸਾਥੀ ਬਣ ਕੇ ਰਹਾਂਗਾ। ਤੇਰੇ ਸਾਹਮਣੇ ਮਰਦਾਂ ਵਾਂਗ ਲੜ ਕੇ ਸ਼ਹੀਦ ਹੋਵਾਂਗਾ। ਅੱਜ ਮੇਰੀ ਆਖੀ ਮੰਨ ਲਉ।''

ਭਾਈ ਸੁਖਵਿੰਦਰ ਸਿੰਘ ਸੰਘਾ ਸੋਚੀਂ ਪੈ ਗਿਆ। ਕੀ ਕੀਤਾ ਜਾਵੇ? ਜੇ ਵਿਗੜਿਆ ਵਹਿੜਕਾ ਤੇ ਜੱਟ ਸਿੱਧੇ ਰਸਤੇ ਇਕ ਵਾਰ ਚੱਲ ਪੈਣ ਤਾਂ ਸਿਆਣੇ ਕਹਿੰਦੇ ਕੰਮ ਬੜਾ ਦਿੰਦੇ ਆ। ਹਨੇਰਾ ਹੋ ਗਿਆ ਸੀ, ਖੇਤਾਂ ਵਿਚ ਬੈਠੇ ਬੰਬੀ 'ਤੇ ਸਿੱਖ ਗੱਭਰੂ ਵੱਖ-ਵੱਖ ਵਿਚਾਰਧਾਰ੍ਹਾ ਵਾਲੇ, ਅਨੋਖਾ ਸੰਵਾਦ ਰਚਾ ਰਹੇ ਸਨ।

ਸੰਘਾ ਸਿੱਖ ਗੱਭਰੂਆਂ ਨੂੰ ਸਹੀ ਰਸਤੇ ਲਿਆਉਣ ਲਈ ਯਤਨਸ਼ੀਲ ਸੀ।

ਰਛਪਾਲ ਸਿੰਘ ਘੁੱਕ, ''ਭਾਉ, ਮੇਰੇ ਅੰਦਰ ਸੁੱਤਾ ਇਨਸਾਨ ਜਾਗ ਪਿਆ ਹੈ ਤੇ ਸ਼ੈਤਾਨ ਮੇਰੇ ਦਿਮਾਗ ਵਿਚੋਂ ਨਿਕਲ ਗਿਆ ਹੈ। ਤੂੰ ਮੈਨੂੰ ਮਿਲ ਕੇ ਮੇਰਾ ਭਲਾ ਕੀਤਾ ਹੈ। ਮੈਂ ਤਾਂ ਆਪਣੇ ਪਹਿਲੇ ਗੁਨਾਹ 'ਤੇ ਸ਼ਰਮਿੰਦਾ ਹਾਂ।''

ਘੁੱਕ ਨੇ ਕਿਹਾ ''ਮਿੱਤਰੋ, ਜਿਸ ਨੇ ਅੰਮ੍ਰਿਤ ਛਕ ਕੇ ਭਾਉ ਸੁਖਵਿੰਦਰ ਸਿੰਘ ਸੰਘਾ ਦੇ ਹੁਕਮ ਵਿਚ ਚੱਲਣਾ, ਉਹ ਮੇਰੇ ਨਾਲ ਆ ਜਾਵੇ। ਜਿਨ੍ਹਾਂ ਨੇ ਮਨ-ਮਰਜ਼ੀ ਕਰਨੀ, ਹਥਿਆਰ ਰੱਖ ਦਿਉ ਤੇ ਜਿਧਰ ਤੁਹਾਡਾ ਜੀਅ ਕਰੇ ਜਾ ਸਕਦੇ ਹੋ।''

ਰਛਪਾਲ ਸਿੰਘ ਘੁੱਕ ਦੇ ਸਾਥੀ ਵੀ ਨਾਲ ਹੀ ਭਾਈ ਸੁਖਵਿੰਦਰ ਸਿੰਘ ਦੇ ਨਾਲ ਤੁਰ ਪਏ। ਅੱਗੇ ਬੈਠੇ ਸੰਘੇ ਦੇ ਸਾਥੀ ਇਕ-ਮਿਕ ਹੋਏ। ਇਤਿਹਾਸ ਦੀਆਂ ਨਵੀਆਂ ਪੈੜਾਂ ਸਿਰਜਣ ਲਈ, ਖੇਤਾਂ ਦੀਆਂ ਵੱਟਾਂ ਤੋਂ ਆਪਣੀ ਮੰਜ਼ਿਲ ਵੱਲ ਜਾ ਰਹੇ ਸਨ। ਰਾਤ ਵਾਹਵਾ ਹੋ ਗਈ ਸੀ, ਖੇਤਾਂ ਵਿਚ ਕਿਸੇ ਸਨੇਹੀ ਕੋਲ ਪ੍ਰਸ਼ਾਦਾ ਛਕਣ ਲਈ ਦਸ ਸਿੰਘਾਂ ਦਾ ਜੱਥਾ ਪਹੁੰਚ ਗਿਆ। ਅੱਧੀ ਰਾਤ ਹੋ ਗਈ ਸੀ,

ਕਿਤੇ-ਕਿਤੇ ਕੁੱਤਾ ਭੌਂਕਣ ਦੀ ਆਵਾਜ਼ ਰਾਤ ਦੇ ਸ਼ਾਂਤ ਵਾਤਾਵਰਣ ਵਿਚ ਹਲਚਲ ਪੈਦਾ ਕਰ ਰਹੀ ਸੀ। ਕੁਝ ਦਿਨਾਂ ਵਿਚ ਹੀ ਭਾਈ ਰਛਪਾਲ ਸਿੰਘ ਘੁੱਕ ਨਾਰਲਾ ਆਪਣੇ ਸਾਥੀਆਂ ਸਮੇਤ ਪੰਜਾਂ ਪਿਆਰਿਆਂ ਤੋਂ ਖੰਡੇ-ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਦਾ ਸਿੰਘ ਸੱਜ ਗਿਆ ਤੇ ਭਾਈ ਸੁਖਵਿੰਦਰ ਸਿੰਘ ਸੰਘਾ ਦੀ ਕਮਾਂਡ ਹੇਠ ਖ਼ਾਲਿਸਤਾਨ ਦੀ ਸਥਾਪਨਾ ਲਈ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਵਿਚ ਵਿਚਰਨ ਲੱਗਾ। ਪੁਲਿਸ ਤੇ ਸੀ.ਆਰ.ਪੀ. ਦੀਆਂ ਗਸ਼ਤ ਕਰਨ ਵਾਲੀਆਂ ਗੱਡੀਆਂ ਅਤੇ ਸੀ.ਆਰ.ਪੀ. ਦੀਆਂ ਚੌਂਕੀਆਂ ਉੱਤੇ ਰਾਤ ਵੇਲੇ ਭਾਈ ਸੁਖਵਿੰਦਰ ਸਿੰਘ ਸੰਘਾ ਤੇ ਭਾਈ ਰਛਪਾਲ ਸਿੰਘ ਘੁੱਕ ਦੇ ਸਾਥੀਆਂ ਵੱਲੋਂ ਕੀਤੇ ਗਏ ਗੁਰੀਲਾ ਹਮਲਿਆਂ ਦੇ ਅਖ਼ਬਾਰਾਂ ਸੋਹਿਲੇ ਗਾਉਣ ਲੱਗੀਆਂ। ਪਿੰਡਾਂ ਦੀਆਂ ਸੱਥਾਂ ਵਿਚ ਤੇ ਘਰ-ਘਰ ਗੱਲਾਂ ਹੁੰਦੀਆਂ ਸਨ, ਸਿੰਘਾਂ ਦੀਆਂ ਦਲੇਰਾਨਾ ਖਾੜਕੂ ਕਾਰਵਾਈਆਂ ਦੀਆਂ।

## 23 ਜੂਨ 1989 ਨੂੰ ਪਿੰਡ ਮੂਸੇ ਵਿਚ ਪੁਲਿਸ ਤੇ ਸੀ.ਆਰ.ਪੀ. ਨਾਲ ਹੋਇਆ ਮੁਕਾਬਲਾ

ਭਾਈ ਸੁਖਵਿੰਦਰ ਸਿੰਘ ਸੰਘਾ ਆਪਣੇ ਪੰਜ ਸਾਥੀਆਂ ਭਾਈ ਰਛਪਾਲ ਸਿੰਘ ਘੁੱਕ ਪਿੰਡ ਨਾਰਲਾ, ਭਾਈ ਕੁਲਵੰਤ ਸਿੰਘ ਉਰਫ਼ ਕੰਤਾ ਪਿੰਡ ਭੂਰਾ ਕੋਹਨਾ, ਭਾਈ ਬਲਵਿੰਦਰ ਸਿੰਘ ਉਰਫ਼ ਬ੍ਰਹਮਪੁਰੀ ਪਿੰਡ ਘੜਕਾ, ਭਾਈ ਮਨਜਿੰਦਰ ਸਿੰਘ ਪਿੰਡ ਰਾਜ ਸਿੰਘ ਜੌਹਲ (ਸਾਰੇ ਜ਼ਿਲ੍ਹਾ ਅੰਮ੍ਰਿਤਸਰ), ਭਾਈ ਕੁਲਵੰਤ ਸਿੰਘ ਕਾਲਾ ਪਿੰਡ ਸੈਫ਼ਲਾਬਾਦ ਜ਼ਿਲ੍ਹਾ ਕਪੂਰਥਲਾ, ਝਬਾਲ ਤੋਂ ਭਿੱਖੀਵਿੰਡ ਵਾਲੀ ਸੜਕ 'ਤੇ ਪਿੰਡ ਮੂਸੇ ਵਿਚ ਆਪਣੇ ਹਮਦਰਦ ਦੇ ਘਰ ਮਿਤੀ 23 ਜੂਨ, 1989 ਨੂੰ ਰਾਤ ਨੂੰ ਠਹਿਰੇ ਹੋਏ ਸਨ, ਸਿੱਖ ਕੌਮ ਦੇ ਗਦਾਰ ਨੇ ਪੁਲਿਸ ਜ਼ਿਲ੍ਹਾ ਤਰਨ ਤਾਰਨ ਦੇ ਐਸ.ਪੀ. ਅਪਰੇਸ਼ਨ ਅਵਤਾਰ ਸਿਹੁੰ ਛਿੱਛਰੇ ਕੋਲ ਰਾਤ ਵੇਲੇ ਜਾ ਮੁਖ਼ਬਰੀ ਕੀਤੀ ਕਿ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਦੇ ਚੋਟੀ ਦੇ ਖਾੜਕੂ ਸੁਖਵਿੰਦਰ ਸਿੰਘ ਸੰਘਾ ਤੇ ਰਛਪਾਲ ਸਿੰਘ ਘੁੱਕ ਨਾਰਲਾ ਆਪਣੇ ਸਾਥੀਆਂ ਨਾਲ ਪਿੰਡ ਮੂਸੇ ਵਿਚ ਬੈਠੇ ਹਨ। ਜਨਾਬ ਹਿੰਮਤ ਕਰੋ ਤੇ ਫੜ ਲਵੋ। ਐਸ.ਪੀ. ਨੇ ਆਪਣੀਆਂ ਸਹਾਇਕ ਫ਼ੋਰਸਾਂ ਨੂੰ ਸੂਚਿਤ ਕੀਤਾ। ਸਵੇਰੇ 24 ਜੂਨ 1989 ਨੂੰ ਤੜਕੇ ਹੀ ਹੱਲਾ ਕਰ ਕੇ ਪਿੰਡ ਮੂਸੇ ਵਿਚੋਂ ਭਾਈ ਸੁਖਵਿੰਦਰ ਸਿੰਘ ਸੰਘਾ ਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇ। ਸਾਰੀ ਰਾਤ ਐਸ.ਪੀ. ਅਵਤਾਰ ਸਿਹੁੰ ਛਿੱਛਰਾ ਆਪਣੇ ਸਹਾਇਕ ਅਫ਼ਸਰਾਂ ਨਾਲ ਸੰਘਾ ਤੇ ਸਾਥੀਆਂ ਨੂੰ ਗ੍ਰਿਫ਼ਤਾਰ ਕਰਨ ਦੀਆਂ ਸਕੀਮਾਂ ਸੋਚਦਾ ਰਿਹਾ। ਭਾਈ ਸੁਖਵਿੰਦਰ ਸਿੰਘ ਸੰਘਾ ਦੀ ਗ੍ਰਿਫ਼ਤਾਰੀ ਨਾਲ ਉਸ ਨੂੰ ਆਪਣੇ ਮੋਢਿਆਂ ਦੇ ਸਟਾਰ ਹੋਰ ਵਧਣ ਦੀ ਆਸ ਸੀ। ਵੱਡੇ ਤੜਕੇ ਹੀ ਤਰਨ ਤਾਰਨ ਤੋਂ ਵੱਡੀ ਗਿਣਤੀ ਵਿਚ ਫ਼ੋਰਸਾਂ ਲੈ ਕੇ ਪਿੰਡ ਮੂਸੇ ਨੂੰ ਘੇਰ ਲਿਆ। ਦਿਨ ਚੜ੍ਹ ਗਿਆ ਸੀ, ਲੋਕ ਜੰਗਲ-ਪਾਣੀ ਜਾਣ ਲਈ ਬਾਹਰ ਜਾਣ ਲੱਗੇ ਤਾਂ ਸੁਰੱਖਿਆ ਫ਼ੋਰਸਾਂ ਨੇ ਉਹਨਾਂ

ਨੂੰ ਵਾਪਸ ਮੋੜ ਦਿੱਤਾ। ਪਿੰਡ ਮੂਸੇ ਨੂੰ ਘੇਰਾ ਪੈਣ ਦੀ ਖ਼ਬਰ ਸਾਰੇ ਪਿੰਡ ਵਿਚ ਫੈਲ ਗਈ। ਲੋਕਾਂ ਨੇ ਸਿੰਘਾਂ ਨੂੰ ਹੁਸ਼ਿਆਰ ਕਰ ਦਿੱਤਾ। ਸਿੰਘਾਂ ਨੇ ਕੋਠੇ 'ਤੇ ਚੜ੍ਹ ਕੇ ਵੇਖਿਆ ਕਿ ਪਿੰਡ ਦੇ ਚੁਫੇਰੇ ਖ਼ਾਕੀ ਵਰਦੀਆਂ ਵਾਲੀਆਂ ਹਥਿਆਰਬੰਦ ਫ਼ੋਰਸਾਂ ਦਾ ਕੁੰਡਲ ਬਣਿਆ ਹੋਇਆ ਸੀ। ਭਾਈ ਰਛਪਾਲ ਸਿੰਘ ਘੁੱਕ ਨੇ ਆਪਣਾ ਫ਼ੈਸਲਾ ਸੁਣਾ ਦਿੱਤਾ ਕਿ ਭਾਊ (ਸੰਘਾ), ਸਾਡੇ ਸਿਰਫ਼ ਦੋ ਨਿਸ਼ਾਨੇ ਹਨ, ਜਿਉਂਦੇ ਜੀਅ ਪੁਲਿਸ ਦੇ ਹੱਥ ਨਹੀਂ ਆਉਣਾ। ਡਟ ਕੇ ਮੁਕਾਬਲਾ ਕਰਨਾ, ਆਖ਼ਰੀ ਸਾਹ ਤੇ ਆਖ਼ਰੀ ਗੋਲੀ ਤਕ ਲੜਦੇ ਰਹਿਣਾ। ਅਤੇ ਭਾਊ, ਤੈਨੂੰ ਇਸ ਘੇਰੇ ਵਿਚੋਂ ਸੁਰੱਖਿਅਤ ਬਾਹਰ ਕੱਢਣਾ। ਸਾਥੀ ਸਿੰਘਾਂ ਨੇ ਵੀ ਇਸ ਫ਼ੈਸਲੇ ਦੀ ਤਾਈਦ ਕੀਤੀ ਤੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾ ਕੇ ਮੋਰਚੇ ਮੱਲ ਕੇ ਪੁਜ਼ੀਸ਼ਨਾਂ ਸੰਭਾਲ ਲਈਆਂ। ਭਾਈ ਸੁਖਵਿੰਦਰ ਸਿੰਘ ਸੰਘਾ ਨੂੰ ਘੇਰੇ ਵਿਚੋਂ ਕੱਢਣ ਦੀ ਰਣਨੀਤੀ ਤਿਆਰ ਕਰ ਲਈ। ਐਸ.ਪੀ. ਅਪਰੇਸ਼ਨ ਅਵਤਾਰ ਸਿਹੁੰ ਛਿਛਰਾ ਦਾ ਸਹਾਇਕ ਪੁਲਿਸ ਗੱਡੀ 'ਤੇ ਖੜਾ ਲਾਊਡ ਸਪੀਕਰ 'ਤੇ ਹੈਲੋ-ਹੈਲੋ ਕਹਿ ਕੇ ਕਹਿ ਰਿਹਾ ਸੀ ਕਿ ਸੁਖਵਿੰਦਰ ਸਿੰਘ ਸੰਘਾ ਔਰ ਉਸ ਦੇ ਸਾਥੀ ਹਥਿਆਰ ਸੁੱਟ ਕੇ ਹੱਥ ਖੜੇ ਕਰ ਕੇ ਆਪਣੇ ਆਪ ਨੂੰ ਕਾਨੂੰਨ ਦੇ ਹਵਾਲੇ ਕਰ ਦੇਣ। ਉਹਨਾਂ ਦੀ ਜਾਨ ਬਖ਼ਸ਼ੀ ਜਾ ਸਕਦੀ ਹੈ। ਵਰਨਾ ਭੱਜ ਨਿਕਲਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਔਰ ਸੁਰੱਖਿਆ ਫ਼ੋਰਸਾਂ ਨੂੰ ਮਜਬੂਰਨ ਗੋਲੀ ਚਲਾਉਣੀ ਪਏਗੀ। ਅੱਤਵਾਦੀ ਪੁਲਿਸ ਦੇ ਘੇਰੇ ਵਿਚ ਹਨ..... ਵਰਨਾ.....ਵਰਨਾ। ਸਿੰਘਾਂ ਨੇ ਮਾਰ ਹੇਠ ਆਏ ਪੁਲਿਸ ਤੇ ਸੀ.ਆਰ.ਪੀ. ਦੇ ਜਵਾਨਾਂ ਨੂੰ ਆਪਣੇ ਹਥਿਆਰਾਂ ਨਾਲ ਗੋਲੀਆਂ ਦਾ ਨਿਸ਼ਾਨਾ ਬਣਾਇਆ। ਹਾਲ ਪਾਹਰਿਆ ਦਾ ਚੀਕ-ਚਿਹਾੜਾ ਪੈ ਗਿਆ। ਪਿੰਡ ਦੇ ਵਾਸੀ ਸਹਿਮ ਗਏ, ਸਿੰਘਾਂ ਨੇ ਹਿੰਦੁਸਤਾਨੀ ਸੁਰੱਖਿਆ ਫ਼ੋਰਸਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾ ਕੇ ਜੰਗ ਦਾ ਬਿਗਲ ਵਜਾ ਦਿੱਤਾ। ਦੋਹਾਂ ਪਾਸਿਆਂ ਤੋਂ ਮੀਂਹ ਦੀ ਵਾਛੜ ਵਾਂਗ ਗੋਲੀ ਵਰ੍ਹਨ ਲੱਗੀ। ਜਿਸ ਪਾਸੇ ਸਿੰਘਾਂ ਗੋਲੀ ਚਲਾਈ, ਸੁਰੱਖਿਆ ਜਵਾਨਾਂ ਨੂੰ ਉਸ ਪਾਸੇ ਵੱਲ ਇਕੱਠਾ ਕਰ ਲਿਆ ਗਿਆ। ਦੂਜੇ ਪਾਸੇ ਤੋਂ ਸਮੇਂ ਦੀ ਵਿਚਾਰ ਕਰ ਕੇ ਪੰਜਾਂ ਸਾਥੀਆਂ ਦਾ ਹੁਕਮ ਮੰਨ ਕੇ ਬਿਨਾਂ ਗੋਲੀ ਚਲਾਏ ਜੁਝਾਰੂ ਭਾਈ ਸੁਖਵਿੰਦਰ ਸਿੰਘ ਸੰਘਾ ਪਿੰਡ ਮੂਸੇ ਦੇ ਘੇਰੇ ਵਿਚੋਂ ਬਚ ਨਿਕਲਣ ਵਿਚ ਕਾਮਯਾਬ ਹੋ ਗਿਆ। ਚਿੱਟਾ ਦਿਨ ਚੜ੍ਹ ਗਿਆ, ਮੁਕਾਬਲਾ ਸਖ਼ਤ ਤੇ ਲੰਬਾ ਹੁੰਦਾ ਗਿਆ। ਇਕ ਪਾਸੇ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਦੇ ਪੰਜ ਸਿੰਘ ਖ਼ਾਲਿਸਤਾਨ ਦੀ ਸ਼ਮ੍ਹਾਂ ਤੋਂ ਸ਼ਹੀਦ ਹੋਣ ਲਈ ਜੂਝ ਰਹੇ ਸਨ, ਦੂਜੇ ਪਾਸੇ ਦਸ ਹਜ਼ਾਰ ਸੁਰੱਖਿਆ ਜਵਾਨ ਆਧੁਨਿਕ ਹਥਿਆਰਾਂ ਨਾਲ ਬੇਸ਼ੁਮਾਰ ਗੋਲੀ-ਸਿੱਕੇ ਨਾਲ ਲੈਸ ਤਨਖ਼ਾਹਾਂ 'ਤੇ ਹਿੰਦੁਸਤਾਨੀ ਫ਼ੋਰਸਾਂ ਦੇ ਜਵਾਨਾਂ ਵਿਚਾਲੇ ਅਸਲੀ ਪੁਲਿਸ ਮੁਕਾਬਲਾ ਚੱਲ ਰਿਹਾ ਸੀ। ਐਸ.ਪੀ. ਅਪਰੇਸਨ ਤਰਨ ਤਾਰਨ ਅਵਤਾਰ ਸਿਹੁੰ ਛਿਛਰਾ ਆਪਣੀ ਜਿਪਸੀ ਵਿਚ ਖੜਾ ਸੁਰੱਖਿਆ ਫ਼ੋਰਸਾਂ ਨੂੰ ਮੁਕਾਬਲੇ ਦੀ ਰਣਨੀਤੀ ਲਈ ਹਦਾਇਤਾਂ ਦੇ ਰਿਹਾ ਸੀ, ਪਿੰਡ ਮੂਸੇ ਵਿਚ ਘਿਰੇ ਸਿੰਘਾਂ ਦੀ ਨਜ਼ਰੀਂ ਪੈ ਗਿਆ। ਸਿੰਘ ਕੰਧ ਕੋਠੇ ਲੰਘਦੇ ਹੋਏ ਅਜਿਹੇ ਥਾਂ ਪਹੁੰਚ ਗਏ, ਜਿਥੋਂ

ਐਸ.ਪੀ. ਨੂੰ ਸਹਿਜੇ ਹੀ ਗੋਲੀਆਂ ਦਾ ਨਿਸ਼ਾਨਾ ਬਣਾਇਆ ਜਾ ਸਕਦਾ ਸੀ। ਸਿੰਘਾਂ ਸਿੱਧਾ ਹਮਲਾ ਐਸ.ਪੀ. ਅਪਰੇਸ਼ਨ ਦੀ ਜਿਪਸੀ 'ਤੇ ਕੀਤਾ। ਸਿੰਘਾਂ ਦੀਆਂ ਗੋਲੀਆਂ ਦੀ ਵਾਛੜ ਦੀ ਮਾਰ ਹੇਠ ਆ ਕੇ ਐਸ.ਪੀ. ਤੇ ਉਸ ਦੇ ਗੰਨਮੈਨ ਤੇ ਸਹਾਇਕ ਮਾਰੇ ਗਏ। ਸਿੰਘਾਂ ਨੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾ ਦਿੱਤੇ। ਐਸ.ਪੀ. ਅਵਤਾਰ ਸਿਹੁੰ ਦੇ ਮੁਕਾਬਲੇ ਵਿਚ ਸਿੰਘਾਂ ਹੱਥੋਂ ਮਾਰੇ ਜਾਣ ਦੀਆਂ ਵਾਇਰਲੈਸਾਂ ਤੇ ਖ਼ਬਰਾਂ ਹੈੱਡ ਕੁਆਰਟਰ ਨੂੰ ਦਿੱਤੀਆਂ ਗਈਆਂ। ਅੰਮ੍ਰਿਤਸਰ ਤੇ ਫ਼ਿਰੋਜ਼ਪੁਰ ਤੋਂ ਹੋਰ ਸੁਰੱਖਿਆ ਫ਼ੋਰਸਾਂ ਦੀਆਂ ਗੱਡੀਆਂ ਮੰਗਵਾਈਆਂ ਗਈਆਂ। 10 ਘੰਟੇ ਤਕ ਜ਼ਬਰਦਸਤ ਮੁਕਾਬਲਾ ਚੱਲਿਆ। ਸਿੰਘਾਂ ਨੇ ਦੁਸ਼ਮਣ ਦੀਆਂ ਮੂਹਰਲੀਆਂ ਸਫ਼ਾਂ ਦੇ ਸੱਥਰ ਵਿਛਾ ਦਿੱਤੇ। ਆਖ਼ਰ ਸਿੰਘਾਂ ਕੋਲ ਗੋਲੀ-ਸਿੱਕਾ ਥੋੜ੍ਹਾ ਰਹਿ ਗਿਆ। ਇਕ ਪਾਸੇ ਪੰਜ ਸਿੰਘ ਸੀਮਤ ਹਥਿਆਰਾਂ ਨਾਲ ਘਿਰੇ ਹੋਏ ਸਨ। ਦੂਜੇ ਪਾਸੇ ਹਜ਼ਾਰਾਂ ਦੀ ਗਿਣਤੀ ਵਿਚ ਆਹਲਾ ਕਿਸਮ ਦੇ ਹਥਿਆਰਾਂ ਨਾਲ ਲੈਸ ਸਨ। ਜੰਗ ਦੇ ਮੈਦਾਨ ਵਿਚ ਇਕੱਲੀ ਬਹਾਦਰੀ ਵੀ ਕੀ ਕਰਦੀ, ਜੇ ਪੰਜ ਸਿੰਘਾਂ 'ਤੇ ਅਣਗਿਣਤ ਫ਼ੌਜਾਂ ਹਮਲਾ ਕਰ ਦੇਣ। ਖ਼ਾਲਸਾ ਰਾਜ ਦੀ ਸਮ੍ਹਾਂ ਦੇ ਪਰਵਾਨੇ ਆਖ਼ਰੀ ਸਾਹ ਤੇ ਆਖ਼ਰੀ ਗੋਲੀ ਤਕ ਲੜਦੇ ਰਹੇ ਤੇ ਮੈਦਾਨੇ-ਜੰਗ ਵਿਚ ਜੂਝ ਕੇ ਭਾਈ ਰਛਪਾਲ ਸਿੰਘ ਘੁੱਕ, ਭਾਈ ਬਲਵਿੰਦਰ ਸਿੰਘ ਪਿੰਡ ਘੜਕਾ, ਭਾਈ ਮਨਜਿੰਦਰ ਸਿੰਘ ਜੌਹਲ ਰਾਜੂ ਸਿੰਘ, ਭਾਈ ਕੁਲਵੰਤ ਸਿੰਘ ਭੂਰਾ ਕੋਹਨਾ, ਭਾਈ ਕੁਲਵੰਤ ਸਿੰਘ ਸੈਫਲਾਬਾਦ ਸ਼ਹੀਦੀਆਂ ਪਾ ਗਏ। 25 ਜੂਨ 1989 ਦੇ ਅਖ਼ਬਾਰਾਂ ਵਿਚ ਮੁੱਖ ਖ਼ਬਰ ਸੀ :—

'ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਦਾ ਜਨਰਲ ਸੁਖਵਿੰਦਰ ਸਿੰਘ ਸੰਘਾ ਸਮੇਤ 5 ਖਾੜਕੂ ਮੂਸੇ ਦੇ ਮੁਕਾਬਲੇ ਵਿਚ ਹਲਾਕ। ਐਸ.ਪੀ. ਅਪਰੇਸ਼ਨ ਤਰਨ ਤਾਰਨ ਅਵਤਾਰ ਸਿੰਘ ਤੇ ਸੀ.ਆਰ.ਪੀ ਤੇ ਪੰਜਾਬ ਪੁਲਿਸ ਦੇ ਜਵਾਨ ਵੀ ਹਲਾਕ ਹੋ ਗਏ। ਜ਼ਬਰਦਸਤ ਮੁਕਾਬਲਾ 10 ਘੰਟੇ ਚੱਲਿਆ।

ਅਸਲ ਵਿਚ ਮੂਸੇ ਪਿੰਡ ਦੇ 24 ਜੂਨ 1989 ਦੇ ਪੁਲਿਸ ਤੇ ਸੀ.ਆਰ.ਪੀ. ਨਾਲ ਹੋਏ 10 ਘੰਟੇ ਦੇ ਜ਼ਬਰਦਸਤ ਮੁਕਾਬਲੇ ਵਿਚੋਂ ਖਾੜਕੂ ਜਰਨੈਲ ਭਾਈ ਸੁਖਵਿੰਦਰ ਸਿੰਘ ਸੰਘਾ ਘੇਰਾ ਤੋੜ ਕੇ ਬਚ ਨਿਕਲਣ ਵਿਚ ਕਾਮਯਾਬ ਹੋ ਗਿਆ ਸੀ। ਇਸ ਖ਼ੁਸ਼ੀ ਵਿਚ ਸਿੱਖ ਕੌਮ ਨੇ ਪਿੰਡਾਂ ਦੇ ਗੁਰਦੁਆਰਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਕਰਾ ਕੇ ਭੋਗ ਪਵਾਏ ਸਨ।

ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੇ ਚੌਹਾਂ ਦਰਵਾਜ਼ਿਆਂ ਦੇ ਸਾਹਮਣੇ ਹਿੰਦੂ ਹਕੂਮਤ ਵੱਲੋਂ ਸੀ.ਆਰ.ਪੀ. ਦੀਆਂ ਚੌਂਕੀਆਂ ਤਾਇਨਾਤ ਕੀਤੀਆਂ ਹੋਈਆਂ ਸਨ। ਸੀ.ਆਰ.ਪੀ. ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਦੀ ਤਲਾਸ਼ੀ ਲੈ ਕੇ ਅੰਦਰ ਜਾਣ ਦਿੰਦੀ ਸੀ। ਸਿੱਖ ਸਰੂਪ ਦੀ ਜੁਝਾਰੂ ਦਿੱਖ ਵਾਲੇ ਸਿੱਖ ਨੌਜਵਾਨ ਨੂੰ ਸ਼ੱਕ ਦੀ ਨਿਗ੍ਹਾ ਨਾਲ ਵੇਖਿਆ ਜਾਂਦਾ ਸੀ। ਰੋਜ਼ਾਨਾ ਕਈ ਸਿੱਖ ਨੌਜਵਾਨਾਂ ਨੂੰ ਸੀ.ਆਰ.ਪੀ. ਵਾਲੇ ਗ੍ਰਿਫ਼ਤਾਰ ਕਰ ਕੇ ਤਸੀਹਾ ਘਰਾਂ ਵਿਚ ਲਿਜਾ ਕੇ ਤਸ਼ੱਦਦ ਦਾ ਸ਼ਿਕਾਰ ਬਣਾਉਂਦੇ ਤੇ ਝੂਠੇ ਪੁਲਿਸ ਮੁਕਾਬਲੇ ਬਣਾ

ਕੇ ਖ਼ਤਮ ਕਰ ਦਿੱਤਾ ਜਾਂਦਾ। ਪੰਥ ਦੇ ਠੇਕੇਦਾਰ ਅਖੌਤੀ ਪੰਥਕ ਅਕਾਲੀ ਲੀਡਰਾਂ, ਪ੍ਰਕਾਸ਼ ਸਿੰਘ ਬਾਦਲ, ਗੁਰਚਰਨ ਸਿੰਘ ਟੌਹੜਾ, ਜਗਦੇਵ ਸਿੰਘ ਤਲਵੰਡੀ, ਸੁਰਜੀਤ ਸਿੰਘ ਬਰਨਾਲ ਨੇ ਇਸ ਧੱਕੇਸ਼ਾਹੀ ਵਿਰੁੱਧ ਕਦੇ ਵੀ ਹਿੰਦ ਹਕੂਮਤ ਵਿਰੁੱਧ ਆਵਾਜ਼ ਨਹੀਂ ਉਠਾਈ, ਸਗੋਂ ਮੂਕ ਦਰਸ਼ਕ ਬਣ ਕੇ ਸਮੇਂ ਦੀ ਉਡੀਕ ਕਰਦੇ ਰਹੇ ਕਿ ਸਾਡੇ ਰਸਤੇ ਦੀ ਰੁਕਾਵਟ ਜੁਝਾਰੂ ਸਿੰਘ ਕਦੋਂ ਖ਼ਤਮ ਹੋਣ ਕਿ ਅਤੇ ਆਪਣੀ ਖ਼ੁਦਗ਼ਰਜ਼ੀ ਪੂਰੀ ਕਰਨ ਵਿਚ ਸਫਲ ਹੋ ਸਕੀਏ।

ਸਿੱਖ ਨੌਜਵਾਨਾਂ, ਬੱਚਿਆਂ, ਬੁੱਢਿਆਂ ਅਤੇ ਸਿੱਖ ਬੀਬੀਆਂ ਨੂੰ ਸੀ.ਆਰ.ਪੀ. ਵੱਲੋਂ ਤਲਾਸ਼ੀ ਦੇ ਬਹਾਨੇ ਬੇਇੱਜ਼ਤ ਕੀਤਾ ਜਾਂਦਾ ਰਿਹਾ। ਜਿਸ ਨੂੰ ਨਾ ਸਹਾਰਦਿਆਂ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਦੇ ਜੁਝਾਰੂ ਜਰਨੈਲ ਭਾਈ ਸੁਖਵਿੰਦਰ ਸਿੰਘ ਸੰਘਾ ਨੇ ਆਪਣੇ ਸਾਥੀ ਟਾਈਗਰਜ਼ਾਂ ਦੀ ਅਗਵਾਈ ਕੀਤੀ। ਇਹਨਾਂ ਪ੍ਰਮੁੱਖ ਟਾਈਗਰਜ਼ਾਂ ਵਿਚ ਭਾਈ ਰਵੇਲ ਸਿੰਘ ਫ਼ੌਜੀ ਪੱਖੋਕੇ, ਭਾਈ ਬਿਕਰਮਜੀਤ ਸਿੰਘ ਨਾਰਲਾ, ਭਾਈ ਬਲਜੀਤ ਸਿੰਘ ਖੇਲਾ, ਭਾਈ ਮਨਜੀਤ ਸਿੰਘ ਉਰਫ਼ ਮਾਧੋ ਸਿੰਘ, ਭਾਈ ਬਲਵਿੰਦਰ ਸਿੰਘ ਮੰਡ, ਭਾਈ ਬਲਵਿੰਦਰ ਸਿੰਘ ਜਵੰਦਾ ਅਤੇ ਹੋਰ ਸਿੰਘਾਂ ਨੇ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੁਆਲੇ ਸੀ.ਆਰ.ਪੀ. ਦੀਆਂ ਚੌਕੀਆਂ 'ਤੇ ਦਿਨ ਵੇਲੇ ਸਿਖਰ ਦੁਪਹਿਰੇ ਹਮਲਾ ਕਰ ਕੇ ਸੀ.ਆਰ.ਪੀ. ਦੇ ਜਵਾਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤੇ ਉਹਨਾਂ ਦੇ ਹਥਿਆਰ ਤੇ ਗੋਲੀ-ਸਿੱਕਾ ਵੀ ਲੈ ਗਏ। ਅਖ਼ਬਾਰਾਂ ਵਿਚ ਖ਼ਬਰ ਛਪੀ ਕਿ ਅੱਤਵਾਦੀਆਂ ਦਾ ਹਮਲਾ ਬੜਾ ਅਚਾਨਕ ਤੇ ਯੋਜਨਾਬੱਧ ਸੀ ਤੇ ਘਾਤ ਲਾ ਕੇ ਕੀਤਾ ਗਿਆ ਸੀ। ਸਿੰਘ ਚੜ੍ਹਦੀ ਕਲਾ ਵਿਚ ਖਾੜਕੂ ਦਲੇਰਾਨਾ ਐਕਸ਼ਨ ਤੋਂ ਬਾਅਦ ਬਚ ਨਿਕਲਣ ਵਿਚ ਕਾਮਯਾਬ ਹੋ ਗਏ। ਜੁਝਾਰੂ ਜਰਨੈਲ ਭਾਈ ਸੁਖਵਿੰਦਰ ਸਿੰਘ ਸੰਘਾ ਦੇ ਸਾਥੀਆਂ ਦੀ ਦਲੇਰਾਨਾ ਕਾਰਵਾਈ ਨੇ 18ਵੀਂ ਸਦੀ ਦੇ ਮਹਾਨ ਯੋਧੇ ਭਾਈ ਸੁੱਖਾ ਸਿੰਘ ਮਾੜੀ ਕੰਬੋਕੀ, ਭਾਈ ਥਰਾਜ ਸਿੰਘ (ਭਤੀਜਾ ਭਾਈ ਮਨੀ ਸਿੰਘ ਜੀ) ਪੰਜਾਹ ਸਾਥੀਆਂ ਨਾਲ ਸੰਨ 1737 ਵਿਚ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ 'ਤੇ ਕਾਬਜ਼ ਹੋਏ ਬੈਠੇ ਮੁਗ਼ਲ ਹਕੂਮਤ ਦੇ ਫ਼ੌਜਦਾਰ ਕਾਜ਼ੀ ਅਬਦੁੱਲ ਰਹਿਮਾਨ ਤੇ ਉਸ ਦੇ ਪੁੱਤਰ ਅਲੀ ਬਖ਼ਸ਼ ਤੇ ਦੋ ਸੌ ਸਿਪਾਹੀਆਂ ਨੂੰ ਗਿੱਲਾਂ ਵਾਲੀ ਦਰਵਾਜ਼ੇ ਦੇ ਬਾਹਰ ਕਤਲ ਕਰਨ (ਸੋਧਣ) ਦੀ ਇਤਿਹਾਸਕ ਘਟਨਾ ਨੂੰ ਦੁਹਰਾ ਕੇ ਯਾਦ ਨੂੰ ਤਾਜ਼ਾ ਕਰ ਕੇ ਵਿਖਾ ਦਿੱਤਾ।

ਭਾਈ ਸੁਖਵਿੰਦਰ ਸਿੰਘ ਸੰਘਾ ਡਿਪਟੀ ਚੀਫ਼ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਆਫ਼ ਖ਼ਾਲਿਸਤਾਨ (ਬੀ.ਟੀ.ਐਫ਼.ਕੇ.) ਦੇ ਮੁਖੀ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨਾਲ ਵਿਚਾਰਕ ਮੱਤਭੇਦ ਹੋ ਗਏ ਪਰ ਇਕ ਦੂਜੇ ਉਪਰ ਦੂਸ਼ਣਬਾਜ਼ੀ ਕਰਨ ਦੀ ਥਾਂ ਭਾਈ ਸੁਖਵਿੰਦਰ ਸਿੰਘ ਸੰਘਾ ਆਪਣੇ ਹਮ-ਖ਼ਿਆਲ ਸਾਥੀਆਂ ਸਮੇਤ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਤੋਂ ਵੱਖ ਹੋ ਗਿਆ ਤੇ ਆਪਣੀ ਜਥੇਬੰਦੀ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ (ਸੰਘਾ) ਕਾਇਮ ਕਰ ਲਈ। ਖ਼ੁਦ ਇਸ ਦਾ ਚੀਫ਼ ਬਣ ਗਿਆ ਤੇ ਭਾਈ ਬਿਕਰਮਜੀਤ ਸਿੰਘ ਨਾਰਲਾ ਇਸ ਦੇ ਡਿਪਟੀ ਚੀਫ਼ ਬਣਾਏ ਗਏ। ਭਾਈ

ਰਛਪਾਲ ਸਿੰਘ ਛੰਦੜਾ, ਭਾਈ ਜਗਦੀਸ਼ ਸਿੰਘ ਸੀਮਾ ਪੁਰਾਣਾ, ਭਾਈ ਮਲਵਿੰਦਰ ਸਿੰਘ ਮੰਡ, ਭਾਈ ਬਲਵਿੰਦਰ ਸਿੰਘ ਜਵੰਦਾ, ਭਾਈ ਦਵਿੰਦਰ ਸਿੰਘ ਮੌਨ, ਭਾਈ ਮਨਜੀਤ ਸਿੰਘ ਉਰਫ਼ ਮਾਧੋ ਸਿੰਘ, ਭਾਈ ਬਲਜੀਤ ਸਿੰਘ ਖੇਲਾ (ਖਡੂਰ ਸਾਹਿਬ), ਭਾਈ ਪੂਰਨ ਸਿੰਘ ਭੋਜੀਆਂ, ਭਾਈ ਬਲਵਿੰਦਰ ਸਿੰਘ ਬਰੱਸਟ ਇਸ ਦੇ ਜਾਂਬਾਜ਼ ਜੁਝਾਰੂ ਸਾਥੀ ਸਿੰਘ ਸੂਰਮੇ ਸਨ, ਜੋ ਖ਼ਾਲਸਾ ਰਾਜ ਦੀ ਸਥਾਪਨਾ ਲਈ ਜ਼ਾਲਮ ਹਕੂਮਤ ਨਾਲ ਟੱਕਰ ਲੈਂਦੇ ਹੋਏ ਲੋਹੇ ਦੇ ਚਣੇ ਚਬਾ ਰਹੇ ਸਨ। ਇਹਨਾਂ ਦੀ ਜਾਂਬਾਜ਼ੀ ਤੇ ਬਹਾਦਰੀ ਦੀ ਚਰਚਾ ਪਿੰਡਾਂ ਦੀਆਂ ਸੱਥਾਂ ਤੋਂ ਲੈ ਕੇ ਪੰਜਾਬ ਸਰਕਾਰ ਦੇ ਗਵਰਨਰ ਦੀਆਂ ਮੀਟਿੰਗਾਂ ਅਤੇ ਦਿੱਲੀ ਦੇ ਹਾਕਮਾਂ ਦੀਆਂ ਬੈਠਕਾਂ ਵਿਚ ਹੋ ਰਹੀਆਂ ਸਨ। ਸੁਖਵਿੰਦਰ ਸਿੰਘ ਸੰਘਾ ਕੌਣ ਹੈ? ਉਹ ਕਿਹੋ ਜਿਹਾ ਹੈ? ਕਿਥੇ ਰਹਿੰਦਾ ਹੈ? ਲੋਕ ਉਸ ਨੂੰ ਪੁਲਿਸ ਨੂੰ ਕਿਉਂ ਨਹੀਂ ਫੜਾਉਂਦੇ? ਪਿੰਡਾਂ ਦੀਆਂ ਸੱਥਾਂ ਵਿਚ ਉਸ ਦੀ ਬਹਾਦਰੀ ਦੀਆਂ ਸਿਫ਼ਤਾਂ ਸਿੱਖ ਬੜੇ ਮਾਣ ਨਾਲ ਕਰਦੇ ਨਾ ਥੱਕਦੇ। ਕਹਿੰਦੇ ਸਨ—ਸੰਘਾ ਤਾਂ ਸੰਤ ਸਿਪਾਹੀ ਹੈ। ਕਿਸੇ ਫ਼ਿਰਕੇ ਦੇ ਵਿਰੁੱਧ ਨਹੀਂ, ਜ਼ੁਲਮ ਕਰਨ ਵਾਲਿਆਂ ਦੁਸ਼ਟਾਂ ਜ਼ਾਲਮਾਂ ਦੇ ਵਿਰੁੱਧ ਹੈ। ਚੰਡੀਗੜ੍ਹ ਵਿਚ ਗਵਰਨਰ ਦੀਆਂ ਮੀਟਿੰਗਾਂ ਵਿਚ ਭਾਈ ਸੁਖਵਿੰਦਰ ਸਿੰਘ ਸੰਘਾ ਦੀਆਂ ਪੂਰੇ ਹਿੰਦੁਸਤਾਨ ਅੰਦਰ ਵਧ ਰਹੀਆਂ ਸਰਗਰਮੀਆਂ ਕਰਕੇ ਪੰਜਾਬ ਪੁਲਿਸ ਦੇ ਜ਼ਿਲ੍ਹਾ ਪੁਲਿਸ ਕਪਤਾਨਾਂ ਨੂੰ ਝਾੜਾਂ ਪੈਂਦੀਆਂ।

ਪਹਿਲਾਂ ਸੰਘੇ ਦੀਆਂ ਸਰਗਰਮੀਆਂ ਜ਼ਿਲ੍ਹਾ ਅੰਮ੍ਰਿਤਸਰ, ਤਰਨ ਤਾਰਨ ਤਕ ਹੀ ਸੀਮਤ ਸਨ, ਪਰ ਹੁਣ ਜ਼ਿਲ੍ਹਾ ਲੁਧਿਆਣਾ ਵੀ ਇਸ ਦੀਆਂ ਸਰਗਰਮੀਆਂ ਦੀ ਮਾਰ ਹੇਠ ਆ ਗਿਆ। ਹਿੰਦੁਸਤਾਨ ਦੀ ਸਰਕਾਰ ਨੇ ਸੰਘਾ ਦੇ ਸਿਰ ਦਾ ਇਨਾਮ 22 ਲੱਖ ਰੁਪਏ ਰੱਖਿਆ ਹੋਇਆ ਸੀ। ਬੀ.ਟੀ.ਐਫ਼. ਬਾਬਾ ਗੁਰਬਚਨ ਸਿੰਘ ਮਾਣੋਚਾਹਲ ਤੋਂ ਅੱਡ ਹੋ ਕੇ ਵੀ ਸੰਘਾ ਉਸ ਦੇ ਖ਼ਿਲਾਫ਼ ਨਹੀਂ ਬੋਲਦਾ ਸੀ। ਕਹਿੰਦਾ ਕਿ ਸਾਡਾ ਨਿਸ਼ਾਨਾ ਇਕੋ ਹੈ, ਫ਼ਤਹਿ ਜਾਂ ਸ਼ਹਾਦਤ। ਤੇ ਬਾਬਾ ਗੁਰਬਚਨ ਸਿੰਘ ਮਾਣੋਚਾਹਲ ਨੇ ਵੀ ਸੰਘਾ ਦੇ ਅੱਡ ਹੋ ਜਾਣ 'ਤੇ ਕੋਈ ਬੁਰਾ ਨਹੀਂ ਮਨਾਇਆ। ਬਾਬਾ ਮਾਣੋਚਾਹਲ ਕਹਿੰਦਾ ਕਿ ਨਿਸ਼ਾਨਾ ਤੇ ਦੁਸ਼ਮਣ ਸਾਡਾ ਇਕ ਹੀ ਹੈ। ਦੋ ਭਰਾ ਵਾਹੀ ਅੱਡ ਕਰ ਵੀ ਲੈਣ ਤਾਂ ਵੀ ਭਰਾ ਹੀ ਰਹਿੰਦੇ ਹਨ। ਅਖ਼ਬਾਰਾਂ ਵਿਚ ਇਕ ਵੀ ਵਿਰੋਧੀ ਤੌਰ 'ਤੇ ਬਿਆਨ ਨਹੀਂ ਆਇਆ। ਫ਼ਰਵਰੀ 1990 ਵਿਚ ਸੰਘਾ ਬੀ.ਟੀ.ਐਫ਼. ਮਾਣੋਚਾਹਲ ਤੋਂ ਅੱਡ ਹੋਇਆ। ਜੂਨ 1990 ਵਿਚ ਡਾ. ਸੋਹਣ ਸਿੰਘ ਵਾਲੀ ਪੰਥਕ ਕਮੇਟੀ ਦੀ ਅਗਵਾਈ ਹੇਠ ਚਾਰ ਜੱਥੇਬੰਦੀਆਂ ਬੱਬਰ ਖ਼ਾਲਸਾ, ਖ਼ਾਲਿਸਤਾਨ ਕਮਾਂਡੋ ਫ਼ੋਰਸ (ਪੰਜਵੜ), ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ (ਬੁੱਧ ਸਿੰਘ ਵਾਲਾ) ਸਿੱਖ ਸਟੂਡੈਂਟਸ ਫ਼ੈਡਰੇਸ਼ਨ (ਦਲਜੀਤ ਸਿੰਘ ਬਿੱਟੂ) ਨਾਲ ਏਕਤਾ ਕਰ ਕੇ ਪੰਜਵੀਂ ਜਥੇਬੰਦੀ ਦੇ ਤੌਰ 'ਤੇ ਨਾਲ ਰਲ ਗਿਆ। ਸੰਨ 1989-90 ਬੀਤੇ ਦੋ ਸਾਲਾਂ ਵਿਚ ਹਿੰਦੁਸਤਾਨੀ ਫ਼ੋਰਸਾਂ ਨੇ ਸੁਖਵਿੰਦਰ ਸਿੰਘ ਸੰਘਾ ਨੂੰ ਸਾਥੀਆਂ ਸਮੇਤ ਬਹੁਤ ਵੱਡੇ ਘੇਰੇ ਪਾਏ। 24 ਜੂਨ 1989 ਨੂੰ ਮੂਸੇ ਦਾ ਘੇਰਾ, ਗਿੱਲ ਦਾ ਘੇਰਾ, ਤੁੜ ਦਾ ਘੇਰਾ, ਮਲਮੋਹਰੀ ਦਾ ਘੇਰਾ, ਤਰਨ ਤਾਰਨ ਬਾਈਪਾਸ ਦਾ ਘੇਰਾ, ਪੰਡੋਰੀ

ਜੀਤਾ ਦੇ ਘਰ ਵਿਚ ਬਿਕਰਮਜੀਤ ਸਿੰਘ ਨਾਰਲਾ ਨਾਲ ਸੁਰੱਖਿਆ ਫ਼ੋਰਸਾਂ ਉੱਪਰ ਬੰਬ ਸੁੱਟ ਕੇ ਘੇਰਾ ਤੋੜ ਕੇ ਬਚ ਕੇ ਨਿਕਲ ਜਾਣ ਵਿਚ ਕਾਮਯਾਬ ਹੋ ਗਏ।

3 ਨਵੰਬਰ 1990 ਦਿਨ ਸਨੀਵਾਰ, 18 ਕੱਤਕ ਬਿਕਰਮੀ ਸੰਮਤ 2047 ਨੂੰ ਕਿਸੇ ਮੁਖ਼ਬਰ ਦੀ ਮੁਖ਼ਬਰੀ ’ਤੇ ਸਰਕਾਰੀ ਫ਼ੋਰਸਾਂ ਨੇ ਐਸ.ਪੀ. ਅਪਰੇਸ਼ਨ ਤਰਨ ਤਾਰਨ ਹਰਜੀਤ ਸਿਹੁੰ ਦੀ ਅਗਵਾਈ ਹੇਠ ਤੜਕੇ 4 ਕੁ ਵਜੇ ਪਿੰਡ ਭੁੱਲਰ (ਨੇੜੇ ਤਰਨ ਤਾਰਨ) ਦੇ ਇਲਾਕੇ ਨੂੰ ਦੂਰ ਤਕ ਵੱਡਾ ਘੇਰਾ ਪਾ ਲਿਆ। ਭਾਈ ਸੁਖਵਿੰਦਰ ਸਿੰਘ ਸੰਘਾ ਆਪਣੇ ਸਾਥੀਆਂ ਭਾਈ ਬਿਕਰਮਜੀਤ ਸਿੰਘ ਨਾਰਲਾ, ਭਾਈ ਬਲਜੀਤ ਸਿੰਘ ਖੇਲਾ, ਭਾਈ ਮਨਜੀਤ ਸਿੰਘ ਉਰਫ਼ ਮਾਧੋ ਸਿੰਘ, ਭਾਈ ਰਮੇਸ਼ਪਾਲ ਸਿੰਘ ਮੇਸ਼ੀ ਪਟਿਆਲਾ (ਪਟਿਆਲਾ ਵਾਲੇ ਸਿੰਘ ਦਾ ਨਾਂ ਨਿਰਮਲਜੀਤ ਸਿੰਘ ਦੇ ਤੌਰ ’ਤੇ ਵੀ ਲਿਆ ਜਾਂਦਾ ਹੈ। ਇਹ ਮੱਤਭੇਦ ਹਾਲਾਂ ਜਾਰੀ ਹੈ, ਇਸ ਸਿੰਘ ਦੀ ਤਸਵੀਰ ਵੀ ਪ੍ਰਕਾਸ਼ਤ ਨਹੀਂ ਹੋਈ। ਜਾਣਕਾਰ ਸੱਜਣ ਤਸਵੀਰ ਦੇ ਵੇਰਵੇ ਭੇਜ ਕੇ ਭੁਲੇਖੇ ਦੂਰ ਕਰਨ ਦੀ ਕਿਰਪਾ ਕਰਨ।) ਪਿੰਡ ਭੁੱਲਰਾਂ ਦੀ ਬਹਿਕ ’ਤੇ ਠਹਿਰੇ ਹੋਏ ਸਨ। ਪੂਰੇ ਪਿੰਡ ਨੂੰ ਘੇਰੇ ਵਿਚ ਲੈ ਲਿਆ। ਸਵੇਰੇ ਪਿੰਡ ਵਾਸੀ, ਜੰਗਲ-ਮੈਦਾਨ ਜਾ ਰਹੇ ਸਨ, ਉਹਨਾਂ ਨੂੰ ਰੋਕ ਲਿਆ ਗਿਆ। ਪਿੰਡ ਵਿਚੋਂ ਕਿਸੇ ਨੂੰ ਵੀ ਬਾਹਰ ਜਾਣ ਦੀ ਇਜਾਜ਼ਤ ਨਹੀਂ ਸੀ। ਇਕ ਜਾਣਕਾਰ ਬਜ਼ੁਰਗ ਨੇ ਸਿੰਘਾਂ ਨੂੰ ਜਾ ਕੇ ਦੱਸਿਆ। ਸਿੰਘ ਉਸ ਵੇਲੇ ਇਸ਼ਨਾਨ ਕਰ ਕੇ ਨਿਤਨੇਮ ਗੁਰਬਾਣੀ ਦਾ ਪਾਠ ਕਰ ਰਹੇ ਸਨ। ਸਿੰਘਾਂ ਨੇ ਅਰਦਾਸ ਕਰ ਕੇ ਦੋਹਰਾ ਪੜ੍ਹਿਆ ਅਤੇ ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾ ਕੇ ਸ਼ਸਤਰ ਸੰਭਾਲ ਲਏ। ‘ਦੇਹਿ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨਾ ਟਰੋਂ”, ਪੜ੍ਹਦੇ ਹੋਏ ਮਕਾਨ ਦੀ ਛੱਤ ਉੱਤੇ ਚੜ੍ਹ ਗਏ। ਪੁਲਿਸ ਫ਼ੋਰਸਾਂ ਦੇ ਘੇਰੇ ਦਾ ਜਾਇਜ਼ਾ ਲਿਆ। ਘੇਰਾ ਬਹੁਤ ਹੀ ਸਖ਼ਤ ਸੀ ਤੇ ਪੰਜ-ਪੰਜ ਕਰਮਾਂ ’ਤੇ ਸੀ.ਆਰ.ਪੀ. ਦੇ ਹਥਿਆਰਬੰਦ ਜਵਾਨ ਪੁਜ਼ੀਸ਼ਨਾਂ ਸੰਭਾਲੀ ਬੈਠੇ ਸਨ। ਦਿਨ ਦਾ ਚੜ੍ਹਾਅ ਤੇ ਚਾਨਣ ਹੋ ਚੁੱਕਾ ਸੀ। ਸਾਰਾ ਪਿੰਡ ਸਹਿਮ ਗਿਆ ਸੀ ਤੇ ਸੋਚ ਰਿਹਾ ਸੀ ਕਿ ਹੁਣ ਕੀ ਭਾਣਾ ਵਰਤੇਗਾ। ਭਾਈ ਸੁਖਵਿੰਦਰ ਸਿੰਘ ਸੰਘਾ ਨੇ ਆਪਣੇ ਸਾਥੀਆਂ ਨੂੰ ਕਿਹਾ ਕਿ ਮੇਰੇ ਵੀਰੋ, ਲੱਗਦਾ ਹੈ ਸ਼ਹੀਦੀ ਪਾਉਣ ਦਾ ਸਮਾਂ ਨੇੜੇ ਆ ਗਿਆ ਹੈ। ਸਿੰਘੋ, ਮੈਦਾਨੇ-ਜੰਗ ਵਿਚ ਮਰਦਾਂ ਵਾਲੇ ਜੌਹਰ ਦਿਖਾਈਏ। ਵੈਰੀ ਦਲ ਨਾਲ ਲੜ ਕੇ ਸ਼ਹੀਦੀ ਪ੍ਰਾਪਤ ਕਰੀਏ। ਅਕਾਲ ਪੁਰਖ ਵਾਹਿਗੁਰੂ ਅਤੇ ਸ਼ਸਤਰਾਂ ਦਾ ਆਸਰਾ ਲੈ ਕੇ ਵੈਰੀ ਨੂੰ ਲੋਹੇ ਦੇ ਚਣੇ ਚਬਾਈਏ। ਮੁਕਾਬਲਾ ਇਸ ਘਰ ਵਿਚ ਨਹੀਂ ਕਰਨਾ, ਘਰ ਵਿਚ ਮੁਕਾਬਲਾ ਕਰਨ ’ਤੇ ਘਰ ਵਾਲੇ ਬੇਦੋਸ਼ੇ ਹੀ ਮਾਰੇ ਜਾਣਗੇ। ਇਸ ਵਿਚ ਦਾਨਾਈ ਨਹੀਂ। ਪੰਜ ਸਿੰਘ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਂਦੇ ਹੋਏ ਘਰਾਂ ’ਚੋਂ ਬਾਹਰ ਆ ਗਏ। ਸੀ.ਆਰ.ਪੀ. ਤੇ ਪੁਲਿਸ ਨੇ ਸਿੰਘਾਂ ਉੱਤੇ ਗੋਲੀਆਂ ਚਲਾਈਆਂ। ਅੱਗੋਂ ਸਿੰਘਾਂ ਨੇ ਏ.ਕੇ. ਸੰਤਾਲੀ ਅਸਾਲਟਾਂ ਦੀ ਫ਼ਾਇਰਿੰਗ ਨਾਲ ਜਵਾਬ ਦਿੱਤਾ। ਇਕ ਪਾਸੇ ਪੰਜ ਸਿੰਘ ਸੂਰਮੇ ਤੇ ਦੂਜੇ ਪਾਸੇ ਹਜ਼ਾਰਾਂ ਦੀ ਗਿਣਤੀ ਵਿਚ ਹਿੰਦੁਸਤਾਨੀ ਫ਼ੋਰਸਾਂ ਆਧੁਨਿਕ ਹਥਿਆਰਾਂ

ਨਾਲ ਲੈਸ, ਅਨੋਖਾ ਮੁਕਾਬਲਾ ਸੀ। ਇਕ ਪਾਸੇ ਤਨਖ਼ਾਹਾਂ 'ਤੇ ਲੜਨ ਵਾਲੇ ਆਪਣਾ ਬਚਾਅ ਕਰ ਕੇ ਦੂਰੋਂ ਗੋਲੀਆਂ ਦਾ ਮੀਂਹ ਵਰ੍ਹਾ ਰਹੇ ਸਨ, ਦੂਜੇ ਪਾਸੇ ਗਿਣਤੀ ਦੇ ਪੰਜ ਜੁਝਾਰੂ ਸੂਰਮੇ ਗਿਣਤੀ ਦੀਆਂ ਗੋਲੀਆਂ, ਸੀਮਤ ਹਥਿਆਰਾਂ ਨਾਲ ਆਪਣੇ ਖਾੜਕੂ ਜਰਨੈਲ ਸਰਦਾਰ ਸੁਖਵਿੰਦਰ ਸਿੰਘ ਸੰਘਾ ਨਾਲ ਮੈਦਾਨੇ-ਜੰਗ ਵਿਚ ਜੂਝ ਕੇ ਸਿੱਖ ਇਤਿਹਾਸ ਦੇ ਪੰਨੇ ਆਪਣੇ ਖ਼ੂਨ ਨਾਲ ਲਿਖ ਰਹੇ ਸਨ। ਜਿਨ੍ਹਾਂ ਦਾ ਆਪਣੇ ਗੁਰਦੇਵ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਲਾ ਦੱਸਿਆ ਰਾਹ ਸੀ 'ਪੰਥ ਵਸੇ ਮੈਂ ਉੱਜੜਾਂ ਮਨ ਚਾਉ ਘਨੇਰਾ'। ਸਿੰਘਾਂ ਯੁੱਧ ਨੀਤੀ ਅਨੁਸਾਰ ਘਰ ਤੋਂ ਬਾਹਰ ਮੋਰਚੇ ਮੱਲ ਲਏ।

---

ਐਸ.ਪੀ. ਅਪਰੇਸ਼ਨ ਹਰਜੀਤ ਸਿਹੁੰ ਐਸ.ਪੀ. ਅਪਰੇਸਨ ਤਰਨ ਤਾਰਨ ਸੁਰੱਖਿਆ ਫ਼ੋਰਸਾਂ ਨੂੰ ਅੱਗੇ ਵਧਣ ਦਾ ਹੁਕਮ ਦੇ ਰਿਹਾ ਸੀ ਕਿ ਛੇਤੀ ਅੱਤਵਾਦੀਆਂ ਨੂੰ ਕਾਬੂ ਨਾ ਕਰ ਸਕੇ ਤਾਂ ਰਾਤ ਦਾ ਹਨੇਰਾ ਹੋ ਜਾਣ 'ਤੇ ਸੁਰੱਖਿਆ ਫ਼ੋਰਸਾਂ ਉੱਤੇ ਖਾੜਕੂ ਚੁਫੇਰੇ ਤੋਂ ਹਮਲਾ ਕਰ ਕੇ ਘੇਰਾ ਤੋੜ ਸਕਦੇ ਹਨ। ਬਖ਼ਤਰਬੰਦ ਗੱਡੀਆਂ ਬੁਲੇਟ ਪਰੂਫ਼ ਟਰੈਕਟਰਾਂ ਦੇ ਸਹਾਰੇ ਵੈਰੀ ਦਲ ਸਿੰਘਾਂ ਵੱਲ ਵਧਿਆ। ਸਿੰਘਾਂ ਨੇ ਜ਼ਬਰਦਸਤ ਗੋਲੀਬਾਰੀ ਕਰ ਕੇ ਵਾਪਸ ਭੱਜਣ ਲਈ ਮਜਬੂਰ ਕਰ ਦਿੱਤਾ। ਸਿੰਘਾਂ ਉਪਰ ਹਜ਼ਾਰਾਂ ਗੋਲੀਆਂ ਦਾ ਮੀਂਹ ਵਰ੍ਹ ਰਿਹਾ ਸੀ। ਸਿੰਘ ਬੜੇ ਹੌਂਸਲੇ ਨਾਲ ਦਿਮਾਗੀ ਸੰਤੁਲਨ ਕਾਇਮ ਰੱਖ ਕੇ ਹਜ਼ਾਰਾਂ ਵਿਚ ਘਿਰੇ ਹੋਏ ਵੀ ਚੜ੍ਹਦੀ ਕਲਾ ਦਾ ਪ੍ਰਗਟਾਵਾ ਕਰ ਰਹੇ ਸਨ। ਲਗਾਤਾਰ ਗੋਲੀ ਚੱਲਣ ਤੋਂ ਬਾਅਦ ਆਖ਼ਰ ਸਿੰਘਾਂ ਦਾ ਗੋਲੀ-ਸਿੱਕਾ ਮੁੱਕਣ 'ਤੇ ਆ ਗਿਆ। ਸੁਰੱਖਿਆ ਫ਼ੋਰਸਾਂ ਨੇ ਘੇਰਾ ਤੰਗ ਕਰ ਦਿੱਤਾ। ਸਿੰਘ ਵੀ ਗੋਲੀਆਂ ਲੱਗਣ ਨਾਲ ਜ਼ਖ਼ਮੀ ਹੋ ਗਏ ਸਨ। ਭਾਈ ਬਿਕਰਮਜੀਤ ਸਿੰਘ ਨਾਰਲਾ ਦੇ ਗੋਲੀਆਂ ਦਾ ਬਰੱਸਟ ਵੱਜਿਆ। ਕਹਿੰਦੇ ਹਨ ਕਿ ਉਸ ਨੇ ਕਿਹਾ, "ਭਾ ਜੀ ਮੈਂ ਚੱਲਿਆ, ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।"

ਭਾਈ ਸੁਖਵਿੰਦਰ ਸਿੰਘ ਨੇ ਭੱਜ ਕੇ ਭਾਈ ਬਿਕਰਮਜੀਤ ਸਿੰਘ ਨੂੰ ਜੱਫੀ ਪਾ ਲਈ ਤੇ ਕਿਹਾ, "ਬਿਕਰਮ, ਇਕੱਲਾ ਨਹੀਂ ਇਕੱਠੇ ਚੱਲਦੇ ਹਾਂ। ਇਕੱਠੇ ਰਹੇ ਹਾਂ, ਦਸਮੇਸ਼ ਪਿਤਾ ਜੀ ਦੀ ਗੋਦੀ ਵਿਚ ਵੀ ਇਕੱਠੇ ਹੀ ਚੱਲਾਂਗੇ।" ਭਾਈ ਸੁਖਵਿੰਦਰ ਸਿੰਘ ਸੰਘਾ ਮੌਤ ਤੋਂ ਬੇਪਰਵਾਹ ਭਾਈ ਬਿਕਰਮਜੀਤ ਸਿੰਘ ਨੂੰ ਜੱਫੀ ਪਾ ਕੇ ਉਸ ਦੇ ਚਿਹਰੇ 'ਤੇ ਕਿਸੇ ਅਨੋਖੇ ਅਲੌਕਿਕ ਸ਼ਹੀਦੀ ਸੰਗਰਾਮ ਨੂੰ ਨਿਹਾਰ ਰਿਹਾ ਸੀ। ਹਿੰਦੁਸਤਾਨੀ ਫ਼ੋਰਸਾਂ ਦੀਆਂ ਗੋਲੀਆਂ ਦੀ ਵਾਛੜ ਨੇ ਖਾੜਕੂ ਜਰਨੈਲ ਭਾਈ ਸੁਖਵਿੰਦਰ ਸਿੰਘ ਸੰਘਾ ਨੂੰ ਆਪਣੇ ਗਲਵਕੜੀ ਵਿਚ ਲਏ ਪਿਆਰੇ ਹਮਸਫ਼ਰ ਸਾਥੀ ਉੱਤੇ ਢੇਰੀ ਕਰ ਦਿੱਤਾ। ਸ਼ਹੀਦ ਹੋ ਜਾਣ 'ਤੇ ਵੀ ਦੋਵੇਂ ਸਿੰਘ ਭਾਈ ਸੁਖਵਿੰਦਰ ਸਿੰਘ ਸੰਘਾ ਤੇ ਭਾਈ ਬਿਕਰਮਜੀਤ ਸਿੰਘ ਨਾਰਲਾ ਦੀ ਗਲਵਕੜੀ ਪਈ ਹੋਈ ਸੀ। ਦੋ ਸਿੰਘਾਂ ਦੀ ਸ਼ਹੀਦੀ ਤੋਂ ਬਾਅਦ ਜਿੰਨਾ ਚਿਰ ਭਾਈ ਬਲਜੀਤ ਸਿੰਘ ਖੇਲਾ, ਭਾਈ ਮਨਜੀਤ ਸਿੰਘ ਉਰਫ਼ ਭਾਈ ਮਾਧੋ ਸਿੰਘ, ਭਾਈ ਨਿਰਮਲਜੀਤ ਸਿੰਘ ਉਰਫ਼ ਭਾਈ ਰਮੇਸ਼ਪਾਲ ਸਿੰਘ ਮੇਸ਼ੀ ਪਟਿਆਲਾ ਆਪਣੇ ਆਖ਼ਰੀ ਸਾਹ ਅਤੇ ਆਖ਼ਰੀ

ਗੋਲੀ ਤਕ ਲੜਦੇ ਰਹੇ ਤੇ ਮੈਦਾਨੇ ਜੰਗ ਵਿਚ ਜੂਝ ਕੇ ਸ਼ਹੀਦੀ ਪ੍ਰਾਪਤ ਕਰ ਕੇ ਖ਼ਾਲਿਸਤਾਨ ਦੀ ਆਜ਼ਾਦੀ ਦੇ ਸੰਘਰਸ਼ ਤੇ ਇਤਿਹਾਸ ਦੇ ਪੰਨਿਆਂ 'ਤੇ ਆਪਣਾ ਨਾਂ ਖ਼ੂਨ ਨਾਲ ਲਿਖ ਗਏ। ਜੋ ਆਜ਼ਾਦੀ ਦੇ ਚਾਹਵਾਨ ਖ਼ਾਲਸਾ ਰਾਜ ਦੀ ਸ਼ਮ੍ਹਾਂ ਦੇ ਪਰਵਾਨਿਆਂ ਸੂਰਬੀਰਾਂ ਨੂੰ ਮੈਦਾਨੇ-ਜੰਗ ਵਿਚ ਜੂਝ ਕੇ ਸ਼ਹੀਦੀ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੰਦਾ ਰਹੇਗਾ।

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਸਿੱਖ ਕੌਮ ਦੀ ਆਜ਼ਾਦੀ ਲਈ ਆਰੰਭੇ ਮੌਜੂਦਾ ਸੰਘਰਸ਼ ਦੌਰਾਨ ਹਰਮਨ ਪਿਆਰੇ ਖਾੜਕੂ ਜਰਨੈਲ ਭਾਈ ਸੁਖਵਿੰਦਰ ਸਿੰਘ ਸੰਘਾ ਮੁਖੀ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ, ਲੈਫਟੀਨੈਂਟ ਜਨਰਲ ਭਾਈ ਬਿਕਰਮਜੀਤ ਸਿੰਘ ਨਾਰਲਾ, ਭਾਈ ਮਨਜੀਤ ਸਿੰਘ ਉਰਫ਼ ਮਾਧੋ ਸਿੰਘ, ਭਾਈ ਬਲਜੀਤ ਸਿੰਘ ਖੇਲਾ, ਭਾਈ ਨਿਰਮਲਜੀਤ ਸਿੰਘ ਉਰਫ਼ ਰਮੇਸ਼ਪਾਲ ਸਿੰਘ ਪਟਿਆਲਾ, ਸਿੱਖ ਕੌਮ ਦੀ ਇੱਜ਼ਤ ਤੇ ਅਣਖ ਨੂੰ ਕਾਇਮ ਰੱਖਦੇ ਹੋਏ 3 ਨਵੰਬਰ 1990 ਦਿਨ ਸ਼ਨੀਵਾਰ ਨੂੰ ਪਿੰਡ ਭੁੱਲਰ (ਤਰਨ ਤਾਰਨ) ਵਿਖੇ ਹਿੰਦੁਸਤਾਨੀ ਪੁਲਿਸ ਫ਼ੋਰਸਾਂ ਨਾਲ ਪੰਜ ਘੰਟੇ ਦੇ ਲੰਬੇ ਤੇ ਸਖ਼ਤ ਮੁਕਾਬਲੇ ਦੌਰਾਨ ਸ਼ਹੀਦੀ ਪ੍ਰਾਪਤ ਕਰ ਗਏ। ਪੁਲਿਸ ਨੇ ਬਿਨਾਂ ਪੋਸਟ ਮਾਰਟਮ ਕੀਤੇ ਪੰਜਾਂ ਸਿੰਘਾਂ ਦਾ ਤਰਨ ਤਾਰਨ ਦੇ ਸ਼ਮਸ਼ਾਨ ਘਾਟ ਵਿਚ ਸਸਕਾਰ ਕਰ ਦਿੱਤਾ। ਪੁਲਿਸ ਨੂੰ ਡਰ ਸੀ ਕਿ ਲੋਕ ਰੋਹ ਵਿਚ ਆ ਕੇ ਸਿੰਘਾਂ ਦੀਆਂ ਸ਼ਹੀਦੀ ਦੇਹਾਂ ਨੂੰ ਪੁਲਿਸ ਤੋਂ ਖੋਹ ਕੇ ਲਿਜਾ ਸਕਦੇ ਹਨ। ਸ਼ਾਮ ਦੇ ਸੱਤ ਵਜੇ ਦੀਆਂ ਟੈਲੀਵਿਯਨ ਅਤੇ ਰੇਡੀਓ ਦੀਆਂ ਖ਼ਬਰਾਂ ਸਨ ਕਿ ਸੁਖਵਿੰਦਰ ਸਿੰਘ ਸੰਘਾ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਸੰਘਾ ਦਾ ਮੁਖੀ ਆਪਣੇ ਚਾਰ ਸਾਥੀਆਂ ਸਮੇਤ ਪਿੰਡ ਭੁੱਲਰ (ਤਰਨ ਤਾਰਨ) ਵਿਚ ਪੰਜ ਘੰਟੇ ਦੇ ਜ਼ਬਰਦਸਤ ਮੁਕਾਬਲੇ ਵਿਚ ਹਲਾਕ। ਇਸ ਖ਼ਤਰਨਾਕ ਮਿਲੀਟੈਂਟ ਦੇ ਸਿਰ 'ਤੇ ਸਰਕਾਰ ਨੇ 22 ਲੱਖ ਰੁਪਏ ਦਾ ਇਨਾਮ ਰੱਖਿਆ ਸੀ। ਇਹ ਸੁਣਿਆ ਤਾਂ ਸਿੱਖਾਂ ਦੇ ਮਨਾਂ 'ਤੇ ਸੋਗ ਦੀ ਲਹਿਰ ਛਾ ਗਈ। ਐਤਵਾਰ 4 ਨਵੰਬਰ 1990 ਦੇ ਅਖ਼ਬਾਰਾਂ ਵਿਚ ਭਾਈ ਸੁਖਵਿੰਦਰ ਸਿੰਘ ਸੰਘਾ ਤੇ ਸਾਥੀ ਸਿੰਘਾਂ ਦੀ ਸ਼ਹਾਦਤ ਦਾ ਬਿਰਤਾਂਤ ਮੁੱਖ ਸਫ਼ਿਆਂ 'ਤੇ ਛਪਿਆ ਸੀ। ਜਿਸ ਵਿਚ ਅਖ਼ਬਾਰਾਂ ਖਾੜਕੂ ਜਰਨੈਲ ਸੁਖਵਿੰਦਰ ਸਿੰਘ ਸੰਘਾ ਦੇ ਰੌਸ਼ਨ ਦਿਮਾਗ ਤੇ ਬਹਾਦਰੀ ਦੇ ਸੋਹਿਲੇ ਵੀ ਗਾ ਰਹੀਆਂ ਸਨ ਤੇ ਪੰਜਾਬ ਪੁਲਿਸ ਦਾ ਮੁਖੀ ਕੇ.ਪੀ.ਐਸ. ਗਿੱਲ ਅਤੇ ਐਸ.ਪੀ. ਅਪਰੇਸ਼ਨ ਤਰਨ ਤਾਰਨ ਹਰਜੀਤ ਸਿਹੁੰ ਹਿੱਕ ਫੁਲਾਈ ਬੈਠੇ, ਪ੍ਰੈਸ ਕਾਨਫਰੰਸ ਨੂੰ ਆਪਣੀ ਬਹਾਦਰੀ ਦੇ ਵੇਰਵੇ ਦੱਸਦੇ ਹੋਏ ਖ਼ੁਸ਼ ਨਜ਼ਰ ਆ ਰਹੇ ਸਨ। ਸੱਚ ਹੀ ਉਹਨਾਂ ਖ਼ਾਲਿਸਤਾਨੀ ਕਿਲ੍ਹੇ ਦਾ ਇਕ ਅਹਿਮ ਬੁਰਜ ਢਹਿ-ਢੇਰੀ ਕਰ ਦਿੱਤਾ ਸੀ।

ਅਗਲੇ ਦਿਨ ਭਾਈ ਸੰਘਾ ਦੀ ਸ਼ਹਾਦਤ ਸੰਬੰਧੀ ਪੰਜਾਬ ਬੰਦ ਮੁਕੰਮਲ ਸਫਲ ਰਿਹਾ ਹੈ। ਅੱਜ ਦੀ ਆਵਾਜ਼ ਚੰਡੀਗੜ੍ਹ—8 ਨਵੰਬਰ (ਵੱਖ-ਵੱਖ ਪੱਤਰ ਪ੍ਰੇਰਕਾਂ ਦੁਆਰਾ) ਸ਼੍ਰੋਮਣੀ ਅਕਾਲੀ ਦਲ ਮਾਨ ਵੱਲੋਂ ਦਿੱਤੇ ਗਏ ਪੰਜਾਬ ਬੰਦ ਦੇ ਸੱਦੇ ਨੂੰ ਅੱਜ ਪੰਜਾਬ ਭਰ ਵਿਚ ਭਰਵਾਂ ਹੁੰਗਾਰਾ ਮਿਲਿਆ। ਬੰਦ ਸ਼ਾਂਤੀਪੂਰਨ ਰਿਹਾ।

ਕਿਸੇ ਅਣਸੁਖਾਵੀਂ ਘਟਨਾ ਦੀ ਖ਼ਬਰ ਨਹੀਂ। ਇਹ ਬੰਦ ਪੰਜਾਬ ਦੇ ਪ੍ਰਮੁੱਖ ਖਾੜਕੂ ਤੇ ਭਿੰਡਰਾਂਵਾਲਾ ਟਾਈਗਰਜ ਫ਼ੋਰਸ ਦੇ ਮੁਖੀ ਭਾਈ ਸੁਖਵਿੰਦਰ ਸਿੰਘ ਸੰਘਾ ਅਤੇ ਉਸ ਦੇ ਚਾਰ ਸਾਥੀਆਂ ਦੇ ਪੁਲਿਸ ਮੁਕਾਬਲੇ ਵਿਚ ਸ਼ਹੀਦ ਹੋ ਜਾਣ ਦੇ ਰੋਸ ਵੱਲੋਂ ਦਿੱਤਾ ਗਿਆ ਸੀ।

ਸ਼੍ਰੋਮਣੀ ਅਕਾਲੀ ਦਲ (ਮਾਨ) ਵੱਲੋਂ ਦਿੱਤੇ ਪੰਜਾਬ ਬੰਦ ਦੇ ਸੱਦੇ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਸੰਘਾ ਦੇ ਚੀਫ਼ ਭਾਈ ਸੁਖਵਿੰਦਰ ਸਿੰਘ ਸੰਘਾ ਸਮੇਤ ਚਾਰ ਹੋਰ ਜੁਝਾਰੂ ਪਿੰਡ ਭੁੱਲਰ (ਤਰਨ ਤਾਰਨ ਨੇੜੇ) ਪੁਲਿਸ ਨਾਲ ਹੋਏ ਜ਼ਬਰਦਸਤ ਮੁਕਾਬਲੇ ਵਿਚ ਸ਼ਹੀਦ ਹੋ ਗਏ ਸਨ, ਦੇ ਰੋਸ ਵੱਜੋਂ ਅੱਜ ਸਰਹੱਦੀ ਇਲਾਕੇ ਦੇ ਸਾਰੇ ਕਸਬੇ ਤੇ ਸ਼ਹਿਰ, ਪੱਟੀ, ਹਰੀਕੇ, ਤਰਨ ਤਾਰਨ, ਗੋਇੰਦਵਾਲ ਸਾਹਿਬ, ਖਡੂਰ ਸਾਹਿਬ, ਝਬਾਲ, ਭਿੱਖੀਵਿੰਡ, ਖਾਲੜਾ, ਗੱਗੋਬੂਆ, ਖੇਮਕਰਨ, ਅਮਰਕੋਟ, ਘਰਿਆਲਾ, ਵਲਟੋਹਾ ਆਦਿ ਦੇ ਬਾਜ਼ਾਰ ਬੰਦ ਰਹੇ। ਇਸ ਦੌਰਾਨ ਕੋਈ ਵੀ ਬੈਂਕ, ਸਕੂਲ, ਕਾਲਜ ਜਾਂ ਸਰਕਾਰੀ ਅਦਾਰੇ ਵੀ ਨਹੀਂ ਖੁੱਲ੍ਹੇ। ਕਿਸੇ ਵੀ ਰੂਟ 'ਤੇ ਕੋਈ ਵੀ ਸਰਕਾਰੀ ਜਾਂ ਪ੍ਰਾਈਵੇਟ ਬੱਸ ਤੇ ਗੱਡੀ ਨਹੀਂ ਚੱਲੀ। ਇਥੋਂ ਤਕ ਕਿ ਕੋਈ ਵੀ ਸਬਜ਼ੀ ਵਾਲੀ ਰੇਹੜੀ ਵੀ ਦੇਖਣ ਨੂੰ ਨਹੀਂ ਮਿਲੀ।

ਗੁਰਦਾਸਪੁਰ, ਬਟਾਲਾ, ਕਾਦੀਆਂ, ਸ੍ਰੀ ਹਰਿਗੋਬਿੰਦਪੁਰ, ਵਡਾਲਾ ਗ੍ਰੰਥੀਆਂ, ਕਾਹਨੂੰਵਾਨ, ਹਰਚੋਵਾਲ ਮੁਕੰਮਲ ਬੰਦ ਰਹੇ, ਆਵਾਜਾਈ ਠੱਪ ਰਹੀ।

ਪੰਜ ਜੁਝਾਰੂ ਸਿੰਘਾਂ ਦਾ ਸ਼ਹੀਦੀ ਸਮਾਗਮ ਪਿੰਡ ਸੰਘਾ ਵਿਚ ਮਨਾਇਆ ਗਿਆ। ਹਕੂਮਤੀ ਜ਼ੁਲਮ ਨਾਲ ਭਾਈ ਸੁਖਵਿੰਦਰ ਸਿੰਘ ਸੰਘਾ ਦੇ ਉੱਜੜੇ ਘਰ ਦੀ ਸਿੱਖ ਸੰਗਤਾਂ ਨੇ ਸਫ਼ਾਈ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਾਏ। ਯਾਦ ਰਹੇ, ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿਹੁੰ ਅਤੇ ਪੁਲਿਸ ਮੁਖੀ ਕੇ.ਪੀ.ਐਸ. ਗਿੱਲ ਦੀ ਪੰਜਾਬ 'ਤੇ ਚੱਲੀ ਜ਼ੁਲਮੀ ਹਨੇਰੀ ਤੋਂ ਭਾਈ ਸੰਘਾ ਦਾ ਪਰਿਵਾਰ ਵੀ ਨਹੀਂ ਬਚ ਸਕਿਆ ਤੇ ਘਰੋਂ ਬੇਘਰ ਹੋ ਕੇ ਕਿਧਰੇ ਲੁਕ-ਛਿਪ ਕੇ ਦਿਨ ਲੰਘਾ ਰਿਹਾ ਸੀ। ਘਰ ਦਾ ਸਾਮਾਨ ਵੀ ਸਾੜ ਦਿੱਤਾ ਸੀ। ਵੀਰਾਨ ਘਰ ਵਿਚ ਕੋਈ ਨਹੀਂ ਸੀ। ਸਮੁੱਚੀ ਸਿੱਖ ਕੌਮ ਵੱਲੋਂ ਖ਼ਾਲਸਾ ਪੰਥ ਵੱਲੋਂ ਪੰਜ ਸਿੰਘਾਂ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜ ਅਖੰਡ ਪਾਠਾਂ ਦੇ ਭੋਗ 12 ਨਵੰਬਰ ਦਿਨ ਸੋਮਵਾਰ ਨੂੰ ਭਾਈ ਸੁਖਵਿੰਦਰ ਸਿੰਘ ਸੰਘਾ ਦੇ ਘਰ ਪਾਏ ਗਏ। ਇਸ ਸ਼ਹੀਦੀ ਸਮਾਗਮ ਵਿਚ ਖਾੜਕੂ ਜਥੇਬੰਦੀਆਂ ਦੇ ਸਿੰਘ, ਪੰਥਕ ਜਥੇਬੰਦੀਆਂ, ਕਾਰ ਸੇਵਾ ਵਾਲੇ ਸੰਤਾਂ ਮਹਾਂਪੁਰਖਾਂ, ਸਿੰਘ ਸਾਹਿਬਾਨ, ਦਮਦਮੀ ਟਕਸਾਲ ਅਤੇ ਸਿੱਖ ਸੰਗਤਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਹਿੱਸਾ ਲਿਆ। ਭੋਗ ਦੀ ਅਰਦਾਸ, ਕੀਰਤਨ, ਕਥਾ ਅਤੇ ਪੰਥਕ ਬੁਲਾਰਿਆਂ ਨੇ ਸ਼ਹੀਦ ਭਾਈ ਸੁਖਵਿੰਦਰ ਸਿੰਘ ਸੰਘਾ ਨੂੰ ਵੀਹਵੀਂ ਸਦੀ ਦਾ ਸ. ਹਰੀ ਸਿੰਘ ਨਲੂਆ ਦਾ ਖਿਤਾਬ ਦੇ ਕੇ ਸਨਮਾਨਿਤ ਕੀਤਾ। ਭਾਈ ਨਿਰਮਲ ਸਿੰਘ ਚੋਹਲਾ ਦੀ ਕਵੀਸ਼ਰੀ ਵੀ ਅਮਰ ਹੋਈ।

"ਉੱਚੀ ਸੋਚ ਤੇ ਰੌਸ਼ਨ ਦਿਮਾਗ ਵਾਲਾ
ਸੰਘਾ ਕੌਮ ਲਈ ਖ਼ੂਨ ਵਹਾ ਗਿਆ ਸੀ।"

ਭਾਈ ਸੁਖਵਿੰਦਰ ਸਿੰਘ ਦੀ ਪੱਗ ਭਾਈ ਰਛਪਾਲ ਸਿੰਘ ਛੰਦੜਾ ਨੂੰ ਬੰਨ੍ਹਾਈ ਗਈ। ਭਾਈ ਸੁਖਵਿੰਦਰ ਸਿੰਘ ਸੰਘਾ, ਭਾਈ ਨਿਰਮਲਜੀਤ ਸਿੰਘ ਨਾਰਲਾ, ਭਾਈ ਬਲਜੀਤ ਸਿੰਘ ਖੇਲਾ, ਭਾਈ ਮਨਜੀਤ ਸਿੰਘ ਉਰਫ਼ ਮਾਧੋ ਸਿੰਘ, ਭਾਈ ਨਿਰਮਲ ਸਿੰਘ ਉਰਫ਼ ਰਮੇਸ਼ਪਾਲ ਸਿੰਘ ਪਟਿਆਲਾ ਦੀ ਸ਼ਹੀਦੀ ਦਾ ਬਦਲਾ ਪੁਲਿਸ ਅਫ਼ਸਰਾਂ ਨੂੰ ਇਕ ਮਹੀਨੇ ਵਿਚ ਸੋਧ ਕੇ ਲੈਣ ਦਾ ਪ੍ਰਣ ਕੀਤਾ ਗਿਆ। ਗੁਰੂ ਕਾ ਲੰਗਰ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਅਤੁੱਟ ਵਰਤਿਆ।

24 ਨਵੰਬਰ 1991 ਦਿਨ ਸ਼ਨੀਵਾਰ ਸੀ। ਸਿੰਘ ਸੂਰਮਿਆਂ ਨੇ ਖਾੜਕੂ ਜਰਨੈਲ ਭਾਈ ਸੁਖਵਿੰਦਰ ਸਿੰਘ ਸੰਘਾ ਤੇ ਸਾਥੀ ਸਿੰਘਾਂ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਕਮਰਕੱਸੇ ਕਰ ਕੇ ਖਾੜਕੂ ਮਹਾਨ ਯੋਧੇ ਖ਼ਾਲਿਸਤਾਨ ਕਮਾਂਡੋ ਫ਼ੋਰਸ (ਪੰਜਵੜ) ਦੇ ਡਿਪਟੀ ਚੀਫ਼ ਭਾਈ ਮੇਜਰ ਸਿੰਘ ਸ਼ਹੀਦ ਨੇ ਐਸ.ਪੀ. ਅਪਰੇਸ਼ਨ ਹਰਜੀਤ ਸਿਹੁੰ ਤਰਨ ਤਾਰਨ ਨੂੰ ਸੋਧਣ ਲਈ ਉਸ ਦੀ ਕੋਠੀ ਤੋਂ ਦਫ਼ਤਰ ਨੂੰ ਜਾਂਦੇ ਸੜਕ 'ਤੇ ਮੋਰਚੇ ਮੱਲ ਲਏ। ਸੜਕ ਕੇ ਕੰਢੇ ਬੰਬ ਫਿੱਟ ਕਰ ਕੇ, ਜਦੋਂ ਐਸ.ਪੀ. ਅਪਰੇਸ਼ਨ ਹਰਜੀਤ ਸਿਹੁੰ ਦੀ ਜਿਪਸੀ ਲੰਘਣ ਲੱਗੀ ਤਾਂ ਬਰੂਦੀ ਸੁਰੰਗ ਦਾ ਰਿਮੋਟ ਕੰਟਰੋਲ ਨਾਲ ਧਮਾਕਾ ਕਰ ਕੇ ਜਿਪਸੀ ਉਡਾ ਦਿੱਤੀ। ਬੰਬ ਧਮਾਕੇ ਨਾਲ ਜਿਪਸੀ ਦੇ ਸੌ-ਸੌ ਮੀਟਰ ਤਕ ਪਰਖਚੇ ਉੱਡ ਗਏ। ਬੰਬ ਧਮਾਕੇ ਦੀ ਆਵਾਜ਼ ਪੰਜ ਕਿਲੋਮੀਟਰ ਤਕ ਸੁਣੀ ਗਈ। ਐਸ.ਪੀ. ਅਪਰੇਸ਼ਨ ਹਰਜੀਤ ਸਿਹੁੰ ਦੇ ਸਰੀਰ ਦੇ ਪਰਖਚੇ ਉੱਡ ਗਏ, ਇਸ ਦੇ ਨਾਲ ਪੰਜ ਗੰਨਮੈਨ ਵੀ ਬੰਬ ਧਮਾਕੇ ਵਿਚ ਉੱਡ ਗਏ। ਡਰਾਈਵਰ ਲੱਖਾ ਸਿਹੁੰ, ਗੰਨਮੈਨ ਤਰਸੇਮ ਸਿਹੁੰ, ਮਨਜੀਤ ਸਿਹੁੰ ਤੇ ਹੋਰ ਵੀ ਮਾਰੇ ਗਏ। ਸਿੰਘ ਖਾੜਕੂ ਜਰਨੈਲ ਸੁਖਵਿੰਦਰ ਸਿੰਘ ਸੰਘਾ ਤੇ ਸਾਥੀ ਸਿੰਘਾਂ ਦੀ ਸ਼ਹੀਦੀ ਦਾ ਬਦਲਾ 21 ਦਿਨਾਂ ਵਿਚ ਲੈਣ ਤੋਂ ਬਾਅਦ ਚੜ੍ਹਦੀ ਕਲਾ ਵਿਚ ਬਚ ਨਿਕਲਣ ਵਿਚ ਕਾਮਯਾਬ ਹੋ ਗਏ। 25 ਨਵੰਬਰ ਸੰਨ 1990, ਦਿਨ ਐਤਵਾਰ ਰੋਜ਼ਾਨਾ ਅੱਜ ਦੀ ਆਵਾਜ਼ ਵਿਚ ਮੁੱਖ ਖ਼ਬਰ ਸੀ :

'ਐਸ.ਪੀ. ਦੀ ਜੀਪ ਉਡਾ ਦਿੱਤੀ।

ਚੰਡੀਗੜ੍ਹ 24 ਨਵੰਬਰ (ਪੀ.ਟੀ.ਆਈ.) ਐਸ.ਪੀ. ਅਪਰੇਸ਼ਨ ਤਰਨ ਤਾਰਨ ਸ੍ਰੀ ਹਰਜੀਤ ਸਿੰਘ ਸਮੇਤ, ਪੰਜਾਬ ਵਿਚ ਬੀਤੀ ਰਾਤ ਹੋਈਆਂ ਵੱਖ ਵੱਖ ਘਟਨਾਵਾਂ ਵਿਚ 14 ਵਿਅਕਤੀ ਮਾਰੇ ਗਏ।

ਐਸ.ਪੀ. ਅਪਰੇਸ਼ਨ ਸ੍ਰੀ ਹਰਜੀਤ ਸਿੰਘ ਅਤੇ ਉਸ ਦੇ ਗੰਨਮੈਨ ਤਰਸੇਮ ਸਿੰਘ, ਮਨਜੀਤ ਸਿੰਘ, ਡਰਾਈਵਰ ਲੱਖਾ ਸਿੰਘ ਅੱਜ ਤਰਨ ਤਾਰਨ ਵਿਖੇ ਮਾਰੇ ਗਏ। ਇਸ ਘਟਨਾ ਵਿਚ ਤਿੰਨ ਹੋਰ ਗੰਨਮੈਨ ਜ਼ਖ਼ਮੀ ਹੋਏ। ਇਹ ਘਟਨਾ ਐਸ.ਪੀ. ਦੀ ਕੋਠੀ ਨੇੜੇ ਵਾਪਰੀ ਜਿਥੇ ਕਿ ਉਹਨਾਂ ਦੀ ਜੀਪ ਇਕ ਰਿਮੋਟ ਕੰਟਰੋਲ ਬੰਬ ਧਮਾਕੇ ਨਾਲ ਉਡਾ ਦਿੱਤੀ ਗਈ। ਉਹ ਉਹਨਾਂ ਅਫ਼ਸਰਾਂ ਵਿਚੋਂ ਇਕ ਸੀ ਜਿਹਨਾਂ

ਵੱਲੋਂ ਚਲਾਈ ਗਈ ਮੁਹਿੰਮ ਦੌਰਾਨ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਦੇ ਮੁਖੀ ਭਾਈ ਸੁਖਵਿੰਦਰ ਸਿੰਘ ਸੰਘਾ ਸਾਥੀਆਂ ਸਮੇਤ ਬੀਤੀ ਤਿੰਨ ਨਵੰਬਰ ਨੂੰ ਪਿੰਡ ਭੁੱਲਰ ਵਿਖੇ ਮਾਰਿਆ ਗਿਆ ਸੀ।

## ਤਰਨ ਤਾਰਨ ਵਿਚ ਕਰਫ਼ਿਊ

ਤਰਨ ਤਾਰਨ ਵਿਚ ਵਾਪਰੀ ਬੰਬ ਧਮਾਕੇ ਦੀ ਘਟਨਾ ਤੋਂ ਮਗਰੋਂ ਸ਼ਹਿਰ ਵਿਚ ਅਣਮਿਥੇ ਸਮੇਂ ਲਈ ਕਰਫ਼ਿਊ ਲਾ ਦਿੱਤਾ ਗਿਆ। ਪੁਲਿਸ ਨੇ ਦੱਸਿਆ ਹੈ ਕਿ ਅਜਿਹਾ ਉਹਨਾਂ ਵਿਅਕਤੀ ਨੂੰ ਫੜਨ ਲਈ ਕੀਤਾ ਗਿਆ ਹੈ, ਜਿਹੜੇ ਇਸ ਘਟਨਾ ਲਈ ਜ਼ਿੰਮੇਵਾਰ ਹਨ, ਉਹਨਾਂ ਦੀ ਭਾਲ ਵੱਡੇ ਪੱਧਰ 'ਤੇ ਕੀਤੀ ਜਾ ਰਹੀ ਹੈ। ਪੁਲਿਸ ਨੇ ਦੱਸਿਆ ਕਿ ਐਸ.ਪੀ. ਦੀ ਕੋਠੀ ਨੇੜੇ ਰਸਤੇ ਵਿਚ ਬਾਰੂਦੀ ਸੁਰੰਗ ਬਣਾਈ ਗਈ ਸੀ, ਜੋ ਕਿ ਦੂਰ ਤੋਂ ਕਿਸੇ ਰਿਮੋਟ ਕੰਟਰੋਲ ਯੰਤਰ ਨਾਲ ਦਾਗੀ ਗਈ। ਉਹ ਧਮਾਕਾ ਇਤਨਾ ਜ਼ਬਰਦਸਤ ਸੀ ਕਿ ਆਵਾਜ਼ ਪੰਜ ਕਿਲੋਮੀਟਰ ਤਕ ਸੁਣਾਈ ਦਿੱਤੀ। ਗੰਨਮੈਨ ਤਰਸੇਮ ਸਿੰਘ ਦਾ ਧੜ ਦੋ ਟੁਕੜੇ ਹੋ ਗਿਆ। ਐਸ.ਪੀ. ਹਰਜੀਤ ਸਿਹੁੰ ਤੇ ਉਸ ਦੇ ਦੋ ਗੰਨਮੈਨਾਂ ਦੇ ਧੜਾਂ ਦੇ ਹੇਠਲੇ ਹਿੱਸੇ ਉੱਡ ਗਏ। ਐਸ.ਪੀ. ਹਸਤਪਾਲ ਲਿਜਾਂਦੇ ਸਮੇਂ ਰਸਤੇ ਵਿਚ ਦਮ ਤੋੜ ਗਿਆ ਤੇ ਦੋਵੇਂ ਗੰਨਮੈਨ ਵੀ ਹਸਪਤਾਲ ਵਿਚ ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਚੱਲ ਵੱਸੇ। ਐਸ.ਪੀ. ਹਰਜੀਤ ਸਿੰਘ ਖਾੜਕੂਆਂ ਦੀ ਹਿੱਟ-ਲਿਸਟ 'ਤੇ ਸੀ।

*(ਰੋਜ਼ਾਨਾ ਅੱਜ ਦੀ ਆਵਾਜ਼ 25 ਨਵੰਬਰ, 1990 ਵਿਚੋਂ ਧੰਨਵਾਦ ਸਹਿਤ)*

***

# ਸ਼ਹੀਦ ਭਾਈ ਰਛਪਾਲ ਸਿੰਘ ਛੰਦੜਾ
## ਮੁਖੀ–ਭਿੰਡਰਾਂਵਾਲਾ ਟਾਈਗਰਜ਼ ਫੋਰਸ (ਸੰਘਾ)



ਜੂਨ 1984 ਵਿਚ ਦਰਬਾਰ ਸਾਹਿਬ ਉਪਰ ਹੋਏ ਵਹਿਸ਼ੀ ਫ਼ੌਜੀ ਹਮਲੇ ਨੇ ਸਿੱਖ ਕੌਮ ਦੀ ਗ਼ੁਲਾਮੀ ਦੇ ਦਾਗ਼ ਨੂੰ ਉਘਾੜ ਦਿੱਤਾ, ਜਿਸ ਨੂੰ ਲਹੂ ਨਾਲ ਧੋਣ ਲਈ ਹਜ਼ਾਰਾਂ ਸਿੱਖ ਗੱਭਰੂ ਸਿਰਾਂ 'ਤੇ ਖੱਫਣ ਬੰਨ੍ਹ ਕੇ ਰਣ ਤੱਤੇ ਵਿਚ ਨਿੱਤਰੇ ਤੇ ਗੁਰਮਤਿ ਦੇ ਸਿਧਾਂਤ 'ਪੁਰਜਾ ਪੁਰਜਾ ਕਟਿ ਮਰੇ' 'ਤੇ ਪਹਿਰਾ ਦਿੰਦੇ ਹੋਏ ਜੂਝ ਕੇ ਸ਼ਹੀਦ ਹੋਏ। ਇਹਨਾਂ ਸ਼ਹੀਦਾਂ ਦੀ ਗਾਥਾ ਲਿਖਣ ਵਾਲੀਆਂ ਕਲਮਾਂ ਅਜੇ ਤਕ ਬੋਹਲ ਵਿਚੋਂ ਮੁੱਠੀ ਭਰਨ ਜੋਗਾ ਕਾਰਜ ਵੀ ਨਹੀਂ ਕਰ ਸਕੀਆਂ।

ਭਾਈ ਰਛਪਾਲ ਸਿੰਘ ਛੰਦੜਾ ਵੀ ਇਹਨਾਂ ਸ਼ਹੀਦਾਂ ਵਿਚੋਂ ਇਕ ਪ੍ਰਸਿੱਧ ਨਾਂ ਹੈ, ਜਿਸ ਨੇ ਦਿੱਲੀ ਦੀ ਪਾਪ ਦੀ ਜੰਞ ਵਿਰੁੱਧ ਪੰਥਕ ਸੰਘਰਸ਼ ਵਿਚ ਅਹਿਮ ਹਿੱਸਾ ਪਾਇਆ ਅਤੇ ਆਪਣੀ ਜਵਾਨੀ ਇਸ ਸੰਘਰਸ਼ ਵਿਚ ਨਿਛਾਵਰ ਕਰ ਦਿੱਤੀ।

ਭਾਈ ਰਛਪਾਲ ਸਿੰਘ ਛੰਦੜਾ ਦਾ ਜਨਮ ਪਿਤਾ ਸ. ਰਣਜੀਤ ਸਿੰਘ ਦੇ ਘਰ ਮਾਤਾ ਗੁਰਮੇਜ ਕੌਰ ਦੀ ਕੁੱਖੋਂ 12 ਮਾਰਚ ਸੰਨ 1965 ਨੂੰ ਹੋਇਆ। ਛੰਦੜੇ ਪਿੰਡ ਵਿਚ ਭਾਈ ਰਛਪਾਲ ਸਿੰਘ ਨੇ ਚਾਰ ਜਮਾਤਾਂ ਹੀ ਕੀਤੀਆਂ। ਉਸ ਤੋਂ ਬਾਅਦ ਬਾਰ੍ਹਵੀਂ ਚਿਲੌਲੀ ਤੋਂ ਕੀਤੀ। ਇਸ ਪਿੱਛੋਂ ਉਹ ਖੇਤੀਬਾੜੀ ਕਰਨ ਲੱਗ ਪਏ।

ਜੂਨ 1984 ਦੇ ਵਹਿਸ਼ੀ ਸਾਕੇ ਪਿੱਛੋਂ ਜਦੋਂ ਭੜਕੀ ਸ਼ਮ੍ਹਾਂ ਵੱਲ ਸਿੱਖ ਗੱਭਰੂਆਂ ਰੂਪੀ ਪਤੰਗਿਆਂ ਦੇ ਕਾਫ਼ਲਿਆਂ ਨੇ ਵਹੀਰਾਂ ਘੱਤ ਦਿੱਤੀਆਂ ਤਾਂ ਭਾਈ ਰਛਪਾਲ ਸਿੰਘ ਵੀ ਹੋਰ ਅਣਖੀਲੇ ਸਿੱਖ ਗੱਭਰੂਆਂ ਵਾਂਗ ਅਛੋਪਲੇ ਹੀ ਇਕ ਕਾਫ਼ਲੇ ਵਿਚ ਜਾ ਰਲਿਆ। ਗੁਪਤ ਕਾਰਵਾਈਆਂ ਜਦੋਂ ਹੌਲੀ-ਹੌਲੀ ਜ਼ਾਹਰ ਹੋਣ ਲੱਗੀਆਂ ਤਾਂ 1986 ਵਿਚ ਉਸ ਨੇ ਘਰ ਛੱਡ ਦਿੱਤਾ ਅਤੇ ਮੁੜ ਘਰ ਕਦੀ ਨਾ ਪਰਤਿਆ। ਪਰ ਪੰਜਾਬ ਪੁਲਿਸ ਦੀਆਂ ਜਾਬਰ ਧਾੜਾਂ ਨੇ ਉਸ ਦਿਨ ਤੋਂ ਹੀ ਉਸ ਦੇ ਘਰ ਦੇ ਵਿਹੜੇ ਨੂੰ ਲਿਤਾੜਨਾ ਆਰੰਭ ਕਰ ਦਿੱਤਾ। ਅੱਧੇ ਘਰ ਤਾਂ ਗੱਭਰੂ ਪੁੱਤਾਂ ਦੇ

ਘਰੋਂ ਨਿਕਲ ਜਾਣ ਨਾਲ ਹੀ ਉੱਜੜ ਗਏ ਸਨ ਤੇ ਬਚੇ-ਖੁਚੇ ਪੁਲਿਸ ਉਜਾੜ ਦਿੰਦੀ ਸੀ। ਛੰਦੜੇ ਦੇ ਪਰਿਵਾਰ ਨਾਲ ਵੀ ਇਹੀ ਭਾਣਾ ਵਰਤਿਆ। ਘਰ ਦਾ ਸਾਰਾ ਸਾਮਾਨ ਲੁੱਟੇ-ਪੁੱਟੇ ਜਾਣ ਪਿੱਛੋਂ ਉਸ ਦੇ ਮਾਪੇ ਲੁਕ-ਛਿਪ ਕੇ ਦਿਨ ਕੱਟਣ ਲੱਗੇ।

ਇਹਨਾਂ ਹੀ ਦਿਨਾਂ ਵਿਚ (ਸੰਨ 1989 ਵਿਚ) ਭਾਈ ਛੰਦੜੇ ਦੇ ਮਾਤਾ ਪਿਤਾ ਨੂੰ ਕਿਸੇ ਨੇ ਦੱਸਿਆ ਕਿ ਤਰਨ ਤਾਰਨ ਦੇ ਪਿੰਡ ਨੂਰਦੀ ਦੇ ਨੇੜੇ ਪੰਜਾਬ ਪੁਲਿਸ ਨੇ ਇਕ ਤੂੜੀ ਦੇ ਕੋਠੇ ਨੂੰ ਅੱਗ ਲਾ ਕੇ ਜਿਹੜੇ ਅੱਠ ਜੁਝਾਰੂ ਸਿੰਘ ਜਿਉਂਦੇ ਹੀ ਸਾੜ ਦਿੱਤੇ ਸਨ, ਉਹਨਾਂ ਵਿਚ ਭਾਈ ਰਛਪਾਲ ਸਿੰਘ ਛੰਦੜਾ ਵੀ ਸੀ। ਬੁੱਢੇ ਮਾਂ-ਪਿਉ ਦੀਆਂ ਆਂਦਰਾਂ ਨੂੰ ਧੂਹ ਪਈ ਤੇ ਉਹ ਇਸ ਖ਼ਬਰ ਦੀ ਪੁਸ਼ਟੀ ਕਰਨ ਹਿੱਤ ਤਰਨ ਤਾਰਨ ਜਾ ਪੁੱਜੇ। ਪੁੱਛਦੇ-ਪੁਛਾਉਂਦੇ ਜਦੋਂ ਭਾਈ ਛੰਦੜੇ ਦੇ ਨਜ਼ਦੀਕੀ ਸਿੰਘਾਂ ਨਾਲ ਇਹਨਾਂ ਦਾ ਸੰਪਰਕ ਹੋਇਆ ਤਾਂ ਉਥੋਂ ਝੂਠੀ ਖ਼ਬਰ ਦੀ ਪੁਸ਼ਟੀ ਦੀ ਬਜਾਏ ਵਧਾਈਆਂ ਮਿਲਣ 'ਤੇ ਮਾਪੇ ਬਹੁਤ ਹੈਰਾਨ ਹੋਏ। ਪਤਾ ਲੱਗਾ ਕਿ ਉਹਨਾਂ ਸਿੰਘਾਂ ਵਿਚ ਛੰਦੜਾ ਨਹੀਂ ਸੀ। ਇਕ ਦਿਨ ਪਹਿਲਾਂ ਹੀ ਭਾਈ ਰਛਪਾਲ ਸਿੰਘ ਛੰਦੜਾ ਦਾ ਅਨੰਦ ਕਾਰਜ ਬੀਬੀ ਚਰਨਜੀਤ ਕੌਰ, ਪਿੰਡ ਰਾਮਪੁਰਾ ਨਾਲ ਹੋਇਆ ਹੈ। ਬੁੱਢੇ ਮਾਪਿਆਂ ਨੇ ਰਣ-ਖੇਤਰ ਦੇ ਸਿਪਾਹੀ ਨੂੰਹ-ਪੁੱਤ ਨੂੰ ਰੱਜ-ਰੱਜ ਕੇ ਵੇਖਿਆ, ਜੀਅ ਭਰ ਕੇ ਪਿਆਰ ਦਿੱਤਾ ਤੇ ਫਿਰ ਵਾਪਸ ਪਰਤ ਆਏ।

ਇਸ ਪਿੱਛੋਂ ਭਾਈ ਰਛਪਾਲ ਸਿੰਘ ਤੇ ਉਸ ਦੀ ਸਿੰਘਣੀ ਲੁਧਿਆਣੇ ਆ ਗਏ ਤੇ ਜੁਝਾਰੂ ਸਰਗਰਮੀਆਂ ਜਾਰੀ ਰੱਖੀਆਂ। ਭਾਈ ਰਛਪਾਲ ਸਿੰਘ ਇਹਨਾਂ ਦਿਨਾਂ ਵਿਚ ਕਦੀ ਵੀ ਖ਼ਾਲੀ ਹੱਥ ਨਹੀਂ ਸੀ ਵਿਚਰਦਾ। ਇਲਾਕੇ ਵਿਚ ਇਕ ਗਾਥਾ ਪ੍ਰਸਿੱਧ ਹੈ ਕਿ ਬਦਨਾਮ ਇੰਸਪੈਕਟਰ ਸੰਤ ਕੁਮਾਰ ਨੇ ਛੰਦੜੇ ਪਿੰਡ ਦੇ ਵਾਸੀਆਂ ਨੂੰ ਦਬਕਾਉਂਦਿਆਂ ਫੜ੍ਹ ਵੀ ਮਾਰ ਦਿੱਤੀ ਕਿ ਮੈਂ ਰਛਪਾਲ ਸਿੰਘ ਨੂੰ ਇਕ ਹਫ਼ਤੇ ਵਿਚ ਜਿਉਂਦਾ ਫੜ ਕੇ ਵਿਖਾਊਂ। ਜਦੋਂ ਇਸ ਦਾ ਪਤਾ ਭਾਈ ਰਛਪਾਲ ਸਿੰਘ ਛੰਦੜਾ ਨੂੰ ਲੱਗਾ ਤਾਂ ਉਸ ਨੇ ਕੋਹਾੜੇ ਦੇ ਇਕ ਪੀ.ਸੀ.ਓ. ਤੋਂ ਸੰਤ ਕੁਮਾਰ ਨੂੰ ਫ਼ੋਨ ਕੀਤਾ ਕਿ "ਮੈਂ ਤੈਨੂੰ ਇਸ ਥਾਂ 'ਤੇ ਉਡੀਕ ਰਿਹਾ ਹਾਂ, ਜਿੰਨੀ ਮਰਜ਼ੀ ਫ਼ੋਰਸ ਲੈ ਕੇ ਆ ਤੇ ਮੈਨੂੰ ਫੜ ਲੈ.....।" ਸੰਤ ਕੁਮਾਰ ਦੀ ਪੁਲਿਸ ਪਾਰਟੀ ਦੋ ਦਿਨ ਕੋਹਾੜੇ ਪਿੰਡ ਦੇ ਲਾਗਿਉਂ ਦੀ ਵੀ ਨਾ ਲੰਘੀ ਪਰ ਤੀਜੇ ਦਿਨ ਇਕ ਵੱਡੀ ਪੁਲਿਸ ਫ਼ੋਰਸ ਆ ਕੇ ਗ਼ਰੀਬ ਪੀ.ਸੀ.ਓ. ਵਾਲੇ ਨੂੰ ਚੁੱਕ ਕੇ ਲੈ ਗਈ, ਪਰ ਭਾਈ ਰਛਪਾਲ ਸਿੰਘ ਛੰਦੜਾ ਪੁਲਿਸ ਦੇ ਨਾਕਿਆਂ ਵਿਚੋਂ ਤੇ ਚੈਕਿੰਗਾਂ ਵਿਚੋਂ ਲੰਘ ਕੇ ਆਪਣੀਆਂ ਸਰਗਰਮੀਆਂ ਨੂੰ ਜਾਰੀ ਰੱਖਦਾ ਰਿਹਾ।

ਇਹਨਾਂ ਦਿਨਾਂ ਵਿਚ ਇਕ ਅਜੀਬ ਜਿਹੀ ਘਟਨਾ ਘਟੀ। ਭਾਈ ਛੰਦੜੇ ਦਾ ਪਿਤਾ ਕਟਾਣੇ ਪਿੰਡ ਵੱਲ ਜਾ ਰਿਹਾ ਸੀ ਕਿ ਰਾਹ ਵਿਚ ਭਾਈ ਛੰਦੜਾ ਤੇ ਉਸ ਦਾ ਇਕ ਸਾਥੀ ਜੀਪ 'ਤੇ ਜਾਂਦੇ ਦੋਰਾਹੇ ਕੋਲ ਮਿਲ ਪਏ। ਨਾਲ ਦੇ ਸਾਥੀ ਭਾਈ ਬਲਦੇਵ ਸਿੰਘ ਨੇ ਕਿਹਾ ਕਿ ਚਲੋ ਬਾਪੂ ਨੂੰ ਤੁਹਾਡਾ ਕਾਕਾ ਵਿਖਾ ਲਿਆਈਏ। ਕੁਝ ਦਿਨ ਪਹਿਲਾਂ ਹੀ ਭਾਈ ਛੰਦੜੇ ਦੇ ਘਰ ਭੁਝੰਗੀ ਪੈਦਾ ਹੋਇਆ ਸੀ। ਬਾਪੂ

ਇਹਨਾਂ ਦੇ ਨਾਲ ਹੀ ਜੀਪ ਵਿਚ ਬੈਠ ਗਿਆ। ਧੌਲ ਮਾਜਰੀ ਪਿੰਡ ਤੋਂ ਵਾਪਸ ਆਉਂਦਿਆਂ ਇਹਨਾਂ ਨੇ ਦੂਰੋਂ ਵੇਖਿਆ ਕਿ ਨਹਿਰ ਦੇ ਪੁਲ 'ਤੇ ਬੜਾ ਵੱਡਾ ਨਾਕਾ ਲੱਗਾ ਸੀ। ਭਾਈ ਛੰਦੜੇ ਨੇ ਭਾਈ ਬਲਦੇਵ ਸਿੰਘ ਨੂੰ ਸਾਮਾਨ ਕੱਪੜੇ ਵਿਚ ਲਪੇਟ ਕੇ ਜੀਪ ਤੋਂ ਹੇਠਾਂ ਉਤਾਰ ਕੇ ਇਕ ਮਕਾਨ ਵਿਚ ਵਾੜ ਦਿੱਤਾ। ਜੀਪ ਵਾਪਸ ਮੋੜਨੀ ਸਿੱਧਾ ਸ਼ੱਕ ਦੇ ਦਾਇਰੇ ਵਿਚ ਆਉਣ ਵਾਲੀ ਗੱਲ ਸੀ। ਸੋ ਭਾਈ ਛੰਦੜਾ ਜੀਪ ਲੈ ਕੇ ਪੁਲ ਵੱਲ ਵਧਿਆ। ਹੁਣ ਉਹ ਖ਼ਾਲੀ ਹੱਥ ਸੀ।

ਪੁਲਿਸ ਨੇ ਨਾਕੇ 'ਤੇ ਗੱਡੀ ਰੋਕ ਲਈ ਤੇ ਰਾਹ 'ਚ ਪਹਿਲਾਂ ਜੀਪ ਰੋਕਣ ਦਾ ਕਾਰਨ ਪੁੱਛਿਆ (ਭਾਈ ਬਲਦੇਵ ਸਿੰਘ ਨੂੰ ਉਹ ਨਹੀਂ ਸੀ ਵੇਖ ਸਕੇ)। ਭਾਈ ਛੰਦੜੇ ਨੇ ਇਕ ਨਾਂ ਲੈ ਕੇ ਕਿਹਾ ਕਿ ਅਸੀਂ ਉਸ ਦਾ ਘਰ ਭੁੱਲ ਆਏ ਹਾਂ। ਉਹਨਾਂ ਨੇ ਭਾਈ ਛੰਦੜੇ ਨੂੰ ਬਿਠਾ ਲਿਆ ਤੇ ਬਾਪੂ ਨੂੰ ਘਰ ਲੱਭਣ ਭੇਜ ਦਿੱਤਾ। ਬਾਪੂ ਨੇ ਕੁਝ ਸਮੇਂ ਬਾਅਦ ਵਾਪਸ ਆ ਕੇ ਕਿਹਾ ਕਿ ਘਰ ਨਹੀਂ ਲੱਭਾ। ਪੁਲਿਸ ਵਾਲਿਆਂ ਨੇ ਜੀਪ ਦੇ ਕਾਗ਼ਜ ਦਿਖਾਉਣ ਲਈ ਕਿਹਾ, ਪਰ ਉਸ ਦੇ ਕਾਗ਼ਜ਼ ਨਹੀਂ ਸਨ, ਜਿਸ ਕਾਰਨ ਪੁਲਿਸ ਨੇ ਇਹਨਾਂ ਦੋਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਮਲੌਦ ਚੌਂਕੀ ਵਿਚ ਲੈ ਜਾ ਕੇ ਬੰਦ ਕਰ ਦਿੱਤਾ।

ਹੁਣ ਤਕ ਭਾਈ ਛੰਦੜੇ ਨੂੰ ਕਿਸੇ ਪੁਲਿਸ ਵਾਲੇ ਨੇ ਪਛਾਣਿਆ ਨਹੀਂ ਸੀ, ਪਰ ਕਿਸੇ ਵੇਲੇ ਵੀ ਐਸੇ ਅਫ਼ਸਰ ਦੇ ਆ ਪੁੱਜਣ ਦਾ ਡਰ ਸੀ, ਜੋ ਭਾਈ ਛੰਦੜੇ ਨੂੰ ਪਛਾਣ ਲੈਂਦਾ। ਉਸ ਨੇ ਸਕੀਮ ਸੋਚੀ। ਇਸ ਚੌਂਕੀ ਦੀ ਲੈਟਰੀਨ ਛੱਤ ਉਪਰ ਸੀ। ਭਾਈ ਛੰਦੜੇ ਨੇ ਲੈਟਰੀਨ ਜਾਣ ਦੀ ਇੱਛਾ ਪ੍ਰਗਟ ਕੀਤੀ। ਪੁਲਿਸ ਵਾਲੇ ਹੁਣ ਤਕ ਉਸ ਨੂੰ ਆਮ ਆਦਮੀ ਹੀ ਸਮਝ ਰਹੇ ਸਨ, ਜਿਸ ਕਾਰਨ ਉਹਨਾਂ ਇਜਾਜ਼ਤ ਦੇ ਦਿੱਤੀ। ਛੱਤ 'ਤੇ ਚੜ੍ਹ ਕੇ ਭਾਈ ਛੰਦੜੇ ਨੇ ਚੌਂਕੀ ਦੇ ਪਿਛਵਾੜੇ ਛਾਲ ਮਾਰੀ ਤੇ ਪਲਾਂ ਵਿਚ ਹੀ ਹਰਨ ਹੋ ਗਿਆ।

ਹੁਣ ਪੁਲਿਸ ਵਾਲਿਆਂ ਨੂੰ ਕੁਝ ਸ਼ੱਕ ਹੋਇਆ ਤੇ ਭਾਈ ਛੰਦੜੇ ਦੇ ਪਿਤਾ ਤੋਂ ਡੂੰਘਾਈ ਨਾਲ ਪੁੱਛ-ਗਿੱਛ ਆਰੰਭ ਹੋਈ। ਇਤਨੇ ਨੂੰ ਇਕ ਅਫ਼ਸਰ ਆਇਆ, ਜਿਸ ਨੇ ਭਾਈ ਛੰਦੜੇ ਦੇ ਪਿਤਾ ਨੂੰ ਪਛਾਣ ਲਿਆ। ਉਸ ਨੇ ਜਦੋਂ ਜਾਬਰਾਨਾ ਢੰਗ ਵਰਤ ਕੇ ਭਾਈ ਛੰਦੜੇ ਦੇ ਪਿਤਾ ਨੂੰ ਪੁੱਛਣਾ ਆਰੰਭ ਕੀਤਾ ਕਿ ਭੱਜਣ ਵਾਲਾ ਨੌਜਵਾਨ ਕੌਣ ਸੀ। ਤਸ਼ੱਦਦ ਹੱਦੋਂ ਵਧਦਾ ਦੇਖ ਛੰਦੜੇ ਦੇ ਪਿਤਾ ਨੇ ਇਹ ਕਹਿ ਕੇ ਧਮਾਕਾ ਕੀਤਾ, ''ਉਹ ਤੁਹਾਡਾ ਪਿਉ ਛੰਦੜਾ ਸੀ ਤੇ ਮੈਂ ਉਹਦਾ ਪਿਉ ਆਂ।''

ਜਦੋਂ ਪੁਲਿਸ ਅਫ਼ਸਰਾਂ ਨੂੰ ਪਤਾ ਲੱਗਾ ਕਿ ਭਾਈ ਰਛਪਾਲ ਸਿੰਘ ਛੰਦੜਾ ਇਕ ਵਾਰ ਪੁਲਿਸ ਦੇ ਹੱਥ ਆ ਕੇ ਵੀ ਬਚ ਨਿਕਲਿਆ ਹੈ ਤਾਂ ਉਹ ਬੜੇ ਤਿਲਮਿਲਾਏ। ਇਸ ਝੁੰਜਲਾਹਟ ਤੇ ਛਟਪਟਾਹਟ ਵਿਚ ਹੀ ਉਹਨਾਂ ਨੇ ਅਰਧ-ਪਾਗ਼ਲ ਹੋ ਕੇ ਭਾਈ ਛੰਦੜੇ ਦੇ ਪਿਤਾ ਨੂੰ ਪਹਿਲਾਂ ਥਾਣਾ ਦੇਹਲੋਂ ਤੇ ਫਿਰ ਸੀ.ਆਈ.ਏ. ਸਟਾਫ਼ ਵਿਚ ਖ਼ੌਫ਼ਨਾਕ ਤਸੀਹੇ ਦੇ-ਦੇ ਕੇ ਕਤਲ ਕਰ ਦਿੱਤਾ ਤੇ ਬਾਅਦ ਵਿਚ ਉਸ ਦੀ ਲਾਸ਼ ਨੂੰ ਅਣ-ਪਛਾਤੀ ਕਹਿ ਕੇ ਅਣ-ਪਛਾਤੇ ਵਿਅਕਤੀਆਂ ਵਜੋਂ ਕੀਤਾ

ਕਤਲ ਦਰਸਾ ਦਿੱਤਾ।

ਭਾਈ ਰਛਪਾਲ ਸਿੰਘ ਛੰਦੜਾ ਬੇਪਰਵਾਹ ਹੋ ਕੇ ਮਿਥੇ ਨਿਸ਼ਾਨੇ 'ਤੇ ਤੁਰਦਾ ਰਿਹਾ। ਉਸ ਨੇ ਆਪਣੇ ਹਿੱਸੇ ਆਉਂਦੀ ਜ਼ਮੀਨ ਗਹਿਣੇ ਪਾ ਕੇ ਪੈਸੇ ਸੰਘਰਸ਼ ਵਿਚ ਲਾਏ। ਪੁਲਿਸ ਦੇ ਨਵੇਂ ਤੋਂ ਨਵੇਂ ਹਥਕੰਡੇ ਅਤੇ ਜਬਰ ਜ਼ੁਲਮ ਵੀ ਉਹਨਾਂ ਸੂਰਮਿਆਂ ਨੂੰ ਰਾਹ ਤੋਂ ਥਿੜਕਾ ਨਾ ਸਕੇ। ਪੁਲਿਸ ਦੀ ਅਥਾਹ ਤਾਕਤ ਦੇ ਬਾਵਜੂਦ ਉਸ ਦੀ ਅਸਲ ਤਾਕਤ ਟਾਊਟ ਸਨ। ਇਸੇ ਤਰ੍ਹਾਂ ਹੀ ਇਕ ਟਾਊਟ ਦੀ ਸੂਹ 'ਤੇ 1992 ਵਿਚ ਲੁਧਿਆਣੇ ਦੀ ਗਿੱਲ ਨਹਿਰ ਦੇ ਪੁਲ ਦੇ ਕੋਲੋਂ ਜਦੋਂ ਰਾਤ ਅੱਠ ਕੁ ਵਜੇ ਭਾਈ ਰਛਪਾਲ ਸਿੰਘ ਛੰਦੜਾ ਅਤੇ ਭਾਈ ਜਗਦੀਸ਼ ਸਿੰਘ ਦੀਸ਼ਾ ਸਾਈਕਲ 'ਤੇ ਜਾ ਰਹੇ ਸਨ ਤਾਂ ਪਿੱਛੋਂ ਜਿਪਸੀ ਲਿਆ ਕੇ ਸਾਈਕਲ ਵਿਚ ਮਾਰੀ। ਡਿੱਗਣ ਪਿੱਛੋਂ ਸੂਰਮੇ ਸੰਭਲ ਕੇ ਉੱਠੇ। ਚਾਰ-ਚੁਫੇਰਿਉਂ ਘਿਰੇ ਹੋਣ ਦਾ ਅਹਿਸਾਸ ਕਰਦਿਆਂ ਦੋਨਾਂ ਨੇ ਸਾਇਆਨਾਈਡ ਦੇ ਕੈਪਸੂਲ ਕੱਢ ਕੇ ਮੂੰਹ ਵਿਚ ਪਾਉਣ ਦੇ ਯਤਨ ਕੀਤੇ। ਭਾਈ ਜਗਦੀਸ਼ ਸਿੰਘ ਦੀਸਾ ਸਾਇਆਨਾਈਡ ਖਾਣ ਵਿਚ ਸਫਲ ਹੋ ਗਿਆ ਪਰ ਭਾਈ ਛੰਦੜੇ ਦਾ ਹੱਥ ਪੁਲਿਸ ਵਾਲਿਆਂ ਨੇ ਕਾਬੂ ਕਰ ਕੇ ਮੂੰਹ ਤਕ ਨਾ ਪੁੱਜਣ ਦਿੱਤਾ ਤੇ ਕਾਫ਼ੀ ਜੱਦੋ-ਜਹਿਦ ਪਿੱਛੋਂ ਭਾਈ ਛੰਦੜੇ ਨੂੰ ਜਿਉਂਦਾ ਗ੍ਰਿਫ਼ਤਾਰ ਕਰ ਲਿਆ।

ਇਸ ਪਿੱਛੋਂ ਪੁਲਿਸ ਦੇ ਤਸ਼ੱਦਦ ਦੀ ਇਕ ਵਹਿਸ਼ੀ ਖੇਡ ਆਰੰਭ ਹੋਈ। ਮੰਨੇ-ਪ੍ਰਮੰਨੇ ਬੁੱਚੜ ਲੁਧਿਆਣੇ ਦੇ ਸੀ.ਆਈ.ਏ. ਸਟਾਫ਼ 'ਚ ਇਕੱਠੇ ਹੋ ਗਏ। ਉਹਨਾਂ ਅੰਦਰ ਉਮੀਦ ਜਾਗੀ ਸੀ ਕਿ ਭਾਈ ਛੰਦੜੇ ਦੀ ਛਾਤੀ ਵਿਚੋਂ ਉਹ ਬਹੁਤ ਹੀ ਅਹਿਮ ਭੇਦ ਕਢਵਾ ਸਕਦੇ ਹਨ, ਪਰ ਸ਼ਰਾਬ ਨਾਲ ਰੱਜੇ ਪੁਲਿਸ ਦੇ ਮੰਨੇ-ਪ੍ਰਮੰਨੇ ਬੁੱਚੜ ਅਤੇ ਜੱਲਾਦ ਆਪਣੇ ਸਾਰੇ ਵਹਿਸ਼ੀ ਢੰਗ ਤਰੀਕੇ ਵਰਤ-ਵਰਤ ਕੇ ਹੰਭ ਗਏ, ਪਰ ਦਸਮੇਸ਼ ਪਿਤਾ ਦਾ ਇਹ ਲਾਲ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਂਦਾ ਦੁਸ਼ਟਾਂ ਨੂੰ ਲਲਕਾਰੇ ਮਾਰਦਾ ਨਾ ਥੱਕਿਆ। ਪੁਲਿਸ ਅੰਦਰਲੇ ਕੁਝ ਸਿਪਾਹੀਆਂ ਰਾਹੀਂ ਬਾਹਰ ਨਿਕਲੀ ਇਹ ਗੱਲ ਬੜੀ ਪ੍ਰਸਿੱਧ ਹੋਈ ਸੀ ਕਿ ਭਾਈ ਛੰਦੜੇ ਨੇ ਵਹਿਸ਼ੀ ਪੁਲਿਸ ਅਫ਼ਸਰਾਂ ਨੂੰ ਲਲਕਾਰਦਿਆਂ ਚੈਲਿੰਜ ਕੀਤਾ ਸੀ ਕਿ ਇਕ ਨਹੀਂ, 75 ਅਸਾਲਟਾਂ ਨੇ ਤੇ ਹੈ ਵੀ ਲੁਧਿਆਣੇ ਵਿਚ, ਜੇ ਤੁਹਾਡੇ ਵਿਚ ਦਮ ਹੈ ਤਾਂ ਇਕ ਵੀ ਬਰਾਮਦ ਕਰ ਦੇ ਵਿਖਾਉ।

ਸ਼ਹੀਦੀ ਦੀ ਡੁੱਲ੍ਹੀ ਰੱਤ ਵੱਲ ਵੇਖ ਕੇ ਦੁਸ਼ਮਣ ਭਾਵੇਂ ਬਾਘੀਆਂ ਪਾ ਰਹੇ ਸਨ, ਸਿੱਖ ਸੰਗਤ ਹੰਝੂ ਵਹਾ ਰਹੀ ਸੀ ਪਰ ਸ਼ਹੀਦ ਦੀ ਚਿਖਾ ਦੀਆਂ ਲਾਟਾਂ ਮਾਨੋ ਮੁਸਕਰਾਉਂਦੀਆਂ ਹੋਈਆਂ ਇਹ ਨਿਰਣਾ ਦੇ ਰਹੀਆਂ ਸਨ ਕਿ:

**ਚਾੜ੍ਹੂਗਾ ਕੋਈ ਰੰਗ ਅਨੋਖਾ, ਜਜ਼ਬਾ ਇਹ ਕੁਰਬਾਨੀ ਦਾ।**
**ਲਾਲ ਹਨੇਰੀ ਬਣ ਕੇ ਝੁੱਲੂ, ਡੁੱਲ੍ਹਿਆ ਖ਼ੂਨ ਜਵਾਨੀ ਦਾ।**

*(ਧੰਨਵਾਦ ਸਹਿਤ 'ਖੰਡੇਧਾਰ ਵਿਚੋਂ')*

***

# ਭਾਈ ਬਿਕਰਮਜੀਤ ਸਿੰਘ ਨਾਰਲਾ

## ਲੈਫ਼ਟੀਨੈਂਟ ਜਨਰਲ-ਭਿੰਡਰਾਂਵਾਲਾ ਟਾਈਗਰਜ਼ ਫੋਰਸ (ਸੰਘਾ)

ਜ਼ਿਲ੍ਹਾ ਅੰਮ੍ਰਿਤਸਰ ਦੀ ਤਹਿਸੀਲ ਪੱਟੀ ਦੇ ਮਸ਼ਹੂਰ ਕਸਬਾ ਭਿੱਖੀਵਿੰਡ ਤੋਂ ਪੁਰਾਣੀ ਦਿੱਲੀ ਤੋਂ ਲਾਹੌਰ ਨੂੰ ਜੋੜਨ ਵਾਲੀ ਮੁੱਖ ਸੜਕ, ਖਾਲੜਾ ਰੋਡ 'ਤੇ ਭਿੱਖੀਵਿੰਡ ਤੋਂ ਤਿੰਨ ਕਿਲੋਮੀਟਰ ਉੱਤੇ ਪਿੰਡ ਨਾਰਲਾ ਆਉਂਦਾ ਹੈ। ਇਸੇ ਪਿੰਡ ਨਾਰਲਾ ਦਾ ਜੰਮਪਲ ਹੀ 18ਵੀਂ ਸਦੀ ਦਾ ਖਾੜਕੂ ਜਰਨੈਲ ਜਥੇਦਾਰ ਸ਼ਾਮ ਸਿੰਘ ਨਾਰਲਾ ਹੋਇਆ ਹੈ, ਜਿਸ ਦੇ ਦਲੇਰਾਨਾ ਖਾੜਕੂ ਕਾਰਨਾਮਿਆਂ ਦੀ ਗੂੰਜ ਪੰਜਾਬ ਦੇ ਲਾਹੌਰ ਤੋਂ ਲੈ ਕੇ ਅਫ਼ਗਾਨਿਸਤਾਨ ਕਾਬਲ ਕੰਧਾਰ ਤਕ ਅਤੇ ਸਰਹਿੰਦ ਤੋਂ ਲੈ ਕੇ ਦਿੱਲੀ ਦੇ ਤਖ਼ਤ ਤਕ ਪੈਂਦੀ ਰਹੀ ਹੈ।

ਇਸੇ ਪਿੰਡ ਨਾਰਲਾ ਦਾ ਹੀ 20ਵੀਂ ਸਦੀ ਦਾ ਅਣਖੀਲਾ ਯੋਧਾ ਭਾਈ ਬਿਕਰਮਜੀਤ ਸਿੰਘ ਨਾਰਲਾ ਹੋਇਆ ਹੈ, ਜਿਸ ਦੀ ਜਾਂਬਾਜ਼ੀ ਨੇ ਦਿੱਲੀ ਦੀ ਹਕੂਮਤ ਦੇ ਤਖ਼ਤ ਨੂੰ ਹਿਲਾ ਕੇ ਰੱਖ ਦਿੱਤਾ।

ਭਾਈ ਬਿਕਰਮਜੀਤ ਸਿੰਘ ਨਾਰਲਾ ਦਾ ਜਨਮ ਪਿਤਾ ਸ. ਗੁਪਾਲ ਸਿੰਘ ਦੇ ਘਰ ਮਾਤਾ ਗੁਰਦੀਪ ਕੌਰ ਜੀ ਦੀ ਕੁੱਖੋਂ 1 ਸਤੰਬਰ 1968 (17 ਭਾਦਰੋਂ ਬਿਕ੍ਰਮੀ ਸੰਮਤ 2025) ਨੂੰ ਪਿੰਡ ਨਾਰਲਾ ਵਿਖੇ ਹੋਇਆ। ਵੱਡੀਆਂ ਭੈਣਾਂ ਬਲਬੀਰ ਕੌਰ, ਕੁਲਦੀਪ ਕੌਰ, ਭਰਾ ਸੁਖਵੰਤ ਸਿੰਘ, ਭੈਣ ਬਲਵਿੰਦਰ ਕੌਰ, ਆਪ ਜੀ ਪਰਿਵਾਰ ਵਿਚ ਸਭ ਤੋਂ ਛੋਟੇ ਸਨ। ਭਾਈ ਬਿਕਰਮਜੀਤ ਸਿੰਘ ਨਾਰਲਾ ਨੇ ਪ੍ਰਾਇਮਰੀ ਤਕ ਵਿਦਿਆ ਪਿੰਡ ਨਾਰਲਾ ਦੇ ਸਰਕਾਰੀ ਸਕੂਲ ਵਿਚ ਹਾਸਲ ਕੀਤੀ। ਖਾਲੜਾ ਹਾਈ ਸਕੂਲ ਤੋਂ ਦਸਵੀਂ ਤਕ, ਪੱਟੀ ਸਰਕਾਰੀ ਸਕੂਲ ਤੋਂ 12ਵੀਂ ਤਕ ਵਿਦਿਆ ਹਾਸਲ ਕੀਤੀ। ਭਾਈ ਸਾਹਿਬ ਜੀ ਦਾ ਸੁਭਾਅ ਮਿਲਾਪੜਾ ਅਤੇ ਬੜਾ ਅਣਖੀਲਾ ਸੀ। ਹਿੰਦੁਸਤਾਨੀ ਹਕੂਮਤ ਦੀ ਦੁਸ਼ਟ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਸ੍ਰੀ ਦਰਬਾਰ ਸਾਹਿਬ ਉਪਰ ਹਿੰਦ ਫ਼ੌਜਾਂ ਦੇ ਤੋਪਾਂ ਟੈਂਕਾਂ ਦੇ ਸਿਰ ਸਿੱਖ ਕੌਮ, ਸਿੱਖ ਧਰਮ ਉੱਤੇ ਕੀਤੇ ਕਹਿਰੀ ਫ਼ੌਜੀ ਹਮਲੇ ਵੇਲੇ ਭਾਈ ਬਿਕਰਮਜੀਤ ਸਿੰਘ ਪਿੰਡ ਅਲਗੋਂ ਕੋਠੀ (ਛੰਨਾ) ਸੀ। ਉਥੋਂ ਆਇਆ, ਸਕੂਲ ਵਾਲਾ ਬਸਤਾ ਸੁੱਟ ਕੇ ਅੰਦਰ ਜਾ ਕੇ ਪਲੰਘ 'ਤੇ ਪੈ ਗਿਆ ਤੇ ਰੋਣ ਲੱਗ ਪਿਆ। ਮਾਂ ਗੁਰਦੀਪ ਕੌਰ ਨੇ ਪੁੱਛਿਆ, "ਬਿਕਰਮ, ਕੀ ਗੱਲ ਹੈ, ਰੋ ਕਿਉਂ ਰਿਹਾ ਹੈਂ?"

ਬਿਕਰਮ ਕਹਿੰਦਾ, "ਬੀਬੀ, ਤੈਨੂੰ ਨਹੀਂ ਪਤਾ, ਇੰਦਰਾ ਗਾਂਧੀ ਦੀਆਂ ਫ਼ੌਜਾਂ ਨੇ ਆਪਣਾ ਅਕਾਲ ਤਖ਼ਤ ਢਾਹ ਦਿੱਤਾ। ਸੁਣਿਆ ਨਹੀਂ ਮਾਂ ਤੂੰ, ਤੋਪਾਂ ਦੇ ਬੰਬਾਂ

ਦੀ ਰਾਤ ਨੂੰ ਆਵਾਜ਼ ਆਉਂਦੀ ਰਹੀ ਆ। ਬੀਬੀ ਆਪਣਾ ਕਾਹਦਾ ਜਿਊਣਾ, ਸਿੱਖ ਤਾਂ ਜਿਉਂਦੇ ਮਰ ਗਏ।''

ਕਈ ਦਿਨ ਇਸੇ ਵੈਰਾਗ ਵਿਚ ਰੋਟੀ ਨਾ ਖਾਧੀ। ਮਾਂ ਨੇ ਬੜਾ ਸਮਝਾਇਆ, ''ਪੁੱਤਰ ਬਿਕਰਮ, ਸਿੱਖਾਂ ਨਾਲ ਅੱਗੇ ਵੀ ਸਰਕਾਰਾਂ, ਹਕੂਮਤਾਂ ਇਉਂ ਕਰਦੀਆਂ ਰਹੀਆਂ ਹਨ। ਸਿੱਖ ਹਕੂਮਤ ਨਾਲ ਲੜਦੇ ਆਏ ਆ। ਮੱਸੇ ਰੰਗੜ ਨੇ ਵੀ ਹਰਿਮੰਦਰ ਸਾਹਿਬ ਉੱਤੇ ਫ਼ੌਜ ਨਾਲ ਕਬਜ਼ਾ ਕਰ ਲਿਆ ਸੀ। ਆਹ ਆਪਣੇ ਲਾਗੇ ਪਿੰਡ ਮਾੜੀ ਕੰਬੋਕੀ ਵਾਲੇ ਬਾਬਾ ਸੁੱਖਾ ਸਿੰਘ ਜੀ ਅਤੇ ਮੀਰਾਂਕੋਟ ਵਾਲੇ ਬਾਬਾ ਮਹਿਤਾਬ ਸਿੰਘ ਜੀ ਨੇ ਦਿਨੇ ਜਾ ਕੇ ਨੰਬਰਦਾਰ ਦਾ ਭੇਸ ਬਣਾ ਕੇ ਮਾਮਲਾ ਤਾਰਨ ਦੇ ਬਹਾਨੇ ਮੱਸੇ ਰੰਗੜ ਦਾ ਕਿਰਪਾਨ ਨਾਲ ਸਿਰ ਵੱਢ ਕੇ ਲੈ ਗਏ ਸੀ ਤੇ ਆਪਣੇ ਪਿੰਡ ਵਾਲੇ ਬਾਬਾ ਸ਼ਾਮ ਸਿੰਘ ਜੀ ਨਾਰਲਾ ਅਤੇ ਬਾਬਾ ਬੁੱਢਾ ਸਿੰਘ ਦੇ ਪੈਰਾਂ 'ਚ ਬੀਕਾਨੇਰ ਲਿਜਾ ਕੇ ਰੱਖਿਆ ਸੀ। ਪਿੰਡ ਦੇ ਮੁੰਡਿਆਂ ਨੇ ਬਾਬਾ ਸ਼ਾਮ ਸਿੰਘ ਨਾਲ ਰਲਣਾ ਸ਼ੁਰੂ ਕਰ ਦਿੱਤਾ ਸੀ ਤੇ ਮੁਸਲਮਾਨਾਂ ਦੀ ਹਕੂਮਤ ਨੂੰ ਮਾਰ-ਮਾਰ ਕੇ ਖ਼ਤਮ ਕਰ ਦਿੱਤਾ ਸੀ। ਸਿੱਖਾਂ ਨੇ ਆਪਣਾ ਸਿੱਖ ਰਾਜ ਕਾਇਮ ਕਰ ਲਿਆ ਸੀ। ਮਾਤਾ ਦੀਆਂ ਇਤਿਹਾਸਕ ਹੌਂਸਲੇ ਭਰੀਆਂ ਗੱਲਾਂ ਨਾਲ ਭਾਈ ਬਿਕਰਮਜੀਤ ਸਿੰਘ ਹੌਂਸਲੇ ਵਿਚ ਆ ਗਿਆ। ਰੋਟੀ ਖਾਣ ਲੱਗ ਪਿਆ।

ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਸਿੰਘਾਂ ਨੇ ਸਿੱਖ ਸੰਘਰਸ਼ ਨੂੰ ਲਾਮਬੰਦ ਕਰਨ ਲਈ ਯਤਨ ਸ਼ੁਰੂ ਕਰ ਦਿੱਤੇ। ਜਿਹਨਾਂ ਵਿਚ ਬਾਬਾ ਗੁਰਬਚਨ ਸਿੰਘ ਜੀ ਮਾਨੋਚਾਹਲ, ਜਨਰਲ ਲਾਭ ਸਿੰਘ, ਜਥੇਦਾਰ ਦੁਰਗਾ ਸਿੰਘ ਆਰਫ਼ਕੇ, ਭਾਈ ਧੰਨਾ ਸਿੰਘ ਬਹਾਦਰਪੁਰ, ਭਾਈ ਮਨਬੀਰ ਸਿੰਘ ਚਹੇੜੂ, ਭਾਈ ਗੁਰਦੇਵ ਸਿੰਘ ਉਸਮਾਨਵਾਲਾ ਗੁਪਤ ਤੌਰ 'ਤੇ ਸਿੰਘਾਂ ਨੂੰ ਲਾਮਬੰਦ ਕਰ ਰਹੇ ਸਨ। ਭਾਈ ਸੁਖਦੇਵ ਸਿੰਘ ਸਖੀਰਾ ਬੜੀ ਨਿਧੜਕਤਾ ਅਤੇ ਬਹਾਦਰੀ ਨਾਲ ਪ੍ਰਚਾਰ ਕਰ ਕੇ ਸਿੱਖ ਨੌਜਵਾਨਾਂ ਨੂੰ ਸਿੱਖ ਸੰਘਰਸ਼ ਲਈ ਲਾਮਬੰਦ ਕਰ ਰਹੇ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੀ 26 ਜਨਵਰੀ 1986 ਨੂੰ ਸਰਬੱਤ ਖ਼ਾਲਸਾ ਦੇ ਇਕੱਠ ਵਿਚ ਲਏ ਗਏ ਫ਼ੈਸਲੇ ਅਨੁਸਾਰ ਕਾਰ-ਸੇਵਾ ਵਾਲੇ ਪੰਜ ਸੰਤਾਂ ਦੇ ਸਹਿਯੋਗ ਨਾਲ ਦਮਦਮੀ ਟਕਸਾਲ ਵੱਲੋਂ ਕਾਰ-ਸੇਵਾ ਆਰੰਭ ਕੀਤੀ ਗਈ। ਦੇਸ਼-ਵਿਦੇਸ਼ ਤੋਂ ਸਿੱਖ ਸੰਗਤਾਂ ਹਿੱਸਾ ਲੈ ਰਹੀਆਂ ਸਨ। ਭਾਈ ਬਿਕਰਮਜੀਤ ਸਿੰਘ ਨਾਰਲਾ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਕਾਰ-ਸੇਵਾ ਵਿਚ ਹਿੱਸਾ ਲੈਂਦੇ ਰਹੇ ਅਤੇ ਮਹਾਨ ਯੋਧੇ ਭਾਈ ਸੁਖਦੇਵ ਸਿੰਘ ਜੀ ਸਖੀਰਾ ਦੇ ਸੰਪਰਕ ਵਿਚ ਆ ਕੇ ਗੁਪਤ ਤੌਰ 'ਤੇ ਸਿੱਖ ਸੰਘਰਸ਼ ਵਿਚ ਹਿੱਸਾ ਲੈਣ ਲੱਗ ਪਏ।

ਭਾਈ ਸੁਖਦੇਵ ਸਿੰਘ ਸਖੀਰਾ ਤੋਂ ਗੁਰਬਾਣੀ ਪਾਠ, ਨਿਤਨੇਮ ਸੰਥਿਆ ਲਈ, ਗੁਰਬਾਣੀ ਦਾ ਨਿਤਨੇਮ ਨਾਲ ਪਾਠ ਕਰਨ ਲੱਗੇ, ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਗੁਰਸਿੱਖੀ ਜੀਵਨ ਵਿਚ ਪਰਪੱਕ ਹੋਏ। ਤਰਨ ਤਾਰਨ ਸ੍ਰੀ ਦਰਬਾਰ ਸਾਹਿਬ ਦੀਆਂ ਡਿਉੜੀਆਂ ਦੇ ਬਾਹਰ ਸਰਕਾਰ ਨੇ ਸੀ.ਆਰ.ਪੀ. ਦੇ ਪੁਲਸੀਏ ਦਰਬਾਰ ਸਾਹਿਬ ਤਰਨ ਤਾਰਨ ਮੱਥਾ ਟੇਕਣ ਆਏ ਸਿੱਖਾਂ ਨੂੰ, ਬੀਬੀਆਂ ਨੂੰ ਵੀ ਜ਼ਲੀਲ ਕਰਨੋਂ ਸ਼ਰਮ

ਮਹਿਸੂਸ ਨਹੀਂ ਸੀ ਕਰਦੇ। ਸਿੱਖ ਨੌਜਵਾਨਾਂ ਨੂੰ ਫੜ ਕੇ ਤਸ਼ੱਦਦ ਦਾ ਸ਼ਿਕਾਰ ਬਣਾਉਂਦੇ ਸਨ। ਸੀ.ਆਰ.ਪੀ. ਦੀ ਇਸ ਸਿੱਖਾਂ ਵਿਰੁੱਧ ਹੋ ਰਹੀ ਧੱਕੇਸ਼ਾਹੀ ਨੂੰ ਠੱਲ੍ਹ ਪਾਉਣ ਲਈ ਅਤੇ ਸਬਕ ਸਿਖਾਉਣ ਲਈ ਭਾਈ ਸੁਖਵਿੰਦਰ ਸਿੰਘ ਸੰਘਾ ਦੀ ਅਗਵਾਈ ਵਿਚ ਭਾਈ ਰਵੇਲ ਸਿੰਘ ਫ਼ੌਜੀ ਪੱਖੋਕੇ ਦੇ ਸਾਥੀ ਤਰਨ ਤਾਰਨ ਦਰਬਾਰ ਸਾਹਿਬ ਦੇ ਬਾਹਰ ਸੀ.ਆਰ.ਪੀ. ਦੀਆਂ ਪੁਲਿਸ ਚੌਂਕੀਆਂ ਉੱਤੇ ਹਮਲਾ ਕੇ ਕੇ ਸੀ.ਆਰ.ਪੀ. ਦੇ ਬੰਦੇ ਮਾਰ ਕੇ ਅਤੇ ਹਥਿਆਰ ਖੋਹ ਕੇ ਲੈ ਗਏ।

ਜਿਸ ਬੱਸ ਵਿਚ ਭਾਈ ਬਿਕਰਮਜੀਤ ਸਿੰਘ ਸਫ਼ਰ ਕਰ ਰਿਹਾ ਹੁੰਦਾ, ਕਿਸੇ ਗੁੰਡੇ ਦੀ ਜੁਰਅੱਤ ਨਹੀਂ ਸੀ ਕਿ ਕਿਸੇ ਕੁੜੀ ਵੱਲ ਅੱਖ ਪੁੱਟ ਕੇ ਵੇਖ ਜਾਵੇ। ਕੁੜੀਆਂ ਨੂੰ ਉਸ ਨੇ ਕਿਹਾ ਹੋਇਆ ਸੀ ਕਿ ਸਿਰ ਚੁੰਨੀ ਨਾਲ ਢੱਕ ਕੇ ਰੱਖਿਆ ਕਰੋ ਭੈਣੋਂ, ਜਿਸ ਕੁੜੀ ਦਾ ਸਿਰ ਚੁੰਨੀ ਨਾਲ ਢੱਕਿਆ ਹੋਵੇ, ਉਸ ਵੱਲ ਮੈਲੀ ਅੱਖ ਨਾਲ ਵੇਖਣ ਦੀ ਕਿਸੇ ਦੀ ਜੁਰਅੱਤ ਨਹੀਂ, ਬਾਕੀ ਮੈਂ ਆਪੇ ਗੁੰਡਿਆਂ ਨਾਲ ਸਿੱਝ ਲਵਾਂਗਾ। ਭਾਈ ਬਿਕਰਮਜੀਤ ਸਿੰਘ ਤੇ ਭਾਈ ਰਛਪਾਲ ਸਿੰਘ ਛੰਦੜਾ ਨੂੰ ਲੁਧਿਆਣਾ ਸ਼ਹਿਰ ਤੋਂ ਲੁਧਿਆਣਾ ਪੁਲਿਸ ਨੇ ਬਜ਼ਾਰ ਜਾਂਦਿਆਂ ਨੂੰ ਫੜ ਲਿਆ ਅਤੇ ਜੀਪ ਵਿਚ ਸੁੱਟ ਲਿਆ। ਜੀਪ ਪੂਰੀ ਤੇਜ਼ ਰਫ਼ਤਾਰ ਨਾਲ ਜਾ ਰਹੀ ਸੀ, ਅੱਗੋਂ ਟਰੱਕ ਆ ਗਿਆ। ਡਰਾਈਵਰ ਨੇ ਬਰੇਕਾਂ ਲਾਈਆਂ, ਜਿਸ ਨਾਲ ਪੁਲਿਸ ਮੁਲਾਜ਼ਮ ਅੱਗੇ ਪਿੱਛੇ ਵੱਜੇ। ਸਿੱਖਾਂ ਦੀਆਂ ਬਾਹਵਾਂ ਬੰਨ੍ਹੀਆਂ ਨਹੀਂ ਸੀ, ਜਿਸ ਦਾ ਮੌਕੇ ਦਾ ਫੁਰਤੀ ਨਾਲ ਫ਼ਾਇਦਾ ਉਠਾ ਕੇ ਦੋਵੇਂ ਸਿੰਘ ਪੁਲਿਸ ਦੀ ਜੀਪ ਵਿਚੋਂ ਛਾਲ ਮਾਰ ਕੇ ਭੱਜ ਗਏ। ਪੁਲਿਸ ਵਾਲੇ ਵੀ ਮਗਰ ਭੱਜੇ ਪਰ ਸਿੰਘਾਂ ਨੇ ਪੁਲਿਸ ਦੇ ਸਿਪਾਹੀਆਂ ਨੂੰ ਡਾਹ ਨਾ ਦਿੱਤੀ।

ਭਾਈ ਬਿਕਰਮਜੀਤ ਸਿੰਘ ਨਾਰਲਾ ਆਪਣੀ ਜਾਂਬਾਜ਼ੀ, ਬਹਾਦਰੀ ਤੇ ਲਿਆਕਤ ਸਦਕਾ ਖਾੜਕੂ ਸਿੰਘਾਂ ਦੀ ਮੁੱਢਲੀ ਕਤਾਰ ਵਿਚ ਪਹੁੰਚ ਗਿਆ। ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਦੇ ਲੈਫਟੀਨੈਂਟ ਜਨਰਲ ਦੀ ਹੈਸੀਅਤ ਵਿਚ ਖਾੜਕੂ ਸਿੰਘਾਂ ਦੀ ਕਮਾਨ ਕਰਦਿਆਂ ਜਿਥੇ ਹਿੰਦੁਸਤਾਨੀ ਸੁਰੱਖਿਆ ਫ਼ੋਰਸਾਂ, ਪੁਲਿਸ ਮੁਖ਼ਬਰਾਂ ਵਿਰੁੱਧ ਜੱਹਾਦ ਛੇੜਿਆ ਹੋਇਆ ਸੀ, ਇਸ ਦੇ ਨਾਲ ਫਿਰੌਤੀਆਂ, ਲੁੱਟਾਂ-ਖੋਹਾਂ ਕਰਨ ਵਾਲਿਆਂ ਵਿਰੁੱਧ ਵੀ ਡਟਵਾਂ ਸਟੈਂਡ ਲਿਆ ਹੋਇਆ ਸੀ। ਖਾੜਕੂ ਜਰਨੈਲ ਭਾਈ ਸੁਖਵਿੰਦਰ ਸਿੰਘ ਸੰਘਾ ਮੁਖੀ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਦੀ ਭਾਈ ਬਿਕਰਮਜੀਤ ਸਿੰਘ ਨਾਰਲਾ ਸੱਜੀ ਬਾਂਹ ਸੀ। ਇਕੱਠੇ ਜਿਉਣ-ਮਰਨ ਦਾ ਪ੍ਰਣ ਕੀਤਾ ਹੋਇਆ ਸੀ। ਆਪ ਇਕ ਦੂਜੇ ਤੋਂ ਵਿੱਛੜ ਕੇ ਦੂਰ ਨਹੀਂ ਸੀ ਰਹਿੰਦੇ। ਭਾਈ ਜਗਦੀਸ਼ ਸਿੰਘ ਜਹੂਰਾ, ਭਾਈ ਬਲਵਿੰਦਰ ਸਿੰਘ ਜਵੰਦਾ, ਭਾਈ ਰਛਪਾਲ ਸਿੰਘ ਛੰਦੜਾ, ਭਾਈ ਬਲਜੀਤ ਸਿੰਘ ਖੇਲਾ, ਭਾਈ ਮਨਜੀਤ ਸਿੰਘ ਉਰਫ਼ ਭਾਈ ਮਾਧੋ ਸਿੰਘ, ਭਾਈ ਨਿਰਮਲਜੀਤ ਸਿੰਘ ਉਰਫ਼ ਭਾਈ ਰਮੇਸ਼ਪਾਲ ਸਿੰਘ ਮੋਸ਼ੀ ਸਾਥ-ਸਾਥ ਵਿਚਰਦੇ ਸਨ।

ਜਿਹਨਾਂ ਲੋਕਾਂ ਨੂੰ ਅੱਥਰੇ ਖਾੜਕੂ ਅਤੇ ਲੁਟੇਰੇ ਤੰਗ ਕਰਦੇ ਤਾਂ ਉਹ ਭਾਈ ਬਿਕਰਮਜੀਤ ਸਿੰਘ ਨੂੰ ਮਿਲ ਕੇ ਆਪਣੇ ਦੁਖੜੇ ਦੱਸਦੇ। ਭਾਈ ਸਾਹਿਬ ਦੁਖੀਆਂ ਦੀ ਫ਼ਰਿਆਦ ਸੁਣ ਕੇ ਤੁਰੰਤ ਅਮਲੀ ਤੌਰ 'ਤੇ ਐਕਸ਼ਨ ਲੈਂਦੇ ਅਤੇ ਇਨਸਾਫ਼

ਦਿਵਾਉਂਦੇ ਸਨ। ਜਿਸ ਦੀਆਂ ਪ੍ਰਤੱਖ ਉਦਾਹਰਣਾਂ ਜੋ ਅੱਜ ਵੀ ਲੋਕਾਂ ਦੀ ਜ਼ੁਬਾਨ 'ਤੇ ਦੰਦ-ਕਥਾ ਬਣ ਚੁੱਕੀਆਂ ਹਨ। ਨਾਰਲਾ ਤੋਂ ਅੱਗੇ ਖਾਲੜਾ ਰੋਡ 'ਤੇ ਪਿੰਡ ਸਿਧਵਾਂ ਦੇ ਹਿੰਦੂ ਰਾਮ ਜੀ ਅਰੋੜਾ ਦੀ ਪੁੱਤਰੀ ਤਰਨ ਤਾਰਨ ਵਿਆਹੀ ਹੋਈ ਸੀ। ਉਸ ਤੋਂ ਇਕ ਲੱਖ ਰੁਪਏ ਦੀ ਫਿਰੌਤੀ ਦੀ ਕੁਝ ਵਿਅਕਤੀ ਮੰਗ ਕਰ ਰਹੇ ਸਨ, ਜੋ ਆਪਣੇ ਆਪ ਨੂੰ ਖਾੜਕੂ ਦੱਸਦੇ ਸਨ। ਰਾਮ ਜੀ ਅਰੋੜਾ ਸਿਧਵਾਂ ਨੇ ਭਾਈ ਬਿਕਰਮਜੀਤ ਸਿੰਘ ਨੂੰ ਮਿਲ ਕੇ ਕਿਹਾ, "ਬਿਕਰਮ ਸਿੰਘਾ, ਜੇ ਤੇਰੇ ਹੁੰਦਿਆਂ ਸਾਡੀ ਇਹ ਹਾਲਤ ਹੋਣੀ ਹੈ ਤਾਂ ਅਸੀਂ ਪੰਜਾਬ ਛੱਡ ਕੇ ਚਲੇ ਜਾਂਦੇ ਹਾਂ। ਜੇ ਸਾਨੂੰ ਰੱਖ ਸਕਦਾ ਹੈਂ ਤਾਂ ਤੂੰ ਰੱਖ ਸਕਦਾ ਹੈਂ। ਦਿੱਲੀ ਦੀਆਂ ਫ਼ੌਜਾਂ ਸਾਡੀ ਜਾਨ-ਮਾਲ ਦੀ ਰਾਖੀ ਨਹੀਂ ਕਰ ਸਕਦੀਆਂ। ਤੇਰੀ ਜਥੇਬੰਦੀ ਦੇ ਨਾਂ 'ਤੇ ਤੇਰੀ ਭੈਣ ਦੇ ਘਰੋਂ ਇਕ ਲੱਖ ਦੀ ਮੰਗ ਹੋਵੇ। ਅਸੀਂ ਗ਼ਰੀਬ ਕਿਥੋਂ ਦੇਈਏ ?" ਰਾਮਜੀ ਦੀ ਗੱਲ ਸੁਣ ਕੇ ਭਾਈ ਬਿਕਰਮਜੀਤ ਸਿੰਘ ਨੇ ਉਸ ਨੂੰ ਇਕ ਚਿੱਠੀ ਦਿੱਤੀ ਕਿ ਜਦੋਂ ਫਿਰੌਤੀ ਲੈਣ ਵਾਲੇ ਆਉਣ, ਇਹ ਉਹਨਾਂ ਨੂੰ ਦੇ ਦੇਣੀ ਤੇ ਕਹਿ ਦੇਣਾ ਕਿ ਬਿਕਰਮਜੀਤ ਸਿੰਘ ਪੈਸੇ ਲੈ ਗਿਆ ਹੈ, ਤੁਸੀਂ ਉਸ ਨੂੰ ਮਿਲ ਲਵੋ। ਜੇ ਉਹ ਨਾ ਸਮਝੇ ਤਾਂ ਫਿਰ ਮੈਂ ਆਪੇ ਉਹਨਾਂ ਨਾਲ ਸਿੱਝ ਲਵਾਂਗਾ। ਰਾਮਜੀ ਨੇ ਭਾਈ ਬਿਕਰਮਜੀਤ ਸਿੰਘ ਦੀ ਚਿੱਠੀ ਆਪਣੇ ਧੀ-ਜਵਾਈ ਨੂੰ ਦਿੱਤੀ। ਜੋ ਫਿਰੌਤੀ ਦੀ ਮੰਗ ਕਰਨ ਵਾਲਿਆਂ ਨੂੰ ਦਿੱਤੀ। ਇਸ ਤੋਂ ਪਿੱਛੋਂ ਦੁਬਾਰਾ ਕੋਈ ਉਸ ਘਰ ਪਰੇਸ਼ਾਨ ਕਰਨ ਨਹੀਂ ਆਇਆ।

ਡਾ. ਚੇਤਨ ਦਾਸ ਅਲਗੋਂ ਕੋਠੀ ਨੂੰ ਜਗਤਾਰ ਸਿੰਘ ਢੋਲਾ ਨਾਂ ਦੇ ਵਿਅਕਤੀ ਨੇ ਚੁੱਕ ਲਿਆ, ਅਗਵਾ ਕਰ ਲਿਆ ਅਤੇ 25 ਲੱਖ ਰੁਪੈ ਦੀ ਫਿਰੌਤੀ ਦੀ ਮੰਗ ਕੀਤੀ। ਭਾਈ ਬਿਕਰਮਜੀਤ ਸਿੰਘ ਜਗਤਾਰ ਸਿੰਘ ਨੂੰ ਮਿਲਿਆ ਤੇ ਸਮਝਾਇਆ ਕਿ ਡਾਕਟਰ, ਅਧਿਆਪਕ ਤੇ ਵਕੀਲਾਂ ਨਾਲ ਐਸਾ ਵਿਹਾਰ ਕਰਨਾ ਸਿੱਖੀ ਸਭਿਅਤਾ ਦਾ ਹਿੱਸਾ ਨਹੀਂ, ਇਹ ਸਮਾਜ ਦੀ ਰੀੜ੍ਹ ਦੀ ਹੱਡੀ ਹੁੰਦੇ ਅਤੇ ਲੋਕਾਂ ਦੇ ਦੁੱਖਾਂ-ਤਕਲੀਫ਼ਾਂ ਵਿਚ ਸਹਾਈ ਹੁੰਦੇ ਹਨ। ਡਾਕਟਰ ਚੇਤਨ ਵਰਗੇ ਤੇ ਵਕੀਲ ਜੋ ਮਨੁੱਖਤਾ ਦੀ ਸੇਵਾ ਕਰਦੇ ਹਨ, ਉਹਨਾਂ ਦਾ ਸਤਿਕਾਰ ਕਰਨਾ ਖਾੜਕੂ ਸਿੰਘਾਂ ਦਾ ਮੁੱਢਲਾ ਫ਼ਰਜ਼ ਹੈ। ਆਪਣੇ ਫ਼ਰਜ਼ ਨੂੰ ਭੁੱਲ ਕੇ ਅਸੀਂ ਖ਼ਾਲਿਸਤਾਨ ਦੀ ਮੰਜ਼ਲ ਸਰ ਨਹੀਂ ਕਰ ਸਕਦੇ। ਡਾਕਟਰ ਚੇਤਨ ਅਲਗੋਂ ਕੋਠੀ ਨੂੰ ਸਹੀ ਸਲਾਮਤ ਘਰ ਪਹੁੰਚਿਆ।

ਤਰਸੇਮ ਲਾਲ ਹਿੰਦੂ ਦੀ ਕੁਝ ਬੰਦਿਆਂ ਨੇ ਧਮਕੀਆਂ ਦੇ ਕੇ ਸੌਦੇ ਦੀ ਦੁਕਾਨ ਬੰਦ ਕਰਾ ਦਿੱਤੀ। ਜਦੋਂ ਭਾਈ ਬਿਕਰਮਜੀਤ ਸਿੰਘ ਨੂੰ ਪਤਾ ਲੱਗਾ ਤਾਂ ਉਸ ਨੇ ਆਪ ਜਾ ਕੇ ਦੁਕਾਨ ਖੁਲ੍ਹਵਾਈ ਤੇ ਕਿਹਾ ਕਿ ਇਹ ਦੁਕਾਨ ਬਿਕਰਮਜੀਤ ਸਿੰਘ ਨੇ ਖੁਲ੍ਹਵਾਈ ਹੈ, ਜਿਸ ਨੇ ਬੰਦ ਕਰਾਉਣੀ ਹੈ, ਸਿਰ 'ਤੇ ਕਫ਼ਨ ਬੰਨ੍ਹ ਕੇ ਆਵੇ।

ਖਾਲੜੇ ਥਾਣੇ ਦਾ ਥਾਣੇਦਾਰ ਗੁਰਬਚਨ ਸਿਹੁੰ, ਜੋ ਭਾਈ ਬਿਕਰਮਜੀਤ ਸਿੰਘ ਦੇ ਪਰਿਵਾਰ ਨੂੰ ਬੜਾ ਤੰਗ ਪਰੇਸ਼ਾਨ ਕਰਦਾ ਸੀ, ਪਿਤਾ ਸ. ਗੋਪਾਲ ਸਿੰਘ ਅਤੇ ਭਰਾ ਸੁਖਵੰਤ ਸਿੰਘ ਨੂੰ ਤਸ਼ੱਦਦ ਦਾ ਨਿਸ਼ਾਨਾ ਬਣਾ ਕੇ ਭਾਈ ਬਿਕਰਮਜੀਤ ਸਿੰਘ ਨੂੰ ਪੁਲਿਸ ਕੋਲ ਪੇਸ਼ ਕਰਾਉਣ ਲਈ ਕਹਿੰਦਾ ਸੀ। ਇਕ ਦਿਨ ਬਿਕਰਮਜੀਤ ਸਿੰਘ

ਦੋ ਸਾਥੀਆਂ ਸਮੇਤ ਸ਼ਾਮ ਨੂੰ 6 ਵਜੇ ਖਾਲੜਾ ਥਾਣੇ ਦੇ ਗੇਟ ਲਾਗੇ ਜਾ ਲਲਕਾਰਿਆ ਕਿ ਗੁਰਬਚਨ, ਬਾਹਰ ਆ। ਬਿਕਰਮਜੀਤ ਸਿੰਘ ਨਾਰਲਾ ਆ ਗਿਆ ਹੈ ਤੇ ਫੜ ਲੈ। ਘਰ ਵਾਲਿਆਂ ਨੂੰ ਰੋਜ਼ ਪੇਸ਼ ਕਰਨ ਲਈ ਮਾਰਦਾ-ਕੁੱਟਦਾ ਹੈਂ, ਬਾਹਰ ਆ ਜਾ। ਦੋ ਸਿੰਘ ਹੋਰ ਵੀ ਨਾਲ ਨੇ, ਤੈਨੂੰ ਡੀ.ਐੱਸ.ਪੀ. ਦਾ ਰੈਂਕ ਦਿਵਾ ਦੇਵਾਂਗੇ। ਭਾਈ ਬਿਕਰਮਜੀਤ ਸਿੰਘ ਪੁਲਿਸ ਥਾਣਾ ਖਾਲੜਾ ਦੇ ਬਾਹਰ ਲਲਕਾਰੇ ਮਾਰਦਾ ਰਿਹਾ, ਥਾਣੇਦਾਰ ਗੁਰਬਚਨ ਸਿਹੁੰ ਤੇ ਸਾਰੀ ਪੁਲਿਸ ਨੇ ਬੂਹੇ ਬੰਦ ਕਰ ਲਏ, ਕੋਈ ਮਾਈ ਦਾ ਲਾਲ ਸਾਹਮਣੇ ਨਾ ਆਇਆ। ਭਾਈ ਬਿਕਰਮਜੀਤ ਸਿੰਘ ਤੇ ਸਾਥੀ ਗੋਲੀਆਂ ਚਲਾ ਕੇ ਇਕ ਘੰਟੇ ਬਾਅਦ ਆਪਣੇ ਰਸਤੇ ਪੈ ਗਏ। ਪਰ ਪੁਲਿਸ ਵਾਲੇ ਸਾਰੀ ਰਾਤ ਅੰਦਰੋਂ ਬਾਹਰ ਨਾ ਨਿਕਲੇ। ਇਸ ਤੋਂ ਪਿੱਛੋਂ ਪੁਲਿਸ ਬਾਪੂ ਸ. ਗੋਪਾਲ ਸਿੰਘ ਅਤੇ ਭਰਾ ਸੁਖਵੰਤ ਸਿੰਘ ਨੂੰ, ਜੇ ਇਲਾਕੇ ਵਿਚ ਕੋਈ ਵਾਰਦਾਤ ਹੋ ਜਾਣ 'ਤੇ ਪੁਲਿਸ ਥਾਣੇ ਲਿਜਾਣ ਵਾਸਤੇ ਆਈ ਵੀ ਤਾਂ ਇੱਜ਼ਤ ਨਾਲ ਬੁਲਾਉਂਦੇ ਤੇ ਉਪਰੋਂ ਆਏ ਹੁਕਮਾਂ ਦੀ ਤਾਮੀਲ ਕਰਨਾ ਕਹਿ ਕੇ ਨਾਲ ਲੈ ਜਾਂਦੇ ਸਨ।

3 ਨਵੰਬਰ 1990 (18 ਕੱਤਕ) ਸ਼ਨੀਵਾਰ ਨੂੰ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਦੇ ਮੁਖੀ ਖਾੜਕੂ ਜਰਨੈਲ ਭਾਈ ਸੁਖਵਿੰਦਰ ਸਿੰਘ ਸੰਘਾ, ਭਾਈ ਬਿਕਰਮਜੀਤ ਸਿੰਘ ਨਾਰਲਾ, ਭਾਈ ਬਲਜੀਤ ਸਿੰਘ ਖੇਲਾ, ਭਾਈ ਮਨਜੀਤ ਸਿੰਘ ਉਰਫ਼ ਭਾਈ ਮਾਧਾ ਸਿੰਘ, ਭਾਈ ਨਿਰਮਲਜੀਤ ਸਿੰਘ ਪਟਿਆਲਾ ਉਰਫ਼ ਰਮੇਸ਼ਪਾਲ ਮੋਸ਼ੀ, ਪਿੰਡ ਭੁੱਲਰ (ਤਰਨ ਤਾਰਨ) ਦੀ ਬਹਿਕ 'ਤੇ ਬੈਠੇ ਸਨ। ਕਿਸੇ ਪੁਲਿਸ ਦੇ ਮੁਖ਼ਬਰ ਦੀ ਮੁਖ਼ਬਰੀ ਕਰਨ 'ਤੇ ਸੀ.ਆਰ.ਪੀ. ਅਤੇ ਪੰਜਾਬ ਪੁਲਿਸ ਦੇ ਵੀਹ ਹਜ਼ਾਰ ਲਸ਼ਕਰ ਨੇ ਆਣ ਘੇਰਾ ਪਾਇਆ। ਜਦੋਂ ਸਿੰਘਾਂ ਨੂੰ ਪੁਲਿਸ ਦਾ ਘੇਰਾ ਪੈਣ ਦਾ ਪਤਾ ਲੱਗਿਆ ਤਾਂ ਸਿੰਘਾਂ ਨੇ ਹਿੰਦੁਸਤਾਨੀ ਫ਼ੋਰਸਾਂ ਨਾਲ ਡਟ ਕੇ ਮੁਕਾਬਲਾ ਕਰਨ ਦਾ ਫ਼ੈਸਲਾ ਕੀਤਾ ਕਿ ਜਦੋਂ ਤਕ ਗੋਲੀ ਸਿੱਕਾ ਹੈ, ਲੜਿਆ ਜਾਵੇ। ਜਿਉਂਦੇ ਪੁਲਿਸ ਦੇ ਹੱਥ ਆਉਣ ਨਾਲੋਂ ਮੈਦਾਨ-ਏ-ਜੰਗ ਵਿਚ ਜੂਝ ਕੇ ਸ਼ਹੀਦੀ ਪਾਈ ਜਾਵੇ। ਭਾਈ ਸੁਖਵਿੰਦਰ ਸਿੰਘ ਸੰਘਾ ਨੇ ਸਾਥੀ ਸਿੰਘਾਂ ਨੂੰ ਹੁਕਮ ਦਿੱਤਾ ਕਿ ਮੁਕਾਬਲਾ ਬਹਿਕ ਤੋਂ ਬਾਹਰ ਹੀ ਕਰਨਾ ਹੈ। ਘਰਾਂ ਅੰਦਰ ਮੁਕਾਬਲਾ ਕਰਨ 'ਤੇ ਹਿੰਦੁਸਤਾਨੀ ਫ਼ੋਰਸਾਂ ਦਾ ਨੁਕਸਾਨ ਹੋ ਜਾਣ 'ਤੇ ਘਰ ਵਾਲੇ ਨਿਰਦੋਸ਼ ਹੀ ਹਕੂਮਤੀ ਜ਼ੁਲਮ ਦੀ ਭੇਂਟ ਚੜ੍ਹ ਜਾਂਦੇ ਹਨ। ਇਸ ਲਈ ਘਰ ਛੱਡ ਕੇ ਰੜੇ ਮੈਦਾਨ ਵਿਚ ਹੀ ਕਿਉਂ ਨਾ ਡਟਿਆ ਜਾਵੇ। ਪੰਜ ਸਿੰਘ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਂਦੇ ਘਰਾਂ ਤੋਂ ਬਾਹਰ ਆ ਗਏ। ਸੀ.ਆਰ.ਪੀ. ਤੇ ਪੁਲਿਸ ਨੇ ਸਿੰਘਾਂ ਉਪਰ ਗੋਲੀਆਂ ਚਲਾਈਆਂ। ਅੱਗੋਂ ਸਿੰਘਾਂ ਨੇ ਅਸਾਲਟਾਂ ਦੀ ਫ਼ਾਇਰਿੰਗ ਨਾਲ ਜਵਾਬ ਦਿੱਤਾ। ਇਕ ਪਾਸੇ ਪੰਜ ਸਿੰਘ ਸੂਰਮੇ ਤੇ ਦੂਜੇ ਪਾਸੇ ਵੀਹ· ਹਜ਼ਾਰ ਤੋਂ ਵੱਧ ਹਿੰਦੁਸਤਾਨੀ ਫ਼ੋਰਸਾਂ ਆਧੁਨਿਕ ਹਥਿਆਰਾਂ ਨਾਲ ਲੈਸ। ਅਨੋਖਾ ਮੁਕਾਬਲਾ ਸੀ। ਇਕ ਪਾਸੇ ਤਨਖ਼ਾਹਾਂ 'ਤੇ ਲੜਨ ਵਾਲੇ ਆਪਣਾ ਬਚਾਅ ਕਰ ਕੇ ਦੂਰੋਂ ਗੋਲੀਆਂ ਦਾ ਮੀਂਹ ਵਰ੍ਹਾ ਰਹੇ ਸਨ, ਦੂਜੇ ਪਾਸੇ ਗਿਣਤੀ ਦੇ ਪੰਜ ਸਿੰਘ, ਗਿਣਤੀ ਦੀਆਂ ਗੋਲੀਆਂ ਨਾਲ ਆਪਣੇ ਖਾੜਕੂ ਜਰਨੈਲ ਭਾਈ ਸੁਖਵਿੰਦਰ ਸਿੰਘ

ਸੰਘਾ ਨਾਲ ਮੈਦਾਨ-ਏ-ਜੰਗ ਵਿਚ ਜੂਝ ਕੇ ਸਿੱਖ ਇਤਿਹਾਸ ਦੇ ਪੰਨੇ ਆਪਣੇ ਖ਼ੂਨ ਨਾਲ ਲਿਖ ਰਹੇ ਸਨ। ਜਿਹਨਾਂ ਦਾ ਆਪਣੇ ਗੁਰਦੇਵ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਲਾ ਦੱਸਿਆ ਰਾਹ ਸੀ, ਪੰਥ ਵੱਸੇ ਮੈਂ ਉੱਜੜਾਂ ਮਨ 'ਚਾਉ ਘਨੇਰਾ'। ਸਿੰਘਾਂ ਨੇ ਯੁੱਧ-ਨੀਤੀ ਅਨੁਸਾਰ ਰੜੇ ਮੈਦਾਨ ਵਿਚ, ਨਿੱਖੜ ਕੇ ਮੋਰਚੇ ਮੱਲ ਪਏ। ਦੋ-ਦੋ ਸਿੰਘ ਇਕ ਦੂਜੇ ਦੀ ਪਿੱਠ ਨਾਲ ਪਿੱਠ ਜੋੜ ਕੇ ਵੈਰੀ ਦਲ ਦਾ ਆਪਣੇ ਸੀਮਤ ਅਸਾਲਟ ਹਥਿਆਰਾਂ ਨਾਲ ਮੁਕਾਬਲਾ ਕਰ ਰਹੇ ਸਨ, ਪਰ ਸਿੰਘ ਵੈਰੀ ਦਲ ਨੂੰ ਨੇੜੇ ਢੁੱਕਣ ਨਹੀਂ ਸਨ ਦਿੰਦੇ। ਹਰਜੀਤ ਸਿੰਘ ਐੱਸ.ਪੀ. ਤਰਨ ਤਾਰਨ ਸੁਰੱਖਿਆ ਫ਼ੋਰਸਾਂ ਨੂੰ ਅੱਗੇ ਵਧਣ ਦਾ ਹੁਕਮ ਦੇ ਰਿਹਾ ਸੀ ਕਿ ਛੇਤੀ ਸਿੰਘਾਂ ਨੂੰ ਕਾਬੂ ਨਾ ਕਰ ਸਕੇ ਤਾਂ ਰਾਤ ਦਾ ਹਨੇਰਾ ਹੋ ਜਾਣ 'ਤੇ ਸੁਰੱਖਿਆ ਫ਼ੋਰਸਾਂ ਉੱਤੇ ਖਾੜਕੂ ਚੁਫੇਰੇ ਤੋਂ ਹਮਲਾ ਕਰ ਕੇ ਘੇਰਾ ਤੋੜ ਸਕਦੇ ਹਨ ਪਰ ਮੁਕਾਬਲਾ ਸਵੇਰੇ ਸੁਵੱਖਤੇ ਸ਼ੁਰੂ ਹੋਇਆ ਸੀ। ਬਖ਼ਤਰ-ਬੰਦ ਗੱਡੀਆਂ, ਬੁਲਟ-ਪਰੂਫ਼ ਟਰੈਕਟਰਾਂ ਦੇ ਸਹਾਰੇ ਵੈਰੀ ਦਲ ਸਿੰਘਾਂ ਵੱਲ ਵਧਿਆ। ਸਿੰਘਾਂ ਨੇ ਜ਼ਬਰਦਸਤ ਗੋਲੀਬਾਰੀ ਕਰ ਕੇ ਵਾਪਸ ਭੱਜਣ ਲਈ ਮਜਬੂਰ ਕਰ ਦਿੱਤਾ। ਸਿੰਘਾਂ ਦੇ ਉਪਰ ਹਜ਼ਾਰਾਂ ਗੋਲੀਆਂ ਦਾ ਮੀਂਹ ਵਰ੍ਹ ਰਿਹਾ ਸੀ। ਸਿੰਘ ਬੜੇ ਹੌਂਸਲੇ ਨਾਲ ਦਿਮਾਗ਼ੀ ਸੰਤੁਲਨ ਕਾਇਮ ਰੱਖ ਕੇ ਵੀ ਹਜ਼ਾਰਾਂ ਵਿਚ ਘਿਰੇ ਚੜ੍ਹਦੀ ਕਲਾ ਦਾ ਪ੍ਰਗਟਾਵਾ ਕਰ ਰਹੇ ਸਨ। ਆਖ਼ਰ ਸਿੰਘਾਂ ਦਾ ਗੋਲੀ ਸਿੱਕਾ ਮੁਕਣ 'ਤੇ ਆ ਗਿਆ। ਸੁਰੱਖਿਆ ਫ਼ੋਰਸਾਂ ਨੇ ਘੇਰਾ ਤੰਗ ਕਰ ਦਿੱਤਾ। ਸਿੰਘ ਵੀ ਗੋਲੀਆਂ ਲੱਗਣ ਨਾਲ ਜਖ਼ਮੀ ਹੋ ਗਏ ਸਨ। ਭਾਈ ਬਿਕਰਮਜੀਤ ਸਿੰਘ ਦੇ ਗੋਲੀਆਂ ਦਾ ਬਰੱਸਟ ਵੱਜਿਆ। ਕਹਿੰਦੇ ਹਨ ਕਿ ਉਸ ਨੇ ਕਿਹਾ, "ਭਾ ਜੀ, ਮੈਂ ਚੱਲਿਆ, ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।" ਭਾਈ ਸੁਖਵਿੰਦਰ ਸਿੰਘ ਨੇ ਭੱਜ ਕੇ ਭਾਈ ਬਿਕਰਮਜੀਤ ਸਿੰਘ ਨੂੰ ਜੱਫੀ ਪਾ ਲਈ ਤੇ ਕਿਹਾ, "ਬਿਕਰਮ, 'ਕੱਲਾ ਨਹੀਂ, 'ਕੱਠੇ ਚੱਲਦੇ ਹਾਂ। 'ਕੱਠੇ ਰਹੇ ਹਾਂ, ਦਸਮੇਸ਼ ਪਿਤਾ ਦੀ ਗੋਦੀ ਵਿਚ ਵੀ 'ਕੱਠੇ ਹੀ ਚੱਲਾਂਗੇ।" ਭਾਈ ਸੁਖਵਿੰਦਰ ਸਿੰਘ ਸੰਘਾ ਮੌਤ ਤੋਂ ਬੇਪ੍ਰਵਾਹ ਭਾਈ ਬਿਕਰਮਜੀਤ ਸਿੰਘ ਨੂੰ ਜੱਫੀ ਵਿਚ ਪਾ ਕੇ ਉਸ ਦੇ ਚਿਹਰੇ 'ਤੇ ਕਿਸੇ ਅਨੋਖੇ ਅਲੌਕਿਕ ਸ਼ਹੀਦੀ ਸੰਗਰਾਮ ਨੂੰ ਨਿਹਾਰ ਰਿਹਾ ਸੀ। ਹਿੰਦੁਸਤਾਨੀ ਫ਼ੋਰਸਾਂ ਦੀਆਂ ਗੋਲੀਆਂ ਦੀ ਵਾਛੜ ਨੇ ਖਾੜਕੂ ਜਰਨੈਲ ਭਾਈ ਸੁਖਵਿੰਦਰ ਸਿੰਘ ਸੰਘਾ ਨੂੰ ਆਪਣੀ ਗਲਵਕੜੀ ਵਿਚ ਲਏ ਪਿਆਰੇ ਹਮਸਫ਼ਰ ਸਾਥੀ ਉੱਤੇ ਢੇਰੀ ਕਰ ਦਿੱਤਾ। ਸ਼ਹੀਦ ਹੋ ਜਾਣ 'ਤੇ ਵੀ ਦੋਵੇਂ ਸਿੰਘ, ਭਾਈ ਸੁਖਵਿੰਦਰ ਸਿੰਘ ਸੰਘਾ ਤੇ ਭਾਈ ਬਿਕਰਮਜੀਤ ਸਿੰਘ ਦੀ ਗਲਵਕੜੀ ਪਈ ਹੋਈ ਸੀ। ਦੋ ਸਾਥੀ ਸਿੰਘਾਂ ਦੀ ਸਹੀਦੀ ਤੋਂ ਬਾਅਦ ਜਿੰਨਾ ਚਿਰ ਭਾਈ ਬਲਜੀਤ ਸਿੰਘ ਖੋਲਾ, ਭਾਈ ਮਨਜੀਤ ਸਿੰਘ ਉਰਫ਼ ਭਾਈ ਮਾਧਾ ਸਿੰਘ, ਭਾਈ ਨਿਰਮਲਜੀਤ ਸਿੰਘ ਪਟਿਆਲਾ ਆਪਣੇ ਆਖ਼ਰੀ ਸਵਾਸ ਅਤੇ ਆਖ਼ਰੀ ਗੋਲੀ ਤਕ ਲੜਦੇ ਰਹੇ ਤੇ ਮੈਦਾਨ-ਏ-ਜੰਗ ਵਿਚ ਜੂਝ ਕੇ ਸ਼ਹੀਦੀ ਪ੍ਰਾਪਤ ਕਰ ਕੇ ਖ਼ਾਲਸਾ ਰਾਜ ਦੀ ਆਜ਼ਾਦੀ ਦੇ ਸੰਘਰਸ਼ ਵਿਚ ਇਤਿਹਾਸ ਦੇ ਪੰਨਿਆਂ 'ਤੇ ਆਪਣੇ ਖ਼ੂਨ ਨਾਲ ਲਿਖ ਗਏ, ਜੋ ਆਜ਼ਾਦੀ ਦੇ ਚਾਹਵਾਨ ਸੂਰਬੀਰਾਂ ਨੂੰ ਮੈਦਾਨ-ਏ-ਜੰਗ ਵਿਚ ਜੂਝ ਕੇ ਸ਼ਹੀਦੀ ਪ੍ਰਾਪਤ

ਕਰਨ ਦੀ ਪ੍ਰੇਰਨਾ ਦਿੰਦਾ ਰਹੇਗਾ।

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਸਿੱਖ ਕੌਮ ਦੀ ਆਜ਼ਾਦੀ ਲਈ ਆਰੰਭੇ ਸੰਘਰਸ਼ ਦੌਰਾਨ ਹਰਮਨ ਪਿਆਰੇ ਖਾੜਕੂ ਜਰਨੈਲ ਭਾਈ ਸੁਖਵਿੰਦਰ ਸਿੰਘ ਸੰਘਾ ਮੁਖੀ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ (ਸੰਘਾ), ਲੈਫਟੀਨੈਂਟ ਜਨਰਲ ਭਾਈ ਬਿਕਰਮਜੀਤ ਸਿੰਘ ਨਾਰਲਾ, ਭਾਈ ਮਨਜੀਤ ਸਿੰਘ ਉਰਫ਼ ਮਾਧੋ ਸਿੰਘ, ਭਾਈ ਬਲਜੀਤ ਸਿੰਘ ਖੇਲਾ, ਭਾਈ ਨਿਰਮਲਜੀਤ ਸਿੰਘ ਪਟਿਆਲਾ ਸਿੱਖ ਕੌਮ ਦੀ ਇੱਜ਼ਤ ਅਣਖ ਨੂੰ ਕਾਇਮ ਰੱਖਦੇ ਹੋਏ 3 ਨਵੰਬਰ 1990 ਦਿਨ ਸ਼ਨੀਵਾਰ ਨੂੰ ਪਿੰਡ ਭੁੱਲਰ (ਤਰਨ ਤਾਰਨ) ਵਿਖੇ ਪੁਲਿਸ ਫ਼ੋਰਸਾਂ ਨਾਲ ਲੰਮੇ ਤੇ ਸਖ਼ਤ ਮੁਕਾਬਲੇ ਦੌਰਾਨ ਸ਼ਹੀਦੀ ਪ੍ਰਾਪਤ ਕਰ ਗਏ। ਪੁਲਿਸ ਨੇ ਬਿਨਾਂ ਪੋਸਟ-ਮਾਰਟਮ ਕੀਤੇ, ਪੰਜਾਂ ਸਿੰਘਾਂ ਦਾ ਤਰਨ ਤਾਰਨ ਦੇ ਸ਼ਮਸ਼ਾਨ ਘਾਟ ਵਿਚ ਸਸਕਾਰ ਕਰ ਦਿੱਤਾ। ਪੁਲਿਸ ਨੂੰ ਡਰ ਸੀ ਕਿ ਲੋਕ ਰੋਹ ਵਿਚ ਆ ਕੇ ਸਿੰਘਾਂ ਦੀਆਂ ਸ਼ਹੀਦੀ ਦੇਹਾਂ ਨੂੰ ਪੁਲਿਸ ਤੋਂ ਖੋਹ ਕੇ ਲਿਜਾ ਸਕਦੇ ਹਨ। ਪੰਜਾਂ ਸਿੰਘਾਂ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਭਾਈ ਸੁਖਵਿੰਦਰ ਸਿੰਘ ਸੰਘਾ ਦੇ ਘਰ 12 ਨਵੰਬਰ 1990 ਦਿਨ ਸੋਮਵਾਰ ਨੂੰ ਪਾਏ ਗਏ ਅਤੇ 13 ਨਵੰਬਰ 1990 ਦਿਨ ਮੰਗਲਵਾਰ ਨੂੰ ਭਾਈ ਬਿਕਰਮਜੀਤ ਸਿੰਘ ਨਾਰਲਾ ਦੇ ਘਰ ਪੰਜਾਂ ਸ਼ਹੀਦ ਸਿੰਘਾਂ ਦੇ ਨਮਿੱਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਪਰ ਸੁਰੱਖਿਆ ਫ਼ੋਰਸਾਂ ਨੇ ਵੱਡੀ ਗਿਣਤੀ ਵਿਚ ਸ਼ਹੀਦੀ ਸਮਾਗਮ ਵਿਚ ਸ਼ਾਮਲ ਹੋਣ ਆਏ ਲੋਕਾਂ ਨੂੰ ਪਿੰਡ ਦੇ ਅੰਦਰ ਦਾਖ਼ਲ ਨਾ ਹੋਣ ਦਿੱਤਾ। ਪੰਜਾਬ ਪੁਲਿਸ ਨੇ ਇਲਾਕੇ ਵਿਚ ਕਰਫ਼ਿਊ ਵਰਗੇ ਇੰਤਜਾਮ ਕੀਤੇ ਹੋਏ ਸਨ। ਭਿੱਖੀਵਿੰਡ ਤੋਂ ਖਾਲੜਾ ਰੋਡ ਉੱਤੇ ਕਿਸੇ ਤੁਰਨ ਜਾਂ ਕਿਸੇ ਵਾਹਨ ਦੇ ਚੱਲਣ 'ਤੇ ਪੁਲਿਸ ਨੇ ਪੂਰੀ ਤਰ੍ਹਾਂ ਰੋਕ ਲਾਈ ਸੀ। ਲੋਕ ਨਾਰਲਾ ਪਿੰਡ ਸਹੀਦੀ ਸਮਾਗਮ ਵਿਚ ਸ਼ਾਮਲ ਹੋਣ ਲਈ ਖੇਤਾਂ ਵਿਚ ਦੀ ਆਏ ਪਰ ਪੁਲਿਸ ਦੇ ਸੁਰੱਖਿਆ ਪ੍ਰਬੰਧਾਂ ਦੀ ਸਖ਼ਤੀ ਨਾਲ ਉਹਨਾਂ ਨੂੰ ਪਿੰਡ 'ਚ ਦਾਖ਼ਲ ਨਹੀਂ ਹੋਣ ਦਿੱਤਾ, ਜਿਸ ਨੂੰ ਹਕੂਮਤ ਦੀ ਮਾਨਸਿਕ ਕਮਜ਼ੋਰੀ ਕਿਹਾ ਜਾ ਸਕਦਾ ਹੈ।

ਪਿੰਡ ਵੱਲੋਂ ਭਾਈ ਬਿਕਰਮਜੀਤ ਸਿੰਘ ਨਾਰਲਾ ਦੀ ਯਾਦ ਵਿਚ ਭਿੱਖੀਵਿੰਡ ਤੋਂ ਖਾਲੜਾ ਰੋਡ ਉੱਤੇ ਪਿੰਡ ਨਾਰਲਾ ਵਿਖੇ ਨਿਸ਼ਾਨ ਸਾਹਿਬ ਚੜ੍ਹਾਇਆ ਗਿਆ ਸੀ, ਜੋ ਕਾਂਗਰਸ ਦੀ ਬੇਅੰਤ ਸਿਹੁੰ ਸਰਕਾਰ ਵੇਲੇ ਪੁਲਿਸ ਵੱਢ ਕੇ ਲੈ ਗਈ। ਉਹਨਾਂ ਦਿਨੀਂ ਬੇਅੰਤ ਸਿੰਘ—ਕੇ.ਪੀ.ਐੱਸ. ਗਿੱਲ ਦੀ ਜੋੜੀ, ਸਿੱਖ ਹੁੰਦੀ ਹੋਈ ਵੀ ਸਿੱਖੀ ਦੇ ਨਿਸ਼ਾਨ, ਨਿਸ਼ਾਨ ਸਾਹਿਬ, ਸ਼ਹੀਦਾਂ ਦੀਆਂ ਯਾਦਾਂ ਖ਼ਤਮ ਕਰ ਰਹੀ ਸੀ। ਸਿੱਖ ਪੰਥ ਦੇ ਵਾਰਿਸ ਅਖਵਾਉਣ ਵਾਲੇ ਅਕਾਲੀ ਬੀਬੇ ਰਾਣੇ ਦਰਸ਼ਕ ਬਣ ਕੇ ਆਉਣ ਵਾਲੇ ਸਮੇਂ 'ਚ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਮੁੱਲ ਵੱਟਣ ਦੀ ਤਿਆਰੀ ਕਰ ਰਹੇ ਸਨ।

***

# ਸ਼ਹੀਦ ਭਾਈ ਭੁਪਿੰਦਰ ਸਿੰਘ ਭਿੰਦਾ ਕੰਮੋਕੇ
## ਲੈਫ਼: ਜਨਰਲ-ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਆਫ਼ ਖ਼ਾਲਿਸਤਾਨ

ਉਂਜ ਤਾਂ ਖ਼ਾਲਸਾ ਰਾਜ ਦੀ ਸਥਾਪਨਾ ਦੀ ਜੱਦੋ-ਜਹਿਦ ਵਿਚ ਲੱਖਾਂ ਸਿੰਘਾਂ ਸਿੰਘਣੀਆਂ ਨੇ ਬਹਾਦਰੀ ਭਰੇ ਖਾੜਕੂ ਕਾਰਨਾਮੇ ਕੀਤੇ ਹਨ ਤੇ ਹਕੂਮਤ ਦੇ ਬੇਹੱਦ ਤਸੀਹੇ ਝੱਲਦਿਆਂ ਸ਼ਹਾਦਤਾਂ ਦੇ ਜਾਮ ਪੀ ਕੇ ਜ਼ੁਲਮ, ਬੇਇਨਸਾਫ਼ੀ ਵਿਰੁੱਧ ਅਤੇ ਸਿੱਖ ਹੱਕਾਂ ਦੀ ਪ੍ਰਾਪਤੀ ਲਈ ਸਿੱਘ ਸੰਘਰਸ਼ ਜਾਰੀ ਰੱਖਿਆ ਹੈ। ਇਹਨਾਂ ਬਹਾਦਰ ਸਿੰਘਾਂ ਦੇ ਕਾਫ਼ਲੇ ਵਿਚ ਹੀ ਨਾਂ ਆਉਂਦਾ ਹੈ ਸ਼ਹੀਦ ਭਾਈ ਭੁਪਿੰਦਰ ਸਿੰਘ ਭਿੰਦਾ ਕੰਮੋਕੇ ਦਾ।

ਭਾਈ ਭੁਪਿੰਦਰ ਸਿੰਘ ਭਿੰਦਾ ਦਾ ਜਨਮ ਪਿਤਾ ਸ. ਹਰਬੰਸ ਸਿੰਘ ਸਾਬਕਾ ਹਵਾਲਦਾਰ (ਪੰਜਾਬ ਪੁਲਿਸ) ਦੇ ਘਰ ਮਾਤਾ ਗੁਰਦੀਪ ਕੌਰ ਦੀ ਕੁੱਖੋਂ 4 ਸਤੰਬਰ 1962 ਨੂੰ ਪਿੰਡ ਕੰਮੋਕੇ, ਜ਼ਿਲ੍ਹਾ ਅੰਮ੍ਰਿਤਸਰ (ਨੇੜੇ ਮਹਿਤਾ) ਵਿਖੇ ਹੋਇਆ। ਭਾਈ ਸਾਹਿਬ ਹੁਰੀਂ ਸੱਤ ਭੈਣ-ਭਰਾ ਸਨ। ਵੱਡੇ ਭਰਾ ਮਲਕੀਤ ਸਿੰਘ, ਕੁਲਦੀਪ ਸਿੰਘ, ਭੈਣਾਂ ਸੁਖਵਿੰਦਰ ਕੌਰ, ਕੁਲਵਿੰਦਰ ਕੌਰ, ਕੁਲਵੰਤ ਕੌਰ ਹਨ ਤੇ ਭਾਈ ਭਿੰਦਾ ਪਰਿਵਾਰ ਵਿਚ ਸਭ ਤੋਂ ਛੋਟਾ ਹੈ। ਭਾਈ ਭੁਪਿੰਦਰ ਸਿੰਘ ਨੇ ਮੁੱਢਲੀ ਵਿਦਿਆ ਸੱਤਵੀਂ ਤਕ ਪਿੰਡ ਕੰਮੋਕੇ ਦੇ ਸਕੂਲ ਤੋਂ, ਅੱਠਵੀਂ ਡੇਹਰੀਵਾਲ ਤੋਂ, ਦਸਵੀਂ ਖਡੂਰ ਸਾਹਿਬ ਤੋਂ ਅਤੇ ਬਾਰ੍ਹਵੀਂ ਡੀ.ਏ.ਵੀ. ਕਾਲਜ ਹੁਸ਼ਿਆਰਪੁਰ ਤੋਂ ਪਾਸ ਕੀਤੀ। ਲੁਧਿਆਣਾ ਯੂਨੀਵਰਸਿਟੀ ਦਾ ਕਬੱਡੀ ਮੈਚ ਪਹਿਲੇ ਨੰਬਰ 'ਤੇ ਜਿੱਤਿਆ। ਸਾਰੇ ਪੰਜਾਬ ਅੰਦਰ ਹੋਣ ਵਾਲੇ ਖੇਡ ਮੇਲਿਆਂ ਵਿਚ ਭਿੰਦੇ ਕੰਮੋਕੇ ਦੀ ਕਬੱਡੀ ਦੇ ਮੈਚ ਵਿਚ ਧੁੰਮ ਪਈ ਹੋਈ ਸੀ। ਸੰਤ ਜਰਨੈਲ ਸਿੰਘ ਜੀ ਦੇ ਦਰਸ਼ਨ ਕਰਨ ਤੇ ਵਿਚਾਰ ਸੁਣਨ ਲਈ ਭਾਹੀ ਭਿੰਦਾ 10-15 ਦਿਨ ਤੋਂ ਸ੍ਰੀ ਅੰਮ੍ਰਿਤਸਰ ਜਾਂਦਾ ਸੀ।

ਜੂਨ 1984 ਦੇ ਸ੍ਰੀ ਦਰਬਾਰ ਸਾਹਿਬ ਉੱਤੇ ਹੋਏ, ਹਿੰਦੁਸਤਾਨੀ ਹਕੂਮਤ ਦੇ ਫ਼ੌਜੀ ਹਮਲੇ ਅਤੇ ਨਵੰਬਰ 1984 ਵਿਚ ਇੰਦਰਾ ਕਤਲ ਤੋਂ ਬਾਅਦ ਹਿੰਦੁਸਤਾਨੀ ਹਾਕਮਾਂ ਵੱਲੋਂ ਸਿੱਖਾਂ ਦੀ ਕੀਤੀ ਗਈ ਕਤਲੇਆਮ ਤੋਂ ਬਾਅਦ ਹੋਰ ਅਣਖੀਲੇ ਸਿੱਖ ਗੱਭਰੂਆਂ ਨਾਲ ਭਾਈ ਭਿੰਦਾ ਵੀ ਸਿੱਖ ਕੌਮ ਦੇ ਹੋਏ ਅਪਮਾਨ ਅਤੇ ਕਤਲੇਆਮ ਦਾ ਬਦਲਾ ਲੈਣ ਲਈ ਜੁਝਾਰੂ ਸਿੰਘਾਂ ਨਾਲ ਰਲ ਗਿਆ। ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਆਫ਼ ਖ਼ਾਲਿਸਤਾਨ ਮਾਝੇ ਦੇ ਇਲਾਕੇ ਵਿਚ ਪੂਰੀ ਸਰਗਰਮ ਸੀ। ਖਾੜਕੂ ਸਫ਼ਾਂ ਵਿਚ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਦੇ ਮੁਖੀ ਬਾਬਾ ਗੁਰਬਚਨ ਸਿੰਘ

ਮਾਨੋਚਾਹਲ ਦੀ ਭਿੰਦਾ ਸੱਜੀ ਬਾਂਹ ਸਮਝਿਆ ਜਾਂਦਾ ਸੀ।

ਜਿਥੇ ਕੁਝ ਖਾੜਕੂ, ਗਰੁੱਪ ਤੌਰ 'ਤੇ ਹੀ ਹਕੂਮਤ ਨਾਲ ਲੜ ਰਹੇ ਸਨ, ਉਥੇ ਭਾਈ ਭੁਪਿੰਦਰ ਸਿੰਘ ਭਿੰਦਾ ਕੇਸਰੀ ਨਿਸ਼ਾਨ ਥੱਲੇ ਇਕੱਤਰ ਹੋ ਕੇ ਸਾਰੇ ਜੁਝਾਰੂ ਸਿੰਘਾਂ ਵਿਚ ਏਕਤਾ, ਇਕਸੁਰਤਾ ਨਾਲ ਜੱਦੋ-ਜਹਿਦ ਕਰਨ ਦਾ ਮੁਦੱਈ ਸੀ। ਸਾਕਾ ਕਾਲੀ ਗਰਜ ਦੌਰਾਨ ਲੈਫਟੀਨੈਂਟ ਜਨਰਲ ਭਾਈ ਸੁਰਜੀਤ ਸਿੰਘ ਪੈਂਟਾ ਸ਼ਹੀਦੀ ਪਾ ਗਏ। ਉਸ ਤੋਂ ਬਾਅਦ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਦੀ ਦਸਤਾਰ ਭਾਈ ਭਿੰਦਾ ਨੂੰ ਮਿਲੀ। ਸ਼ਹੀਦ ਜਨਰਲ ਲਾਭ ਸਿੰਘ ਦੀ ਸੋਚ 'ਤੇ ਪਹਿਰਾ ਦਿੰਦਿਆਂ ~~ਆਪ-ਮੁਹਾਰੀ ਹਿੰਸਾ, ਜਬਰੀ ਸਿੱਖ ਪਰਿਵਾਰਾਂ ਤੋਂ ਫਿਰੌਤੀਆਂ ਲੈਣ ਦੇ ਰੁਝਾਨ ਨੂੰ~~ ਠੱਲ੍ਹ ਪਾਉਣ ਲਈ ਅਮਲੀ ਤੌਰ 'ਤੇ ਗ਼ਲਤ ਰੁਝਾਨਾਂ ਨੂੰ ਠੱਲ੍ਹ ਪਾਈ। ਸੁਰੱਖਿਆ ਬਲਾਂ ਦੇ ਨਾਲ-ਨਾਲ ਭਾਈ ਭਿੰਦੇ ਨੇ ਲੁਟੇਰਿਆਂ ਵੱਲ ਵੀ ਬੰਦੂਕਾਂ ਦੇ ਮੂੰਹ ਕਰ ਲਏ। ਭਿੰਦਾ ਇਕ ਖਾੜਕੂ ਦੇ ਰੂਪ ਵਿਚ ਹੀ ਨਹੀਂ, ਸਗੋਂ ਹੁਣ ਇਕ ਨੀਤੀਵਾਨ ਜੁਝਾਰੂ ਆਗੂ ਦੇ ਰੂਪ ਵਿਚ ਆਪਣੇ ਜਥੇ ਦੀ ਕਮਾਂਡ ਕਰ ਰਿਹਾ ਸੀ। ਜਨਰਲ ਲਾਭ ਸਿੰਘ ਦੀ ਸੋਚ ਨੂੰ ਅਸਲ ਰੂਪ ਵਿਚ ਲੈ ਕੇ ਸਿੱਖ ਸੰਘਰਸ਼ ਨੂੰ ਨਵੀਆਂ ਨਰੋਈਆਂ ਲੀਹਾਂ 'ਤੇ ਲੈ ਕੇ ਤੁਰਿਆ ਸੀ। ਆਪਣੇ ਇਲਾਕੇ ਵਿਚ ਉਸ ਨੇ ਆਪ-ਮੁਹਾਰੀ ਹਿੰਸਾ 'ਤੇ ਰੋਕ ਲਾ ਦਿੱਤੀ ਸੀ। ਸਿੱਖ ਪਰਿਵਾਰਾਂ ਤੋਂ ਹਥਿਆਰ ਖ਼ਰੀਦਣ ਦੇ ਨਾਂ 'ਤੇ ਜਬਰੀ ਫਿਰੌਤੀਆਂ, ਉਗਰਾਹੀਆਂ ਨੂੰ ਸਖ਼ਤੀ ਨਾਲ ਰੋਕਿਆ। ਭਾਈ ਭਿੰਦਾ ਦੁਸਟਾਂ ਦੀ ਸੁਧਾਈ, ਜਿਹੜਾ ਖ਼ਾਲਿਸਤਾਨ ਨਾਲ ਗੱਦਾਰੀ ਕਰਦਾ ਸੀ, ਜਿਹੜਾ ਸਿੱਖੀ ਦਾ ਦੁਸਮਣ ਸਮਝਾਉਣ ਦੇ ਬਾਵਜੂਦ ਵੀ ਬਾਜ ਨਹੀਂ ਸੀ ਆਉਂਦਾ, ਹਮੇਸ਼ਾ ਚੋਟੀ ਦੇ ਦੁਸ਼ਮਣਾਂ ਨੂੰ ਸੋਧਣ ਵਿਚ ਵਿਸ਼ਵਾਸ ਰੱਖਦਾ ਸੀ। ਪੁਲਿਸ ਕੈਟਾਂ, ਲੁਟੇਰਿਆਂ ਦੇ ਹੱਥੋਂ ਦੁਖੀ ਲੋਕਾਂ ਨੇ ਭਾਈ ਭਿੰਦੇ ਦੀ ਕਮਾਂਡ ਹੇਠ ਚੱਲੇ ਸਿੱਖ ਸੰਘਰਸ਼ ਵਿਚ ਰਾਹਤ ਮਹਿਸੂਸ ਕੀਤੀ। ਸਰਕਾਰ ਭਾਈ ਭਿੰਦੇ ਨੂੰ ਦਹਿਸ਼ਤਗਰਦ, ਲੁਟੇਰਾ, ਜ਼ਾਲਮ ਪ੍ਰਚਾਰ ਰਹੀ ਸੀ ਤੇ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਵਰਤ ਕੇ ਉਸ ਨੂੰ ਖ਼ਤਮ ਕਰਨ ਲਈ ਉਸ ਦੀ ਭਾਲ ਵਿਚ ਚੱਪਾ-ਚੱਪਾ ਛਾਣ ਰਹੀ ਸੀ। ਲੋਕ ਭਿੰਦੇ ਦੀ ਉਸਾਰੂ ਸੋਚ ਅਤੇ ਧੜੱਲੇਦਾਰ ਅਗਵਾਈ ਤੋਂ ਉਸ ਦੇ ਦੀਵਾਨੇ ਹੁੰਦੇ ਜਾ ਰਹੇ ਸਨ। ਭਾਈ ਭਿੰਦਾ ਵਾਸਤੇ ਲੋਕ ਜੰਗਲ ਦਾ ਰੂਪ ਧਾਰਨ ਕਰ ਗਏ ਸਨ। ਉਹ ਗਲੀਆਂ ਮੋੜਾਂ 'ਤੇ ਇਕੱਲਾ ਹੀ ਲੋਕਾਂ ਨਾਲ ਗੱਲਾਂ-ਬਾਤਾਂ ਕਰਦਾ, ਲੋਕਾਂ ਦੀਆਂ ਤਕਲੀਫ਼ਾਂ ਸੁਣਦਾ ਵੇਖਿਆ ਜਾਂਦਾ ਸੀ। ਪੁਲਿਸ ਦੀਆਂ ਗੱਡੀਆਂ ਆਉਣ 'ਤੇ ਲੋਕ ਝੱਟ ਦੱਸ ਦਿੰਦੇ, "ਭਿੰਦੇ ਆਸੇ-ਪਾਸੇ ਹੋ ਜਾ, ਪੁਲਿਸ ਆ ਗਈ ਊ।" ਭਾਈ ਭਿੰਦਾ ਕਬੱਡੀ ਦਾ ਖਿਡਾਰੀ ਹੋਣ ਕਰਕੇ ਚੀਤੇ ਵਾਂਗ ਫ਼ੁਰਤੀਲਾ ਸੀ, ਪੁਲਿਸ ਨਾਲ ਲੁਕਣ-ਮੀਟੀ ਖੇਡਦੇ ਨੂੰ ਲੋਕਾਂ ਨੇ ਘੇਰੇ ਤੋੜਦੇ ਨੂੰ ਬੇਪਰਵਾਹੀ ਦੇ ਆਲਮ ਵਿਚ ਅੱਖੀਂ ਵੇਖਿਆ ਸੀ। ਲੋਕ ਉਸ ਦੀ ਬਹਾਦਰੀ 'ਤੇ ਫ਼ਖ਼ਰ ਮਹਿਸੂਸ ਕਰਦੇ ਸਨ। ਕਹਿੰਦੇ ਹਨ ਕਿ ਫ਼ਰਵਰੀ ਮਹੀਨੇ ਦੇ ਮੁੱਢਲੇ ਦਿਨ ਸਨ, ਉਹ ਪਿੰਡ ਦੇ ਬਾਹਰਲੇ ਮੋੜ 'ਤੇ ਸੱਜਣ ਬੇਲੀਆਂ ਨਾਲ ਗੱਲਾਂ ਕਰ ਰਿਹਾ ਸੀ। ਥਾਣਾ ਬਿਆਸ ਦੇ ਪੁਲਿਸ ਇੰਸਪੈਕਟਰ

ਗੁਰਸੇਵਕ ਸਿਹੁੰ ਦੀ ਅਗਵਾਈ ਹੇਠ ਪੁਲਿਸ ਦੀ ਜੀਪ ਆ ਗਈ। ਅਚਾਨਕ ਹੀ ਇਸ ਖ਼ਤਰੇ ਵਿਚ ਵੀ ਉਸ ਨੇ ਦਿਮਾਗੀ ਸੰਤੁਲਨ ਕਾਇਮ ਰੱਖਦਿਆਂ ਹੋਇਆਂ ਆਪ ਭੱਜ ਕੇ ਇਧਰ-ਉਧਰ ਹੋ ਕੇ ਜਾਨ ਬਚਾਉਣ ਨਾਲੋਂ ਘਰ ਸੁੱਤੇ ਪਏ ਚਚੇਰੇ ਭਰਾ ਬਿਕਰਮਜੀਤ ਸਿੰਘ ਨੂੰ ਬਚਾਉਣਾ ਠੀਕ ਸਮਝਿਆ, ਜੋ ਕਿ ਭਿੰਦੇ ਦਾ ਜਾਨ ਤੋਂ ਵੱਧ ਪਿਆਰਾ ਸਾਥੀ ਸੀ। ਭਿੰਦਾ ਪੁਲਿਸ ਦੀ ਜੀਪ ਦੇ ਅੱਗੇ ਦੌੜ ਪਿਆ ਤੇ ਬਿਕਰਮਜੀਤ ਸਿੰਘ ਨੂੰ ਜਗਾ ਕੇ ਕੰਧਾਂ ਕੋਠੇ ਟੱਪਦਾ ਹੋਇਆ, ਪੁਲਿਸ ਹੱਥੋਂ ਨਿਕਲ ਗਿਆ। ਗੁਰਸੇਵਕ ਸਿਹੁੰ ਇੰਸਪੈਕਟਰ ਪੁਲਿਸ ਮੁਲਾਜ਼ਮਾਂ ਨਾਲ ਖਹਿਬੜੀ ਜਾਵੇ ਕਿ ਭਿੰਦਾ ਖ਼ਾਲੀ ਹੱਥ ਸੀ, ਤੁਹਾਡੇ ਤੋਂ ਫੜਿਆ ਨਹੀਂ ਗਿਆ। ਵੰਗਾਰ ਕੇ ਨਾਲ ਦੇ ਨੂੰ ਲੈ ਕੇ ਭੱਜ ਗਿਆ। ਜਦੋਂ ਹਥਿਆਰ ਉਸ ਦੇ ਕੋਲ ਹੋਇਆ ਫਿਰ ਭਿੰਦਾ ਦਾ ਛੁਨਛੁਨਾ ਫੜ ਲਿਉ ਜੇ।

ਦਸੰਬਰ 1988 ਦਾ ਅੱਧ ਸੀ। ਮੇਜਰ ਸਿੰਘ ਦੋਸਤ ਦੇ ਘਰ ਪਿੰਡ ਟਪਿਆਲਾ ਵਿਖੇ ਭਾਈ ਭਿੰਦਾ, ਭਾਈ ਬਿਕਰਮ ਸਿੰਘ, ਜਸਵੰਤ ਸਿੰਘ ਕਿੱਟੂ (ਜ਼ਿਲਾ ਜਲੰਧਰ) ਠਹਿਰੇ ਹੋਏ ਸਨ। ਪੰਜਾਬ ਪੁਲਿਸ ਤੇ ਸੀ.ਆਰ.ਪੀ. ਨੇ ਦੋ ਹਜ਼ਾਰ ਦੀ ਗਿਣਤੀ ਵਿਚ ਘੇਰਾ ਪਾ ਲਿਆ। ਮੂੰਹ-ਹਨੇਰਾ ਹੀ ਸੀ ਤੇ ਧੁੰਧ ਵੀ ਪਈ ਹੋਈ ਸੀ। ਸੁਰੱਖਿਆ ਫ਼ੋਰਸਾਂ ਘੇਰਾ ਪਾਈ ਬੈਠੀਆਂ ਨੇ ਰੋਕਿਆ ਤੇ ਵਾਪਸ ਪਿੰਡ ਵਿਚ ਹੀ ਰਹਿਣ ਦੀ ਹਦਾਇਤ ਦਿੱਤੀ। ਸੂਝਵਾਨ ਗੁਰਸਿੱਖਾਂ ਨੇ ਮੇਜਰ ਸਿੰਘ ਦੇ ਘਰ ਇਤਲਾਹ ਦਿੱਤੀ ਕਿ ਪਿੰਡ ਨੂੰ ਚੁਫੇਰੇ ਤੋਂ ਸੀ.ਆਰ.ਪੀ. ਨੇ ਘੇਰਾ ਪਾ ਲਿਆ ਹੈ। ਸਿੰਘਾਂ ਨੂੰ ਉਠਾ ਦਿਉ। ਉਹ ਕੋਈ ਆਪਣਾ ਚਾਰਾ ਕਰ ਲੈਣ। ਘਰ ਵਾਲਿਆਂ ਨੇ ਭਾਈ ਭਿੰਦੇ ਨੂੰ ਜਗਾਇਆ ਤੇ ਕਿਹਾ ਕਿ ਘੇਰਾ ਬੜਾ ਸਖ਼ਤ ਦੱਸਦੇ ਆ। ਤੁਸੀਂ ਪੁਲਿਸ ਅੱਗੇ ਪੇਸ਼ ਹੋ ਜਾਵੋ। ਭਾਈ ਭਿੰਦੇ ਨੇ ਕਿਹਾ, ''ਅਸੀਂ ਸਿੰਘ ਹਾਂ, ਗਿੱਦੜ ਨਹੀਂ। ਜੇ ਸ਼ਹੀਦ ਹੋਏ ਤਾਂ ਵੀ ਖ਼ਾਕੀ ਵਰਦੀ ਵਾਲਿਆਂ ਦੀਆਂ ਲਾਸ਼ਾਂ ਦੇ ਢੇਰ ਲਾ ਕੇ ਸ਼ਹੀਦ ਹੋਵਾਂਗੇ। ਜਿਉਂਦੇ ਹੱਥ ਨਹੀਂ ਆਉਂਦੇ।''

ਭਿੰਦੇ ਤੇ ਬਿਕਰਮ ਨੇ ਹਥਿਆਰ ਸੰਭਾਲੇ ਤਾਂ ਬਾਹਰਲੇ ਬੂਹੇ ਵਿਚੋਂ ਸੀ.ਆਰ.ਪੀ. ਦੇ ਜਵਾਨ ਅੰਦਰ ਦਾਖ਼ਲ ਹੋ ਰਹੇ ਸਨ। ਸਿੰਘਾਂ ਨੇ ਬਰੱਸਟ ਮਾਰਿਆ, ਦੋ ਸੀ.ਆਰ.ਪੀ. ਦੇ ਜਵਾਨ ਮਾਰੇ ਗਏ। ਭਿੰਦਾ ਤੇ ਬਿਕਰਮ ਸਿੰਘ ਅੱਗੇ ਵਧੇ ਤਾਂ ਗਲੀ ਭਰੀ ਆਉਂਦੀ ਸੀ ਸੀ.ਆਰ.ਪੀ. ਦੇ ਜਵਾਨਾਂ ਨਾਲ। ਭਿੰਦੇ ਤੇ ਬਿਕਰਮਜੀਤ ਸਿੰਘ ਨੇ ਗੋਲੀ ਚਲਾਈ ਤਾਂ ਗਲੀ ਵਿਚ ਚੀਕ-ਚਿਹਾੜਾ ਪੈ ਗਿਆ। ਬਾਕੀ ਸੀ.ਆਰ.ਪੀ. ਵਾਲਿਆਂ ਨੇ ਆਪਣਾ ਬਚਾਅ ਕਰਨ ਵਿਚ ਹੀ ਭਲਾ ਸਮਝਿਆ। ਭਿੰਦਾ ਤੇ ਬਿਕਰਮਜੀਤ ਕੰਮੋਕੇ ਟਪਿਆਲਾ ਦੇ ਘੇਰੇ ਵਿਚੋਂ 20 ਸੀ.ਆਰ.ਪੀ. ਦੇ ਜਵਾਨ ਮਾਰ ਕੇ ਨਿਕਲ ਗਏ। ਮੇਜਰ ਸਿੰਘ ਦੇ ਘਰ ਸੀ.ਆਰ.ਪੀ. ਦਾਖ਼ਲ ਹੋਈ ਤੇ ਆਪਣੇ ਵੀਹ ਜਵਾਨ ਮਾਰੇ ਜਾਣ ਦਾ ਗੁੱਸਾ ਮੇਜਰ ਸਿੰਘ ਨੂੰ ਗੋਲੀਆਂ ਨਾਲ ਭੁੰਨ ਕੇ ਕੱਢਿਆ। ਮੇਜਰ ਸਿੰਘ ਦਾ ਇਹੋ ਗੁਨਾਹ ਸੀ ਕਿ ਖਾੜਕੂ ਸਿੰਘ ਉਸ ਦੇ ਘਰੋਂ ਮੁਕਾਬਲਾ ਕਰ ਕੇ ਸੁਰੱਖਿਆ ਫ਼ੋਰਸਾਂ ਦਾ ਨੁਕਸਾਨ ਕਰ ਕੇ ਨਿਕਲ ਗਏ

ਸਨ। ਉਹਨਾਂ ਦੇ ਘਰ ਵਿਚ ਲੁਕੇ ਹੋਏ ਭਾਈ ਜਸਵੰਤ ਸਿੰਘ ਕਿੱਟੂ ਨੂੰ ਸੀ.ਆਰ.ਪੀ. ਨੂੰ ਫੜ ਕੇ ਲੈ ਗਈ। ਸੀ.ਆਰ.ਪੀ. ਨੇ ਭਾਈ ਜਸਵੰਤ ਸਿੰਘ ਕਿੱਟੂ ਨੂੰ ਵੀ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਹੁਣ ਤਾਂ ਪੁਲਿਸ ਅਫ਼ਸਰਾਂ ਨੂੰ ਵੀ ਉਪਰੋਂ ਝਾੜਾਂ ਪੈਣ ਲੱਗੀਆਂ। ਹਰ ਮੀਟਿੰਗ ਵਿਚ ਪੁਲਿਸ ਅਫ਼ਸਰ ਭਿੰਦਾ ਕੰਮੋਕੇ ਦੀਆਂ ਸਰਗਰਮੀਆਂ ਦੀ ਚਰਚਾ ਕਰਦੇ। ਭਿੰਦੇ ਦੀ ਕੋਈ ਸੂਹ ਦੇਣ ਵਾਸਤੇ ਤਿਆਰ ਨਹੀਂ ਸੀ। ਆਖ਼ਰ ਦੁਸ਼ਮਣ ਨੇ ਚਾਲ ਚੱਲੀ, ਚੰਨਾ ਦਿਆਗੜ੍ਹ ਪੁਲਿਸ ਦੀ ਕਾਲੀ ਬਿੱਲੀ ਸੀ, ਉਸ ਨੂੰ ਭਾਈ ਭੁਪਿੰਦਰ ਸਿੰਘ 'ਤੇ ਡੋਰੇ ਪਾਉਣ ਲਈ ਤਿਆਰ ਕੀਤਾ। ਉਸ ਨੇ ਭਿੰਦੇ ਨਾਲ ਨੇੜਤਾ ਵਧਾਈ ਤੇ ਇਕ ਗੁਰਦੁਆਰਾ ਸਾਹਿਬ ਸਹੁੰ ਖਾ ਕੇ ਭਰਾ ਬਣਿਆ। 13 ਫ਼ਰਵਰੀ 1988 ਨੂੰ ਦਿਨ ਦੇ 12 ਕੁ ਵਜੇ ਭਾਈ ਭੁਪਿੰਦਰ ਸਿੰਘ ਆਪਣੇ ਸਾਥੀ ਭਾਈ ਕਸ਼ਮੀਰ ਸਿੰਘ ਉਰਫ਼ ਮੌਲਵੀ ਪਿੰਡ ਲਿੱਧੜ ਨਾਲ ਬਾਬਾ ਬਕਾਲਾ ਦੇ ਨਜ਼ਦੀਕ ਪਿੰਡ ਸੁਧਾਰ ਦੇ ਸਕੂਲ ਵਿਚ ਸਕੂਟਰ 'ਤੇ ਪਹੁੰਚ ਕੇ ਸਕੂਟਰ ਖੜ੍ਹਾ ਕਰ ਹੀ ਰਹੇ ਸਨ ਕਿ ਐਨ ਉਸੇ ਵੇਲੇ ਦੋ ਹੋਰ ਨੌਜਵਾਨ ਹੀਰੋ ਹਾਂਡਾ ਮੋਟਰਸਾਈਕਲ 'ਤੇ ਉਹਨਾਂ ਦਾ ਪਿੱਛਾ ਕਰਦੇ ਹੋਏ ਆ ਧਮਕੇ। ਪਿੱਛੋਂ ਆਉਣ ਵਾਲਿਆਂ ਵਿਚ ਚੰਨਾ ਦਿਆਲਗੜ੍ਹੀ ਤੇ ਉਸ ਦਾ ਇਕ ਸਾਥੀ ਹੋਰ ਸੀ। ਉਹਨਾਂ ਨੇ ਪਹਿਲਾਂ ਸਕੂਲ ਵਿਚ ਪਹੁੰਚੇ ਦੋ ਨੌਜਵਾਨਾਂ ਭਾਈ ਭੁਪਿੰਦਰ ਸਿੰਘ ਤੇ ਭਾਈ ਕਸ਼ਮੀਰ ਸਿੰਘ 'ਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਸਕੂਟਰ ਖੜਾ ਕਰ ਰਿਹਾ ਨੌਜਵਾਨ ਭਾਈ ਕਸ਼ਮੀਰ ਸਿੰਘ ਉਥੇ ਹੀ ਗੋਲੀਆਂ ਲੱਗਣ ਨਾਲ ਸ਼ਹੀਦ ਹੋ ਗਿਆ। ਜਦੋਂ ਭਿੰਦਾ ਖ਼ਤਰੇ ਨੂੰ ਭਾਂਪਦਿਆਂ ਕੰਧ ਟੱਪ ਕੇ ਮੋੜਵਾਂ ਜਵਾਬ ਦੇਣ ਲਈ ਆੜ ਲੱਭਣ ਤੋਂ ਪਹਿਲਾਂ ਹੀ ਕੰਧ ਨੂੰ ਹੱਥ ਪਾਉਂਦਾ ਗੋਲੀਆਂ ਲੱਗਣ ਨਾਲ ਸ਼ਹੀਦ ਹੋ ਗਿਆ। ਸਕੂਲ ਵਿਚ ਦੋ ਸਿੱਖ ਨੌਜਵਾਨਾਂ ਦਾ ਕਤਲ ਹੋ ਜਾਣ 'ਤੇ ਦਹਿਸ਼ਤ ਵਾਲਾ ਮਾਹੌਲ ਬਣ ਗਿਆ। ਇਹ ਕਤਲ ਕਰਨ ਤੋਂ ਬਾਅਦ ਕਾਤਲ ਨਾਲ ਲੱਗਦੇ ਪਿੰਡ ਨਿੱਕੇ ਵਡਾਲੇ ਵੱਲ ਗਏ ਅਤੇ ਛੇਤੀ ਹੀ ਉਥੋਂ ਇਕ ਹੋਰ ਵਿਅਕਤੀ ਨਾਲ ਆਏ। ਸਕੂਲ ਵਿਚ ਲੋਕਾਂ ਦੀ ਭੀੜ ਜਮ੍ਹਾਂ ਹੋ ਗਈ ਸੀ ਤੇ ਭਾਈ ਭਿੰਦੇ ਨੂੰ ਇਲਾਕੇ ਦੇ ਲੋਕਾਂ ਨੇ ਪਛਾਣ ਲਿਆ ਸੀ। ਹਰ ਇਕ ਵਿਅਕਤੀ ਦੇ ਮੂੰਹ 'ਚ ਗੱਲ ਸੀ ਕਿ ਭਿੰਦਾ ਕੰਮੋਕੇ ਸ਼ਹੀਦ ਹੋ ਗਿਆ। ਕਾਤਲਾਂ ਨੇ ਹਵਾਈ ਫ਼ਾਇਰਿੰਗ ਕਰ ਕੇ ਸੁਧਾਰ ਪਿੰਡ ਦੇ ਸਕੂਲ ਵਿਚ ਇਕੱਠੇ ਹੋਏ ਲੋਕਾਂ ਨੂੰ ਭਜਾ ਦਿੱਤਾ ਅਤੇ ਦੋਵਾਂ ਸਿੰਘਾਂ ਦੀਆਂ ਲਾਸ਼ਾਂ ਥ੍ਰੀਵੀਲਰ ਵਿਚ ਰੱਖ ਕੇ ਕਾਤਲ ਜਲਦੀ ਹੀ ਖ਼ੁਦ ਉਥੋਂ ਚਲੇ ਗਏ। ਹਮਲਾਵਰ ਲਾਸ਼ਾਂ ਬਟਾਲੇ ਥਾਣੇ ਲੈ ਗਏ। ਭਾਈ ਭਿੰਦੇ ਦੀ ਮਾਤਾ ਜੀ ਤੋਂ ਸ਼ਨਾਖ਼ਤ ਕਰਾਈ। ਮਾਤਾ ਜੀ ਦਾ ਕਹਿਣਾ ਹੈ ਕਿ ਭਿੰਦੇ ਦੇ ਨਾਲ ਸ਼ਹੀਦ ਹੋਣ ਵਾਲਾ ਮੋਨਾ ਨੌਜਵਾਨ ਭਾਈ ਕਸ਼ਮੀਰ ਸਿੰਘ ਉਰਫ਼ ਮੌਲਵੀ ਹੀ ਸੀ ਤੇ ਇਹ ਨੌਜਵਾਨ ਬਿਜਲੀ ਬੋਰਡ ਵਿਚ ਨੌਕਰੀ ਕਰਦਾ ਸੀ ਤੇ ਭਾਈ ਭਿੰਦੇ ਦਾ ਸਾਥੀ ਬਣ ਗਿਆ ਸੀ। ਇਕ ਵਾਰ ਸ਼ਹੀਦੀ ਤੋਂ ਕੁਝ ਦਿਨ ਪਹਿਲਾਂ ਭਾਈ ਭਿੰਦੇ ਨਾਲ ਕੰਮੋਕੇ ਘਰ ਆਇਆ। ਭਾਈ ਭਿੰਦੇ ਦੀ ਮਾਤਾ ਨੇ ਕਿਹਾ, "ਪੁੱਤਰ, ਭਿੰਦਾ ਜਿਸ ਰਸਤੇ ਤੁਰਿਆ, ਇਸ ਤੋਂ ਮੁੜਨਾ

ਤਾਂ ਹੁਣ ਮੁਸ਼ਕਿਲ ਹੈ। ਤੂੰ ਆਪਣੇ ਘਰ ਟਿਕ ਜਾ।'' ਤਾਂ ਕਸ਼ਮੀਰ ਸਿੰਘ ਨੇ ਹੱਸ ਕੇ ਕਿਹਾ, ''ਬੀਜੀ, ਮੌਤ ਤਾਂ ਅਟੱਲ ਹੈ, ਇਕ ਦਿਨ ਆਉਣੀ ਹੀ ਹੈ, ਮੈਂ ਤਾਂ ਭਾਜੀ ਦੇ ਨਾਲ ਹੀ ਸ਼ਹੀਦ ਹੋਣਾ ਹੈ। ਜਿੰਨਾ ਚਿਰ ਜ਼ਿੰਦਗੀ ਹੈ, ਭਾਜੀ ਦੇ ਨਾਲ ਰਹਾਂਗਾ। ਜਿੱਦਣ ਸ਼ਹੀਦ ਹੋਏ, ਸਸਕਾਰ ਵੀ ਇਕੋ ਸਿਵੇ ਵਿਚ ਹੀ ਹੋਵੇਗਾ। ਸਾਨੂੰ ਕੋਈ ਤਾਕਤ ਨਹੀਂ ਵਿਛੋੜ ਸਕਦੀ। ਮੇਰੀ ਅਕਾਲ ਪੁਰਖ ਅੱਗੇ ਇਹੋ ਅਰਦਾਸ ਹੈ, ਸਾਡੀ ਪ੍ਰੀਤ ਤੋੜ ਨਿਭ ਜਾਵੇ।''

ਭਾਈ ਕਸ਼ਮੀਰ ਸਿੰਘ ਦੇ ਮਨ ਦੀ ਰੀਝ ਕੁਦਰਤ ਨੇ ਜਿਵੇਂ ਪੂਰੀ ਕਰ ਦਿੱਤੀ। ਸਿੱਖ ਸੰਘਰਸ਼ ਵਿਚ ਜੁਝੇ ਇਹਨਾਂ ਸੂਰਮਿਆਂ ਨੂੰ ਨਕਸਲਬਾੜੀ ਲਹਿਰ ਦੇ ਨੀਤੀਵਾਨਾਂ ਸ. ਗੁਰਮੀਤ ਸਿੰਘ ਅਤੇ ਭਾਈ ਨਵਦੀਪ ਸਿੰਘ ਬਿੱਟੂ ਸਕਰੌਦੀ ਸੰਗਰੂਰ ਨੇ ਦੇਸ਼ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ 1989 ਵਿਚ ਪ੍ਰਕਾਸ਼ਤ ਕੀਤੇ ਗਏ ਵਾਈਟ ਪੇਪਰ—ਸਿਧਾਰਥ ਸ਼ੰਕਰ ਰੇਅ ਦਾ ਖ਼ੂਨੀ ਚਿਹਰਾ—ਵਿਚ ਜਿਹੜੇ ਪੰਜ ਯੋਧਿਆਂ ਦੀਆਂ ਤਸਵੀਰਾਂ ਲਗਾ ਕੇ ਸ਼ਹੀਦਾਂ ਦੀ ਕੁਰਬਾਨੀ ਦੀ ਸ਼ਹਾਦਤ ਭਰੀ ਹੈ, ਉਹਨਾਂ ਵਿਚ ਪੰਜ ਹੀਰੇ ਇਹ ਹਨ:

ਭਾਈ ਮਥਰਾ ਸਿੰਘ ਚੌੜਾ ਮਧਰਾ
ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ
ਭਾਈ ਨਿਰਮਲ ਸਿੰਘ ਨਿੰਮਾ ਮੀਆਂਵਿੰਡ
ਭਾਈ ਭੁਪਿੰਦਰ ਸਿੰਘ ਭਿੰਦਾ ਕੰਮੋਕੇ
ਭਾਈ ਕਸ਼ਮੀਰ ਸਿੰਘ ਮੌਲਵੀ ਪਿੰਡ ਲਿੱਧੜ

ਇਹਨਾਂ ਸ਼ਹੀਦਾਂ ਦੀਆਂ ਤਸਵੀਰਾਂ ਨੂੰ ਵਿਸ਼ੇਸ਼ ਸਨਮਾਨ ਦਿੱਤਾ ਹੈ।

ਭਾਈ ਭੁਪਿੰਦਰ ਸਿੰਘ ਕੰਮੋਕੇ ਤੇ ਭਾਈ ਕਸ਼ਮੀਰ ਸਿੰਘ ਦਾ ਬਟਾਲਾ ਪੁਲਿਸ ਨੇ ਸ਼ਮਸ਼ਾਨ ਘਾਟ ਵਿਚ ਸਸਕਾਰ ਕਰ ਦਿੱਤਾ। ਪਰਿਵਾਰ ਨੇ ਫੁੱਲ ਚੁਗ ਕੇ ਲਿਆਂਦੇ। ਦੋਵਾਂ ਸਿੰਘਾਂ ਦੀ ਸ਼ਹੀਦੀ ਦੇ ਸੋਗ ਵਜੋਂ ਮਾਝਾ ਖੇਤਰ ਅੰਮ੍ਰਿਤਸਰ, ਗੁਰਦਾਸਪੁਰ ਦੇ ਸ਼ਹਿਰ ਕਸਬੇ ਲੋਕਾਂ ਨੇ ਆਪਣੇ ਆਪ ਬੰਦ ਰੱਖੇ। ਇਲਾਕੇ ਦੇ ਹਿੰਦੂ-ਸਿੱਖ ਵੱਡੀ ਗਿਣਤੀ ਵਿਚ ਪਿੰਡ ਕੰਮੋਕੇ ਦਿਲੀ ਹਮਦਰਦੀ ਪ੍ਰਗਟ ਕਰਨ ਆਏ। ਇਲਾਕੇ ਦੇ ਹਰ ਪਿੰਡ ਵਿਚ ਭਾਈ ਭਿੰਦੇ ਤੇ ਕਸ਼ਮੀਰ ਸਿੰਘ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਦੇ ਭੋਗ ਪਾਏ ਗਏ। ਭਾਈ ਭੁਪਿੰਦਰ ਸਿੰਘ ਭਿੰਦਾ ਕੰਮੋਕੇ ਦੇ ਸ਼ਹੀਦ ਹੋ ਜਾਣ ਤੋਂ ਬਾਅਦ ਜਥੇਬੰਦੀ ਦੀ ਕਮਾਂਡ ਲੈਫਟੀਨੈਂਟ ਜਨਰਲ ਤੌਰ 'ਤੇ ਭਾਈ ਬਿਕਰਮਜੀਤ ਸਿੰਘ ਕੰਮੋਕੇ ਨੇ ਸੰਭਾਲੀ ਅਤੇ ਭਾਈ ਭੁਪਿੰਦਰ ਸਿੰਘ ਦੇ ਮਿਸ਼ਨ ਨੂੰ ਅੱਗੇ ਤੋਰਿਆ ਜਿਵੇਂ ਭਾਈ ਭਿੰਦੇ ਨੇ ਭਾਈ ਸੁਰਜੀਤ ਸਿੰਘ ਪੈਂਟਾ ਦੇ ਮਿਸ਼ਨ ਨੂੰ ਅੱਗੇ ਤੋਰਿਆ ਸੀ।

***

# ਖਾੜਕੂ ਜਥੇਬੰਦੀ ਦਸਮੇਸ਼ ਰੈਜੀਮੈਂਟ ਦੇ ਸੂਰਮੇ



ਮਹਿਤਾ ਚੌਕ ਤੋਂ ਅੰਮ੍ਰਿਤਸਰ ਨੂੰ ਵੱਡੀ ਸੜਕ 'ਤੇ ਜਾਂਦਿਆਂ ਬੋਪਾਰਾਏ ਤੋਂ ਅੱਗੇ ਮੱਤੇਵਾਲ ਦਾ ਅੱਡਾ ਆਉਂਦਾ ਹੈ ਤੇ ਸੜਕ 'ਤੇ ਮੁੱਖ ਗੇਟ ਬਣਿਆ ਹੈ। ਦੋ ਕੁ ਕਿਲੋਮੀਟਰ ਹੱਟਵਾਂ ਪਿੰਡ ਹੈ, ਚੰਗੀ ਸੋਹਣੀ ਸੁਹਾਵਣੀ ਖੇਤੀ ਯੋਗ ਧਰਤੀ ਹੈ, ਬਾਗ, ਫ਼ਸਲਾਂ ਨਾਲ ਬਨਸਪਤੀ ਮਾਲੋ-ਮਾਲ ਹੈ। ਇਸ ਧਰਤੀ ਦੇ ਜਾਏ ਬੜੇ ਮਿਲਾਪੜੇ ਤੇ ਮਿਲਣਸਾਰ ਹਨ। ਪਿੰਡ ਮੱਤੇਵਾਲ ਵਿਚ ਹੀ ਇਕ ਰੱਤੜਾ ਨਾਂ ਦਾ ਵੈਲੀ ਸੀ, ਤੁਰੀ ਜਾਂਦੀ ਬੀਬੀ ਨੂੰ ਕਹਿੰਦਾ ਸੀ, ਕਿਧਰ ਜਾਨੀ ਏਂ, ਰੱਤੜਾ ਇਧਰੇ ਈ ਦੁਪਹਿਰਾ ਕੱਟ ਜਾ। ਰੱਤੜਾ ਜਿਸ ਦਾ ਜੀਅ ਕਰਦਾ, ਬੱਕਰਾ ਚੁੱਕ ਲਿਆਉਂਦਾ, ਮੁਰਗਾ ਫੜ ਲਿਆਉਂਦਾ। ਜੇ ਕੋਈ ਸ਼ਰੀਫ਼ ਬੰਦਾ ਵਿਰੋਧ ਕਰਦਾ ਤਾਂ ਸਿੱਧਾ ਲੜਾਈ ਨੂੰ ਆਉਂਦਾ। ਉਸ ਨੂੰ ਆਪਣੀ ਜਵਾਨੀ 'ਤੇ ਮਾਣ ਸੀ, ਥਾਣੇ ਦੀ ਕੁੱਟ ਕਈ ਵਾਰ ਪੁਲਿਸ ਤੋਂ ਖਾ ਚੁੱਕਿਆ ਸੀ। ਇਸ ਨੂੰ ਉਹ ਬੇਇਜ਼ਤੀ ਨਹੀਂ ਸੀ ਸਮਝਦਾ। ਲੜਾਈ ਝਗੜਿਆਂ ਵਿਚ ਜੇਲ੍ਹ ਵੀ ਗਿਆ, ਇਸ ਨੂੰ ਉਹ ਬਹਾਦਰੀ ਸਮਝਦਾ ਸੀ। ਰੱਤੜੇ ਨੇ ਜੇਲ੍ਹ ਵਿਚ ਆਪਣੇ ਭਾਂਡੇ ਰੱਖੇ ਹੋਏ ਸਨ। ਕੈਦ ਮੁੱਕਦੀ, ਜੇਲ੍ਹ ਵਿਚੋਂ ਰਿਹਾਅ ਹੋ ਕੇ ਬਾਹਰ ਆਉਣ ਲੱਗਿਆਂ ਆਪਣੇ ਭਾਂਡੇ ਕਿਸੇ ਦੋਸਤ ਨੂੰ ਦੇ ਆਉਂਦਾ ਤੇ ਕਹਿੰਦਾ—ਲੈ ਭਰਾਵਾ, ਮੇਰੀ ਅਮਾਨਤ ਸਾਂਭ ਕੇ ਰੱਖੀਂ। ਮੈਂ ਆਪ ਆ ਕੇ ਤੈਥੋਂ ਲੈ ਲਵਾਂਗਾ। ਪੁਲਿਸ ਦੀ ਕੁੱਟ, ਜੇਲ੍ਹ ਦੀ ਕੈਦ ਨਾਲ ਰੱਤੜਾ ਸੁਧਰਿਆ ਨਾ। ਦਿਨੋਂ-ਦਿਨ ਵਿਗੜਦਾ ਗਿਆ। ਉਸ ਦੀ ਆਪਣੀ ਜ਼ਨਾਨੀ ਸੀ, ਪੁੱਤਰ ਵੀ ਸੀ, ਉਹ ਸਮਝਾਉਂਦੇ ਬਈ ਪੁੱਠੇ ਕੰਮ ਨਾ ਕਰ। ਉਹ ਜ਼ਨਾਨੀ ਨੂੰ ਕੁੱਟਦਾ, ਗਾਲ੍ਹਾਂ ਕੱਢਦਾ। ਪਤਨੀ ਸੀ, ਉਹ ਵਿਚਾਰੀ ਕੀ ਕਰਦੀ, ਰੋ ਕੇ ਚੁੱਪ ਕਰ ਜਾਂਦੀ। ਰੱਤੜਾ ਜਵਾਨ ਸੀ, ਤਕੜਾ ਵੀ ਸੀ। ਤੇੜ ਧੂੰਵਾਂ ਚਾਦਰਾ ਬੰਨ੍ਹ ਕੇ ਰੱਖਦਾ, ਗਲ ਕਲੀਆਂ ਵਾਲਾ ਕੁੜਤਾ, ਪੈਰੀਂ ਨੋਕਦਾਰ ਖੁੱਸਾ, ਸਿਰ ਉੱਤੇ

ਤੁਰਲੇ ਵਾਲੀ ਪੱਗ ਬੰਨ੍ਹਦਾ, ਦਾਹੜੀ ਦੇ ਖਤ ਕੱਢ ਕੇ ਰੱਖਦਾ। ਹੱਥ 'ਚ ਗੰਡਾਸੀ, ਮੁੱਛਾਂ ਕੁੰਡੀਆਂ ਕਰ ਕੇ ਰੱਖਦਾ। ਗੱਲ ਕਰਨ ਲੱਗਿਆਂ ਖੱਬਾ ਹੱਥ ਮੁੱਛਾਂ 'ਤੇ ਲੈ ਜਾਂਦਾ। ਪੁਲਿਸ ਦੀ ਕੁੱਟ ਤੇ ਜੇਲ੍ਹ ਦਾ ਤਾਂ ਉਸ ਨੂੰ ਡਰ ਨਹੀਂ ਸੀ। ਨਿੱਤ ਦਿਨ ਉਸ ਦੀਆਂ ਹਰਕਤਾਂ ਵੱਧਦੀਆਂ ਗਈਆਂ। ਲੋਕਾਂ ਦੀਆਂ ਧੀਆਂ ਭੈਣਾਂ ਵੱਲ ਮੈਲੀ ਅੱਖ ਨਾਲ ਵੇਖਣਾ ਉਸ ਦਾ ਸੁਗਲ ਬਣ ਗਿਆ ਸੀ। ਸਾਰਾ ਪਿੰਡ ਦੁਖੀ ਸੀ, ਪਰ ਕੋਈ ਟਾਲਾ ਕਰ ਕੇ ਦਿਨ-ਕਟੀ ਕਰਦਾ ਸੀ। ਪਿੰਡ ਦੇ ਚੜ੍ਹਦੇ ਪਾਸੇ ਇਕ ਗੁਦਾਮ ਸੀ, ਪਿੰਡ ਉਦੋਕੇ ਦੇ ਸੁਨਿਆਰੇ ਨੇ ਠੇਕੇ 'ਤੇ ਲਿਆ ਹੋਇਆ ਸੀ। ਰੱਤੜੇ ਨੇ ਉਸ ਨੂੰ ਅੱਯਾਸ਼ੀ ਦੇ ਅੱਡੇ ਵੱਜੋਂ ਵਰਤਣਾ ਚਾਹਿਆ। ਉਹ ਲੋਕਾਂ ਦੀਆਂ ਧੀਆਂ-ਭੈਣਾਂ ਧੱਕੇ ਨਾਲ ਚੁੱਕ ਲਿਆਉਂਦਾ। ਬਲਬੀਰ ਸਿੰਘ ਸੁਨਿਆਰੇ ਨੇ ਵਿਰੋਧ ਕੀਤਾ, ਗੱਲ ਤੂੰ-ਤੂੰ, ਮੈਂ-ਮੈਂ ਤਕ ਹੋ ਗਈ। ਸੁਨਿਆਰੇ ਨੇ ਮੱਤੇਵਾਲ ਦੇ ਸੀਤਲ ਸਿੰਘ ਤੇ ਤਰਸੇਮ ਸਿੰਘ ਨੂੰ ਕਿਹਾ, ‘‘ਭਾਈਆ, ਰੱਤੜਾ ਵੈਲੀ ਮੇਰੇ ਗੁਦਾਮ ਵਿਚ ਧੱਕੇ ਨਾਲ ਆਉਂਦਾ ਹੈ। ਕੱਲ੍ਹ ਨੂੰ ਕੋਈ ਗੱਲ ਬਣ ਗਈ ਤਾਂ ਮੈਂ ਸ਼ਰੀਫ਼ ਬੰਦਾ ਐਵੇਂ ਰਗੜਿਆ ਜਾਵਾਂਗਾ।'' ਸੁਨਿਆਰੇ ਦੇ ਪਿੰਡ ਉਦੋਕੇ ਭਾਈ ਸੀਤਲ ਸਿੰਘ ਵਿਆਹਿਆ ਹੋਇਆ ਸੀ। ਇਸ ਕਰਕੇ ਪਿੰਡ ਦੀ ਰਿਸ਼ਤੇਦਾਰੀ ਅਪਣੱਤ ਰੱਖਦਾ ਸੀ। ਭਾਈ ਸੀਤਲ ਸਿੰਘ ਤੇ ਭਾਈ ਤਰਸੇਮ ਸਿੰਘ ਦੋਵੇਂ ਭਰਾ ਬਣੇ ਹੋਏ ਸੀ। ਹਰ ਦੁੱਖ-ਸੁੱਖ ਵਿਚ ਇਕੱਠੇ ਰਹਿੰਦੇ ਸਨ, ਦੋਵਾਂ ਨੇ ਵਿਚਾਰ ਕੀਤੀ ਤੇ ਸੁਨਿਆਰੇ ਨੂੰ ਕਹਿ ਦਿੱਤਾ, ‘‘ਭਾਊ, ਤੂੰ ਫ਼ਿਕਰ ਨਾ ਕਰ। ਤੇਰੀ ਮਦਦ ਸਿਰ ਦੇ ਕੇ ਵੀ ਕਰਾਂਗੇ। ਤੇਰੇ ਗੁਦਾਮ ਵਿਚ ਹੁਣ ਅਸੀਂ ਰੱਤੜੇ ਨੂੰ ਦਾਖ਼ਲ ਨਹੀਂ ਹੋਣ ਦਿਆਂਗੇ।''

ਦੋਵੇਂ ਗੱਭਰੂ ਤਿਆਰੀ ਕਰ ਕੇ ਗੁਦਾਮ ਵਿਚ ਪਹੁੰਚ ਗਏ, ਵੈਲੀ ਰੱਤੜਾ ਪਾਸਿਉਂ ਕੋਈ ਜ਼ਨਾਨੀ ਲੈ ਕੇ ਆਇਆ ਤਾਂ ਸ਼ੇਰਦਿਲ ਭਾਈ ਸੀਤਲ ਸਿੰਘ ਤੇ ਭਾਈ ਤਰਸੇਮ ਸਿੰਘ ਭੱਬਕ ਕੇ ਪਏ, ‘‘ਓਏ ਰੱਤੜੇ, ਖ਼ਬਰਦਾਰ ਅੱਗੇ ਵਧਣ ਦੀ ਕੋਸ਼ਿਸ਼ ਕੀਤੀ ਤਾਂ। ਇਹ ਗੁਦਾਮ ਸਾਡਾ ਹੈ, ਸਾਡੇ ਰਿਸ਼ਤੇਦਾਰ ਦਾ ਹੈ।''

ਵੈਲੀ ਦੇ ਪੈਰ ਰੁਕ ਗਏ, ਬੁੜਬੁੜਾਉਂਦਾ ਹੋਇਆ, ਵਿਸ ਘੋਲਦਾ ਪਿੱਛੇ ਮੁੜ ਗਿਆ। ਭਾਈ ਸੀਤਲ ਸਿੰਘ ਤੇ ਭਾਈ ਤਰਸੇਮ ਸਿੰਘ ਦੀਆਂ ਪਿੰਡ ਦੀ ਸੱਥ 'ਚ ਗੱਲਾਂ ਹੋਣ ਲੱਗੀਆਂ। ਰੱਤੜਾ ਦੋਵਾਂ ਗੱਭਰੂਆਂ ਨੂੰ ਜ਼ਲੀਲ ਕਰਨ ਲਈ ਸਕੀਮਾਂ ਬਣਾਉਣ ਲੱਗਾ। ਭਾਈ ਤਰਸੇਮ ਸਿੰਘ ਦੀ ਭੈਣ ਦਾ ਵਿਆਹ ਰੱਖਿਆ ਹੋਇਆ ਸੀ, ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਆਰੰਭ ਸਨ। ਸਾਰਾ ਪਰਿਵਾਰ ਰੁਝੇਵਿਆਂ ਵਿਚ ਕੰਮ ਧੰਦੇ ਲੱਗਾ ਹੋਇਆ ਸੀ। ਰੱਤੜੇ ਨੇ ਸੋਚਿਆ ਕਿ ਹੁਣ ਚੰਗਾ ਮੌਕਾ ਏ, ਤਰਸੇਮ ਨੂੰ ਜ਼ਲੀਲ ਕਰਨ ਦਾ। ਇਹਦੇ ਘਰ ਭੈਣ ਦਾ ਵਿਆਹ ਏ, ਹੁਣ ਜੋ ਮਰਜ਼ੀ ਬਕਾਂ, ਇਸ ਨੇ ਲੜਨ ਵੱਲ ਕੰਨ ਨਹੀਂ ਕਰਨਾ, ਇਹਦੇ ਦੋ-ਚਾਰ ਮਾਰ ਦੇਣਾਂ। ਅੱਗੇ ਕਿਹੜਾ ਥਾਣਾ-ਜੇਲ੍ਹ ਨਹੀਂ ਦੇਖੀ, ਤੇਰਾ ਰੋਹਬ ਵੀ ਲੋਕਾਂ 'ਚ ਤਾਂ ਹੀ ਕਾਇਮ ਰਹੂ, ਨਹੀਂ ਤਾਂ ਜਣਾ-ਖਣਾ ਰੱਤੜੇ ਦੇ ਗਲ ਪੈ ਜਾਇਆ ਕਰੂਗਾ। ਵਿਆਹ ਵਿਚ ਦੋ ਕੁ ਦਿਨ ਰਹਿੰਦੇ ਸਨ, ਭਾਈ ਤਰਸੇਮ ਸਿੰਘ ਤੇ ਭਾਈ ਸੀਤਲ ਸਿੰਘ ਦੋਵੇਂ ਦੋਸਤ,

ਭੈਣ ਦੇ ਵਿਆਹ ਦਾ ਲੋੜੀਂਦਾ ਸਾਮਾਨ ਲੈਣ ਲਈ ਟਰੈਕਟਰ ਟਰਾਲੀ ਲੈ ਕੇ ਬੋਪਾਰਾਏ ਅੱਡੇ 'ਤੇ ਗਏ, ਹਲਵਾਈ ਦੀ ਦੁਕਾਨ ਤੋਂ ਸਾਮਾਨ ਟਰਾਲੀ ਵਿਚ ਰੱਖ ਰਹੇ ਸਨ ਕਿ ਰੱਤੜਾ ਵੈਲੀ ਆ ਗਿਆ। ਅੱਗੋਂ ਪਿੱਛੋਂ ਖੰਘੂਰੇ ਮਾਰ ਕੇ ਲੰਘਿਆ, ਪਰ ਦੋਹਾਂ ਦੋਸਤਾਂ ਨੇ ਚੁੱਪ ਰਹਿਣਾ ਹੀ ਠੀਕ ਸਮਝਿਆ ਕਿ ਭੈਣ ਦਾ ਵਿਆਹ ਹੈ, ਐਵੇਂ ਰੰਗ ਵਿਚ ਭੰਗ ਨਾ ਪੈ ਜਾਵੇ। ਪਰ ਰੱਤੜਾ ਲੜਾਈ ਨੂੰ ਹੋਕਾ ਦੇ ਰਿਹਾ ਸੀ, ਆ ਲੜਾਈਏ ਲੜੀਏ। ਭਾਈ ਤਰਸੇਮ ਸਿੰਘ ਤੇ ਭਾਈ ਸੀਤਲ ਸਿੰਘ ਦੀ ਸਿਆਣਪ ਨੂੰ ਉਹ ਕਮਜ਼ੋਰੀ ਸਮਝ ਰਿਹਾ ਸੀ। ਰੱਤੜਾ ਸਮਝਦਾ ਸੀ ਕਿ ਇਹ ਦੋਵੇਂ ਸਾਥੀ ਲੜਨ ਦੇ ਹੱਕ ਵਿਚ ਨਹੀਂ, ਇਹਨਾਂ ਦੀ ਬੇਇਜ਼ਤੀ ਕਰਨ ਦਾ ਇਸ ਤੋਂ ਵਧੀਆ ਮੌਕਾ ਫਿਰ ਨਹੀਂ ਹੱਥ ਆਉਣਾ। ਰੱਤੜੇ ਨੇ ਤਲਵਾਰ ਮਿਆਨ ਵਿਚੋਂ ਬਾਹਰ ਕੱਢ ਲਈ ਤੇ ਗਾਲ੍ਹ ਕੱਢ ਦਿੱਤੀ, "ਤੁਹਾਡੀ ਭੈਣ....., ਵੱਡਿਓ ਬਦਮਾਸ਼ੋ, ਓਦਣ ਆਪਣੇ ਭਣਵਈਏ ਦੇ ਗਲ ਪੈਂਦੇ ਸੀ, ਆਉ ਸਾਹਮਣੇ, ਹੁਣ ਕਿਉਂ ਆਪਣੀ ਮਾਂ.....ਵਿਚ ਵੜਦੇ ਹੋ?" ਰੱਤੜੇ ਵੈਲੀ ਦੀਆਂ ਗਾਲ੍ਹਾਂ ਸੁਣ ਕੇ ਅੱਡੇ (ਬੋਪਾਰਾਏ) ਵਿਚ ਲੋਕ ਇਕੱਠੇ ਹੋ ਗਏ। ਭਾਈ ਤਰਸੇਮ ਸਿੰਘ ਤੇ ਭਾਈ ਸੀਤਲ ਸਿੰਘ ਦੀ ਚੁੱਪ ਰਹਿ ਕੇ ਦੋ ਦਿਨ ਲੰਘਾਉਣ ਦੀ ਮਜਬੂਰੀ ਭੈਣ ਦਾ ਵਿਆਹ ਹੀ ਸੀ। ਰੱਤੜੇ ਵੈਲੀ ਦੇ ਸਿਰ ਕਾਲ ਕੂਕ ਰਿਹਾ ਸੀ, ਉਸ ਦੀ ਬੁੱਧੀ ਤਾਂ ਪਹਿਲਾਂ ਹੀ ਭ੍ਰਿਸ਼ਟ ਸੀ, ਹੁਣ ਉਸ ਨੇ ਕਿਰਪਾਨ ਨਾਲ ਭਾਈ ਤਰਸੇਮ ਸਿੰਘ 'ਤੇ ਵਾਰ ਕੀਤਾ। ਹਲਵਾਈ ਦੀ ਦੁਕਾਨ 'ਤੇ ਲੱਕੜਾਂ ਪਾੜਨ ਵਾਲੀ ਕੁਹਾੜੀ ਪਈ ਸੀ, ਭਾਈ ਸੀਤਲ ਸਿੰਘ ਨੇ ਕੁਹਾੜੀ ਚੁੱਕ ਲਈ। ਰੱਤੜੇ ਵੈਲੀ ਦੀ ਤਲਵਾਰ ਦੇ ਵਾਰ ਨਾਲ ਭਾਈ ਤਰਸੇਮ ਸਿੰਘ ਦੀ ਬਾਂਹ 'ਤੇ ਡੂੰਘਾ ਘਾਉ ਲੱਗਾ, ਰੱਤੜੇ ਨੇ ਦੂਜਾ ਵਾਰ ਫਿਰ ਭਾਈ ਤਰਸੇਮ ਸਿੰਘ 'ਤੇ ਕਰਨਾ ਚਾਹਿਆ, ਤਾਂ ਅੱਗੋਂ ਭਾਈ ਸੀਤਲ ਸਿੰਘ ਦੀ ਕੁਹਾੜੀ ਨੇ ਰੱਤੜੇ ਦੀ ਬਾਂਹ 'ਤੇ ਵਾਰ ਕੀਤਾ, ਤਾਂ ਰੱਤੜੇ ਦੀ ਤਲਵਾਰ ਹੱਥ ਵਿਚੋਂ ਡਿੱਗ ਪਈ। ਭਾਈ ਸੀਤਲ ਸਿੰਘ ਨੇ ਫੁਰਤੀ ਨਾਲ ਕਿਰਪਾਨ ਚੁੱਕ ਲਈ ਤੇ ਉਸੇ ਤਲਵਾਰ ਨੂੰ ਕਿਰਪਾਨ ਵੱਜੋਂ ਵਰਤਿਆਂ ਭਰਵਾਂ ਵਾਰ ਕੀਤਾ, ਜਿਸ ਨਾਲ ਰੱਤੜੇ ਦਾ ਸਿਰ ਧੜ ਨਾਲੋਂ ਲੱਥ ਕੇ ਧਰਤੀ 'ਤੇ ਡਿੱਗ ਪਿਆ। ਰੱਤੜਾ ਦਾ ਬਿਨਾਂ ਸਿਰ ਤੋਂ ਧੜ ਤੜਫਣ ਲੱਗਾ। ਇਕੱਠੇ ਹੋਏ ਲੋਕ ਬੋਪਾਰਾਏ ਦੇ ਅੱਡੇ ਤੋਂ ਇਧਰ-ਉਧਰ ਦੌੜ ਗਏ। ਭਾਈ ਸੀਤਲ ਸਿੰਘ ਨੇ ਆਪਣੇ ਸਿਰ ਵਾਲੇ ਪਰਨੇ 'ਚ ਰੱਤੜਾ ਦਾ ਵੱਢਿਆ ਸਿਰ ਬੰਨ੍ਹ ਲਿਆ ਤੇ ਰੱਤੜੇ ਦੀ ਪੱਗ ਆਪਣੇ ਸਿਰ 'ਤੇ ਬੰਨ੍ਹ ਲਈ। ਦੋਵੇਂ ਅਣਖੀ ਸੂਰਮੇ ਟਰੈਕਟਰ ਟਰਾਲੀ ਲੈ ਕੇ ਪਿੰਡ ਮੱਤੇਵਾਲ ਪਹੁੰਚ ਗਏ। ਦਿਨ ਅਜੇ ਡੁੱਬਿਆ ਹੀ ਸੀ ਕਿ ਸਾਰੇ ਮੱਤੇਵਾਲ ਪਿੰਡ ਵਿਚ ਰੱਤੜੇ ਦੇ ਕਤਲ ਹੋਣ ਦਾ ਰੌਲਾ ਪੈ ਗਿਆ। ਭੈਣ ਦੇ ਵਿਆਹ ਦੀਆਂ ਖ਼ੁਸ਼ੀਆਂ ਫਿੱਕੀਆਂ ਪੈ ਗਈਆਂ। ਰੱਤੜੇ ਦੇ ਕਤਲ 'ਚ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਆ ਗਈ। ਦੋਵੇਂ ਸਿੰਘ ਭਾਈ ਸੀਤਲ ਸਿੰਘ ਤੇ ਭਾਈ ਤਰਸੇਮ ਸਿੰਘ ਪੁਲਿਸ ਅੱਗੇ ਪੇਸ਼ ਹੋ ਗਏ। ਭਾਈ ਤਰਸੇਮ ਸਿੰਘ ਤੇ ਭਾਈ ਸੀਤਲ ਸਿੰਘ 'ਤੇ ਰੱਤੜਾ ਕਤਲ ਦਾ ਕੇਸ ਚੱਲਿਆ, ਅਦਾਲਤ ਨੇ ਭਾਈ

ਸੀਤਲ ਸਿੰਘ ਤੇ ਭਾਈ ਤਰਸੇਮ ਸਿੰਘ ਨੂੰ 20-20 ਸਾਲ ਕੈਦ ਦੀ ਸਜ਼ਾ ਸੁਣਾਈ। ਹਾਈ ਕੋਰਟ ਵਿਚ ਅਪੀਲ ਕਰਨ 'ਤੇ ਰੱਤੜਾ ਕਤਲ ਕੇਸ ਵਿਚੋਂ ਹਾਈਕੋਰਟ ਨੇ ਭਾਈ ਸੀਤਲ ਸਿੰਘ ਤੇ ਭਾਈ ਤਰਸੇਮ ਸਿੰਘ ਨੂੰ ਬਰੀ ਕਰ ਦਿੱਤਾ।

ਦੋਵੇਂ ਮਿੱਤਰ ਨਵੇਂ ਸਿਰਿਉਂ ਪਰਿਵਾਰਕ ਸ਼ਾਂਤਮਈ ਜ਼ਿੰਦਗੀ ਜਿਊਣ ਲੱਗੇ। ਹਰ ਇਕ ਨੂੰ ਪਿਆਰ ਸਤਿਕਾਰ ਨਾਲ ਬੁਲਾਉਂਦੇ, ਪਿੰਡ ਵਾਸੀ ਵੀ ਖ਼ੁਸ਼ ਸਨ। ਦੋਵਾਂ ਹੀਰਿਆਂ ਨੇ ਮਰਦਾਂ ਵਾਲਾ ਕੰਮ ਕੀਤਾ ਸੀ। ਪੰਜਾਬੀ ਸਿੱਖ ਸਭਿਆਚਾਰ ਦੀ ਇਹ ਖ਼ੂਬੀ ਹੈ ਕਿ ਜਦੋਂ ਕੋਈ ਸੂਰਮਾ, ਜਾਬਰ ਜਰਵਾਣੇ ਨਾਲ ਟੱਕਰ ਲੈਂਦਾ ਤਾਂ ਸੂਰਮੇ ਨੂੰ ਲੋਕਾਂ ਵੱਲੋਂ ਸਤਿਕਾਰ ਦੀ ਨਿਗਾਹ ਨਾਲ ਦੇਖਿਆ ਜਾਂਦਾ ਹੈ।

ਵਜ਼ੀਦੇ ਅਤੇ ਔਰੰਗੇ।
ਫੜ ਕੇ ਜਦੋਂ ਸੱਥਾਂ ਵਿਚ ਟੰਗੇ।
ਮੁੜ ਨਾ ਮੰਗਣ ਪਾਣੀ ਨੂੰ।
ਚਾਲੂ ਰੱਖਣਾ ਲੋਕ ਯੁੱਧ ਦੀ ਅਮਰ ਕਹਾਣੀ ਨੂੰ।

ਸਿੱਖ ਕੌਮ ਦੀ ਆਜ਼ਾਦੀ, ਖ਼ਾਲਸਾ ਰਾਜ ਦੀ ਸਥਾਪਨਾ ਲਈ ਜੂਝਣ ਵਾਲੇ, ਚਮਕੌਰ ਦੀ ਕੱਚੀ ਗੜ੍ਹੀ ਦੇ ਨਜ਼ਾਰੇ ਵਿਖਾਉਣ ਵਾਲੇ ਦਸਮੇਸ਼ ਰੈਜਮੈਂਟ ਖ਼ਾਲਿਸਤਾਨ ਦੇ ਜਰਨੈਲ ਸ਼ੇਰਦਿਲ ਭਾਈ ਸੀਤਲ ਸਿੰਘ ਮੱਤੇਵਾਲ ਦਾ ਜਨਮ ਪਿਤਾ ਸਰਦਾਰ ਬਾਰਾ ਸਿੰਘ ਦੇ ਘਰ ਮਾਤਾ ਪਰਸਿੰਨ ਕੌਰ ਦੀ ਕੁੱਖੋਂ ਸੰਨ 1949 ਵਿਚ ਪਿੰਡ ਮੱਤੇਵਾਲ ਤਹਿਸੀਲ ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਆਪ 7 ਭੈਣ-ਭਰਾ ਸਨ—ਸੀਤਲ ਸਿੰਘ, ਅਮਰੀਕ ਸਿੰਘ, ਦਰਸ਼ਨ ਸਿੰਘ, ਭੈਣਾਂ ਮਹਿੰਦਰ ਕੌਰ, ਵੀਰ ਕੌਰ, ਕਸ਼ਮੀਰ ਕੌਰ, ਰਾਜਵੰਤ ਕੌਰ। ਭਾਈ ਸੀਤਲ ਸਿੰਘ ਨੇ ਦਸਵੀਂ ਤਕ ਪੜ੍ਹਾਈ ਕੀਤੀ, ਹਾਕੀ ਦੇ ਚੰਗੇ ਵਧੀਆ ਖਿਡਾਰੀ ਸਨ। ਸੁਭਾਅ ਦੇ ਸੀਤਲ ਸਨ, ਨਾ ਕਿਸੇ ਦਾ ਦਿਲ ਦੁਖਾਉਂਦੇ ਸਨ, ਨਾ ਹੀ ਕਿਸੇ ਦੀ ਵਧੀਕੀ ਬਰਦਾਸ਼ਤ ਕਰਦੇ ਸਨ, ਅਣਖੀਲੇ ਮਰਦ ਸਨ। ਪੰਜਾਬ ਅੰਦਰ ਚੱਲੀ ਖਾੜਕੂ ਲਹਿਰ ਵਿਚ 1989 ਵਿਚ ਸ਼ਾਮਲ ਹੋ ਗਏ। ਭਾਈ ਬਲਵਿੰਦਰ ਸਿੰਘ ਸ਼ਾਹਪੁਰ, ਭਾਈ ਹਰਦੇਵ ਸਿੰਘ ਕਾਲੀਆ ਕਾਦਰਾਬਾਦ ਦਾ ਆਉਣਾ ਜਾਣਾ ਸੀ। ਜਿਸ ਕਰਕੇ ਭਾਈ ਸੀਤਲ ਸਿੰਘ, ਭਾਈ ਤਰਸੇਮ ਸਿੰਘ, ਭਾਈ ਗੁਰਨਾਮ ਸਿੰਘ ਸੈਕਟਰੀ ਮੱਤੇਵਾਲ ਤਿੰਨੇ ਦੋਸਤ ਜੁਝਾਰੂ ਸਿੰਘਾਂ ਦੇ ਕਾਫ਼ਲੇ ਵਿਚ ਰਲ ਕੇ ਖ਼ਾਲਸਾ ਰਾਜ ਦੀ ਸਥਾਪਨਾ ਲਈ ਸਰਗਰਮ ਹੋ ਗਏ ਤੇ ਥੋੜ੍ਹੇ ਚਿਰ ਵਿਚ ਹੀ ਆਪਣੀ ਬਹਾਦਰੀ ਸਿੰਘ ਸੰਘਰਸ਼ ਪ੍ਰਤੀ ਇਮਾਨਦਾਰੀ, ਵਫ਼ਾਦਾਰੀ, ਖਾੜਕੂ ਦਲੇਰਾਨਾ ਕਾਰਨਾਮੇ ਕਰਨ ਸਦਕਾ ਪੰਥਕ ਕਮੇਟੀ (ਬਾਬਾ ਗੁਰਬਚਨ ਸਿੰਘ ਮਾਨੋਚਾਹਲ) ਦੇ ਮੈਂਬਰ ਬਣਾਏ ਗਏ, ਜੁਝਾਰੂ ਸਿੰਘਾਂ ਨੇ ਭਾਈ ਸੀਤਲ ਸਿੰਘ ਦੀ ਦਿਆਨਤਦਾਰੀ ਨੂੰ ਮੁੱਖ ਰੱਖਦਿਆਂ ਦਸਮੇਸ਼ ਰੈਜਮੈਂਟ ਦਾ ਮੁੱਖੀ ਜਰਨੈਲ ਥਾਪ ਦਿੱਤਾ, ਭਾਈ ਤਰਸੇਮ ਸਿੰਘ ਮੱਤੇਵਾਲ ਦਸਮੇਸ਼ ਰੈਜਮੈਂਟ ਦੇ ਲੈਫ਼ਟੀਨੈਂਟ ਜਨਰਲ ਬਣਾਏ ਗਏ। ਭਾਈ ਸੀਤਲ ਸਿੰਘ ਮੱਤੇਵਾਲ ਦਸਮੇਸ਼ ਰੈਜਮੈਂਟ ਕੋਲ ਵਧੀਆ ਹਥਿਆਰ ਤੇ ਸੂਝ-ਬੂਝ ਨਾਲ ਕੀਤੇ ਖਾੜਕੂ ਐਕਸ਼ਨਾਂ ਨਾਲ

ਹਿੰਦੁਸਤਾਨੀ ਸੁਰੱਖਿਆ ਫ਼ੋਰਸਾਂ ਦੇ ਨੱਕ ਵਿਚ ਦਮ ਕਰ ਦਿੱਤਾ। ਖ਼ਾਲਸਾ ਰਾਜ ਦੇ ਵਿਰੋਧੀ ਤੇ ਜਬਰੀ ਫਿਰੌਤੀਆਂ ਵਸੂਲਣ ਵਾਲੇ ਲੁਟੇਰੇ, ਬਲੈਕ ਕੈਟਾਂ ਨੂੰ ਦਸਮੇਸ਼ ਰੈਜਮੈਂਟ ਦੇ ਸਿੰਘਾਂ ਨੇ ਨਿਸ਼ਾਨਾ ਬਣਾਇਆ। ਦੁਨੀਆਂ ਭਰ ਵਿਚ ਦਸਮੇਸ਼ ਰੈਜਮੈਂਟ ਦੇ ਸਿੰਘਾਂ ਦੀਆਂ ਖਾੜਕੂ ਕਾਰਵਾਈਆਂ ਦੀਆਂ ਧੁੰਮਾਂ ਪੈ ਗਈਆਂ। ਹਿੰਦੁਸਤਾਨੀ ਸਰਕਾਰ ਨੇ ਭਾਈ ਸੀਤਲ ਸਿੰਘ ਮੱਤੇਵਾਲ ਦੇ ਸਿਰ ਦਾ 40 ਲੱਖ ਰੁਪਏ ਇਨਾਮ ਰੱਖਿਆ। ਭਾਈ ਸੀਤਲ ਸਿੰਘ ਦੀ ਕਮਾਂਡ ਵਾਲੇ ਸਿੰਘਾਂ ਦੇ ਇਲਾਕੇ ਵਿਚ ਲੋਕਾਂ ਨੇ ਅੱਥਰੇ ਖਾੜਕੂ ਅਤੇ ਲੁਟੇਰਿਆਂ ਦੀ ਮਾਰ ਤੋਂ ਰਾਹਤ ਮਹਿਸੂਸ ਕਰਦਿਆਂ ਸੁੱਖ ਦਾ ਸਾਹ ਲਿਆ।

ਭਾਈ ਸੀਤਲ ਸਿੰਘ ਮੱਤੇਵਾਲ ਦਾ ਆਨੰਦ ਕਾਰਜ ਬੀਬੀ ਨਰਿੰਦਰ ਕੌਰ ਨਾਲ ਪਿੰਡ ਉਦੋਕੇ ਵਿਖੇ ਹੋਈ। ਦੋ ਪੁੱਤਰ ਹਰਭਿੰਦਰ ਸਿੰਘ, ਸੁਲੱਖਣ ਸਿੰਘ, ਇਕ ਪੁੱਤਰੀ ਹਰਜਿੰਦਰ ਕੌਰ ਹੈ।

ਕਿਸੇ ਵੀ ਜਥੇ ਵਿਚੋਂ ਸਿੰਘ ਰੁੱਸ ਕੇ ਆ ਜਾਵੇ, ਭਾਈ ਸੀਤਲ ਸਿੰਘ ਆਦਰ ਸਤਿਕਾਰ ਨਾਲ ਆਪਣੇ ਜਥੇ ਦਸਮੇਸ਼ ਰੈਜਮੈਂਟ ਵਿਚ ਰਲਾ ਲੈਂਦੇ ਸਨ। ਨਾਲ ਦੇ ਸਿੰਘਾਂ ਨੂੰ ਪ੍ਰਸ਼ਾਦਾ ਛਕਾ ਕੇ ਆਪ ਬਾਅਦ ਵਿਚ ਛਕਦੇ ਸਨ। ਜੋ ਮਾਇਆ ਦਾ ਗੱਫਾ ਕਿਤੋਂ ਮਿਲਦਾ ਜਾਂ ਜਥੇ ਦੇ ਸਿੰਘ ਸ਼ਾਹੀ ਖ਼ਜ਼ਾਨੇ 'ਚੋਂ ਮਾਰ-ਧਾੜ ਕਰ ਕੇ ਲਿਆਉਂਦੇ, ਜਥੇ ਦੇ ਸਾਰੇ ਸਿੰਘਾਂ ਵਿਚ ਖਰਚ-ਖਰਚਾ ਲਈ ਬਰਾਬਰ ਵੰਡ ਦਿੰਦੇ ਸਨ। ਜੇ ਕਿਤੇ ਕਿਸੇ ਵੀ ਖਾੜਕੂ ਜਥੇਬੰਦੀ ਦੇ ਸਿੰਘਾਂ ਨੂੰ ਪੁਲਿਸ ਫ਼ੋਰਸਾਂ ਘੇਰਾ ਪਾ ਲੈਂਦੀਆਂ ਤਾਂ ਖ਼ਬਰ ਮਿਲਣ 'ਤੇ ਸਾਥੀ ਸਿੰਘਾਂ ਸਮੇਤ ਪੁਲਿਸ ਦਾ ਘੇਰਾ ਤੋੜਨ ਲਈ ਹੱਲਾ ਬੋਲ ਦਿੰਦੇ ਤੇ ਸਿੰਘਾਂ ਨੂੰ ਘੇਰੇ ਵਿਚੋਂ ਕੱਢਣ ਵਿਚ ਕਾਮਯਾਬ ਹੋ ਜਾਂਦੇ ਸਨ। ਆਪ ਦਾ ਕਿਸੇ ਵੀ ਜਥੇਬੰਦੀ ਨਾਲ ਸ਼ਰੀਕਾ ਨਹੀਂ ਸੀ ਤੇ ਆਪ ਸਾਰੇ ਖਾੜਕੂ ਸਿੰਘਾਂ 'ਚ ਬਹੁਤ ਸਤਿਕਾਰੇ ਜਾਂਦੇ ਸਨ। ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਆਫ਼ ਖ਼ਾਲਿਸਤਾਨ ਦੇ ਮੁਖੀ ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਜਥੇਦਾਰ ਗੁਰਜੰਟ ਸਿੰਘ ਰਾਜਸਥਾਨੀ, ਡਾ. ਦਲੇਰ ਸਿੰਘ ਬੁੱਟਰ, ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨਾਲ, ਦਸਮੇਸ਼ ਰੈਜਮੈਂਟ ਦੀ ਮੁਖੀ ਤੇ ਪੰਥਕ ਕਮੇਟੀ ਮੈਂਬਰ ਭਾਈ ਸੀਤਲ ਸਿੰਘ ਮੱਤੇਵਾਲ ਦੀ ਸਿਧਾਂਤਕ ਸਾਂਝ ਸੀ। ਬਟਾਲੇ ਦਾ ਐਸ.ਐਸ.ਪੀ. ਗੋਬਿੰਦ ਰਾਮ ਜੁਝਾਰੂ ਸਿੰਘਾਂ 'ਤੇ ਬੜਾ ਜ਼ੁਲਮ ਕਰਦਾ ਸੀ। ਪਰਿਵਾਰਾਂ ਨੂੰ ਤਸ਼ੱਦਦ ਦਾ ਸ਼ਿਕਾਰ ਬਣਾਉਂਦਾ ਸੀ। ਭਾਈ ਸੀਤਲ ਸਿੰਘ ਨੂੰ ਆਤਮ ਸਮਰਪਣ ਕਰਨ ਲਈ ਮਜਬੂਰ ਕਰਨ ਲਈ ਸਾਰੇ ਪਰਿਵਾਰ ਨੂੰ ਫੜ ਲਿਆ, ਘਰ ਵਿਚ ਦਸ-ਦਸ ਦਿਨ ਪੁਲਿਸ ਚੌਂਕੀ ਬਿਠਾ ਛੱਡੀ ਸੀ। ਭਾਈ ਸੀਤਲ ਸਿੰਘ ਦੀ ਸਿੰਘਣੀ ਘਰੋਂ ਆਸੇ-ਪਾਸੇ ਹੋ ਗਈ। ਘਰ ਵਿਚ ਛੋਟੇ ਭਰਾ ਅਮਰੀਕ ਸਿੰਘ ਦੀ ਸਿੰਘਣੀ ਕੁਲਵਿੰਦਰ ਕੌਰ ਸੀ। ਉਸ ਦੇ ਵਿਆਹ ਨੂੰ ਵੀ ਥੋੜ੍ਹਾ ਚਿਰ ਹੋਇਆ ਸੀ, ਹੱਥੀਂ ਲਾਲ ਚੂੜਾ ਸੀ। ਉਸ ਨੂੰ ਵੇਖ ਕੇ ਐਸ.ਐਸ.ਪੀ. ਗੋਬਿੰਦ ਰਾਮ ਕਹਿੰਦਾ, "ਫੜੋ ਮੁੰਡਿਓ, ਇਹ ਨੂੰ ਬਿਠਾਉ ਗੱਡੀ ਵਿਚ, ਲੈ ਚੱਲੋ ਥਾਣੇ ਇਹਨੂੰ ਵੀ। ਮੇਰਾ ਇਹਨਾਂ ਦੇ ਖਸਮਾਂ

ਮੁੰਡਾ ਮਾਰ ਦਿੱਤਾ, ਛੱਡਿਆ ਕੱਖ ਨਹੀਂ। ਆਪ ਇਹਨਾਂ ਦੀਆਂ ਜ਼ਨਾਨੀਆਂ ਸੁਹਾਗ ਦੀ ਨਿਸ਼ਾਨੀ ਲਾਲ ਚੂੜੇ ਟਿਮਕਾਈ ਫਿਰਦੀਆਂ।''

ਬੀਬੀ ਕੁਲਵਿੰਦਰ ਕੌਰ ਨੂੰ ਪੁਲਿਸ ਫੜ ਕੇ ਬਟਾਲੇ ਦੇ ਸਦਰ ਥਾਣੇ ਲੈ ਗਈ। ਨੌਂ ਦਿਨ ਥਾਣੇ ਵਿਚ ਐਸ.ਐਸ.ਪੀ. ਗੋਬਿੰਦ ਰਾਮ ਬੀਬੀ ਕੁਲਵਿੰਦਰ ਕੌਰ 'ਤੇ ਤਸ਼ੱਦਦ ਕਰਦਾ ਰਿਹਾ। ਪੱਟਾਂ 'ਤੇ ਘੋਟਣਾ ਰੱਖ ਕੇ, ਗੋਬਿੰਦ ਰਾਮ ਆਪ ਉੱਪਰ ਚੜ੍ਹਦਾ ਰਿਹਾ ਤੇ ਇਹੋ ਆਖੇ ਕਿ ਅਸਲਾ ਦੱਸ ਕਿਥੇ ਰੱਖਿਆ ਸੀਤਲ ਸਿੰਘ ਨੇ ? ਨਾਲੇ ਆਖੀ ਜਾਵੇ ਕਿ ਸਿੱਖਾਂ ਨੇ ਮੇਰਾ ਕੱਖ ਨਹੀਂ ਛੱਡਿਆ। ਇਹਨਾਂ ਅੱਤਵਾਦੀਆਂ ਮੇਰਾ ਪੁੱਤ ਮਾਰ ਦਿੱਤਾ, ਮੈਂ ਸਿੱਖਾਂ ਦਾ ਕੁਝ ਨਹੀਂ ਛੱਡਣਾ। ਨੌਂ ਦਿਨਾਂ ਪਿੱਛੋਂ ਭਾਈ ਸੀਤਲ ਸਿੰਘ ਨੇ ਸਾਥੀ ਸਿੰਘਾਂ ਨਾਲ ਮੱਤੇਵਾਲ ਉਹਨਾਂ ਦੇ ਘਰ ਵਿਚ ਬੈਠੀ ਸੀ.ਆਰ.ਪੀ. 'ਤੇ ਰਾਤ ਵੇਲੇ ਹੱਲਾ ਕੀਤਾ। ਜਦੋਂ ਸਿੰਘਾਂ ਦੀ ਡਰੈਗਨ ਗੰਨ ਨੇ ਅਸਮਾਨ ਚੀਰਵੀਂ ਗਰਜ ਪੈਦਾ ਕੀਤੀ ਤਾਂ ਸੀ.ਆਰ.ਪੀ.ਐਫ. ਵਾਲੇ ਘਬਰਾ ਕੇ ਰਾਤ ਦੇ ਹਨੇਰੇ ਵਿਚ ਭੱਜ ਗਏ। ਦਿਨੇ ਹੋਰ ਫ਼ੋਰਸ ਆਈ ਤੇ ਰਾਤ ਰਹਿ ਗਿਆ ਸਾਜੋ-ਸਾਮਾਨ ਚੁੱਕ ਕੇ ਲੈ ਗਈ। ਭਾਈ ਸੀਤਲ ਸਿੰਘ ਨੇ ਬਟਾਲਾ ਪੁਲਿਸ ਨੂੰ ਲਲਕਾਰ ਕੇ ਕਿਹਾ ਕਿ ਜੇ ਮੇਰੀ ਛੋਟੀ ਭਰਜਾਈ ਨੂੰ ਸ਼ਾਮ ਤਕ ਨਾ ਛੱਡਿਆ ਤਾਂ ਫਿਰ ਬਟਾਲਾ ਥਾਣੇ ਵਾਲਿਉ, ਮੈਂ ਆਪ ਆ ਕੇ ਆਪਣੀ ਛੋਟੀ ਭੈਣਾਂ ਵਰਗੀ ਭਾਬੀ ਨੂੰ ਲੈ ਜਾਵਾਂਗਾ। ਤੁਸੀਂ ਆਪਣਾ ਪੱਕਾ ਪ੍ਰਬੰਧ ਕਰ ਲਵੋ। ਅੱਜ ਰਾਤ ਨੂੰ ਦਸਮੇਸ਼ ਰੈਜਮੈਂਟ ਬਟਾਲਾ ਥਾਣੇ ਦੀ ਇੱਟ ਨਾਲ ਇੱਟ ਖੜਕਾਏਗੀ। ਪੁਲਿਸ ਵਾਲੇ ਜਾਣਦੇ ਸਨ ਕਿ ਜੇ ਭਾਈ ਸੀਤਲ ਸਿੰਘ ਮੱਤੇਵਾਲ ਦੀ ਡਰੈਗਨ ਗੰਨ ਦਾ ਮੂੰਹ ਖੁੱਲ੍ਹ ਗਿਆ ਤਾਂ ਥਾਣੇ ਵਿਚ ਲੁਕਣਾ ਤਾਂ ਕੀ, ਭੱਜਣਾ ਵੀ ਮੁਸ਼ਕਿਲ ਹੋ ਜਾਊ। ਸ਼ਾਮ ਤੋਂ ਪਹਿਲਾਂ ਬੀਬੀ ਕੁਲਵਿੰਦਰ ਕੌਰ ਨੂੰ ਬਟਾਲੇ ਥਾਣੇ ਵਿਚੋਂ ਛੱਡ ਦਿੱਤਾ ਤੇ ਹਸਪਤਾਲ ਵਿਚ ਦਾਖਲ ਕਰਾਇਆ ਗਿਆ। ਪੁਲਿਸ ਤਸ਼ੱਦਦ ਨਾਲ ਬੀਬੀ ਦੀ ਹਾਲਤ ਬੜੀ ਵਿਗੜੀ ਹੋਈ ਸੀ। । ਹੁਣ ਵੀ ਬੀਬੀ ਲੰਙਾ ਕੇ ਤੁਰਦੀ ਹੈ।

ਸਤੰਬਰ 1991 ਵਿਚ ਹਿੰਦੁਸਤਾਨੀ ਫੋਰਸਾਂ ਨੇ ਸਿੰਘਾਂ ਨੂੰ ਖ਼ਤਮ ਕਰਨ ਲਈ ਕੰਘਾ ਆਪਰੇਸ਼ਨ ਸ਼ੁਰੂ ਕੀਤਾ ਹੋਇਆ ਸੀ। ਸਿੰਘਾਂ ਦੀਆਂ ਠਾਹਰਾਂ 'ਤੇ ਪੁਲਿਸ ਫ਼ੋਰਸ ਛਾਪੇ ਮਾਰ ਰਹੀ ਸੀ। ਕੁਝ ਦਿਨਾਂ ਤੋਂ ਭਾਈ ਸੀਤਲ ਸਿੰਘ ਦੇ ਟਿਕਾਣਿਆਂ 'ਤੇ ਪੁਲਿਸ ਛਾਪੇ ਮਾਰ ਰਹੀ ਸੀ। ਸਿੰਘਾਂ ਦੇ ਹਮਦਰਦਾਂ ਨੇ ਕਿਹਾ ਕਿ ਬਾਬਾ ਜੀ, ਕੁਝ ਚਿਰ ਵਾਸਤੇ ਇਲਾਕੇ ਛੱਡ ਕੇ ਲਾਂਭੇ ਹੋ ਜਾਵੋ। ਸਰਕਾਰ ਨੇ ਬੜੀ ਸਖ਼ਤੀ ਕੀਤੀ ਹੋਈ ਹੈ। ਤਾਂ ਭਾਈ ਸੀਤਲ ਸਿੰਘ ਦਾ ਹਮਦਰਦਾਂ ਨੂੰ ਉੱਤਰ ਸੀ, ''ਮੇਰੇ ਗੁਰਸਿੱਖ ਭਰਾਵੋ, ਤੁਹਾਡਾ ਧੰਨਵਾਦ, ਤੁਸੀਂ ਆਪ ਸਰਕਾਰ ਦਾ ਜ਼ੁਲਮ ਸਹਿ ਕੇ ਵੀ ਮੇਰਾ ਸਾਥ ਦਿੰਦੇ ਹੋ। ਜੋ ਸਹਿਯੋਗ ਤੁਸੀਂ ਦਿੱਤਾ ਹੈ ਅਤੇ ਦੇ ਰਹੇ ਹੋ, ਇਹ ਹੋਰ ਕਿਤੋਂ ਨਹੀਂ ਮਿਲਣਾ। ਤੁਸੀਂ ਮੈਨੂੰ ਆਪਦਾ ਪੁੱਤ ਸਮਝਿਆ ਹੈ ਤੇ ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਂ ਤੁਹਾਡੇ ਸਾਹਮਣੇ ਸ਼ਹੀਦ ਹੋਵਾਂਗਾ। ਬੰਦੇ ਤੋਂ ਬੰਦਾ ਡਰ ਕੇ ਭੱਜ ਕੇ ਕਿਤੇ ਹੋਰ ਥਾਂ ਜਾ ਸਕਦਾ ਹੈ, ਮੌਤ ਤੋਂ ਭੱਜ ਕੇ ਕਿਤੇ ਨਹੀਂ ਜਾਇਆ

ਜਾ ਸਕਦਾ। ਮੌਤ ਅਟੱਲ ਹੈ ਤੇ ਅਕਾਲ ਪੁਰਖ ਦੇ ਹੱਥ ਵਿਚ ਹੈ। ਗੁਰਬਾਣੀ ਦਾ ਫੁਰਮਾਨ ਹੈ ਕਿ **ਮਰਨ ਲਿਖਾਇ ਮੰਡਲ ਮਹਿ ਆਏ।** ਅਕਾਲ ਪੁਰਖ ਪਰਮੇਸ਼ਰ ਨੇ ਹਰ ਜੀਵ ਦੀ ਮੌਤ ਜਨਮ ਤੋਂ ਪਹਿਲਾਂ ਨਿਸਚਿਤ ਕੀਤੀ ਹੈ।'' ਭਾਈ ਸੀਤਲ ਸਿੰਘ ਮੱਤੇਵਾਲ ਤੇ ਸਾਥੀ ਤਰਸੇਮ ਸਿੰਘ ਮੱਤੇਵਾਲ, ਭਾਈ ਗੁਰਨਾਮ ਸਿੰਘ ਸੈਕਟਰੀ ਮੱਤੇਵਾਲ, ਭਾਈ ਗੁਰਮੁਖ ਸਿੰਘ ਬੱਗਾ ਉਰਫ਼ ਗੰਭੀਰ ਸਿੱਟਾ, ਭਾਈ ਗੁਰਦਿਆਲ ਸਿੰਘ ਮਾੜੀ ਪਨੂੰਆਂ ਦਾ ਆਪਣੇ ਸਨੇਹੀਆਂ ਕੋਲ ਐਲਾਨ ਸੀ ਕਿ ਜੇ ਸਾਨੂੰ ਕਿਸੇ ਪਿੰਡ ਵਿਚ, ਘਰ ਵਿਚ ਘੇਰਾ ਪੈ ਗਿਆ ਤਾਂ ਸਾਈਨਾਈਡ ਦਾ ਕੈਪਸੂਲ ਖਾ ਕੇ ਸ਼ਹੀਦੀ ਪ੍ਰਾਪਤ ਕਰਾਂਗੇ। ਜੇ ਕਿਤੇ ਮੈਦਾਨੇ-ਜੰਗ ਵਿਚ ਦੁਸ਼ਮਣ ਨੇ ਘੇਰਾ ਪਾਇਆ, ਫਿਰ ਚਮਕੌਰ ਦੀ ਕੱਚੀ ਗੜ੍ਹੀ ਦੇ ਨਜ਼ਾਰੇ ਵਿਖਾਵਾਂਗੇ। ਫਿਰ ਦਸਮੇਸ਼ ਪਿਤਾ ਜੀ ਵੀ ਖ਼ੁਸ਼ ਹੋਣਗੇ ਕਿ ਮੇਰੇ ਪੁੱਤਰਾਂ ਦਾ ਕਾਫ਼ਲਾ ਕੁੱਲੀ-ਕੁੱਲੀ ਨੂੰ ਕਿਲ੍ਹਾ ਬਣਾ ਸਕਦਾ ਹੈ ਤੇ ਅੱਜ ਦੇ ਨਾਹਰ ਖ਼ਾਨਾਂ ਨੂੰ ਗੱਡੀ ਵੀ ਚੜ੍ਹਾ ਰਿਹਾ ਹੈ ਤੇ ਮਿਰਜ਼ਾ ਮਰਦੂਦਾਂ ਨੂੰ ਲੜਾਈ ਵਿਚੋਂ ਭਜਾ ਵੀ ਰਿਹਾ ਹੈ ਤੇ ਮੇਰੇ ਖੰਡੇ-ਬਾਟੇ ਦੀ ਪਾਹੁਲ ਛਕ ਕੇ ਸ਼ਹੀਦੀਆਂ ਪ੍ਰਾਪਤ ਕਰ ਕੇ ਵੀ ਰਾਜ ਕਰੇਗਾ ਖ਼ਾਲਸਾ ਦਾ ਨਾਹਰਾ ਬੁਲੰਦ ਕਰ ਰਿਹਾ ਹੈ।

ਭਾਈ ਗੁਰਮੁਖ ਸਿੰਘ ਪਿੰਡ ਬੱਗਾ ਦਾ ਨੌਜਵਾਨ, ਪਰਮਾਤਮਾ ਦੀ ਬੰਦਗੀ ਕਰਨ ਵਾਲਾ ਗੱਭਰੂ ਸੀ। ਉਸ ਦੇ ਮੂੰਹ ਵਿਚੋਂ ਆਪ-ਮੁਹਾਰੇ ਵਾਰ-ਵਾਰ ਇਹ ਸ਼ਬਦ ਨਿਕਲਦੇ ਸਨ, ''ਜੇ ਕਿਤੇ ਮੈਦਾਨੇ-ਜੰਗ ਵਿਚ ਦਸਮੇਸ਼ ਰੈਜਮੈਂਟ ਨਾਲ ਹਿੰਦੁਸਤਾਨੀ ਫ਼ੌਜ ਦੇ ਤਨਖ਼ਾਹਾਂ 'ਤੇ ਲੜਨ ਵਾਲਿਆਂ ਸੂਰਮਿਆਂ ਦਾ ਪੰਗਾ ਪੈ ਗਿਆ ਤਾਂ ਵੇਖਣਾ ਫਿਰ ਅਸੀਂ ਕਿਵੇਂ ਗੰਭੀਰ ਸਿੱਟੇ ਭੁਗਤਾਉਂਦੇ ਹਾਂ। ਜੇ ਸਾਡੇ ਪਰਿਵਾਰਾਂ ਨੂੰ ਪੁਲਿਸ ਤੰਗ ਕਰੇਗੀ ਤਾਂ ਗੰਭੀਰ ਸਿੱਟੇ ਨਿਕਲਣਗੇ। ਸਾਨੂੰ ਰੋਟੀ ਖਵਾਉਣ ਵਾਲਿਆਂ ਨੂੰ ਪੁਲਿਸ ਨੇ ਫੜਿਆ ਤਾਂ ਸੰਬੰਧਿਤ ਅਫ਼ਸਰਾਂ ਨੂੰ ਗੰਭੀਰ ਸਿੱਟੇ ਭੁਗਤਣੇ ਪੈਂਦੇ। ਜਿਹੜੇ ਜੁਝਾਰੂ ਸਿੰਘਾਂ ਦੀ ਮੁਖ਼ਬਰੀ ਕਰਦੇ ਹਨ, ਉਹ ਗੰਭੀਰ ਸਿੱਟੇ ਭੁਗਤਣ ਲਈ ਤਿਆਰ ਰਹਿਣ।'' ਭਾਈ ਗੁਰਮੁਖ ਸਿੰਘ ਬੱਗਾ ਦੇ ਮੂੰਹ ਵਿਚੋਂ ਆਪ-ਮੁਹਾਰੇ ਉਚਾਰਣ 'ਗੰਭੀਰ ਸਿੱਟੇ' ਸ਼ਬਦ ਨਿਕਲਣ ਕਾਰਨ ਸਾਥੀ ਸਿੰਘਾਂ, ਨੇ ਦਸਮੇਸ਼ ਰੈਜਮੈਂਟ ਵਿਚ ਉਸ ਦਾ ਨਾਂ ਪਿਆਰ ਨਾਲ ਨਾਮ ਗੁਰਮੁਖ ਸਿੰਘ ਗੰਭੀਰ ਸਿੱਟਾ ਰੱਖਿਆ ਹੋਇਆ ਸੀ।

26 ਭਾਦਰੋਂ (10 ਸਤੰਬਰ) 1991 ਨੂੰ ਦਸਮੇਸ਼ ਰੈਜਮੈਂਟ ਦੇ ਪੰਜ ਜੁਝਾਰੂ ਸ਼ੇਰਦਿਲ—ਭਾਈ ਸੀਤਲ ਸਿੰਘ ਮੱਤੇਵਾਲ, ਭਾਈ ਤਰਸੇਮ ਸਿੰਘ ਮੱਤੇਵਾਲ, ਭਾਈ ਗੁਰਨਾਮ ਸਿੰਘ ਸੈਕਟਰੀ ਮੱਤੇਵਾਲ, ਭਾਈ ਗੁਰਦਿਆਲ ਸਿੰਘ ਮਾੜੀ ਪਨੂੰਆਂ, ਭਾਈ ਗੁਰਮੁਖ ਸਿੰਘ ਬੱਗਾ ਉਰਫ਼ ਗੰਭੀਰ ਸਿੱਟਾ ਪਿੰਡ ਬੱਲੋਵਾਲੀ ਦੇ ਖੇਤਾਂ ਵਿਚ ਲੱਗੇ ਨਲਕੇ 'ਤੇ ਇਸ਼ਨਾਨ ਕਰ ਰਹੇ ਸਨ। ਲਾਗੇ ਦੇ ਪਿੰਡ ਦਾ ਨੌਜਵਾਨ ਜਿਹੜਾ ਗੱਲਾਂ ਚੰਗੀਆਂ ਕਰ ਲੈਂਦਾ ਸੀ ਤੇ ਹੋਮਗਾਰਡ ਦੀ ਨੌਕਰੀ ਵੀ ਕਰਦਾ ਸੀ, ਨਲਕਾ ਗੇੜ ਕੇ ਸਿੰਘਾਂ ਨੂੰ ਇਸ਼ਨਾਨ ਕਰਵਾ ਰਿਹਾ ਸੀ। ਸਿੰਘਾਂ ਦੇ ਕੋਲ ਉਸ ਵੇਲੇ ਇਕ ਏ.ਕੇ. 47 ਅਸਾਲਟ ਰਾਈਫਲ ਹੱਥ ਵਿਚ ਫੜੀ ਭਾਈ ਗੁਰਮੁਖ ਸਿੰਘ ਬੱਗਾ ਪਹਿਰਾ

ਦੇ ਰਿਹਾ ਸੀ, ਸਿੰਘਾਂ ਨੇ ਦੂਜੇ ਹਥਿਆਰ ਤੇ ਗੋਲੀ ਸਿੱਕਾ ਕਮਾਦ ਦੇ ਖੇਤ ਵਿਚ ਰੱਖਿਆ ਹੋਇਆ ਸੀ। ਹੋਮਗਾਰਡੀਏ ਨੇ ਸੋਚਿਆ ਕਿ ਅੱਜ ਪੁਲਿਸ ਨੂੰ ਦੱਸ ਦੇਵਾਂ ਤਾਂ ਸੀਤਲ ਸਿੰਘ ਮੱਤੇਵਾਲ ਤੇ ਸਾਥੀ ਫੜਨੇ ਮੁਸ਼ਕਿਲ ਨਹੀਂ। ਇਹਨਾਂ ਕੋਲ ਇਕ ਏ.ਕੇ. 47 ਅਸਾਲਟ ਰਾਈਫਲ ਹੈ, ਕਿੰਨਾ ਕੁ ਚਿਰ ਇਸ ਨਾਲ ਮੁਕਾਬਲਾ ਕਰ ਲੈਣਗੇ। ਹੋਮਗਾਰਡ ਵਾਲੇ ਦੇ ਦਿਲ ਅੰਦਰੋਂ ਸਿੱਖੀ ਸਿਦਕ ਦੀ ਭਾਵਨਾ ਮਰ ਗਈ ਸੀ। ਲਾਲਚ ਭਾਰੂ ਹੋ ਗਿਆ। ਭਾਈ ਸੀਤਲ ਸਿੰਘ ਦੇ ਸਿਰ ਦਾ ਇਨਾਮ ਪੂਰਾ 40 ਲੱਖ ਰੁਪਏ ਤੇ ਦੂਜੇ ਸਿੰਘਾਂ ਦਾ ਵੀ ਹੈ। ਮੈਨੂੰ ਸਰਕਾਰ ਇਨਾਮ ਦੇਵੇਗੀ, ਮੇਰੀ ਬੇਰੁਜ਼ਗਾਰੀ ਤੇ ਗਰੀਬੀ ਖ਼ਤਮ ਹੋ ਜਾਊ। ਇਹਨਾਂ ਸਿੰਘਾਂ ਨੇ ਤਾਂ ਇਕ ਦਿਨ ਪੁਲਿਸ ਦੇ ਹੱਥ ਆ ਈ ਜਾਣਾ ਹੈ। ਫਿਰ ਮੈਂ ਹੀ ਕਿਉਂ ਨਾ ਇਹ ਵੇਲਾ ਸੰਭਾਲ ਲਵਾਂ। ਉਹ ਸਿੱਖ ਕੌਮ ਨਾਲ ਗ਼ੱਦਾਰੀ ਕਰਨ ਲਈ ਸਿੰਘਾਂ ਨੂੰ ਇਸਨਾਨ ਕਰਾ ਕੇ ਪਿੰਡ ਨੂੰ ਤੁਰ ਪਿਆ। ਡੀ.ਐਸ.ਪੀ. ਅਪਰੇਸ਼ਨ ਨਰਿੰਦਰਪਾਲ ਸਿਹੁੰ ਨੂੰ ਸਿੰਘਾਂ ਦੇ ਬੱਲੋਵਾਲੀ ਦੇ ਖੇਤਾਂ ਵਿਚ ਬੈਠੇ ਹੋਣ ਦੀ ਇਤਲਾਹ ਦਿੱਤੀ।

26 ਭਾਦਰੋਂ (10 ਸਤੰਬਰ) 1991 ਨੂੰ ਦਿਨ ਦੇ 10 ਕੁ ਵੱਜੇ ਸਨ। ਪਿੰਡ ਬੱਲੋਵਾਲੀ ਦੇ ਸਰਪੰਚ ਸੰਤੋਖ ਸਿੰਘ ਦੇ ਘਰੋਂ ਸਿੰਘਾਂ ਲਈ ਰੋਟੀ ਲੈ ਕੇ ਉਸ ਦੀ ਘਰਵਾਲੀ ਆਪਣੇ ਖੇਤਾਂ ਨੂੰ ਚੱਲ ਪਈ। ਸਵੇਰੇ ਸੰਤੋਖ ਸਿੰਘ ਆਪਣੇ ਖੇਤਾਂ ਨੂੰ ਗੇੜਾ ਮਾਰਨ ਆਇਆ ਸੀ। ਭਾਈ ਸੀਤਲ ਸਿੰਘ ਹੁਰਾਂ ਨੂੰ ਮਿਲਿਆ ਤੇ ਗੱਲਾਂ ਕਰਦੇ ਰਹੇ। ਚਾਹ-ਪਾਣੀ ਦੀ ਸੇਵਾ ਪੁੱਛੀ। ਸਿੰਘਾਂ ਨੇ ਕਿਹਾ ਕਿ ਭਾਊ, ਪਰਸ਼ਾਦੇ ਭੇਜ ਦੇਵੀਂ। ਭਾਈ ਸੀਤਲ ਸਿੰਘ ਤੇ ਸਰਪੰਚ ਸੰਤੋਖ ਸਿੰਘ ਦੋਵੇਂ ਪਿੰਡ ਉਦੋਕੇ ਵਿਆਹੇ ਹੋਏ ਸਨ। ਸਹੁਰਿਆਂ ਦੇ ਘਰ ਨਜ਼ਦੀਕ ਸਨ, ਉਂਜ ਵੀ ਭਾਈ ਸੀਤਲ ਸਿੰਘ ਮੱਤੇਵਾਲ ਨੂੰ ਇਲਾਕਾ ਆਪਣਾ ਆਗੂ ਸਮਝਦਾ ਸੀ। ਸੰਤੋਖ ਸਿੰਘ ਘਰ ਗਿਆ ਤੇ ਘਰਵਾਲੀ ਨੂੰ ਕਿਹਾ ਕਿ ਅੱਜ ਤੇਰਾ ਜੀਜਾ ਆਇਆ, ਪੈਲੀ 'ਤੇ ਬਾਗ ਵਿਚ ਬੈਠਾ। ਪੰਜ ਸਿੰਘ ਦਾ ਪ੍ਰਸ਼ਾਦਾ ਤਿਆਰ ਕਰ ਦੇ। ਸਰਪੰਚਣੀ ਕਹਿੰਦੀ—ਜੀ ਪ੍ਰਸ਼ਾਦਾ ਤਾਂ ਮੈਂ ਝੱਟ ਤਿਆਰ ਕਰ ਲੈਨੀ ਆਂ ਤੇ ਜੇ ਕਹੋ ਤਾਂ ਮੈਂ ਨਾਲੇ ਜੀਜੇ ਦੇ ਦਰਸ਼ਨ ਕਰ ਆਵਾਂ, ਨਾਲੇ ਰੋਟੀ ਲੈ ਜਾਵਾਂ। ਬੰਦੇ 'ਤੇ ਰੋਟੀ ਲੈ ਕੇ ਜਾਣ 'ਤੇ ਵੀ ਸ਼ੱਕ ਜ਼ਿਆਦਾ ਹੁੰਦਾ ਹੈ। ਮੈਂ ਤਾਂ ਨਰਿੰਦਰ ਨੂੰ ਵਿਆਹੁਣ ਗਏ ਨੂੰ ਹੀ ਸੀਤਲ ਨੂੰ ਵੇਖਿਆ ਹੈ। ਸਰਪੰਚ ਸੰਤੋਖ ਸਿੰਘ ਕਹਿੰਦਾ—ਠੀਕ ਹੈ। ਸ਼ੇਰਦਿਲ ਭਾਈ ਸੀਤਲ ਸਿੰਘ ਤੇ ਸਾਥੀ ਸਿੰਘ ਸੂਰਮੇ ਸਿੱਖ ਕੌਮ ਨੂੰ ਜ਼ਾਲਮ ਹਕੂਮਤ ਤੋਂ ਆਜ਼ਾਦ ਕਰਾਉਣ ਲਈ ਸਿਰਾਂ 'ਤੇ ਕ਼ਫਨ ਬੰਨ੍ਹ ਕੇ ਸੁੱਖਾਂ ਦਾ ਤਿਆਗ ਕਰ ਕੇ ਮੈਦਾਨੇ-ਜੰਗ ਵਿਚ ਜੂਝ ਰਹੇ ਹਨ। ਜਿੰਨੀ ਵੀ ਹੋ ਸਕੇ ਹਰ ਸਿੱਖ ਨੂੰ ਮਦਦ ਕਰਨੀ ਚਾਹੀਦੀ ਹੈ। ਸੰਤੋਖ ਸਿੰਘ ਦੀ ਘਰਵਾਲੀ ਰੋਟੀਆਂ ਪਕਾ ਕੇ, ਸਬਜ਼ੀ ਭਾਜੀ ਤਿਆਰ ਕਰ ਕੇ ਆਪਣੇ ਖੇਤਾਂ ਦੇ ਰਾਹ ਪੈ ਗਈ। ਸਰਪੰਚ ਸੰਤੋਖ ਸਿੰਘ ਵੱਲੋਂ ਸਰਪੰਚਣੀ ਨੂੰ ਸਿੰਘਾਂ ਦੀ ਰੋਟੀ ਦੇ ਕੇ ਭੇਜਣ ਤੋਂ ਪਤਾ ਲੱਗਦਾ ਹੈ ਕਿ ਦਸਮੇਸ਼ ਰੈਜਮੈਂਟ ਦੇ ਸਿੰਘਾਂ ਦਾ ਕਿਰਦਾਰ ਉੱਚਾ-ਸੁੱਚਾ ਤੇ ਬੇਦਾਗ ਸੀ।

10 ਸਤੰਬਰ 1991 ਦਾ ਦਿਨ ਸਿੱਖ ਇਤਿਹਾਸ ਦੇ ਪੰਨਿਆਂ ਵਿਚ ਆਪਣੀਆਂ ਪੈੜਾਂ ਸਿਰਜ ਗਿਆ ਹੈ। ਪਿੰਡ ਬੁੱਲੋਵਾਲੀ ਦੇ ਖੇਤਾਂ ਵਿਚ ਬਾਗ ਵਿਚ ਦਸਮੇਸ਼ ਰੈਜਮੈਂਟ ਦੇ ਜਰਨੈਲ ਸ਼ੇਰਦਿਲ ਭਾਈ ਸੀਤਲ ਸਿੰਘ ਮੱਤੇਵਾਲ ਸਾਥੀ ਸਿੰਘਾਂ ਨਾਲ ਬੈਠੇ ਸਨ। ਸੰਤੋਖ ਸਿੰਘ ਸਰਪੰਚ ਬੱਲੋਵਾਲੀ ਦੇ ਘਰੋਂ ਆਏ ਪ੍ਰਸ਼ਾਦੇ ਸਿੰਘ ਅਜੇ ਛਕਣ ਹੀ ਲੱਗੇ ਸਨ ਤੇ ਸਿੰਘਾਂ ਨੂੰ ਪ੍ਰਸ਼ਾਦੇ ਛਕਿਆਂ ਨੂੰ ਵੀ ਚੌਦਾਂ ਘੰਟੇ ਹੋ ਗਏ ਸਨ। ਅਜੇ ਪ੍ਰਸ਼ਾਦੇ ਕਿਸੇ ਸਿੰਘ ਨੇ ਇਕ ਛਕਿਆ ਸੀ ਤੇ ਕਿਸੇ ਨੇ ਅਜੇ ਗਰਾਹੀ ਹੀ ਮੂੰਹ ਵਿਚ ਪਾਈ ਸੀ, ਰੋਟੀਆਂ ਲੈ ਕੇ ਆਈ ਭੈਣ ਦੀ ਨਿਗਾਹ ਪੁਲਿਸ ਦੀਆਂ ਗੱਡੀਆਂ 'ਤੇ ਪਈ। ਉਸ ਨੇ ਕਿਹਾ, ''ਵੀਰ, ਪੁਲਿਸ ਆਉਂਦੀ ਜੇ, ਹੈ ਵੀ ਬੜੀ। ਕੋਈ ਚਾਰਾ ਕਰ ਲਵੋ।''

ਭਾਈ ਸੀਤਲ ਸਿੰਘ ਨੇ ਕਿਹਾ, ''ਭੈਣ, ਤੂੰ ਚੱਲ ਬਾਗ ਵਿਚੋਂ ਦੀ ਪਿੰਡ ਨੂੰ ਤੁਰ ਜਾ, ਪੁਲਿਸ ਨਾਲ ਅਸੀਂ ਆਪੇ ਸਿੱਝ ਲਵਾਂਗੇ।'' ਭੈਣ ਜਦੋਂ ਬਾਗ ਵਿਚੋਂ ਨਿਕਲੀ ਤਾਂ ਸੀ.ਆਰ.ਪੀ. ਨੇ ਘੇਰ ਲਿਆ। ਸਿੰਘਾਂ ਨੇ ਵੀ ਫ਼ਾਇਰ ਕਰ ਕੇ ਜੰਗ ਦਾ ਬਿਗਲ ਵਜਾ ਦਿੱਤਾ। ਸੀ.ਆਰ.ਪੀ. ਨੇ ਸਮਝ ਲਿਆ ਕਿ ਇਹ ਮੱਤੇਵਾਲ ਦੀ ਡਰੈਗਨ ਗੰਨ ਦਾ ਫ਼ਾਇਰ ਹੈ ਤੇ ਇਸ ਦਾ ਫ਼ਾਇਰ ਖ਼ਾਲੀ ਨਹੀਂ ਜਾਂਦਾ। ਸੀ.ਆਰ.ਪੀ. ਵਾਲੇ ਆਪਣੇ ਬਚਾਅ ਕਰਨ ਲਈ ਪਿੱਛੇ ਨੂੰ ਭੱਜ ਗਏ ਤੇ ਖਾਲਾਂ ਵੱਟਾਂ ਦੀ ਓਟ ਲੈ ਲਈ। ਰੋਟੀਆਂ ਲੈ ਕੇ ਆਈ ਭੈਣ ਖੇਤਾਂ ਵਿਚਦੀ ਬੱਲੋਵਾਲੀ ਪਹੁੰਚ ਗਈ। ਸੁਰੱਖਿਆ ਬਲਾਂ ਦੀ ਇਹ ਰਣਨੀਤੀ ਹੁੰਦੀ ਹੈ ਕਿ ਘੇਰੇ ਵਿਚ ਆਏ ਖਾੜਕੂਆਂ ਦੀ ਮਾਰ ਤੋਂ ਪਿੱਛੇ ਹਟ ਕੇ ਘੇਰਾਬੰਦੀ ਕੀਤੀ ਜਾਵੇ ਤੇ ਲੰਬਾ ਸਮਾਂ ਅੱਗੇ ਨਾ ਵਧਿਆ ਜਾਏ। ਖਾੜਕੂ ਸਿੰਘਾਂ ਦਾ ਅਸਲਾ ਵੱਧ ਤੋਂ ਵੱਧ ਖ਼ਤਮ ਹੋ ਜਾਵੇ। ਪਰ ਜਿਹੜੇ ਸਿੰਘਾਂ ਨੇ ਯੁੱਧਨੀਤੀ ਅਤੇ ਗੰਭੀਰ ਸਿੱਟੇ ਭੁਗਤਾਉਣ ਦਾ ਨਿਸ਼ਚਾ ਕੀਤਾ ਹੋਵੇ, ਉਹ ਇਕ ਵੀ ਗੋਲੀ ਅਜਾਈਂ ਨਹੀਂ ਗਵਾਉਣਾ ਚਾਹੁੰਦੇ। ਜਿਸ ਖੇਤ ਵਿਚ ਦਸਮੇਸ਼ ਰੈਜਮੈਂਟ ਦੇ ਪੰਜ ਸਿੰਘ ਮਰਦ ਦਲੇਰ ਘੇਰੇ ਹੋਏ ਸਨ, ਪੰਜ ਕਿੱਲੇ ਕਮਾਦ ਅਤੇ ਪੰਜ ਕਿੱਲੇ ਕਿਨੂੰਆਂ ਦਾ ਬਾਗ ਸੀ, ਕਮਾਦ ਵਿਚ ਇਕ ਧਰੇਕ ਦਾ ਰੁੱਖ ਸੀ ਤੇ ਹੇਠਾਂ ਬੋਰ ਵਾਲਾ ਟੋਆ ਵੀ ਸੀ, ਜੋ ਸਿੰਘਾਂ ਨੂੰ ਮੁਕਾਬਲਾ ਕਰਨ ਲਈ ਸਹਾਈ ਸਿੱਧ ਹੋ ਰਹੇ ਸਨ। ਧਰੇਕ ਉਪਰ ਚੜ੍ਹ ਕੇ ਦੁਸ਼ਮਣ ਦੇ ਟਿੱਡੀਦਲ ਨੂੰ ਢੂੰਡਣ ਦਾ ਅੰਦਾਜ਼ਾ ਲਾਉਂਦੇ ਸਨ, ਜਿਸ ਵਾਸਤੇ ਦੁਸ਼ਮਣ ਦਾ ਟਿੱਡੀਦਲ ਮਾਰ ਹੇਠਾਂ ਹੁੰਦਾ, ਸਿੰਘਾਂ ਦੀ ਡਰੈਗਨ ਗੰਨ ਉਸ ਪਾਸੇ ਗਰਜਦੀ ਤੇ ਵੈਰੀ ਦਲ ਦੇ ਸੱਥਰ ਵਿਛਾ ਦਿੰਦੀ। ਪੁਲਿਸ ਦੀਆਂ ਗੱਡੀਆਂ ਜ਼ਖ਼ਮੀ ਸੀ.ਆਰ.ਪੀ. ਤੇ ਪੁਲਿਸ ਅਤੇ ਲਾਸ਼ਾਂ ਨੂੰ ਲੈ ਕੇ ਅੰਮ੍ਰਿਤਸਰ ਨੂੰ ਭੱਜਦੀਆਂ ਸਨ। ਸੂਰਮੇ ਵੈਰੀ ਦੇ ਆਹੂ ਲਾਹ ਕੇ ਬੋਰ ਵਾਲੇ ਟੋਏ ਵਿਚ ਵੜ ਜਾਂਦੇ ਸਨ। ਸੁਰੱਖਿਆ ਫ਼ੋਰਸਾਂ ਆਪਣਾ ਗੋਲੀ ਸਿੱਕਾ ਅੰਨ੍ਹੇਵਾਰ ਬਰਬਾਦ ਕਰ ਰਹੇ ਸਨ। ਸਿੰਘਾਂ ਵੱਲੋਂ ਗੋਲੀਬੰਦੀ 'ਤੇ ਦੁਸ਼ਮਣ ਜੁਝਾਰੂ ਸਿੰਘਾਂ ਨੂੰ ਮਾਰੇ ਗਏ ਸਮਝ ਕੇ ਅੱਗੇ ਵਧਿਆ ਤਾਂ ਕਮਾਦ ਦੇ ਚਾਰਾਂ ਪਾਸਿਆਂ ਤੋਂ ਮੱਤੇਵਾਲ ਦੀ ਡਰੈਗਨ ਤੇ ਜਨਰਲ ਪਰਪਜ਼ ਮਸ਼ੀਨਗੰਨ ਨੇ ਤੇ ਅਸਾਲਟਾਂ ਨੇ ਸਵਾਗਤ ਕੀਤਾ। ਹੁਣ ਦੁਸ਼ਮਣ

ਨੂੰ ਪਤਾ ਲੱਗ ਗਿਆ ਕਿ ਅੱਜ ਸਾਡਾ ਪਹਿਲੀ ਵਾਰ ਗੰਭੀਰ ਸਿੱਟੇ ਭੁਗਤਾਉਣ ਵਾਲਿਆਂ ਨਾਲ ਵਾਹ ਪੈ ਗਿਆ ਹੈ। ਦੁਸ਼ਮਣ ਦੇ ਜ਼ਖਮੀਆਂ ਦੀ ਕੁਰਲਾਹਟ ਅਤੇ ਜੁਝਾਰੂ ਸਿੰਘਾਂ ਦੇ ਸਤਿ ਸ੍ਰੀ ਅਕਾਲ ਤੇ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਅਨੋਖਾ ਹੀ ਨਜ਼ਾਰਾ ਪੇਸ਼ ਕਰ ਰਹੇ ਸਨ। ਐਸ.ਐਸ.ਪੀ. ਆਪਰੇਸ਼ਨ ਨਰਿੰਦਰਪਾਲ ਸਿਹੁੰ ਪੁਲਿਸ ਮੁਖੀ ਨੂੰ ਕਹਿ ਰਿਹਾ ਸੀ ਕਿ ਸਾਹਿਬ, ਹੋਰ ਸੁਰੱਖਿਆ ਫ਼ੋਰਸਾਂ ਦੇ ਜਵਾਨ ਅਤੇ ਬੁਲੇਟ ਪਰੂਫ਼ ਟਰੈਕਟਰ ਭੇਜੇ ਜਾਣ। ਰਾਤ ਦੇ ਹਨੇਰੇ ਵਿਚ ਖਾੜਕੂ ਘੇਰਾ ਤੋੜ ਕੇ ਨਿਕਲ ਸਕਦੇ ਹਨ। ਬੀ.ਐਸ.ਐਫ. ਤੇ ਸੀ.ਆਰ.ਪੀ. ਦੇ ਹਜ਼ਾਰਾਂ ਜਵਾਨ ਭੇਜ ਦਿੱਤੇ ਤੇ ਤਿੰਨ ਘੇਰੇ ਪਾ ਲਏ ਗਏ। ਰਾਤ ਪੈ ਗਈ, ਦੁਸ਼ਮਣ ਅੰਨ੍ਹੇਵਾਹ ਗੋਲੀ ਚਲਾ ਰਿਹਾ ਸੀ ਕਿ ਖਾੜਕੂ ਸਿੰਘਾਂ ਉੱਤੇ ਦਹਿਸ਼ਤ ਕਾਇਮ ਰੱਖੀ ਜਾ ਸਕੇ। ਜਦੋਂ ਰਾਤ ਸਿੰਘਾਂ ਨੇ ਅਚਾਨਕ ਘੇਰੇ 'ਤੇ ਹੱਲਾ ਬੋਲਿਆ, ਡਰੈਗਨ ਗੰਨ ਗਰਜੀ ਤਾਂ ਇਲਾਕੇ ਦੇ ਲੋਕ ਕਹਿੰਦੇ ਹਨ ਕਿ ਸੁਰੱਖਿਆ ਬਲਾਂ ਵਿਚ ਕੁਰਲਾਹਟ, ਮਾਰ ਡਾਲਾ, ਹਾਏ ਮਾਰ ਡਾਲਾ, ਬਚਾਉ-ਬਚਾਉ ਦੀਆਂ ਆਵਾਜ਼ਾਂ ਆਉਂਦੀਆਂ ਸਨ। ਸੁਰੱਖਿਆ ਫ਼ੋਰਸਾਂ ਨੇ ਚਾਨਣ ਕਰਨ ਵਾਲੇ ਯੰਤਰ ਆਕਾਸ਼ ਵਿਚ ਚਲਾ ਦਿੱਤੇ, ਜਿਸ ਨਾਲ ਸਾਰੇ ਇਲਾਕੇ ਵਿਚ ਚਾਨਣ ਹੋ ਗਿਆ ਕਿ ਜ਼ਖਮੀਆਂ ਨੂੰ ਚੁੱਕਿਆ ਜਾਵੇ।

ਅੱਧੀ ਰਾਤ ਵੇਲੇ ਤਿੰਨ ਪਾਸਿਆਂ ਤੋਂ ਦਸਮੇਸ਼ ਰੈਜਮੈਂਟ ਦੇ ਸਹਿਯੋਗ ਵਿਚ ਭਾਈ ਹਰਦੇਵ ਸਿੰਘ ਕਾਲੀਆ ਕਾਦਰਾਬਾਦ, ਭਾਈ ਬਲਵਿੰਦਰ ਸਿੰਘ ਸ਼ਾਹਪੁਰ ਨੇ ਆਪਣੇ ਜਥੇ ਦੇ ਸਿੰਘਾਂ ਨਾਲ ਘੇਰਾ ਤੋੜਨ ਲਈ ਹਮਲਾ ਕਰ ਦਿੱਤਾ ਤਾਂ ਤੀਜਾ ਘੇਰਾ ਪਾਈ ਬੈਠੀ ਸੀ.ਆਰ.ਪੀ. ਤੇ ਬੀ.ਐਸ.ਐਫ਼. ਵਿਚ ਹਾਹਾਕਾਰ ਮੱਚ ਗਈ। ਬੱਲੋਵਾਲੀ ਦੇ ਚੁਫੇਰੇ ਦਸ-ਦਸ ਕਿਲੋਮੀਟਰ ਤਕ ਪੁਲਿਸ ਮੁਕਾਬਲੇ ਦਾ ਘੇਰਾ ਉਲਝ ਗਿਆ ਸੀ। ਗਰਮੀ ਦੇ ਦਿਨਾਂ ਵਿਚ ਬਿਜਲੀ ਬੰਦ ਸੀ, ਭਾਦਰੋਂ ਦੇ ਮਹੀਨੇ ਮਰੋੜਾ ਲੱਗਾ ਸੀ। ਲੋਕ ਰਾਤ ਬਹਿ ਕੇ ਘਰਾਂ ਅੰਦਰ ਹੀ ਕੱਟ ਰਹੇ ਸਨ। ਪਾਣੀ ਦੀ ਵਾਰੀ ਲਾਉਣ ਵਾਲੇ ਕਿਸਾਨ ਵੀ ਰਾਤ ਬਾਹਰ ਨਹੀਂ ਸੀ ਜਾ ਰਹੇ। ਇੰਨੀ ਗੋਲੀ ਤਾਂ ਕਦੀ ਬਾਰਡਰ 'ਤੇ ਵੀ ਨਹੀਂ ਚੱਲੀ ਹੋਣੀ।

ਭਾਈ ਸੀਤਲ ਸਿੰਘ ਮੱਤੇਵਾਲ ਨੂੰ ਪਏ ਪੁਲਿਸ ਦੇ ਜ਼ਬਰਦਸਤ ਘੇਰੇ ਦੀ ਖ਼ਬਰ ਸਾਰੇ ਪੰਜਾਬ ਅੰਦਰ ਜੰਗਲ ਦੀ ਅੱਗ ਵਾਂਗ ਫੈਲ ਗਈ। ਸੁਣ ਕੇ ਜੁਝਾਰੂ ਸਿੰਘ ਵਹੀਰਾਂ ਘੱਤ ਤੁਰੇ ਕਿ ਜੇ ਅੱਜ ਦਾ ਦਿਨ ਸਿੰਘ ਚੜ੍ਹਦੀ ਕਲਾ ਵਿਚ ਕੱਢ ਗਏ ਤਾਂ 12 ਸਤੰਬਰ ਦੀ ਰਾਤ ਨੂੰ ਅਜਿਹਾ ਕਹਿਰੀ ਹੱਲਾ ਬੋਲਾਂਗੇ ਕਿ ਦੁਸ਼ਮਣ ਨੂੰ ਨਾਨੀ ਯਾਦ ਕਰਾ ਦੇਵਾਂਗੇ। ਹਰ ਹਾਲਤ ਵਿਚ ਦਸਮੇਸ਼ ਰੈਜਮੈਂਟ ਦੇ ਭਾਈ ਸੀਤਲ ਸਿੰਘ ਨੂੰ ਘੇਰੇ ਵਿਚੋਂ ਕੱਢ ਕੇ ਰਹਾਂਗੇ। ਲੋਕਾਂ ਦੇ ਦੱਸਣ ਅਨੁਸਾਰ ਚਾਰ ਸੌ ਤੋਂ ਵੱਧ ਸਿੰਘ ਰਾਤ ਨੂੰ ਹਮਲਾ ਕਰਨ ਲਈ ਪਹੁੰਚ ਗਏ ਸਨ। ਰਾਤ ਵੇਲੇ ਅਚਾਨਕ ਚਾਰੇ ਪਾਸਿਆਂ ਤੋਂ ਸੁਰੱਖਿਆ ਫ਼ੋਰਸਾਂ ਉਪਰ ਜ਼ਬਰਦਸਤ ਹਮਲਾ ਕਰਨ ਦੀ ਤਿਆਰੀ ਸੀ। 11 ਸਤੰਬਰ ਦੀ ਰਾਤ ਨੂੰ ਭਾਈ ਤਰਸੇਮ ਸਿੰਘ ਮੱਤੇਵਾਲ ਦੁਸ਼ਮਣ ਨਾਲ ਲੋਹਾ ਲੈਂਦਿਆਂ ਸ਼ਹਾਦਤ ਦਾ ਜਾਮ ਪੀ ਗਿਆ। ਦਿਨ ਚੜ੍ਹੇ ਤਕ ਸਿੰਘਾਂ ਨੇ ਗੋਲੀ

ਚਲਾਉਣੀ ਬੰਦ ਰੱਖੀ। ਦਿਨੇ ਕਮਾਦ ਦੀ ਤਲਾਸ਼ੀ ਲੈਣੀ ਚਾਹੀ ਕਿ ਹੁਣ ਤਾਂ ਰਾਤ ਦੀ ਇਤਨੀ ਜ਼ਬਰਦਸਤ ਗੋਲੀਬਾਰੀ ਵਿਚ ਸਿੰਘ ਮਾਰੇ ਗਏ ਹੋਣਗੇ, ਦੁਸ਼ਮਣ ਨੂੰ ਭਾਈ ਤਰਸੇਮ ਸਿੰਘ ਦੀ ਗੋਲੀਆਂ ਨਾਲ ਛਲਣੀ ਹੋਈ ਲਾਸ਼ ਬਾਹਰਲੀ ਵੱਟ ਤੋਂ ਕਮਾਦ ਵਿਚ ਮਿਲ ਗਈ। ਦੁਸ਼ਮਣ ਖ਼ੁਸ਼ੀ ਵਿਚ ਜੱਫੀਆਂ ਪਾਉਣ ਲੱਗਾ। ਦੂਜੇ ਖਾੜਕੂਆਂ ਦੀਆਂ ਲਾਸ਼ਾਂ ਦੀ ਭਾਲ ਚਾਰੇ ਪਾਸੇ ਹੋਣ ਲੱਗੀ। ਖ਼ੁਸ਼ੀਆਂ ਕੁਰਲਾਹਟ ਵਿਚ ਬਦਲ ਗਈਆਂ, ਜਦੋਂ ਸਿੰਘਾਂ ਦੀਆਂ ਡਰੈਗਨ ਗੰਨਾਂ, ਜੀ.ਪੀ.ਐਮਾਂ ਨੇ ਅੱਗ ਕੱਢੀ। ਭੱਜੇ ਜਾਂਦੇ ਸੁਰੱਖਿਆ ਜਵਾਨਾਂ ਦੇ ਗੋਲੀਆਂ ਲੱਗਣ ਨਾਲ ਸੱਥਰ ਵਿਛ ਗਏ। ਹੁਣ ਤਾਂ ਜ਼ਖ਼ਮੀਆਂ ਨੂੰ ਚੁੱਕਣ ਲਈ ਵੀ ਕੋਈ ਮਾਈ ਦਾ ਲਾਲ ਸਾਹਮਣੇ ਨਾ ਆਇਆ। ਫ਼ੌਜ ਨੂੰ ਸੱਦਣ ਲਈ ਸਲਾਹਾਂ ਹੋਣ ਲੱਗੀਆਂ। ਸੀ.ਆਰ.ਪੀ. ਦੇ ਕਮਾਂਡੈਂਟ ਭਾਨੂੰ ਪਰਤਾਪ ਸਿਹੁੰ ਤੇ ਐਸ.ਐਸ. ਯਾਦਵ ਬੁਲੇਟ ਪਰੂਫ਼ ਟਰੈਕਟਰਾਂ ਦਾ ਕਾਫ਼ਲਾ ਲੈ ਕੇ ਪਹੁੰਚ ਗਏ। ਹਾਕਮਾਂ ਨੂੰ ਬੁਲੇਟ ਪਰੂਫ਼ ਟਰੈਕਟਰਾਂ ਉੱਤੇ ਕੁਝ ਜ਼ਿਆਦਾ ਹੀ ਮਾਣ ਸੀ, ਉਹ ਸਮਝਦੇ ਸਨ ਕਿ ਸਿੰਘਾਂ ਨੂੰ ਜਿਉਂਦੇ ਹੀ ਕਮਾਦ ਵਿਚੋਂ ਫੜ ਲਵਾਂਗੇ। ਜਦੋਂ ਸੀ.ਆਰ.ਪੀ. ਦਾ ਕਮਾਂਡੈਂਟ ਭਾਨੂੰ ਪਰਤਾਪ ਬੁਲੇਟ ਪਰੂਫ਼ ਟਰੈਕਟਰ ਵਿਚ ਸਵਾਰ ਹੋ ਕੇ ਕਮਾਦ ਵਿਚ ਵੜਿਆ ਤਾਂ ਸ਼ੇਰਦਿਲ ਭਾਈ ਸੀਤਲ ਸਿੰਘ ਦੇ ਸਾਥੀ ਜੁਝਾਰੂ ਸਾਥੀਆਂ ਨੇ ਡਰੈਗਨ ਗੰਨ ਨਾਲ ਉਲਟ ਬਾਜ਼ੀਆਂ ਲਵਾ ਦਿੱਤੀਆਂ। ਭਾਨੂੰ ਪਰਤਾਪ ਸਿੰਘ ਚੀਕਾਂ ਮਾਰਦਾ ਕਮਾਦ ਦੇ ਖੇਤ ਵਿਚੋਂ ਭੱਜ ਉੱਠਿਆ। ਇਸ ਪਿੱਛੋਂ ਸੀ.ਆਰ.ਪੀ. ਦਾ ਅਫ਼ਸਰ ਐਸ.ਐਸ. ਯਾਦਵ ਬੁਲੇਟ ਪਰੂਫ਼ ਟਰੈਕਟਰ ਵਿਚ ਸਵਾਰ ਹੋ ਕੇ ਕਮਾਦ ਦੇ ਖੇਤ ਵਿਚ ਵੜ ਗਿਆ। ਬੁਲੇਟ ਪਰੂਫ਼ ਟਰੈਕਟਰ ਉਪਰ ਕਹਿੰਦੇ ਹਨ ਕਿ ਗੋਲੀ ਦਾ ਅਸਰ ਨਹੀਂ ਹੁੰਦਾ ਪਰ ਸਿੰਘਾਂ ਨੇ ਡਰੈਗਨ ਗੰਨ ਨਾਲ ਬੁਲੇਟ ਪਰੂਫ਼ ਟਰੈਕਟਰ ਦੀ ਬਾਰੀ ਦੇ ਕਬਜੇ 'ਤੇ ਅਜਿਹਾ ਨਿਸ਼ਾਨਾ ਮਾਰਿਆ ਕਿ ਬਾਰੀ ਦੇ ਕਬਜ਼ੇ ਟੁੱਟ ਗਏ ਤੇ ਬਾਰੀ ਡਿੱਗ ਪਈ। ਟਰੈਕਟਰ ਦਾ ਡਰਾਈਵਰ ਮਾਰਿਆ ਗਿਆ, ਐਸ.ਐਸ. ਯਾਦਵ ਸਖ਼ਤ ਜ਼ਖ਼ਮੀ ਹੋਇਆ। ਦਸਮੇਸ਼ ਰੈਜਮੈਂਟ ਦੇ ਸਿੰਘਾਂ ਨੇ ਬੁਲੇਟ ਪਰੂਫ਼ ਟਰੈਕਟਰਾਂ ਦਾ ਕਮਾਦ ਦੇ ਖੇਤ ਵਿਚ ਕਬਰਿਸਤਾਨ ਬਣਾ ਦਿੱਤਾ। ਕਮਾਦ ਦੇ ਖੇਤ ਵਿਚਲੇ ਜੁਝਾਰੂ ਧਰੇਕ ਦੇ ਰੁੱਖ ਨੂੰ ਟਾਵਰ ਦੇ ਤੌਰ 'ਤੇ ਵਰਤ ਰਹੇ ਸਨ, ਦੁਸ਼ਮਣ ਦੀਆਂ ਸਰਗਰਮੀਆਂ ਦਾ ਉਪਰ ਚੜ੍ਹ ਕੇ ਅੰਦਾਜ਼ਾ ਲਾਉਂਦੇ ਸਨ। ਹਾਕਮ ਨੇ ਇਸ ਗੱਲ ਦਾ ਅੰਦਾਜ਼ਾ ਲਾਇਆ, ਰੁੱਖ ਉੱਤੇ ਗੋਲੀਆਂ ਦੀ ਵਾਛੜ ਕੀਤੀ ਤਾਂ ਧਰੇਕ ਦੇ ਰੁੱਖ ਉਪਰ ਲੱਗਾ ਡੂਮਣਾ ਉੱਡ ਗਿਆ (ਇਸ ਤੋਂ ਪਹਿਲਾਂ ਜੁਝਾਰੂ ਸਿੰਘ ਕਈ ਵਾਰ ਰੁੱਖ ਉੱਪਰ ਚੜ੍ਹੇ-ਉਤਰੇ ਸਨ, ਡੂਮਣਾ ਉੱਡਿਆ ਨਹੀਂ ਸੀ) ਤੇ ਦੂਰ ਬੈਠੇ ਪੁਜੀਸ਼ਨਾਂ ਲੈ ਕੇ ਗੋਲੀਆਂ ਚਲਾ ਰਹੇ ਸੀ.ਆਰ.ਪੀ. ਦੇ ਜਵਾਨਾਂ ਨੂੰ ਲੜਨ ਲੱਗਾ ਤਾਂ ਸੀ.ਆਰ.ਪੀ. ਵਾਲੇ ਚੀਕਾਂ ਮਾਰ ਕੇ ਮੋਰਚੇ ਛੱਡ ਕੇ ਪਿਛਾਂਹ ਭੱਜ ਉੱਠੇ। ਐਸ.ਐਸ.ਪੀ. ਆਪਰੇਸ਼ਨ ਨਰਿੰਦਰਪਾਲ ਖ਼ਫ਼ਾ ਹੋ ਰਿਹਾ ਸੀ ਤੇ ਕਹਿ ਰਿਹਾ ਸੀ ਕਿ ਜੇ ਅੱਜ ਸ਼ਾਮ ਤਕ ਖਾੜਕੂ ਨਾ ਮਾਰੇ ਗਏ ਤਾਂ ਇਸ ਦੇ ਇਸ ਤੋਂ ਵੀ ਜ਼ਿਆਦਾ ਗੰਭੀਰ ਸਿੱਟੇ ਭੁਗਤਣੇ ਪੈਣਗੇ। ਸੀ.ਆਈ.ਡੀ. ਕਹਿ ਰਹੀ ਹੈ

ਕਿ ਇਲਾਕੇ ਦੇ ਸਾਰੇ ਧੜੇ-ਗਰੁੱਪ ਖਾੜਕੂ ਇਕੱਠੇ ਹੋ ਕੇ ਦਸਮੇਸ਼ ਰੈਜਮੈਂਟ ਦੇ ਘਿਰੇ ਹੋਏ ਮੁਖੀ ਭਾਈ ਸੀਤਲ ਸਿੰਘ ਮੱਤੇਵਾਲ ਨੂੰ ਘੇਰੇ ਵਿਚੋਂ ਕੱਢਣ ਲਈ ਸੁਰੱਖਿਆ ਬਲਾਂ ਉੱਤੇ ਰਾਤ ਵੇਲੇ ਹਮਲਾ ਕਰਨ ਦੀ ਯੋਜਨਾ ਬਣਾ ਰਹੇ ਹਨ। ਫਿਰ ਤਾਂ ਸੁਰੱਖਿਆ ਬਲਾਂ ਨੂੰ ਆਪਣੀ ਜਾਨ ਬਚਾ ਕੇ ਭੱਜਣਾ ਵੀ ਮੁਸ਼ਕਿਲ ਹੋ ਜਾਵੇਗਾ। ਦਸਮੇਸ਼ ਰੈਜਮੈਂਟ ਦੇ ਸਿੰਘਾਂ ਦੇ ਘੇਰੇ ਵਿਚ ਆ ਜਾਣ ਤੇ ਉਹਨਾਂ ਨੂੰ ਘੇਰੇ ਵਿਚੋਂ ਬਚਾਉਣ ਲਈ ਲੋਕਾਂ ਦੇ ਅੰਦਰ ਉੱਠ ਰਹੇ ਰੋਹ ਦੇ ਤੂਫ਼ਾਨ ਨੂੰ ਸ਼ਾਂਤ ਕਰਨ ਲਈ, ਇਹ ਅਫ਼ਵਾਹ ਵੀ ਫ਼ੈਲਾਈ ਗਈ ਕਿ ਭਾਈ ਸੀਤਲ ਸਿੰਘ ਮੱਤੇਵਾਲ ਕੁਝ ਸਾਥੀਆਂ ਨਾਲ ਰਾਤ ਵੇਲੇ ਘੇਰਾ ਤੋੜ ਕੇ ਨਿਕਲ ਗਏ ਹਨ। ਲੋਕਾਂ ਨੇ ਤਾਂ ਇਸ ਖ਼ੁਸ਼ੀ ਵਿਚ ਲੱਡੂ ਵੀ ਵੰਡ ਦਿੱਤੇ ਪਰ ਇਹ ਪ੍ਰਚਾਰ ਹਾਕਮਾਂ ਦੀ ਕੂਟਨੀਤੀ ਦਾ ਹਿੱਸਾ ਸੀ। ਸਖ਼ਤ ਹਿਦਾਇਤਾਂ 'ਤੇ ਤਿੰਨ ਬੁਲੇਟ ਪਰੂਫ਼ ਟਰੈਕਟਰ ਕਮਾਦ ਦੇ ਖੇਤ ਵਿਚ ਵਾੜੇ ਗਏ। ਭਾਈ ਗੁਰਨਾਮ ਸਿੰਘ ਸੈਕਟਰੀ ਮੱਤੇਵਾਲ ਗੋਲੀਆਂ ਲੱਗਣ ਨਾਲ ਜ਼ਖ਼ਮੀ ਹੋਏ ਨੂੰ ਬੁਲੇਟ ਪਰੂਫ਼ ਟਰੈਕਟਰ ਨਾਲ ਫੜਨ ਵਿਚ ਹਾਕਮ ਸਫਲ ਹੋ ਗਏ ਤੇ ਉਸ ਨੂੰ ਢਾਲ ਵਜੋਂ ਵਰਤਦਿਆਂ ਬਾਕੀ ਸਿੰਘਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਜੋ ਅੰਤਰ-ਰਾਸ਼ਟਰੀ ਕਾਨੂੰਨ ਅਨੁਸਾਰ ਜੰਗੀ ਕੈਦੀ ਨੂੰ ਢਾਲ ਵਜੋਂ ਵਰਤਣਾ ਗ਼ਲਤ ਹੈ।

ਭਾਈ ਗੁਰਮੁਖ ਸਿੰਘ ਬੱਗਾ ਤੇ ਭਾਈ ਗੁਰਦਿਆਲ ਸਿੰਘ ਮਾੜੀ ਪਨੂੰਆਂ ਨੇ ਤਿੰਨਾਂ ਬੁਲੇਟ ਪਰੂਫ਼ ਟਰੈਕਟਰ ਨੂੰ ਕਬਾੜ ਬਣਾ ਦਿੱਤਾ। ਡਰੈਗਨ ਗੰਨ ਨਾਲ ਟਰੈਕਟਰਾਂ ਦੇ ਕਬਜ਼ੇ ਤੋੜੇ ਤੇ ਉਲਟ ਬਾਜ਼ੀਆਂ ਲਵਾ ਦਿੱਤੀਆਂ। ਇਹ ਦ੍ਰਿਸ਼ ਵੀ ਚਮਕੌਰ ਦੀ ਕੱਚੀ ਗੜ੍ਹੀ ਵਿਚੋਂ ਬਾਹਰ ਨਿਕਲ ਕੇ ਪੰਜ ਸਿੰਘਾਂ ਦੇ ਦਸ ਲੱਖ ਫ਼ੌਜ ਨੂੰ ਵੰਗਾਰ ਕੇ ਸ਼ਹੀਦ ਹੋਣ ਦੇ ਬਰਾਬਰ ਸੀ। ਇਹ ਸਿੰਘਾਂ ਦਾ ਦੁਸ਼ਮਣ ਦੇ ਕਹਿਰੀ ਹਮਲੇ ਨੂੰ ਬਹਾਦਰੀ ਨਾਲ ਰੋਕ ਕੇ ਸ਼ਹਾਦਤ ਪਾਉਣ ਦਾ, ਜਾਂਬਾਜ਼ੀ ਦਾ ਸਿਖਰਾਂ ਛੂੰਹਦਾ ਸ਼ਹਾਦਤ ਦਾ ਅਲੋਕਾਰ ਕਾਰਨਾਮਾ ਸੀ। ਭਾਈ ਗੁਰਦਿਆਲ ਸਿੰਘ ਤੇ ਭਾਈ ਗੁਰਮੁਖ ਸਿੰਘ ਬੱਗਾ ਦਾ ਦੁਸ਼ਮਣ ਨੂੰ ਗੰਭੀਰ ਸਿੱਟੇ ਭੁਗਤਾਉਣ ਦਾ ਜਾਮੇ-ਸ਼ਹਾਦਤ ਪਾਉਣ ਦਾ ਜਜ਼ਬਾ ਸ਼ਹੀਦੀ ਪ੍ਰਾਪਤ ਕਰ ਕੇ ਪ੍ਰਵਾਨ ਚੜ੍ਹਿਆ। ਸ਼ੇਰਦਿਲ ਭਾਈ ਸੀਤਲ ਸਿੰਘ ਮੱਤੇਵਾਲ ਗੋਲੀਆਂ ਲੱਗਣ ਨਾਲ ਸਖ਼ਤ ਜ਼ਖ਼ਮੀ ਹੋ ਗਏ। ਉਹਨਾਂ ਡਰੈਗਨ ਗੰਨ ਨਾਲ ਪੁਜ਼ੀਸ਼ਨ ਸੰਭਾਲੀ ਹੋਈ ਸੀ ਤੇ ਧਰਤੀ 'ਤੇ ਵਿਛੇ ਹੋਏ ਕਮਾਦ ਵਿਚ ਪਏ ਸਨ। ਭਾਈ ਸੀਤਲ ਸਿੰਘ ਦੀ ਤਮੰਨਾ ਸੀ ਕਿ ਦੁਸ਼ਮਣ ਉਸ ਨੂੰ ਸ਼ਹੀਦ ਹੋਇਆ ਸਮਝ ਕੇ ਚੁੱਕਣ ਆਵੇਗਾ ਤੇ ਡਰੈਗਨ ਗੰਨ ਨਾਲ ਉਹ ਦੁਸ਼ਮਣ ਦੀ ਫ਼ੌਜ ਦੇ ਸੱਥਰ ਵਿਛਾ ਦੇਵੇਗਾ। ਬੁਲੇਟ ਪਰੂਫ਼ ਟਰੈਕਟਰਾਂ ਨਾਲ ਪੰਜ ਕਿੱਲੇ ਕਮਾਦ ਵਿਛ ਗਿਆ ਸੀ, ਟਰੈਕਟਰ ਵੀ ਵਿਚੇ ਹੀ ਕਬਾੜ ਬਣੇ ਪਏ ਸਨ। ਸੁਰੱਖਿਆ ਬਲਾਂ ਦੇ ਜਵਾਨ ਭਾਈ ਸੀਤਲ ਸਿੰਘ ਦੀ ਲਾਸ਼ ਚੁੱਕਣ ਲਈ ਅੱਗੇ ਵਧੇ ਤਾਂ ਭਾਈ ਸੀਤਲ ਸਿੰਘ ਦੀ ਡਰੈਗਨ ਗੰਨ ਫਿਰ ਗਰਜੀ, ਅੱਗ ਦੀ ਲਾਟ ਨਿਕਲੀ। ਸੀ.ਆਰ.ਪੀ. ਦੇ ਜਵਾਨਾਂ ਦੇ ਸੱਥਰ ਧਰਤੀ 'ਤੇ ਡਿੱਗੇ। ਦੁਸ਼ਮਣ ਨੇ ਨਿਸ਼ਾਨੇ ਸੇਧ ਕੇ ਭਾਰੀ ਗੋਲੀਬਾਰੀ ਕੀਤੀ, ਭਾਈ ਸੀਤਲ ਸਿੰਘ ਮੱਤੇਵਾਲ ਅੰਨ੍ਹੇਵਾਹ ਗੋਲੀਆਂ ਦੀ ਬੁਛਾੜ

ਨਾਲ ਸ਼ਹੀਦ ਹੋ ਗਏ। ਭਾਈ ਸੀਤਲ ਸਿੰਘ ਮੱਤੇਵਾਲ ਦੀ ਡਰੈਗਨ ਗੰਨ ਆਖ਼ਰੀ ਗੋਲੀ ਤਕ ਚੱਲਦੀ ਰਹੀ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦਸਮੇਸ਼ ਪਿਤਾ ਜੀ ਦਾ 'ਜ਼ਫ਼ਰਨਾਮੇ' ਵਿਚ ਫ਼ੁਰਮਾਨ ਹੈ :

ਹਮ ਆਖ਼ਿਰ ਚਿ ਮਰਦੀ ਕੁਨੱਦ ਕਾਰਜ਼ਾਰ॥
ਕਿ ਬਰ ਚਿਹਲ ਤਨ ਆਇਦਸ਼ ਬੇਸ਼ੁਮਾਰ॥41॥

ਲੜਾਈ ਦੇ ਮੈਦਾਨ ਵਿਚ ਇਕੱਲੀ ਬਹਾਦਰੀ ਵੀ ਕੀ ਕਰਦੀ, ਜਦੋਂ ਕਿ ਦਸਮੇਸ਼ ਰੈਜਮੈਂਟ ਦੇ ਪੰਜ ਜੁਝਾਰੂ ਸਿੰਘਾਂ ਨੂੰ 30 ਹਜ਼ਾਰ ਤੋਂ ਵੱਧ ਹਿੰਦੁਸਤਾਨੀ ਫ਼ੋਰਸਾਂ ਨੇ ਘੇਰ ਲਿਆ। 36 ਘੰਟੇ ਦੇ ਜ਼ਬਰਦਸਤ ਮੁਕਾਬਲੇ ਵਿਚ ਸ਼ਹੀਦ ਹੋਏ ਸਿੰਘਾਂ ਦੇ ਸ਼ਹੀਦੀ ਸਰੀਰਾਂ ਨੂੰ ਸੀ.ਆਰ.ਪੀ. ਤੇ ਪੁਲਿਸ ਵਾਲੇ ਗੱਡੀਆਂ ਵਿਚ ਲੱਦ ਕੇ ਰਾਤ 12 ਸਤੰਬਰ ਨੂੰ ਅੰਮ੍ਰਿਤਸਰ ਲੈ ਗਏ। ਮੱਤੇਵਾਲ ਮੁਕਾਬਲੇ ਵਿਚ ਹਿੱਸਾ ਲੈ ਕੇ ਮੁੜ ਰਹੇ ਸੁਰੱਖਿਆ ਬਲਾਂ ਉੱਤੇ ਖਾੜਕੂ ਸਿੰਘਾਂ ਨੇ ਹਮਲੇ ਕੀਤੇ। 12 ਸਤੰਬਰ, 1991 ਨੂੰ ਪਿੰਡ ਮੱਤੇਵਾਲ ਦੇ ਸਰਪੰਚ ਸ. ਅਮਰੀਕ ਸਿੰਘ ਨੇ ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆਂ ਤਕ ਪਹੁੰਚ ਕਰ ਕੇ ਸ਼ਹੀਦਾਂ ਦਾ ਹੱਥੀਂ ਸਸਕਾਰ ਕਰਨ ਦੀ ਇਜਾਜ਼ਤ ਲੈ ਲਈ। ਪ੍ਰਸ਼ਾਸਨ ਨੇ ਸ਼ਹੀਦਾਂ ਦੇ ਪੰਜ-ਪੰਜ ਵਾਰਸ (ਗੁਰਦੁਆਰਾ ਸ਼ਹੀਦਾਂ ਨੇੜੇ) ਸ਼ਮਸ਼ਾਨਘਾਟ ਅੰਮ੍ਰਿਤਸਰ ਵਿਚ ਸਸਕਾਰ ਮੌਕੇ ਹਾਜ਼ਰ ਹੋਣ ਦੀ ਆਗਿਆ ਦਿੱਤੀ। ਜਦੋਂ ਲੋਕਾਂ ਨੂੰ ਸਸਕਾਰ ਹੋਣ ਦਾ ਪਤਾ ਲੱਗਾ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤ ਪਹੁੰਚ ਗਈ। ਸਿੱਖ ਸੰਗਤਾਂ ਨੇ ਸ਼ਹੀਦ ਸਿੰਘਾਂ ਦੇ ਦਰਸ਼ਨ ਕੀਤੇ, ਕੇਸਰੀ ਦਸਤਾਰਾਂ ਸਜਾਈਆਂ, ਚਿੱਟੇ ਚੋਲੇ ਕਛਹਿਰੇ ਬਸਤਰ ਸਜਾ ਕੇ ਪੰਜ ਚਿਖਾਂ ਇਕੋ ਸੇਧ 'ਚ ਤਿਆਰ ਕੀਤੀਆਂ। ਸਿੱਖ ਧਰਮ ਦੀ ਰਹਿਤ ਮਰਿਆਦਾ ਅਨੁਸਾਰ ਅਰਦਾਸ ਕਰ ਕੇ ਅੰਤਿਮ ਸੰਸਕਾਰ ਕਰ ਦਿੱਤਾ। ਚਿਖਾ ਨੂੰ ਜਦੋਂ ਸ਼ਹੀਦਾਂ ਦੇ ਵਾਰਸਾਂ ਨੇ ਲਾਂਬੂ ਲਾਇਆ, ਸਿੱਖਾਂ ਨੇ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਤੇ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਵੀ ਲਾਏ। ਪੰਜਾਂ ਸ਼ਹੀਦ ਸਿੰਘਾਂ ਦੀ ਆਤਮਿਕ ਸ਼ਾਂਤੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜ ਅਖੰਡ ਪਾਠਾਂ ਦੇ ਭੋਗ ਜਿਥੇ ਦਸਮੇਸ਼ ਰੈਜਮੈਂਟ ਦੇ ਪੰਜ ਜੁਝਾਰੂ ਸ਼ਹੀਦ ਹੋਏ ਸਨ, ਉਸ ਅਸਥਾਨ 'ਤੇ ਪਾਏ ਗਏ। ਲੱਖਾਂ ਸਿੱਖਾਂ ਦਾ ਇਕੱਠ ਅੰਤਿਮ ਅਰਦਾਸ ਵਿਚ ਸ਼ਾਮਲ ਸੀ। ਦਸਮੇਸ਼ ਰੈਜਮੈਂਟ ਦਾ ਮੁਖੀ ਭਾਈ ਬਲਵਿੰਦਰ ਸਿੰਘ ਸ਼ਾਹਪੁਰ ਨੂੰ ਬਣਾਇਆ ਗਿਆ। ਦਮਦਮੀ ਟਕਸਾਲ ਦੇ ਸਿੰਘਾਂ ਨੇ ਕਥਾ-ਕੀਰਤਨ ਦੀ ਸੇਵਾ ਨਿਭਾਈ। ਕਵੀਸ਼ਰ ਸਿੰਘਾਂ ਨੇ ਬੀਰ-ਰਸ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਪੰਜਾਂ ਸਿੰਘਾਂ ਦੇ ਫੁੱਲ ਸ੍ਰੀ ਕੀਰਤਪੁਰ ਸਾਹਿਬ, ਸੈਂਕੜੇ ਗੱਡੀਆਂ, ਟਰੱਕਾਂ, ਬੱਸਾਂ ਵਿਚ ਜਲੂਸ ਦੀ ਸ਼ਕਲ ਵਿਚ ਲਿਜਾ ਕੇ ਜਲ ਪ੍ਰਵਾਹ ਕੀਤੇ ਗਏ।

***

# ਮੱਤੇਵਾਲ ਮੁਕਾਬਲੇ ਦੇ ਜੁਝਾਰੂ
# (ਦਸ਼ਮੇਸ਼ ਰੈਜੀਮੈਂਟ)

ਭਾਈ ਸੀਤਲ ਸਿੰਘ ਮੱਤੇਵਾਲ ਦਾ ਜਨਮ ਪਿਤਾ ਸ. ਬਾਰਾ ਸਿੰਘ ਦੇ ਘਰ ਮਾਤਾ ਪਰਸਿੰਨ ਕੌਰ ਦੀ ਕੁੱਖੋਂ ਸੰਨ 1949 ਵਿਚ ਹੋਇਆ। ਭਰਾ ਅਮਰੀਕ ਸਿੰਘ, ਦਰਸ਼ਨ ਸਿੰਘ ਅਤੇ ਭੈਣਾਂ ਮਹਿੰਦਰ ਕੌਰ, ਵੀਰ ਕੌਰ, ਕਸ਼ਮੀਰ ਕੌਰ ਤੇ ਰਾਜਵੰਤ ਕੌਰ ਹਨ। ਭਾਈ ਸਾਹਿਬ ਨੇ ਦਸਵੀਂ ਤਕ ਪੜ੍ਹਾਈ ਕੀਤੀ, ਹਾਕੀ ਦੇ ਚੰਗੇ ਖਿਡਾਰੀ ਸਨ। 12 ਸਤੰਬਰ 1991 ਨੂੰ ਬੱਲੋਵਾਲੀ ਦੇ 36 ਘੰਟੇ ਦੇ ਜ਼ਬਰਦਸਤ ਮੁਕਾਬਲੇ ਵਿਚ ਦਸਮੇਸ਼ ਰੈਜਮੈਂਟ ਦੇ ਪੰਜ ਸਿੰਘ ਸ਼ਹੀਦ ਹੋਏ। ਭਾਈ ਸਾਹਿਬ ਦਾ ਨਾਂ ਸੀਤਲ ਸਿੰਘ ਸੀ ਤੇ ਸੁਭਾਅ ਦੇ ਨਰਮ ਸਨ। **ਜਬੈ ਬਾਣ ਲਾਗਿਉ ਤਬੈ ਰੋਸ ਜਾਗਿਉ** ਦੇ ਗੁਰਵਾਕ ਅਨੁਸਾਰ ਬਾਣ ਲੱਗਣ 'ਤੇ ਭਾਈ ਸੀਤਲ ਸਿੰਘ ਤੋਂ ਸ਼ੇਰਦਿਲ ਸੀਤਲ ਸਿੰਘ ਬਣ ਜਾਂਦੇ ਸਨ। ਭਾਈ ਸੀਤਲ ਸਿੰਘ ਮੱਤੇਵਾਲ ਦੇ ਲੱਕ (ਪਿੱਠ) 'ਤੇ ਕੁਦਰਤੀ ਹੱਥ ਦੇ ਪੰਜੇ ਦਾ ਨਿਸ਼ਾਨ ਸੀ। ਸ਼ੇਰਦਿਲ ਸੀਤਲ ਸਿੰਘ ਮੱਤੇਵਾਲ ਨੇ ਮੈਦਾਨੇ-ਜੰਗ ਵਿਚ 36 ਘੰਟੇ ਦੇ ਪੁਲਿਸ ਮੁਕਾਬਲੇ ਵਿਚ ਬਹਾਦਰੀ, ਜਾਂਬਾਜ਼ੀ ਦੇ ਜੌਹਰ ਦਿਖਾਏ ਤੇ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਦੇ ਲਾਸਾਨੀ ਜੰਗ ਦੇ ਨਜ਼ਾਰੇ ਪੇਸ਼ ਕੀਤੇ। ਇਸ ਮਾਣਮੱਤੀ ਸ਼ਹਾਦਤ 'ਤੇ ਰੋਸ ਨਹੀਂ, ਖ਼ਾਲਸਾ ਪੰਥ ਨੂੰ ਫ਼ਖ਼ਰ ਹੈ।

1 ਜਨਵਰੀ 1993 ਨੂੰ ਪੰਜਾਬ ਪੁਲਿਸ ਨੇ ਸ਼ਹੀਦ ਸੀਤਲ ਸਿੰਘ ਮੱਤੇਵਾਲ ਦੇ ਘਰ ਸਵੇਰ ਤੜਕੇ 4 ਵਜੇ ਛਾਪਾ ਮਾਰਿਆ ਤੇ ਬੇਦੋਸੇ ਪਰਿਵਾਰ ਛੋਟੇ ਭਰਾ ਅਮਰੀਕ ਸਿੰਘ, ਦਰਸ਼ਨ ਸਿੰਘ ਤੇ ਨਰਿੰਦਰ ਕੌਰ (ਸ਼ਹੀਦ ਸੀਤਲ ਸਿੰਘ ਦੀ ਸਿੰਘਣੀ) ਨੂੰ ਫੜ ਕੇ ਲੈ ਗਈ ਤੇ ਮਾਰ ਕੇ ਖਪਾ ਦਿੱਤੇ ਹਨ। ਪੁਲਿਸ ਕੋਈ ਉੱਘ-ਸੁੱਘ ਨਹੀਂ ਦੇ ਰਹੀ। ਲਾਸ਼ਾਂ ਵੀ ਖੁਰਦ-ਬੁਰਦ ਕਰ ਦਿੱਤੀਆਂ ਹਨ। ਅਮਰੀਕ ਸਿੰਘ ਦੀ ਕੁਲਵਿੰਦਰ ਕੌਰ ਨਾਲ ਸ਼ਾਦੀ ਹੋਈ ਨੂੰ ਸਾਢੇ ਚਾਰ ਸਾਲ ਹੋਏ ਸਨ। ਦੋ ਧੀਆਂ ਸੀ, ਵੱਡੀ ਮਨਦੀਪ ਕੌਰ 2 ਸਾਲ ਦੀ ਤੇ ਛੋਟੀ ਧੀ ਰਜਵੰਤ ਕੌਰ ਨੂੰ 1 ਜਨਵਰੀ 1993 ਨੂੰ ਪੁਲਿਸ ਵੱਲੋਂ ਪਰਿਵਾਰ ਦੇ ਤਿੰਨ ਜੀਅ ਚੁੱਕ ਕੇ ਖ਼ਤਮ ਕਰਨ ਵੇਲੇ ਉਮਰ 2 ਮਹੀਨੇ ਸੀ।

ਤਿੰਨ ਪੁੱਤਰਾਂ ਤੇ ਨੂੰਹ ਦੀ ਪੁਲਿਸ ਹੱਥੋਂ ਹੋਈ ਮੌਤ ਦਾ ਸਦਮਾ ਨਾ ਸਹਾਰਦੇ ਹੋਏ ਬਜ਼ੁਰਗ ਪਿਤਾ ਸ. ਬਾਰਾ ਸਿੰਘ ਦੀ ਵੀ ਛੇਤੀ ਹੀ ਮੌਤ ਹੋ ਗਈ। ਸ਼ਹੀਦ ਭਾਈ ਸੀਤਲ ਸਿੰਘ ਮੱਤੇਵਾਲ, ਦੋ ਪੁੱਤਰਾਂ, ਇਕ ਧੀ—ਹਰਭਿੰਦਰ ਸਿੰਘ, ਸੁਲੱਖਣ ਸਿੰਘ ਤੇ ਹਰਜਿੰਦਰ ਕੌਰ ਅਤੇ ਅਮਰੀਕ ਸਿੰਘ ਦੀਆਂ ਆਪਣੀਆਂ ਮਨਦੀਪ ਕੌਰ, ਰਜਵੰਤ ਕੌਰ ਦੀ ਸੰਭਾਲ ਬੀਬੀ ਕੁਲਵਿੰਦਰ ਕੌਰ ਕਰ ਰਹੀ ਹੈ।

***

# ਸ਼ਹੀਦ ਭਾਈ ਤਰਸੇਮ ਸਿੰਘ ਮੱਤੇਵਾਲ
## ਦਸ਼ਮੇਸ਼ ਰੈਜੀਮੈਂਟ



ਖ਼ਾਲਸਾ ਰਾਜ ਦੀ ਸਥਾਪਨਾ ਤੇ ਆਜ਼ਾਦੀ ਦੀ ਲੜਾਈ ਲੜ ਰਹੀ ਜੁਝਾਰੂ ਜਥੇਬੰਦੀ ਦਸਮੇਸ਼ ਰੈਜਮੈਂਟ ਦੇ ਲੈਫਟੀਨੈਂਟ ਜਨਰਲ ਸ਼ਹੀਦ ਭਾਈ ਤਰਸੇਮ ਸਿੰਘ ਮੱਤੇਵਾਲ ਦਾ ਜਨਮ ਪਿਤਾ ਸ. ਪਿਆਰਾ ਸਿੰਘ ਦੇ ਘਰ ਮਾਤਾ ਗੁਰਮੇਜ ਕੌਰ ਦੀ ਕੁੱਖੋਂ ਸੰਨ 1952 ਨੂੰ ਪਿੰਡ ਮੱਤੇਵਾਲ ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਭਾਈ ਸਾਹਿਬ ਛੇ ਭੈਣ-ਭਰਾ ਸਨ। ਤਰਸੇਮ ਸਿੰਘ ਸ਼ਹੀਦ, ਨਿਰਮਲ ਸਿੰਘ, ਸਾਹਿਬ ਸਿੰਘ, ਝਿਰਮਲ ਸਿੰਘ, ਭੈਣਾਂ ਨਰਿੰਦਰ ਕੌਰ, ਬਲਵਿੰਦਰ ਕੌਰ। ਝਿਰਮਲ ਸਿੰਘ ਚਾਚੇ ਨੇ ਗੋਦੀ ਲਿਆ ਹੋਇਆ ਹੈ।

ਭਾਈ ਤਰਸੇਮ ਸਿੰਘ ਮੱਤੇਵਾਲ ਨੇ ਪ੍ਰਾਇਮਰੀ ਤਕ ਦੀ ਪੜ੍ਹਾਈ ਪਿੰਡ ਮੱਤੇਵਾਲ ਤੋਂ ਤੇ ਦਸਵੀਂ ਖ਼ਾਲਸਾ ਸਕੂਲ ਸਠਿਆਲਾ ਤੋਂ ਪਾਸ ਕੀਤੀ। ਭਾਈ ਸਾਹਿਬ ਨਰਮ ਸੁਭਾਅ ਦੇ ਮਾਲਕ ਸਨ। ਬਚਪਨ ਤੋਂ ਭਾਈ ਸੀਤਲ ਸਿੰਘ ਨਾਲ ਬੜਾ ਪਿਆਰ ਸੀ, ਦੋਵੇਂ ਭਰਾ ਬਣੇ ਹੋਏ ਸਨ। ਇਕ ਦੂਜੇ ਦੀ ਮਦਦ ਜਾਨ 'ਤੇ ਖੇਡ ਕੇ ਕਰਦੇ ਸਨ। ਪੜ੍ਹਾਈ ਤੋਂ ਬ਼ਾਅਦ ਮੁਨੀਮ ਦੀ ਨੌਕਰੀ ਕਰਨ ਲੱਗੇ। ਆਪ ਦਾ ਆਨੰਦ ਕਾਰਜ ਸੰਨ 1975 ਵਿਚ ਬੀਬੀ ਮਨਜੀਤ ਕੌਰ ਪੁੱਤਰੀ ਸ. ਹੀਰਾ ਸਿੰਘ ਵਾਸੀ ਝਾਮਕਾ ਨਾਲ ਹੋਈ। ਦੋ ਪੁੱਤਰ ਨਿਰਪਾਲ ਸਿੰਘ ਤੇ ਜਸਕਰਨ ਸਿੰਘ ਹਨ। ਸੰਨ 1987 ਵਿਚ ਭਾਈ ਤਰਸੇਮ ਸਿੰਘ ਸਿੰਘਣੀ ਅਤੇ ਬੱਚਿਆਂ ਸਮੇਤ ਪੰਜਾਂ ਪਿਆਰਿਆਂ

ਤੋਂ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸਿੰਘ ਸਰੂਪ ਵਿਚ ਪਰਪੱਕ ਹੋ ਗਏ।

ਖ਼ਾਲਸਾ ਰਾਜ ਦੀ ਸਥਾਪਨਾ ਲਈ ਸਿੱਖ ਕੌਮ ਵੱਲੋਂ ਆਰੰਭੇ ਮੌਜੂਦਾ ਸੰਘਰਸ਼ ਵਿਚ ਭਾਈ ਸੀਤਲ ਸਿੰਘ ਮੱਤੇਵਾਲ, ਭਾਈ ਗੁਰਨਾਮ ਸਿੰਘ ਮੱਤੇਵਾਲ, ਭਾਈ ਤਰਸੇਮ ਸਿੰਘ ਮੱਤੇਵਾਲ ਕੁੱਦ ਪਏ। ਭਾਈ ਸੀਤਲ ਸਿੰਘ ਮੱਤੇਵਾਲ ਦਸਮੇਸ਼ ਰੈਜਮੈਂਟ ਦੇ ਚੀਫ਼ ਜਨਰਲ ਅਤੇ ਭਾਈ ਤਰਸੇਮ ਸਿੰਘ ਲੈਫ਼ਟੀਨੈਂਟ ਜਨਰਲ ਸਨ, ਜਿਨ੍ਹਾਂ ਨੇ ਖ਼ਾਲਸਾ ਰਾਜ ਦੇ ਵਿਰੋਧੀਆਂ, ਚੁਗਲਖ਼ੋਰਾਂ, ਗੱਦਾਰਾਂ ਨੂੰ ਸੋਧਿਆ। ਭਾਰਤੀ ਸੁਰੱਖਿਆ ਬਲਾਂ ਤੇ ਹਿੰਦੁਸਤਾਨੀ ਹਾਕਮਾਂ ਲਈ ਦਸਮੇਸ਼ ਰੈਜਮੈਂਟ ਦੇ ਜੁਝਾਰੂ ਹਊਆ ਬਣੇ ਹੋਏ ਸਨ। ਮੱਤੇਵਾਲ ਦੇ ਜੁਝਾਰੂ ਸੂਰਮੇ ਭਾਈ ਸੀਤਲ ਸਿੰਘ, ਭਾਈ ਗੁਰਨਾਮ ਸਿੰਘ, ਭਾਈ ਤਰਸੇਮ ਸਿੰਘ ਮੱਤੇਵਾਲ ਬਚਪਨ ਤੋਂ ਜਵਾਨੀ ਤਕ ਇਕੱਠੇ ਰਹੇ, ਸਿੱਖ ਸੰਘਰਸ਼ ਵਿਚ ਵੀ ਇਕੱਠੇ ਕੁੱਦੇ। ਬੱਲੋਵਾਲੀ-ਮੱਤੇਵਾਲ ਦੇ ਘੇਰੇ ਵਿਚ 10 ਸਤੰਬਰ 1991 ਨੂੰ ਵੀ ਇਕੱਠੇ ਹੀ ਆਏ, 36 ਘੰਟੇ ਪੰਜ ਸਿੰਘਾਂ ਨੇ ਡਰੈਗਨ ਗੰਨਾਂ ਨਾਲ ਜ਼ਬਰਦਸਤ ਮੁਕਾਬਲਾ ਕੀਤਾ। 12 ਸਤੰਬਰ 1991 ਨੂੰ ਇਕੱਠੇ ਸ਼ਹੀਦ ਹੋਏ। ਅੰਮ੍ਰਿਤਸਰ ਦੇ ਗੁਰਦੁਆਰਾ ਸ਼ਹੀਦਾਂ ਨੇੜੇ ਸ਼ਮਸ਼ਾਨ ਘਾਟ ਵਿਚ ਇਕੱਠੇ ਇਕ ਲਾਈਨ ਵਿਚ ਪੰਜ ਚਿਖਾਂ ਤਿਆਰ ਕਰ ਕੇ ਸਿੱਖ ਕੌਮ ਨੇ ਮਰਿਆਦਾ ਅਨੁਸਾਰ ਹੱਥੀਂ ਸਸਕਾਰ ਕੀਤਾ। ਇਕੱਠਿਆਂ ਦੇ ਜਲੂਸ ਵਿਚ ਕੀਰਤਪੁਰ ਸਾਹਿਬ ਫੁੱਲ ਜਲ-ਪ੍ਰਵਾਹ ਕੀਤੇ ਗਏ ਅਤੇ ਬੱਲੋਵਾਲੀ ਦੇ ਮੁਕਾਬਲੇ ਵਾਲੇ ਸ਼ਹੀਦੀ ਅਸਥਾਨ ਵਿਖੇ ਖੇਤਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠਾਂ ਦੇ ਭਾਗ 'ਤੇ ਅੰਤਿਮ ਅਰਦਾਸ ਵੀ ਇਕੱਠੀ ਕੀਤੀ ਗਈ।

***

# ਸ਼ਹੀਦ ਭਾਈ ਗੁਰਨਾਮ ਸਿੰਘ ਸੈਕਟਰੀ ਮੱਤੇਵਾਲ

## ਦਸ਼ਮੇਸ਼ ਰੈਜੀਮੈਂਟ

ਦਸਮੇਸ਼ ਰੈਜਮੈਂਟ ਦੇ ਖ਼ਾਲਸਾ ਰਾਜ ਦੀ ਸਥਾਪਨਾ ਲਈ ਸਿੱਖ ਸੰਘਰਸ਼ ਵਿਚ ਸ਼ਹੀਦ ਹੋਣ ਵਾਲੇ ਮੱਤੇਵਾਲ ਦੇ ਜੁਝਾਰੂ ਸਿੰਘਾਂ ਵਿਚੋਂ ਹੀ ਭਾਈ ਗੁਰਨਾਮ ਸਿੰਘ ਸੈਕਟਰੀ ਮੱਤੇਵਾਲ ਹੋਏ ਹਨ। ਭਾਈ ਗੁਰਨਾਮ ਸਿੰਘ ਦਾ ਜਨਮ ਪਿਤਾ ਸ. ਤੇਜਾ ਸਿੰਘ ਦੇ ਘਰ ਮਾਤਾ ਚਿੰਤ ਕੌਰ ਦੀ ਕੁੱਖੋਂ ਸੰਨ 1956 ਵਿਚ ਪਿੰਡ ਮੱਤੇਵਾਲ, ਤਹਿਸੀਲ ਬਾਬਾ ਬਕਾਲਾ, ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਵੱਡਾ ਭਰਾ ਖ਼ਜ਼ਾਨ ਸਿੰਘ, ਛੋਟਾ ਦਇਆ ਸਿੰਘ ਹੈ। ਭਾਈ ਸਾਹਿਬ ਨੇ ਪੰਜਵੀਂ ਤਕ ਪੜ੍ਹਾਈ ਮੱਤੇਵਾਲ ਦੇ ਸਕੂਲ ਤੋਂ, ਦਸਵੀ ਤਕ ਵਿਦਿਆ ਖ਼ਾਲਸਾ ਸਕੂਲ ਸਠਿਆਲਾ ਤੋਂ ਪ੍ਰਾਪਤ ਕੀਤੀ। ਭਾਈ ਗੁਰਨਾਮ ਸਿੰਘ ਦਾ ਆਨੰਦ ਕਾਰਜ ਬੀਬੀ ਪ੍ਰਕਾਸ਼ ਕੌਰ ਨਾਲ ਹੋਈ। ਭਾਈ ਗੁਰਨਾਮ ਸਿੰਘ ਨੂੰ ਖੇਤੀਬਾੜੀ ਸੁਸਾਇਟੀ ਦੇ ਸੈਕਟਰੀ ਦੀ ਸਰਕਾਰੀ ਨੌਕਰੀ ਮਿਲ ਗਈ, ਜੋ ਆਪ ਨੇ ਬੜੀ ਇਮਾਨਦਾਰੀ ਨਾਲ ਕੀਤੀ। ਸ਼ਹੀਦ ਭਾਈ ਸੀਤਲ ਸਿੰਘ, ਸ਼ਹੀਦ ਭਾਈ ਤਰਸੇਮ ਸਿੰਘ ਨਾਲ ਇਕੱਠੇ ਹੀ ਭਾਈ ਗੁਰਨਾਮ ਸਿੰਘ ਸਿੱਖ ਸੰਘਰਸ਼ ਵਿਚ ਸ਼ਾਮਲ ਹੋ ਗਏ ਅਤੇ ਨੌਕਰੀ ਛੱਡ ਦਿੱਤੀ। ਭਾਈ ਗੁਰਨਾਮ ਸਿੰਘ ਦੇ ਦੋ ਪੁੱਤਰ ਹਨ ਵੱਡਾ ਸੁਖਦੇਵ ਸਿੰਘ ਪੋਲੀਉ ਪੀੜਤ ਹੈ, ਛੋਟਾ ਪੁੱਤਰ ਹਰਪ੍ਰੀਤ ਸਿੰਘ ਹੈ।

10 ਸਤੰਬਰ 1991 ਤੋਂ 12 ਸਤੰਬਰ 1991 ਤਕ 36 ਘੰਟੇ ਬੱਲੋਵਾਲੀ ਦੇ ਕਮਾਦ ਦੇ ਖੇਤ ਵਿਚ ਹੋਏ ਹਿੰਦੁਸਤਾਨੀ ਫ਼ੋਰਸਾਂ ਸੀ.ਆਰ.ਪੀ., ਬੀ.ਐਸ.ਐਫ. ਅਤੇ ਪੰਜਾਬ ਪੁਲਿਸ ਨਾਲ ਹੋਏ ਜ਼ਬਰਦਸਤ ਮੁਕਾਬਲੇ ਵਿਚ ਸਿੰਘਾਂ ਨੇ ਵੱਡੀ ਗਿਣਤੀ ਵਿਚ ਵੈਰੀ ਦਲ ਦੇ ਸੱਥਰ ਵਿਛਾ ਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ। ਸੀ.ਆਰ.ਪੀ. ਦੇ ਕਮਾਂਡੈਂਟ ਭਾਨੂੰ ਪਰਤਾਪ ਸਿਹੁੰ, ਐਸ.ਐਸ. ਯਾਦਵ, ਬੁਲੇਟ ਪਰੂਫ਼ ਟਰੈਕਟਰ ਤਬਾਹ ਹੋਣ 'ਤੇ ਸਿੰਘਾਂ ਦੀ ਡਰੈਗਨ ਗੰਨ ਦੀ ਗਰਜ ਤੋਂ ਡਰਦੇ ਜ਼ਖ਼ਮੀ ਹੋਏ ਕਮਾਦ ਦੇ ਖੇਤ ਵਿਚੋਂ ਚੀਕਾਂ ਮਾਰਦੇ ਭੱਜੇ ਸਨ। ਇਸ ਮੁਕਾਬਲੇ ਵਿਚ ਭਾਈ ਗੁਰਨਾਮ ਸਿੰਘ ਆਪਣੇ ਸਾਥੀਆਂ ਭਾਈ ਸੀਤਲ ਸਿੰਘ, ਭਾਈ ਤਰਸੇਮ ਸਿੰਘ, ਭਾਈ ਗੁਰਦਿਆਲ ਸਿੰਘ ਮਾੜੀ ਪਨੂੰਆਂ, ਭਾਈ ਗੁਰਮੁਖ ਸਿੰਘ ਬੱਗਾ ਉਰਫ਼ ਗੰਭੀਰ ਸਿੱਟਾ ਦੇ ਨਾਲ ਮੈਦਾਨੇ-ਜੰਗ ਵਿਚ ਸ਼ਹੀਦ ਹੋਏ। ਇਸ ਮੁਕਾਬਲੇ ਦੇ ਇਤਿਹਾਸ ਉੱਤੇ ਸਿੱਖ ਕੌਮ ਨੂੰ ਫ਼ਖ਼ਰ ਹੈ। ਇਸ ਮੁਕਾਬਲੇ ਦੇ ਪੰਜ ਸ਼ਹੀਦ ਸਿੰਘਾਂ ਦਾ ਅੰਤਮ ਸੰਸਕਾਰ ਅੰਮ੍ਰਿਤਸਰ ਗੁਰਦੁਆਰਾ ਸ਼ਹੀਦਾਂ ਨੇੜੇ ਸ਼ਮਸ਼ਾਨ ਘਾਟ ਵਿਚ ਪੁਲਿਸ ਤੋਂ ਸ਼ਹੀਦਾਂ ਦੀਆਂ ਦੇਹਾਂ ਲੈ ਕੇ ਆਪਣੇ ਹੱਥੀਂ ਪੰਜ ਚਿਖਾਂ ਤਿਆਰ ਕਰ ਕੇ ਕੀਤਾ ਗਿਆ। ਸਿੱਖ ਸੰਗਤ ਨੇ ਜਲੂਸ ਦੀ ਸ਼ਕਲ ਵਿਚ ਬੱਸਾਂ, ਟਰੱਕਾਂ 'ਤੇ ਜਾ ਕੇ ਕੀਰਤਪੁਰ ਸਾਹਿਬ ਫੁੱਲ ਜਲ਼-ਪ੍ਰਵਾਹ ਕੀਤੇ। ਪੰਜਾਂ ਸਿੰਘਾਂ ਦਾ ਦੁਸਹਿਰਾ, ਅੰਤਿਮ ਅਰਦਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਦੇ ਭੋਗ, ਮੁਕਾਬਲੇ ਵਾਲੇ ਖੇਤਾਂ ਵਿਚ ਪਾਏ ਗਏ। ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚ ਕੇ ਸਿੱਖ ਕੌਮ ਨੇ ਸ਼ਹੀਦਾਂ ਦੀ ਅੰਤਿਮ ਅਰਦਾਸ ਵਿਚ ਸਾਮ਼ਲ ਹੋ ਕੇ ਸ਼ਰਧਾਂਜਲੀ ਭੇਟ ਕੀਤੀ। ***

# ਸ਼ਹੀਦ ਗਿਆਨੀ ਅਰੂੜ ਸਿੰਘ
## ਮੁੱਢਲੇ ਮੁਖੀ-ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ



ਗਿਆਨੀ ਗੁਰਦਿਆਲ ਸਿੰਘ ਡੱਲਾ ਉਰਫ਼ ਗਿਆਨੀ ਅਰੂੜ ਸਿੰਘ (ਮੈਂਬਰ, ਪੰਜ ਮੈਂਬਰੀ ਪੰਥਕ ਕਮੇਟੀ, ਅੰਮ੍ਰਿਤਸਰ 26 ਜਨਵਰੀ 1986) ਦਾ ਜਨਮ ਸਿੱਖ ਪਰਿਵਾਰ ਵਿਚ ਸ. ਚੰਨਣ ਸਿੰਘ ਜੀ ਦੇ ਘਰ ਮਾਤਾ ਸੁਰਜੀਤ ਕੌਰ ਜੀ ਦੀ ਕੁੱਖੋਂ 3 ਫ਼ਰਵਰੀ 1958 ਨੂੰ ਪਿੰਡ ਡੱਲਾ, ਡਾਕਘਰ ਕਾਦੀਆਂ, ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ।

ਆਪ ਜੀ ਦੇ ਦਾਦਾ ਸ. ਠਾਕੁਰ ਸਿੰਘ ਜੀ ਨੇ ਗੁਰਦੁਆਰਾ ਸੁਧਾਰ ਲਹਿਰ ਵਿਚ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਅੰਗਰੇਜ ਹਕੂਮਤ ਦੇ ਗੋਰੇ ਫਿਰੰਗੀ ਅਫ਼ਸਰ ਬੀ.ਟੀ. ਦੀ ਪੁਲਿਸ ਦੀਆਂ ਡਾਂਗਾਂ ਦੀ ਮਾਰ ਸਰੀਰ ਉੱਤੇ ਝੱਲੀ ਸੀ। ਜੈਤੋ ਦੇ ਮੋਰਚੇ ਵਿਚ ਹਿੱਸਾ ਲਿਆ। ਅੰਗਰੇਜ਼ ਹਕੂਮਤ ਦੇ ਹੱਥ ਠੋਕੇ ਨਰਾਇਣ ਮਹੰਤ ਬਦਮਾਸ਼ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਗੁਰਦੁਆਰਾ ਨਨਕਾਣਾ ਸਾਹਿਬ ਨੂੰ ਆਜ਼ਾਦ ਕਰਾਉਣ ਦੇ ਮੋਰਚੇ ਵਿਚ ਵੱਧ-ਚੜ੍ਹ ਕੇ ਹਿੱਸਾ ਲਿਆ। ਆਪ ਜੀ ਦੀ ਦਾਦੀ ਕਰਤਾਰ ਕੌਰ ਜੀ ਨੇ ਪੰਜਾਬੀ ਸੂਬੇ ਦੇ ਮੋਰਚੇ ਵਿਚ 3 ਮਹੀਨੇ ਜੇਲ੍ਹ ਕੱਟੀ। ਤਾਇਆ ਜੋਗਿੰਦਰ ਸਿੰਘ ਜੀ ਨੇ ਮੌਜੂਦਾ ਸਿੱਖ ਸੰਘਰਸ਼ ਵਿਚ ਸਿੱਖ ਹੱਕਾਂ ਦੀ ਪ੍ਰਾਪਤੀ ਲਈ 4 ਅਗਸਤ 1982 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਲੌਂਗੋਵਾਲ ਅਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਆਰੰਭੇ ਧਰਮ ਯੁੱਧ ਮੋਰਚੇ ਵਿਚ 3 ਮਹੀਨੇ ਫ਼ਿਰੋਜ਼ਪੁਰ ਜੇਲ੍ਹ ਕੱਟੀ। ਆਪ ਜੀ ਨੇ ਮੁੱਢਲੀ ਵਿਦਿਆ ਪਿੰਡ ਡੱਲਾ ਦੇ ਪ੍ਰਾਇਮਰੀ ਸਕੂਲ ਤੋਂ ਅਤੇ ਹਾਇਰ ਸੈਕੰਡਰੀ ਕਾਦੀਆਂ ਤੋਂ ਪਾਸ ਕੀਤੀ। ਆਪ ਨੌਵੀਂ ਕਲਾਸ ਵਿਚ ਪੜ੍ਹਦੇ ਸਨ ਤਾਂ ਮਾਤਾ ਸੁਰਜੀਤ ਕੌਰ ਜੀ ਸਵਰਗਵਾਸ ਹੋ ਗਏ। ਆਪ ਜੀ ਦੀ ਮਾਸੀ ਦਲਜੀਤ ਕੌਰ ਸੀ, ਜੋ ਕਿ ਤਾਇਆ ਜੋਗਿੰਦਰ ਸਿੰਘ ਜੀ ਨਾਲ ਵਿਆਹੀ ਹੋਈ ਹੈ, ਨੇ ਪਾਲਣ-ਪੋਸਣ ਦੀ ਜ਼ਿੰਮੇਵਾਰੀ

ਨਿਭਾਈ, ਕੇਸੀਂ ਨੁਹਾਉਣਾ, ਕੱਪੜੇ ਧੋਣੇ, ਰੋਟੀ ਪ੍ਰਸ਼ਾਦੇ ਦੀ ਜ਼ਿੰਮੇਵਾਰੀ ਨਿਭਾਈ ਤੇ ਮਾਤਾ ਜੀ ਦੀ ਘਾਟ ਮਹਿਸੂਸ ਨਾ ਹੋਣ ਦਿੱਤੀ। ਜਦੋਂ ਕਾਦੀਆਂ ਸ਼ਹਿਰ ਤੋਂ ਸਚਖੰਡ ਵਾਸੀ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਵਿਚ ਨਗਰ ਕੀਰਤਨ ਕੱਢਿਆ, ਸਕੂਲ ਦੇ ਵਿਦਿਆਰਥੀਆਂ ਨਾਲ ਇਸ ਵਿਚ ਸ਼ਾਮਲ ਹੋਏ। ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਸਿੱਖ ਸੰਗਤਾਂ ਨੂੰ ਸਿੱਖੀ ਵਿਚ ਦ੍ਰਿੜ੍ਹ ਹੋਣ ਲਈ, ਇਸ ਸ਼ਬਦ ਦੇ ਧਾਰਨੀ ਹੋਣ ਲਈ ਕਹਿੰਦੇ ਸਨ:

ਮੇਰਾ ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ।

ਆਪ ਜੀ ਨੇ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਤੋਂ ਸਰਵਣ ਕੀਤੇ ਬਚਨ ਨੂੰ ਕੰਠ ਕਰ ਲਿਆ ਤੇ ਹਿਰਦੇ ਵਿਚ ਵਸਾ ਲਿਆ ਤੇ ਇਤਨੇ ਪ੍ਰਭਾਵਿਤ ਹੋਏ ਕਿ ਪੜ੍ਹਦੇ ਰਹਿੰਦੇ ਸਨ—ਮੇਰਾ ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ।

ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੇ ਸੱਚਖੰਡ ਪਿਆਨਾ ਕਰਨ ਤੋਂ ਬਾਅਦ ਜਦੋਂ ਪਹਿਲੀ ਵਾਰੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਜਥੇ ਸਮੇਤ ਕਾਦੀਆਂ ਵਿਖੇ ਗੁਰਬਾਣੀ ਕੀਰਤਨ ਕਥਾ, ਅੰਮ੍ਰਿਤ ਸੰਚਾਰ, ਸਿੱਖੀ ਪ੍ਰਚਾਰ ਕਰਨ ਆਏ ਤਾਂ ਗੁਰਦਿਆਲ ਸਿੰਘ ਨੇ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਦੇ ਪੰਜਾਂ ਪਿਆਰਿਆਂ ਤੋਂ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ ਤੇ ਗੁਰਸਿੱਖੀ ਜੀਵਨ ਵਿਚ ਪਰਪੱਕ ਹੋ ਗਏ।

ਜਲਦੀ ਹੀ ਨਿਰੰਕਾਰੀ ਕਾਂਡ 1978 ਵਿਚ ਅੰਮ੍ਰਿਤਸਰ ਵਿਖੇ ਵਾਪਰ ਗਿਆ। ਆਪ ਦੇ ਮਨ ਉੱਤੇ ਇਸ ਦਾ ਕਾਫ਼ੀ ਡੂੰਘਾ ਅਸਰ ਪਿਆ। ਆਪ ਦਾ ਇਲਾਕੇ ਦੇ ਟਕਸਾਲੀ ਸਿੰਘਾਂ, ਹਰਚੋਵਾਲ ਅਤੇ ਖੁਜਾਲੇ ਦੇ ਭਾਈ ਮਾਨ ਸਿੰਘ, ਪੰਡਤ ਮੋਹਨ ਸਿੰਘ ਖੁਜਾਲਾ, ਭਾਈ ਮਨਜੀਤ ਸਿੰਘ ਖੁਜਾਲਾ, ਭਾਈ ਸੂਰਤਾ ਸਿੰਘ ਹਰਚੋਵਾਲ, ਭਾਈ ਲੱਖਾ ਸਿੰਘ ਬੁੰਡਾਲਾ, ਭਾਈ ਵੱਸਣ ਸਿੰਘ ਸਖੀਰਾ ਆਦਿ ਸਾਰੇ ਪੁਰਾਣੇ ਸਿੰਘਾਂ ਨਾਲ ਪਿਆਰ ਸੀ।

ਦੁਸ਼ਟ ਲਾਲਾ ਜਗਤ ਨਾਰਇਣ ਦੇ ਕਤਲ ਦੇ ਸੰਬੰਧ ਵਿਚ ਪੁਲਿਸ ਤੇ ਸਰਕਾਰ ਨੇ ਸੰਤ ਜਰਨੈਲ ਸਿੰਘ ਜੀ ਦੇ ਵਾਰੰਟ ਜਾਰੀ ਕੀਤੇ। ਜਦੋਂ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੇ ਮਹਿਤਾ ਤੋਂ ਸ਼ਾਂਤਮਈ ਗ੍ਰਿਫ਼ਤਾਰੀ ਦਿੱਤੀ, ਤਾਂ ਆਪ ਜੀ ਉਸ ਸਮੇਂ ਆਪਣੇ ਪਰਿਵਾਰ ਅਤੇ ਸਿੰਘਾਂ ਨਾਲ ਉਥੇ ਹਾਜ਼ਰ ਸਨ। ਪੁਲਿਸ ਨੇ ਜਾਣਬੁਝ ਕੇ ਮਾਹੌਲ ਵਿਗਾੜਨ ਲਈ ਸਿੱਖ ਸੰਗਤਾਂ ਉੱਤੇ ਗੋਲੀ ਚਲਾ ਦਿੱਤੀ। ਕੁਝ ਸਿੰਘ ਪੁਲਿਸ ਦੀਂ ਗੋਲੀ ਨਾਲ ਸ਼ਹੀਦ ਹੋਏ। ਇਹ ਸਾਰੀ ਕਾਰਵਾਈ ਭਾਈ ਗੁਰਦਿਆਲ ਸਿੰਘ ਨੇ ਆਪਣੀਆਂ ਅੱਖਾਂ ਨਾਲ ਵੇਖੀ।

ਜਦੋਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਵਕਤ ਦੀ ਵਿਚਾਰ ਨਾਲ ਮਹਿਤਾ

ਤੋਂ ਗੁਰੂ ਨਾਨਕ ਨਿਵਾਸ ਸ੍ਰੀ ਅੰਮ੍ਰਿਤਸਰ ਆਏ ਤਾਂ ਪਿੰਡ ਤੋਂ ਜ਼ਿਆਦਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਟਕਸਾਲ ਦੇ ਸਿੰਘਾਂ ਨਾਲ ਰਹਿੰਦੇ ਸਨ। ਆਪ ਜੀ ਦਾ ਟਕਸਾਲ ਦੇ ਉਸਤਾਦ ਗਿਆਨੀ ਮੋਹਰ ਸਿੰਘ ਨਾਲ ਕਾਫ਼ੀ ਪਿਆਰ ਸੀ, ਜੋ ਪਹਿਲਾਂ ਖੁਜਾਲੇ ਸਿੰਘਾਂ ਨੂੰ ਗੁਰਬਾਣੀ ਸੰਥਿਆ ਦਿੰਦੇ ਰਹੇ ਸਨ। ਇਸ ਕਰਕੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨਾਲ ਕਾਫ਼ੀ ਨੇੜ ਹੋ ਗਿਆ। ਇਸ ਨਾਲ ਟਕਸਾਲ ਦੇ ਜੁਝਾਰੂ ਸਿੰਘਾਂ ਨਾਲ ਜਾਣ-ਪਛਾਣ ਵੱਧਦੀ ਗਈ। ਗਿਆਨੀ ਗੁਰਦਿਆਲ ਸਿੰਘ ਡੱਲਾ 26 ਕੁ ਵਰ੍ਹਿਆਂ ਦਾ ਗੱਭਰੂ ਤਨੋਂ-ਮਨੋਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੀ ਜੁਝਾਰੂ ਵਿਚਾਰਧਾਰਾ ਦਾ ਮੁਰੀਦ ਬਣ ਗਿਆ।

---

ਗਿਆਨੀ ਗੁਰਦਿਆਲ ਸਿੰਘ ਨੂੰ ਸਿੱਖੀ ਜੁਝਾਰੂ ਵਿਚਾਰਧਾਰਾ, ਖ਼ਾਲਸਾਈ ਰਵਾਇਤਾਂ ਨੂੰ ਕਾਇਮ ਰੱਖਣ ਲਈ ਸਿੱਖੀ ਸਵੈਮਾਣ ਦੀ ਬਹਾਲੀ ਖ਼ਾਤਰ ਆਪਾ ਵਾਰਨ ਲਈ ਸਦਾ ਤਤਪਰ ਰਹਿਣਾ, ਸਿੱਖੀ ਇਨਕਲਾਬ, ਪੰਥ ਖ਼ਾਤਰ ਕੁਰਬਾਨੀ ਕਰਨ ਲਈ ਸਦਾ ਅੱਗੇ ਰਹਿਣ ਦੀ ਗੁੜ੍ਹਤੀ ਵਿਰਸੇ ਵਿਚੋਂ ਮਿਲੀ ਸੀ। ਦਾਦਾ ਸ. ਠਾਕੁਰ ਸਿੰਘ ਜੀ ਅੰਗਰੇਜ਼ ਹਕੂਮਤ ਵਿਰੁੱਧ ਗੁਰੂ ਕਾ ਬਾਗ ਦੇ ਮੋਰਚੇ, ਜੈਤੋ ਦਾ ਮੋਰਚੇ, ਨਨਕਾਣਾ ਸਾਹਿਬ ਨੂੰ ਨਾਰਾਇਣੂ ਮਹੰਤ ਦੇ ਕਬਜ਼ੇ ਵਿਚੋਂ ਆਜ਼ਾਦ ਕਰਾਉਣ ਦੇ ਸਿੰਘਾਂ ਦੇ ਮੋਰਚੇ ਵਿਚ ਮੋਹਰੀ ਹੋ ਕੇ ਹਿੱਸਾ ਲੈਂਦੇ ਰਹੇ ਸਨ। ਦਾਦਾ ਜੀ ਨੇ ਪੰਜਾਬੀ ਸੂਬੇ ਦੇ ਮੋਰਚੇ ਵਿਚ ਤਿੰਨ ਮਹੀਨੇ ਜੇਲ੍ਹ ਕੱਟੀ ਸੀ। ਤਾਇਆ ਸ. ਜੋਗਿੰਦਰ ਸਿੰਘ ਜੀ ਨੇ ਸਿੱਖ ਹੱਕਾਂ ਲਈ ਆਰੰਭੇ ਧਰਮ ਯੁੱਧ ਮੋਰਚੇ ਦੌਰਾਨ ਤਿੰਨ ਮਹੀਨੇ ਫ਼ਿਰੋਜ਼ਪੁਰ ਜੇਲ੍ਹ ਕੱਟੀ ਸੀ। ਇਸ ਦਾ ਅਸਰ ਗਿਆਨੀ ਗੁਰਦਿਆਲ ਸਿੰਘ ਦੇ ਹਿਰਦੇ ਉੱਤੇ ਹੋਣਾ ਸੁਭਾਵਿਕ ਸੀ। ਜੂਨ 1984 ਦੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਹਿੰਦੁਸਤਾਨੀ ਫ਼ੌਜਾਂ ਵੱਲੋਂ ਤੋਪਾਂ ਟੈਂਕਾਂ ਨਾਲ ਵਰਤਾਏ ਖ਼ੂਨੀ ਘੱਲੂਘਾਰੇ ਸਮੇਂ ਆਪ ਪਿੰਡ ਡੱਲਾ ਆਏ ਹੋਏ ਸਨ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸ੍ਰੀ ਅਕਾਲ ਤਖ਼ਤ ਸਾਹਿਬ ਤੋਪਾਂ ਟੈਂਕਾਂ ਨਾਲ ਢਹਿ-ਢੇਰੀ ਕਰਨ, ਹਜ਼ਾਰਾਂ ਸਿੱਖਾਂ ਨੂੰ 37 ਹੋਰ ਗੁਰਦੁਆਰਿਆਂ ਅੰਦਰ ਕਤਲ ਕਰਨ ਤੋਂ ਬਾਅਦ ਵੀ ਹਿੰਦ ਫ਼ੌਜ ਪਿੰਡਾਂ ਵਿਚੋਂ ਅੰਮ੍ਰਿਤਧਾਰੀ ਸਿੱਖ ਨੌਜਵਾਨਾਂ ਦੀ ਫੜੋ-ਫੜਾਈ ਕਰਨ ਲਈ ਹਰਲ-ਹਰਲ ਕਰਦੀ ਫਿਰ ਰਹੀ ਸੀ। ਕਾਦੀਆਂ ਇਲਾਕੇ ਵਿਚ ਹਿੰਦ ਫ਼ੌਜ ਅੰਮ੍ਰਿਤਧਾਰੀ ਸਿੱਖ ਮੁੰਡਿਆਂ ਦੀ ਭਾਲ ਵਿਚ ਆਈ। ਹੋਰ ਸਿੱਖ ਗੱਭਰੂਆਂ ਦੇ ਨਾਲ ਫ਼ੌਜ ਤੋਂ ਬਚਨ ਲਈ ਭਾਦਰੋਂ ਮਹੀਨੇ ਦੀ ਸੰਗਰਾਂਦ ਵਾਲੇ ਦਿਨ (ਸੰਨ 1984) ਭਾਈ ਗੁਰਦਿਆਲ ਸਿੰਘ ਆਪਣੇ ਘਰੋਂ ਪਿੰਡ ਡੱਲਾ ਤੋਂ ਨਿਕਲ ਤੁਰੇ। ਆਪ ਜੀ ਨੇ ਲੁਕ-ਛਿਪ ਕੇ ਦਿਨ-ਕੱਟੀ ਕਰਨ ਦੀ ਥਾਂ ਬਚੇ ਖੁਚੇ ਸਿੰਘਾਂ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ। ਭਾਈ ਸੁਖਦੇਵ ਸਿੰਘ ਸਖੀਰਾ, ਭਾਈ ਤਰਸੇਮ ਸਿੰਘ ਕੁਹਾੜ, ਭਾਈ ਮਨਬੀਰ ਸਿੰਘ ਚਹੇੜੂ, ਭਾਈ ਮਨਜੀਤ ਸਿੰਘ ਖੁਜਾਲਾ, ਬਾਬਾ ਰਣਜੀਤ ਸਿੰਘ ਦਿਆਗੜ੍ਹ, ਜਥੇਦਾਰ ਦੁਰਗਾ ਸਿੰਘ ਆਰਫ਼ਕੇ, ਵੱਸਣ ਸਿੰਘ ਜਫ਼ਰਵਾਲ, ਭਾਈ ਹਰਿੰਦਰ ਸਿੰਘ ਕਾਹਲੋਂ, ਬਾਬਾ ਗੁਰਬਚਨ ਸਿੰਘ ਮਾਣੋਚਾਹਲ, ਭਾਈ ਕੁਲਦੀਪ ਸਿੰਘ ਮੁੱਛਲ, ਭਾਈ ਗੁਰਮੇਜ ਸਿੰਘ ਢਿੱਲਵਾਂ, ਭਾਈ

ਅਵਤਾਰ ਸਿੰਘ ਬ੍ਰਹਮਾ, ਭਾਈ ਸ਼ੇਰ ਸਿੰਘ ਸ਼ੇਰ ਨਾਲ ਮੇਲ ਹੋਇਆ। ਦਮਦਮੀ ਟਕਸਾਲ ਨੂੰ ਪੈਰਾਂ ਸਿਰ ਲਾਮਬੰਦ ਕਰਨ ਲਈ ਯਤਨ ਆਰੰਭ ਕੀਤੇ। ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਜੂਨ 1984 ਦੇ ਘੱਲੂਘਾਰੇ ਦੌਰਾਨ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿਚ ਸ਼ਹੀਦੀ ਸਮਾਗਮ ਕੀਤਾ ਤੇ ਇਕੱਤਰ ਹੋਈਆਂ ਸਿੱਖ ਸੰਗਤਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿੱਖ ਸੰਗਤਾਂ ਰਾਹੀਂ ਦੁਬਾਰਾ ਕਾਰ ਸੇਵਾ ਕਰਨ ਸੰਬੰਧੀ ਵਿਚਾਰਾਂ ਕੀਤੀਆਂ। ਸਿੱਖ ਸੰਗਤਾਂ ਨੇ ਹਾਮੀ ਭਰੀ। ਬਾਬਾ ਠਾਕੁਰ ਸਿੰਘ ਜੀ ਦਮਦਮੀ ਟਕਸਾਲ ਦੀ ਰਹਿਨੁਮਾਈ ਵਿਚ ਰਹਿੰਦਿਆਂ ਉਹਨਾਂ ਦੇ ਹਰ ਬਚਨ ਉੱਤੇ ਫੁੱਲ ਚੜ੍ਹਾਉਣ ਦਾ ਪ੍ਰਣ ਕੀਤਾ। ਦਮਦਮੀ ਟਕਸਾਲ ਦੇ ਸਿੰਘਾਂ, ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਵਰਕਰਾਂ ਨਾਲ ਸਿੱਖ ਸੰਘਰਸ਼ ਨੂੰ ਦੁਬਾਰਾ ਪ੍ਰਚੰਡ ਕਰਨ ਲਈ ਕਮਰਕੱਸੇ ਕਰ ਕੇ ਦਿਨ ਰਾਤ ਸੰਘਰਸ਼ ਵਿਚ ਜੁੱਟ ਗਏ। ਦਮਦਮੀ ਟਕਸਾਲ ਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਸਿੱਖ ਬੁੱਧੀਜੀਵੀਆਂ, ਵਿਦਵਾਨਾਂ ਦੀਆਂ ਸੇਵਾਵਾਂ ਲਈਆਂ ਤੇ ਵਿਚਾਰ-ਵਟਾਂਦਰਾ ਕਰ ਕੇ 26 ਜਨਵਰੀ 1986 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਸਰਬੱਤ ਖ਼ਾਲਸਾ ਸੰਮੇਲਨ ਬੁਲਾਉਣ ਦਾ ਐਲਾਨ ਕੀਤਾ ਅਤੇ ਇਸ ਦਿਨ ਜੂਨ 1984 ਦੇ ਘੱਲੂਘਾਰੇ ਦੌਰਾਨ ਢਹਿ-ਢੇਰੀ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ, ਜੋ ਸੰਤਾ ਸਿਹੁੰ ਨਿਹੰਗ ਦੇ ਨਾਂ ਹੇਠ ਬਿਹਾਰੀ ਭਈਏ ਠੇਕੇਦਾਰ ਤੋਂ ਮੁਰੰਮਤ ਕਰਵਾਈ ਗਈ ਸੀ, ਉਸ ਨੂੰ ਢਾਹ ਕੇ ਸਿੱਖ ਸੰਗਤਾਂ ਦੁਆਰਾ ਹੱਥੀਂ ਕਾਰ ਸੇਵਾ ਆਰੰਭ ਕਰਨ ਦਾ ਐਲਾਨ ਕੀਤਾ ਗਿਆ। 26 ਜਨਵਰੀ 1986 ਨੂੰ ਦਮਦਮੀ ਟਕਸਾਲ ਅਤੇ ਸਿੱਖ ਸਟੂਡੈਂਟ ਫ਼ੈਡਰੇਸ਼ਨ ਤੇ ਸਮੂਹ ਪੰਥਕ ਜਥੇਬੰਦੀਆਂ ਦੇ ਸੱਦੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਦਾ ਭਾਰੀ ਇਕੱਠ ਹੋਇਆ। ਜਿਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਿੱਖ ਸੰਗਤਾਂ ਦੁਆਰਾ ਕਾਰ ਸੇਵਾ ਆਰੰਭ ਕਰਨ ਦੀ ਹੱਥ ਖੜੇ ਕਰਾ ਕੇ ਸਰਬੱਤ ਖ਼ਾਲਸਾ ਤੋਂ ਜੈਕਾਰਿਆਂ ਦੀ ਗੂੰਜ ਵਿਚ ਮਨਜ਼ੂਰੀ ਲਈ ਗਈ। ਸਿੱਖ ਪੰਥ ਦੇ ਧਾਰਮਿਕ ਤੇ ਰਾਜਸੀ ਫ਼ੈਸਲੇ ਕਰਨ ਲਈ ਪੰਜ ਮੈਂਬਰੀ ਪੰਥਕ ਕਮੇਟੀ ਦਾ ਐਲਾਨ ਕੀਤਾ ਗਿਆ, ਜਿਸ ਦੇ ਪੰਜ ਮੈਂਬਰ ਸਨ—ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਭਾਈ ਧੰਨਾ ਸਿੰਘ, ਵੱਸਣ ਸਿੰਘ ਜ਼ਫ਼ਰਵਾਲ, ਗਿਆਨੀ ਅਰੂੜ ਸਿੰਘ (ਗਿਆਨੀ ਗੁਰਦਿਆਲ ਸਿੰਘ ਪਿੰਡ ਡੱਲਾ ਦਾ ਨਾਂ ਗਿਆਨੀ ਅਰੂੜ ਸਿੰਘ ਰੱਖਿਆ ਹੋਇਆ ਸੀ) ਆਦਿ। ਪੰਜ ਮੈਂਬਰੀ ਪੰਥਕ ਕਮੇਟੀ ਦੇ ਸਿੰਘਾਂ ਨੂੰ ਸਰਬੱਤ ਖ਼ਾਲਸਾ 26 ਜਨਵਰੀ 1986 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਸਿਰੋਪੇ ਬਖ਼ਸ਼ ਕੇ ਸਿੱਖ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਹੱਥ ਖੜੇ ਕਰ ਕੇ ਮਾਨਤਾ ਦਿੱਤੀ। ਸਰਬੱਤ ਖ਼ਾਲਸਾ ਦੀ ਮੌਜੂਦਗੀ ਵਿਚ ਕਾਰ ਸੇਵਾ ਵਾਲੇ ਪੰਜ ਮਹਾਂਪੁਰਖਾਂ ਨੇ ਟੱਪ ਲਾ ਕੇ ਕਾਰ ਸੇਵਾ ਆਰੰਭ ਕੀਤੀ। ਇਹ 26 ਜਨਵਰੀ 1986 ਦਾ ਸਰਬੱਤ ਖ਼ਾਲਸਾ ਇਕੱਠ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਾਰ ਸੇਵਾ ਆਰੰਭ ਕਰਨੀ ਜੁਝਾਰੂ ਸਿੰਘਾਂ ਵੱਲੋਂ ਇਕ ਕ੍ਰਿਸ਼ਮਾ ਹੀ

ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਤੇ ਹਿੰਦੁਸਤਾਨ ਦੀ ਦਿੱਲੀ ਹਕੂਮਤ ਨੇ ਆਪਣੀ ਪੂਰੀ ਮਸ਼ੀਨਰੀ ਦੀ ਵਰਤੋਂ ਕਰ ਕੇ ਇਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਸੀ ਪਰ ਅਣਖੀਲੇ ਜੁਝਾਰੂ ਮਰਦ ਸੂਰਬੀਰਾਂ ਅੱਗੇ ਤਨਖ਼ਾਹਾਂ 'ਤੇ ਲੜਨ ਵਾਲਿਆਂ ਦੀ ਕੋਈ ਪੇਸ਼ ਨਹੀਂ ਸੀ ਚੱਲੀ। ਜੁਝਾਰੂ ਸਿੰਘ ਮੈਦਾਨ ਵਿਚ ਨਿੱਤਰ ਆਏ ਸਨ ਅਤੇ ਐਲਾਨ ਕਰ ਦਿੱਤਾ ਸੀ ਕਿ ਖ਼ਾਲਸਾਈ ਜੁਝਾਰੂ ਰਵਾਇਤਾਂ ਨੂੰ ਕਾਇਮ ਰੱਖਣ ਲਈ ਜੁਝਾਰੂ ਖ਼ਾਲਸਾ ਸਿਰ ਦੇ ਵੀ ਸਕਦਾ ਹੈ ਅਤੇ ਸਿਰ ਲੈ ਵੀ ਸਕਦਾ ਹੈ।

26 ਫ਼ਰਵੌਰੀ 1986 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਸਰਬੱਤ ਖ਼ਾਲਸਾ ਦੇ ਖ਼ਾਲਸਾਈ ਜਾਹੋ-ਜਲਾਲ ਨੇ ਸਿੱਖ ਕੌਮ ਦੇ ਹੌਂਸਲੇ ਬੁਲੰਦ ਕਰ ਦਿੱਤੇ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਾਰ ਸੇਵਾ ਦੇ ਨਾਲ-ਨਾਲ ਜੁਝਾਰੂ ਸਿੰਘਾਂ ਨੇ ਸਿੱਖ ਸੰਘਰਸ਼ ਦੀ ਲਾਮਬੰਦੀ ਕੀਤੀ ਅਤੇ ਹਥਿਆਰਬੰਦ ਸੰਘਰਸ਼ ਆਰੰਭ ਕਰ ਦਿੱਤਾ। ਇਸ ਸੰਘਰਸ਼ ਵਿਚ ਮੋਢੀ ਸਿੰਘਾਂ ਭਾਈ ਮਨਬੀਰ ਸਿੰਘ ਚਹੇੜੂ, ਜੋ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਜਨਰਲ ਹਰੀ ਸਿੰਘ ਦੇ ਨਾਂ ਹੇਠ ਕੰਮ ਕਰਦਾ ਸੀ ਤੇ ਗਿਆਨੀ ਗੁਰਦਿਆਲ ਸਿੰਘ ਡੱਲਾ, ਪੰਥਕ ਕਮੇਟੀ ਮੈਂਬਰ ਗਿਆਨੀ ਅਰੂੜ ਸਿੰਘ ਦੇ ਨਾਂ ਹੇਠ ਕੰਮ ਕਰਦਾ ਸੀ। ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਸੁਖਦੇਵ ਸਿੰਘ ਸਖੀਰਾ, ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਭਾਈ ਧੰਨਾ ਸਿੰਘ, ਭਾਈ ਵੱਸਣ ਸਿੰਘ ਜ਼ਫ਼ਰਵਾਲ ਦੇ ਸਿੱਖ ਸੰਘਰਸ਼ ਵਿਚ ਉੱਘੇ ਨਾਂ ਸਾਹਮਣੇ ਆਏ।

29 ਫ਼ਰਵਰੀ 1986 ਨੂੰ ਪੰਜ ਮੈਂਬਰੀ ਪੰਥਕ ਕਮੇਟੀ ਵਿਚ ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਵੱਸਣ ਸਿੰਘ ਜ਼ਫ਼ਰਵਾਲ, ਭਾਈ ਧੰਨਾ ਸਿੰਘ, ਭਾਈ ਗੁਰਦੇਵ ਸਿੰਘ ਉਸਮਾਨਵਾਲਾ ਅਤੇ ਇਹਨਾਂ ਵਿਚ ਗਿਆਨੀ ਅਰੂੜ ਸਿੰਘ ਪੰਥਕ ਕਮੇਟੀ ਮੈਂਬਰ ਵੀ ਹਾਜ਼ਰ ਸੀ। ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਪੱਤਰਕਾਰ ਕਾਨਫ਼ਰੰਸ ਸੱਦੀ ਅਤੇ ਖ਼ਾਲਿਸਤਾਨ ਦਾ ਐਲਾਨ ਕੀਤਾ ਤੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦੇ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਭੇਸ ਵਟਾ ਕੇ ਟਕਸਾਲੀ ਚੋਲਿਆਂ, ਟਕਸਾਲੀ ਦਸਤਾਰਾਂ ਦੀ ਥਾਂ ਪੋਚਵੀਆਂ ਪੱਗਾਂ ਤੇ ਪੈਂਟਾਂ ਸ਼ਰਟਾਂ ਪਾ ਕੇ ਨਿਕਲ ਗਏ ਤੇ ਰੂਪੋਸ਼ ਹੋ ਗਏ। 30 ਅਪਰੈਲ 1986 ਨੂੰ ਅਖੌਤੀ ਪੰਥਕ ਅਕਾਲੀ ਸਰਕਾਰ ਦੇ ਮੁੱਖ ਮੰਤਰੀ ਸੁਰਜੀਤ ਸਿਹੁੰ ਬਰਨਾਲਾ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅੰਦਰ ਪੁਲਿਸ ਭੇਜ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਜੋ ਸਰਬੱਤ ਖ਼ਾਲਸਾ ਵੱਲੋਂ ਥਾਪਿਆ ਗਿਆ ਸੀ ਤੇ ਕਾਰ ਸੇਵਾ ਕਰ ਰਹੀਆਂ ਸਿੱਖ ਸੰਗਤਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਬੰਦ ਕਰ ਦਿੱਤਾ। ਪੰਥਕ ਕਮੇਟੀ ਮੈਂਬਰਾਂ ਨੂੰ ਫੜਨ ਲਈ ਪੁਲਿਸ ਗਈ ਸੀ, ਸਿੰਘ ਤਾਂ ਖ਼ਾਲਿਸਤਾਨ ਦਾ ਐਲਾਨ ਕਰਨ ਤੋਂ ਤੁਰੰਤ ਬਾਅਦ ਨਿਕਲ ਗਏ ਸਨ। ਇਸ ਤਰ੍ਹਾਂ ਸਿੱਖ ਹੋ ਕੇ ਵੀ ਸੁਰਜੀਤ ਬਰਨਾਲਾ ਨੇ ਹਿੰਦ ਸਰਕਾਰ ਦੇ ਜੂਨ 1984 ਦੇ ਘੱਲੂਘਾਰੇ ਨੂੰ ਸਹੀ ਦਰਸਾਉਣ ਲਈ ਮੋਹਰ

ਲਾਉਣ ਦੀ ਕੋਸ਼ਿਸ਼ ਕੀਤੀ। ਗਿਆਨੀ ਅਰੂੜ ਸਿੰਘ ਨੇ ਪੰਥਕ ਕਮੇਟੀ ਮੈਂਬਰ ਦੀਆਂ ਸੇਵਾਵਾਂ ਨਿਭਾਉਂਦਿਆਂ ਸਿੱਖ ਸੰਘਰਸ਼ ਨੂੰ ਸੇਧ ਦੇਣ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਗਿਆਨੀ ਅਰੂੜ ਸਿੰਘ ਜੀ ਦਾ ਭਾਈ ਸੁਖਦੇਵ ਸਿੰਘ ਸਖੀਰਾ ਨਾਲ ਬਹੁਤ ਪਿਆਰ ਸੀ ਤੇ ਭਾਈ ਸਖੀਰਾ ਨੇ ਹੀ ਬਾਬਾ ਠਾਕੁਰ ਸਿੰਘ (ਮੁਖੀ ਦਮਦਮੀ ਟਕਸਾਲ) ਨਾਲ ਸਲਾਹ ਕਰ ਕੇ ਆਪਣੇ ਵੱਲੋਂ ਪੰਥਕ ਕਮੇਟੀ ਮੈਂਬਰ ਬਣਾਇਆ ਸੀ। ਗਿਆਨੀ ਅਰੂੜ ਸਿੰਘ ਰੂਪੋਸ਼ ਜੁਝਾਰੂ ਸਿੰਘਾਂ ਦੇ ਸੰਘਰਸ਼ ਕਰ ਰਹੇ ਨਿੱਕੇ ਵੱਡੇ ਗਰੁੱਪਾਂ ਨੂੰ ਇਕ ਥਾਂ ਇਕੱਠੇ ਕਰ ਕੇ ਤੇ ਸੱਤ ਖਾੜਕੂ ਜਥੇਬੰਦੀਆਂ ਦੇ ਜੁਝਾਰੂ ਸਿੰਘਾਂ ਜਥੇਦਾਰ ਦੁਰਗਾ ਸਿੰਘ ਆਰਫ਼ਕੇ ਤੱਤ ਖ਼ਾਲਸਾ, ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਖ਼ਾਲਿਸਤਾਨ ਆਰਮਡ ਫ਼ੋਰਸ ਦੇ ਭਾਈ ਮਨਜੀਤ ਸਿੰਘ ਖੁਜਾਲਾ, ਖ਼ਾਲਿਸਤਾਨ ਆਰਮਡ ਪੁਲਿਸ, ਸਰਦੂਲ ਦਸਮੇਸ਼ ਰੈਜਮੈਂਟ, ਭਾਈ ਗੁਰਜੰਟ ਸਿੰਘ ਬੁੱਧਸਿੰਘ ਵਾਲਾ, ਭਾਈ ਵਰਿਆਮ ਸਿੰਘ ਖੱਪਿਆਂ ਵਾਲੀ ਦੀ ਮਾਲਵਾ ਕੇਸਰੀ ਕਮਾਂਡੋ ਫ਼ੋਰਸ, ਖ਼ਾਲਿਸਤਾਨ ਨੈਸ਼ਨਲ ਆਰਮੀ, ਨੂੰ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਝੰਡੇ ਹੇਠ ਇਕੱਤਰ ਕੀਤਾ। ਜੁਝਾਰੂ ਸਿੰਘਾਂ ਨੇ ਗਿਆਨੀ ਅਰੂੜ ਸਿੰਘ ਦੀ ਸਿੱਖ ਸੰਘਰਸ਼ ਪ੍ਰਤੀ ਸੇਵਾ ਭਾਵਨਾ ਦੀ ਸੁਚੱਜੀ ਅਗਵਾਈ, ਦੂਰ-ਅੰਦੇਸ਼ੀ ਦੀ ਕਦਰ ਕਰਦਿਆਂ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦਾ ਚੀਫ਼ ਨਿਯੁਕਤ ਕੀਤਾ। ਗਿਆਨੀ ਅਰੂੜ ਸਿੰਘ ਦੀ ਅਗਵਾਈ ਹੇਠ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਹਥਿਆਰਬੰਦ ਗੁਰੀਲਾ ਸਿੰਘਾਂ ਨੇ ਸਰਕਾਰੀ ਫ਼ੋਰਸਾਂ ਨੂੰ ਭਾਜੜਾਂ ਪਾ ਦਿੱਤੀਆਂ। ਸਰਕਾਰੀ ਪੁਰਜ਼ਿਆਂ, ਸਿੱਖ ਸੰਘਰਸ਼ ਦੇ ਦੁਸ਼ਮਣਾਂ, ਸਰਕਾਰੀ ਝੋਲੀ ਚੁੱਕਾਂ, ਪੁਲਿਸ ਦੇ ਮੁਖ਼ਬਰਾਂ ਨੂੰ ਦਿਨ ਦੀਵੀਂ ਲੋਹੇ ਦੇ ਚਣੇ ਚਬਾਏ। ਲਿਬਰੇਸ਼ਨ ਫ਼ੋਰਸ ਦੇ ਦਲੇਰਾਨਾ ਐਕਸ਼ਨਾਂ ਦੀਆਂ ਪੂਰੇ ਦੇਸ਼ ਅੰਦਰ ਧੁੰਮਾਂ ਪੈ ਗਈਆਂ।

ਗਿਆਨੀ ਅਰੂੜ ਸਿੰਘ ਪੰਥਕ ਕਮੇਟੀ ਮੈਂਬਰ ਨੇ ਹਥਿਆਰਬੰਦ ਸੰਘਰਸ਼ ਦੇ ਨਾਲ-ਨਾਲ ਸਿੱਖ ਸਟੂਡੈਂਟਸ ਫ਼ੈਡਰੇਸਨ ਦੇ ਕਨਵੀਨਰ ਭਾਈ ਹਰਿੰਦਰ ਸਿੰਘ ਕਾਹਲੋਂ ਦੇ ਨਾਲ ਵੀ ਤਾਲਮੇਲ ਜਾਰੀ ਰੱਖਿਆ। ਕਾਹਲੋਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਕਨਵੀਨਰ ਭਾਈ ਗੁਰਜੀਤ ਸਿੰਘ ਨਾਲ ਵੀ ਤਾਲਮੇਲ ਜਾਰੀ ਰੱਖਿਆ।

ਇਸ ਤੋਂ ਬਾਅਦ ਆਪ ਜੀ ਅੰਮ੍ਰਿਤਸਰ ਵਿਖੇ ਬਸੰਤ ਐਵੀਨਿਊ ਤੋਂ ਪੰਜਾਬ ਪੁਲਿਸ ਦੇ ਕਾਬੂ ਆ ਗਏ। ਆਪ 'ਤੇ ਅਣਮਨੁੱਖੀ ਤਸ਼ੱਦਦ ਕੀਤਾ ਗਿਆ। ਪੁਲਿਸ ਪੰਥਕ ਕਮੇਟੀ ਦੇ ਦੂਜੇ ਮੈਂਬਰਾਂ ਤੇ ਜੁਝਾਰੂ ਸਿੰਘਾਂ ਨੂੰ ਫੜਾਉਣ ਲਈ ਤਸ਼ੱਦਦ ਕਰਦੀ ਰਹੀ ਪਰ ਗੁਰੂ ਦੇ ਲਾਲ ਆਪਣੇ ਮੂੰਹ ਵਿਚੋਂ ਇਕ ਹੀ ਸਬਦ ਉਚਾਰਦੇ ਰਹੇ—ਮੇਰਾ ਸਿਰ ਜਾਏ ਤਾਂ ਜਾਏ, ਮੇਰਾ ਸਿੱਖੀ ਸਿਦਕ ਨਾ ਜਾਏ।

ਗਿਆਨੀ ਅਰੂੜ ਸਿੰਘ ਨੂੰ ਸਰੀਰਕ ਤੌਰ 'ਤੇ ਅਣਮਨੁੱਖੀ ਤਸੀਹੇ ਦਿੱਤੇ ਜਾਂਦੇ ਸਨ ਤੇ ਪੁਲਿਸ ਵਾਲੇ ਆਪ ਨੂੰ ਇਕੱਲਿਆਂ ਰੱਖਦੇ ਸਨ। ਜਿਸ ਨਾਲ ਭਾਰੀ ਤਸੀਹੇ ਸਰੀਰ ਉੱਪਰ ਝੱਲਦਿਆਂ ਹੋਇਆ ਦਿਮਾਗੀ ਤੌਰ 'ਤੇ ਬੀਮਾਰ ਹੋ ਗਏ।

ਜਿਸ ਦਾ ਜੇਲ੍ਹ ਅਧਿਕਾਰੀਆਂ ਨੇ ਇਲਾਜ ਨਾ ਕਰਵਾਇਆ। ਰਿਬੇਰੋ ਪੁਲਿਸ ਰਾਜ ਵੇਲੇ ਚੋਟੀ ਦੇ ਜੁਝਾਰੂ ਸਿੰਘਾਂ ਨੂੰ ਜੇਲ੍ਹਾਂ ਵਿਚੋਂ ਕੱਢ ਕੇ ਮਾਰਿਆ ਗਿਆ ਤੇ ਬਹਾਨਾ ਹੁੰਦਾ ਸੀ ਪੁਲਿਸ ਪੇਸ਼ੀ 'ਤੇ ਲਿਜਾ ਰਹੀ ਸੀ, ਅੱਤਵਾਦੀ ਪੁਲਿਸ ਪਾਰਟੀ ਉੱਤੇ ਹਮਲਾ ਕਰ ਕੇ ਛੁਡਾ ਕੇ ਲੈ ਗਏ। ਇਸੇ ਤਰ੍ਹਾਂ ਗਿਆਨੀ ਅਰੂੜ ਸਿੰਘ ਨੂੰ ਭਗੌੜਾ ਕਰਾਰ ਦੇ ਦਿੱਤਾ ਗ਼ਿਆ, ਪਰ ਰੱਖਿਆ ਸੁਰੱਖਿਆ ਫ਼ੋਰਸਾਂ ਦੇ ਕੈਂਪ ਵਿਚ ਹੀ ਗਿਆ। ਇਸ ਤਰ੍ਹਾਂ ਭਾਈ ਸਤਨਾਮ ਸਿੰਘ ਬਾਵਾ ਨੂੰ ਪੁਲਿਸ ਨੇ ਭੱਜ ਗਿਆ ਵਿਖਾਇਆ ਸੀ। ਪਰ ਉਹ ਇਕ ਦਿਨ ਸੱਚਮੁੱਚ ਭੱਜਣ ਵਿਚ ਕਾਮਯਾਬ ਹੋ ਗਿਆ ਸੀ। ਭਾਈ ਸਤਨਾਮ ਸਿੰਘ ਬਾਵਾ ਨੇ ਪੱਤਰਕਾਰ ਕਾਨਫ਼ਰੰਸ ਕਰ ਕੇ ਹਿੰਦ ਹਕੂਮਤ ਦੀ ਪੁਲਿਸ, ਸੁਰੱਖਿਆ ਬਲਾਂ ਦੇ ਭਾਂਡੇ ਚੌਰਾਹੇ ਵਿਚ ਭੰਨੇ ਸਨ ਕਿ ਜਿਨ੍ਹਾਂ ਨੂੰ ਪੁਲਿਸ ਨੇ ਭੱਜ ਗਿਆ ਵਿਖਾਇਆ ਹੈ, ਉਹ ਸੀ.ਆਰ.ਪੀ. ਤੇ ਪੁਲਿਸ ਦੇ ਕੈਂਪਾਂ ਵਿਚ ਜ਼ਿੰਦਾ ਹਨ ਤੇ ਮੁਰਦਿਆਂ ਨਾਲੋਂ ਵੀ ਭੈੜੀ ਹਾਲਤ ਵਿਚ ਜੀਅ ਰਹੇ ਹਨ ਤੇ ਕਈ ਦਿਮਾਗੀ ਸੰਤੁਲਨ ਵੀ ਗਵਾ ਚੁੱਕੇ ਹਨ। ਭਾਈ ਸਤਨਾਮ ਸਿੰਘ ਬਾਵਾ ਦੀ ਇਹ ਗੱਲ ਸੱਚ ਸਾਬਤ ਹੋਈ। ਗਿਆਨੀ ਅਰੂੜ ਸਿੰਘ ਨੂੰ ਘੋਰ ਤਸੀਹੇ ਦਿੱਤੇ ਤੇ ਸਰੀਰ ਨਕਾਰਾ ਹੋ ਗਿਆ। ਜਦੋਂ ਭਾਈ ਸਾਹਿਬ 'ਤੇ ਕੋਈ ਕੇਸ ਨਾ ਚੱਲਿਆ ਤਾਂ ਆਪ ਨੂੰ ਰਿਹਾਅ ਕਰ ਦਿੱਤਾ। ਗਿਆਨੀ ਅਰੂੜ ਸਿੰਘ ਜੀ ਦੀ ਦਿਮਾਗੀ ਤੌਰ 'ਤੇ ਬਹੁਤ ਪ੍ਰੇਸ਼ਾਨ ਸਨ ਅਤੇ ਘੋਰ ਤਸੀਹੇ ਝੱਲਦੇ ਹੋਏ 30 ਜੂਨ 1993 ਨੂੰ ਅੰਮ੍ਰਿਤਸਰ ਵਿਖੇ ਸਿਦਕੀ ਯੋਧਾ *ਮੇਰਾ ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ* ਦਾ ਸ਼ਬਦ ਪੜ੍ਹਦਾ ਹੋਇਆ ਸਿੱਖ ਸੰਘਰਸ਼ ਤੋਂ ਆਪਾ ਕੁਰਬਾਨ ਕਰ ਕੇ ਸਰੀਰ ਤਿਆਗ ਗਿਆ।

ਗਿਆਨੀ ਅਰੂੜ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਅਦ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੀ ਕਮਾਂਡ ਭਾਈ ਅਵਤਾਰ ਸਿੰਘ ਬ੍ਰਹਮਾ ਨੇ ਸੰਭਾਲੀ ਤੇ ਸਿੱਖ ਸੰਘਰਸ਼ ਨੂੰ ਯੋਗ ਅਗਵਾਈ ਦਿੱਤੀ। ਭਾਈ ਅਵਤਾਰ ਸਿੰਘ ਬ੍ਰਹਮਾ ਦੀ ਸਹਾਦਤ ਤੋਂ ਬਾਅਦ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੀ ਕਮਾਂਡ ਭਾਈ ਗੁਰਜੰਟ ਸਿੰਘ ਬੁੱਧਸਿੰਘ ਵਾਲਾ ਨੇ ਸੰਭਾਲੀ ਤੇ ਸਿੱਖ ਸੰਘਰਸ਼ ਨੂੰ ਬੁਲੰਦੀਆਂ 'ਤੇ ਪਹੁੰਚਾਇਆ। ਭਾਈ ਗੁਰਜੰਟ ਸਿੰਘ ਬੁੱਧਸਿੰਘ ਵਾਲਾ ਦੀ ਸ਼ਹੀਦੀ ਤੋਂ ਬਾਅਦ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੀ ਕਮਾਂਡ ਡਾ. ਪ੍ਰੀਤਮ ਸਿੰਘ ਸੇਖੋਂ (ਦੁਲਮਾਂ) ਨੇ ਸੰਭਾਲੀ। ਜਦੋਂ ਵੀ ਕਿਤੇ ਦੇਸ਼ ਵਿਚ ਹੋਏ ਵੱਡੇ ਖਾੜਕੂ ਕਾਰਨਾਮੇ ਦਾ ਅਖ਼ਬਾਰਾਂ ਵਿਚ ਜ਼ਿਕਰ ਆਉਂਦਾ ਹੈ ਤਾਂ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਨਾਲ ਇਸ ਦੇ ਬਾਨੀ ਗਿਆਨੀ ਅਰੂੜ ਸਿੰਘ, ਜਨਰਲ ਅਵਤਾਰ ਸਿੰਘ ਬ੍ਰਹਮਾ, ਭਾਈ ਗੁਰਜੰਟ ਸਿੰਘ ਬੁੱਧਸਿੰਘ ਵਾਲਾ, ਡਾ. ਪ੍ਰੀਤਮ ਸਿੰਘ ਦਾ ਨਾਂ ਵੀ ਜ਼ਰੂਰ ਆਉਂਦਾ ਰਿਹਾ।

***

# ਸ਼ਹੀਦ ਜਥੇਦਾਰ ਭਾਈ ਅਵਤਾਰ ਸਿੰਘ ਬ੍ਰਹਮਾ
## ਮੁਖੀ-ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ



ਵੀਹਵੀਂ ਸਦੀ ਦੇ ਮਹਾਨ ਇਨਕਲਾਬੀ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਸਿੱਖ ਕੌਮ ਦੀ ਆਜ਼ਾਦੀ ਲਈ ਆਰੰਭੇ ਸਿੱਖ ਸੰਘਰਸ਼ ਦੌਰਾਨ ਹਜ਼ਾਰਾਂ ਸਿੰਘਾਂ ਨੇ ਜਾਂਬਾਜ਼ੀ ਭਰੇ ਦਲੇਰਾਨਾ ਖਾੜਕੂ ਇਤਿਹਾਸਕ ਕਾਰਨਾਮੇ ਕੀਤੇ। ਅਜਿਹੇ ਜਾਂਬਾਜ਼ ਸਿੰਘਾਂ ਵਿਚੋਂ ਹੀ ਪ੍ਰਮੁੱਖ ਨਾਮ ਹੈ ਜਨਰਲ ਅਵਤਾਰ ਸਿੰਘ ਬ੍ਰਹਮਾ। ਜੂਨ 1984 ਦੇ ਸ੍ਰੀ ਹਰਿਮੰਦਰ ਸਾਹਿਬ ਉਪਰ ਤੋਪਾਂ, ਟੈਂਕਾਂ, ਮਸ਼ੀਨ ਗੰਨਾਂ ਨਾਲ ਹਿੰਦੁਸਤਾਨੀ ਸਰਕਾਰ ਦੀ ਹਿੰਦੂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਫ਼ੌਜ ਦੇ ਕਹਿਰੀ ਹਮਲੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ 40 ਗੁਰਦੁਆਰੇ ਢਾਹ-ਢੇਰੀ ਕਰਨ ਅਤੇ ਅਣਗਿਣਤ ਸਿੰਘਾਂ, ਸਿੰਘਣੀਆਂ ਤੇ ਭੁਝੰਗੀਆਂ 'ਤੇ ਹੋਏ ਜ਼ੁਲਮ ਉਪਰੰਤ ਸਿੱਖ ਸੰਘਰਸ਼ ਨੂੰ ਅੱਗੇ ਤੋਰਨ ਲਈ ਭਾਈ ਮਨਬੀਰ ਸਿੰਘ ਚਹੇੜੂ, ਭਾਈ ਤਰਸੇਮ ਸਿੰਘ ਕੋਹਾੜ, ਜਥੇਦਾਰ ਦੁਰਗਾ ਸਿੰਘ ਆਰਫਕੇ, ਭਾਈ ਅਵਤਾਰ ਸਿੰਘ ਬ੍ਰਹਮਾ, ਭਾਈ ਸੁਖਦੇਵ ਸਿੰਘ ਦਾਸੂਵਾਲ, ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਮਥਰਾ ਸਿੰਘ, ਭਾਈ ਧੰਨਾ ਸਿੰਘ, ਭਾਈ ਹਰਜਿੰਦਰ ਸਿੰਘ ਜਿੰਦਾ ਨੇ ਸਿੱਖ ਰਣਨੀਤੀ ਗੁਰੀਲਾ ਜੰਗ ਰਾਹੀਂ, ਹਿੰਦੁਸਤਾਨ ਦੀਆਂ ਸੁਰੱਖਿਆ ਫ਼ੋਰਸਾਂ ਨੂੰ ਪੰਜਾਬ ਦੀ ਧਰਤੀ 'ਤੇ ਭਾਜੜਾਂ ਪਾ ਦਿੱਤੀਆਂ ਅਤੇ ਦੁਨੀਆਂ ਨੂੰ ਵਿਖਾ ਦਿੱਤਾ ਕਿ ਸਿੰਘਾਂ ਦੇ ਹੌਂਸਲੇ ਬੁਲੰਦ ਹਨ। ਸਿੰਘ ਮਰਦੇ ਰਹਿਣਗੇ, ਮਾਰਦੇ ਰਹਿਣਗੇ, ਮੁੱਕਣਗੇ ਨਹੀਂ। ਸਿੰਘਾਂ ਦੇ ਇਰਾਦੇ ਅਟੱਲ ਹਨ, ਇਹਨਾਂ ਨੂੰ ਮੌਤ ਦਾ ਭੈਅ ਦੇ ਕੇ ਵਿਸਾਰਿਆ ਨਹੀਂ ਜਾ ਸਕਦਾ।

ਖ਼ਾਲਿਸਤਾਨੀ ਸਿੱਖ ਸੰਘਰਸ਼ ਦੇ ਖਾੜਕੂ ਜਰਨੈਲ ਸ਼ਹੀਦ ਭਾਈ ਅਵਤਾਰ ਸਿੰਘ ਬ੍ਰਹਮਾ ਦਾ ਜਨਮ ਸੰਨ 1951 ਵਿਚ ਪਿਤਾ ਸ. ਸੋਹਣ ਸਿੰਘ, ਜੀ ਦੇ ਘਰ ਮਾਤਾ ਚੰਨਣ ਕੌਰ ਜੀ ਦੀ ਕੁੱਖੋਂ ਪਿੰਡ ਬ੍ਰਹਮਪੁਰਾ (ਨਜ਼ਦੀਕ ਚੋਹਲਾ ਸਾਹਿਬ) ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਜਨਰਲ ਬ੍ਰਹਮਾ ਚਾਰ ਭਰਾਵਾਂ ਵਿਚੋਂ ਸਭ ਤੋਂ ਛੋਟੇ ਸਨ। ਵੱਡੇ ਭਰਾ ਸ. ਬਲਕਾਰ ਸਿੰਘ ਜੀ, ਸ. ਸਾਧਾ ਸਿੰਘ ਜੀ, ਸ. ਹਰਦੇਵ ਸਿੰਘ ਜੀ ਹਨ, ਜੋ ਪਿੰਡ ਬ੍ਰਹਮਪੁਰਾ ਵਿਚ ਖੇਤੀ-ਬਾੜੀ ਦਾ ਕੰਮ ਕਰਦੇ ਹਨ ਅਤੇ ਗੁਰਸਿੱਖੀ ਜੀਵਨ ਅਤੇ ਹੱਕ-ਸੱਚ ਦੀ ਕਿਰਤ ਕਮਾਈ ਕਰ ਕੇ ਬੜਾ ਸਾਦਾ ਜੀਵਨ ਬਤੀਤ ਕਰਦੇ ਹਨ। ਭਾਈ ਅਵਤਾਰ ਸਿੰਘ ਜੀ ਬ੍ਰਹਮਾ ਨੇ ਪੰਜਵੀਂ ਤਕ ਦੀ ਪੜ੍ਹਾਈ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਕੀਤੀ। ਇਸ ਤੋਂ ਬਾਅਦ ਆਮ ਜ਼ਿਮੀਂਦਾਰਾਂ ਦੇ ਪੁੱਤਰਾਂ ਵਾਂਗ ਘਰ ਦਾ ਕੰਮ-ਧੰਦਾ ਕਰਨ ਲੱਗ ਪਏ।

ਸੰਨ 1966 ਵਿਚ ਬਾਬਾ ਦਇਆ ਸਿੰਘ ਜੀ ਸੁਰਸਿੰਘ ਵਾਲੇ (1966 ਵਿਚ ਬਾਬਾ ਸੋਹਣ ਸਿੰਘ ਜੀ ਬਿਧੀਚੰਦੀਏ ਨਿਹੰਗ ਸਿੰਘਾਂ ਦੇ ਦਲ ਦੇ ਮੁਖੀ ਜਿਉਂਦੇ ਸਨ, ਬਾਬਾ ਸੋਹਣ ਸਿੰਘ ਜੀ ਸੁਰਸਿੰਘ ਵਾਲੇ 21 ਮਾਰਚ 1975 ਨੂੰ ਸੱਚਖੰਡ ਬਿਰਾਜੇ ਸਨ) ਪਿੰਡ ਲੁਹਾਰ ਜਥੇ ਸਮੇਤ ਆਏ। ਹਫ਼ਤਾ ਗੁਰਮਤਿ ਦਾ ਪ੍ਰਚਾਰ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਨਿਹੰਗ ਸਿੰਘਾਂ ਨੇ ਹੋਲਾ-ਮਹੱਲਾ ਖੇਡਿਆ, ਅੰਮ੍ਰਿਤ ਸੰਚਾਰ ਕੀਤਾ ਸੀ। ਬਾਬਾ ਦਇਆ ਸਿੰਘ ਜੀ ਦਾ ਜਥੇ ਸਮੇਤ ਪਿੰਡ ਲੁਹਾਰ ਆਉਣ 'ਤੇ ਇਲਾਕੇ ਦੀਆਂ ਸੰਗਤਾਂ ਗੁਰਮਤਿ ਸਮਾਗਮ ਵਿਚ ਸ਼ਾਮਲ ਹੋਈਆਂ। ਭਾਈ ਅਵਤਾਰ ਸਿੰਘ ਵੀ ਵੱਡੇ ਭਰਾ ਸ. ਸਾਧਾ ਸਿੰਘ ਨਾਲ ਆਪਣੇ ਖੇਤ ਵਾਲੇ ਖੂਹ ਤੋਂ ਦੁਪਹਿਰ ਵੇਲੇ ਖੇਤੀ ਦਾ ਕੰਮ-ਧੰਦਾ ਨਿਬੇੜ ਕੇ ਨਿਹੰਗ ਸਿੰਘਾਂ ਦਾ ਹੋਲਾ-ਮਹੱਲਾ ਵੇਖਣ ਲਈ ਗੁਰਮਤਿ ਸਮਾਗਮ ਵਿਚ ਪਿੰਡ ਲੁਹਾਰ ਪਹੁੰਚ ਗਿਆ ਅਤੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਗੁਰਸਿੱਖੀ ਜੀਵਨ ਵਿਚ ਪਰਪੱਕ ਹੋ ਗਿਆ ਤੇ ਇਸੇ ਦਿਨ ਤੋਂ ਬਿਧੀਚੰਦੀਏ ਨਿਹੰਗ ਸਿੰਘਾਂ ਦੇ ਦਲ ਵਿਚ ਸ਼ਾਮਲ ਹੋ ਗਿਆ। ਫਿਰ ਤਾਂ ਜਥੇ ਤੋਂ ਛੁੱਟੀ ਲੈ ਕੇ ਹੀ ਮਾਤਾ ਪਿਤਾ, ਭਰਾਵਾਂ ਨੂੰ ਆ ਕੇ ਮਿਲ ਜਾਂਦਾ। ਭਾਈ ਅਵਤਾਰ ਸਿੰਘ ਦੇ ਸੇਵਾ-ਸਿਮਰਨ, ਭਗਤੀ-ਭਾਵ ਨੂੰ ਵੇਖ ਕੇ ਬਾਬਾ ਦਇਆ ਸਿੰਘ ਜੀ ਨੇ ਭਾਈ ਅਵਤਾਰ ਸਿੰਘ ਦਾ ਨਾਮ ਭਾਈ ਬ੍ਰਹਮ ਸਿੰਘ ਜੀ ਰੱਖ ਦਿੱਤਾ। ਜਥੇ ਵਿਚ ਭਾਈ ਬ੍ਰਹਮ ਸਿੰਘ ਜਾਂ ਭਾਈ ਅਵਤਾਰ ਸਿੰਘ ਬ੍ਰਹਮਾ ਨਾਂ ਨਾਲ ਬੁਲਾਏ ਜਾਂਦੇ ਸਨ। ਭਾਈ ਅਵਤਾਰ ਸਿੰਘ ਬ੍ਰਹਮਾ ਲੰਗਰ ਦੀ ਸੇਵਾ ਕਰਦੇ, ਘੋੜਿਆਂ ਦੀ ਵੀ ਸੇਵਾ ਬੜੇ ਸ਼ੌਂਕ ਨਾਲ ਕਰਦੇ ਸਨ। ਸ਼ਸਤਰ ਵਿਦਿਆ ਅਤੇ ਘੋੜ ਸਵਾਰੀ ਦੇ ਮਾਹਿਰ ਸਨ। ਆਪ ਦੋ ਘੰਟੇ ਤਕ ਗਤਕਾਬਾਜ਼ੀ ਦੇ ਜੌਹਰ ਵਿਖਾ ਸਕਦੇ ਸਨ, ਦੋ ਘੋੜਿਆਂ ਉਪਰ ਖਲੋ ਕੇ ਘੋੜੇ ਇਕੱਠੇ ਭਜਾਉਂਦੇ ਸਨ, ਦੋ ਭੱਜੇ ਜਾਂਦੇ ਘੋੜਿਆਂ ਦੀਆਂ ਪਿੱਠਾਂ ਉਪਰ ਲੰਮੇ ਪੈ ਕੇ ਘੋੜੇ ਭਜਾਉਂਦੇ ਸਨ। ਸ਼ਸਤਰਾਂ ਵਿਚ ਤਲਵਾਰ, ਬਰਛੀ, ਪਿਸਤੌਲ ਤੋਂ ਲੈ ਕੇ ਰਾਕਟ ਲਾਂਚਰ ਤਕ ਚਲਾ ਲੈਂਦੇ ਸਨ।

ਇਕ ਵਾਰੀ ਦੀ ਗੱਲ ਹੈ ਕਿ ਬਾਬਾ ਦਇਆ ਸਿੰਘ ਜੀ ਸੁਰਸਿੰਘ ਵਾਲੇ (ਬਿਧੀਚੰਦੀਏ ਦਲ ਦੇ ਮੁਖੀ) ਅਤੇ ਬਾਬਾ ਬਿਸ਼ਨ ਸਿੰਘ ਜੀ ਬਾਬਾ ਬਕਾਲਾ ਵਾਲੇ ਤਰਨਾ ਦਲ ਦੇ ਮੁਖੀ ਆਪਸ ਵਿਚ ਗੱਲਬਾਤ ਕਰ ਰਹੇ ਸਨ ਕਿ ਅਖ਼ਬਾਰਾਂ ਵਿਚ ਆਇਆ ਹੈ ਕਿ ਫ਼ਰਾਂਸ ਦਾ ਇਕ ਅੰਗਰੇਜ਼ ਨਿਸ਼ਾਨੇਬਾਜ਼ ਘੋੜ ਸਵਾਰ ਘੋੜਾ ਭਜਾ ਕੇ ਧਰਤੀ 'ਤੇ ਗੱਡਿਆ ਲੋਹੇ ਦਾ ਕਿੱਲ ਨੇਜ਼ੇ ਬਰਛੀ ਦੀ ਨੋਕ ਨਾਲ ਪੁੱਟ ਲੈਂਦਾ ਹੈ। ਕੀ ਇਹ ਸੱਚ ਹੋ ਸਕਦਾ ਹੈ ? ਕੋਲ ਬੈਠੇ ਭਾਈ ਬ੍ਰਹਮ ਸਿੰਘ ਜੀ ਗੱਲਬਾਤ ਸੁਣ ਰਹੇ ਸੀ। ਭਾਈ ਬ੍ਰਹਮ ਸਿੰਘ ਨੇ ਕਿਹਾ ਕਿ ਬਾਬਾ ਜੀ, ਆਪ ਜੀ ਅਤੇ ਸਤਿਗੁਰੂ ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮਿਹਰ ਭਰਿਆ ਹੱਥ ਆਪਣੇ ਸਿੱਖ ਸੇਵਕ ਦੇ ਸਿਰ ਉਪਰ ਹੋਵੇ। ਫ਼ਰਾਂਸ ਦਾ ਅੰਗਰੇਜ਼ ਇਕ ਘੋੜਾ ਭਜਾ ਕੇ ਧਰਤੀ 'ਤੇ ਗੱਡਿਆ ਕਿੱਲ ਬਰਛੀ ਨਾਲ ਪੁੱਟਦਾ ਹੈ, ਗੁਰੂ ਕਾ ਸਿੰਘ ਦੋ ਘੋੜਿਆਂ ਨੂੰ ਇਕੱਠੇ ਦੌੜਾ ਕੇ ਉਪਰ ਖਲੋ ਕੇ ਧਰਤੀ 'ਤੇ ਗੱਡਿਆ ਕਿੱਲ ਨੇਜ਼ੇ ਦੀ ਨੋਕ ਨਾਲ ਪੁੱਟ ਸਕਦਾ ਹੈ। ਤਾਂ ਸੱਚੇ ਪਾਤਸ਼ਾਹ ਅਕਾਲ ਪੁਰਖ ਵਾਹਿਗੁਰੂ ਦੀ ਕਿਰਪਾ ਨਾਲ ਭਾਈ ਬ੍ਰਹਮ ਸਿੰਘ ਜੀ ਨੇ ਦੋ ਘੋੜੇ ਭਜਾ ਕੇ ਦੋ ਘੋੜਿਆਂ 'ਤੇ ਖਲੋ ਕੇ ਧਰਤੀ 'ਤੇ ਗੱਡਿਆ ਕਿੱਲ ਬਿਰੰਜੀ ਬਰਛੇ ਦੀ ਨੋਕ ਨਾਲ ਧਰਤੀ ਤੋਂ ਪੁੱਟ ਕੇ ਖੁੱਲ੍ਹੇ ਆਕਾਸ਼ ਵੱਲ ਉੱਚਾ ਉਡਾ ਦਿੱਤਾ, ਜਿਸ 'ਤੇ ਗਤਕੇਬਾਜ਼ੀ ਅਤੇ ਸ਼ਸਤਰ ਵਿਦਿਆ ਵਿਚ ਭਾਈ ਅਵਤਾਰ ਸਿੰਘ ਬ੍ਰਹਮਾ ਦਾ ਨਾਂ ਬੜੇ ਫ਼ਖ਼ਰ ਨਾਲ ਲਿਆ ਜਾਣ ਲੱਗ ਪਿਆ।

ਬਾਬਾ ਦਇਆ ਸਿੰਘ ਜੀ ਸੁਰਸਿੰਘ ਵਾਲਿਆਂ ਦਾ ਸੰਤ ਜਰਨੈਲ ਸਿੰਘ ਜੀ ਨਾਲ ਬੜਾ ਪਿਆਰ ਸੀ ਤੇ ਅਕਸਰ ਹੀ ਬਾਬਾ ਜੀ ਜਥੇ ਸਮੇਤ ਸੰਤ ਜਰਨੈਲ ਸਿੰਘ ਜੀ ਨੂੰ ਮਿਲਦੇ ਰਹਿੰਦੇ ਸਨ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਵੱਲੋਂ ਸਿੱਖ ਕੌਮ ਦੇ ਹੱਕਾਂ, ਆਜ਼ਾਦੀ ਲਈ ਆਰੰਭੇ ਧਰਮ ਯੁੱਧ ਮੋਰਚੇ ਦੌਰਾਨ, ਸੰਤ ਜੀ ਦੀ ਇਨਕਲਾਬੀ ਅਗਵਾਈ ਨੂੰ ਸਿੱਖ ਜਵਾਨੀ ਨੇ ਕਬੂਲ ਲਿਆ। ਅਣਖੀਲੀ ਜਵਾਨੀ ਸੰਤ ਜਰਨੈਲ ਸਿੰਘ ਜੀ ਦੇ ਹਰ ਬੋਲ ਉੱਤੇ ਪਹਿਰਾ ਦੇਣਾ ਆਪਣਾ ਫ਼ਰਜ਼ ਸਮਝਣ ਲੱਗੀ। ਸਿੱਖ ਕੌਮ ਨੂੰ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਦੇ ਹੱਕਾਂ, ਆਜ਼ਾਦੀ ਤੇ ਸਿੱਖ ਹਲੀਮੀ ਰਾਜ ਦੀ ਸਥਾਪਨਾ ਕਰਨ ਵਾਲਾ ਸਿੱਖ ਜਰਨੈਲ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਰੂਪ ਵਿਚ ਮਿਲਿਆ ਜੋ ਸਿੱਖਾਂ ਨੂੰ ਗ਼ੁਲਾਮੀ ਤੋਂ ਮੁਕਤੀ ਦਿਵਾ ਸਕਦਾ ਸੀ ਤਾਂ ਸਿਰਫ਼ ਸੰਤ ਜਰਨੈਲ ਸਿੰਘ ਜੀ ਹੀ ਦਿਵਾ ਸਕਦਾ ਸੀ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਵਿਚਾਰ ਸੁਣ ਕੇ ਭਾਈ ਅਵਤਾਰ ਸਿੰਘ ਜੀ ਬ੍ਰਹਮਾ ਅਤੇ ਉਸ ਦਾ ਇਕ ਹੋਰ ਸਾਥੀ ਭਾਈ ਅਮਰੀਕ ਸਿੰਘ ਜੌੜਾ (ਜੌੜਾਸਿੰਘਾ ਵਾਲਾ) ਨਿਹੰਗ ਸਿੰਘ ਇਨਕਲਾਬੀ ਵਿਚਾਰਧਾਰਾ ਵੱਲ ਖਿੱਚੇ ਗਏ। ਦੋਵਾਂ ਸਿੰਘਾਂ ਨੇ ਫ਼ੈਸਲਾ ਕਰ ਲਿਆ ਕਿ ਸੰਤ ਜਰਨੈਲ ਸਿੰਘ ਜੀ ਦੇ ਨਾਲ ਸਿੱਖ ਸੰਘਰਸ਼ ਵਿਚ ਹਿੱਸਾ ਲਿਆ ਜਾਵੇ।

30 ਮਈ ਨੂੰ ਦੋਹਾਂ ਸਿੰਘਾਂ ਨੇ ਬਾਬਾ ਦਇਆ ਸਿੰਘ ਜੀ ਤੋਂ ਛੁੱਟੀ ਲਈ

ਤੇ ਆਪਣੇ ਦਿਲ ਦੀ ਭਾਵਨਾ ਦਾ ਪ੍ਰਗਟਾਵਾ ਕੀਤਾ। ਬਾਬਾ ਦਇਆ ਸਿੰਘ ਜੀ ਦੇ ਜਥੇ ਤੋਂ ਛੁੱਟੀ ਲੈ ਕੇ ਦੋਵੇਂ ਸਿੰਘ ਜਥੇ ਨੂੰ ਫ਼ਤਹਿ ਬੁਲਾ ਕੇ ਸੁਰਸਿੰਘ ਛਾਉਣੀ ਨਿਹੰਗ ਸਿੰਘਾਂ ਤੋਂ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਪਹੁੰਚ ਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੰਤ ਜਰਨੈਲ ਸਿੰਘ ਜੀ ਨੂੰ ਮਿਲੇ। ਆਪਣੀ ਸਿੱਖ ਸੰਘਰਸ਼ ਵਿਚ ਹਿੱਸਾ ਲੈਣ ਦੀ ਇੱਛਾ ਪ੍ਰਗਟ ਕੀਤੀ। ਸੰਤ ਜੀ ਦੇ ਪਾਸ ਜਨਰਲ ਸੁਬੇਗ ਸਿੰਘ, ਭਾਈ ਅਮਰੀਕ ਸਿੰਘ, ਬਾਬਾ ਠਾਹਰਾ ਸਿੰਘ, ਭਾਈ ਦੁਰਗਾ ਸਿੰਘ, ਭਾਈ ਮੇਜਰ ਸਿੰਘ ਨਾਗੋਕੇ ਬੈਠੇ ਸਨ। ਸੰਤ ਜੀ ਨੇ ਸਾਥੀ ਸਿੰਘਾਂ ਨਾਲ ਸਲਾਹ ਉਪਰੰਤ ਦੋਹਾਂ ਸਿੰਘਾਂ ਨੂੰ ਹੁਕਮ ਕੀਤਾ ਕਿ ਸਿੰਘੋ, ਤੁਹਾਡਾ ਇਥੇ ਸ਼ਹੀਦ ਹੋਣ ਦਾ ਕੋਈ ਫ਼ਾਇਦਾ ਨਹੀਂ। ਸਰਕਾਰ ਵੱਲੋਂ ਫ਼ੌਜ ਨਾਲ ਹਮਲਾ ਕਰਨ ਦੀ ਤਿਆਰੀ ਹੋ ਚੁੱਕੀ ਹੈ। ਇਕ-ਦੋ ਦਿਨਾਂ ਤਕ ਇਥੇ ਪਤਾ ਨਹੀਂ ਕੀ ਵਾਪਰਨੀ ਹੈ। ਤੁਸੀਂ ਆਪਣੇ ਘਰ ਪਿੰਡ ਜਾਉ, ਵਾਹਿਗੁਰੂ ਦਾ ਸਿਮਰਨ ਕਰੋ। ਸਿੰਘ ਤੁਹਾਨੂੰ ਆਪੇ ਮਿਲ ਪੈਣਗੇ। ਸਿੱਖ ਸੰਘਰਸ਼ ਨੂੰ ਜਾਰੀ ਰੱਖਣ ਲਈ ਹੋਰ ਸਿੰਘਾਂ ਨੂੰ ਵੀ ਅੱਜ ਹੀ ਬਾਹਰ ਭੇਜਿਆ ਜਾ ਰਿਹਾ ਹੈ। ਜਥੇਦਾਰ ਦੁਰਗਾ ਸਿੰਘ ਜੀ ਤੁਹਾਨੂੰ ਆਪੇ ਮਿਲ ਪੈਣਗੇ। ਸਿੱਖ ਸੰਘਰਸ਼ ਨੂੰ ਜਾਰੀ ਰੱਖਣ ਲਈ ਤੁਹਾਡਾ ਬਾਹਰ ਜਾਣਾ ਜ਼ਰੂਰੀ ਹੈ।

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦਾ ਹੁਕਮ ਮੰਨ ਕੇ ਭਾਈ ਅਵਤਾਰ ਸਿੰਘ ਬ੍ਰਹਮਾ ਅਤੇ ਭਾਈ ਅਮਰੀਕ ਸਿੰਘ ਜੌੜਾ ਆਪਣੇ ਪਿੰਡਾਂ ਨੂੰ ਆ ਗਏ। ਸੰਤ ਜੀ ਦੀ ਭਵਿੱਖਬਾਣੀ ਸੱਚੀ ਸਾਬਤ ਹੋਈ। ਦੋ ਜੂਨ ਨੂੰ ਭਾਰਤੀ ਫ਼ੌਜ ਨੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ 40 ਹੋਰ ਗੁਰਧਾਮਾਂ ਉਪਰ ਫ਼ੌਜੀ ਹਮਲਾ ਕਰ ਕੇ ਢਾਹ ਢੇਰੀ ਕਰ ਦਿੱਤਾ ਅਤੇ ਹਜ਼ਾਰਾਂ ਸਿੰਘਾਂ-ਸਿੰਘਣੀਆਂ ਨੂੰ ਸ਼ਹੀਦ ਕਰ ਦਿੱਤਾ।

ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਸੰਤ ਜੀ ਦੀ ਰਹਿਨੁਮਾਈ ਦਾ ਨਿੱਘ ਮਾਣ ਚੁੱਕੇ ਬਹਾਦਰ ਸਿੰਘਾਂ ਜਥੇਦਾਰ ਦੁਰਗਾ ਸਿੰਘ, ਭਾਈ ਮਨਬੀਰ ਸਿੰਘ ਚਹੇੜੂ, ਭਾਈ ਤਰਸੇਮ ਸਿੰਘ ਕੁਹਾੜ, ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਸੁਖਦੇਵ ਸਿੰਘ ਸਖੀਰਾ, ਗਿਆਨੀ ਅਰੂੜ ਸਿੰਘ, ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਭਾਈ ਮਥਰਾ ਸਿੰਘ ਵਰਗੇ ਯੋਧੇ ਬਚੇ-ਖੁਚੇ ਸਿੰਘਾਂ ਦੀ ਭਾਲ ਕਰ ਕੇ ਸਿੰਘਾਂ ਨੂੰ ਲਾਮਬੰਦ ਕਰਨ ਲੱਗੇ। ਜਥੇਦਾਰ ਦੁਰਗਾ ਸਿੰਘ ਜੀ ਭਾਈ ਅਵਤਾਰ ਸਿੰਘ ਬ੍ਰਹਮਾ ਨੂੰ ਮਿਲੇ, ਹਮਖ਼ਿਆਲ ਸਿੰਘਾਂ, ਜਥੇਦਾਰ ਬੋਹੜ ਸਿੰਘ ਢੋਲੇਵਾਲ, ਭਾਈ ਪਿੱਪਲ ਸਿੰਘ ਢੋਲੇਵਾਲ, ਭਾਈ ਜਰਨੈਲ ਸਿੰਘ ਡੀ.ਸੀ. ਕਿਰਤੋਵਾਲ, ਭਾਈ ਕੁਲਦੀਪ ਸਿੰਘ ਮੁੱਛਲ, ਭਾਈ ਸੁਰਿੰਦਰ ਸਿੰਘ ਸ਼ਿੰਦਾ ਉਰਫ਼ ਲੰਮਾ ਜੱਟ, ਭਾਈ ਸਤਨਾਮ ਸਿੰਘ ਭਰੋਵਾਲ ਛੋਟਾ ਬ੍ਰਹਮਾ, ਸ. ਗੁਰਦੀਪ ਸਿੰਘ ਵਕੀਲ ਮਨਿਹਾਲਾ, ਭਾਈ ਮਾਧਾ ਸਿੰਘ ਵੇਈਂ-ਪੁਈਂ, ਗਿਆਨੀ ਅਰੂੜ ਸਿੰਘ, ਭਾਈ ਗੁਰਦੇਵ ਸਿੰਘ ਉਸਮਾਨ ਵਾਲਾ ਵਰਗੇ ਖਾੜਕੂ ਯੋਧਿਆਂ ਨੇ ਜਥੇਬੰਦ ਹੋ ਕੇ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਜਥੇਬੰਦੀ ਦੀ ਸਥਾਪਨਾ ਕੀਤੀ। ਗਿਆਨੀ ਅਰੂੜ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਅਦ ਜਥੇਬੰਦੀ ਦੀ ਅਗਵਾਈ ਭਾਈ

ਅਵਤਾਰ ਸਿੰਘ ਬ੍ਰਹਮਾ ਨੇ ਸੰਭਾਲ ਲਈ ਅਤੇ ਪੰਜਾਬ ਅੰਦਰ ਤਾਇਨਾਤ ਕੇਂਦਰੀ ਫ਼ੋਰਸਾਂ, ਸੀ.ਆਰ.ਪੀ., ਨੈਸ਼ਨਲ ਗਾਰਡ, ਬੀ.ਐੱਸ.ਐੱਫ਼. ਅਤੇ ਸਿੰਘ-ਸੰਘਰਸ਼ ਦੀ ਵਿਰੋਧੀ ਪੰਜਾਬ ਪੁਲਿਸ ਦੇ ਚੋਣਵੇਂ ਅਧਿਕਾਰੀਆਂ, ਕਰਮਚਾਰੀਆਂ ਵਿਰੁੱਧ ਸੰਘਰਸ਼ ਜਾਰੀ ਰੱਖਿਆ। ਭਾਈ ਅਵਤਾਰ ਸਿੰਘ ਬ੍ਰਹਮਾ, ਜਥੇਦਾਰ ਦੁਰਗਾ ਸਿੰਘ ਦੀ ਅਗਵਾਈ ਵਾਲੇ ਸਿੰਘਾਂ ਦੀ ਸੀ.ਆਰ.ਪੀ. ਨਾਲ ਸਿੱਧੀ ਟੱਕਰ ਜ਼ਿਆਦਾ ਹੁੰਦੀ ਸੀ। ਖਾੜਕੂ ਸਿੰਘ ਗਸ਼ਤ ਕਰਦੇ ਸੀ.ਆਰ.ਪੀ. ਦੇ ਜਵਾਨਾਂ ਨੂੰ ਘੇਰ ਕੇ ਉਹਨਾਂ ਦੇ ਹਥਿਆਰ ਖੋਹ ਲੈਂਦੇ ਸਨ। ਪਿੰਡ ਬਲੇਰ ਵਿਚ ਸੀ.ਆਰ.ਪੀ. ਦੇ ਜਵਾਨਾਂ ਨੂੰ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਸਿੰਘਾਂ ਨੇ ਘੇਰ ਲਿਆ। ਸੀ.ਆਰ.ਪੀ. ਵਾਲਿਆਂ ਨੇ ਭੱਜਣ ਦੀ ਕੋਸ਼ਿਸ਼ ਕੀਤੀ। ਸਿੰਘਾਂ ਨੇ ਭੱਜੇ ਜਾਂਦਿਆਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਤੇ ਉਹਨਾਂ ਦਾ ਗੋਲੀ ਸਿੱਕਾ ਅਤੇ ਹਥਿਆਰ ਵੀ ਲੈ ਗਏ, ਜੋ ਸੀ.ਆਰ.ਪੀ. ਵਾਲੇ ਭੱਜਣ ਵਿਚ ਸਫਲ ਹੋ ਗਏ ਸਨ, ਉਹਨਾਂ ਨੇ ਆਪਣੀ ਨਮੋਸ਼ੀ 'ਤੇ ਪਰਦਾ ਪਾਉਣ ਲਈ ਖੇਤਾਂ ਵਿਚ ਪਿੰਡ ਬਲੇਰ ਦੇ ਦੋ ਕਿਸਾਨਾਂ ਚਤਰ ਸਿੰਘ ਤੇ ਹਜ਼ਾਰਾ ਸਿੰਘ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਤੇ ਦੋ ਸੀ.ਆਰ.ਪੀ. ਦੇ ਜਵਾਨ ਅਤੇ ਦੋ ਅੱਤਵਾਦੀ ਮਾਰੇ ਜਾਣ ਦਾ ਅਖ਼ਬਾਰਾਂ ਵਿਚ ਐਲਾਨ ਕਰ ਦਿੱਤਾ। ਇਸ ਸੰਬੰਧੀ ਅਖ਼ਬਾਰਾਂ ਵਿਚ ਭਾਈ ਅਵਤਾਰ ਸਿੰਘ ਬ੍ਰਹਮਾ ਨੇ ਮੁਕਾਬਲੇ ਵਿਚ ਮਾਰੇ ਗਏ ਦੱਸੇ ਸਿੰਘਾਂ ਦੇ ਕਤਲਾਂ ਦੀ ਸਚਾਈ ਸਾਹਮਣੇ ਲਿਆਂਦੀ।

ਭਾਈ ਅਵਤਾਰ ਸਿੰਘ ਬ੍ਰਹਮਾ ਦੀਆਂ ਪੰਜਾਬ ਤੋਂ ਲੈ ਕੇ ਦਿੱਲੀ ਤਕ ਧੁੰਮਾਂ ਪੈ ਗਈਆਂ ਸਨ। ਸਰਕਾਰ ਦੀਆਂ ਮੀਟਿੰਗਾਂ ਵਿਚ ਬ੍ਰਹਮਾ ਦੀਆਂ ਦਲੇਰਾਨਾ, ਦਿਨੋ-ਦਿਨ ਵਧ ਰਹੀਆਂ ਕਾਰਵਾਈਆਂ ਦੀ ਚਰਚਾ ਹੁੰਦੀ ਸੀ। ਸਿੱਖਾਂ ਦੇ ਘਰਾਂ, ਮੁਹੱਲਿਆਂ ਵਿਚ ਬ੍ਰਹਮਾ ਦੀ ਸੂਰਬੀਰਤਾ ਦੀਆਂ ਗੱਲਾਂ ਹੁੰਦੀਆਂ ਸਨ। ਸਰਕਾਰ ਦੇ ਨਾਲ-ਨਾਲ ਕਾਤਲਾਂ, ਲੁਟੇਰਿਆਂ ਵਿਰੁੱਧ ਵੀ ਬ੍ਰਹਮਾ ਦੀਆਂ ਬੰਦੂਕਾਂ ਦੇ ਮੂੰਹ ਹੋ ਗਏ ਸਨ। ਸਿੱਖ ਕੌਮ ਵਿਚ ਜਨਰਲ ਅਵਤਾਰ ਸਿੰਘ ਬ੍ਰਹਮਾ ਦਾ ਨਾਂ ਬੜੇ ਫ਼ਖ਼ਰ ਨਾਲ ਲਿਆ ਜਾਂਦਾ ਸੀ। ਪੁਲਿਸ ਨੂੰ ਹਰ ਨਿਹੰਗ ਸਿੰਘ ਭਾਈ ਅਵਤਾਰ ਸਿੰਘ ਬ੍ਰਹਮਾ ਨਜ਼ਰ ਆਉਂਦਾ ਸੀ। ਪੰਜਾਬ ਪੁਲਿਸ ਦਾ ਮੁਖੀ ਜੂਲੀਓ ਫ਼ਰਾਂਸਿਸ ਰਿਬੇਰੋ ਪੁਲਿਸ ਕਪਤਾਨਾਂ ਨੂੰ ਮੀਟਿੰਗਾਂ ਵਿਚ ਝਾੜ ਪਾਉਂਦਾ ਸੀ ਕਿ ਖ਼ੁਫ਼ੀਆ ਰਿਪੋਰਟਾਂ ਕਹਿੰਦੀਆਂ ਹਨ ਕਿ ਲੋਕ ਬ੍ਰਹਮਾ ਨੂੰ ਮੰਡ ਦਾ ਰਾਜਾ ਕਹਿਣ ਲੱਗ ਪਏ ਹਨ, ਲੋਕ ਉਸ ਨੂੰ ਸਹਿਯੋਗ ਦੇ ਰਹੇ ਹਨ, ਉਸ ਦੇ ਬੰਦਿਆਂ ਨੂੰ ਰੋਟੀ-ਪਾਣੀ ਖੁਆਉਂਦੇ ਹਨ। ਆਪ ਪੁਲਿਸ ਤੋਂ ਮਾਰ ਖਾ ਕੇ ਵੀ ਉਸ ਦੀ ਸੂਹ ਨਹੀਂ ਦੇਂਦੇ। ਉਸ ਨੂੰ ਲੋਕਾਂ ਵਿਚ ਬਦਨਾਮ ਕਰੋ, ਉਸ ਦੇ ਨਾਂ 'ਤੇ ਆਪਣੇ ਬੰਦਿਆਂ ਤੋਂ ਲੋਕਾਂ ਨੂੰ, ਸਿੱਖਾਂ ਨੂੰ ਤੰਗ ਕਰੋ, ਬ੍ਰਹਮਾ ਦੇ ਨਾਂ ਹੇਠ ਲੋਕਾਂ ਤੋਂ ਰੁਪਏ ਦੀ ਮੰਗ ਕਰੋ। ਲੋਕ, ਸਿੱਖ ਉਸ ਨਾਲ ਨਫ਼ਰਤ ਕਰਨ ਲੱਗ ਪੈਣਗੇ। ਬ੍ਰਹਮਾ ਨੂੰ ਆਪੇ ਪੁਲਿਸ ਨੂੰ ਫੜਾ ਦੇਣਗੇ। ਪਰ ਬ੍ਰਹਮਾ ਦੀ ਨੀਤੀ ਨੂੰ ਕੀ ਜਾਣੇ ਰਿਬੇਰੋ ? ਬ੍ਰਹਮਾ ਸਾਹਿਬ ਨੇ ਤਾਂ ਲੋਕਾਂ ਤੋਂ, ਸਿੱਖਾਂ ਤੋਂ ਪੈਸੇ ਲੈਣ ਦਾ ਦੋਸ਼ ਸਹੀ ਹੋਣ 'ਤੇ ਆਪਣੀ ਜਥੇਬੰਦੀ ਦੇ ਲੈਫ਼ਟੀਨੈਂਟ ਜਨਰਲ

ਪਹਾੜ ਸਿੰਘ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ ਅਤੇ ਸਾਥੀ ਸਿੰਘਾਂ ਨੂੰ ਤਾੜਨਾ ਕੀਤੀ ਸੀ ਕਿ ਜੇ ਕਿਸੇ ਸਿੱਖ ਪਰਿਵਾਰ ਤੋਂ ਜਬਰੀ ਫਿਰੌਤੀ ਲਈ ਗਈ ਜਾਂ ਮੰਗ ਕੀਤੀ ਗਈ ਜਾਂ ਕਿਸੇ ਸਿੱਖ ਨੂੰ ਆਚਰਨਹੀਣ ਕੰਮ (ਬਲਾਤਕਾਰ) ਦਾ ਦੋਸ਼ੀ ਪਾਇਆ ਗਿਆ ਤਾਂ ਉਸ ਦਾ ਹਸ਼ਰ ਪਹਾੜ ਸਿੰਘ ਵਾਲਾ ਹੋਵੇਗਾ। ਭਾਈ ਬ੍ਰਹਮਾ ਨੇ ਐਲਾਨ ਕੀਤਾ ਕਿ ਜੇ ਕੋਈ ਦੁਸ਼ਟ ਸਿੱਖ ਨੂੰ ਤੰਗ ਕਰਦਾ ਹੈ ਤਾਂ ਉਹ ਸਾਡੇ ਨਾਲ ਸੰਪਰਕ ਕਰੇ, ਅਸੀਂ ਆਪਣੀ ਜਾਨ 'ਤੇ ਖੇਡ ਕੇ ਉਸ ਦੀ ਸਹਾਇਤਾ ਕਰਾਂਗੇ। ਕਿਸੇ ਸਿੱਖ ਨਾਲ ਧੱਕਾ ਨਹੀਂ ਹੋਣ ਦੇਵਾਂਗੇ। ਪੁਲਿਸ ਦੇ ਮੁਖ਼ਬਰਾਂ, ਸਿੰਘਾਂ ਉੱਤੇ ਤਸ਼ੱਦਦ ਕਰਨ ਅਤੇ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਸਿੰਘਾਂ ਨੂੰ ਖ਼ਤਮ ਕਰਨ ਵਾਲਿਆਂ ਵੱਲ ਸਾਡੀਆਂ ਬੰਦੂਕਾਂ ਦੇ ਮੂੰਹ ਹਨ। ਅਸੀਂ ਕਿਸੇ ਨਿਰਦੋਸ਼ ਦਾ ਖ਼ੂਨ ਡੋਲ੍ਹਣ ਵਿਚ ਵਿਸ਼ਵਾਸ ਨਹੀਂ ਰੱਖਦੇ। ਸਾਡੀ ਟੱਕਰ ਬੇਇਨਸਾਫ਼ੀ, ਜਬਰ ਅਤੇ ਜ਼ੁਲਮ ਨਾਲ ਹੈ, ਜੋ ਸਿੰਘਾਂ ਨਾਲ ਇਹ ਕਰੇਗਾ ਸਿੰਘਾਂ ਦੀਆਂ ਬੰਦੂਕਾਂ ਤੋਂ ਉਹ ਬਚ ਨਹੀਂ ਸਕੇਗਾ। ਭਾਈ ਬ੍ਰਹਮਾ ਸਿੱਖ ਸਿਆਸਤ ਉਪਰ ਬਾਜ਼-ਨਿਗਾਹ ਰੱਖਦੇ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਧਾਂਤ ਨੂੰ ਰੋਲਣ ਵਾਲੇ, ਮੀਰੀ-ਪੀਰੀ ਦੇ ਸਿਧਾਂਤ ਦੇ ਉਲਟ ਅਕਾਲੀਆਂ ਦੀਆਂ ਕੋਝੀਆਂ ਹਰਕਤਾਂ ਤੋਂ ਚੰਗੀ ਤਰ੍ਹਾਂ ਵਾਕਫ਼ ਸਨ। ਇਸ ਸੰਬੰਧੀ ਅਕਾਲੀਆਂ ਨੂੰ ਕੋਝੀਆਂ, ਸਿੱਖੀ ਦੇ ਸਿਧਾਂਤਹੀਣ ਹਰਕਤਾਂ ਤੋਂ ਬਾਜ ਆਉਣ ਦੀ ਤਾੜਨਾ ਕੀਤੀ, ਜਿਸ 'ਤੇ ਅਕਾਲੀ ਸਮਝਦੇ ਸਨ ਕਿ ਬ੍ਰਹਮਾ ਜੀ ਜੋ ਕਹਿੰਦੇ ਹਨ, ਉਹ ਅਮਲੀ ਤੌਰ 'ਤੇ ਕਰਦੇ ਹਨ। ਅਕਾਲੀ ਦੜ ਵੱਟ ਕੇ ਦਿਨ ਕੱਟੀ ਕਰਦੇ ਸਨ। ਸਿੱਖੀ ਵਿਰੋਧੀਆਂ ਲਈ ਭਾਈ ਅਵਤਾਰ ਸਿੰਘ ਬ੍ਰਹਮਾ ਹਊਆ ਬਣੇ ਹੋਏ ਸਨ।

ਵੱਡੇ ਤੋਂ ਵੱਡੇ ਸੀ.ਆਰ.ਪੀ. ਦੇ ਘੇਰਿਆਂ ਵਿਚੋਂ ਬੜੀ ਬਹਾਦਰੀ ਨਾਲ ਲੜਦੇ ਹੋਏ ਲਲਕਾਰ ਕੇ ਘੇਰਾ ਤੋੜ ਕੇ ਨਿਕਲ ਜਾਂਦੇ ਸਨ। ਪਿੰਡ ਮਾਣਕਪੁਰ (ਪੱਟੀ ਤਹਿਸੀਲ) ਵਿਚ ਸੀ.ਆਰ.ਪੀ. ਨਾਲ ਬੜਾ ਜ਼ਬਰਦਸਤ ਮੁਕਾਬਲਾ ਹੋਇਆ, ਜਿਸ ਵਿਚ ਸਿੰਘਾਂ ਦਾ ਵੀ ਨੁਕਸਾਨ ਹੋਇਆ, ਸਿੰਘ ਸ਼ਹੀਦ ਹੋਏ। ਸੀ.ਆਰ.ਪੀ. ਦਾ ਵੀਹ ਹਜ਼ਾਰ ਦਾ ਘੇਰਾ ਸੀ, ਇਤਨੀ ਗੋਲੀ ਚੱਲਦੀ ਸੀ ਕਿ ਜਿਵੇਂ ਜ਼ੋਰਦਾਰ ਮੀਂਹ ਦੀ ਵਾਛੜ ਹੁੰਦੀ ਹੈ। ਇਸ ਗੋਲੀਬਾਰੀ ਵਿਚ ਭਾਈ ਬ੍ਰਹਮਾ ਦੀ ਪੱਗ ਨੂੰ ਛੂਹ ਕੇ ਤੇ ਦੂਜੇ ਬਸਤਰਾਂ ਨੂੰ ਛੂਹ ਕੇ ਗੋਲੀਆਂ ਛਾਣਨੀ ਕਰਦੀਆਂ ਰਹੀਆਂ। ਹਜ਼ਾਰਾਂ ਗੋਲੀਆਂ ਦੇ ਛੇਕ ਬਸਤਰਾਂ ਅਤੇ ਪੱਗ ਵਿਚ ਹੋਏ। ਭਾਈ ਅਵਤਾਰ ਸਿੰਘ ਬ੍ਰਹਮਾ ਦੇ ਇਕ ਹੱਥ ਦੀ ਵੱਡੀ ਉਂਗਲ ਮਾਣਕਪੁਰ ਦੇ ਮੁਕਾਬਲੇ ਵਿਚ ਗੋਲੀ ਲੱਗਣ ਨਾਲ ਕੱਟੀ ਗਈ। ਭਾਈ ਬ੍ਰਹਮਾ ਮਾਣਕਪੁਰ ਦਾ ਸੀ.ਆਰ.ਪੀ. ਦਾ ਘੇਰਾ ਤੋੜ ਕੇ ਰਾਤ ਦੇ ਹਨੇਰੇ ਵਿਚ ਨਿਕਲ ਗਏ। ਭਾਈ ਬ੍ਰਹਮਾ ਦੇ ਬਸਤਰਾਂ ਅਤੇ ਦਸਤਾਰ ਵਿਚ ਲੱਗੇ ਗੋਲੀਆਂ ਦੇ ਨਿਸ਼ਾਨ ਵੇਖ ਕੇ ਲੋਕ ਕਹਿੰਦੇ ਸਨ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅੱਜ ਫਿਰ ਬਾਬਾ ਬਿਧੀ ਚੰਦ ਨੂੰ ਪੱਟੀ ਦੇ ਅੱਗ ਦੇ ਭੱਠ ਵਿਚੋਂ ਬਚਾਅ ਲੈਣ ਵਾਂਗ ਭਾਈ ਅਵਤਾਰ ਸਿੰਘ ਬ੍ਰਹਮਾ ਦੀ ਰੱਖਿਆ ਕੀਤੀ ਹੈ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵਰੋਸਾਏ ਹੋਏ

ਬਾਬਾ ਬਿਧੀ ਚੰਦ ਦੇ ਦਲ ਦੀ ਸੇਵਾ ਕਰਨ ਵਾਲੇ ਬਹਾਦਰ ਭਾਈ ਅਵਤਾਰ ਸਿੰਘ ਬ੍ਰਹਮਾ ਦੀ ਮਾਣਕਪੁਰ ਦੇ ਅੱਗ ਦੇ ਭੱਠੇ ਵਰਗੇ ਸੀ.ਆਰ.ਪੀ. ਨਾਲ ਹੋਏ ਸਖ਼ਤ ਮੁਕਾਬਲੇ ਵਿਚ ਛੇਵੇਂ ਪਾਤਸ਼ਾਹ ਨੇ ਆਪ ਰੱਖਿਆ ਕੀਤੀ ਤੇ ਸਿੱਖ ਕੌਮ ਦੀ ਹੋਰ ਸੇਵਾ ਕਰਨ ਲਈ ਆਪ ਮਿਹਰ ਕਰ ਕੇ ਬਚਾਅ ਲਿਆ ਤੇ ਇਹ ਨਿਸਚਾ ਪੱਕਾ ਕਰ ਦਿੱਤਾ ਕਿ ਸ਼ਰਧਾਵਾਨ ਬਹਾਦਰ ਸਿੰਘਾਂ ਦੇ ਗੁਰੂ ਸਦਾ ਅੰਗ-ਸੰਗ ਸਹਾਈ ਰਹਿੰਦਾ ਹੈ ਤੇ ਆਪ ਆਪਣੇ ਸਿੰਘਾਂ ਦੀ ਰੱਖਿਆ ਕਰਦਾ ਹੈ।

ਤਰਨ ਤਾਰਨ ਤਹਿਸੀਲ ਵਿਚ ਚੋਹਲਾ ਸਾਹਿਬ ਕਸਬਾ ਹੈ, ਜਿਥੇ ਸ਼ਿਵ ਸਿੰਘ (ਛਿੱਬੂ ਰਾਮ) ਪੁਲਿਸ ਚੌਂਕੀ 'ਚ ਥਾਣੇਦਾਰ ਲੱਗਿਆ ਸੀ। ਉਸ ਉਪਰ ਇਹ ਗੱਲ ਪੂਰੀ ਢੁਕਦੀ ਸੀ ਕਿ ਜਿਵੇਂ ਕਹਿੰਦੇ ਹਨ ਕਿ ਜੱਟ ਸੁਹਾਗੇ 'ਤੇ ਚੜ੍ਹਿਆ ਮਾਣ ਨਹੀਂ ਹੁੰਦਾ। ਤੇ ਜੇ ਕੰਮੀ ਜਾਤ ਦਾ ਥਾਣੇਦਾਰ ਲੱਗ ਜਾਵੇ ਤਾਂ ਫਿਰ ਲੋਕਾਂ 'ਤੇ ਰੋਹਬ ਨਾ ਜਮਾਵੇ, ਇਹ ਕਿਵੇਂ ਹੋ ਸਕਦਾ ਹੈ। ਬੜਾ ਲੋਕਾਂ ਉਪਰ ਰੋਹਬ-ਦਾਅਬ ਜਮਾਉਂਦਾ ਸੀ। ਕਿਸੇ ਹਿੰਦੂ ਸਿੱਖ ਨੂੰ ਗਾਲ੍ਹ ਕੱਢਣ ਲੱਗਾ, ਕਿਸੇ ਦੀ ਸ਼ਰਾਫ਼ਤ, ਉਮਰ ਦਾ ਲਿਹਾਜ਼ ਨਹੀਂ ਸੀ ਕਰਦਾ। ਜੇ ਕੋਈ ਬਜ਼ਾਰ ਜਾਂਦਾ ਸਾਈਕਲ ਵਾਲਾ ਸਾਈਕਲ ਦੀ ਘੰਟੀ ਵਜਾ ਦੇਂਦਾ ਤਾਂ ਚਪੇੜਾਂ ਡੰਡਿਆਂ ਤੇ ਗਾਲ੍ਹਾਂ ਦੀ ਵਾਛੜ ਕਰ ਦਿੰਦਾ। ਛਿੱਬੂ ਰਾਮ ਨਾਲ ਦੀ ਤਾਂ ਕੋਈ ਗਾਲ੍ਹ ਕੱਢ ਹੀ ਨਹੀਂ ਸੀ ਸਕਦਾ। ਗਾਲ੍ਹ ਸੱਤ ਵਲ਼ ਪਾ ਕੇ ਕੱਢਦਾ ਕਿ ਰਾਹਗੀਰ ਨੂੰ ਜਿਉਂਦੇ ਨੂੰ ਹਲਾਲ ਕਰ ਦੇਂਦਾ ਸੀ। ਟਰੱਕ, ਬੱਸ, ਸਕੂਟਰ, ਕਾਰ, ਮੋਟਰ ਸਾਈਕਲ ਵਾਲਾ ਬਜ਼ਾਰ ਵਿਚ ਹਾਰਨ ਨਹੀਂ ਸੀ ਦੇ ਸਕਦਾ। ਜੇ ਕੋਈ ਮਜਬੂਰੀ ਵੱਸ ਹਾਰਨ ਵਜਾ ਦੇਂਦਾ ਤੇ ਜੇ ਉਥੇ ਨੇੜੇ ਹੋਵੇ ਥਾਣੇਦਾਰ ਛਿੱਬੂ ਰਾਮ ਤਾਂ ਸਮਝੋ ਫਿਰ ਉਹ ਬੇਇੱਜ਼ਤ ਹੋਏ ਬਿਨਾਂ ਸੁੱਕਾ ਕਿਵੇਂ ਬਚ ਕੇ ਜਾ ਸਕਦਾ ਸੀ। ਇਲਾਕੇ ਵਿਚ ਭਾਈ ਅਵਤਾਰ ਸਿੰਘ ਬ੍ਰਹਮਾ ਦੀ ਧੁੰਮ ਪਈ ਹੋਈ ਸੀ। ਲੋਕ ਭਾਈ ਬ੍ਰਹਮਾ ਦੀ ਕੁਰਬਾਨੀ, ਜਾਂਬਾਜ਼ੀ ਦੀਆਂ ਸਿਫ਼ਤਾਂ ਕਰਦੇ ਨਹੀਂ ਸੀ ਥੱਕਦੇ। ਕਈ ਕਹਿੰਦੇ ਸਨ, ਬ੍ਰਹਮਾ ਚੋਹਲਾ ਚੌਂਕੀ ਦੇ ਥਾਣੇਦਾਰ ਨੂੰ ਮਿਲੇ ਤਾਂ ਸਵਾਦ ਆਉਂਦਾ। ਭਾਈ ਬ੍ਰਹਮਾ ਕਹਿੰਦਾ ਸੀ ਕਿ ਵਿਚਾਰਾ ਕੰਮੀ ਜਾਤ ਦਾ ਥਾਣੇਦਾਰ ਬਣਿਆ ਹੈ, ਚਾਰ ਦਿਨ ਉਸ ਨੂੰ ਮਨ ਖੁਸ਼ ਕਰ ਲੈਣ ਦਿਉ।

ਦੂਜੇ ਪਾਸੇ ਸਾਥੀ ਪੁਲਿਸ ਵਾਲਿਆਂ ਨੂੰ ਛਿੱਬੂ ਰਾਮ ਕਹਿੰਦਾ ਸੀ, ਤੁਸੀਂ ਸੂਹ ਰੱਖੋ, ਆਪਾਂ ਬ੍ਰਹਮਾ ਦੀ ਬ੍ਰਹਮੀ ਬਣਾਉਣੀ ਆ ਤੇ ਪੁਲਿਸ ਮੁਖੀ ਰਿਬੇਰੋ ਤੋਂ ਡੀ.ਐੱਸ.ਪੀ. ਦੇ ਸਟਾਰ ਲਵਾ ਕੇ ਪੁਲਿਸ ਕਪਤਾਨ ਬਣ ਜਾਣਾ।

ਇਕ ਦਿਨ ਚਾਹ ਵਾਲੀ ਦੁਕਾਨ ਵਿਚ ਬੈਠਾ ਥਾਣੇਦਾਰ ਆਪਣੇ ਸਾਥੀ ਪੁਲਿਸ ਵਾਲਿਆਂ ਨਾਲ ਚਾਹ ਪੀ ਰਿਹਾ ਸੀ ਤੇ ਨਾਲ ਦਿਆਂ ਨੂੰ ਕਹਿ ਰਿਹਾ ਸੀ ਕਿ ਓਏ ਕੰਜਰ ਦਿਉ ਪੁੱਤੋ, ਤੁਸੀਂ ਵੀ ਖੋਤੇ ਹੋ, ਤੁਹਾਡੇ ਤੋਂ ਬ੍ਰਹਮੇ ਦੀ ਸੂਹ ਨਹੀਂ ਨਿਕਲਦੀ। ਪੁਲਿਸ ਦਾ ਹੌਲਦਾਰ ਕਹਿ ਰਿਹਾ ਸੀ ਕਿ ਜਨਾਬ, ਕੀ ਕਰੀਏ, ਲੋਕ ਬ੍ਰਹਮਾ ਦੇ ਦੀਵਾਨੇ ਹਨ। ਕੋਈ ਉਸ ਬਾਰੇ ਗੱਲ ਕਰਨ ਵਾਸਤੇ ਤਿਆਰ ਨਹੀਂ।

ਥਾਣੇਦਾਰ ਕਹਿੰਦਾ, ਨਲਾਇਕੋ, ਪਿੰਡਾਂ ਵਿਚ ਲੋਕਾਂ ਨੂੰ ਸ਼ਰਾਬ ਕੱਢਣ ਦੀ ਖੁੱਲ੍ਹ

ਦਿਉ, ਲਾਲਚ ਦਿਉ ਤੇ ਆਖੋ ਕਿ ਬ੍ਰਹਮਾ ਨੂੰ ਫੜਾਉ ਤੇ ਮੌਜਾਂ ਉਡਾਉ। ਵੇਖੋ ਕਿੰਨੀ ਛੇਤੀ ਲੋਕ ਆਪ ਹੀ ਬ੍ਰਹਮੀ ਨੂੰ ਫੜ ਕੇ ਆਪਣੇ ਸਾਹਮਣੇ ਪੇਸ਼ ਕਰਦੇ। ਤੁਸੀਂ ਤਾਂ ਖ਼ਾਲੀ ਭਾਂਡਾ ਵੇਖ ਲੈਂਦੇ ਜੇ ਤੇ ਲੋਕਾਂ ਦੀ ਮਾਰ-ਕੁੱਟ ਕਰ ਕੇ ਪੈਸੇ ਝਾੜਦੇ ਜੇ। ਲੋਕ ਤਾਹੀਉਂ ਬ੍ਰਹਮੇ ਨਾਲ ਜੁੜੀ ਜਾਂਦੇ। ਇਸ ਦੁਕਾਨ ਵਿਚ ਹੀ ਭਾਈ ਦੁਰਗਾ ਸਿੰਘ ਜਥੇਦਾਰ ਮੋਟਾ ਤਾਜ਼ਾ ਪੇਂਡੂ ਜੱਟਾਂ ਦੇ ਭੇਸ ਵਿਚ ਤੇੜ ਚਾਦਰਾ, ਲੰਮਾ ਕੁੜਤਾ ਪਾਈ, ਸਿਰ 'ਤੇ ਸਿੱਧੀ ਜਿਹੀ ਪੱਗ ਵਲ੍ਹੇਟੀ, ਛੋਟੀ ਦਾਹੜੀ, 50 ਸਾਲ ਦਾ ਬੈਠਾ ਸੀ। ਕਹਿੰਦਾ ਕਿ ਥਾਣੇਦਾਰ ਸਾਹਿਬ, ਜੇ ਇਹ ਸੇਵਾ ਮੈਨੂੰ ਦਿੱਤੀ ਜਾਵੇ ਤਾਂ ਮੈਂ ਬ੍ਰਹਮਾ ਦੇ ਛੇਤੀ ਹੀ ਤੁਹਾਨੂੰ ਦਰਸ਼ਨ ਕਰਵਾ ਦੇਵਾਂਗਾ। ਬਾਕੀ ਰਹੀ ਗੱਲ ਬ੍ਰਹਮਾ ਨੂੰ ਕਾਬੂ ਕਰਨ ਦੀ, ਉਹ ਤੁਸੀਂ ਆਪ ਕਰ ਲੈਣਾ। ਮੇਰੀ ਸਿਆਣ ਰੱਖਣੀ, ਮੈਂ ਭਲਾ ਤੁਹਾਨੂੰ ਰੋਕ ਕੇ ਪਰਦੇ ਨਾਲ ਦੱਸਣ ਲੱਗਾਂ। ਤੁਸੀਂ ਮੈਨੂੰ ਕੁੱਟਣ ਲੱਗ ਪਉ, ਗਾਲ੍ਹਾਂ ਕੱਢਣ ਲੱਗ ਪਉ ਤੇ ਕਿਤੇ ਮੇਰਾ ਇਨਾਮ ਕੋਈ ਹੋਰ ਨਾ ਲੈ ਜਾਵੇ, ਜਿਹੜਾ ਬ੍ਰਹਮੇ ਦੇ ਸਿਰ 'ਤੇ ਸਰਕਾਰ ਨੇ ਫੜਾਉਣ ਲਈ ਰੱਖਿਆ ਹੈ। ਮੇਰੀ ਸ਼ਨਾਖ਼ਤ ਗੁਪਤ ਰੱਖਣੀ। ਬ੍ਰਹਮਾ ਇਸ ਕੰਮ ਵਾਲੇ ਨੂੰ ਮਿਲਦਾ ਜ਼ਰੂਰ ਹੈ। ਥਾਣੇਦਾਰ ਕਹਿੰਦਾ, ਫ਼ਿਕਰ ਨਾ ਕਰ ਜੱਟਾ, ਤੂੰ ਬ੍ਰਹਮੇ ਦੇ ਦਰਸ਼ਨ ਕਰਵਾ ਦੇ ਇਕ ਵਾਰ, ਫਿਰ ਤੇਰਾ ਇਨਾਮ ਪੱਕਾ ਤੇ ਪੁਲਿਸ ਮੁਖੀ ਦੀ ਚਿੱਠੀ, ਪ੍ਰਸੰਸਾ-ਪੱਤਰ ਵੀ ਮਿਲੂ। ਜਿਸ ਥਾਣੇ ਜਾਵੇਂਗਾ, ਤੈਨੂੰ ਕੁਰਸੀ ਮਿਲਿਆ ਕਰੇਗੀ। ਤੇਰੀ ਸਰਕਾਰੇ-ਦਰਬਾਰੇ ਪੂਰੀ ਪੁੱਛ-ਪਰਤੀਤ ਹੋਵੇਗੀ। ਸਾਰੀ ਉਮਰ ਮੌਜਾਂ ਕਰੀਂ ਮੌਜਾਂ। ਦੁਰਗਾ ਸਿੰਘ 'ਅੱਛਾ ਜਨਾਬ' ਕਹਿ ਕੇ ਚਾਹ ਵਾਲੀ ਦੁਕਾਨ, ਜੋ ਥਾਣੇ ਪੁਲਿਸ ਚੌਂਕੀ ਦੇ ਸਾਹਮਣੇ ਸੀ, 'ਚੋਂ ਉੱਠ ਕੇ ਬਾਹਰ ਅਣਦੱਸੇ ਰਾਹ ਵੱਲ ਤੁਰ ਪਿਆ। ਥਾਣੇਦਾਰ ਛਿੱਬੂ ਖ਼ੁਸ਼ ਸੀ, ਅੱਜ ਉਸ ਨੂੰ ਬ੍ਰਹਮਾ ਦੇ ਦਰਸ਼ਨ ਕਰਾਉਣ ਦਾ ਕਿਸੇ ਅਣਜਾਣ ਜਿਹੇ ਪੇਂਡੂ ਜੱਟ ਨੇ ਵਾਅਦਾ ਕੀਤਾ ਸੀ। ਉਸ ਨੂੰ ਆਪਣੇ ਮੋਢਿਆਂ 'ਤੇ ਸਟਾਰ ਵਧਦੇ ਨਜ਼ਰ ਆਉਣ ਲੱਗੇ। ਉਹ ਸੁਪਨਿਆਂ ਦੀ ਦੁਨੀਆਂ ਵਿਚ ਡੀ.ਐੱਸ.ਪੀ. ਦਾ ਅਹੁਦਾ ਵੇਖ ਰਿਹਾ ਸੀ।

ਭਾਈ ਦੁਰਗਾ ਸਿੰਘ, ਭਾਈ ਅਵਤਾਰ ਸਿੰਘ ਬ੍ਰਹਮਾ ਦੇ ਸਾਥੀ ਸਿੰਘਾਂ ਨੂੰ ਮਿਲਿਆ ਤੇ ਕਿਹਾ ਕਿ ਅੱਜ ਮੈਂ ਥਾਣੇਦਾਰ ਸ਼ਿਵ ਸਿਹੁੰ ਛਿੱਬੂ ਚੋਹਲਾ ਸਾਹਿਬ ਪੁਲਿਸ ਚੌਂਕੀ ਵਾਲੇ ਨੂੰ ਜਥੇਦਾਰ ਅਵਤਾਰ ਸਿੰਘ ਬ੍ਰਹਮਾ ਦੇ ਦਰਸ਼ਨ ਕਰਾਉਣ ਦਾ ਵਾਅਦਾ ਕਰ ਕੇ ਆਇਆ ਹਾਂ। ਸਿੰਘੋ, ਤਿਆਰੇ ਕਰੋ, ਬ੍ਰਹਮਾ ਨੂੰ ਵੇਖਣ ਲਈ ਛਿੱਬੂ ਥਾਣੇਦਾਰ ਬੜਾ ਕਾਹਲਾ ਹੈ। ਬ੍ਰਹਮਾ ਕਮੀਜ਼ ਪਜਾਮਾ ਪਾ ਕੇ ਪੋਚਵੀਂ ਪੱਗ ਬੰਨ੍ਹ ਲਈਂ, ਤੈਨੂੰ ਪਸੰਦ ਕਰਨਾ ਛਿੱਬੂ ਨੇ ਤੇ ਮਿਲਣੀ ਮੈਂ ਆਪੇ ਕਰ ਲਵਾਂਗਾ। ਛਿੱਬੂ ਰਾਮ ਦਾ ਸਵਾਗਤ ਅਤੇ ਰਾਸ਼ਨ-ਪਾਣੀ ਵਰਤਾਉਣ ਦੀ ਸੇਵਾ ਜਥੇਦਾਰ ਬੋਹੜ ਸਿੰਘ, ਭਾਈ ਪਿੱਪਲ ਸਿੰਘ, ਭਾਈ ਗੁਰਦੇਵ ਸਿੰਘ ਉਸਮਾਨ ਵਾਲਾ, ਭਾਈ ਗੁਰਦੀਪ ਸਿੰਘ ਵਕੀਲ ਅਤੇ ਭਾਈ ਕਰਨੈਲ ਸਿੰਘ ਡੀ.ਸੀ. ਕਰ ਲੈਣਗੇ। ਲਾਗੀ ਦਾ ਕੰਮ ਭਾਈ ਸੁਰਿੰਦਰ ਸਿੰਘ ਲੰਮਾ ਜੱਟ ਕਰ ਲਵੇਗਾ।

ਸਿੰਘਾਂ ਨੇ ਆਪਣੀ ਸਕੀਮ ਅਨੁਸਾਰ ਚੋਹਲਾ ਸਾਹਿਬ ਤੋਂ ਸਰਹਾਲੀ ਵਾਲੀ

ਸੜਕ 'ਤੇ ਨਹਿਰ ਦੇ ਪੁਲ 'ਤੇ ਮੋਰਚੇ ਮੱਲ ਲਏ। ਭਾਈ ਸੁਰਿੰਦਰ ਸਿੰਘ ਸ਼ਿੰਦਾ ਜੱਟ ਨੇ ਥਾਣੇਦਾਰ ਨੂੰ ਇਤਲਾਹ ਦਿੱਤੀ ਕਿ ਬ੍ਰਹਮਾ ਨਿਹੰਗ ਸਰਹਾਲੀ ਵਾਲੀ ਸੜਕ 'ਤੇ ਫਿਰਦਾ ਹੈ, ਉਸ ਕੋਲ ਕੋਈ ਹਥਿਆਰ ਵੀ ਨਹੀਂ ਹੈ, ਮੈਨੂੰ ਖ਼ਾਸ ਬੰਦੇ ਨੇ ਭੇਜਿਆ ਹੈ। ਉਹ ਉਸ ਦੇ ਪਿੱਛੇ ਨਜ਼ਰ ਰੱਖ ਰਿਹਾ ਹੈ। ਤੁਹਾਨੂੰ ਜਨਾਬ ਉਹ ਰਸਤੇ ਵਿਚ ਰੋਕ ਕੇ ਦੱਸੇਗਾ। ਸਰਹਾਲੀ ਤਕ ਆਉਣ ਜਾਣ ਦੇ ਚੱਕਰ 'ਚ ਹੀ ਬ੍ਰਹਮਾ ਨੂੰ ਕਾਬੂ ਕਰ ਸਕਦੇ ਹੋ। ਅੱਜ ਤਾਂ ਬਹੁਤੀ ਫ਼ੋਰਸ ਦੀ ਵੀ ਲੋੜ ਨਹੀਂ, ਅੱਜ ਤਾਂ ਛਿੱਤਰ ਨਾਲ ਸਹਿਆ ਮਾਰਿਆ ਜਾ ਸਕਦਾ ਹੈ। ਸੂਹੀਆ ਇਤਲਾਹ ਦੇ ਕੇ ਖਿਸਕ ਗਿਆ। ਥਾਣੇਦਾਰ ਛਿੱਬੂ ਰਾਮ ਨੂੰ ਸੁਣ ਕੇ ਚਾਅ ਚੜ੍ਹ ਗਿਆ। ਉਸ ਨੇ ਚਾਰ ਸਿਪਾਹੀ, ਪੁਲਿਸ ਚੌਂਕੀ ਦੇ ਨਾਲ ਲਏ, ਪ੍ਰਾਈਵੇਟ ਜੀਪ ਵਾਲੇ ਨੂੰ ਘੇਰ ਲਿਆ। ਕਿਸੇ ਗ਼ਰੀਬ ਡਰਾਈਵਰ ਦੀ ਕੀ ਜੁਰਅੱਤ ਸੀ ਕਿ ਛਿੱਬੂ ਥਾਣੇਦਾਰ ਨੂੰ ਨਾਂਹ ਕਰਦਾ। ਡਰਦਾ ਜੀਪ ਵਾਲਾ ਮਹਿਰਾ ਸਿੱਖਾਂ ਦਾ ਮੁੰਡਾ ਤੇ ਇਕ ਪੰਡਤਾਂ ਦਾ ਮੁੰਡਾ ਜੀਪ ਲੈ ਕੇ ਥਾਣੇਦਾਰ ਨਾਲ ਤੁਰ ਪਏ। ਸਰਹਾਲੀ ਤਕ ਤਾਂ ਸੁੱਖੀ-ਸਾਂਦੀ ਅੱਪੜ ਗਏ। ਮੁੜ ਕੇ ਖਾਰੇ ਵਾਲੇ ਪੁਲ 'ਤੇ ਪਹੁੰਚੇ ਤਾਂ ਜਥੇਦਾਰ ਦੁਰਗਾ ਸਿੰਘ ਤੇ ਭਾਈ ਬ੍ਰਹਮਾ ਸੜਕ 'ਤੇ ਖੜੇ ਸਨ, ਦੂਜੇ ਸਿੰਘ ਮੋਰਚਾ ਮੱਲੀ ਬੈਠੇ ਸਨ। ਦੁਰਗਾ ਸਿੰਘ ਨੇ ਜੀਪ ਨੂੰ ਰੁਕਣ ਦਾ ਇਸ਼ਾਰਾ ਕੀਤਾ, ਜੀਪ ਹੌਲੀ ਹੋ ਕੇ ਰੁਕੀ। ਜਥੇਦਾਰ ਦੁਰਗਾ ਸਿੰਘ ਨੇ ਕਿਹਾ, ਥਾਣੇਦਾਰ ਸਾਹਿਬ, ਤੁਹਾਡੇ ਸਾਹਮਣੇ ਜਨਰਲ ਬ੍ਰਹਮਾ, ਦਰਸ਼ਨ ਕਰ ਲਉ। ਕਰ ਲਵੋ ਬ੍ਰਹਮ ਸਿੰਘ ਦਾ ਦੀਦਾਰ, ਪਸੰਦ ਜੇ ? ਇਤਨੀ ਕਹਿ ਕੇ ਜਥੇਦਾਰ ਦੁਰਗਾ ਸਿੰਘ ਚੀਤੇ ਵਰਗੀ ਫੁਰਤੀ ਨਾਲ ਜੀਪ ਤੋਂ ਪਾਸੇ ਹੋ ਗਿਆ। ਮੋਰਚੇ ਮੱਲੀ ਬੈਠੇ ਸਿੰਘਾਂ ਨੇ 'ਸਤਿ ਸ੍ਰੀ ਅਕਾਲ' ਬੋਲ ਕੇ ਫ਼ਾਇਰਿੰਗ ਸ਼ੁਰੂ ਕਰ ਦਿੱਤੀ। ਸਿੰਘਾਂ ਦੀ ਗੋਲੀਬਾਰੀ ਵਿਚ ਬ੍ਰਹਮਾ ਨੂੰ ਫੜਨ ਆਇਆ ਥਾਣੇਦਾਰ ਛਿੱਬੂ ਤੇ ਜੀਪ ਵਾਲੇ ਦੋ ਸਿਵਲ ਬੰਦੇ ਮਾਰੇ ਗਏ। ਪੁਲਿਸ ਦੇ ਮੁਲਾਜ਼ਮ ਜ਼ਖ਼ਮੀ ਹੋਏ ਜੋ ਹਸਪਤਾਲ ਦਾਖ਼ਲ ਕਰਾਉਣ 'ਤੇ ਬਚ ਗਏ। ਸਿੰਘ ਪੁਲਿਸ ਦੇ ਹਥਿਆਰ ਤੇ ਗੋਲੀ ਸਿੱਕਾ ਵੀ ਲੈ ਗਏ। ਇਹ ਘਟਨਾ 1986 ਦੀ ਹੈ।

ਅਗਲੇ ਦਿਨ ਅਖ਼ਬਾਰਾਂ ਵਿਚ ਖ਼ਬਰ ਛਪ ਗਈ ਕਿ ਖਾਰੇ ਵਾਲੇ ਨਹਿਰ ਦੇ ਪੁਲ 'ਤੇ ਅੱਤਵਾਦੀਆਂ ਵੱਲੋਂ ਘਾਤ ਲਾ ਕੇ ਕੀਤੇ ਗਏ ਹਮਲੇ ਵਿਚ ਚੋਹਲਾ ਸਾਹਿਬ ਪੁਲਿਸ ਚੌਂਕੀ ਦਾ ਇੰਚਾਰਜ ਥਾਣੇਦਾਰ ਤੇ ਦੋ ਜੀਪ ਵਾਲੇ ਮਾਰੇ ਗਏ। ਚਾਰ ਪੁਲਿਸ ਮੁਲਾਜ਼ਮ ਜ਼ਖ਼ਮੀ ਹੋ ਗਏ। ਅੱਤਵਾਦੀ ਹਥਿਆਰ ਤੇ ਗੋਲੀ ਸਿੱਕਾ ਵੀ ਲੈ ਗਏ। ਸੁਰੱਖਿਆ ਫ਼ੋਰਸਾਂ ਨੇ ਇਲਾਕੇ ਨੂੰ ਘੇਰ ਲਿਆ ਹੈ ਤੇ ਅੱਤਵਾਦੀਆਂ ਦੀ ਭਾਲ ਕੀਤੀ ਜਾ ਰਹੀ ਹੈ।

ਜਥੇਦਾਰ ਅਵਤਾਰ ਸਿੰਘ ਬ੍ਰਹਮਾ ਦੀਆਂ ਪੰਜਾਬ ਭਰ ਵਿਚ ਵਧ ਰਹੀਆਂ ਦਲੇਰਾਨਾ ਖਾੜਕੂ ਕਾਰਵਾਈਆਂ ਦੀ ਗੂੰਜ ਦਿੱਲੀ ਦੇ ਗ੍ਰਹਿ ਮੰਤਰੀ ਦੀਆਂ ਮੀਟਿੰਗਾਂ ਤਕ ਪੈਣ ਲੱਗੀ। ਭਾਈ ਅਵਤਾਰ ਸਿੰਘ ਬ੍ਰਹਮਾ ਨੂੰ ਖ਼ੁਫ਼ੀਆ ਰਿਪੋਰਟਾਂ ਵਿਚ ਮੰਡ ਦਾ ਰਾਜਾ ਕਿਹਾ ਜਾਣ ਲੱਗਾ। ਪੁਲਿਸ ਮੁਖੀ ਰਿਬੇਰੋ ਨੇ ਮੰਡ ਇਲਾਕੇ ਦਾ ਆਪਰੇਸ਼ਨ

ਕਰਨ ਦਾ ਫ਼ੈਸਲਾ ਕਰ ਲਿਆ। ਮੰਡ ਇਲਾਕੇ ਵਿਚ ਪਿੰਡ ਧੁੰਨ, ਬਾਬਾ ਦਰਗਾਹੀ ਸ਼ਾਹ ਦਾ, ਤਿੰਨ ਸਾਵਨ ਨੂੰ ਪਹਿਲੇ ਵੀਰਵਾਰ ਮੇਲਾ ਲੱਗਦਾ ਹੈ। ਇਸ ਮੇਲੇ ਦੀਆਂ ਰੌਣਕਾਂ ਸਾਰੇ ਧਰਮਾਂ ਦੇ ਲੋਕ ਪਹੁੰਚ ਕੇ ਵਧਾਉਂਦੇ ਹਨ। ਪੁਲਿਸ ਨੂੰ ਯਕੀਨ ਸੀ ਕਿ ਇਸ ਮੇਲੇ 'ਤੇ ਖਾੜਕੂ ਵੀ ਮੰਡ ਇਲਾਕੇ ਦੇ ਝੱਲਾਂ ਵਿਚ ਜ਼ਰੂਰ ਇਕੱਠੇ ਹੋਣਗੇ। ਪੁਲਿਸ ਮੁਖੀ ਰਿਬੇਰੋ ਦੀਆਂ ਹਦਾਇਤਾਂ 'ਤੇ ਮੰਡ ਇਲਾਕਾ ਦਰਿਆ ਵਿਚਲੇ ਝੱਲਾਂ-ਛੰਭਾਂ ਨੂੰ ਘੇਰ ਲਿਆ। ਇਸ ਘੇਰੇ ਨੂੰ ਵੇਖ ਕੇ 18ਵੀਂ ਸਦੀ ਦੇ ਲਖਪਤ ਰਾਏ ਦੇ ਕਾਹਨੂੰਵਾਨ ਛੰਭ ਦੇ ਸਿੰਘਾਂ ਨੂੰ ਪਏ ਘੇਰੇ ਦੀ ਯਾਦ ਆ ਜਾਂਦੀ ਹੈ। ਪੁਲਿਸ, ਸੀ.ਆਰ.ਪੀ. ਨੇ ਹਜ਼ਾਰਾਂ ਦੀ ਗਿਣਤੀ ਵਿਚ ਦਰਿਆ ਦੇ ਛੰਭਾਂ-ਝੱਲਾਂ ਨੂੰ ਘੇਰ ਲਿਆ। ਪੁਲਿਸ ਦਾ ਵਿਸ਼ਵਾਸ ਸੀ ਕਿ ਭਾਈ ਅਵਤਾਰ ਸਿੰਘ ਬ੍ਰਹਮਾ ਤੇ ਸਾਥੀ ਇਸ ਛੰਭ ਵਿਚ ਰਹਿੰਦੇ ਹਨ, ਜਿਥੇ ਸੌ-ਪੰਜਾਹ ਪੁਲਿਸ ਦੇ ਬੰਦੇ ਨਹੀਂ ਪਹੁੰਚ ਸਕਦੇ। ਇਸ ਲਈ ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬ ਪੁਲਿਸ ਤੇ ਕੇਂਦਰੀ ਸੁਰੱਖਿਆ ਬਲ ਘੇਰਾ ਪਾ ਕੇ ਸਿੰਘਾਂ ਨੂੰ ਫੜਨ ਲਈ ਤਾਇਨਾਤ ਕੀਤੇ ਗਏ। ਸੀ.ਆਰ.ਪੀ. ਤੇ ਪੁਲਿਸ ਦੇ ਅਫ਼ਸਰ ਦੋ ਹੈਲੀਕਾਪਟਰਾਂ ਵਿਚ ਸਵਾਰ ਹੋ ਕੇ ਸਿੰਘਾਂ ਦੇ ਟਿਕਾਣੇ ਵੇਖਣ ਲੱਗੇ। ਹੈਲੀਕਾਪਟਰ ਨੀਵੇਂ ਉੱਡ ਰਹੇ ਸਨ, ਭਾਈ ਅਵਤਾਰ ਸਿੰਘ ਬ੍ਰਹਮਾ ਤੇ ਜਥੇਦਾਰ ਦੁਰਗਾ ਸਿੰਘ ਦਾ ਜਥਾ ਮੰਡ ਵਿਚ ਹੀ ਛਿਪ ਕੇ ਬੈਠਾ ਸੀ। ਸਿੰਘਾਂ ਦੀ ਗੋਲੀ ਦੀ ਮਾਰ ਹੇਠਾਂ ਹੈਲੀਕਾਪਟਰ ਆਇਆ ਤਾਂ ਸਿੰਘਾਂ ਨੇ ਆਪਣੇ ਹਥਿਆਰਾਂ ਨਾਲ ਹੈਲੀਕਾਪਟਰ 'ਤੇ ਗੋਲੀਆਂ ਚਲਾਈਆਂ। ਜਿਸ ਨਾਲ ਹੈਲੀਕਾਪਟਰ ਸਿੰਘਾਂ ਦੀਆਂ ਗੋਲੀਆਂ ਦਾ ਨਿਸ਼ਾਨਾ ਬਣ ਗਿਆ ਤੇ ਮੰਡ ਇਲਾਕੇ ਦੀ ਝੱਲ ਵਿਚ ਡਿੱਗ ਪਿਆ। ਹੈਲੀਕਾਪਟਰ ਦੇ ਪਾਇਲਟ ਸਮੇਤ ਸੁਰੱਖਿਆ ਅਫ਼ਸਰ ਵੀ ਮਾਰੇ ਗਏ। ਘੇਰਾ ਪਾਈ ਸੁਰੱਖਿਆ ਬਲਾਂ ਵਿਚੋਂ ਹੈਲੀਕਾਪਟਰ ਦੀ ਸਹਾਇਤਾ ਲਈ ਕੋਈ ਨਾ ਪਹੁੰਚਿਆ। ਦੂਜੇ ਹੈਲੀਕਾਪਟਰ ਦਾ ਪਾਇਲਟ ਸਿੰਘਾਂ ਦੀ ਮਾਰ ਤੋਂ ਆਲਾ ਕਰ ਕੇ ਹੀ ਪਾਸੇ ਉਡਾਣ ਭਰ ਕੇ ਟਾਈਮ ਲੰਘਾਉਂਦਾ ਰਿਹਾ। ਸਿੰਘ ਰਾਤ ਦੇ ਹਨੇਰੇ ਵਿਚ ਮੰਡ ਇਲਾਕੇ ਵਿਚੋਂ ਨਿਕਲ ਗਏ। ਪੁਲਿਸ ਤੇ ਸੀ.ਆਰ.ਪੀ. ਨੇ ਮੰਡ ਦਰਿਆ ਵਿਚਲੇ ਖੇਤਾਂ ਵਿਚ ਕੰਮ ਕਰਨ ਵਾਲੇ ਕਿਸਾਨਾਂ ਅਤੇ ਮਾਲ ਡੰਗਰ ਚਾਰਨ ਵਾਲੇ ਵਾਗੀਆਂ ਨੂੰ ਫੜ ਲਿਆ ਤੇ ਐਲਾਨ ਕੀਤਾ ਕਿ ਬ੍ਰਹਮੇ ਦੇ ਬਹੁਤ ਸਾਰੇ ਸਾਥੀ ਫੜ ਲਏ ਗਏ ਹਨ। 5 ਸਾਵਣ 1986 ਨੂੰ ਅਖ਼ਬਾਰਾਂ ਵਿਚ ਖ਼ਬਰ ਆਈ ਕਿ ਅੱਤਵਾਦੀਆਂ ਦਾ ਸਫ਼ਾਇਆ ਕਰਨ ਲਈ ਪੰਜਾਬ ਪੁਲਿਸ ਅਤੇ ਸੀ.ਆਰ.ਪੀ. ਦੇ ਸਾਂਝੇ ਮੰਡ ਆਪਰੇਸ਼ਨ ਦੌਰਾਨ ਇਕ ਹੈਲੀਕਾਪਟਰ ਉੱਚੇ ਦਰੱਖ਼ਤ ਨਾਲ ਟਕਰਾ ਕੇ ਡਿੱਗ ਪਿਆ, ਜਿਸ ਵਿਚ ਪਾਇਲਟ ਸਮੇਤ ਉੱਚ ਸੁਰੱਖਿਆ ਅਧਿਕਾਰੀ ਵੀ ਮਾਰੇ ਗਏ। ਭਾਈ ਅਵਤਾਰ ਸਿੰਘ ਬ੍ਰਹਮਾ ਦੇ ਬਹੁਤ ਸਾਰੇ ਸਾਥੀ ਮੰਡ ਆਪਰੇਸ਼ਨ ਦੌਰਾਨ ਫੜੇ ਗਏ ਹਨ। ਭਾਈ ਅਵਤਾਰ ਸਿੰਘ ਬ੍ਰਹਮਾ ਰਾਤ ਦੇ ਹਨੇਰੇ ਦਾ ਫ਼ਾਇਦਾ ਉਠਾ ਕੇ ਬਚ ਨਿਕਲਣ ਵਿਚ ਕਾਮਯਾਬ ਹੋ ਗਿਆ। ਸੁਰੱਖਿਆ ਫ਼ੋਰਸਾਂ ਇਲਾਕੇ ਦੀ ਘੇਰਾਬੰਦੀ ਕਰ ਕੇ ਭਾਈ ਅਵਤਾਰ ਸਿੰਘ ਬ੍ਰਹਮਾ ਦੀ ਭਾਲ ਕਰ ਰਹੀਆਂ ਹਨ।

ਭਾਈ ਅਵਤਾਰ ਸਿੰਘ ਬ੍ਰਹਮਾ ਦੀ ਭਾਲ ਵਿਚ ਸੀ.ਆਰ.ਪੀ. ਪਿੰਡ ਬ੍ਰਹਮਪੁਰਾ ਦੇ ਵਾਸੀਆਂ ਅਤੇ ਬ੍ਰਹਮਾ ਦੇ ਭਰਾਵਾਂ ਨੂੰ ਬੜਾ ਤੰਗ ਪਰੇਸ਼ਾਨ ਕਰਦੀ ਸੀ। 27 ਦਸੰਬਰ 1986 ਨੂੰ ਭਾਈ ਅਵਤਾਰ ਸਿੰਘ ਬ੍ਰਹਮਾ ਤੇ ਭਾਈ ਮਨਬੀਰ ਸਿੰਘ ਚਹੇੜੂ ਉਰਫ਼ ਜਨਰਲ ਹਰੀ ਸਿੰਘ ਕੁਝ ਸਾਥੀ ਸਿੰਘਾਂ ਸਮੇਤ ਪਿੰਡ ਬ੍ਰਹਮਪੁਰਾ ਅੱਧੀ ਰਾਤ ਵੇਲੇ ਆਏ ਅਤੇ ਗੁਰਦੁਆਰਾ ਸਾਹਿਬ ਦੇ ਸਪੀਕਰ ਤੋਂ ਆਵਾਜ਼ ਆਈ, "ਪਿੰਡ ਬ੍ਰਹਮਪੁਰਾ ਦੇ ਵਾਸੀਓ, ਮੈਂ ਤੁਹਾਡਾ ਅਵਤਾਰ ਸਿੰਘ ਬ੍ਰਹਮਾ ਹਾਂ ਅਤੇ ਮੇਰੇ ਨਾਲ ਜਨਰਲ ਹਰੀ ਸਿੰਘ ਵੀ ਹੈ। ਮੈਂ ਜਾਣਦਾ ਹਾਂ ਕਿ ਤੁਹਾਨੂੰ ਮੇਰੇ ਕਰਕੇ ਸੀ.ਆਰ.ਪੀ. ਵਾਲੇ ਤੰਗ ਕਰਦੇ ਹਨ ਤੇ ਕਹਿੰਦੇ ਹਨ ਕਿ ਬ੍ਰਹਮਾ ਫੜਾਉ। ਮੈਂ ਸੀ.ਆਰ.ਪੀ. ਵਾਲਿਆਂ ਨੂੰ ਕਹਿੰਦਾ ਹਾਂ ਕਿ ਜੇ ਤੁਹਾਡੀ ਹਿੰਮਤ ਹੈ ਤਾਂ ਅਵਤਾਰ ਸਿੰਘ ਬ੍ਰਹਮਾ ਨੂੰ ਫੜ ਲਉ। ਪਿੰਡ ਦੇ ਨਿਰਦੋਸ਼ ਲੋਕਾਂ 'ਤੇ ਜ਼ੁਲਮ ਕਰਨਾ ਬਹਾਦਰੀ ਨਹੀਂ। ਆਉ ਅੱਜ ਆਪਾਂ ਆਪਣੀ ਬਹਾਦਰੀ ਦੇ ਜੰਗ ਕਰਕੇ ਚਾਅ ਲਾਹ ਲਈਏ। ਤੁਹਾਡੇ ਕੋਲ ਵੀ ਹਥਿਆਰ ਹਨ, ਸਾਡੇ ਕੋਲ ਵੀ ਹਥਿਆਰ ਹਨ। ਆਉ ਅੱਜ ਅਸਲੀ ਮੁਕਾਬਲਾ ਕਰੀਏ ਤੇ ਫਿਰ ਦਿਨੇ ਗਿਣਤੀ ਕਰਨੀ ਸਿੰਘ ਤੁਹਾਡੇ ਕਿਵੇਂ ਸੱਥਰ ਵਿਛਾ ਕੇ ਜਾਂਦੇ ਹਨ। ਆ ਜਾਵੋ, ਸੀ.ਆਰ.ਪੀ. ਵਾਲਿਉ, ਤੁਹਾਨੂੰ ਦਿੱਲੀ ਦੀ ਤਾਕਤ ਤੇ ਫ਼ੌਜਾਂ 'ਤੇ ਮਾਣ ਹੈ, ਮੈਨੂੰ ਆਪਣੇ ਗੁਰੂ 'ਤੇ ਮਾਣ ਹੈ। ਅਸੀਂ ਸਵਾ-ਸਵਾ ਲੱਖ ਨਾਲ ਇਕ-ਇਕ ਸਿੰਘ ਨੂੰ ਲੜਾਉਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪੁੱਤਰ ਹਾਂ। ਸੀ.ਆਰ.ਪੀ ਵਾਲਿਉ, ਚੌਂਕੀ ਵਿਚੋਂ ਇਕ ਵਾਰ ਬਾਹਰ ਆਉ। ਗੁਰੂ ਦਾ ਸਿੱਖ ਬ੍ਰਹਮਾ ਤੁਹਾਡੀ ਉਡੀਕ ਕਰ ਰਿਹਾ ਹੈ। ਜਿਸ ਬ੍ਰਹਮਾ ਨੂੰ ਤੁਸੀਂ ਦਰਿਆ ਦੇ ਮੰਡ ਵਿਚੋਂ ਨਹੀਂ ਲੱਭ ਸਕੇ, ਉਹ ਤੁਹਾਡੀ ਉਡੀਕ ਕਰ ਰਿਹਾ ਹੈ। ਬ੍ਰਹਮਾ ਨਿਰਦੋਸ਼ਾਂ ਦਾ ਖ਼ੂਨ ਵਹਾਉਣ ਵਿਚ ਵਿਸ਼ਵਾਸ ਨਹੀਂ ਰੱਖਦਾ। ਨਿਹੱਥੇ 'ਤੇ ਵਾਰ ਨਹੀਂ ਕਰਦਾ। ਬ੍ਰਹਮਾ ਤੁਹਾਨੂੰ ਮਿਲਣ ਲਈ ਆਇਆ ਹੈ। ਸੀ.ਆਰ.ਪੀ ਵਾਲਿਉ, ਅੱਜ ਜਿਵੇਂ ਤੁਸੀਂ ਚਾਹੋ, ਮਿਲ ਸਕਦੇ ਹੋ। ਜਾਂ ਅੱਜ ਤੋਂ ਬਾਅਦ ਬੇਦੋਸ਼ਿਆਂ ਨੂੰ ਤੰਗ ਕਰਨਾ ਬੰਦ ਕਰ ਦਿਉ ਜਾਂ ਬ੍ਰਹਮੇ ਸਾਹਮਣੇ ਆ ਕੇ ਆਪਣੀ ਬਹਾਦਰੀ ਦੇ ਚਾਅ ਲਾਹ ਲਵੋ। ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ। ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।"

27 ਦਸੰਬਰ, 13 ਪੋਹ ਦੀ ਰਾਤ ਸੰਨ 1986 ਨੂੰ ਭਾਈ ਅਵਤਾਰ ਸਿੰਘ ਬ੍ਰਹਮਾ ਸੀ.ਆਰ.ਪੀ. ਵਾਲਿਆਂ ਨੂੰ ਵੰਗਾਰਦਾ ਰਿਹਾ, ਪਰ ਕੋਈ ਵੀ ਸੀ.ਆਰ.ਪੀ. ਵਾਲਾ ਮਾਈ ਦਾ ਲਾਲ ਬ੍ਰਹਮੇ ਦਾ ਚੈਲਿੰਜ ਸੁਣ ਕੇ ਬਾਹਰ ਨਾ ਆਇਆ। ਸਿੰਘ ਜੈਕਾਰੇ ਲਾਉਂਦੇ ਹੋਏ ਆਪਣੇ ਰਸਤੇ ਪੈ ਗਏ। ਬਾਅਦ ਵਿਚ ਜਦੋਂ ਸੀ.ਆਰ.ਪੀ. ਵਾਲਿਆਂ ਨੂੰ ਇਹ ਅੰਦਾਜਾ ਹੋ ਗਿਆ ਕਿ ਸਿੰਘ ਪਿੰਡ ਵਿਚੋਂ ਚਲੇ ਗਏ ਹਨ ਤਾਂ ਸੀ.ਆਰ.ਪੀ. ਵਾਲੇ ਆਪਣੀ ਬੁਜ਼ਦਿਲੀ ਉੱਤੇ ਪਰਦਾ ਪਾਉਣ ਲਈ ਪਿੰਡ ਬ੍ਰਹਮਪੁਰਾ ਵਿਚ ਪਿੰਡ ਵਾਸੀਆਂ ਉੱਤੇ ਜ਼ੁਲਮ ਢਾਹੁਣ ਲੱਗ ਪਏ। ਪਿੰਡ ਵਾਸੀਆਂ ਨੂੰ ਘਰਾਂ ਵਿਚੋਂ ਧੂਹ ਕੇ ਕੁੱਟਿਆ ਜਾਣ ਲੱਗਾ। ਔਰਤਾਂ ਦੀ ਬੇਇੱਜ਼ਤੀ ਕੀਤੀ ਗਈ। ਪਿੰਡ ਬ੍ਰਹਮਪੁਰਾ ਦੇ ਸੁਨਿਆਰਾ ਪਰਿਵਾਰ ਉੱਤੇ ਸੀ.ਆਰ.ਪੀ. ਦੇ ਅਖੌਤੀ ਬਹਾਦਰ ਜਵਾਨਾਂ

ਨੇ ਬੜਾ ਜ਼ੁਲਮ ਕੀਤਾ। ਹਿੰਦੂ ਪਰਿਵਾਰ ਨੂੰ ਵੀ ਨਾ ਬਖ਼ਸ਼ਿਆ ਗਿਆ। ਜਿਹੜੇ ਬੁਜ਼ਦਿਲ ਬ੍ਰਹਮੇ ਦੀ ਵੰਗਾਰ 'ਤੇ ਸਾਹਮਣੇ ਨਾ ਆਏ, ਉਹ ਬ੍ਰਹਮੇ ਦੀ ਵੰਗਾਰ ਦੀ ਸਜ਼ਾ ਪਿੰਡ ਬ੍ਰਹਮਪੁਰਾ ਦੇ ਵਾਸੀਆਂ ਨੂੰ ਦੇ ਰਹੇ ਸਨ। ਬਾਬਾ ਵਸਾਖਾ ਸਿੰਘ ਦੇ ਗੁਰਦੁਆਰਾ ਸਾਹਿਬ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੁੱਕ ਕੇ ਪਰਾਲੀ ਦੇ ਢੇਰ ਵਿਚ ਰੱਖ ਕੇ ਅੱਗ ਲਾ ਦਿੱਤੀ। ਹਿੰਦੁਸਤਾਨ ਦੀ ਬਹਾਦਰ ਸੀ.ਆਰ.ਪੀ. ਦੇ ਜਵਾਨਾਂ ਨੇ ਪਿੰਡ ਬ੍ਰਹਮਪੁਰਾ 'ਚ ਨਾਦਰਸ਼ਾਹੀ ਦਾ ਨੰਗਾ ਨਾਚ ਨੱਚਿਆ। ਇਸ ਦੀ ਮਿਸਾਲ ਕਿਤੇ ਨਹੀਂ ਮਿਲਦੀ ਕਿ ਪਿੰਡ ਦੀ ਹਿਫ਼ਾਜ਼ਤ ਲਈ ਬੈਠੀ ਹੀ ਹਾਕਮ ਜਮਾਤ ਦੀ ਪੁਲਿਸ ਟੁਕੜੀ ਇਸ ਤਰ੍ਹਾਂ ਪਿੰਡ ਵਾਸੀਆਂ ਉੱਤੇ ਹਲਕਾਅ ਸਕਦੀ ਹੈ। ਸਾਰੀ ਰਾਤ ਸੀ.ਆਰ.ਪੀ. ਪਿੰਡ ਬ੍ਰਹਮਪੁਰਾ ਉੱਤੇ ਜ਼ੁਲਮ-ਜਬਰ ਢਾਹੁੰਦੀ ਰਹੀ।

3 ਜਨਵਰੀ, 1987 ਨੂੰ ਪੰਜਾਬ ਪੁਲਿਸ ਦੇ ਮੁਖੀ ਜੂਲੀਓ ਫ਼ਰਾਂਸਿਸ ਰਿਬੇਰੋ ਨੇ ਸੀ.ਆਰ.ਪੀ. ਵੱਲੋਂ ਪਿੰਡ ਬ੍ਰਹਮਪੁਰਾ (ਜ਼ਿਲ੍ਹਾ ਅੰਮ੍ਰਿਤਸਰ) ਦੇ ਸਾਰੇ ਪਿੰਡ ਵਾਸੀਆਂ ਉੱਤੇ ਕੀਤੇ ਅੱਤਿਆਚਾਰ ਦੀ ਮਾਫ਼ੀ ਮੰਗੀ, ਪਰ ਦੋਸ਼ੀ ਸੀ.ਆਰ.ਪੀ. ਵਾਲਿਆਂ 'ਤੇ ਕੋਈ ਐਕਸ਼ਨ ਲੈਣ ਤੋਂ ਨਾਂਹ ਕਰ ਦਿੱਤੀ ਕਿ ਸੀ.ਆਰ.ਪੀ. ਦੇ ਦੋਸ਼ੀ ਜਵਾਨਾਂ 'ਤੇ ਐਕਸ਼ਨ ਲੈਣ ਨਾਲ ਸੁਰੱਖਿਆ ਫ਼ੋਰਸਾਂ ਦਾ ਮਨੋਬਲ ਡਿੱਗੇਗਾ।

9 ਜਨਵਰੀ, 1987 ਨੂੰ ਹਜ਼ਾਰਾਂ ਸਿੱਖਾਂ ਨੇ ਪਿੰਡ ਬ੍ਰਹਮਪੁਰਾ ਵਿਚ ਹੋਏ ਅੱਤਿਆਚਾਰਾਂ ਵਿਰੁੱਧ ਰੋਸ ਪ੍ਰਗਟ ਕੀਤਾ।

ਪਿੰਡ ਬ੍ਰਹਮਪੁਰਾ ਦੇ ਅੱਤਿਆਚਾਰ ਤੋਂ ਬਾਅਦ ਜਨਰਲ ਬ੍ਰਹਮਾ ਦੀ ਕਮਾਂਡ ਹੇਠਾਂ ਸਿੰਘਾਂ ਨੇ ਸੀ.ਆਰ.ਪੀ. ਦੀਆਂ ਚੌਂਕੀਆਂ ਉੱਤੇ ਰਾਕਟਾਂ ਨਾਲ ਹਮਲੇ ਕਰ ਕੇ ਲੋਹੇ ਦੇ ਚਣੇ ਚਬਾਉਣੇ ਸ਼ੁਰੂ ਕਰ ਦਿੱਤੇ। ਭਾਈ ਅਵਤਾਰ ਸਿੰਘ ਬ੍ਰਹਮਾ ਅਤੇ ਜਥੇਦਾਰ ਦੁਰਗਾ ਸਿੰਘ ਆਰਫ਼ਕੇ, ਸੀ.ਆਰ.ਪੀ. ਨਾਲ ਸਿੱਧੀ ਟੱਕਰ ਲੈਂਦੇ ਸਨ। ਸਿੰਘਾਂ ਦੇ ਗੁਰੀਲਾ ਹਮਲੇ ਸੀ.ਆਰ.ਪੀ. ਨੂੰ ਪਿੰਡ ਬ੍ਰਹਮਪੁਰਾ ਵਿਚ ਕੀਤੀ ਗੁੰਡਾਗਰਦੀ ਦਾ ਮਜ਼ਾ ਚਖਾ ਰਹੇ ਸਨ। ਲੋਕ ਭਾਈ ਅਵਤਾਰ ਸਿੰਘ ਬ੍ਰਹਮਾ ਦੀ ਜਾਂਬਾਜ਼ੀ, ਬਹਾਦਰੀ ਸਦਕਾ ਉਸ ਦੇ ਦਰਸ਼ਨਾਂ ਦੇ ਦੀਵਾਨੇ ਹੋ ਗਏ ਸਨ। ਲੋਕ ਉਸ ਦੇ ਸਾਹਾਂ ਵਿਚ ਸਾਹ ਲੈਂਦੇ। ਬਜ਼ੁਰਗ ਭਾਈ ਬ੍ਰਹਮਾ ਦੇ ਦਰਸ਼ਨ ਕਰ ਕੇ ਕਹਿੰਦੇ ਬ੍ਰਹਮਾ ਸਿੰਘ ਸਾਡੀ ਉਮਰ ਤੈਨੂੰ ਲੱਗ ਜਾਵੇ।

22 ਜੁਲਾਈ, 1988 ਨੂੰ ਭਾਈ ਅਵਤਾਰ ਸਿੰਘ ਬ੍ਰਹਮਾ ਆਪਣੇ ਸਾਥੀਆਂ ਸਮੇਤ ਭਾਈ ਜਰਨੈਲ ਸਿੰਘ ਕਿਰਤੋਵਾਲ ਉਰਫ਼ ਡੀ.ਸੀ., ਭਾਈ ਸੁਰਿੰਦਰ ਸਿੰਘ ਸ਼ਿੰਦਾ ਉਰਫ਼ ਲੰਮਾ ਜੱਟ, ਮੋਹਾਣਪੁਰ ਵੜਿੰਗ ਨਾਲ ਰਾਜਸਥਾਨ ਦੇ ਥਾਣਾ ਹਿੰਦੂ ਮੱਲ ਕੋਟ ਅਧੀਨ ਪਿੰਡ ਝੰਡਾ ਸਿੰਘ ਵਾਲਾ (ਜਥੇਦਾਰ ਨਿਹੰਗ ਝੰਡਾ ਸਿੰਘ ਜੀ, ਜੋ ਬਾਬਾ ਦਇਆ ਸਿੰਘ ਸੁਰ ਸਿੰਘ ਵਾਲਿਆਂ ਦੇ ਦਲ ਦਾ ਨਿਹੰਗ ਹੈ ਤੇ ਬ੍ਰਹਮਾ ਸਾਹਿਬ ਦਾ ਜਾਣੂ ਸੀ) ਦੇ ਜਥੇਦਾਰ ਝੰਡਾ ਸਿੰਘ ਨਿਹੰਗ ਕੇ ਕੋਲ ਠਹਿਰੇ ਸਨ ਤੇ ਜੋ ਪਾਕਿਸਤਾਨ ਦਾ ਬਾਰਡਰ ਪਾਰ ਕਰ ਕੇ ਪਾਕਿਸਤਾਨ ਜਾਣਾ ਚਾਹੁੰਦੇ ਸਨ, ਬੀ.ਐੱਸ.ਐੱਫ਼. ਦੀ ਨਿਗਾਹ ਪੈ ਗਏ। ਬੀ.ਐੱਸ.ਐੱਫ਼. ਨੇ ਘੇਰੇ ਵਿਚ ਲੈ ਲਿਆ,

ਪਰ ਤਿੰਨੇ ਘੇਰਾ ਤੋੜ ਕੇ ਨਿਕਲ ਗਏ। ਬੀ.ਐੱਸ.ਐੱਫ਼. ਨੂੰ ਫਿਰ ਸੂਹ ਮਿਲਣ 'ਤੇ ਘੇਰਾ ਪਾਇਆ, ਇਸ ਵਿਚੋਂ ਵੀ ਮੁਕਾਬਲਾ ਕਰ ਕੇ ਨਿਕਲ ਗਏ। ਬੀ.ਐੱਸ.ਐੱਫ਼. ਨੇ ਪੈੜਾਂ ਕੱਢਦੀ ਹੋਈ ਨੇ ਤੀਜਾ ਘੇਰਾ ਪਾਇਆ ਤਾਂ ਇਸ ਵੇਲੇ ਸਿੰਘਾਂ ਕੋਲ ਗੋਲੀ ਸਿੱਕਾ ਥੋੜ੍ਹਾ ਸੀ। ਭਾਈ ਅਵਤਾਰ ਸਿੰਘ ਬ੍ਰਹਮਾ ਨੇ ਸਾਥੀ ਸਿੰਘਾਂ ਨੂੰ ਕਹਿ ਦਿੱਤਾ ਕਿ ਇਸ ਘੇਰੇ ਵਿਚੋਂ ਜਿਹੜਾ ਨਿਕਲ ਸਕਦਾ ਹੈ, ਨਿਕਲ ਜਾਵੇ। ਜਿਉਂਦੇ-ਜੀਅ ਬੀ.ਐੱਸ.ਐੱਫ਼. ਵਾਲਿਆਂ ਦੇ ਹੱਥ ਨਹੀਂ ਆਉਣਾ। ਭਾਈ ਅਵਤਾਰ ਸਿੰਘ ਬ੍ਰਹਮਾ ਨੇ ਚਰ੍ਹੀ ਦੇ ਖੇਤ ਵਿਚ ਮੋਰਚਾ ਮੱਲ ਲਿਆ। ਭਾਈ ਜਰਨੈਲ ਸਿੰਘ ਤੇ ਭਾਈ ਸੁਰਿੰਦਰ ਸਿੰਘ ਲੰਮਾ ਜੱਟ ਘੇਰਾ ਤੋੜ ਕੇ ਬਚ ਨਿਕਲਣ ਵਿਚ ਕਾਮਯਾਬ ਹੋ ਗਏ। ਬੀ.ਐੱਸ.ਐੱਫ਼. ਦੇ ਜਵਾਨਾਂ ਵੱਲੋਂ ਚਰ੍ਹੀ ਦੇ ਖੇਤ ਵਿਚ ਅੰਨ੍ਹੇਵਾਹ ਫ਼ਾਇਰਿੰਗ ਨਾਲ ਭਾਈ ਅਵਤਾਰ ਸਿੰਘ ਬ੍ਰਹਮਾ ਦੇ ਪੇਟ ਵਿਚ ਗੋਲੀਆਂ ਲੱਗੀਆਂ, ਜਦੋਂ ਤਕ ਸਾਹ ਰਹੇ, ਆਖ਼ਰੀ ਸਾਹ ਤਕ ਭਾਈ ਅਵਤਾਰ ਸਿੰਘ ਬ੍ਰਹਮਾ ਬੀ.ਐੱਸ.ਐੱਫ਼. 'ਤੇ ਗੋਲੀ ਚਲਾਉਂਦਾ ਰਿਹਾ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਫ਼ੁਰਮਾਨ, 'ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ' ਅਨੁਸਾਰ ਮੈਦਾਨ-ਏ-ਜੰਗ ਵਿਚ ਸ਼ਹੀਦੀ ਪਾ ਗਿਆ। ਖਾੜਕੂ ਜਰਨੈਲ ਭਾਈ ਅਵਤਾਰ ਸਿੰਘ ਬ੍ਰਹਮਾ ਦੀ ਲਾਸ਼ ਬੀ.ਐੱਸ.ਐੱਫ਼. ਵਾਲਿਆਂ ਹਿੰਦੂ ਮੱਲ ਕੋਟ ਦੇ ਥਾਣੇ ਵਿਚ ਦੋ ਦਿਨ ਰੱਖੀ, ਪਰ ਸ਼ਨਾਖ਼ਤ ਨਾ ਹੋ ਸਕੀ। ਸਿੰਘਾਂ ਨੇ ਵੀ ਜਨਰਲ ਅਵਤਾਰ ਸਿੰਘ ਬ੍ਰਹਮਾ ਦੀ ਸ਼ਹੀਦੀ ਨੂੰ ਗੁਪਤ ਰੱਖਣਾ ਚਾਹਿਆ। ਖਾੜਕੂ ਭਾਈ ਭੁਪਿੰਦਰ ਸਿੰਘ ਕੈਨੇਡੀਅਨ ਦੇ ਫੜੇ ਜਾਣ ਤੋਂ ਕੁਝ ਦਿਨ ਬਾਅਦ ਭਾਈ ਅਵਤਾਰ ਸਿੰਘ ਬ੍ਰਹਮਾ ਦੀ ਸ਼ਹੀਦੀ ਦਾ ਭਾਈ ਭੁਪਿੰਦਰ ਸਿੰਘ ਨੇ ਭੇਦ ਖੋਲ੍ਹਿਆ ਤਾਂ ਭਾਈ ਅਵਤਾਰ ਸਿੰਘ ਬ੍ਰਹਮਾ ਦੇ ਸ਼ਹੀਦ ਹੋ ਜਾਣ ਦੀ ਖ਼ਬਰ ਤੇ ਤਸਵੀਰ ਅਖ਼ਬਾਰਾਂ ਵਿਚ ਛਪੀ, ਜਿਸ ਨਾਲ ਸਿੱਖ ਸੰਘਰਸ਼ ਦੇ ਹਾਮੀਆਂ ਨੂੰ ਭਾਰੀ ਸਦਮਾ ਪਹੁੰਚਿਆ।

12 ਜੁਲਾਈ ਨੂੰ ਜਨਰਲ ਲਾਭ ਸਿੰਘ ਦਾ ਪੁਲਿਸ ਮੁਕਾਬਲੇ ਵਿਚ ਸ਼ਹੀਦ ਹੋਣਾ ਅਤੇ 22 ਜੁਲਾਈ ਨੂੰ ਜਨਰਲ ਬ੍ਰਹਮਾ ਦੀ ਸ਼ਹੀਦੀ ਦਾ ਸਿੱਖ ਕੌਮ ਨੂੰ ਬੇਹੱਦ ਦੁੱਖ ਹੋਇਆ। ਇਹ ਸਿੱਖ ਸੰਘਰਸ਼ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਸੀ। ਜਨਰਲ ਬ੍ਰਹਮਾ ਨਮਿੱਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਿੰਡ ਬ੍ਰਹਮਪੁਰਾ ਦੇ ਗੁਰਦੁਆਰਾ ਬਾਬਾ ਧਿਆਨ ਸਿੰਘ ਵਿਖੇ ਪਾਏ ਗਏ।

ਗੁਰਦੁਆਰਾ ਬਾਬਾ ਨਿਧਾਨ ਸਿੰਘ ਵਿਖੇ ਬ੍ਰਹਮਾ ਦੀ ਯਾਦ ਵਿਚ ਬਾਬਾ ਦਇਆ ਸਿੰਘ ਜੀ ਨੇ ਨਿਸ਼ਾਨ ਸਾਹਿਬ ਦੀ ਸੇਵਾ ਕਰਵਾਈ ਹੈ। ਜਨਰਲ ਅਵਤਾਰ ਸਿੰਘ ਬ੍ਰਹਮਾ ਦੀ ਜਥੇਬੰਦੀ ਦੀ ਪੱਗ ਭਾਈ ਗੁਰਜੰਟ ਸਿੰਘ ਬੁਧ ਸਿੰਘ ਵਾਲਾ ਨੂੰ ਬੰਨ੍ਹਾਈ ਗਈ। ਸਿੰਘਾਂ ਨੇ ਸਿੱਖ ਸੰਘਰਸ਼ ਨੂੰ ਜਾਰੀ ਰੱਖਣ ਦਾ ਪ੍ਰਣ ਲਿਆ।

***

# ਸ਼ਹੀਦ ਭਾਈ ਵਰਿਆਮ ਸਿੰਘ ਖੱਪਿਆਂਵਾਲੀ
## ਖ਼ਾਲਿਸਤਾਨ ਲਿਬਰੇਸ਼ਨ ਫੋਰਸ



ਸ਼ਹੀਦ ਭਾਈ ਵਰਿਆਮ ਸਿੰਘ ਖੱਪਿਆਂਵਾਲੀ ਦਾ ਜਨਮ ਪਿਤਾ ਜਥੇਦਾਰ ਬਾਪੂ ਹਰਨਾਮ ਸਿੰਘ ਦੇ ਘਰ ਮਾਤਾ ਜਗਤਾਰ ਕੌਰ ਦੀ ਕੁੱਖੋਂ 13 ਅਪਰੈਲ ਸੰਨ 1965 ਨੂੰ ਪਿੰਡ ਖੱਪਿਆਂਵਾਲੀ, ਜ਼ਿਲ੍ਹਾ ਫ਼ਰੀਦਕੋਟ (ਹੁਣ ਜ਼ਿਲ੍ਹਾ ਮੁਕਤਸਰ) ਵਿਖੇ ਹੋਇਆ। ਪਿੰਡ ਖੱਪਿਆਂਵਾਲੀ ਮੁਕਤਸਰ ਤੋਂ 15 ਕਿਲੋਮੀਟਰ, ਗੁਰੂ ਹਰਿ ਸਹਾਏ ਰੋਡ ਉੱਤੇ ਹੈ। ਭਾਈ ਵਰਿਆਮ ਸਿੰਘ ਜੀ ਹੋਰੀਂ 6 ਭਰਾ ਸਨ। ਵੱਡੇ ਭਰਾ ਗੁਰਬਚਨ ਸਿੰਘ, ਚੰਨਣ ਸਿੰਘ, ਸੱਜਣ ਸਿੰਘ, ਨਿਸ਼ਾਨ ਸਿੰਘ, ਗੁਰਨਾਮ ਸਿੰਘ ਅਤੇ ਆਪ ਜੀ ਸਭ ਤੋਂ ਛੋਟੇ ਸਨ। ਭਾਈ ਵਰਿਆਮ ਸਿੰਘ ਜੀ ਨੇ ਪੰਜਵੀਂ ਤਕ ਪੜ੍ਹਾਈ ਪਿੰਡ ਖੱਪਿਆਂਵਾਲੀ ਸਕੂਲ ਤੋਂ, ਅੱਠਵੀਂ ਤਕ ਮਿਡਲ ਸਕੂਲ ਗੁਲਾਬੇ ਵਾਲੇ ਤੋਂ ਪਾਸ ਕੀਤੀ। ਗੌਰਮਿੰਟ ਹਾਈ ਸਕੂਲ ਮੁਕਤਸਰ ਤੋਂ ਦਸਵੀਂ ਪਾਸ ਕੀਤੀ। ਸਰਕਾਰੀ ਕਾਲਜ ਮੁਕਤਸਰ ਵਿਚ 13ਵੀਂ ਕਲਾਸ ਵਿਚ ਪੜ੍ਹ ਰਹੇ ਸਨ ਕਿ ਹਿੰਦ ਸਰਕਾਰ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਤੋਪਾਂ ਟੈਂਕਾਂ ਨਾਲ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ। ਹਜ਼ਾਰਾਂ ਸਿੰਘਾਂ, ਸਿੰਘਣੀਆਂ, ਬੱਚਿਆਂ, ਬੁੱਢਿਆਂ, ਜਵਾਨਾਂ, ਸਿੱਖ ਸੰਗਤਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਮਨਾਉਣ ਆਇਆਂ ਨੂੰ ਕਤਲੇਆਮ ਰੂਪ ਵਿਚ ਸ਼ਹੀਦ ਕਰ ਦਿੱਤਾ ਤੇ ਪੰਜਾਬ ਦੇ 40 ਹੋਰ ਗੁਰਦੁਆਰਿਆਂ ਉੱਤੇ ਵੀ ਭਾਰਤੀ ਫ਼ੌਜ ਨੇ ਹਮਲਾ ਕਰ ਕੇ ਹਜਾਰਾਂ ਬੇਗੁਨਾਹਾਂ ਨੂੰ ਗੋਲੀਆਂ ਨਾਲ ਸ਼ਹੀਦ ਕਰ ਦਿੱਤਾ। ਹਜ਼ਾਰਾਂ ਨੂੰ ਬੰਦੀ ਬਣਾ ਕੇ ਤਸੀਹਾ ਕੇਂਦਰਾਂ, ਜੇਲ੍ਹਾਂ ਵਿਚ ਬੰਦ ਕਰ ਦਿੱਤਾ। ਭਾਈ ਵਰਿਆਮ ਸਿੰਘ ਨੂੰ ਸ੍ਰੀ ਦਰਬਾਰ ਸਾਹਿਬ ਮੁਕਤਸਰ ਮੱਥਾ ਟੇਕਣ ਗਏ ਹੋਰ ਸਿੱਖਾਂ ਦੇ ਨਾਲ ਗ੍ਰਿਫ਼ਤਾਰ ਕਰ ਕੇ, ਭਾਰੀ ਪੁੱਛ-ਗਿੱਛ ਤੋਂ ਬਾਅਦ ਫ਼ਰੀਦਕੋਟ ਜੇਲ੍ਹ ਵਿਚ ਬੰਦ ਕਰ ਦਿੱਤਾ। ਦਸ ਮਹੀਨੇ ਜੇਲ੍ਹ ਵਿਚ ਰਹਿਣ ਤੋਂ ਬਾਅਦ ਮਾਰਚ 1985 ਵਿਚ ਅਦਾਲਤ ਵੱਲੋਂ ਰਿਹਾਅ ਕਰ ਦਿੱਤਾ ਗਿਆ। ਚਾਰ-ਪੰਜ ਮਹੀਨੇ ਘਰ ਦਾ ਕੰਮ-ਧੰਦਾ ਕਰਦੇ ਰਹੇ। ਪੰਜਾਬ ਪੁਲਿਸ ਵੱਲੋਂ, ਫ਼ਿਰੋਜ਼ਪੁਰ ਵਿਚ ਸਪੈਸ਼ਲ

ਅਦਾਲਤ ਦੇ ਜੱਜ ਮਿਰਚੀਆ ਨੂੰ ਕਤਲ ਕਰਨ ਦੀ ਸਾਜ਼ਿਸ਼ ਦਾ ਝੂਠਾ ਕੇਸ ਤਿਆਰ ਕੀਤਾ ਗਿਆ ਸੀ ਤੇ ਪ੍ਰਚਾਰ ਕੀਤਾ ਗਿਆ ਸੀ ਕਿ ਭਾਈ ਵਰਿਆਮ ਸਿੰਘ ਤੇ ਉਸ ਦਾ ਸਾਥੀ ਜੱਜ ਮਿਰਚੀਆ ਨੂੰ ਕਤਲ ਕਰਨਾ ਚਾਹੁੰਦੇ ਹਨ। ਜੱਜ ਮਿਰਚੀਆ ਸਿੱਖੀ ਨਾਲ ਨਫ਼ਰਤ ਕਰਦਾ ਸੀ ਤੇ ਅੰਮ੍ਰਿਤਧਾਰੀ ਸਿੰਘਾਂ ਨੂੰ ਸਖ਼ਤ ਸਜ਼ਾਵਾਂ ਦਿੰਦਾ ਸੀ। ਜੱਜ ਮਿਰਚੀਆ ਨੂੰ ਸਿੱਖਾਂ ਦੇ ਬਰਖ਼ਿਲਾਫ਼ ਵਰਤਣ ਲਈ ਅਤੇ ਹੋਰ ਸਜ਼ਾਵਾਂ ਦਿਵਾਉਣ ਲਈ ਉਸ ਨੂੰ ਕਤਲ ਕਰਨ ਦੀ ਸਾਜ਼ਿਸ਼ ਦੇ ਕੇਸ ਤਿਆਰ ਕਰ ਕੇ, ਭਾਈ ਵਰਿਆਮ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਫ਼ਰੀਦਕੋਟ ਜੇਲ੍ਹ ਭੇਜ ਦਿੱਤਾ। ਇਸ ਸਾਜ਼ਿਸ਼ ਵਿਚ ਖਾੜਕੂ ਭਾਈ ਤਰਸੇਮ ਸਿੰਘ ਕੁਹਾੜ, ਬਾਬਾ ਰਣਜੀਤ ਸਿੰਘ ਦਿਆਲਗੜ੍ਹ ਦੇ ਨਾਂ ਵੀ ਸ਼ਾਮਿਲ ਕੀਤੇ ਗਏ। ਫ਼ਰੀਦਕੋਟ ਜੇਲ੍ਹ ਤੋਂ ਭਾਈ ਵਰਿਆਮ ਸਿੰਘ ਨੂੰ ਬਠਿੰਡਾ ਜੇਲ੍ਹ 'ਚ ਤਬਦੀਲ ਕਰ ਦਿੱਤਾ। ਪਰਿਵਾਰ ਨੇ ਭਾਈ ਵਰਿਆਮ ਸਿੰਘ ਦੀ ਜ਼ਮਾਨਤ ਤੇ ਰਿਹਾਈ ਕਰਵਾਉਣ ਲਈ ਪੈਰਵਾਈ ਕੀਤੀ। ਅਦਾਲਤ ਨੇ ਜ਼ਮਾਨਤ ਮਨਜ਼ੂਰ ਕਰ ਲਈ, ਰਿਹਾਈ ਹੋਣੀ ਸੀ। ਬਠਿੰਡਾ ਜੇਲ੍ਹ ਦੇ ਗੇਟ ਅੱਗੇ ਥਾਣਾ ਸਾਦਿਕ ਦਾ ਐੱਸ.ਐੱਚ.ਓ. ਭਗਵਾਨ ਸਿਹੁੰ ਕੜਿਆਂਵਾਲਾ ਭਾਈ ਵਰਿਆਮ ਸਿੰਘ ਨੂੰ ਜੇਲ੍ਹ ਦੇ ਗੇਟ ਅੱਗੋਂ ਚੁੱਕਣ ਲਈ ਪਹੁੰਚ ਗਿਆ। ਇਸ ਗੱਲ ਦਾ ਪਤਾ ਭਾਈ ਵਰਿਆਮ ਸਿੰਘ ਨੂੰ ਵੀ ਲੱਗ ਗਿਆ, ਉਸ ਨੇ ਪਰਿਵਾਰ ਦੇ ਮੈਂਬਰਾਂ ਨੂੰ ਜੇਲ੍ਹ ਦੇ ਇਕ ਗਾਰਡ ਹੱਥ ਸੁਨੇਹਾ ਭੇਜ ਦਿੱਤਾ ਕਿ ਤੁਸੀਂ ਗੇਟ ਤੋਂ ਅੱਗੇ-ਪਿੱਛੇ ਹੋ ਜਾਉ, ਰਿਹਾਈ ਰੱਦ ਹੋ ਗਈ ਹੈ ਤੇ ਤੁਸੀਂ ਮੇਰੇ ਜੇਲ੍ਹ ਤੋਂ ਬਾਹਰ ਨਿਕਲਣ 'ਤੇ ਮੇਰੇ ਵੱਲ ਝਾਕਣਾ ਨਹੀਂ। ਬਾਕੀ ਮੈਂ ਆਪੇ ਪੁਲਿਸ ਨਾਲ ਨਿੱਬੜ ਲਵਾਂਗਾ। ਬਾਪੂ ਹਰਨਾਮ ਸਿੰਘ ਨੇ ਇਸੇ ਨੀਤੀ ਉੱਤੇ ਅਮਲ ਕੀਤਾ ਤੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਭਾਈ ਵਰਿਆਮ ਸਿੰਘ ਦੀ ਜ਼ਮਾਨਤ ਆਪਾਂ ਨੂੰ ਹੁਣ ਚੰਡੀਗੜ੍ਹ ਹਾਈ ਕੋਰਟ ਵਿਚੋਂ ਕਰਵਾਉਣੀ ਪੈਣੀ ਹੈ। ਚੱਲੀਏ, ਜ਼ਮਾਨਤ ਰੱਦ ਦੇ ਹੁਕਮ ਜੇਲ੍ਹ ਵਿਚ ਪਹੁੰਚ ਗਏ ਹਨ, ਇਹ ਕਹਿੰਦਾ ਹੋਇਆ ਤੁਰ ਪਿਆ। ਪੁਲਿਸ ਵਾਲੇ ਬਾਪੂ ਹਰਨਾਮ ਸਿੰਘ ਦੀ ਗੱਲ 'ਤੇ ਯਕੀਨ ਕਰ ਕੇ ਢਿੱਲੇ ਹੋ ਗਏ। ਭਾਈ ਵਰਿਆਮ ਸਿੰਘ ਬਠਿੰਡਾ ਜੇਲ੍ਹ ਵਿਚੋਂ ਬਾਹਰ ਨਿਕਲ ਕੇ ਖਿਸਕ ਗਿਆ, ਪੁਲਿਸ ਨੂੰ ਪਤਾ ਹੀ ਨਾ ਲੱਗਾ। ਸ਼ਾਮ ਨੂੰ 6 ਵਜੇ ਜੇਲ੍ਹ ਗਾਰਡਾਂ ਤੋਂ ਭਗਵਾਨ ਸਿਹੁੰ ਕੜਿਆਂਵਾਲਾ ਐੱਸ.ਐੱਚ.ਓ. ਸਾਦਿਕ ਨੇ ਪੁੱਛਿਆ ਕਿ ਵਰਿਆਮ ਸਿੰਘ ਨੂੰ ਜੇਲ੍ਹ ਵਿਚੋਂ ਕਦੋਂ ਬਾਹਰ ਕੱਢਣਾ ਹੈ ਤਾਂ ਗਾਰਡਾਂ ਦਾ ਜਵਾਬ ਸੀ, ਜਨਾਬ, ਉਹ (ਵਰਿਆਮ ਸਿੰਘ) ਤਾਂ ਆਪਣੇ ਪਿੰਡ ਵੀ ਪਹੁੰਚ ਗਿਆ ਹੋਵੇਗਾ। ਤੁਸੀਂ ਉਸ ਦੀ ਏਥੇ ਭਾਲ ਕਰ ਰਹੇ ਹੋ। ਭਗਵਾਨ ਸਿਹੁੰ ਕਚੀਚੀਆਂ ਵੱਟਦਾ ਕਹਿ ਰਿਹਾ ਸੀ, ਇਹ ਬੁੱਢਾ (ਬਾਪੂ ਹਰਨਾਮ ਸਿੰਘ) ਭੋਲਾ ਜਿਹਾ ਲੱਗਦਾ ਸੀ, ਵੇਖੋ ਸਾਨੂੰ ਦਿਨ-ਦੀਵੀਂ ਛਲ ਗਿਆ ਜੇ। ਭਾਈ ਵਰਿਆਮ ਸਿੰਘ ਬਠਿੰਡਾ ਜੇਲ੍ਹ ਤੋਂ ਜ਼ਮਾਨਤ 'ਤੇ ਰਿਹਾਅ ਹੋ ਕੇ ਅਜੇ ਘਰ ਆਇਆ ਵੀ ਨਹੀਂ. ਸੀ ਕਿ ਜੋਗਿੰਦਰ ਸਿਹੁੰ ਪੁਲਿਸ ਦਾ ਟਾਊਟ ਬੰਦਾ ਭਾਈ ਵਰਿਆਮ ਸਿੰਘ ਨੂੰ ਗ੍ਰਿਫ਼ਤਾਰ ਕਰਵਾਉਣ ਲਈ ਖੱਪਿਆਂਵਾਲੀ ਦੀ ਬਹਿਕ ਉੱਤੇ ਪਹੁੰਚ ਗਿਆ।

ਇਸ ਪਿੱਛੋਂ ਭਾਈ ਵਰਿਆਮ ਸਿੰਘ ਮੁੜ ਕਦੀ ਘਰ ਨਹੀਂ ਆਇਆ। ਭਾਈ ਵਰਿਆਮ ਸਿੰਘ ਦੀ ਪਿੰਡ ਪੰਜਾਵਾ ਵਿਖੇ ਮੰਗਣੀ ਹੋਈ ਸੀ, ਪੁਲਿਸ ਉਸ ਪਰਿਵਾਰ ਨੂੰ ਵੀ ਪਰੇਸ਼ਾਨ ਕਰਦੀ ਰਹਿੰਦੀ ਸੀ। ਭਾਈ ਵਰਿਆਮ ਸਿੰਘ ਨੇ ਆਨੰਦ ਕਾਰਜ ਕਰਾਉਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਹੁਣ ਮੇਰੀ ਜ਼ਿੰਦਗੀ ਦਾ ਕੋਈ ਭਰੋਸਾ ਨਹੀਂ। ਮੈਂ ਮੰਗੇਤਰ ਨੂੰ ਐਵੇਂ ਦੁੱਖਾਂ ਦੇ ਚੱਕਰ ਵਿਚ ਪਾ ਜਾਵਾਂ, ਇਸ ਵਿਚ ਕੋਈ ਦਾਨਾਈ ਨਹੀਂ। ਭਾਈ ਵਰਿਆਮ ਸਿੰਘ ਬੜੇ ਸਾਊ ਸੁਭਾਅ ਦਾ ਨੌਜਵਾਨ ਸੀ, ਪਰ ਉਸ ਨੂੰ ਪੁਲਿਸ ਦੇ ਵਫ਼ਾਦਾਰ ਦੁਸ਼ਟਾਂ ਨੇ ਸ਼ਾਂਤਮਈ ਜੀਵਨ ਜੀਉਣ ਨਾ ਦਿੱਤਾ। ਪੁਲਿਸ ਨੇ ਆਪਣੀ ਚੌਧਰ ਕਾਇਮ ਰੱਖਣ ਖ਼ਾਤਰ, ਪੁਲਿਸ ਛਾਪੇ ਮਰਵਾ-ਮਰਵਾ ਕੇ ਘਰੋਂ ਭਗੌੜਾ ਕਰਾ ਦਿੱਤਾ। ਜੱਜ ਮਿਰਚੀਆ ਸਾਜ਼ਿਸ਼ ਕੇਸ ਵਿਚ ਜੋਗਿੰਦਰ ਸਿਹੁੰ ਦੀ ਹੀ ਗਵਾਹੀ ਸੀ। ਆਖ਼ਰ ਘਰੋਂ ਬਾਹਰ ਰਹਿੰਦਿਆਂ ਭਾਈ ਵਰਿਆਮ ਸਿੰਘ ਖਾੜਕੂ ਸਿੰਘਾਂ ਵਿਚ ਸ਼ਾਮਲ ਹੋ ਗਿਆ ਅਤੇ ਸਿੱਖ ਸੰਘਰਸ਼ ਵਿਚ ਕੁੱਦ ਪਿਆ। ਭਾਈ ਵਰਿਆਮ ਸਿੰਘ ਦੇ ਦਲੇਰਾਨਾ ਖਾੜਕੂ ਕਾਰਨਾਮਿਆਂ ਦੀ ਪਿੰਡਾਂ ਦੀਆਂ ਸੱਥਾਂ ਤੇ ਘਰ-ਘਰ ਚਰਚਾ ਹੋਣ ਲੱਗੀ।

18 ਮਾਰਚ 1986 ਨੂੰ ਭਾਈ ਜਗਜੀਤ ਸਿੰਘ ਰੋਡੇ (ਭਰਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ) ਨੂੰ ਰੇਲ ਗੱਡੀ ਹੇਠਾਂ ਦੇ ਕੇ ਸ਼ਹੀਦ ਕੀਤਾ ਗਿਆ। ਸਿੱਖਾਂ ਨੇ ਇਸ ਦਾ ਬੇਹੱਦ ਰੋਸ ਮਨਾਇਆ। ਦੂਰੋਂ-ਦੂਰੋਂ ਲੋਕ ਭਾਈ ਜਗਜੀਤ ਸਿੰਘ ਰੋਡੇ ਦੇ ਅੰਤਿਮ ਸੰਸਕਾਰ ਤੇ ਦਰਸਨਾਂ ਲਈ ਬੱਸਾਂ, ਟਰੱਕਾਂ ਰਾਹੀਂ ਪਿੰਡ ਰੋਡੇ ਨੂੰ ਰਵਾਨਾ ਹੋਏ। ਮੁਕਤਸਰ ਸ਼ਹਿਰ ਵਿਚੋਂ ਸਿੱਖ ਸੰਗਤਾਂ ਦੇ ਟਰੱਕ ਅਮਨ-ਅਮਾਨ ਨਾਲ ਲੰਘ ਰਹੇ ਸਨ। ਮੁਕਤਸਰ ਹਿੰਦੂ ਸਿਵ ਸੈਨਾ ਨੇ ਸਿੱਖ ਸੰਗਤਾਂ ਦੇ ਟਰੱਕਾਂ ਨੂੰ ਰੋਕਿਆ, ਪਥਰਾਊ ਕੀਤਾ, ਪੁਲਿਸ ਪ੍ਰਸ਼ਾਸਨ ਪਹੁੰਚ ਗਿਆ। ਮੌਕੇ 'ਤੇ ਐੱਸ.ਡੀ.ਐੱਮ., ਮੁਕਤਸਰ ਪੁੱਜੇ ਤੇ ਸ਼ਿਵ ਸੈਨਾ ਦੇ ਵਰਕਰਾਂ ਨੂੰ ਸਮਝਾਉਣ ਦੀ ਕੋਸਿਸ਼ ਕੀਤੀ ਪਰ ਭੂਤਰੇ ਹੋਏ ਹਿੰਦੂ ਸ਼ਿਵ ਸੈਨਾ ਦੇ ਗੁੰਡੇ, ਸਿੱਖੀ ਵਿਰੋਧੀ ਨਾਅਰੇ ਲਾਉਂਦੇ ਰਹੇ ਅਤੇ ਐੱਸ.ਡੀ.ਐੱਮ. ਸਾਹਿਬ ਮੁਕਤਸਰ ਉੱਪਰ ਤੇਜ਼ਾਬ ਦੀਆਂ ਬੋਤਲਾਂ ਨਾਲ ਹਮਲਾ ਕਰ ਦਿੱਤਾ, ਜਿਸ ਨਾਲ ਐੱਸ.ਡੀ.ਐੱਮ. ਮੁਕਤਸਰ ਦੇ ਦੰਦ ਟੁੱਟ ਗਏ ਤੇ ਚਿਹਰਾ ਵੀ ਸੜ ਗਿਆ। ਪੰਜਾਬ ਪੁਲਿਸ ਨੇ ਬੜੀ ਮੁਸ਼ਕਿਲ ਨਾਲ ਉਸ ਨੂੰ ਉਥੋਂ ਬਚਾਇਆ। ਪਰ ਸਰਕਾਰ ਨੇ ਸ਼ਿਵ ਸੈਨਾ ਵਰਕਰਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ। ਜਿਸ ਦਾ ਸਿੱਖਾਂ ਦੇ ਹਿਰਦਿਆਂ ਅੰਦਰ ਬਹੁਤ ਰੋਸ ਅਤੇ ਨਮੋਸ਼ੀ ਸੀ। ਮੁਕਤਸਰ ਦੀ ਹਿੰਦੂ ਸਿਵ ਸੈਨਾ ਦੇ ਗੁੰਡਿਆਂ ਵੱਲੋਂ ਅੰਮ੍ਰਿਤਧਾਰੀ ਸਿੰਘਾਂ ਉੱਤੇ ਹਮਲੇ ਕਰਨੇ ਆਮ ਜਿਹੀ ਗੱਲ ਹੋ ਗਈ ਸੀ। ਜਿਸ 'ਤੇ ਸੁਰਜੀਤ ਸਿਹੁੰ ਬਰਨਾਲਾ ਦੀ ਅਖੌਤੀ ਪੰਥਕ ਸਰਕਾਰ ਕੋਈ ਵੀ ਕਾਨੂੰਨੀ ਕਾਰਵਾਈ ਕਰਨ ਤੇ ਸਿਵ ਸੈਨਾ ਦੇ ਗੁੰਡਿਆਂ ਦੀ ਹੁੱਲੜਬਾਜ਼ੀ ਰੋਕਣ ਵਿਚ ਨਾਕਾਮ ਰਹੀ ਸੀ। ਅਗਸਤ 1986 ਵਿਚ ਮੁਕਤਸਰ ਤੋਂ ਚੰਡੀਗੜ੍ਹ ਜਾ ਰਹੀ ਬੱਸ ਵਿਚੋਂ ਪਿੰਡ ਲੁਬਾਣਿਆਂ ਵਾਲੀ ਜੀ.ਟੀ. ਰੋਡ ਤੋਂ ਬੱਸ ਅਗਵਾ ਕਰ ਕੇ ਕੁਝ ਹਿੰਦੂ ਕਤਲ ਕਰ ਦਿੱਤੇ, ਇਹ ਬੱਸ ਕਾਂਡ,

ਪੁਲਿਸ ਰਿਪੋਰਟ ਅਨੁਸਾਰ ਭਾਈ ਵਰਿਆਮ ਸਿੰਘ ਖੱਪਿਆਂਵਾਲੀ, ਭਾਈ ਤਰਸੇਮ ਸਿੰਘ ਕੁਹਾੜ, ਭਾਈ ਹਰਜਿੰਦਰ ਸਿੰਘ ਅਰਜਨਪੁਰ, ਭਾਈ ਗੁਰਜੰਟ ਸਿੰਘ ਬੁੱਧਸਿੰਘ ਵਾਲਾ ਤੇ ਹੋਰ ਸਾਥੀਆਂ ਵੱਲੋਂ ਕੀਤਾ ਗਿਆ।

ਬੱਸ ਵਿਚ ਹਿੰਦੂ ਮੁਸਾਫ਼ਰਾਂ ਦੇ ਕਤਲ ਤੋਂ ਬਾਅਦ ਇਹ ਕਾਂਡ ਕਰਨ ਵਾਲੇ ਵਿਅਕਤੀ, ਪਹਿਲਾਂ ਟਰੈਕਟਰ ਤੇ ਫਿਰ ਪੈਦਲ ਹੀ ਖੇਤਾਂ ਵਿਚ ਹੁੰਦੇ ਹੋਏ ਭੱਜ ਗਏ। ਇਹਨਾਂ ਦਾ ਪਿੱਛਾ ਜੋਗਿੰਦਰ ਰੋਡੇ ਪਿੰਡ ਵਾਲੇ ਨੇ ਆਪਣੇ ਹਥਿਆਰਬੰਦ ਬੰਦਿਆਂ ਨਾਲ ਟਰੈਕਟਰ 'ਤੇ ਕੀਤਾ। ਜਦੋਂ ਅੱਗੋਂ ਸਿੱਧੇ ਹੋ ਗਏ ਤਾਂ ਇਹ ਪਿੱਛੇ ਭੱਜ ਆਇਆ। ਪੁਲਿਸ ਅਫ਼ਸਰਾਂ ਦੇ ਪੁੱਛਣ 'ਤੇ ਜੋਗਿੰਦਰ ਨੇ ਪੁਲਿਸ ਦੇ ਅਫ਼ਸਰਾਂ ਨੂੰ ਕਿਹਾ ਕਿ ਮੈਂ ਪਿੱਛਾ ਕੀਤਾ, ਪਰ ਮੇਰੇ ਤੋਂ ਅੱਤਵਾਦੀ ਸੂਤ ਨਹੀਂ ਆਏ, ਮੈਂ ਚਾਹੁੰਦਾ ਸੀ ਕਿ ਮੈਂ ਉਹਨਾਂ ਨੂੰ ਮੁਕਾਬਲੇ ਵਿਚ ਉਲਝਾ ਲਵਾਂ ਤੇ ਪੁਲਿਸ ਪਹੁੰਚ ਜਾਵੇ ਤਾਂ ਘੇਰ ਕੇ ਫੜ ਲਈਏ। ਪਰ ਅੱਤਵਾਦੀ ਟਰੈਕਟਰ ਛੱਡ ਕੇ ਪੈਦਲ ਹੀ ਭੱਜ ਗਏ। ਉਹਨਾਂ ਵਿਚ ਭਾਈ ਵਰਿਆਮ ਸਿੰਘ ਖੱਪਿਆਂਵਾਲੀ ਵੀ ਹੈ। ਸਾਹਿਬ ਚੱਲੋ, ਉਸ ਦੇ ਪਰਿਵਾਰ ਨੂੰ ਫੜੀਏ, ਕਿਤੇ ਉਹ ਵੀ ਨਾ ਭੱਜ ਜਾਣ। ਜੋਗਿੰਦਰ ਆਪਣੇ ਬੰਦੇ, ਜਿਹਨਾਂ ਨੂੰ ਪੁਲਿਸ ਨੇ ਆਪਣੇ ਸਰਕਾਰੀ ਹਥਿਆਰ ਦਿੱਤੇ ਹੋਏ ਸਨ ਅਤੇ ਪੰਜਾਬ ਪੁਲਿਸ ਨੂੰ ਨਾਲ ਲੈ ਕੇ ਪਿੰਡ ਖੱਪਿਆਂਵਾਲੀ ਪਹੁੰਚ ਗਿਆ, ਜੋ ਇਥੋਂ ਨੇੜੇ ਹੀ ਸੀ। ਭਾਈ ਵਰਿਆਮ ਸਿੰਘ ਦੇ ਪਰਿਵਾਰ ਨੂੰ ਕਿਸੇ ਨੇ ਦੱਸ ਦਿੱਤਾ ਸੀ ਕਿ ਘਰੋਂ ਨਿਕਲ ਜਾਉ, ਪੁਲਿਸ ਆ ਰਹੀ ਹੈ ਤੇ ਬੱਸ ਵਿਚ ਹਿੰਦੂ ਮਾਰਨ ਵਾਲਿਆਂ ਵਿਚ ਭਾਈ ਵਰਿਆਮ ਸਿੰਘ ਦਾ ਨਾਂ ਵੀ ਲਿਆ ਜਾਂਦਾ ਹੈ। ਘਰ ਦੇ ਮਰਦ, ਔਰਤਾਂ, ਬਹਿਕ ਨੂੰ ਛੱਡ ਕੇ ਪਿੰਡ ਖੱਪਿਆਂਵਾਲੀ ਆ ਗਏ ਤੇ ਜਿਵੇਂ ਹੋ ਸਕਿਆ, ਆਪਣਾ ਬਚਾਅ ਕੀਤਾ। ਪੁਲਿਸ ਅਫ਼ਸਰਾਂ ਦੀ ਮੌਜੂਦਗੀ ਵਿਚ ਜੋਗਿੰਦਰ ਸਿਹੁੰ ਨੇ ਆਪਣੇ ਬੰਦੇ ਲਾ ਕੇ ਆਪਣੇ ਟਰੈਕਟਰ ਨਾਲ ਟੋਚਨ ਪਾ-ਪਾ ਕੇ ਸਾਰਾ ਘਰ-ਮਕਾਨ ਢਾਹ ਦਿੱਤਾ, ਘਰ ਦੇ ਸਾਮਾਨ ਨੂੰ ਅੱਗ ਲਾ ਦਿੱਤੀ, ਬਿਜਲੀ ਦੀਆਂ ਮੋਟਰਾਂ (ਪਾਣੀ ਵਾਲੀਆਂ) ਭੰਨ-ਤੋੜ ਦਿੱਤੀਆਂ। ਮਾਲ-ਪਸ਼ੂ-ਡੰਗਰ ਖੁੱਲ੍ਹੇ ਛੱਡ ਦਿੱਤੇ। ਪਰਿਵਾਰ 'ਤੇ ਪੁਲਿਸ ਨੇ ਭਾਰੀ ਤਸ਼ੱਦਦ ਕੀਤਾ, ਭਾਈ ਵਰਿਆਮ ਸਿੰਘ ਦੇ ਭਰਾ ਫੜ ਲਏ। ਵੱਡੇ ਭਰਾ ਚੰਨਣ ਸਿੰਘ 'ਤੇ ਬੜਾ ਤਸ਼ੱਦਦ ਕੀਤਾ, ਜੋ ਮਾਨਸਿਕ ਤੌਰ 'ਤੇ 18 ਸਾਲ ਬੀਤ ਜਾਣ 'ਤੇ ਵੀ ਪਰੇਸਾਨ ਰਹਿੰਦਾ ਹੈ।

ਪੰਜਾਬ ਪੁਲਿਸ ਨੇ ਭਾਈ ਵਰਿਆਮ ਸਿੰਘ ਦੇ ਸਿਰ ਦਾ ਮੁੱਲ ਇਕ ਲੱਖ ਰੁਪਏ ਐਲਾਨ ਕਰ ਦਿੱਤਾ ਸੀ। ਪੰਜਾਬ ਪੁਲਿਸ ਦੇ ਮੁਖੀ ਜੂਲੀਓ ਫ਼ਰਾਂਸਿਸ ਰਿਬੇਰੋ ਨੇ ਕਮਾਂਡ ਸੰਭਾਲਦਿਆਂ ਜਿਹੜੇ 36 ਖਾੜਕੂ ਸਿੰਘਾਂ ਦੀ ਸੂਚੀ ਪੁਲਿਸ ਨੂੰ ਲੋੜੀਂਦੇ ਦੀ ਜਾਰੀ ਕੀਤੀ ਸੀ, ਉਹਨਾਂ ਵਿਚ ਭਾਈ ਵਰਿਆਮ ਸਿੰਘ ਵੀ ਸਾਮਿਲ ਸੀ ਤੇ ਮਾਲਵਾ ਕੇਸਰੀ ਖ਼ਾਲਿਸਤਾਨ ਕਮਾਂਡੋ ਫ਼ੋਰਸ ਦਾ ਮੁਖੀ ਸੀ ਅਤੇ ਭਾਈ ਤਰਸੇਮ ਸਿੰਘ ਕੁਹਾੜ, ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਭਾਈ ਹੁਸਨ ਸਿੰਘ ਹੁਸਨਾ, ਭਾਈ ਹਰਜਿੰਦਰ ਸਿੰਘ ਜਿੰਦਾ ਅਰਜਨਪੁਰ, ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ

ਵਰਗੇ ਜੁਝਾਰੂ ਸਿੰਘਾਂ ਵਿਚ ਉਹਨੀਂ ਦਿਨੀਂ ਪ੍ਰਮੁੱਖ ਮੰਨਿਆ ਜਾਂਦਾ ਸੀ ਤੇ ਪੰਜਾਬ ਅੰਦਰ ਖ਼ਾਲਿਸਤਾਨੀ ਸੰਘਰਸ਼ ਵਿਚ ਆਈ ਤੇਜ਼ੀ ਵਿਚ ਉਸ ਦਾ ਅਹਿਮ ਰੋਲ ਮੰਨਿਆ ਜਾ ਰਿਹਾ ਸੀ। ਸਿੱਖ ਕੌਮ ਵਿਚ ਭਾਈ ਵਰਿਆਮ ਸਿੰਘ ਖੱਪਿਆਂਵਾਲੀ ਦਾ ਨਾਂ ਬੜੇ ਫ਼ਖ਼ਰ ਨਾਲ ਲਿਆ ਜਾਂਦਾ ਸੀ। ਪੰਜਾਬ ਸਰਕਾਰ ਤੇ ਪੁਲਿਸ ਭਾਈ ਵਰਿਆਮ ਸਿੰਘ ਨੂੰ ਖ਼ਤਰਨਾਕ ਦਹਿਸ਼ਤਪਸੰਦ ਪ੍ਰਚਾਰ ਰਹੀ ਸੀ, ਦੂਜੇ ਪਾਸੇ ਸਿੱਖ ਕੌਮ ਉਸ ਨੂੰ ਖ਼ਾਲਸਾ ਪੰਥ ਦਾ ਅਨਮੋਲ ਹੀਰਾ ਸਮਝਦੀ/ਮੰਨਦੀ ਸੀ। ਭਾਈ ਵਰਿਆਮ ਸਿੰਘ ਸਿੱਖ ਕੌਮ ਦੇ ਸਵੈਮਾਣ ਦੀ ਬਹਾਲੀ ਵਾਸਤੇ, ਸਿੱਖ ਕੌਮ ਦੇ ਵਿਰੋਧੀਆਂ ਦੀ ਸੋਧਾਈ ਕਰ ਰਿਹਾ ਸੀ। ਕਿਸੇ ਪੁਲਿਸ ਮੁਖ਼ਬਰ ਦੀ ਮੁਖ਼ਬਰੀ ਕਰਨ 'ਤੇ ਬੱਸ ਵਿਚ ਸਫ਼ਰ ਕਰਦਿਆਂ 6 ਨੰਬਰ ਚੁੰਗੀ (ਫ਼ਿਰੋਜ਼ਪੁਰ) 'ਤੇ ਪੁਲਿਸ ਨੇ ਬੱਸ ਨੂੰ ਘੇਰ ਲਿਆ ਅਤੇ ਪੁਲਿਸ ਅਫ਼ਸਰ ਨੇ ਵੰਗਾਰ ਕੇ ਕਿਹਾ ਕਿ ਜਿਹੜਾ ਆਪਣੇ ਆਪ ਨੂੰ ਖਾੜਕੂ ਯੋਧਾ ਵਰਿਆਮ ਸਿੰਘ ਅਖਵਾਉਂਦਾ ਹੈ, ਆਪਣੀ ਸੀਟ ਤੋਂ ਉੱਠ ਕੇ ਹੇਠਾਂ ਆ ਜਾਵੇ, ਸਾਨੂੰ ਬੱਸ ਦੀ ਸੀਟ ਦੇ ਨੰਬਰ ਦਾ ਵੀ ਪਤਾ ਹੈ। ਜੇ ਅਸੀਂ ਆਪ ਖਿੱਚ ਕੇ ਲਾਹਿਆ ਤਾਂ ਵਰਿਆਮ ਸਿੰਘ ਦੀ ਵਰਿਆਮਗੀ/ਬਹਾਦਰੀ ਨਹੀਂ ਮੰਨੀ ਜਾਵੇਗੀ। ਭਾਈ ਵਰਿਆਮ ਸਿੰਘ ਨੇ ਕਿਹਾ, ''ਪੁਲਿਸ ਵਾਲਿਓ, ਜੇ ਮੇਰੇ ਕੋਲ ਇਸ ਮੌਕੇ ਹਥਿਆਰ ਹੁੰਦਾ, ਮੈਂ ਤੁਹਾਡੇ ਸੱਥਰ ਵਿਛਾ ਦੇਣੇ ਸੀ। ਤੁਹਾਡੀ ਮੇਰੇ ਸਾਹਮਣੇ ਆਉਣ ਦੀ ਜੁਰਅੱਤ ਨਹੀਂ ਸੀ ਪੈਣੀ। ਉੱਠ ਕੇ ਕਿਹਾ, ''ਮੈਂ ਵਰਿਆਮ ਸਿੰਘ ਖੱਪਿਆਂਵਾਲੀ ਹਾਂ, ਜੋ ਮੈਂ ਕਰ ਸਕਦਾ ਸੀ, ਖ਼ਾਲਿਸਤਾਨ ਵਾਸਤੇ ਕੀਤਾ ਹੈ। ਹੁਣ ਤੁਸੀਂ ਜੋ ਕਰਨਾ ਹੈ, ਕਰ ਲਵੋ। ਫ਼ਿਰੋਜ਼ਪੁਰ ਦੀ 6 ਨੰਬਰ ਚੁੰਗੀ ਤੋਂ ਬੱਸ ਵਿਚੋਂ ਉਤਾਰ ਕੇ ਪੰਜਾਬ ਪੁਲਿਸ ਤੇ ਸੀ.ਆਰ.ਪੀ. ਭਾਈ ਵਰਿਆਮ ਸਿੰਘ ਨੂੰ ਆਪਣੀਆਂ ਗੱਡੀਆਂ ਵਿਚ ਬਿਠਾ ਕੇ ਲੈ ਗਈ। ਬੱਸ ਦੀਆਂ ਸਵਾਰੀਆਂ ਨੇ ਭਾਈ ਵਰਿਆਮ ਸਿੰਘ ਦੀ ਗ੍ਰਿਫ਼ਤਾਰੀ ਅੱਖਾਂ ਸਾਹਮਣੇ ਵੇਖੀ ਸੀ। ਇਹ ਚਰਚਾ (ਖ਼ਬਰ) ਦੂਰ-ਦੂਰ ਤਕ ਜੰਗਲ ਦੀ ਅੱਗ ਵਾਂਗ ਫੈਲ ਗਈ ਕਿ ਪੁਲਿਸ ਨੇ ਭਾਈ ਵਰਿਆਮ ਸਿੰਘ ਖੱਪਿਆਂਵਾਲੀ ਨੂੰ ਫੜ ਲਿਆ ਹੈ। ਫ਼ਰੀਦਕੋਟ ਲਿਆ ਕੇ ਭਾਈ ਵਰਿਆਮ ਸਿੰਘ ਉੱਤੇ ਥਾਣੇਦਾਰ ਸ਼ਾਮ ਸੁੰਦਰ ਨੇ ਅੰਨ੍ਹਾ ਤਸ਼ੱਦਦ ਕੀਤਾ। ਉਹ ਭਾਈ ਵਰਿਆਮ ਸਿੰਘ ਤੋਂ ਵੱਡੇ ਤੋਂ ਵੱਡੇ ਭੇਤ ਖੁਲ੍ਹਵਾ ਕੇ ਆਪਣੇ ਮੋਢਿਆਂ ਉੱਤੇ ਫੀਤੀਆਂ, ਸਟਾਰ ਵਧਾਉਣ ਦੇ ਚਾਅ ਵਿਚ ਫੁੱਲਿਆ ਨਹੀਂ ਸੀ ਸਮਾਉਂਦਾ, ਪਰ ਭਾਈ ਵਰਿਆਮ ਸਿੰਘ ਦੇ ਸਿਦਕ ਅੱਗੇ ਉਸ ਦੀ ਜ਼ਿੰਦਗੀ ਦੇ ਸਾਰੇ ਹਥਿਆਰ ਫੇਲ੍ਹ ਹੋ ਗਏ। ਫ਼ਰੀਦਕੋਟ ਪੁਲਿਸ ਨੇ 31 ਅਕਤੂਬਰ 1986 ਨੂੰ ਜੈਤੋ-ਕੋਟਕਪੂਰਾ ਦਰਮਿਆਨ ਪਿੰਡ ਢੈਪਈ ਨਹਿਰ ਦੀ ਪੱਟੜੀ 'ਤੇ ਅੰਬ ਦੇ ਰੁੱਖ ਨਾਲ ਬੰਨ੍ਹ ਕੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਰੇਡੀਓ ਅਤੇ ਅਖ਼ਬਾਰਾਂ ਵਿਚ ਖ਼ਬਰ ਇਸ ਤਰ੍ਹਾਂ ਸੀ : *ਪਿੰਡ ਢੈਪਈ ਨੇੜੇ ਜੈਤੋ-ਕੋਟਕਪੂਰਾ ਦੇ ਦਰਮਿਆਨ ਇਕ ਸਿੱਖ ਨੌਜਵਾਨ ਸ਼ੱਕੀ ਹਾਲਤ ਵਿਚ ਨਹਿਰ ਦੀ ਪੱਟੜੀ 'ਤੇ ਸਾਈਕਲ ਉੱਤੇ ਆ ਰਿਹਾ ਸੀ। ਪੰਜਾਬ ਪੁਲਿਸ ਦੇ ਜਵਾਨਾਂ ਨੇ ਉਸ ਨੂੰ ਰੁਕਣ ਦਾ ਇਸ਼ਾਰਾ ਕੀਤਾ, ਜਿਸ 'ਤੇ ਉਸ*

*ਨੇ ਸੁਰੱਖਿਆ ਜਵਾਨਾਂ 'ਤੇ ਗੋਲੀਆਂ ਚਲਾਈਆਂ। ਸਵੈ-ਰੱਖਿਆ ਲਈ ਪੁਲਿਸ ਦੇ ਜਵਾਨਾਂ ਨੇ ਵੀ ਗੋਲੀ ਚਲਾਈ। ਇਸ ਪੁਲਿਸ ਨਾਲ ਹੋਏ ਮੁਕਾਬਲੇ ਵਿਚ ਅੱਤਵਾਦੀ ਮਾਰਿਆ ਗਿਆ, ਜਿਸ ਦੀ ਪਛਾਣ ਵਰਿਆਮ ਸਿੰਘ ਖੱਪਿਆਂਵਾਲੀ ਜਿਸ ਨੇ ਬੱਸ ਕਾਂਡ ਵਿਚ ਹਿੰਦੂ ਮੁਸਾਫ਼ਰਾਂ ਦੀ ਹੱਤਿਆ ਕੀਤੀ ਸੀ ਤੇ ਹੋਰ ਬਹੁਤ ਸਾਰੇ ਕਤਲਾਂ ਤੇ ਡਾਕਿਆਂ ਵਿਚ ਪੰਜਾਬ ਪੁਲਿਸ ਨੂੰ ਲੋੜੀਂਦਾ ਸੀ, ਉਸ ਦੇ ਸਿਰ 'ਤੇ ਸਰਕਾਰ ਨੇ ਇਕ ਲੱਖ ਰੁਪਏ ਦਾ ਇਨਾਮ ਰੱਖਿਆ ਹੋਇਆ ਸੀ।*

ਇਹ ਨਿਸਚੇ ਹੀ ਝੂਠਾ ਮੁਕਾਬਲਾ ਵਿਖਾ ਕੇ ਭਾਈ ਵਰਿਆਮ ਸਿੰਘ ਨੂੰ ਸ਼ਹੀਦ ਕੀਤਾ ਗਿਆ ਸੀ। ਭਾਈ ਵਰਿਆਮ ਸਿੰਘ ਖੱਪਿਆਂਵਾਲੀ ਦੀ ਯਾਦ ਵਿਚ 10 ਨਵੰਬਰ 1986 ਨੂੰ ਪਿੰਡ ਖੱਪਿਆਂਵਾਲੀ ਨਜ਼ਦੀਕ ਮੁਕਤਸਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਸ਼ਹੀਦੀ ਸਮਾਗਮ ਵਿਚ 20 ਹਜ਼ਾਰ ਤੋਂ ਵੱਧ ਸਿੱਖ ਸੰਗਤਾਂ ਨੇ ਹਾਜ਼ਰੀ ਭਰੀ। ਇਸ ਮੌਕੇ 'ਤੇ ਸ਼ਹੀਦੀ ਸਮਾਗਮ ਵਿਚ ਬਾਬਾ ਜੋਗਿੰਦਰ ਸਿੰਘ ਰੋਡੇ (ਪਿਤਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ), ਭਾਈ ਚਮਕੌਰ ਸਿੰਘ ਰੋਡੇ, ਭਾਈ ਅਮਰੀਕ ਸਿੰਘ ਮੁਕਤਸਰ ਨੇ ਵੀ ਸਿੱਖ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਈ ਵਰਿਆਮ ਸਿੰਘ ਖੱਪਿਆਂਵਾਲੀ ਖ਼ਾਲਸਾ ਪੰਥ ਦਾ ਅਨਮੋਲ ਹੀਰਾ ਸੀ। ਉਸ ਦੀ ਸ਼ਹਾਦਤ ਅਜਾਈਂ ਨਹੀਂ ਜਾਵੇਗੀ, ਉਸ ਦੇ ਅਧੂਰੇ ਕਾਜ/ਕੰਮਾਂ ਨੂੰ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਪੂਰਾ ਕਰੇਗਾ। ਸ਼ਹੀਦ ਭਾਈ ਵਰਿਆਮ ਸਿੰਘ ਖੱਪਿਆਂਵਾਲੀ ਦੀ ਜ਼ਿੰਮੇਵਾਰੀ ਦੀ ਪੱਗ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਨੂੰ ਬੰਨ੍ਹਾਈ ਗਈ। ਖ਼ਾਲਿਸਤਾਨ ਮਾਲਵਾ ਕੇਸਰੀ ਕਮਾਂਡੋ ਫ਼ੋਰਸ ਦਾ ਮੁੱਖ ਜਥੇਦਾਰ ਭਾਈ ਗੁਰਜੰਟ ਸਿੰਘ ਨੂੰ ਬਣਾਇਆ ਗਿਆ। ਭਾਈ ਬੁੱਧ ਸਿੰਘ ਵਾਲਾ ਨੇ ਕਿਹਾ ਕਿ ਜਿਨ੍ਹਾਂ ਮੁਖ਼ਬਰਾਂ ਨੇ ਭਾਈ ਵਰਿਆਮ ਸਿੰਘ ਨੂੰ ਗ੍ਰਿਫ਼ਤਾਰ ਕਰਾਇਆ ਹੈ, ਉਹਨਾਂ ਦੀ ਸੋਧਾਈ ਛੇਤੀ ਹੀ ਕਰ ਦਿੱਤੀ ਜਾਵੇਗੀ। ਸ਼ਹੀਦੀ ਸਮਾਗਮ ਦੇ ਚੁਫੇਰੇ ਪੰਜਾਬ ਪੁਲਿਸ ਦੀ ਮੌਜੂਦਗੀ ਸੀ, ਪਰ ਉਸ ਨੇ ਪੰਡਾਲ ਵਿਚ ਸ਼ਹੀਦੀ ਸਮਾਗਮ ਵਿਚ ਕਿਸੇ ਵੀ ਤਰ੍ਹਾਂ ਦੀ ਦਖ਼ਲ-ਅੰਦਾਜ਼ੀ ਨਹੀਂ ਸੀ ਕੀਤੀ। ਗੁਰੂ ਦਾ ਲੰਗਰ ਅਤੇ ਚਾਹ ਦੁੱਧ ਦੇ ਗੱਫੇ ਵਰਤਾਏ ਗਏ। ਸ਼ਹੀਦੀ ਸਮਾਗਮ ਵਿਚ ਸ਼ਹੀਦ ਭਾਈ ਵਰਿਆਮ ਸਿੰਘ ਅਮਰ ਰਹੇ, ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਅਤੇ ਖ਼ਾਲਿਸਤਾਨ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਪੰਡਾਲ ਗੂੰਜਦਾ ਰਿਹਾ।

ਇਕ ਮਹੀਨੇ ਬਾਅਦ ਇਲਾਕੇ ਦੇ ਮਸ਼ਹੂਰ ਮੁਖ਼ਬਰ ਜੋਗਿੰਦਰ ਸਿਹੁੰ ਰੋਡੇ ਸਰਪੰਚ ਤੇ ਉਸ ਦੇ ਦੋ ਸਾਥੀਆਂ ਨੂੰ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਨੇ ਸੋਧ ਦਿੱਤਾ। ਜੋਗਿੰਦਰ ਆਪਣੇ ਤਿੰਨ ਸਾਥੀਆਂ ਨਾਲ ਪਿੰਡ ਰੋਡੇ ਤੋਂ ਸਵੇਰੇ-ਸਵੇਰ ਬੱਸ ਅੱਡਾ ਲੁਬਾਣਿਆਂ ਵਾਲੀ ਨੂੰ ਆ ਰਿਹਾ ਸੀ, ਸੂਏ (ਪਾਣੀ ਵਾਲੀ ਨਿੱਕੀ ਕੱਸੀ ਨਹਿਰ) 'ਤੇ ਪੱਟੜੀ -'ਤੇ ਚੜ੍ਹਿਆ ਆ ਰਿਹਾ ਸੀ ਕਿ ਕੁਝ ਨੌਜਵਾਨ, ਜਿਨ੍ਹਾਂ ਨੇ ਤੇੜ ਚਾਦਰਾਂ ਬੰਨ੍ਹੀਆਂ ਹੋਈਆਂ ਸਨ, ਹੱਥ 'ਚ ਚਾਹ ਵਾਲੀ ਡੋਲਣੀ ਫੜੀ ਹੋਈ ਸੀ, ਮੋਢੇ 'ਤੇ ਕਹੀ ਅਤੇ ਹੱਥ ਵਿਚ ਗੰਡਾਸਾ ਫੜਿਆ ਹੋਇਆ ਸੀ ਅਤੇ ਖੇਸਾਂ

ਦੀਆਂ ਬੁੱਕਲਾਂ ਮਾਰੀਆਂ ਹੋਈਆਂ ਸਨ, ਜੋ ਖੇਤਾਂ ਨੂੰ ਪਾਣੀ ਲਾਉਣ ਵਾਲੇ ਕਿਸਾਨ ਜਾਪਦੇ ਸਨ। ਉਹਨਾਂ ਨੇ ਲਾਗੇ ਆਉਣ 'ਤੇ ਲਲਕਾਰਿਆ, "ਓਏ, ਭੱਜ ਲਓ, ਜੇ ਭੱਜਿਆ ਜਾਂਦਾ ਹੈ ਤਾਂ? ਅਸੀਂ ਵਰਿਆਮ ਸਿੰਘ ਦੇ ਸਾਥੀ ਆ ਗਏ ਹਾਂ।"

ਸਿੰਘਾਂ ਦੇ ਲਲਕਾਰੇ ਸੁਣ ਕੇ ਉਹ ਹੋਸ਼-ਹਵਾਸ ਭੁੱਲ ਗਏ ਤੇ ਭੱਜ ਕੇ ਪਾਣੀ ਵਾਲੇ ਸੁੱਕੇ ਸੂਏ ਵਿਚ ਵੜ ਗਏ। ਸਿੰਘਾਂ ਨੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ, ਜੋਗਿੰਦਰ ਰੋਡੇ ਸਰਪੰਚ ਤੇ ਉਸ ਦੇ ਸਾਥੀ ਸੋਭਾ ਸਿੰਘ ਅਤੇ ਗੁਰਦੀਪ ਸਿਹੁੰ ਗੋਲੀਆਂ ਲੱਗਣ ਨਾਲ ਮਾਰੇ ਗਏ। ਇਕ ਮਿੱਠੂ ਸਿਹੁੰ ਭੱਜ ਜਾਣ ਵਿਚ ਸਫਲ ਹੋ ਗਿਆ ਤੇ ਭੱਜ ਕੇ ਮੁਕਤਸਰ ਥਾਣੇ ਗਿਆ ਤੇ ਮੁਣਸ਼ੀ ਨੂੰ ਸਾਰੀ ਵਾਰਤਾ ਦੱਸੀ। ਜਿਸ ਨੂੰ ਢਾਡੀ ਜਥੇ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ:

**ਮਿੱਠੂ ਭੱਜ ਕੇ ਥਾਣੇ ਜਾ ਵੜਿਆ,**
**ਉਹਨੂੰ ਗੱਲ ਨਾ ਆਉਂਦੀ ਸਾਹ ਚੜ੍ਹਿਆ।**
**ਕੀ ਕੀਤਾ, ਕੀ ਸਾਹਬ ਜੀ ਕਰਨਾ ਹੈ,**
**ਬੜਾ ਔਖਾ ਸਾਹਬ ਜੀ ਮਰਨਾ ਹੈ।**
**ਮੁਨਸ਼ੀ ਨੇ ਘਟਨਾ ਦਾ ਵੇਰਵਾ ਪੁੱਛਿਆ ਤਾਂ ਮਿੱਠੂ ਕਹਿੰਦਾ—**
**ਨਾਂ ਸੁਣਿਆ ਵਰਿਆਮੇ ਦਾ।**
**ਜੀ ਦੇਖੋ ਹਾਲ ਮੇਰੇ ਪਜਾਮੇ ਦਾ।**
(ਕਿਉਂਕਿ ਉਸ ਦਾ ਮੂਤਰ ਵਿਚ ਹੀ ਨਿਕਲ ਗਿਆ ਸੀ।)
**ਵੇਖਣ ਨੂੰ ਲੱਗਦੇ ਜੱਟ ਕਿਸਾਨ ਸੀ,**
**ਨਾਅਰੇ ਲਾਏ ਉਹਨਾਂ ਖ਼ਾਲਿਸਤਾਨੀ ਜੀ।**
**ਇਕ ਨੇ ਹੱਥ ਡੋਲਣੀ ਫੜੀ ਸੀ,**
**ਇਕ ਨੇ ਹੱਥ ਗੰਡਾਸਾ ਫੜਿਆ ਸੀ।**
**ਤੇੜ੍ਹ ਚਾਦਰਾ ਤੇ ਸਿਰ 'ਤੇ ਸਾਫਾ ਵਲਿਆ ਸੀ,**
**ਮੋਢੇ ਰੱਖੀ ਇਕ ਨੇ ਕਹੀ ਸੀ।**
**ਨਾਲੇ ਉਹਨਾਂ ਬੁੱਕਲ ਖੇਸ ਦੀ ਮਾਰੀ ਸੀ,**
**ਉਹ ਬੰਦੇ ਬੜੇ ਹੁਸ਼ਿਆਰੀ ਸੀ।**
**ਆਏ ਕਰ ਕੇ ਪੂਰੀ ਤਿਆਰੀ ਸੀ,**
**ਉਹਨਾਂ ਸਰਪੰਚ ਸੂਏ 'ਚ ਮਾਰਤਾ,**
**ਗੱਲ ਹੋਈ ਸਾਹਬ ਜੀ, ਬੜੀ ਮਾੜੀ ਜੀ।**
**ਦੱਸੋ ਸਾਹਬ ਜੀ ਕੀ ਕੀਤਾ, ਤੇ ਕੀ ਕਰਨਾ ਹੈ,**
**ਬੜਾ ਔਖਾ ਸਾਹਬ ਜੀ ਮਰਨਾ ਹੈ।**
**ਵੇਖਣ ਨੂੰ ਇੰਝ ਲੱਗਦੇ ਸੀ,**
**ਜਿਉਂ ਜੱਟ ਪਾਣੀ ਲਾਉਂਦੇ ਖੇਤਾਂ ਨੂੰ,**
**ਜੀ ਅਸੀਂ ਕੀ ਜਾਣੀਏ ਸਿੰਘਾਂ ਦੇ ਭੇਤਾਂ ਨੂੰ।**

ਸਿੰਘ ਕਿਥੇ ਗਏ ਤੇ ਕਿਥੋਂ ਆਏ ਜੀ,
ਸਿਆਣਿਆਂ ਨਹੀਂ ਕਦੇ ਬਤਾਏ ਜੀ,
ਸਾਹਬ ਜੀ, ਏਥੇ ਗੱਲ ਮੁਕਾਈਏ ਜੀ,
ਅੱਗੇ ਧੀਆਂ ਪੁੱਤਾਂ ਨੂੰ ਵੀ ਸਮਝਾਈਏ ਜੀ।
ਲੋਕੋ ਤੌਬਾ, ਨਾ ਵੈਰ ਸਿੰਘਾਂ ਨਾਲ ਪਾਈਏ ਜੀ।
ਪੈਸੇ ਦੇ ਝੂਠੀ ਚੌਧਰ ਤੋਂ,
ਨਾ ਮਨੁੱਖੀ ਦੇਹੀ ਗਵਾਈਏ ਜੀ।

ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘਾਂ ਨੂੰ ਕੌਣ ਸਕਦਾ ਨਹੀਂ ਮਾਰ ਮੁਕਾਈਏ ਜੀ।

ਵੱਡੇ-ਵੱਡੇ ਮੁਖ਼ਬਰਾਂ ਨੂੰ ਪਲਾਂ 'ਚ ਖ਼ਾਲਸਾ ਗੱਡੀ ਚੜ੍ਹਾਏ ਜੀ।

ਜੋਗਿੰਦਰ ਸਿੰਘ ਤੇ ਉਸ ਦੇ ਸਾਥੀਆਂ ਦੀਆਂ ਲਾਸ਼ਾਂ ਸੂਏ ਵਿਚੋਂ ਪੁਲਿਸ ਨੇ ਆ ਕੇ ਬਾਹਰ ਕੱਢੀਆਂ ਤੇ ਪੋਸਟ ਮਾਰਟਮ ਲਈ ਹਸਪਤਾਲ ਲੈ ਗਏ। ਅਗਲੇ ਦਿਨ ਦੇ ਅਖ਼ਬਾਰਾਂ ਵਿਚ ਪ੍ਰਮੁੱਖ ਖ਼ਬਰ ਸੀ—*ਹੁਸ਼ਿਆਰਪੁਰ ਨੇੜੇ ਖੁੱਡਾ ਬੱਸ ਕਾਂਡ ਵਿਚ ਅੱਤਵਾਦੀਆਂ ਨੇ 24 ਬੱਸ ਮੁਸਾਫ਼ਰਾਂ ਨੂੰ ਮਾਰ ਦਿੱਤਾ। ਪਿੰਡ ਰੋਡੇ ਦੇ ਸਰਪੰਚ ਜੋਗਿੰਦਰ ਸਿੰਘ ਤੇ ਉਸ ਦੇ ਦੋ ਸਾਥੀਆਂ ਸਮੇਤ ਪੰਜਾਬ ਵਿਚ ਅੱਤਵਾਦੀਆਂ ਨੇ 9 ਬੰਦੇ ਮਾਰ ਦਿੱਤੇ।*

ਨਾਲ ਹੀ ਹੋਰ ਬਿਉਰੇ ਸਨ।

***

# ਸ਼ਹੀਦ ਭਾਈ ਜੁਗਰਾਜ ਸਿੰਘ ਤੂਫ਼ਾਨ
# ਡਿਪਟੀ ਚੀਫ਼-ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ



ਉਂਝ ਤਾਂ ਖ਼ਾਲਸਾ ਰਾਜ ਦੀ ਸਥਾਪਤੀ ਵਾਸਤੇ ਹਜ਼ਾਰਾਂ ਸਿੰਘਾਂ ਨੇ ਅਸਹਿ ਤੇ ਅਕਹਿ ਕਸ਼ਟ ਸਹਾਰਦਿਆਂ ਹੋਇਆਂ ਸ਼ਹਾਦਤਾਂ ਦੇ ਜਾਮ ਪੀਤੇ ਹਨ। ਅਜਿਹੇ ਦਲੇਰਾਨਾ ਕਾਰਨਾਮੇ ਕੀਤੇ ਹਨ, ਜਿਹਨਾਂ ਤੋਂ ਆਉਣ ਵਾਲੇ ਸਮੇਂ 'ਚ ਸਿੱਖ ਜੁਝਾਰੂ ਸੇਧ ਲੈ ਕੇ ਸਿੱਖ ਆਜ਼ਾਦੀ ਦਾ ਸੰਘਰਸ਼ ਜਾਰੀ ਰੱਖਣਗੇ। ਖ਼ਾਲਸਾ ਰਾਜ ਦੀ ਸਥਾਪਨਾ ਦੇ ਸਿੱਖ ਸੰਘਰਸ਼ ਦਾ ਜੁਝਾਰੂ ਜਰਨੈਲ ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲਾ ਪਿੰਡ ਚੀਮਾ ਖੁੱਡੀ ਦਾ ਭਾਈ ਜੁਗਰਾਜ ਸਿੰਘ ਤੂਫ਼ਾਨ ਉਰਫ਼ ਤੂਫ਼ਾਨ ਸਿੰਘ ਖ਼ਾਲਸਾ ਹੋਇਆ ਹੈ, ਜਿਸ ਦੀ ਨੇਕਦਿਲੀ, ਬਹਾਦਰੀ, ਸੂਝ-ਬੂਝ ਤੇ ਸ਼ਰਾਫ਼ਤ ਦੀਆਂ ਕਹਾਣੀਆਂ, ਦੰਦ-ਕਥਾਵਾਂ ਬਣ ਚੁੱਕੀਆਂ ਹਨ। ਭਾਈ ਜੁਗਰਾਜ ਸਿੰਘ ਤੂਫ਼ਾਨ ਤੇ 'ਤੂਫ਼ਾਨ' ਦੇ ਅਰਥ ਲੋਕਾਂ ਵਾਸਤੇ ਹੋਰ ਅਤੇ ਭਾਰਤ ਦੀ ਹਕੂਮਤ ਵਾਸਤੇ ਵੱਖ-ਵੱਖ ਹਨ। ਭਾਈ ਜੁਗਰਾਜ ਸਿੰਘ ਤੂਫ਼ਾਨ ਲੋਕਾਈ ਦਾ ਮਦਦਗਾਰ ਬਣਿਆ, ਨਿਹੱਥੇ ਮਜ਼ਲੂਮਾਂ ਲਈ ਸੁਰੱਖਿਆ ਦੀ ਢਾਲ ਬਣਿਆ। ਸਿੱਖੀ ਵਿਰੋਧੀ ਗ਼ੱਦਾਰਾਂ ਅਤੇ ਸਿੱਖੀ ਵਿਰੋਧੀ ਹਾਕਮਾਂ ਲਈ ਭੈਅ ਦਾ ਤੂਫ਼ਾਨ ਬਣ ਕੇ ਵਿਚਰਿਆ। ਭਾਈ ਜੁਗਰਾਜ ਸਿੰਘ ਤੂਫ਼ਾਨ 1987 ਵਿਚ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦਾ ਮੁੱਖ ਖਾੜਕੂ ਜਰਨੈਲ ਭਾਈ ਅਵਤਾਰ ਸਿੰਘ ਬ੍ਰਹਮਾ ਦੇ ਸੰਪਰਕ ਵਿਚ ਆਇਆ ਅਤੇ ਭਾਈ ਬ੍ਰਹਮਾ ਦੀ ਸਿੱਖ ਸੰਘਰਸ ਲਈ ਅਪਣਾਈ ਰਣਨੀਤੀ ਉੱਤੇ ਬੜੀ ਇਮਾਨਦਾਰੀ ਨਾਲ ਪਹਿਰਾ ਦਿੰਦਿਆਂ, ਸਿੱਖ ਸੰਘਰਸ਼ ਨੂੰ ਅੱਗੇ ਤੋਰਿਆ। ਸਿੱਖ ਪਰਿਵਾਰਾਂ ਤੋਂ ਜਬਰੀ ਫਿਰੌਤੀਆਂ ਲੈਣ ਵਾਲੇ ਅਤੇ ਸਿੱਖੀ ਭੇਸ ਵਿਚ ਵਿਚਰਦੇ ਸਰਕਾਰੀ ਅਤੇ ਗੈਰ-ਸਰਕਾਰੀ ਟੋਲਿਆਂ ਵਿਰੁੱਧ ਸਖ਼ਤ ਸਟੈਂਡ ਲਿਆ। ਪੇਂਡੂ ਗ਼ਰੀਬ ਹਿੰਦੂਆਂ ਦੇ ਕਤਲ ਅਤੇ ਪਿੰਡਾਂ ਵਿਚੋਂ ਹਿਜਰਤ ਨੂੰ ਰੋਕ ਕੇ, ਸਿੱਖ ਹਲੀਮੀ ਰਾਜ ਦਾ ਨਕਸ਼ਾ ਵਿਖਾਇਆ ਕਿ ਧਰਮ, ਦੀਨ, ਮਜ਼ਹਬ, ਫ਼ਿਰਕੂ ਭਾਵਨਾ ਸਹਿਤ ਕਿਸੇ ਨਾਲ ਧੱਕਾ ਨਹੀਂ ਹੋਵੇਗਾ। ਹਰ ਇਕ ਨੂੰ ਆਪਣੇ ਧਰਮ-ਅਕੀਦੇ ਅਨੁਸਾਰ ਜ਼ਿੰਦਗੀ ਜੀਊਣ ਦੀ ਖੁੱਲ੍ਹ ਹੋਵੇਗੀ। ਕਿਸੇ ਮੰਦਰ, ਮਸੀਤ ਉੱਤੇ ਫ਼ਿਰਕੂਆਂ ਵੱਲੋਂ ਮਾਰਿਆ

ਵੱਟਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅਜਿਹੀ ਰਣਨੀਤੀ ਤਹਿਤ ਭਾਈ ਜੁਗਰਾਜ ਸਿੰਘ ਤੂਫ਼ਾਨ ਲੋਕਾਂ ਦਾ ਨਾਇਕ ਬਣ ਗਿਆ। ਲੋਕ ਤੂਫ਼ਾਨ ਨੂੰ ਆਪਣੇ ਦਿਲਾਂ ਅੰਦਰ ਵਸਾ ਚੁੱਕੇ ਸਨ। ਹੁਣ ਭਾਈ ਜੁਗਰਾਜ ਸਿੰਘ ਚੀਮਾ ਖੁੱਡੀ ਦਾ ਨਹੀਂ, 'ਲੋਕਾਂ ਦੇ ਦਿਲਾਂ ਦੀ ਧੜਕਣ, ਲੋਕਾਂ ਦਾ ਤੂਫ਼ਾਨ' ਸੀ। ਜਿਹੜਾ ਜ਼ੁਲਮ ਦੇ ਪਹਾੜਾਂ ਨੂੰ ਰੋੜ੍ਹ ਕੇ ਲੈ ਜਾਂਦਾ ਅਤੇ ਮਜ਼ਲੂਮਾਂ ਦੀ ਹਥਿਆਰਬੰਦ ਗ਼ੈਰ-ਸਰਕਾਰੀ ਅਤੇ ਸਰਕਾਰੀ ਟੋਲਿਆਂ ਤੋਂ ਢਾਲ ਬਣ ਕੇ ਰੱਖਿਆ ਕਰ ਰਿਹਾ ਸੀ। ਲੋਕਾਂ ਨੇ ਭਾਈ ਜੁਗਰਾਜ ਸਿੰਘ ਦੀ ਹੋਣੀ ਨੂੰ ਆਪਣੀ ਹੋਣੀ ਨਾਲ ਜੋੜ ਲਿਆ ਸੀ, ਲੋਕ ਭਾਈ ਜੁਗਰਾਜ ਸਿੰਘ ਨੂੰ ਆਪਣੀ ਸੁਰੱਖਿਆ ਛਤਰੀ ਸਮਝਦੇ ਸਨ ਤੇ ਪੰਜਾਬ ਪੁਲਿਸ ਅਤੇ ਹਿੰਦੂ ਹਕੂਮਤ ਉਸ ਨੂੰ ਸਰਕਾਰ ਦਾ ਬਾਗ਼ੀ ਸਮਝਦੀ ਸੀ ਅਤੇ ਉਸ ਦੀਆਂ ਹਥਿਆਰਬੰਦ ਫ਼ੋਰਸਾਂ ਮਾਝੇ ਦੀ ਧਰਤੀ ਉੱਤੇ ਉਸ ਦੀ ਭਾਲ ਵਿਚ ਚੱਪਾ-ਚੱਪਾ ਛਾਣ ਰਹੀਆਂ ਸਨ। ਪਰ ਉਹਨਾਂ ਦੇ ਹੱਥ ਨਿਰਾਸ਼ਾ ਹੀ ਪੈ ਰਹੀ ਸੀ। ਭਾਈ ਜੁਗਰਾਜ ਸਿੰਘ ਦੀ ਅਗਵਾਈ ਹੇਠ ਪੂਰੇ ਪੰਜਾਬ ਅੰਦਰ ਉਸ ਦੇ ਖਾੜਕੂ ਸਾਥੀਆਂ ਨੇ ਸੁਰੱਖਿਆ ਫ਼ੋਰਸਾਂ ਦੇ ਨੱਕ ਵਿਚ ਦਮ ਕੀਤਾ ਹੋਇਆ ਸੀ। ਭਾਈ ਜੁਗਰਾਜ ਸਿੰਘ ਤੂਫ਼ਾਨ ਤੇ ਸਾਥੀ ਸਿੰਘਾਂ ਨੇ ਸੁਰੱਖਿਆ ਫ਼ੋਰਸਾਂ ਦੀਆਂ ਗੱਡੀਆਂ ਉੱਤੇ ਗੁਰੀਲਾ ਹਮਲੇ ਜਾਰੀ ਰੱਖੇ ਹੋਏ ਸਨ। ਜ਼ਿਲ੍ਹਾ ਪੁਲਿਸ ਬਟਾਲਾ ਦੇ ਪੁਲਿਸ ਮੁਖੀ ਗੋਬਿੰਦ ਰਾਮ (ਐੱਸ.ਐੱਸ.ਪੀ.) ਜ਼ਿਲ੍ਹਾ ਗੁਰਦਾਸਪੁਰ ਦੀਆਂ ਪੰਚਾਇਤਾਂ ਨੂੰ ਸੱਥਾਂ 'ਚ ਲੰਮਿਆਂ ਪਾ-ਪਾ ਕੇ ਪੁਲਿਸ ਤੋਂ ਪਟਿਆਂ ਨਾਲ ਕੁਟਵਾ ਰਿਹਾ ਸੀ ਕਿ ਤੁਸੀਂ ਜੁਗਰਾਜ ਸਿੰਘ ਨੂੰ ਫੜਾਉਂਦੇ ਨਹੀਂ। ਗੋਬਿੰਦ ਰਾਮ ਜਿਵੇਂ-ਜਿਵੇਂ ਲੋਕਾਂ ਉੱਤੇ ਜ਼ੁਲਮ ਦਾ ਕੁਹਾੜਾ ਚਲਾ ਰਿਹਾ ਸੀ, ਲੋਕ ਭਾਈ ਜੁਗਰਾਜ ਸਿੰਘ ਤੂਫ਼ਾਨ ਦੇ ਹਮਦਰਦ ਹੁੰਦੇ ਗਏ। ਗੋਬਿੰਦ ਰਾਮ ਹਕੂਮਤ ਦੇ ਨਸ਼ੇ ਵਿਚ ਪੰਚਾਇਤਾਂ ਨੂੰ ਕੁੱਟਦਾ ਹੋਇਆ ਆਮ ਕਹਿੰਦਾ ਸੀ, ''ਤੁਸੀਂ (ਗੁਰੂ) ਗੋਬਿੰਦ ਸਿੰਘ (ਜੀ) ਦਾ ਨਾਮ ਸੁਣਿਆ ਹੈ, ਉਸ ਨੂੰ ਭੁੱਲ ਜਾਵੋਗੇ। ਗੋਬਿੰਦ ਰਾਮ ਨੂੰ ਯਾਦ ਰੱਖੋਗੇ।'' ਗੋਬਿੰਦ ਰਾਮ ਦੇ ਜ਼ੁਲਮਾਂ ਤੋਂ ਤੰਗ ਆ ਕੇ ਕਈ ਪਿੰਡਾਂ ਦੀਆਂ ਪੰਚਾਇਤਾਂ ਨੇ ਪੰਜਾਬ ਦੇ ਗਵਰਨਰ ਨੂੰ ਅਸਤੀਫ਼ੇ ਦੇ ਦਿੱਤੇ। ਗੋਬਿੰਦ ਰਾਮ (ਐੱਸ.ਐੱਸ.ਪੀ. ਬਟਾਲਾ) ਨੇ ਪੰਥਕ ਕਮੇਟੀ ਮੈਂਬਰ ਭਾਈ ਮਹਿਲ ਸਿੰਘ ਦੀ ਸਿੰਘਣੀ ਗੁਰਮੀਤ ਕੌਰ ਅਤੇ ਭਾਈ ਕੁਲਵੰਤ ਸਿੰਘ ਦੀ ਸਿੰਘਣੀ ਬੀਬੀ ਗੁਰਦੇਵ ਕੌਰ ਨੂੰ ਚੁੱਕ ਕੇ ਅੰਨ੍ਹਾ ਤਸ਼ੱਦਦ ਕੀਤਾ ਕਿ ਆਪਣੇ ਪਤੀ ਮੇਰੇ ਹਵਾਲੇ ਕਰੋ। ਇਹਨਾਂ ਬੀਬੀਆਂ ਉੱਤੇ ਹੋਏ ਤਸ਼ੱਦਦ ਵਿਰੁੱਧ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋਫ਼ੈਸਰ ਦਰਸ਼ਨ ਸਿੰਘ ਨੂੰ ਵੀ ਆਵਾਜ਼ ਬੁਲੰਦ ਕਰਨੀ ਪਈ। ਇਹਨੀਂ ਦਿਨੀਂ ਖਾੜਕੂਆਂ ਨੇ ਗੋਬਿੰਦ ਰਾਜ ਦਾ ਮੁੰਡਾ ਗੋਲੀਆਂ ਮਾਰ ਕੇ ਮਾਰ ਦਿੱਤਾ। ਪੰਜਾਬ ਸਰਕਾਰ ਨੇ ਲੋਕਾਂ ਦੇ ਰੋਹ ਨੂੰ ਵੇਖਦਿਆਂ ਗੋਬਿੰਦ ਰਾਮ ਨੂੰ ਜਲੰਧਰ ਪੀ.ਏ.ਪੀ. ਹੈੱਡ ਕੁਆਰਟਰ ਤਬਦੀਲ ਕਰ ਦਿੱਤਾ। ਜਿਥੇ ਭਾਈ ਜੁਗਰਾਜ ਸਿੰਘ ਤੂਫ਼ਾਨ ਨੇ ਅਤਿ ਸੁਰੱਖਿਆ ਵਾਲੇ ਪੰਜਾਬ ਪੁਲਿਸ ਦੇ ਪੀ.ਏ.ਪੀ. ਹੈੱਡ ਕੁਆਰਟਰ ਅੰਦਰ ਉਸ ਦੇ ਦਫ਼ਤਰ ਵਿਚ ਹੀ ਬੰਬ ਧਮਾਕੇ ਨਾਲ ਉਡਾ ਦਿੱਤਾ, ਜਿਸ ਨਾਲ ਦਫ਼ਤਰ

ਤੇ ਨਾਲ ਦੇ ਕਮਰੇ ਵੀ ਉੱਠ ਗਏ ਤੇ 12-13 ਦੇ ਲਗਭਗ ਮੁਲਾਜ਼ਮ ਵੀ ਗੋਬਿੰਦ ਰਾਮ ਦੇ ਨਾਲ ਮਾਰੇ ਗਏ। ਇਸ ਖਾੜਕੂ ਕਾਰਨਾਮੇ ਦੀ ਜ਼ਿੰਮੇਵਾਰੀ ਭਾਈ ਜੁਗਰਾਜ ਸਿੰਘ ਤੂਫ਼ਾਨ ਨੇ ਲਈ। ਹੁਣ ਤਾਂ ਪੁਲਿਸ ਵਾਲੇ ਇਸ ਖਾੜਕੂ ਯੋਧੇ ਨੂੰ ਖ਼ਤਮ ਕਰਨ ਲਈ ਪੱਬਾਂ ਭਾਰ ਹੋ ਗਏ। ਆਪਣੇ ਪੁਲਸੀਏ ਹਥਿਆਰਾਂ ਸਮੇਤ ਭਗੌੜੇ ਕਰਾ ਕੇ ਤੂਫ਼ਾਨ ਦੀਆਂ ਖਾੜਕੂ ਸਫ਼ਾਂ ਵਿਚ ਰਲਾ ਦਿੱਤੇ ਕਿ ਮੌਕਾ ਮਿਲਣ 'ਤੇ ਭਾਈ ਜੁਗਰਾਜ ਸਿੰਘ ਨੂੰ ਖ਼ਤਮ ਕੀਤਾ ਜਾ ਸਕੇ। ਸਿੱਧੇ ਹੱਥੀਂ ਭਾਈ ਜੁਗਰਾਜ ਸਿੰਘ ਨੂੰ ਗ੍ਰਿਫ਼ਤਾਰ ਕਰਨਾ ਪੁਲਿਸ ਪ੍ਰਸ਼ਾਸਨ ਅਤੇ ਸੁਰੱਖਿਆ ਫ਼ੋਰਸਾਂ ਦੇ ਵੱਸ ਤੋਂ ਬਾਹਰ ਦੀ ਗੱਲ ਸੀ। ਭਾਈ ਜੁਗਰਾਜ ਸਿੰਘ ਤੂਫ਼ਾਨ ਅਖ਼ਬਾਰੀ ਬਿਆਨਾਂ ਤਕ ਸੀਮਿਤ ਰਹਿਣ ਨੂੰ ਸਿੱਖ ਸੰਘਰਸ਼ ਨਾਲ ਗ਼ੱਦਾਰੀ ਸਮਝਦਾ ਸੀ। ਭਾਈ ਜੁਗਰਾਜ ਸਿੰਘ ਨੇ ਸ਼ਹੀਦ ਖਾੜਕੂ ਜਰਨੈਲ ਭਾਈ ਲਾਭ ਸਿੰਘ ਦੀ ਸ਼ਹੀਦੀ ਵੇਲੇ ਦੇ ਦਿਨਾਂ ਦੇ ਅਨੁਭਵ ਅਤੇ ਅਮਲਾਂ ਨੂੰ ਹਕੀਕਤ ਤੌਰ 'ਤੇ ਲਾਗੂ ਕੀਤਾ। ਮਈ 1988 ਨੂੰ ਸ੍ਰੀ ਦਰਬਾਰ ਸਾਹਿਬ ਉੱਪਰ ਹੋਈ ਸਿੱਖ ਖਾੜਕੂਆਂ ਵਿਰੁੱਧ ਕਾਲੀ ਗਰਜ ਕਾਰਵਾਈ ਵੇਲੇ ਹੋਈ ਨਮੋਸ਼ੀ, ਜਿਸ ਦਾ ਜਰਨੈਲ ਲਾਭ ਸਿੰਘ ਨੇ ਸਿੱਟਾ ਕੱਢਿਆ ਸੀ ਕਿ ਖਾੜਕੂਆਂ ਦੀ ਆਪ-ਮੁਹਾਰੀ ਹਿੰਸਾ ਅਤੇ ਦਹਿਸ਼ਤ, ਕਤਲਾਂ, ਫਿਰੌਤੀਆਂ ਨੇ ਖਾੜਕੂਆਂ ਨੂੰ ਲੋਕਾਂ ਨਾਲੋਂ ਦੂਰ ਕਰ ਦਿੱਤਾ ਸੀ। ਜਰਨੈਲ ਲਾਭ ਸਿੰਘ ਦੀ ਸ਼ਹੀਦੀ ਵੇਲੇ ਜੇਬ ਵਿਚੋਂ ਮਿਲੇ ਦਸਤਾਵੇਜ਼ ਵਿਚ ਦਰਸਾਇਆ ਗਿਆ ਸੀ ਕਿ ਲੋਕ ਸ਼ਕਤੀ ਨੂੰ ਸਿੱਖ ਸੰਘਰਸ਼ ਨਾਲ ਜੋੜਿਆ ਜਾਵੇ, ਮੁਖ਼ਬਰੀ ਦੇ ਨਾਂ ਹੇਠ, ਸਿੱਖ ਪਰਿਵਾਰਾਂ ਦੇ ਕਤਲਾਂ ਨੂੰ ਸਖ਼ਤੀ ਨਾਲ ਰੋਕਿਆ ਜਾਵੇ। ਜਬਰੀ ਫਿਰੌਤੀਆਂ ਅਤੇ ਨਿੱਜੀ ਮਾਮਲਿਆਂ ਤੋਂ ਤੌਬਾ ਕੀਤੀ ਜਾਵੇ। ਜਰਨੈਲ ਲਾਭ ਸਿੰਘ ਦੇ ਇਸ ਸਿਧਾਂਤ ਨੂੰ ਅਮਲੀ ਤੌਰ 'ਤੇ ਆਪਣੇ ਇਲਾਕਿਆਂ ਵਿਚ ਸਖ਼ਤੀ ਨਾਲ ਲਾਗੂ ਕਰਨ ਵਾਲੇ ਪ੍ਰਮੁੱਖ ਜੁਝਾਰੂ ਸਿੰਘਾਂ ਭਾਈ ਭੁਪਿੰਦਰ ਸਿੰਘ ਭਿੰਦਾ ਕੰਮੋਕੇ, ਭਾਈ ਕਸ਼ਮੀਰ ਸਿੰਘ ਮੌਲਵੀ (ਲਿੱਧੜ), ਭਾਈ ਬਿਕਰਮਜੀਤ ਸਿੰਘ ਕੰਮੋਕੇ, ਭਾਈ ਕੰਵਰਜੀਤ ਸਿੰਘ ਸੁਲਤਾਨਵਿੰਡ, ਭਾਈ ਨਿਰਮਲ ਸਿੰਘ ਮੀਆਂ ਵਿੰਡ, ਭਾਈ ਜੁਗਰਾਜ ਸਿੰਘ ਤੂਫ਼ਾਨ, ਜਿਹਨਾਂ ਦੀ ਖਾੜਕੂ ਅਗਵਾਈ ਹੇਠ ਲੋਕਾਂ ਸੁਖ ਦਾ ਸਾਹ ਲਿਆ ਅਤੇ ਜੁਝਾਰੂ ਸਿੰਘਾਂ ਲਈ ਜੰਗਲ/ਛਿਪਣਗਾਹ ਦਾ ਰੂਪ ਧਾਰਨ ਕੀਤਾ ਤੇ ਸਿੰਘਾਂ ਨੂੰ ਆਪਣੇ ਦਿਲਾਂ ਅੰਦਰ ਪਨਾਹ ਦਿੱਤੀ ਹੈ। ਐੱਸ.ਐੱਸ.ਪੀ. ਗੋਬਿੰਦ ਰਾਮ ਨੇ ਐਲਾਨ ਕੀਤਾ ਹੋਇਆ ਸੀ ਕਿ ਮੈਂ ਜੁਗਰਾਜ ਨੂੰ ਛੱਡਣਾ ਨਹੀਂ, ਜੇ ਬਚ ਵੀ ਗਿਆ ਤਾਂ ਆਪਣੇ ਇਲਾਕੇ ਵਿਚ ਨਹੀਂ ਰਹਿਣ ਦੇਵਾਂਗਾ। ਪਿੰਡ ਵਾਲਿਓ! ਤੁਸੀਂ ਜੁਗਰਾਜ ਨੂੰ ਆਪਣੇ ਘਰਾਂ ਵਿਚ ਲੁਕਾਉਂਦੇ ਹੋ ਤੇ ਆਪਣੀਆਂ......ਹੋ। ਹਕੂਮਤ ਦੇ ਨਸ਼ੇ ਵਿਚ ਹਰਨਾਕਸ਼ ਬਣੇ ਗੋਬਿੰਦ ਰਾਮ ਨੂੰ ਮੌਤ ਤੇ ਰੱਬ ਦੋਵੇਂ ਭੁੱਲ ਗਏ ਸਨ। ਆਖ਼ਰ ਹਰਮਨ ਪਿਆਰੇ ਖਾੜਕੂ ਯੋਧੇ ਭਾਈ ਜੁਗਰਾਜ ਸਿੰਘ ਤੂਫ਼ਾਨ ਦੀ ਅਗਵਾਈ ਹੇਠ ਸਿੰਘਾਂ ਨੇ ਉਸ ਦੇ ਸੁਰੱਖਿਆ ਕਿਲ੍ਹੇ ਦੇ ਸਰਕਾਰੀ ਦਫ਼ਤਰ ਅੰਦਰ ਬੰਬ ਨਾਲ ਉਸ ਦੇ ਚੀਥੜੇ ਉਡਾ ਦਿੱਤੇ। ਅੰਤਮ ਰਸਮਾਂ ਲਈ ਮਿੱਟੀ ਵੀ ਨਾ ਰਹੀ, ਗੋਬਿੰਦ ਰਾਮ ਦੀ ਹੋਂਦ ਇਕ ਪਲ ਵਿਚ ਹੀ ਖ਼ਤਮ ਹੋ ਗਈ। ਪਿੱਛੇ ਰਹਿ

ਗਈ ਉਸ ਦੇ ਜ਼ੁਲਮਾਂ ਦੀ ਦਾਸਤਾਨ। ਸਿੱਖ ਕੌਮ ਵੱਲੋਂ ਭਾਈ ਜੁਗਰਾਜ ਸਿੰਘ ਨੂੰ ਬੜੀ ਸ਼ਰਧਾ ਸਤਿਕਾਰ ਨਾਲ ਯਾਦ ਕਰਦਾ ਹੈ।

ਖ਼ਾਲਸਾ ਪੰਥ ਦੀਆਂ ਰਵਾਇਤਾਂ ਅਤੇ ਖ਼ਾਲਸਾਈ ਸਾਨ ਨੂੰ ਕਾਇਮ ਰੱਖਣ ਵਾਲੇ ਸਿੱਖ ਸੰਘਰਸ਼ ਦੇ ਮਹਾਨ ਯੋਧੇ ਭਾਈ ਜੁਗਰਾਜ ਸਿੰਘ ਤੂਫ਼ਾਨ ਉਰਫ਼ ਬਾਬਾ ਤੂਫ਼ਾਨ ਸਿੰਘ ਖ਼ਾਲਸਾ ਦਾ ਜਨਮ ਸ੍ਰੀ ਹਰਿਗੋਬਿੰਦਪੁਰ ਤੋਂ ਪੰਜ ਕਿਲੋਮੀਟਰ ਦੂਰ ਪਿੰਡ ਚੀਮਾ ਖੁੱਡੀ ਵਿਖੇ ਸਾਧਾਰਨ ਜ਼ਿਮੀਂਦਾਰ ਪਿਤਾ ਸ. ਮਹਿੰਦਰ ਸਿੰਘ ਦੇ ਘਰ ਮਾਤਾ ਹਰਬੰਸ ਕੌਰ ਦੀ ਕੁੱਖੋਂ 1970 ਵਿਚ ਹੋਇਆ। ਭਾਈ ਸਾਹਿਬ ਪੰਜਾਂ ਭੈਣਾਂ ਦੇ ਇਕਲੌਤੇ ਭਰਾ ਸਨ। ਆਪ ਜੀ ਨੇ ਪ੍ਰਾਇਮਰੀ ਤਕ ਪਿੰਡ ਚੀਮਾ ਖੁੱਡੀ ਤੋਂ ਵਿਦਿਆ ਪ੍ਰਾਪਤ ਕੀਤੀ ਅਤੇ ਅਗਲੇਰੀ ਪੜ੍ਹਾਈ ਸਰਕਾਰੀ ਹਾਈ ਸਕੂਲ ਸ੍ਰੀ ਹਰਿਗੋਬਿੰਦਪੁਰ ਤੋਂ ਕੀਤੀ।

ਭਾਈ ਜੁਗਰਾਜ ਸਿੰਘ 1987 ਵਿਚ ਹੁਸ਼ਿਆਰਪੁਰ ਜੇਲ੍ਹ ਵਿਚੋਂ ਫ਼ਰਾਰ ਹੋਏ ਅਤੇ ਉਹਨੀਂ ਦਿਨੀਂ ਸਰਗਰਮ ਜਥੇਬੰਦੀ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਮੁਖੀ ਜਨਰਲ ਅਵਤਾਰ ਸਿੰਘ ਬ੍ਰਹਮਾ ਦੇ ਸਾਥੀ ਬਣ ਗਏ ਅਤੇ ਖਾੜਕੂ ਸੰਘਰਸ਼ ਵਿਚ ਅਜਿਹੇ ਬਹਾਦਰੀ ਭਰੇ ਦਲੇਰਾਨਾ ਕਾਰਨਾਮੇ ਕੀਤੇ, ਜਿਹਨਾਂ ਸਦਕਾ ਜਥੇਬੰਦੀ ਦੇ ਮੁਖੀ ਭਾਈ ਅਵਤਾਰ ਸਿੰਘ ਬ੍ਰਹਮਾ ਨੇ ਭਾਈ ਜੁਗਰਾਜ ਸਿੰਘ ਤੂਫ਼ਾਨ ਨੂੰ ਬਾਬਾ ਤੂਫ਼ਾਨ ਸਿੰਘ ਖ਼ਾਲਸਾ ਦੇ ਉਪਨਾਮ ਨਾਲ ਸਨਮਾਨ ਦਿੱਤਾ। ਜਨਰਲ ਬ੍ਰਹਮਾ ਦੀ ਸ਼ਹੀਦੀ ਤੋਂ ਬਾਅਦ ਵੀ ਆਪ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਮੁਖੀ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਨਾਲ ਡਿਪਟੀ ਚੀਫ਼ ਰਹੇ। ਕੇ.ਪੀ.ਐੱਸ. ਗਿੱਲ, ਪੁਲਿਸ ਮੁਖੀ ਪੰਜਾਬ ਅਨੁਸਾਰ ਭਾਈ ਜੁਗਰਾਜ ਸਿੰਘ ਤੂਫਾਨ ਉਰਫ਼ ਤੂਫ਼ਾਨ ਸਿੰਘ ਖ਼ਾਲਸਾ ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਤੋਂ ਖਾੜਕੂ ਸਫ਼ਾਂ ਵਿਚ ਦੂਜੇ ਨੰਬਰ 'ਤੇ ਸਨ। ਇਸ ਸਾਲ ਸੁਰੱਖਿਆ ਫ਼ੋਰਸਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਭਾਈ ਜੁਗਰਾਜ ਸਿੰਘ ਦਾ ਪੁਲਿਸ ਮੁਕਾਬਲੇ ਵਿਚ ਮਾਰੇ ਜਾਣਾ ਹੈ। ਉਸ ਕੋਲੋਂ ਬਹੁਤ ਹੀ ਖ਼ਤਰਨਾਕ ਹਥਿਆਰ ਮਿਲੇ ਹਨ, ਜਿਹਨਾਂ ਵਿਚ ਏ.ਕੇ. 94 ਅਸਾਲਟ ਰਾਈਫ਼ਲ ਮਿਲੀ ਸੀ, ਜਿਸ ਉਪਰ ਡਰੰਮ ਮੈਗਜ਼ੀਨ ਫਿੱਟ ਸੀ ਅਤੇ ਉਸ ਵਿਚ 100 ਗੋਲੀਆਂ ਭਰੀਆਂ ਜਾਦੀਆਂ ਸਨ, ਇਸ ਤੋਂ ਇਲਾਵਾ ਏ.ਕੇ. 47 ਰਾਈਫ਼ਲਾਂ, 2 ਮਾਊਜ਼ਰ, 1 ਦਰਜਨ ਹੱਥ ਗੋਲੇ ਅਤੇ ਵੱਡੀ ਮਾਤਰਾ ਵਿਚ ਗੋਲੀ ਸਿੱਕਾ ਮਿਲਿਆ ਹੈ। ਇਕ ਏ.ਕੇ. 47 ਅਸਾਲਟ ਰਾਈਫ਼ਲ ਵਿਚ 1 ਮਿੰਨੀ ਰਾਕਟ ਲਾਂਚਰ ਅਤੇ ਇਕ ਟੈਲੀਸਕੋਪਿਕ ਯੰਤਰ ਫਿੱਟ ਸੀ। ਪੁਲਿਸ ਮੁਖੀ ਕੇ.ਪੀ.ਐੱਸ. ਗਿੱਲ ਅਤੇ ਪੁਲਿਸ ਜ਼ਿਲ੍ਹਾ ਬਟਾਲਾ ਦੇ ਐੱਸ.ਐੱਸ.ਪੀ. ਗੋਇਲ ਅਨੁਸਾਰ ਜੁਗਰਾਜ ਸਿੰਘ ਤੂਫ਼ਾਨ 30 ਬੀ.ਐੱਸ.ਐੱਫ., ਪੰਜਾਬ ਪੁਲਿਸ, ਹੋਮਗਾਰਡ ਦੇ ਜਵਾਨਾਂ ਸਣੇ 150 ਤੋਂ ਵੱਧ ਕਤਲ ਕੇਸਾਂ ਵਿਚ ਪੁਲਿਸ ਨੂੰ ਲੋੜੀਂਦਾ ਸੀ। ਜੁਗਰਾਜ ਸਿੰਘ ਨੇ ਬੀ.ਐੱਸ.ਐੱਫ਼. ਕਮਾਂਡੈਂਟ ਦਵਿੰਦਰ ਸਿੰਘ, ਅਸਿਸਟੈਂਟ ਕਮਾਂਡੈਂਟ ਲਛਮਣ ਸਿੰਘ ਤੇ ਇਕ ਏ.ਐੱਸ.ਆਈ. ਨੂੰ ਵੀ ਕਤਲ ਕੀਤਾ ਸੀ। ਉਹਨਾਂ ਦੱਸਿਆ ਕਿ ਸਵੇਰੇ 8-30 ਵਜੇ ਜਦੋਂ ਸੁਰੱਖਿਆ ਫ਼ੋਰਸਾਂ

ਨੇ ਇਕ ਟਰੈਕਟਰ ਰੋਕਿਆ ਤਾਂ ਉਸ 'ਤੇ ਸਵਾਰ ਦੋ ਦਹਿਸ਼ਤਪਸੰਦਾਂ ਨੇ ਰੁਕਣ ਦੀ ਬਜਾਏ ਸੁਰੱਖਿਆ ਫ਼ੋਰਸਾਂ ਦੇ ਜਵਾਨਾਂ 'ਤੇ ਫ਼ਾਇਰਿੰਗ ਸ਼ੁਰੂ ਕਰ ਦਿੱਤੀ। ਇਸ 'ਤੇ ਸੁਰੱਖਿਆ ਬਲਾਂ ਨੇ ਵੀ ਜਵਾਬੀ ਫ਼ਾਇਰਿੰਗ ਕੀਤੀ ਤੇ ਦੋਹਾਂ ਪਾਸਿਆਂ ਤੋਂ ਇਕ ਘੰਟੇ ਤਕ ਗੋਲੀਆਂ ਚੱਲਦੀਆਂ ਰਹੀਆਂ, ਜਿਸ ਦੌਰਾਨ ਜੁਗਰਾਜ ਸਿੰਘ ਤੇ ਉਸ ਦਾ ਸਾਥੀ ਬਖ਼ਸ਼ੀਸ਼ ਸਿੰਘ ਦੋਵੇਂ ਮਾਰੇ ਗਏ।

## 9 ਅਪਰੈਲ 1990 ਪੰਜਾਬੀ ਅਜੀਤ ਜਲੰਧਰ ਦੇ ਪਹਿਲੇ ਸਫ਼ੇ ਦੀ ਮੁੱਖ ਖ਼ਬਰ

ਅੰਮ੍ਰਿਤਸਰ 9 ਅਪਰੈਲ 1990, ਸ੍ਰੀ ਹਰਿਗੋਬਿੰਦਪੁਰ ਵਿਚ ਕਰਫ਼ਿਊ ਲਾਗੂ—ਪੀ.ਟੀ.ਆਈ

ਅੱਜ ਜ਼ਿਲ੍ਹਾ ਗੁਰਦਾਸਪੁਰ ਦੇ ਇਤਿਹਾਸ ਕਸਬਾ ਸ੍ਰੀ ਹਰਿਗੋਬਿੰਦਪੁਰ ਵਿਚ ਹਿੰਸਾ ਅਤੇ ਲੋਕਾਂ ਦੀ ਵੱਡੀ ਭੀੜ ਵੱਲੋਂ ਥਾਣੇ ਦੇ ਘਿਰਾਉ ਪਿੱਛੋਂ ਅਨਿਸਚਿਤ ਸਮੇਂ ਦਾ ਕਰਫ਼ਿਊ ਲਾਗੂ ਕਰ ਦਿੱਤਾ ਗਿਆ। ਦੱਸਿਆ ਗਿਆ ਹੈ ਕਿ ਕਰੀਬ 5000 ਔਰਤਾਂ ਦੀ ਭੀੜ ਇਕ ਉੱਘੇ ਖਾੜਕੂ/ਦਹਿਸ਼ਤਪਸੰਦ ਭਾਈ ਜੁਗਰਾਜ ਸਿੰਘ ਤੂਫ਼ਾਨ ਉਰਫ਼ ਤੂਫ਼ਾਨ ਸਿੰਘ੍ ਖ਼ਾਲਸਾ ਅਤੇ ਉਸ ਦੇ ਸਾਥੀ ਭਾਈ ਬਖ਼ਸ਼ੀਸ਼ ਸਿੰਘ ਜਿਹੜੇ ਅੱਜ ਸਵੇਰੇ ਪਿੰਡ ਮਾੜੀ ਬੁਚੀਆਂ ਵਿਚ ਪੁਲਿਸ ਨਾਲ ਇਕ ਮੁਕਾਬਲੇ ਵਿਚ ਮਾਰੇ ਗਏ ਸਨ, ਦੀਆਂ ਲਾਸ਼ਾਂ ਦੀ ਮੰਗ ਕਰ ਰਹੀ ਸੀ। ਭੀੜ ਵੱਲੋਂ ਪੰਜਾਬ ਰੋਡਵੇਜ਼ ਦੀ ਇਕ ਬੱਸ ਨੂੰ ਵੀ ਅੱਗ ਲਗਾਈ ਗਈ।

ਸ਼ਹੀਦ ਭਾਈ ਜੁਗਰਾਜ ਸਿੰਘ ਤੂਫ਼ਾਨ ਤੇ ਉਸ ਦਾ ਸਾਥੀ ਭਾਈ ਬਖ਼ਸ਼ੀਸ਼ ਸਿੰਘ ਦੇ ਪੁਲਿਸ ਮੁਕਾਬਲੇ ਵਿਚ ਸ਼ਹੀਦ ਹੋਣ ਦੀ ਕਹਾਣੀ, ਅੱਖੀਂ ਵੇਖਣ ਵਾਲਿਆਂ ਦੀ ਜ਼ੁਬਾਨੀ।

ਭਾਈ ਜੁਗਰਾਜ ਸਿੰਘ ਤੂਫ਼ਾਨ ਦੀਆਂ ਠਾਹਰਾਂ 'ਤੇ ਕੁਝ ਦਿਨਾਂ ਤੋਂ ਵੱਡੇ ਛਾਪੇ ਮਾਰੇ ਜਾ ਰਹੇ ਸਨ। ਸਾਥੀ ਸਿੰਘ ਤੇ ਲੋਕਾਂ ਨੇ ਭਾਈ ਜੁਗਰਾਜ ਸਿੰਘ ਤੂਫ਼ਾਨ ਨੂੰ ਕਿਹਾ ਕਿ ਬਾਬਾ ਜੀ, ਤੁਸੀਂ ਕੁਝ ਚਿਰ ਇਸ ਇਲਾਕੇ ਤੋਂ ਪਾਸੇ ਹੋ ਜਾਵੋ, ਇਹ ਵੇਲਾ ਲੰਘ ਜਾਵੇ। ਤਾਂ ਬਾਬਾ ਜੁਗਰਾਜ ਸਿੰਘ ਦਾ ਕਹਿਣਾ ਸੀ ਕਿ ਮਨੁੱਖ ਤੋਂ ਮਨੁੱਖ ਤਾਂ ਡਰ ਕੇ ਪਾਸੇ ਹੋ ਕੇ ਵੇਲਾ ਲੰਘਾ ਸਕਦਾ ਹੈ, ਪਰ ਮੌਤ ਤੋਂ ਬੰਦਾ ਭੱਜ ਕੇ ਨਹੀਂ ਬਚ ਸਕਦਾ। ਭਾਵੇਂ ਜਿਥੇ ਮਰਜੀ ਚਲੇ ਜਾਈਏ, ਮੌਤ ਅਟੱਲ ਹੈ। ਇਸ ਨੂੰ ਪਰਮਾਤਮਾ ਨੇ ਨਿਸ਼ਚਿਤ ਕੀਤਾ ਹੈ। ਸਵਾਸਾਂ ਦੀ ਪੂੰਜੀ ਖ਼ਤਮ ਹੋਣ 'ਤੇ ਇਹ ਆ ਕੇ ਹੀ ਰਹਿਣੀ ਹੈ। ਇਸ ਲਈ ਮੈਂ ਜੇ ਜਿਉਂਦਾ ਹਾਂ ਤਾਂ ਆਪਣੇ ਲੋਕਾਂ ਵਿਚ, ਜੇ ਜੀਵਾਂਗਾ ਤਾਂ ਆਪਣੇ ਲੋਕਾਂ ਵਿਚ ਰਹਿ ਕੇ ਹੀ ਜੀਵਾਂਗਾ। ਮੈਂ ਮਰਨਾ ਵੀ ਆਪਣੇ ਲੋਕਾਂ ਵਿਚ ਰਹਿ ਕੇ ਹੀ ਹੈ। ਸ਼ਹੀਦੀ ਭਾਵੇਂ ਅੱਜ ਪ੍ਰਾਪਤ ਹੋ ਜਾਵੇ ਜਾਂ ਕੱਲ, ਇਸ ਗੱਲ ਦੀ ਚਿੰਤਾ ਕੋਈ ਨਹੀਂ। ਫ਼ਤਹਿ ਜਾਂ ਸ਼ਹਾਦਤ ਮੇਰਾ ਨਿਸ਼ਾਨਾ ਹੈ।

7 ਅਪਰੈਲ 1990 ਨੂੰ ਭਾਈ ਜੁਗਰਾਜ ਸਿੰਘ ਤੂਫ਼ਾਨ ਤੇ ਸਾਥੀ ਸਿੰਘਾਂ ਦਾ ਸਮਸਾ ਪਿੰਡ ਦੇ ਬਾਹਰ ਸੁਰੱਖਿਆ ਬਲਾਂ, ਬੀ.ਐੱਸ.ਐੱਫ਼. ਤੇ ਪੰਜਾਬ ਪੁਲਿਸ ਨਾਲ ਮੁਕਾਬਲਾ ਹੋ ਗਿਆ ਜਿਸ ਵਿਚੋਂ ਸਾਰੇ ਸਿੰਘ ਘੇਰਾ ਤੋੜ ਕੇ ਨਿਕਲਣ ਵਿਚ ਕਾਮਯਾਬ ਹੋ ਗਏ। ਤੜਕੇ 3-30 ਵਜੇ ਭਾਈ ਜੁਗਰਾਜ ਸਿੰਘ ਤੂਫ਼ਾਨ ਆਪਣੇ ਹੋਰ ਚਾਰ ਸਾਥੀਆਂ ਸਮੇਤ ਪਿੰਡ ਮਾੜੀ ਬੁਚੀਆਂ ਦੀ ਬਹਿਕ 'ਤੇ ਪਹੁੰਚੇ। ਭਾਈ ਜੁਗਰਾਜ ਸਿੰਘ ਤੂਫ਼ਾਨ ਨੇ ਘਰ ਵਾਲੇ ਪਰਿਵਾਰ ਨੂੰ ਕਿਹਾ ਕਿ ਭਾਊ ਲੂਣ, ਚੌਲ ਤੇ ਦਹੀਂ ਚਾਹੀਦਾ ਹੈ ਕਿਉਂਕਿ ਉਹ ਬੀਮਾਰ ਹੈ ਤੇ ਇਸ ਕਰਕੇ ਪਰਸ਼ਾਦਾ ਨਹੀਂ ਛਕਦੇ। ਘਰ ਵਾਲਿਆਂ ਨੇ ਦੂਜੇ ਸਿੰਘਾਂ ਨੂੰ ਚਾਹ ਪਿਆ ਦਿੱਤੀ ਅਤੇ ਭਾਈ ਜੁਗਰਾਜ ਸਿੰਘ ਨੂੰ ਲੂਣ ਵਾਲੇ ਚੌਲ ਤਿਆਰ ਕਰ ਕੇ ਦਹੀਂ ਨਾਲ ਛਕਾ ਦਿੱਤੇ। ਸਾਰੇ ਪਰਸ਼ਾਦਾ ਪਾਣੀ ਛਕ ਕੇ ਸੌਂ ਗਏ। ਸਿੰਘਾਂ ਦਾ ਦੂਰ-ਦੁਰੇਡੇ ਤੋਂ ਤੁਰ ਕੇ ਆਉਣਾ ਤੇ ਉਸੇ ਰਾਤ ਮੁਕਾਬਲੇ ਕਰਕੇ ਘੇਰੇ ਸਮਾਸ ਪਿੰਡ 'ਚੋਂ ਨਿਕਲ ਕੇ ਆਉਣਾ, ਸਰੀਰ ਥੱਕੇ ਸਨ, ਗੂੜ੍ਹੀ ਨੀਂਦ ਸੌਂ ਗਏ। ਚਿੱਟਾ ਦਿਨ ਚੜ੍ਹ ਗਿਆ, ਸਾਰੇ ਸਿੰਘ ਅਜੇ ਸੁੱਤੇ ਸਨ। ਬਾਹਰ ਖੇਤਾਂ ਵਿਚ ਬਹਿਕ ਸੀ। ਉਸ ਘਰ ਵਾਲਿਆਂ ਦਾ ਜਵਾਈ ਆਇਆ ਹੋਇਆ ਸੀ। ਉਹ ਆਪਣਾ ਮੋਟਰ-ਸਾਈਕਲ ਸਟਾਰਟ ਕਰ ਕੇ ਘਰੋਂ ਬਾਹਰ ਨਿਕਲਿਆ ਤਾਂ ਪੰਜਾਬ ਪੁਲਿਸ ਤੇ ਬੀ.ਐੱਸ.ਐੱਫ਼. ਦਾ ਬਹਿਕ ਨੂੰ ਘੇਰਾ ਪਿਆ ਹੋਇਆ ਸੀ। ਪ੍ਰਾਹੁਣਾ ਪੁਲਿਸ ਵੇਖ ਕੇ ਵਾਪਸ ਘਰ ਪਰਤ ਆਇਆ ਤੇ ਸਿੰਘਾਂ ਨੂੰ ਜਗਾ ਕੇ ਦੱਸਿਆ ਕਿ ਬਾਬਾ ਜੀ, ਬਹਿਕ ਨੂੰ ਪੁਲਿਸ ਨੇ ਘੇਰ ਲਿਆ ਹੈ। ਉੱਠੋ ਤੇ ਆਪਣਾ ਬਚਾਅ ਕਰ ਲਵੋ। ਭਾਈ ਜੁਗਰਾਜ ਸਿੰਘ ਨੇ ਕਿਹਾ, ਸਾਥੀ ਸਿੰਘੋ, ਘੇਰਾ ਵਾਕਿਆ ਸਖ਼ਤ ਹੈ। ਪਰ ਆਪਾਂ ਬਹਿਕ ਵਿਚੋਂ ਗੋਲੀ ਨਹੀਂ ਚਲਾਉਣੀ, ਇਹ ਪਰਿਵਾਰ ਬੇਦੋਸ਼ਾ ਮਾਰਿਆ ਜਾਵੇਗਾ। ਹਥਿਆਰ ਸੰਭਾਲੋ ਤੇ ਬਹਿਕ ਤੋਂ ਬਾਹਰ ਮੁਕਾਬਲਾ ਕਰਨ ਦੀ ਤਿਆਰੀ ਕਰੋ। ਭਾਈ ਜੁਗਰਾਜ ਸਿੰਘ ਤੇ ਸਾਥੀ ਸਿੰਘਾਂ ਨੇ ਗੁਰੂ ਚਰਨਾਂ ਵਿਚ ਅਰਦਾਸ ਕੀਤੀ ਕਿ "ਸੱਚੇ ਪਾਤਸ਼ਾਹ, ਇਹ ਦੇਹ ਤੇਰੀ ਅਮਾਨਤ ਹੈ, ਜਦੋਂ ਚਾਹੋ ਕੌਮ ਦੇ ਲੇਖੇ ਲਾ ਲਵੋ। ਮੈਦਾਨ-ਏ-ਜੰਗ ਵਿਚ ਸ਼ਹੀਦੀ ਕਰਵਾਇਓ। ਜਿਉਂਦੇ ਦੁਸ਼ਮਣ ਦੇ ਹੱਥ ਨਾ ਆਉਣ ਦੇਣਾ।" ਅਰਦਾਸ ਕਰ ਕੇ ਸਿੰਘਾਂ ਨੇ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾ ਦਿੱਤਾ।

ਭਾਈ ਜੁਗਰਾਜ ਸਿੰਘ, ਭਾਈ ਬਖ਼ਸੀਸ਼ ਸਿੰਘ ਤੇ ਤਿੰਨ ਹੋਰ ਸਾਥੀ ਸਿੰਘਾਂ ਨੇ ਆਪਣੇ ਹਥਿਆਰ ਹਵਾ ਵਿਚ ਉੱਚੇ ਉਤਾਂਹ ਸੁੱਟ ਕੇ ਤਿੰਨ ਵਾਰ ਬੋਚੇ। ਅੱਗੇ ਭਾਈ ਜੁਗਰਾਜ ਸਿੰਘ ਤੂਫ਼ਾਨ ਅਤੇ ਪਿੱਛੇ ਸਾਥੀ ਸਿੰਘ ਬਹਿਕ ਤੋਂ ਬਾਹਰ ਨਿਕਲੇ। ਭਾਈ ਜੁਗਰਾਜ ਸਿੰਘ ਨੇ ਕਿਹਾ, ਪੁਲਿਸ ਵਾਲਿਓ, ਜੇ ਮੁਕਾਬਲਾ ਕਰਨਾ ਹੈ ਤਾਂ ਫ਼ੋਕਲ ਪੁਆਇੰਟ ਵੱਲ ਆ ਜਾਉ, ਇਥੇ ਕਈ ਬੇਦੋਸ਼ੀਆਂ ਜਾਨਾਂ ਜਾਂਦੀਆਂ ਰਹਿਣਗੀਆਂ। ਭਾਈ ਜੁਗਰਾਜ ਸਿੰਘ ਨੂੰ ਆਪਣੇ ਹਥਿਆਰ ਏ.ਕੇ. 94 ਰਾਈਫ਼ਲ ਉੱਤੇ ਬੜਾ ਭਰੋਸਾ ਸੀ, ਉਸ ਦੇ ਫ਼ਾਇਰ ਅੱਗੇ ਸੁਰੱਖਿਆ ਫ਼ੋਰਸ ਦੇ ਜਵਾਨ ਪਾਸਾ ਵੱਟਣ ਵਿਚ ਹੀ ਭਲਾ ਸਮਝਦੇ ਸਨ। ਜਦੋਂ ਸੁਰੱਖਿਆ ਫ਼ੋਰਸਾਂ, ਜੋ ਘੇਰਾ ਪਾਈ

ਬੈਠੀਆਂ ਸਨ, ਉਪਰ ਏ.ਕੇ. 94 ਰਾਈਫਲ ਦਾ ਫ਼ਾਇਰ ਕੀਤਾ ਤਾਂ ਉਸ ਵਿਚੋਂ ਗੋਲੀ ਨਾ ਚੱਲੀ। ਭਾਈ ਜੁਗਰਾਜ ਸਿੰਘ ਨੇ ਜਦੋਂ ਹਥਿਆਰ ਨੂੰ ਚੰਗੀ ਤਰ੍ਹਾਂ ਵੇਖਿਆ ਤਾਂ ਉਸ ਵਿਚੋਂ ਪਿੰਨ ਗ਼ਾਇਬ ਸੀ। ਦੁਸ਼ਮਣ ਚਾਲ ਚੱਲਣ ਵਿਚ ਸਫਲ ਹੋ ਗਿਆ ਸੀ। ਭਾਈ ਜੁਗਰਾਜ ਸਿੰਘ ਨੇ ਕਿਹਾ ਕਿ ਸਿੰਘੋ, ਨਿੱਖੜ ਕੇ ਮੋਰਚੇ ਮੱਲ ਲਵੋ ਅਤੇ ਜਿਸ ਸਿੰਘ ਤੋਂ ਘੇਰਾ ਤੋੜ ਕੇ ਨਿਕਲਿਆ ਜਾਂਦਾ ਹੈ, ਨਿਕਲ ਜਾਉ।

ਹੋਮਗਾਰਡ ਵਾਲਾ ਗ਼ੱਦਾਰ ਨਿਕਲਿਆ ਜੋ, ਜਿਹੜਾ ਮੇਰੀ ਦਵਾਈ ਲੈਣ ਗਿਆ ਤੇ ਕਹਿੰਦਾ ਸੀ ਮੈਂ ਸਹਿਰੋਂ ਫਲ ਲਈ ਆਵਾਂਗਾ। ਉਹ ਮੁੜਿਆ ਨਹੀਂ, ਰਾਈਫ਼ਲ ਦੀ ਪਿੰਨ ਕੱਢਣ ਦੀ ਕਰਤੂਤ ਵੀ ਉਸ ਦੀ ਹੈ। ਸਿੰਘੋ, ਘਬਰਾਉਣਾ ਨਹੀਂ, ਜਿਉਂਦੇ ਦੁਸ਼ਮਣ ਦੇ ਹੱਥ ਨਹੀਂ ਆਉਣਾ। ਦੁਸ਼ਮਣ ਨੂੰ ਲੋਹੇ ਦੇ ਚਣੇ ਚਬਾਉ ਤੇ ਜੂਝ ਕੇ ਸ਼ਹੀਦੀਆਂ ਪਾਉ। ਜਿਸ ਤੋਂ ਬਚ ਕੇ ਨਿਕਲਿਆ ਜਾਵੇ, ਉਹ ਸਿੰਘ ਨਿਕਲ ਜਾਵੇ। ਘਰੋਂ ਨਿਕਲ ਕੇ ਬਾਬਾ ਜੁਗਰਾਜ ਸਿੰਘ ਤੇ ਸਾਥੀ ਕਮਾਦ ਦੇ ਖੇਤ ਵਿਚ ਦੀ ਹੋ ਤੁਰੇ। ਰਣਨੀਤੀ ਅਨੁਸਾਰ ਤਿੰਨ ਸਿੰਘ ਇਕ ਪਾਸੇ ਨੂੰ ਤੇ ਭਾਈ ਜੁਗਰਾਜ ਸਿੰਘ ਤੇ ਭਾਈ ਬਖ਼ਸ਼ੀਸ਼ ਸਿੰਘ ਇਕ ਪਾਸੇ ਵੱਲ ਨੂੰ ਹੋ ਤੁਰੇ। ਸਾਰੇ ਸਿੰਘਾਂ ਕੋਲ ਏ.ਕੇ. 47 ਰਾਈਫ਼ਲਾਂ ਸਨ। ਕਮਾਦ ਦੇ ਖੇਤ ਵਿਚ ਜਦੋਂ ਅੱਗੇ ਵਧੇ ਤਾਂ ਵੱਢੀ ਕਣਕ ਦੀਆਂ ਬੰਨ੍ਹੀਆਂ ਭਰੀਆਂ ਦੀਆਂ ਪੰਡਾਂ ਦੇ ਉਹਲੇ ਲੁਕੇ ਪੁਲਿਸ ਵਾਲਿਆਂ ਨੇ ਗੋਲੀਆਂ ਚਲਾਈਆਂ। ਗੋਲੀ ਭਾਈ ਜੁਗਰਾਜ ਸਿੰਘ ਦੀ ਲੱਤ ਵਿਚ ਵੱਜੀ, ਜਿਸ ਕਰਕੇ ਲੱਤ ਨਕਾਰਾ ਹੋ ਗਈ। ਪੁਲਿਸ ਵਾਲੇ ਘੇਰਾ ਤੰਗ ਕਰੀ ਆਉਂਦੇ ਸਨ। ਪੁਲਿਸ ਨੂੰ ਪਿੱਛੇ ਧੱਕਣ ਲਈ ਭਾਈ ਬਖ਼ਸ਼ੀਸ਼ ਸਿੰਘ ਨੇ ਪੁਲਿਸ ਵਾਲਿਆਂ ਵੱਲ ਹੱਥ-ਗੋਲੇ ਸੁੱਟੇ, ਜਿਹਨਾਂ ਦੇ ਫਟਣ 'ਤੇ ਪੁਲਿਸ ਵਾਲੇ ਅੱਗੇ ਵਧਣੋਂ ਰੁਕ ਗਏ। ਭਾਈ ਜੁਗਰਾਜ ਸਿੰਘ ਨੇ ਭਾਈ ਬਖ਼ਸ਼ੀਸ਼ ਸਿੰਘ ਨੂੰ ਕਿਹਾ, "ਹੁਣ ਮੈਂ ਸ਼ਹੀਦ ਹੋਵਾਂਗਾ ਤੇ ਤੂੰ ਆਪਣਾ ਬਚਾਅ ਕਰ ਕੇ ਨਿਕਲ ਜਾਹ।" ਭਾਈ ਬਖ਼ਸ਼ੀਸ਼ ਸਿੰਘ ਨੇ ਕਿਹਾ, "ਬਾਬਾ ਜੀ, 'ਕੱਠੇ ਰਹੇ ਹਾਂ, ਹੁਣ ਵੀ 'ਕੱਠੇ ਹੀ ਰਹਾਂਗੇ, ਜੇ ਨਿਕਲੇ ਤਾਂ ਦੋਵੇਂ ਨਿਕਲਾਂਗੇ, ਨਹੀਂ ਤਾਂ 'ਕੱਠੇ ਹੀ ਸ਼ਹੀਦ ਹੋਵਾਂਗੇ। ਮੈਂ ਇਸ ਹਾਲਤ ਵਿਚ ਛੱਡ ਕੇ ਨਹੀਂ ਜਾ ਸਕਦਾ।"

ਭਾਈ ਬਖ਼ਸ਼ੀਸ਼ ਸਿੰਘ ਨੇ ਭਾਈ ਜੁਗਰਾਜ ਸਿੰਘ ਨੂੰ ਮੋਢਿਆਂ ਉੱਤੇ ਚੁੱਕ ਲਿਆ ਤੇ ਸੜਕ 'ਤੇ ਪਹੁੰਚ ਗਿਆ। ਅੱਗੇ ਟਰੈਕਟਰ ਆ ਗਿਆ। ਭਾਈ ਬਖ਼ਸ਼ੀਸ਼ ਸਿੰਘ ਨੇ ਟਰੈਕਟਰ ਸਵਾਰ ਨੂੰ ਉਤਾਰ ਕੇ ਭਾਈ ਜੁਗਰਾਜ ਸਿੰਘ ਨੂੰ ਸੀਟ 'ਤੇ ਬਿਠਾ ਲਿਆ ਤੇ ਟਰੈਕਟਰ ਭਜਾ ਲਿਆ। ਅੱਗੇ ਵੀ ਪੁਲਿਸ ਵੱਡੀ ਗਿਣਤੀ ਵਿਚ ਮੌਜੂਦ ਸੀ। ਤੇਜ਼ ਰਫਤਾਰ ਟਰੈਕਟਰ ਮੋੜ 'ਤੇ ਜਾ ਕੇ ਰੂੜੀ ਵਿਚ ਫਸ ਗਿਆ। ਸੁਰੱਖਿਆ ਫ਼ੋਰਸਾਂ ਨੇ ਘੇਰਾ ਤੰਗ ਕਰ ਦਿੱਤਾ ਸੀ ਤੇ ਫ਼ਾਇਰਿੰਗ ਕੀਤੀ ਤੇ ਟਰੈਕਟਰ 'ਤੇ ਬਰਸਟ ਮਾਰਿਆ ਜੋ ਭਾਈ ਜੁਗਰਾਜ ਸਿੰਘ ਦੇ ਲੱਗਾ ਤੇ ਉਹ ਟਰੈਕਟਰ ਦੇ ਸਟੇਅਰਿੰਗ 'ਤੇ ਹੀ ਸ਼ਹੀਦ ਹੋ ਗਿਆ। ਇਸ ਵੇਲੇ ਭਾਈ ਬਖ਼ਸ਼ੀਸ਼ ਸਿੰਘ ਵੀ ਗੋਲੀਆਂ ਲੱਗਣ ਨਾਲ ਫੱਟੜ ਹੋ ਗਿਆ ਸੀ, ਉਸ ਦੀ ਇਕ ਬਾਂਹ ਨਕਾਰਾ ਹੋ

ਗਈ ਸੀ, ਪਰ ਸੂਰਮੇ ਦਾ ਦਿਲ ਤੇ ਦ੍ਰਿੜ੍ਹ ਇਰਾਦਾ ਸੀ। ਮੁਕਾਬਲਾ ਕਰਨ ਲਈ ਉਹ ਟਰੈਕਟਰ ਤੋਂ ਉਤਰ ਕੇ ਦੌੜ ਕੇ ਸਾਹਮਣੇ ਮਕਾਨਾਂ ਦੇ ਪਿੱਛੇ ਖੇਤਾਂ ਵੱਲ ਚਲਿਆ ਗਿਆ ਤੇ ਸੁਰੱਖਿਆ ਬਲਾਂ ਦੇ ਜਵਾਨਾਂ 'ਤੇ ਇਕ ਹੱਥ ਨਾਲ ਏ.ਕੇ. 47 ਨਾਲ ਗੋਲੀਆਂ ਚਲਾਉਂਦਾ ਰਿਹਾ। ਸੁਰੱਖਿਆ ਫ਼ੋਰਸ ਦੀਆਂ ਹਜ਼ਾਰਾਂ ਗੋਲੀਆਂ ਭਾਈ ਬਖ਼ਸ਼ੀਸ਼ ਸਿੰਘ ਦੀ ਸੇਧ ਨੂੰ ਆ ਰਹੀਆਂ ਸਨ, ਜਿਸ ਨਾਲ ਬਹਾਦਰ ਯੋਧੇ ਦਾ ਸਰੀਰ ਛਲਣੀ ਹੋ ਗਿਆ। ਭਾਈ ਜੁਗਰਾਜ ਸਿੰਘ ਤੂਫ਼ਾਨ ਟਰੈਕਟਰ ਉੱਤੇ ਬਰਸਟ ਲੱਗਣ ਨਾਲ ਸ਼ਹੀਦੀ ਹੋ ਗਿਆ। ਦੋਵੇਂ ਸੂਰਮੇ ਇਕੱਠੇ ਸ਼ਹੀਦ ਹੋਣ ਦਾ ਪ੍ਰਣ ਪੂਰਾ ਕਰ ਗਏ। ਹਜ਼ਾਰਾਂ ਦੀ ਗਿਣਤੀ ਵਿਚ ਆਹਲਾ ਕਿਸਮ ਦੇ ਹਥਿਆਰਾਂ ਨਾਲ ਲੈਸ ਭਾਰਤੀ ਫ਼ੌਜਾਂ ਨਾਲ ਦੋਵੇਂ ਸੂਰਮੇ ਜੂਝਦੇ ਰਹੇ ਤੇ ਸਹੀਦੀ ਪਾ ਕੇ ਸਿੱਖ ਇਤਿਹਾਸ ਦੀ ਖ਼ਾਲਿਸਤਾਨ ਦੀ ਜੰਗ ਵਿਚ ਅਮਰ ਹੋ ਗਏ। ਭਾਰਤੀ ਫ਼ੌਜ ਦੇ ਦਸ ਹਜ਼ਾਰ ਦੇ ਟਿੱਡੀ ਦਲ ਦੇ ਮੁਕਾਬਲੇ, ਆਖ਼ਰ ਦੋ ਸਿੰਘ ਉਹ ਵੀ ਇਕ ਕੋਲ ਹਥਿਆਰ, ਕਿੰਨਾ ਕੇ ਚਿਰ ਅੜਦੇ? ਪਰ ਜਿਉਂਦੇ ਸਿੰਘਾਂ ਨੂੰ ਫੜਨਾ ਕਿਸੇ ਮਾਈ ਦੇ ਲਾਲ ਦੇ ਵੱਸ ਦਾ ਰੋਗ ਨਹੀਂ ਸੀ। ਸਿੰਘ ਦਾ ਫ਼ਤਹਿ ਜਾਂ ਸ਼ਹਾਦਤ ਨਿਸ਼ਾਨਾ ਸੀ, ਉਹ ਪੂਰਾ ਕਰ ਗਏ।

ਪਿੰਡ ਮਾੜੀ ਬੁਚੀਆਂ ਦੇ ਪੁਲਿਸ ਮੁਕਾਬਲੇ ਵਿਚੋਂ ਭਾਈ ਬਲਜੀਤ ਸਿੰਘ, ਭਾਈ ਪਿਆਰਾ ਸਿੰਘ ਤੇ ਇਕ ਹੋਰ ਖਾੜਕੂ ਬਚ ਨਿਕਲਣ ਵਿਚ ਸਫ਼ਲ ਹੋ ਗਏ, ਉਹ ਪਿੰਡਾਂ ਦੇ ਲੋਕਾਂ ਨੂੰ ਦੱਸਦੇ ਗਏ ਕਿ ਭਾਈ ਜੁਗਰਾਜ ਸਿੰਘ ਤੂਫਾਨ ਤੇ ਭਾਈ ਬਖ਼ਸ਼ੀਸ਼ ਸਿੰਘ ਸ਼ੀਰਾ (ਪਿੰਡ ਮਾੜੀ ਬੁਚੀਆਂ) ਵਿਚ ਪੁਲਿਸ ਤੇ ਬੀ.ਐੱਸ.ਐੱਫ਼. ਨਾਲ ਹੋਏ ਪੁਲਿਸ ਮੁਕਾਬਲੇ ਵਿਚ ਸਹੀਦ ਹੋ ਗਏ ਹਨ। ਪੁਲਿਸ ਤੋਂ ਭਾਈ ਜੁਗਰਾਜ ਸਿੰਘ ਤੂਫ਼ਾਨ ਤੇ ਭਾਈ ਬਖ਼ਸ਼ੀਸ਼ ਸਿੰਘ ਦੀਆਂ ਸ਼ਹੀਦੀ ਦੇਹਾਂ ਖੋਹ ਲਈਆਂ ਜਾਣ। ਭਾਈ ਜੁਗਰਾਜ ਸਿੰਘ ਤੂਫ਼ਾਨ ਦੀ ਸ਼ਹੀਦੀ ਦੀ ਖ਼ਬਰ ਇਲਾਕੇ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ। ਚੰਡੀਗੜ੍ਹ ਵਿਚ ਪੰਜਾਬ ਪੁਲਿਸ ਦਾ ਮੁਖੀ ਕੇ.ਪੀ.ਐੱਸ. ਗਿੱਲ ਪੱਤਰਕਾਰਾਂ ਨੂੰ ਪੁਲਿਸ ਮੁਕਾਬਲੇ ਦੇ ਵੇਰਵੇ ਦੱਸਦਾ ਹੋਇਆ ਕਹਿ ਰਿਹਾ ਸੀ ਕਿ ਭਾਈ ਜੁਗਰਾਜ ਸਿੰਘ ਤੂਫ਼ਾਨ ਉਰਫ ਤੂਫ਼ਾਨ ਸਿੰਘ ਖ਼ਾਲਸਾ ਦਾ ਪੁਲਿਸ ਮੁਕਾਬਲੇ ਵਿਚ ਮਾਰਿਆ ਜਾਣਾ ਸੁਰੱਖਿਆ ਫ਼ੋਰਸਾਂ ਦੀ ਸੰਨ 1990 ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਭਾਈ ਜੁਗਰਾਜ ਸਿੰਘ ਤੂਫਾਨ ਖਾੜਕੂ ਨੇਤਾ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਤੋਂ ਦੂਜੇ ਨੰਬਰ 'ਤੇ ਸੀ। ਉਥੇ ਲੋਕ ਆਪਣੇ ਹਰਮਨ ਪਿਆਰੇ ਭਾਈ ਜੁਗਰਾਜ ਸਿੰਘ ਤੂਫ਼ਾਨ ਤੇ ਭਾਈ ਬਖ਼ਸ਼ੀਸ਼ ਸਿੰਘ ਦੇ ਸ਼ਹੀਦੀ ਸਰੀਰ ਲੈਣ ਲਈ ਵਹੀਰਾਂ ਘੱਤ ਕੇ ਸ੍ਰੀ ਹਰਿਗੋਬਿੰਦਪੁਰ ਥਾਣੇ ਅੱਗੇ ਇਕੱਠੇ ਹੋਣੇ ਸ਼ੁਰੂ ਹੋ ਗਏ। ਬਟਾਲਾ ਪੁਲਿਸ ਦਾ ਮੁਖੀ ਗੋਇਲ ਸ਼ਹੀਦ ਸਿੰਘਾਂ ਦੀਆਂ ਲਾਸ਼ਾ ਪੁਲਿਸ ਗੱਡੀ ਵਿਚ ਰੱਖ ਕੇ ਇਹ ਕਹਿ ਗਿਆ ਕਿ ਅਸੀਂ ਗੁਰਦਾਸਪੁਰ ਲੈ ਕੇ ਚੱਲੇ ਹਾਂ, ਪਰ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਪੋਸਟ ਮਾਰਟਮ ਲਈ ਅੰਮ੍ਰਿਤਸਰ ਹਸਪਤਾਲ ਲੈ ਗਏ। ਪੰਜ ਹਜ਼ਾਰ ਸਿੱਖ ਬੀਬੀਆਂ ਨੇ ਥਾਣਾ ਸ੍ਰੀ ਹਰਿਗੋਬਿੰਦਪੁਰ ਦੇ ਸਾਹਮਣੇ ਪੁਲਿਸ ਦਾ

ਸਿਆਪਾ ਕਰਨਾ ਸ਼ੁਰੂ ਕਰ ਦਿੱਤਾ। ਲੋਕਾਂ ਦਾ ਹਜੂਮ ਟਰੈਕਟਰਾਂ ਟਰਾਲੀਆਂ 'ਤੇ ਸ੍ਰੀ ਹਰਿਗੋਬਿੰਦਪੁਰ ਵਿਚ ਇਕੱਠਾ ਹੋ ਗਿਆ ਤੇ ਰੋਡਵੇਜ਼ ਦੀਆਂ ਬੱਸਾਂ ਨੂੰ ਭੰਨਿਆ ਤੋੜਿਆ ਤੇ ਅੱਗ ਲਾ ਦਿੱਤੀ। ਆਪਣੇ ਪਿਆਰੇ ਸ਼ਹੀਦਾਂ ਦੀਆਂ ਲਾਸ਼ਾਂ ਪੁਲਿਸ ਤੋਂ ਪ੍ਰਾਪਤ ਕਰਨ ਲਈ ਤੇ ਆਪਣੇ ਹੱਥੀਂ ਸਸਕਾਰ ਕਰਨ ਲਈ ਪਹਿਲੀ ਵਾਰ ਸਿੱਖ ਸੰਘਰਸ਼ ਵਿਚ ਲੋਕਾਂ ਦੇ ਦਿਲਾਂ ਅੰਦਰ ਹਕੂਮਤ ਵਿਰੁੱਧ ਰੋਹ ਦਾ ਤੂਫ਼ਾਨ ਆ ਗਿਆ। ਪੁਲਿਸ ਪ੍ਰਸ਼ਾਸਨ ਨੂੰ ਸ੍ਰੀ ਹਰਿਗੋਬਿੰਦਪੁਰ ਵਿਚ ਕਰਫ਼ਿਊ ਲਾਉਣਾ ਪਿਆ, ਪਰ ਲੋਕ ਥਾਣੇ ਅੱਗੇ ਹੋਰ ਜੁੜ ਰਹੇ ਸਨ। ਆਖ਼ਰ ਚੰਡੀਗੜ੍ਹ ਤੋਂ ਲੈ ਕੇ ਦਿੱਲੀ ਤਕ ਹਕੂਮਤ ਚਿੰਤਤ ਸੀ ਕਿ ਖ਼ਾਲਿਸਤਾਨੀ ਖਾੜਕੂ ਦੀ ਲਾਸ਼ ਦੀ ਮੰਗ ਕਰ ਰਹੇ ਸਿੱਖਾਂ ਦੇ ਵਿਚ ਹਿੰਦੂ ਮਰਦ ਤੇ ਔਰਤਾਂ ਵੀ ਬਰਾਬਰ ਸ਼ਾਮਲ ਸਨ। ਇਹ ਖ਼ਾਲਿਸਤਾਨ ਦੇ ਸੰਘਰਸ਼ ਵਿਚ ਪਹਿਲੀ ਵਾਰ ਵੇਖਣ ਨੂੰ ਆਇਆ ਸੀ। ਆਖ਼ਰ ਲੋਕਾਂ ਦੇ ਰੋਹ ਦੇ ਤੂਫ਼ਾਨ ਅੱਗੇ ਪੁਲਿਸ ਪ੍ਰਸ਼ਾਸਨ ਨੂੰ ਝੁਕਣਾ ਪਿਆ ਅਤੇ ਸ਼ਹੀਦ ਬਾਬਾ ਜੁਗਰਾਜ ਸਿੰਘ ਤੂਫ਼ਾਨ ਅਤੇ ਭਾਈ ਬਖ਼ਸ਼ੀਸ਼ ਸਿੰਘ ਦੀਆਂ ਲਾਸ਼ਾਂ ਲੋਕਾਂ ਨੂੰ ਦੇਣੀਆਂ ਪਈਆਂ। ਕਿਹਾ ਜਾਂਦਾ ਹੈ ਕਿ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਪੁਲਿਸ ਅੰਮ੍ਰਿਤਸਰ ਦੇ ਕਿਸੇ ਸ਼ਮਸ਼ਾਨ ਘਾਟ ਅੰਦਰ ਸੰਸਕਾਰ ਕਰਨ ਲਈ ਚਿਖਾ ਲੱਕੜਾਂ ਉਪਰ ਰੱਖ ਚੁੱਕੀ ਸੀ। ਐਨ ਉਸ ਮੌਕੇ ਉੱਚ ਅਧਿਕਾਰੀਆਂ ਵੱਲੋਂ ਹੁਕਮ ਆ ਜਾਣ 'ਤੇ ਸ਼ਮਸ਼ਾਨ ਘਾਟ ਤੋਂ ਲਾਸ਼ਾਂ ਗੱਡੀ ਵਿਚ ਰੱਖ ਕੇ ਵਾਰਸਾਂ ਦੇ ਹਵਾਲੇ ਕਰ ਦਿੱਤੀਆਂ। ਲੋਕਾਂ ਵੱਲੋਂ ਗੁਰਦੁਆਰਾ ਨਾਨਕਸਰ ਵੇਰਕਾ ਅੰਮ੍ਰਿਤਸਰ ਵਿਖੇ ਸਿੱਖ ਰਹਿਤ ਮਰਿਆਦਾ ਅਨੁਸਾਰ ਸਸਕਾਰ ਕੀਤਾ ਗਿਆ। ਹਜ਼ਾਰਾਂ ਲੋਕਾਂ ਵੱਲੋਂ ਸ਼ਹੀਦ ਬਾਬਾ ਜੁਗਰਾਜ ਸਿੰਘ ਤੂਫ਼ਾਨ, ਭਾਈ ਬਖ਼ਸ਼ੀਸ਼ ਸਿੰਘ ਸ਼ੀਰਾ ਦੇ ਅੰਤਮ ਦਰਸ਼ਨ ਕੀਤੇ ਗਏ। ਜਲੂਸ ਦੀ ਸ਼ਕਲ ਵਿਚ ਸ਼ਹੀਦ ਸਿੰਘਾਂ ਦੀਆਂ ਸ਼ਹੀਦੀ ਦੇਹਾਂ ਨੂੰ ਥਾਣਾ ਅੰਮ੍ਰਿਤਸਰ ਕੋਤਵਾਲੀ ਤੋਂ ਗੁਰਦੁਆਰਾ ਨਾਨਕਸਰ ਵੇਰਕਾ ਵਿਖੇ ਲਿਜਾਇਆ ਗਿਆ। ਹਜ਼ਾਰਾਂ ਹਿੰਦੂ ਸਿੱਖਾਂ ਨੇ ਸ਼ਹੀਦ ਬਾਬਾ ਜੁਗਰਾਜ ਸਿੰਘ ਤੂਫ਼ਾਨ, ਸ਼ਹੀਦ ਭਾਈ ਬਖਸ਼ੀਸ ਸਿੰਘ ਦੇ ਸਰੀਰਾਂ ਉੱਤੇ ਸ਼ਰਧਾ ਨਾਲ ਬਸਤਰ ਅਤੇ ਫੁੱਲਾਂ ਦੇ ਹਾਰ ਚੜ੍ਹਾਏ। ਇਹ ਅਲੌਕਿਕ ਦ੍ਰਿਸ਼ ਖ਼ਾਲਿਸਤਾਨ ਲਹਿਰ ਦੇ ਇਤਿਹਾਸ ਵਿਚ ਪਹਿਲੀ ਵਾਰ ਵੇਖਣ ਵਿਚ ਆਇਆ ਹੈ ਤੇ ਇਹ ਖ਼ਾਲਿਸਤਾਨ ਦੇ ਸੰਘਰਸ਼ ਦੀ ਹਿੰਦੁਸਤਾਨੀ ਹਕੂਮਤ ਉਪਰ ਪਹਿਲੀ ਸਿਧਾਂਤਕ ਜਿੱਤ ਮੰਨੀ ਜਾਂਦੀ ਰਹੇਗੀ।

ਸ਼ਹੀਦ ਬਾਬਾ ਜੁਗਰਾਜ ਸਿੰਘ ਤੂਫ਼ਾਨ ਤੇ ਭਾਈ ਬਖ਼ਸ਼ੀਸ਼ ਸਿੰਘ ਸ਼ੀਰਾ ਨਮਿੱਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਦੇ ਭੋਗ ਹਰ ਗੁਰਦੁਆਰਾ, ਸ਼ਹਿਰ, ਮੁਹੱਲੇ, ਪਿੰਡ-ਪਿੰਡ ਪਾਏ ਗਏ। ਪਿੰਡ ਚੀਮਾ ਖੁੱਡੀ ਦੇ ਮੁੱਖ ਸ਼ਹੀਦੀ ਸਮਾਗਮ ਵਿਚ ਇਕ ਲੱਖ ਤੋਂ ਉਪਰ ਸਿੱਖ-ਹਿੰਦੂ, ਮਰਦਾਂ-ਔਰਤਾਂ ਨੇ ਸਮੂਹ ਸਾਧ ਸੰਗਤ ਦੇ ਰੂਪ ਵਿਚ ਹਾਜ਼ਰ ਹੋ ਕੇ ਆਪਣੇ ਹਰਮਨ ਪਿਆਰੇ ਜੁਝਾਰੂ ਸ਼ਹੀਦ ਸਿੰਘਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਕਾ ਲੰਗਰ ਅਤੁੱਟ ਵਰਤਿਆ। ਖੀਰ, ਕੜਾਹ ਮਾਲ੍ਹ ਪੂੜੇ, ਜਲੇਬ, ਚੌਲ, ਪਕੌੜੇ, ਬਰੈੱਡ, ਦੁੱਧ

ਦੇ ਲੰਗਰ ਦੇ ਸੰਗਤਾਂ ਵਿਚ ਖੁੱਲ੍ਹੇ ਗੱਫੇ ਵਰਤੇ। ਦਮਦਮੀ ਟਕਸਾਲ ਦੇ ਮੁਖੀ ਬਾਬਾ ਠਾਕੁਰ ਸਿੰਘ ਜੀ ਨੇ ਜਥੇ ਸਮੇਤ ਹਾਜ਼ਰੀ ਭਰੀ, ਸ. ਸਿਮਰਨਜੀਤ ਸਿੰਘ ਮਾਨ, ਬਾਪੂ ਜੋਗਿੰਦਰ ਸਿੰਘ ਖ਼ਾਲਸਾ ਰੋਡੇ (ਪਿਤਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ), ਸ. ਧਿਆਨ ਸਿੰਘ ਮੰਡ ਐੱਮ.ਪੀ., ਬੀਬੀ ਰਾਜਿੰਦਰ ਕੌਰ ਬੁਲਾਰਾ ਐੱਮ.ਪੀ., ਬੀਬੀ ਬਿਮਲ ਕੌਰ ਖ਼ਾਲਸਾ ਐੱਮ.ਪੀ., ਬਾਪੂ ਸੁੱਚਾ ਸਿੰਘ ਐੱਮ.ਪੀ., ਸ. ਸਤਿੰਦਰਪਾਲ ਸਿੰਘ ਐੱਮ.ਪੀ., ਸ. ਰਾਜਦੇਵ ਸਿੰਘ ਐੱਮ.ਪੀ., ਜਸਟਿਸ ਅਜੀਤ ਸਿੰਘ ਬੈਂਸ, ਮਨੁੱਖੀ ਹੱਕਾਂ ਦੇ ਰਾਖੇ, ਪੰਜ ਸਿੰਘ ਸਾਹਿਬਾਨ ਨੇ ਸ਼ਹੀਦ ਬਾਬਾ ਜੁਗਰਾਜ ਸਿੰਘ ਤੂਫ਼ਾਨ ਤੇ ਭਾਈ ਬਖ਼ਸ਼ੀਸ਼ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਸ਼ਹੀਦ ਸਿੰਘ, ਖ਼ਾਲਸਾ ਪੰਥ ਦੇ ਅਣਖੀਲੇ ਯੋਧੇ ਹਨ, ਜਿਹਨਾਂ ਸਿੱਖ ਕੌਮ ਦੀ ਆਜ਼ਾਦੀ ਦੇ ਸੰਘਰਸ਼ ਵਿਚ ਜਿਸ ਬਹਾਦਰੀ, ਸੂਝ, ਸਿਆਣਪ ਨਾਲ ਸੰਘਰਸ਼ ਨੂੰ ਅੱਗੇ ਤੋਰਿਆ ਹੈ, ਸ਼ਹੀਦੀ ਪ੍ਰਾਪਤ ਕੀਤੀ ਹੈ, ਸਿੱਖ ਕੌਮ ਸਦਾ ਯਾਦ ਰੱਖੇਗੀ। ਅੱਜ ਖਾੜਕੂ ਸਿੰਘਾਂ ਨੂੰ ਬਾਬਾ ਜੁਗਰਾਜ ਸਿੰਘ ਤੇ ਭਾਈ ਬਖ਼ਸ਼ੀਸ਼ ਸਿੰਘ ਦੇ ਨਕਸ਼ੇ-ਕਦਮਾਂ ਉੱਤੇ ਚੱਲ ਕੇ ਸਿੱਖ ਸੰਘਰਸ਼ ਨੂੰ ਅੱਗੇ ਤੋਰਨ ਦੀ ਲੋੜ ਹੈ। ਬੁਲਾਰਿਆਂ ਨੇ ਸ਼ਹੀਦ ਸਿੰਘਾਂ ਨੂੰ ਸਿੱਖ ਕੌਮ ਦੇ ਅਨਮੋਲ ਹੀਰੇ ਅਤੇ ਖ਼ਾਲਿਸਤਾਨ ਦੇ ਮਹਾਨ ਸ਼ਹੀਦ ਕਰਾਰ ਦਿੱਤਾ ਅਤੇ ਸ਼ਹੀਦ ਸਿੰਘਾਂ ਦੀ ਢੁਕਵੀਂ ਯਾਦਗਾਰ ਬਣਾਉਣ ਦਾ ਐਲਾਨ ਕੀਤਾ। ਇਸ ਸ਼ਹੀਦੀ ਸਮਾਗਮ ਵਿਚ ਵੱਡੀ ਗਿਣਤੀ ਵਿਚ ਹਿੰਦੂ ਵੀਰਾਂ ਨੇ ਵੀ ਹਿੱਸਾ ਲਿਆ। ਸ੍ਰੀ ਹਰਿਗੋਬਿੰਦਪੁਰ ਦੇ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਦਰਸ਼ਨ ਲਾਲ ਚੋਪੜਾ ਨੇ ਸ਼ਹੀਦੀ ਸਮਾਗਮ ਵਿਚ ਬਾਬਾ ਜੁਗਰਾਜ ਸਿੰਘ ਤੂਫ਼ਾਨ ਤੇ ਭਾਈ ਬਖ਼ਸ਼ੀਸ਼ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਬਾਬਾ ਜੁਗਰਾਜ ਸਿੰਘ ਤੂਫ਼ਾਨ ਨੇ ਸਾਡੀ ਢਾਲ ਬਣ ਕੇ ਰੱਖਿਆ ਕੀਤੀ, ਅੱਜ ਇਸ ਸੂਰਮੇ ਦੇ ਬਾਝੋਂ ਅਸੀਂ ਆਪਣੇ-ਆਪ ਨੂੰ ਇਕੱਲੇ ਮਹਿਸੂਸ ਕਰ ਰਹੇ ਹਾਂ। ਬਾਬਾ ਜੁਗਰਾਜ ਸਿੰਘ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਉਸ ਦੇ ਨਕਸ਼ੇ-ਕਦਮਾਂ ਉੱਤੇ ਚੱਲ ਕੇ ਉਸ ਦੇ ਅਧੂਰੇ ਕਾਜ ਨੂੰ ਪੂਰਾ ਕਰੀਏ।

***

# ਸ਼ਹੀਦ ਭਾਈ ਜੁਗਰਾਜ ਸਿੰਘ 'ਜੱਗਾ' ਸਮਾਲਸਰ
# ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ

## (ਉਨ੍ਹਾਂ ਦੇ ਮਾਤਾ ਬੀਬੀ ਰਣਜੀਤ ਕੌਰ ਜੀ ਨਾਲ ਇਕ ਸੰਖੇਪ ਮੁਲਾਕਾਤ ਵਾਰਤਾ)

**ਸਵਾਲ : ਆਪ ਜੀ ਦਾ ਤੇ ਬਾਪੂ ਜੀ ਦਾ ਨਾਂ?**

ਜਵਾਬ : ਮੇਰਾ ਨਾਂ ਰਣਜੀਤ ਕੌਰ। ਜੁਗਰਾਜ ਸਿੰਘ ਦੇ ਪਿਤਾ ਦਾ ਨਾਂ ਸ. ਹਰਜਿੰਦਰ ਸਿੰਘ ਬਰਾੜ ਹੈ।

**ਸਵਾਲ : ਜੁਗਰਾਜ ਸਿੰਘ ਹੋਰੀਂ ਕਿੰਨੇ ਭੈਣ-ਭਰਾ ਹਨ?**

ਜਵਾਬ : ਇਕ ਬੇਟੀ ਹੈ ਕੁਲਜੀਤ ਕੌਰ ਤੇ ਕਾਕਾ ਇਕੋ ਜੁਗਰਾਜ ਸਿੰਘ ਹੀ ਸੀ। ਅਜੇ ਤਾਂ ਵਿਆਹਿਆ ਵੀ ਨਹੀਂ ਸੀ।

**ਸਵਾਲ : ਜੁਗਰਾਜ ਸਿੰਘ ਦਾ ਜਨਮ ਕਿਸ ਸੰਨ ਵਿਚ ਹੋਇਆ?**

ਜਵਾਬ : ਜੁਗਰਾਜ ਸਿੰਘ ਦਾ ਜਨਮ 17 ਨਵੰਬਰ 1964 ਨੂੰ ਪਿੰਡ ਬੁੱਟਰ ਕਲਾਂ (ਜ਼ਿਲ੍ਹਾ ਮੋਗਾ), ਨਾਨਕੇ ਪਿੰਡ ਵਿਚ ਹੋਇਆ।

**ਸਵਾਲ : ਜੁਗਰਾਜ ਸਿੰਘ ਨੇ ਕਿਥੋਂ ਤਕ ਤੇ ਕਿਥੇ ਪੜ੍ਹਾਈ ਕੀਤੀ?**

ਜਵਾਬ : ਜੁਗਰਾਜ ਸਿੰਘ ਨੇ ਅੱਠਵੀਂ ਤਕ ਪੜ੍ਹਾਈ ਮਿਡਲ ਸਕੂਲ ਸਮਾਲਸਰ ਵਿਚ ਕੀਤੀ। ਦਸਵੀਂ ਸ੍ਰੀ ਗੁਰੂ ਤੇਗ ਬਹਾਦਰ ਸਕੂਲ, ਰੋਡੇ ਵਿਚ ਪਾਸ ਕੀਤੀ।

**ਸਵਾਲ : ਭੈਣ ਜੀ ਬਾਰੇ ਵੀ ਕੁਝ ਦੱਸਣ ਦੀ ਕਿਰਪਾ ਕਰਨੀ?**

ਜਵਾਬ : ਗੁੱਡੀ ਕੁਲਜੀਤ ਕੌਰ ਵਿਆਹੀ ਹੋਈ ਹੈ ਤੇ ਸਾਇੰਸ ਟੀਚਰ ਹੈ। ਉਸ ਦਾ ਪਤੀ ਪ੍ਰਦੀਪ ਸਿੰਘ ਵੀ ਸਾਇੰਸ ਟੀਚਰ ਹੈ ਤੇ ਕੋਟਕਪੂਰੇ ਪੜ੍ਹਾ ਰਿਹਾ ਹੈ ਤੇ ਸਾਡੇ ਕੋਲ ਹੀ ਰਹਿੰਦੇ ਹਨ। ਇਹ ਮਕਾਨ, ਕੁਲਜੀਤ ਕੌਰ ਤੇ ਪ੍ਰਦੀਪ ਸਿੰਘ ਨੇ ਆਪਣੀ ਕਮਾਈ ਨਾਲ ਬਣਾਇਆ ਹੈ। ਸਾਡਾ ਤਾਂ ਕੱਚਾ ਮਕਾਨ ਸੀ। ਹੁਣ ਅਸੀਂ ਇਕੱਠੇ ਹੀ ਰਹਿੰਦੇ ਹਾਂ।

**ਸਵਾਲ : ਜੁਗਰਾਜ ਸਿੰਘ ਦਾ ਸੁਭਾਅ ਕਿਹੋ ਜਿਹਾ ਸੀ?**

ਜਵਾਬ : ਜੁਗਰਾਜ ਸਿੰਘ ਚੁੱਪ-ਚਾਪ ਰਹਿਣ ਵਾਲਾ ਸੀ। ਉਹ ਐਵੇਂ ਕਿਸੇ ਦੇ ਕੰਮ ਵਿਚ ਦਖ਼ਲ ਨਹੀਂ ਸੀ ਦਿੰਦਾ। ਜੇ ਕੋਈ ਪਿੰਡ ਵਿਚ ਝਗੜਾ ਹੁੰਦਾ, ਸੱਦਣ ਆਉਂਦੇ। ਜੁਗਰਾਜ ਸਿੰਘ ਕਹਿੰਦਾ ਕਿ ਭਾਈ, ਜੇ ਤੁਸੀਂ ਮੈਨੂੰ ਲੈ ਕੇ ਜਾਣਾ ਹੈ ਤਾਂ ਤੁਹਾਨੂੰ ਮੇਰੀ ਗੱਲ ਮੰਨਣੀ ਪਵੇਗੀ। ਜੁਗਰਾਜ ਸਿੰਘ ਸੱਚ ਤੇ ਨਿਆਂ ਦੀ ਗੱਲ ਕਰਦਾ ਸੀ। ਜਿਸ ਨੂੰ ਦੋਵੇਂ ਧਿਰਾਂ ਪ੍ਰਵਾਨ ਕਰ ਲੈਂਦੀਆਂ ਸਨ। ਜੁਗਰਾਜ ਸਿੰਘ ਦਾ ਫ਼ੈਸਲਾ ਨਿਰਪੱਖ ਤੇ ਨਿਆਂ ਵਾਲਾ ਹੁੰਦਾ ਸੀ।

**ਸਵਾਲ : ਸਿੱਖ ਸੰਘਰਸ਼ ਨਾਲ ਕਦੋਂ ਤੇ ਕਿਵੇਂ ਜੁੜਿਆ?**

ਜਵਾਬ : ਜੁਗਰਾਜ ਸਿੰਘ ਦੀ ਗੁਰੂ ਤੇਗ ਬਹਾਦਰ ਸਕੂਲ, ਰੋਡੇ ਵਿਚ ਪੜ੍ਹਦਿਆਂ ਸੰਤ ਜਰਨੈਲ ਸਿੰਘ ਖ਼ਾਲਸਾ ਦੇ ਭਤੀਜਿਆਂ ਨਾਲ ਨੇੜਤਾ ਹੋ ਗਈ ਤੇ ਸਿੱਖ ਸੰਘਰਸ਼ ਨਾਲ ਜੁੜ ਗਿਆ।

ਮਾਰਚ 1984 ਵਿਚ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਦੇ ਵੱਡੇ ਭਰਾ ਭਾਈ ਜਗਜੀਤ ਸਿੰਘ ਰੋਡੇ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਡੱਕ ਦਿੱਤਾ। ਇਲਾਕੇ ਦੀਆਂ ਸੰਗਤਾਂ ਨੇ ਬੀਬੀ ਕਾਹਨ ਕੌਰ ਗੁਰਦੁਆਰਾ ਸਾਹਿਬ ਮੋਗਾ ਤੋਂ ਭਾਈ ਜਗਜੀਤ ਸਿੰਘ ਰੋਡੇ ਦੀ ਰਿਹਾਈ ਲਈ ਮੋਰਚਾ ਲਾ ਦਿੱਤਾ। ਗੁਰਦੁਆਰਾ ਸਾਹਿਬ ਬੀਬੀ ਕਾਹਨ ਕੌਰ ਮੋਗਾ ਨੂੰ 6 ਅਪਰੈਲ 1984 ਨੂੰ ਪੰਜਾਬ ਪੁਲਿਸ ਨੇ ਘੇਰ ਲਿਆ ਤੇ ਸਿੰਘਾਂ ਉਪਰ ਗੋਲੀ ਚਲਾਈ, ਜਿਸ ਨਾਲ ਪਿੰਡ ਅਜੀਤਵਾਲ (ਜ਼ਿਲ੍ਹਾ ਮੋਗਾ) ਦੇ ਗੁਰਮੇਲ ਸਿੰਘ ਸਰਪੰਚ ਕੁਝ ਹੋਰ ਸਾਥੀਆਂ ਸਮੇਤ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋ ਗਏ ਤੇ ਕਈ ਸਿੰਘ ਫੱਟੜ ਹੋਏ। ਗੁਰਦੁਆਰਾ ਬੀਬੀ ਕਾਹਨ ਕੌਰ ਤੋਂ ਜੁਗਰਾਜ ਸਿੰਘ ਨੂੰ ਹੋਰ ਸਿੰਘਾਂ ਨਾਲ ਗ੍ਰਿਫ਼ਤਾਰ ਕਰ ਕੇ ਫ਼ਰੀਦਕੋਟ ਜੇਲ੍ਹ ਅੰਦਰ ਡੱਕ ਦਿੱਤਾ ਗਿਆ ਤੇ ਬਾਅਦ ਵਿਚ ਸੰਗਰੂਰ ਜੇਲ੍ਹ ਅੰਦਰ ਤਬਦੀਲ ਕਰ ਦਿੱਤਾ ਗਿਆ। ਸੰਗਰੂਰ ਜੇਲ੍ਹ ਅੰਦਰ ਹੀ ਭਾਈ ਜਗਜੀਤ ਸਿੰਘ ਰੋਡੇ, ਭਾਈ ਨਛੱਤਰ ਸਿੰਘ ਰੋਡੇ (ਲਾਲਾ ਜਗਤ ਨਾਰਾਇਣ ਸੋਧਕ ਕਾਂਡ), ਭਾਈ ਦਰਸ਼ਨ ਸਿੰਘ ਘੱਲਾਂ, ਸ. ਸੁਖਜਿੰਦਰ ਸਿੰਘ ਅਤੇ ਅਨੇਕਾਂ ਸਿੰਘਾਂ ਨਾਲ ਮੇਲ ਹੋਇਆ, ਇਕੱਠੇ ਰਹੇ। ਇਸ ਕੇਸ ਵਿਚ ਜੁਗਰਾਜ ਸਿੰਘ ਨੇ ਸਿਆਸੀ ਕੇਸ ਦੇ ਤੌਰ 'ਤੇ 15 ਮਹੀਨੇ ਜੇਲ੍ਹ ਕੱਟੀ। 9 ਜੁਲਾਈ 1985 ਨੂੰ ਜ਼ਮਾਨਤ ਉੱਤੇ ਜੇਲ੍ਹ ਵਿਚੋਂ ਰਿਹਾਅ ਹੋ ਕੇ ਬਾਹਰ ਆਏ ਅਤੇ ਖਾੜਕੂ ਸੰਘਰਸ਼ ਨਾਲ ਜੁੜ ਗਏ ਤੇ ਭਾਈ ਗੁਰਜੰਟ ਸਿੰਘ ਬੁੱਧਸਿੰਘ ਵਾਲਾ ਦੇ ਸੰਪਰਕ ਵਿਚ ਆ ਗਏ।

**ਸਵਾਲ : ਮਾਤਾ ਜੀ, ਰਿਹਾਅ ਹੋਣ ਤੋਂ ਬਾਅਦ ਪੁਲਿਸ ਤੰਗ ਨਹੀਂ ਸੀ ਕਰਦੀ, ਪੁਲਿਸ ਛਾਪਾ ਵਗੈਰਾ.....?**

ਜਵਾਬ : ਹਾਂ, ਜਦੋਂ ਸਿੱਖ ਜਥੇਬੰਦੀਆਂ, ਦਮਦਮੀ ਟਕਸਾਲ ਅਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੀ ਪਹਿਲੀ ਸਰਕਾਰੀ ਠੇਕੇਦਾਰੀ 'ਤੇ ਤਿਆਰ ਕੀਤੀ ਇਮਾਰਤ ਨੂੰ ਢਾਹ ਕੇ ਦੁਬਾਰਾ ਕਾਰ-ਸੇਵਾ ਦੇ ਰਾਹੀਂ ਨਵੀਂ ਉਸਾਰੀ ਕਰਨ ਲਈ 26 ਜਨਵਰੀ 1986 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖ ਸਰਬੱਤ ਖ਼ਾਲਸਾ ਇਕੱਠ ਕਰਨ ਦਾ ਐਲਾਨ ਕੀਤਾ ਤਾਂ ਕੇਂਦਰ ਦੀਆਂ ਹਦਾਇਤਾਂ 'ਤੇ ਪੰਜਾਬ ਦੀ ਅਖੌਤੀ ਪੰਥਕ ਸੁਰਜੀਤ ਸਿਹੁੰ ਬਰਨਾਲਾ ਸਰਕਾਰ ਨੇ ਪਿੰਡਾਂ ਵਿਚੋਂ ਸਿੱਖਾਂ ਦੀ ਫੜੋ-ਫੜਾਈ ਸ਼ੁਰੂ ਕਰ ਦਿੱਤੀ ਕਿ ਅੰਮ੍ਰਿਤਸਰ ਵਿਚ ਸ੍ਰੀ ਅਕਾਲ

ਤਖ਼ਤ ਸਾਹਿਬ 'ਤੇ ਹੋਣ ਵਾਲਾ, ਸਰਬੱਤ ਖ਼ਾਲਸਾ ਰੋਕਿਆ ਜਾ ਸਕੇ। 23 ਜਨਵਰੀ 1986 ਨੂੰ ਪੰਜਾਬ ਪੁਲਿਸ ਦੀ ਧਾੜ ਨੇ ਜੁਗਰਾਜ ਸਿੰਘ ਨੂੰ ਫੜਨ ਲਈ ਛਾਪਾ ਮਾਰਿਆ। ਜੁਗਰਾਜ ਸਿੰਘ ਘਰ ਹੀ ਸੀ। ਸਵੇਰੇ ਸਿਆਲ ਦੇ ਦਿਨਾਂ ਵਿਚ 7-30 ਵਜੇ ਦਾ ਵੇਲਾ ਸੀ, ਪੁਲਿਸ ਵਾਲਿਆਂ ਆ ਘੇਰਿਆ। ਜੁਗਰਾਜ ਸਿੰਘ ਘਬਰਾਇਆ ਨਹੀਂ। ਮੈਂ ਪੁੱਛਿਆ, ਸਾਹਬ ਕੀ ਗੱਲ ਹੈ, ਦੱਸ ਤਾਂ ਜਾਉ? ਪੁਲਿਸ ਇੰਸਪੈਕਟਰ ਕਹਿੰਦਾ ਕਿ ਚੱਲ ਗੱਡੀ ਬੈਠ। ਜੁਗਰਾਜ ਸਿੰਘ ਕਹਿੰਦਾ, ਸਾਹਬ ਮੈਂ ਚੱਲਿਆ ਜੇ। ਪੁਲਿਸ ਦੇ ਹੌਲਦਾਰ ਨੂੰ ਧੱਕਾ ਮਾਰ ਕੇ ਇਥੋਂ ਪਿੱਛਲੇ ਪਾਸੇ ਨੂੰ ਕੰਧਾਂ ਕੋਠੇ ਟੱਪਦਾ ਭੱਜ ਗਿਆ। ਪੁਲਿਸ ਵਾਲੇ ਆਪਸ ਵਿਚ ਹੀ ਖਹਿਬੜੀ ਜਾਣ ਕਿ ਕੱਲ ਦਾ ਛੋਕਰਾ 60 ਬੰਦਿਆਂ ਨੂੰ ਲਲਕਾਰ ਕੇ ਹੱਥ 'ਤੇ ਹੱਥ ਮਾਰ ਕੇ ਭੱਜ ਗਿਆ। ਲਾਹਨਤ ਹੈ ਸਾਡੀ ਮਰਦਾਨਗੀ 'ਤੇ। ਪੁਲਿਸ ਵਾਲੇ ਕਹਿੰਦੇ, ਚੱਲ ਮਾਤਾ, ਤੂੰ ਚੱਲ ਬੈਠ ਗੱਡੀ ਵਿਚ। ਮੈਂ ਕਿਹਾ ਕਿ ਥੋਨੂੰ ਸ਼ਰਮ ਨਹੀਂ ਆਉਂਦੀ। ਜੱਗਾ ਤੁਹਾਨੂੰ ਧੱਕਾ ਮਾਰ ਕੇ ਭੱਜ ਗਿਆ। ਇਕ ਜ਼ਨਾਨੀ ਉੱਤੇ ਰੋਹਬ ਪਾਉਣ ਲੱਗੇ ਓ, ਕੁਝ ਸ਼ਰਮ ਕਰੋ। ਮੇਰੇ ਇਸ ਤਰ੍ਹਾਂ ਕਹਿਣ ਨਾਲ ਪੁਲਿਸ ਵਾਲੇ ਸ਼ਰਮਿੰਦੇ ਜਿਹੇ ਹੋ ਕੇ ਇਕ ਦੂਜੇ 'ਤੇ ਦੋਸ਼ ਲਾਉਂਦੇ ਹੋਏ ਚਲੇ ਗਏ। ਜਦੋਂ ਰਾਤ ਨੂੰ ਜੱਗਾ ਆਇਆ, ਕਹਿੰਦਾ, "ਮਾਤਾ ਜੀ, ਤੰਗ ਤਾਂ ਨਹੀਂ ਕੀਤਾ?" ਮੈਂ ਸਾਰੀ ਗੱਲ ਦੱਸੀ, ਕਹਿੰਦਾ, "ਮੰਮੀ, ਤੂੰ ਥਾਣੇਦਾਰ ਦੇ ਜੇ ਕਿਤੇ ਮੂੰਹ 'ਤੇ ਇਕ ਲੱਫੜ ਮਾਰ ਦਿੰਦੀ ਤਾਂ ਬਾਅਦ ਵਿਚ ਮੈਂ ਆਪੇ ਸਿੱਝ ਲੈਂਦਾ ਇਹਨਾਂ ਨਾਲ।" ਮੈਂ ਕਿਹਾ ਕਿ ਪੁੱਤਰ ਔਰਤਾਂ ਦਾ ਇਤਨਾ ਜੇਰਾ ਨਹੀਂ ਹੁੰਦਾ। ਬੱਸ ਇਹੀ ਕਹਿਣਾ, ਮੰਮੀ ਦਿਲ ਵੱਡਾ ਕਰ ਕੇ ਰਿਹਾ ਕਰ। ਪੁੱਤਰ ਤੇਰਾ ਜੱਗਾ, ਤੈਨੂੰ ਉਲ੍ਹਮਾ ਨਹੀਂ ਦਿਵਾਏਗਾ। ਬੱਸ ਇਹੋ ਜਿਹੇ ਹੌਂਸਲੇ ਦਿੰਦਾ ਰਹਿੰਦਾ ਸੀ।

**ਸਵਾਲ : ਇਸ ਦੇ ਪਿੱਛੋਂ ਪੁਲਿਸ ਦੇ ਹੱਥ ਨਹੀਂ ਆਇਆ?**

ਜਵਾਬ : ਪੁਲਿਸ ਤਾਂ ਗੇੜਾ ਮਾਰਦੀ ਰਹਿੰਦੀ ਸੀ। ਮੈਂ ਕਿਹਾ ਪੁਲਿਸ ਵਾਲਿਆਂ ਨੂੰ, ਜੀ ਅਸੀਂ ਜੁਗਰਾਜ ਸਿੰਘ ਨੂੰ ਪੇਸ਼ ਕਰ ਦੇਣਾ ਹੈ। ਸਾਡਾ ਇਕ ਪੁੱਤਰ ਹੈ, ਉਸ ਨੂੰ ਕੋਈ ਗ਼ਲਤ ਕੰਮ ਨਹੀਂ ਕਰਨ ਦੇਣਾ। ਮੈਂ ਜੁਗਰਾਜ ਸਿੰਘ ਨੂੰ ਕਿਹਾ ਕਿ ਪੁੱਤਰ, ਮੈਂ ਪੁਲਿਸ ਨੂੰ ਬਚਨ ਦਿੱਤਾ ਹੈ ਪੇਸ ਕਰਨ ਦਾ। ਅਸੀਂ ਤੈਨੂੰ ਪੇਸ ਕਰਾਉਣਾ ਹੈ। ਕਹਿੰਦਾ, ਮੰਮੀ ਤੂੰ ਵੀ ਭੋਲੀ ਏਂ। ਇਹਨਾਂ ਪੁਲਿਸ ਵਾਲਿਆਂ ਦੀਆਂ ਗੱਲਾਂ ਉੱਤੇ ਇਤਬਾਰ ਕਰ ਲੈਂਦੀ ਏਂ। ਇਹ ਤਾਂ ਜਾਇਜ਼-ਨਾਜਾਇਜ਼ ਕੁਝ ਨਹੀਂ ਵੇਖਦੇ। ਕੁੱਟ-ਕੁੱਟ ਕੇ ਹੀ ਸਿੰਘਾਂ ਨੂੰ ਮਾਰ ਦਿੰਦੇ ਹਨ। ਫਿਰ ਕਿਸੇ ਨਹਿਰ, ਸੂਏ ਜਾਂ ਪੁਲ 'ਤੇ ਝੂਠਾ ਪੁਲਿਸ ਮੁਕਾਬਲਾ ਵਿਖਾ ਦਿੰਦੇ ਹਨ। ਅਸੀਂ ਜੁਗਰਾਜ ਸਿੰਘ ਨੂੰ ਪੁਲਿਸ ਦੇ ਪੇਸ਼ ਕਰ ਦਿੱਤਾ। ਪੁਲਿਸ (ਫ਼ਰੀਦਕੋਟ ਸਟਾਫ਼) ਨੇ ਅਦਾਲਤ ਵਿਚੋਂ ਪੁਲਿਸ

ਰਿਮਾਂਡ ਲੈ ਲਿਆ। ਸ਼ਾਮ ਸੁੰਦਰ ਥਾਣੇਦਾਰ, ਫ਼ਰੀਦਕੋਟ ਸਟਾਫ਼ ਵਾਲਾ ਸਿੰਘਾਂ ਨੂੰ ਕੋਹ-ਕੋਹ ਕੇ ਮਾਰਨ ਵਿਚ ਮਸ਼ਹੂਰ ਸੀ। ਜੁਗਰਾਜ ਸਿੰਘ ਨੂੰ ਵੇਖ ਕੇ ਕਹਿੰਦਾ ਕਿ ਮੈਂ ਨਹੀਂ ਮੰਨਦਾ ਕਿ ਜੱਗਾ ਕਿਸੇ ਨਿਰਦੋਸ਼ ਨੂੰ ਮਾਰ ਸਕਦਾ ਹੈ। ਸ਼ਾਮ ਸੁੰਦਰ ਨੇ ਸਟਾਫ਼ ਵਿਚ ਚਪੇੜ ਨਾ ਮਾਰੀ। ਮੈਂ ਤਾਂ ਸਦਾ ਸੱਚੇ ਪਾਤਸ਼ਾਹ ਵਾਹਿਗੁਰੂ ਅੱਗੇ ਚੜ੍ਹਦੀ ਕਲਾ ਲਈ ਅਰਦਾਸ ਕਰਦੀ ਰਹਿੰਦੀ ਸੀ। ਸਾਮ ਸੁੰਦਰ ਕਹਿੰਦਾ ਕਿ ਮਾਤਾ, ਜੱਗਾ ਤੇਰਾ ਕੋਈ ਸਾਧਾਰਣ ਬੰਦਾ ਨਹੀਂ। ਮੇਰਾ ਰੋਜ਼ ਅੱਤਵਾਦੀਆਂ ਨਾਲ ਵਾਹ ਪੈਂਦਾ ਹੈ। ਪੁੱਛ ਲੈ ਆਪਣੇ ਪੁੱਤ ਨੂੰ, ਮੈਂ ਤਾਂ ਇਸ ਦੇ ਲੱਫੜ ਵੀ ਨਹੀਂ ਮਾਰਿਆ। ਜੱਗਾ ਕਹਿੰਦਾ ਕਿ ਹਾਂ ਠੀਕ ਹੈ। ਮੈਨੂੰ ਪੁਲਿਸ ਨੇ ਕੁਝ ਨਹੀਂ ਕਿਹਾ।

**ਸਵਾਲ : ਮਾਤਾ ਜੀ, ਕਦੀ ਕਿਸੇ ਪੁਲਿਸ ਘੇਰੇ ਵਿਚ ਆਇਆ ਜਾਂ ਨਿਕਲਿਆ ਕਿਵੇਂ ?**

ਜਵਾਬ : 10 ਅਕਤੂਬਰ 1986 ਦਾ ਵਾਕਿਆ ਹੈ। ਭਾਈ ਜੁਗਰਾਜ ਸਿੰਘ ਤੇ ਭਾਈ ਗੁਰਜੰਟ ਸਿੰਘ ਬੁੱਧਸਿੰਘ ਵਾਲਾ ਜ਼ਿਲ੍ਹਾ ਮੋਗਾ ਦੇ ਪਿੰਡ ਮੈਹਰੋਂ ਵਿਚ ਹਰਹਰ ਦੇ ਖੇਤ ਵਿਚ ਬੈਠੇ ਸਨ। ਭਾਈ ਜੁਗਰਾਜ ਸਿੰਘ ਨੂੰ ਟਾਈਫਾਈਡ ਬੁਖ਼ਾਰ ਬਹੁਤ ਤੇਜ਼ ਸੀ। ਭਾਈ ਗੁਰਜੰਟ ਸਿੰਘ ਹੀ ਦਵਾ-ਦਾਰੂ ਤੇ ਸੇਵਾ ਕਰ ਰਿਹਾ ਸੀ। ਪੁਲਿਸ ਨੇ ਘੇਰਾ ਪਾ ਲਿਆ। 5 ਹਜ਼ਾਰ ਪੁਲਿਸ ਦਾ ਘੇਰਾ ਸੀ, ਸਾਮ ਦਾ ਵੇਲਾ ਸੀ। ਭਾਈ ਗੁਰਜੰਟ ਸਿੰਘ ਨੇ ਕਿਹਾ, ''ਜੱਗੇ, ਤੂੰ ਮੇਰੇ ਮੋਢਿਆਂ 'ਤੇ ਬੈਠ, ਘੇਰੇ ਵਿਚੋਂ ਨਿਕਲਣ ਦਾ ਯਤਨ ਕਰੀਏ। ਜੇ ਬਚ ਨਿਕਲੇ ਤਾਂ ਠੀਕ, ਨਹੀਂ ਤਾਂ ਮੁਕਾਬਲਾ ਕਰ ਕੇ ਸ਼ਹੀਦੀ ਪਾਵਾਂਗੇ।'' ਜੁਗਰਾਜ ਸਿੰਘ ਕਹਿੰਦਾ, ''ਗੁਰਜੰਟ ਸਿੰਘ, ਤੂੰ ਨਿਕਲ ਜਾ। ਮੈਥੋਂ ਨਹੀਂ ਨਿਕਲਿਆ ਜਾਣਾ। ਮੈਂ ਪੁਲਿਸ ਨੂੰ ਇਥੇ ਹੀ ਉਲਝਾ ਲੈਂਦਾ ਹਾਂ। ਦੋਵਾਂ ਦੇ ਫ਼ੈਸਲੇ ਅਨੁਸਾਰ ਭਾਈ ਗੁਰਜੰਟ ਸਿੰਘ ਪਿੰਡ ਮੈਹਰੋਂ (ਮੋਗਾ) ਦੇ ਘੇਰੇ ਵਿਚੋਂ ਨਿਕਲ ਗਿਆ। ਭਾਈ ਜੁਗਰਾਜ ਸਿੰਘ ਨੂੰ ਪੁਲਿਸ ਨੇ ਫੜ ਲਿਆ। ਕਈ ਕੇਸ ਪਾ ਕੇ ਜੇਲ੍ਹ ਵਿਚ ਡੱਕ ਦਿੱਤਾ। ਕਈ ਚਿਰ ਬਾਅਦ ਅਦਾਲਤ ਨੇ ਰਿਹਾਅ ਕਰ ਦਿੱਤਾ।

**ਸਵਾਲ : ਮਾਤਾ ਜੀ, ਜੁਗਰਾਜ ਸਿੰਘ ਰੋਮਾਨੀਆ ਕਦੋਂ ਗਿਆ ? ਤੁਸੀਂ ਉਸ ਨੂੰ ਵਿਦੇਸ਼ ਜਾਣ ਤੋਂ ਰੋਕਿਆ ਨਾ ?**

ਜਵਾਬ : ਪੁੱਤਰ, ਪੁਲਿਸ ਬਹੁਤ ਤੰਗ ਕਰਦੀ ਸੀ। ਘਰ ਟਿਕਣ ਨਹੀਂ ਸੀ ਦੇਂਦੀ। ਕਹਿੰਦਾ, ਮੰਮੀ-ਪਾਪਾ ਜੀ, ਮੈਂ ਰੋਮਾਨੀਆ ਚਲੇ ਜਾਣਾ ਹੈ। ਇਥੇ ਪੁਲਿਸ ਜੀਊਣ ਨਹੀਂ ਦੇਂਦੀ, ਘਰ ਨਹੀਂ ਬੈਠਣ ਦੇਂਦੀ। ਵਿਦੇਸ ਜਾ ਕੇ ਵਕਤ ਲੰਘਾ ਲੈਂਦੇ ਹਾਂ। ਫਿਰ ਸ਼ਾਇਦ ਕਿਤੇ ਹਾਲਾਤ ਬਦਲ ਗਏ ਤਾਂ ਵਾਪਸ ਪੰਜਾਬ ਆ ਜਾਵਾਂਗੇ। ਇਸ ਕਰਕੇ ਅਸੀਂ ਵੀ ਰੋਕ ਪਾਉਣੀ ਠੀਕ ਨਾ ਸਮਝੀ। ਅਸੀਂ ਉਸ ਦੇ ਅੰਦਰ ਦੇ ਭੇਤ ਨੂੰ ਸਮਝ ਨਹੀਂ ਸਕੇ। ਉਹ

ਤਾਂ ਬੱਸ ਇਹੋ ਗਾਉਂਦਾ ਰਹਿੰਦਾ ਸੀ, ਗੋਲੀ ਮਾਰ ਕੇ ਉਡਵਾਇਰ ਨੂੰ ਮਾਰਿਆ। ਤਪਦਾ ਕਲੇਜਾ ਠਾਰਿਆ ਮੈਂ। ਗੋਲੀ ਮਾਰ ਕੇ.....। ਸਾਡੇ ਕੋਲੋਂ ਜੁਗਰਾਜ ਸਿੰਘ ਵਿਦੇਸ਼ ਵਿਚ ਕਮਾਈ ਕਰਨ ਲਈ ਰੋਮਾਨੀਆ ਸੰਨ 1990 ਵਿਚ ਜੂਨ ਦੇ ਪਹਿਲੇ ਹਫ਼ਤੇ ਗਿਆ। ਸਾਨੂੰ ਨਹੀਂ ਸੀ ਪਤਾ ਕਿ ਉਹ ਉਡਵਾਇਰ ਰਿਬੇਰੋ ਨੂੰ ਸੋਧਣ ਦੀਆਂ ਸਕੀਮਾਂ ਬਣਾਈ ਫਿਰਦਾ ਸੀ। ਬੱਸ, ਆਪਣੀ ਡਾਇਰੀ ਵਿਚ ਸ਼ਹੀਦੀ ਦੇ ਸੋਹਿਲੇ ਲਿਖਦਾ ਰਹਿੰਦਾ ਸੀ। (ਜੁਗਰਾਜ ਸਿੰਘ ਦੀ ਹੱਥ-ਲਿਖਤ ਡਾਇਰੀ ਵਿਖਾਉਂਦਿਆਂ) ਸਾਨੂੰ ਤੱਤਿਆਂ ਨੂੰ ਬੁੱਢੇ ਵਾਰੇ ਰੁਲਣ ਲਈ ਛੱਡ ਗਿਆ। ਸਾਡੇ ਬਾਰੇ ਕੁਝ ਨਹੀਂ ਸੁ ਸੋਚਿਆ। ਆਪਣੇ ਮਨ ਦੀਆਂ ਰੀਝਾਂ ਪੂਰੀਆਂ ਕਰ ਗਿਆ। ਹੁਣ ਵਾਹਿਗੁਰੂ ਦਾ ਭਾਣਾ ਮੰਨਣ ਤੋਂ ਸਿਵਾ ਕੋਈ ਚਾਰਾ ਵੀ ਨਹੀਂ।

**ਸਵਾਲ : ਰੋਮਾਨੀਆ ਜਾਣ ਤੋਂ ਬਾਅਦ ਰਾਜ਼ੀ-ਖ਼ੁਸ਼ੀ ਦਾ ਚਿੱਠੀ-ਪੱਤਰ ਵੀ ਲਿਖਦਾ ਸੀ ?**

ਜਵਾਬ : ਰਾਜ਼ੀ-ਖ਼ੁਸ਼ੀ, ਠੀਕ-ਠਾਕ, ਚੜ੍ਹਦੀ ਕਲਾ ਵਿਚ ਹਾਂ। ਮੰਮੀ-ਪਾਪਾ ਜੀ, ਤੁਸੀਂ ਫ਼ਿਕਰ ਨਾ ਕਰਨਾ।

**ਸਵਾਲ : ਰਿਬੇਰੋ 'ਤੇ ਰੋਮਾਨੀਆ ਵਿਚ ਹੋਏ ਹਮਲੇ ਵਿਚ ਜੁਗਰਾਜ ਸਿੰਘ ਦੇ ਸ਼ਹੀਦ ਹੋਣ ਬਾਰੇ ਕਿਵੇਂ ਪਤਾ ਲੱਗਾ ?**

ਜਵਾਬ : ਅਖ਼ਬਾਰਾਂ ਤੋਂ ਪਤਾ ਲੱਗਾ। ਅਖ਼ਬਾਰਾਂ ਕਦੀ ਜਗਵਿੰਦਰ ਸਿੰਘ ਰਿਬੇਰੋ ਹਮਲੇ ਵਿਚ ਸ਼ਹੀਦ ਹੋਇਆ ਲਿਖ ਦਿੰਦੀਆਂ ਸਨ ਤੇ ਕਦੀ ਜੁਗਰਾਜ ਸਿੰਘ ਬਾਰੇ ਲਿਖ ਦਿੰਦੀਆਂ ਸਨ। ਸਾਡੇ ਪਿੰਡ ਦੇ ਹੋਰ ਮੁੰਡੇ ਰੋਮਾਨੀਆ ਗਏ ਹਨ। ਉਹਨਾਂ ਨੇ ਫ਼ੋਟੋਆਂ ਤੇ ਹੋਰ ਵੇਰਵੇ ਸਾਨੂੰ ਭੇਜੇ। ਫਿਰ ਤਸੱਲੀ ਹੋਈ ਕਿ ਰਿਬੇਰੋ 'ਤੇ ਹਮਲਾ ਕਰਨ ਸਮੇਂ ਜੁਗਰਾਜ ਸਿੰਘ ਹੀ ਸ਼ਹੀਦ ਹੋਇਆ ਹੈ।

**ਸਵਾਲ : ਮਾਤਾ ਜੀ, ਭਾਈ ਜੁਗਰਾਜ ਸਿੰਘ ਤੇ ਉਸ ਦੇ ਸਾਥੀਆਂ ਵੱਲੋਂ ਖ਼ਾਲਸਾਈ ਰਵਾਇਤਾਂ ਅਨੁਸਾਰ ਖਾੜਕੂ ਦਲੇਰਾਨਾ ਕਾਰਵਾਈ ਵਿਚ ਜੇ.ਐੱਫ਼. ਰਿਬੇਰੋ, ਜੋ ਕਿ ਹਜ਼ਾਰਾਂ ਸਿੱਖਾਂ ਦਾ ਕਾਤਲ ਹੈ, ਜ਼ਖ਼ਮੀ ਹੋ ਕੇ ਬਚ ਜਾਣ 'ਤੇ ਕਿਸ ਤਰ੍ਹਾਂ ਮਹਿਸੂਸ ਕਰਦੇ ਹੋ ?**

ਜਵਾਬ : ਪੁੱਤਰ, ਅਸਲ ਵਿਚ ਜੁਗਰਾਜ ਸਿੰਘ ਤੇ ਉਸ ਦੇ ਦੂਜੇ ਸਾਥੀ ਜਗਵਿੰਦਰ ਸਿੰਘ, ਪਰਗਟ ਸਿੰਘ ਦੇ ਅਦਾਲਤ ਵਿਚ ਇਕਬਾਲੀਆ ਬਿਆਨ ਅਨੁਸਾਰ, ਮਾਰਨ ਦਾ ਇਰਾਦਾ ਨਹੀਂ ਸੀ। ਸਗੋਂ ਰਿਬੇਰੋ ਨੂੰ ਅਗਵਾ ਕਰ ਕੇ ਆਪਣੇ ਸਾਥੀ ਸਿੰਘਾਂ ਨੂੰ ਵੱਡੀ ਗਿਣਤੀ ਵਿਚ ਰਿਹਾਅ ਕਰਵਾਉਣਾ ਚਾਹੁੰਦੇ ਸਨ। ਜੇ ਮਾਰਨਾ ਹੁੰਦਾ ਤਾਂ ਰਿਬੇਰੋ ਨੂੰ ਮਾਰ ਸਕਦੇ ਸਨ। ਦੂਜਾ ਉਹ ਦੁਨੀਆਂ ਨੂੰ ਦੱਸਣਾ ਚਾਹੁੰਦੇ ਸਨ ਕਿ ਭਾਰਤ ਸਰਕਾਰ ਸਿੱਖਾਂ ਨੂੰ ਦੁਨੀਆਂ ਵਿਚ ਅੱਤਵਾਦੀ, ਦਹਿਸ਼ਤ-ਪਸੰਦ ਪ੍ਰਚਾਰਦੀ ਹੈ। ਸਿੰਘ ਅੱਤਵਾਦੀ ਨਹੀਂ,

ਭਾਰਤ ਸਰਕਾਰ ਅੱਤਵਾਦੀ ਹੈ ਤੇ ਸਿੰਘ ਇਨਸਾਫ਼-ਪਸੰਦ ਹਨ ਤੇ ਵੱਡੇ ਤੋਂ ਵੱਡੇ ਦੁਸ਼ਮਣ ਨੂੰ ਕਾਬੂ ਕਰ ਕੇ ਰਹਿਮ-ਦਿਲੀ, ਫ਼ਰਾਖ਼-ਦਿਲੀ ਨਾਲ ਬਖ਼ਸ਼ ਸਕਦੇ ਹਨ। ਜਦੋਂ ਜੁਗਰਾਜ ਸਿੰਘ ਨੇ ਗੋਲੀਆਂ ਚਲਾਈਆਂ, ਜੋ ਰਿਬੇਰੋ ਦੇ ਪੱਟ ਤੇ ਵੱਖੀ ਵਿਚ ਦੀ ਲੰਘ ਗਈਆਂ। ਰਿਬੇਰੋ ਭੱਜ ਕੇ ਇਕ ਹਵੇਲੀ ਵਿਚ ਜਾ ਵੜਿਆ। ਪਰਗਟ ਸਿੰਘ ਗੋਲੀਆਂ ਚਲਾਉਂਦਾ ਹੋਇਆ ਉਸ ਦੇ ਪਿੱਛੇ ਦੌੜਿਆ। ਰਿਬੇਰੋ ਦੇ ਰੱਖਿਆ ਬਾਡੀਗਾਰਡਾਂ ਨੇ ਗੋਲੀਆਂ ਚਲਾਈਆਂ, ਜਿਸ ਦੇ ਲੱਗਣ ਨਾਲ ਜੁਗਰਾਜ ਸਿੰਘ 20 ਅਗਸਤ 1991 ਨੂੰ ਸ਼ਾਮ 5-30 ਵਜੇ ਰੋਮਾਨੀਆ ਦੀ ਰਾਜਧਾਨੀ ਬੁਖ਼ਾਰੈਸਟ ਵਿਚ ਰਿਬੇਰੋ 'ਤੇ ਹਮਲਾ ਕਰਨ ਸਮੇਂ ਸ਼ਹੀਦ ਹੋ ਗਏ। ਇਸ ਐਕਸ਼ਨ ਵਿਚ ਭਾਈ ਬਲਵਿੰਦਰ ਸਿੰਘ ਨੇ ਆਪਣੀ ਗੰਨ ਚਲਾਉਣ ਦੀ ਕੋਸ਼ਿਸ਼ ਕੀਤੀ ਪਰ ਗੰਨ ਚੱਲ ਨਹੀਂ ਸਕੀ। ਉਸ ਵੇਲੇ ਉਹ ਹੋਰ ਕਿਸੇ ਪਾਸੇ ਭੱਜ ਗਿਆ। ਜਿਸ ਕਾਰ ਵਿਚ ਭਾਈ ਜੁਗਰਾਜ ਸਿੰਘ ਤੇ ਸਾਥੀ ਆਏ ਸਨ, ਉਸ ਨੂੰ ਭਾਈ ਜਗਵਿੰਦਰ ਸਿੰਘ ਚਲਾ ਰਿਹਾ ਸੀ। ਰਿਬੇਰੋ ਦੇ ਸਕਿਉਰਿਟੀ ਗਾਰਡਾਂ ਵੱਲੋਂ ਗੋਲੀ ਚਲਾਏ ਜਾਣ 'ਤੇ ਕਾਰ ਵਿਚ ਹੀ ਮੋਢੇ 'ਤੇ ਗੋਲੀ ਲੱਗਣ ਨਾਲ ਜ਼ਖਮੀ ਹੋ ਕੇ ਬੇਹੋਸ਼ ਹੋ ਗਿਆ। ਭਾਈ ਗੁਰਪਾਲ ਸਿੰਘ, ਜੋ ਦੂਜੀ ਐਮਰਜੈਂਸੀ ਵੇਲੇ ਵਰਤਣ ਲਈ ਕਾਰ ਲਿਆਏ ਸੀ, ਕਹਾਣੀ ਵਿਗੜੀ ਵੇਖ ਕੇ ਭਜਾ ਕੇ ਲੈ ਗਿਆ। ਭਾਈ ਪਰਗਟ ਸਿੰਘ ਨੂੰ ਲਾਰਿਨ ਮਿਲਾਨ ਨਾਂ ਦੇ ਗਾਰਡ ਵੱਲੋਂ ਰਿਬੇਰੋ ਦਾ ਪਿੱਛਾ ਕਰਨ ਗਏ ਨੂੰ ਹਵੇਲੀ ਵਿਚ ਕਾਬੂ ਕਰ ਲਿਆ ਗਿਆ। ਭਾਈ ਪਰਗਟ ਸਿੰਘ ਤੇ ਭਾਈ ਜਗਵਿੰਦਰ ਸਿੰਘ ਵਿਰੁੱਧ ਮਿਲਟਰੀ ਅਦਾਲਤ ਵਿਚ ਰੋਮਾਨੀਆ ਸਰਕਾਰ ਨੇ ਕੇਸ ਚਲਾਇਆ। ਅਦਾਲਤ 3 ਫ਼ਰਵਰੀ 1992 ਨੂੰ ਕੇਸ ਦੀ ਲੰਬੀ ਬਹਿਸ ਤੇ ਸਿੰਘਾਂ ਦੇ ਇਕਬਾਲ ਕਰਨ 'ਤੇ ਮਿਲਟਰੀ ਅਦਾਲਤ ਨੇ ਭਾਈ ਪਰਗਟ ਸਿੰਘ ਤੇ ਭਾਈ ਜਗਵਿੰਦਰ ਸਿੰਘ ਨੂੰ 10 ਸਾਲ ਤੇ ਸਾਢੇ ਅੱਠ ਸਾਲ ਦੀਆਂ ਕੈਦ ਦੀਆਂ ਸਜ਼ਾਵਾਂ ਸੁਣਾ ਦਿੱਤੀਆਂ। ਰੋਮਾਨੀਆ ਦੀ ਮਿਲਟਰੀ ਅਦਾਲਤ ਦੇ ਜੱਜ ਜਨਰਲ ਨਿਸਟਰ ਨੇ ਭਾਈ ਪਰਗਟ ਸਿੰਘ ਤੇ ਭਾਈ ਜਗਵਿੰਦਰ ਸਿੰਘ ਨੂੰ ਸੌਰੀ (ਰਿਬੇਰੋ ਐਕਸ਼ਨ) ਕਹਿਣ ਲਈ ਕਿਹਾ ਤਾਂ ਸਿੰਘਾਂ ਨੇ ਸੌਰੀ ਕਹਿਣ (ਮਾਫ਼ੀ ਮੰਗਣ) ਤੋਂ ਇਨਕਾਰ ਕਰ ਦਿੱਤਾ। ਇਸ ਤਰ੍ਹਾਂ ਭਾਈ ਜੁਗਰਾਜ ਸਿੰਘ ਤੇ ਸਾਥੀਆਂ ਨੇ ਸ਼ਹੀਦ ਊਧਮ ਸਿੰਘ ਸੁਨਾਮ ਦਾ ਵਾਰਿਸ ਹੋਣ ਦਾ ਮਾਣ ਹਾਸਲ ਕੀਤਾ ਹੈ।

ਸਵਾਲ : **ਮਾਤਾ ਜੀ, ਮੈਂ ਰਿਬੇਰੋ ਕਾਂਡ ਰੋਮਾਨੀਆ ਦੀ ਅਦਾਲਤ ਦਾ ਫ਼ੈਸਲਾ ਅਖ਼ਬਾਰਾਂ ਵਿਚ ਪੜ੍ਹਿਆ ਸੀ ਕਿ 3 ਫ਼ਰਵਰੀ 1992 ਤਕ ਸ਼ਹੀਦ ਭਾਈ ਜੁਗਰਾਜ ਸਿੰਘ ਦਾ ਹਾਲੇ ਅੰਤਮ ਸੰਸਕਾਰ ਨਹੀਂ ਸੀ ਹੋਇਆ। ਇਸ ਬਾਰੇ ਵੀ ਆਪ ਜੀ ਨੂੰ ਕੋਈ ਜਾਣਕਾਰੀ ਹੋਵੇਗੀ?**

ਜਵਾਬ : ਪੁੱਤਰ, ਜੁਗਰਾਜ ਸਿੰਘ ਦੇ ਅੰਤਮ ਸੰਸਕਾਰ ਵਿਚ ਸ਼ਾਮਲ ਹੋਣ ਲਈ ਮੈਂ ਵੀ ਦਿੱਲੀ ਰੋਮਾਨੀਆ ਦੇ ਦੂਤਘਰ ਨੂੰ ਅਰਜ਼ੀ ਵਿਚ ਅਪੀਲ ਕੀਤੀ ਸੀ ਕਿ ਮੈਨੂੰ ਜੁਗਰਾਜ ਸਿੰਘ, ਮੇਰੇ ਪੁੱਤਰ ਦੀ ਦੇਹ ਦਿੱਤੀ ਜਾਵੇ, ਤਾਂ ਜੋ ਅਸੀਂ ਆਪਣੇ ਧਰਮ-ਰੀਤੀ ਅਨੁਸਾਰ ਜੁਗਰਾਜ ਸਿੰਘ ਦੇ ਮਿਰਤਕ ਸਰੀਰ ਦਾ ਅੰਤਮ ਸੰਸਕਾਰ ਕਰ ਸਕੀਏ। ਪਰ ਭਾਰਤ ਸਰਕਾਰ ਨੇ ਇਹ ਕਹਿ ਕੇ ਰੋਮਾਨੀਆ ਸਰਕਾਰ ਨੂੰ ਰੋਕ ਦਿੱਤਾ ਕਿ ਪੰਜਾਬ ਦੇ ਸਿੱਖ ਇਸ ਨਾਲ ਭੜਕ ਪੈਣਗੇ। ਭਾਰਤ ਦੀ ਅਮਨ ਸ਼ਾਂਤੀ ਨੂੰ ਖ਼ਤਰਾ ਹੋ ਜਾਵੇਗਾ। ਜੁਗਰਾਜ ਸਿੰਘ ਦਾ ਸਸਕਾਰ ਇੰਗਲੈਂਡ ਦੇ ਪੰਜ ਸਿੰਘਾਂ ਨੇ ਰੋਮਾਨੀਆ ਦੀ ਰਾਜਧਾਨੀ ਬੁਖਾਰੈਸਟ ਵਿਚ ਜਾ ਕੇ ਕੀਤਾ ਹੈ। ਸ਼ਹੀਦ ਪੁੱਤਰ ਜੁਗਰਾਜ ਸਿੰਘ ਉੱਤੇ ਜ਼ਫਰ ਦਾ ਇਹ ਸ਼ਿਅਰ ਢੁੱਕਦਾ ਹੈ :

**ਕਿਤਨਾ ਹੈ ਬਦਨਸੀਬ ਜ਼ਫਰ (ਜੁਗਰਾਜ ਸਿੰਘ)**
**ਕਿ ਦਫ਼ਨ ਕੇ ਲੀਏ,**
**ਦੋ ਗਜ਼ ਜ਼ਮੀਨ ਭੀ ਨਾ ਮਿਲੀ**
**ਕੂਏ ਯਾਰ ਮੇਂ।**

ਜੁਗਰਾਜ ਸਿੰਘ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 8 ਅਕਤੂਬਰ 1992 ਨੂੰ ਜੱਦੀ ਪਿੰਡ ਸਮਾਲਸਰ ਵਿਖੇ ਪਾਏ ਗਏ। ਇਲਾਕੇ ਦੀਆਂ ਸਮੂੰਹ ਸੰਗਤਾਂ ਦਾ ਬੜਾ ਭਾਰੀ ਇਕੱਠ ਹੋਇਆ। ਇਸ ਸ਼ਹੀਦੀ ਸਮਾਗਮ ਵਿਚ ਸ਼ਰਧਾਂਜਲੀ ਭੇਟ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਰੋਡੇ, ਬਾਬਾ ਜੋਗਿੰਦਰ ਸਿੰਘ ਜੀ ਰੋਡੇ, ਸ. ਸਿਮਰਨਜੀਤ ਸਿੰਘ ਜੀ ਮਾਨ, ਦਮਦਮੀ ਟਕਸਾਲ ਦੇ ਸਿੰਘ, ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਵਰਕਰ ਵੀ ਸ਼ਾਮਲ ਹੋਏ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਰਾਗੀ ਸਿੰਘਾਂ ਨੇ ਵੈਰਾਗਮਈ ਕੀਰਤਨ ਕੀਤਾ। ਸਹੀਦ ਜੁਗਰਾਜ ਸਿੰਘ ਦੀ ਸ਼ਹੀਦੀ ਨੂੰ ਸ. ਊਧਮ ਸਿੰਘ ਸੁਨਾਮ ਦੇ ਬਰਾਬਰ ਸਨਮਾਨ ਦਿੱਤਾ ਗਿਆ। ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ, ਸਹੀਦ ਜੁਗਰਾਜ ਸਿੰਘ ਅਮਰ ਰਹੇ ਦੇ ਜੈਕਾਰਿਆਂ ਨਾਲ ਪੰਡਾਲ ਗੂੰਜਦਾ ਰਿਹਾ।

ਸਵਾਲ : **ਭਾਈ ਜੁਗਰਾਜ ਸਿੰਘ ਦੀ ਸ਼ਹੀਦੀ ਤੋਂ ਬਾਅਦ ਤਾਂ ਪੁਲਿਸ ਤੰਗ ਨਹੀਂ ਕਰਦੀ ?**

ਜਵਾਬ : ਪੰਜਾਬ ਪੁਲਿਸ ਕਦੀ ਸੰਗਰੂਰ ਦੀ, ਕਦੀ ਗੁਰਦਾਸਪੁਰ ਦੀ, ਕਦੀ ਕਪੂਰਥਲਾ ਦੀ, ਕਦੀ ਕਿਸੇ ਜ਼ਿਲ੍ਹੇ ਦੀ, ਕਦੀ ਕਿਸੇ ਜ਼ਿਲ੍ਹੇ ਦੀ ਆ ਕੇ ਸਾਡੇ ਘਰ ਸਮਾਲਸਰ ਛਾਪਾ ਮਾਰਦੀ ਰਹਿੰਦੀ ਹੈ। ਪੁਲਿਸ ਕਹਿੰਦੀ ਹੈ ਕਿ ਸਾਨੂੰ ਦੱਸੋ ਜੁਗਰਾਜ ਸਿੰਘ ਕਿਥੇ ਹੈ ? ਕਿਥੇ ਰਹਿੰਦਾ ਹੈ ? ਪੁਲਿਸ ਵਾਲੇ ਆਣ ਕੇ ਸਗੋਂ ਦਿਲ ਦੁਖੀ ਕਰਦੇ ਹਨ। ਅਸੀਂ ਕਿਥੋਂ ਦੱਸੀਏ, ਜਿਹੜਾ ਸ਼ਹੀਦ ਹੀ ਹੋ ਗਿਆ। ***

# ਸ਼ਹੀਦ ਭਾਈ ਗੁਰਮੇਜ ਸਿੰਘ ਢਿਲਵਾਂ
## ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ



ਜੂਨ 1984 ਦੇ ਘੱਲੂਘਾਰੇ ਨੂੰ ਦੇਖ ਕੇ ਕੋਈ ਨਹੀਂ ਸੀ ਕਹਿੰਦਾ ਕਿ ਸਿੱਖ ਦੁਬਾਰਾ ਫਿਰ ਉੱਠਣਗੇ ਅਤੇ ਕੌਮ ਦੀ ਆਜ਼ਾਦੀ ਲਈ, ਹਿੰਦ ਸਰਕਾਰ ਨਾਲ ਟੱਕਰ ਲੈਣਗੇ। ਜੂਨ 1984 ਦੇ ਖ਼ੂਨੀ ਘੱਲੂਘਾਰੇ ਤੋਂ ਬਾਅਦ ਸਿੱਖ ਸੰਘਰਸ਼ ਨੂੰ ਦੁਬਾਰਾ ਪ੍ਰਚੰਡ ਕਰਨ ਵਾਲੇ ਸੂਰਮੇ ਸਿੰਘਾਂ ਵਿਚੋਂ ਇਕ ਨਾਂ ਹੈ ਭਾਈ ਗੁਰਮੇਜ ਸਿੰਘ ਢਿੱਲਵਾਂ ਦਾ।

ਭਾਈ ਗੁਰਮੇਜ ਸਿੰਘ ਦਾ ਜਨਮ ਪਿਤਾ ਸ. ਸੰਤ ਸਿੰਘ ਦੇ ਘਰ ਮਾਤਾ ਪਿਆਰ ਕੌਰ ਦੀ ਕੁੱਖੋਂ ਪਿੰਡ ਢਿਲਵਾਂ ਨੇੜੇ ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ ਵਿਚ ਹੋਇਆ। ਆਪ ਸਾਰੇ ਭੈਣ ਭਰਾਵਾਂ ਤੋਂ ਵੱਡੇ ਸਨ। ਭਰਾ ਬਲਦੇਵ ਸਿੰਘ, ਦਲਬੀਰ ਸਿੰਘ, ਲਖਵਿੰਦਰ ਸਿੰਘ, ਬਲਵਿੰਦਰ ਸਿੰਘ, ਗੁਰਨਾਮ ਸਿੰਘ; ਭੈਣਾਂ ਰਾਣੀ, ਗੁਰਮੇਜ ਕੌਰ ਹਨ। ਭਾਈ ਗੁਰਮੇਜ ਸਿੰਘ ਨੇ ਪੰਜਵੀਂ ਤਕ ਮੁੱਢਲੀ ਵਿਦਿਆ ਢਿੱਲਵਾਂ ਦੇ ਸਕੂਲ ਤੋਂ, ਦਸਵੀਂ ਧਿਆਨਪੁਰ ਦੇ ਸਰਕਾਰੀ ਸਕੂਲ ਤੋਂ, ਬੀ.ਏ. ਗੁਰੂ ਨਾਨਕ ਕਾਲਜ ਬਟਾਲਾ ਤੋਂ ਕੀਤੀ। ਗੁਰੂ ਨਾਨਕ ਕਾਲਜ ਬਟਾਲਾ ਦੀ ਪੜ੍ਹਾਈ ਸਮੇਂ ਭਾਈ ਗੁਰਮੇਜ ਸਿੰਘ ਨੂੰ ਸਿੱਖ ਸਟੂਡੈਂਟਸ ਫ਼ੈਡਰੇਸਨ ਜ਼ਿਲ੍ਹਾ ਗੁਰਦਾਸਪੁਰ ਦਾ ਪ੍ਰਧਾਨ ਚੁਣਿਆ ਗਿਆ। ਇਸ ਦੌਰਾਨ ਸੰਨ 1983 ਵਿਚ ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸੰਪਰਕ ਵਿਚ ਆਏ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਸਿੱਖ ਇਨਕਲਾਬੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਸਿੱਖ ਕੌਮ ਦੀ ਆਜ਼ਾਦੀ ਦੇ ਸੰਘਰਸ਼ ਨਾਲ ਜੁੜ ਗਏ। ਭਾਈ ਸਾਹਿਬ ਚੰਗੇ ਖਾਂਦੇ ਪੀਂਦੇ ਪਰਿਵਾਰ ਨਾਲ ਸੰਬੰਧਿਤ ਸਨ, ਚੰਗੇ-ਚੰਗੇ ਘਰਾਂ ਦੇ ਵਿਆਹ ਲਈ ਰਿਸ਼ਤੇ ਆਉਣ ਲੱਗੇ। ਘਰਦਿਆਂ ਨੇ ਰਿਸ਼ਤਾ ਪੱਕਾ ਕਰਨ ਲਈ ਗੱਲ ਚਲਾਈ ਤਾਂ ਭਾਈ ਗੁਰਮੇਜ ਸਿੰਘ ਨੇ ਮਾਤਾ-ਪਿਤਾ ਨੂੰ ਸਾਫ਼ ਸ਼ਬਦਾਂ ਵਿਚ ਕਹਿ ਦਿੱਤਾ ਕਿ ਮੈਂ ਸਿੱਖ ਕੌਮ ਦੀ ਆਜ਼ਾਦੀ ਦੇ ਸੰਘਰਸ਼ ਨੂੰ ਸਮਰਪਿਤ ਹੋ ਗਿਆ ਹਾਂ ਤੇ ਸਿੱਖ ਸੰਘਰਸ਼ ਵਿਚ ਜੂਝਦਿਆਂ ਸ਼ਹੀਦੀ ਪਾਉਣੀ ਹੈ। ਇਸ ਲਈ ਬਿਗਾਨੀ ਧੀ ਨੂੰ ਦੁੱਖਾਂ ਵਿਚ ਕਿਉਂ ਪਾਵਾਂ ? ਜੂਨ 1984 ਦੇ ਘੱਲੂਘਾਰੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਤੋਂ ਬਾਹਰ

ਸਨ। ਜੂਨ 1984 ਦੇ ਘੱਲੂਘਾਰੇ ਵੇਲੇ ਬਹੁਤ ਸਾਰੇ ਸੰਗੀ-ਸਾਥੀ ਸ੍ਰੀ ਹਰਿਮੰਦਰ ਸਾਹਿਬ ਵਿਚ ਸਨ। ਸ੍ਰੀ ਦਰਬਾਰ ਸਾਹਿਬ ਉਪਰ ਹਿੰਦੁਸਤਾਨ ਦੀ ਰਾਣੀ ਇੰਦਰਾ ਗਾਂਧੀ ਵੱਲੋਂ ਕੀਤੇ ਗਏ ਫ਼ੌਜੀ ਹਮਲੇ ਸਮੇਂ ਪਿੰਡਾਂ ਵਿਚ ਸਿੱਖਾਂ ਦੇ ਵਹੀਰ ਸ੍ਰੀ ਦਰਬਾਰ ਸਾਹਿਬ ਵੱਲ ਚਾਲੇ ਪਾ ਉੱਠੇ, ਜਿਨ੍ਹਾਂ ਨੂੰ ਹਿੰਦੁਸਤਾਨ ਦੀਆਂ ਫ਼ੌਜਾਂ ਨੇ ਟੈਂਕਾਂ ਤੋਪਾਂ ਨਾਲ ਸ਼ਹਿਰ ਵੱਲ ਅੱਗੇ ਜਾਣ ਤੋਂ ਰੋਕਿਆ। ਸੈਂਕੜੇ ਸਿੱਖ ਮਸ਼ੀਨ ਗੰਨਾਂ ਦੀਆਂ ਗੋਲੀਆਂ ਨਾਲ ਸ਼ਹੀਦ ਕੀਤੇ ਗਏ, ਸਿੱਖਾਂ ਦੇ ਵਹੀਰ ਫ਼ੌਜ ਨੇ ਸਖ਼ਤੀ ਨਾਲ ਖਦੇੜ ਦਿੱਤੇ। ਭਾਈ ਗੁਰਮੇਜ ਸਿੰਘ ਗੁਪਤ ਰਸਤੇ ਕੰਧਾਂ-ਕੋਠੇ ਟੱਪਦੇ ਹੋਏ 8 ਜੂਨ 1984 ਨੂੰ ਸ੍ਰੀ ਦਰਬਾਰ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਬਾਹੀ ਅੱਖੀਂ ਵੇਖ ਕੇ ਆਏ, ਮਨ ਨੂੰ ਬਹੁਤ ਧੱਕਾ ਲੱਗਾ, ਦੁੱਖ ਹੋਇਆ ਤੇ ਹਰ ਵੇਲੇ ਹੱਸਣ-ਖੇਡਣ ਵਾਲੇ ਸੁਭਾਅ ਦਾ ਮਾਲਕ ਚੁੱਪ ਰਹਿਣ ਲੱਗਾ। ਪੰਜਾਬ ਵਿਚੋਂ ਸਰਕਾਰ ਨੇ ਹੌਲੀ-ਹੌਲੀ ਕਰਫ਼ਿਊ ਹਟਾਇਆ, ਦਰਬਾਰ ਸਾਹਿਬ ਦਰਸ਼ਨਾਂ ਲਈ ਖੁੱਲ੍ਹਿਆ, ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਪੜ੍ਹਾਈ ਦੇ ਨਾਲ-ਨਾਲ ਆਪ ਸ੍ਰੀ ਦਰਬਾਰ ਸਾਹਿਬ ਜਾਂਦੇ, ਜਿਥੇ ਸਿੱਖਾਂ ਨਾਲੋਂ ਮਸਖ਼ਰੇ ਹਿੰਦੂ ਜ਼ਿਆਦਾ ਗਿਣਤੀ ਵਿਚ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਬਾਹੀ ਵੇਖਣ ਆਉਂਦੇ ਤੇ ਸਿੱਖਾਂ ਦੇ ਚਿਹਰੇ ਉਦਾਸ ਤੇ ਰੋਂਦੇ ਹੋਏ ਨਜ਼ਰ ਆਉਂਦੇ ਸਨ। ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਗਿਆਂ ਹਮ-ਖ਼ਿਆਲ ਸਾਥੀ ਸਿੰਘਾਂ, ਭਾਈ ਰਣਜੀਤ ਸਿੰਘ ਦਿਆਲਗੜ੍ਹ, ਬਾਬਾ ਮੱਖਣ ਸਿੰਘ ਛਿੱਥ, ਭਾਈ ਤਰਸੇਮ ਸਿੰਘ ਕੁਹਾੜ, ਭਾਈ ਹਰਜਿੰਦਰ ਸਿੰਘ ਜਿੰਦਾ ਅਰਜਨਪੁਰ, ਭਾਈ ਜੋਗਾ ਸਿੰਘ ਬਿਸ਼ਨੰਦੀ ਨਾਲ ਮੇਲ ਹੋਇਆ। ਸਿੱਖਾਂ ਨੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਬਾਹੀ, ਹਜ਼ਾਰਾਂ ਸਿੱਖਾਂ ਦਾ ਹਿੰਦ ਸਰਕਾਰ ਦੀਆਂ ਫ਼ੌਜਾਂ ਵੱਲੋਂ ਕੀਤੇ ਗਏ ਕਤਲੇਆਮ ਦਾ ਬਦਲਾ ਲੈਣ ਦਾ ਪ੍ਰਣ ਕੀਤਾ ਕਿ ਜਿਉਂਦੇ ਜੀਅ ਅਸੀਂ ਟਿਕ ਕੇ ਨਹੀਂ ਬੈਠਾਂਗੇ, ਬਦਲਾ ਲਵਾਂਗੇ। ਸਿੱਖ ਕੌਮ ਦੀ ਆਜ਼ਾਦੀ ਤੇ ਖ਼ਾਲਸਾ ਰਾਜ ਲਈ ਸੰਘਰਸ਼ ਕਰਾਂਗੇ, ਮੈਦਾਨੇ ਜੰਗ ਵਿਚ ਜੂਝਦੇ ਹੋਏ ਸ਼ਹੀਦ ਹੋਵਾਂਗੇ।

ਸਿੱਖ ਸੰਘਰਸ ਨੂੰ ਦੁਬਾਰਾ ਪ੍ਰਚੰਡ ਕਰਨ ਲਈ ਰੁਪਏ-ਪੈਸੇ ਦੀ ਅਤੇ ਹਥਿਆਰਾਂ ਦੀ ਲੋੜ ਜ਼ਰੂਰੀ ਸੀ। ਜਿਸ ਨੂੰ ਮੁੱਖ ਰੱਖ ਕੇ ਭਾਈ ਗੁਰਮੇਜ ਸਿੰਘ ਨੇ ਮਾਤਾ ਪਿਤਾ ਜੀ ਨੂੰ ਕਿਹਾ ਕਿ ਮੈਂ ਬੀ.ਏ. ਫ਼ਾਈਨਲ ਦੇ ਪੇਪਰ ਦਿੱਤੇ ਹਨ, ਅੱਗੇ ਹੋਰ ਪੜ੍ਹਾਈ ਦਾ ਖ਼ਰਚਾ ਤੋਰਨ ਲਈ ਮੈਂ ਅੰਮ੍ਰਿਤਸਰ ਵਿਚ ਦੁਕਾਨ ਖੋਲ੍ਹਣੀ ਹੈ, ਦਸ ਹਜ਼ਾਰ ਰੁਪਏ ਦਿਉ। ਮੈਂ ਰੋਜ਼-ਰੋਜ਼ ਪੜ੍ਹਾਈ ਦਾ ਖ਼ਰਚਾ ਨਹੀਂ ਮੰਗਾਂਗਾ। ਮਾਤਾ ਜੀ ਤੋਂ ਦਸ ਹਜ਼ਾਰ ਰੁਪਏ ਲੈ ਕੇ ਸਿੱਖ ਸੰਘਰਸ਼ ਲਈ ਹਥਿਆਰ ਖ਼ਰੀਦੇ। ਅਕਤੂਬਰ 1984 ਵਿਚ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ, ਡੇਢ ਮਹੀਨਾ ਤਸੀਹੇ ਦੇ ਕੇ ਤਸ਼ੱਦਦ ਕਰਦੀ ਰਹੀ, ਪਰ ਕਿਸੇ ਵੀ ਸਾਥੀ ਦਾ ਭੇਤ, ਸੂਹ ਨਾ ਲੈ ਸਕੀ ਤੇ ਕੇਸ ਪਾ ਕੇ ਗੁਰਦਾਸਪੁਰ ਜੇਲ੍ਹ ਵਿਚ ਬੰਦ ਕਰ ਦਿੱਤਾ। ਗੁਰਦਾਸਪੁਰ ਜੇਲ੍ਹ ਵਿਚ ਭਾਈ ਮਨਜੀਤ ਸਿੰਘ ਖੁਜਾਲਾ, ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਭਾਈ ਜੋਗਾ ਸਿੰਘ ਬਿਸ਼ਨੰਦੀ,

ਮਦਨ ਲਾਲ ਕਾਦੀਆਂ, ਭਾਈ ਜਸਬੀਰ ਸਿੰਘ ਢਿੱਲਵਾਂ, ਭਾਈ ਹਰਜਿੰਦਰ ਸਿੰਘ ਕਾਕਾ ਅਖਾੜਾ ਲੁਧਿਆਣਾ ਵੀ ਪੁਲਿਸ ਨੇ ਫੜ ਕੇ ਕਈ ਕੇਸ ਪਾ ਕੇ ਬੰਦ ਕੀਤੇ ਸਨ। 26 ਜਨਵਰੀ 1985 ਨੂੰ ਜੇਲ੍ਹ ਸੁਪ੍ਰਿੰਟੈਂਡੈਂਟ ਨੇ ਜੇਲ੍ਹ ਵਿਚ ਗਣਤੰਤਰ ਦਿਵਸ 'ਤੇ ਤਿਰੰਗਾ ਝੰਡਾ ਲਹਿਰਾਉਣ ਸੀ। ਸਿੰਘਾਂ ਨੇ 26 ਜਨਵਰੀ 1985 ਨੂੰ ਗੁਰਦਾਸਪੁਰ ਜੇਲ੍ਹ ਵਿਚ ਰੋਸ ਦਿਵਸ ਮਨਾਉਣ ਵਜੋਂ ਕਾਲਾ ਝੰਡਾ ਚੜ੍ਹਾਉਣ ਦਾ ਫ਼ੈਸਲਾ ਕਰ ਲਿਆ। 26 ਜਨਵਰੀ 1985 ਨੂੰ 9 ਵਜੇ ਜੇਲ੍ਹ ਸੁਪ੍ਰਿੰਟੈਂਡੈਂਟ ਨੇ ਤਿਰੰਗਾ ਲਹਿਰਾਉਣਾ ਸੀ, ਬੈਂਡ ਵਾਜੇ ਨਾਲ ਸਲਾਮੀ ਦੀਆਂ ਪੂਰੀਆਂ ਤਿਆਰੀਆਂ ਕਰ ਲਈਆਂ ਸਨ। ਜੇਲ੍ਹ ਦੇ ਕੈਦੀਆਂ ਨੇ ਵੀ ਸਲਾਮੀ ਵਿਚ ਸ਼ਾਮਲ ਹੋਣਾ ਸੀ। ਸਿਰਫ਼ 9 ਵੱਜਣ ਵਿਚ ਕੁਝ ਮਿੰਟ ਬਾਕੀ ਸਨ। ਸਿੰਘਾਂ ਨੇ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾ ਦਿੱਤੇ, ਸਿੰਘਾਂ ਜੈਕਾਰੇ ਗਜਾ ਕੇ ਕਾਲਾ ਝੰਡਾ ਚੜ੍ਹਾਉਣ ਦਾ ਬਿਗਲ ਵਜਾ ਦਿੱਤਾ। ਸਤਿ ਸ੍ਰੀ ਅਕਾਲ ਕਹਿਣ ਤੋਂ ਭਾਵ ਸੀ ਕਿ ਅਸੀਂ ਸਾਰੇ ਕਾਲਾ ਝੰਡਾ ਚੜ੍ਹਾ ਕੇ ਹਿੰਦੁਸਤਾਨ ਦੇ ਸੰਵਿਧਾਨ ਦੀਆਂ ਸਿੱਖ-ਵਿਰੋਧੀ ਨੀਤੀਆਂ ਦਾ ਵਿਰੋਧ ਕਰਦੇ ਹਾਂ ਤੇ ਅਸੀਂ ਰੋਸ ਦਿਵਸ ਮਨਾ ਰਹੇ ਹਾਂ। ਭਾਈ ਗੁਰਮੇਜ ਸਿੰਘ ਕਾਲੇ ਰੰਗ ਦਾ ਕੱਪੜਾ ਜੋ ਉਸ ਦੇ ਕੋਲ ਸੀ, ਲੈ ਕੇ ਤਿਰੰਗਾ ਚੜ੍ਹਾਉਣ ਵਾਲੇ ਪੋਲ ਉੱਤੇ ਚੜ੍ਹ ਗਿਆ ਤੇ ਕਾਲਾ ਝੰਡਾ ਚੜ੍ਹਾ ਰਿਹਾ ਸੀ ਤਾਂ ਜੇਲ੍ਹ ਸੁਪ੍ਰਿੰਟੈਂਡੈਂਟ ਹੱਥ ਵਿਚ ਪਿਸਤੌਲ ਫੜੀ ਭਾਈ ਗੁਰਮੇਜ ਸਿੰਘ ਵੱਲ ਸਿੱਧੀ ਕਰ ਕੇ ਕਹਿ ਰਿਹਾ ਸੀ ਕਿ ਗੁਰਮੇਜ ਸਿੰਘ, ਝੰਡਾ ਲੈ ਕੇ ਹੇਠਾਂ ਆ ਜਾ, ਨਹੀਂ ਤਾਂ ਗੋਲੀ ਆਈ। ਭਾਈ ਗੁਰਮੇਜ ਸਿੰਘ ਨੇ ਪੁਰਾਣਾ ਤਿਰੰਗਾ ਹੇਠਾਂ ਸੁੱਟ ਦਿੱਤਾ ਤੇ ਕਾਲਾ ਝੰਡਾ ਚੜ੍ਹਾ ਦਿੱਤਾ ਤੇ ਕਿਹਾ ਕਿ ਮੈਂ ਆਪਣਾ ਕੰਮ ਪੂਰਾ ਕਰ ਲਿਆ ਹੈ, ਤੁਸੀਂ ਆਪਣਾ ਕਰ ਲਵੋ। ਭਾਈ ਗੁਰਮੇਜ ਸਿੰਘ ਨੂੰ ਗੁਰਦਾਸਪੁਰ ਜੇਲ੍ਹ ਤੋਂ ਤਬਦੀਲ ਕਰ ਕੇ ਫ਼ਿਰੋਜ਼ਪੁਰ ਜੇਲ੍ਹ ਵਿਚ ਭੇਜ ਦਿੱਤਾ ਗਿਆ।

ਅਕਤੂਬਰ 1985 ਵਿਚ ਇਕ ਸਾਲ ਦੀ ਜੇਲ੍ਹਬੰਦੀ ਤੋਂ ਬਾਅਦ ਜ਼ਮਾਨਤ ਹੋਈ ਤੇ ਘਰ ਆ ਗਿਆ। ਬਾਬਾ ਜੋਗਿੰਦਰ ਸਿੰਘ ਰੋਡੇ (ਪਿਤਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ) ਵੱਲੋਂ ਸਿੱਖ ਧਰਮ ਪ੍ਰਚਾਰ, ਅੰਮ੍ਰਿਤ ਸੰਚਾਰ ਦੀ ਲਹਿਰ ਚਲਾਈ ਗਈ। ਆਪਣੇ ਇਲਾਕੇ (ਜ਼ਿਲ੍ਹਾ ਗੁਰਦਾਸਪੁਰ) ਵਿਚ ਪਿੰਡ ਕੋਟਲੀ ਸੂਰਮ ਮੱਲ੍ਹੀ, ਧਾਰੋਵਾਲੀ, ਵਡਾਲਾ ਗ੍ਰੰਥੀਆਂ, ਵਡਾਲਾ ਬਾਂਗਰ, ਢਿਲਵਾਂ ਵਿਚ ਅੰਮ੍ਰਿਤ ਸੰਚਾਰ ਸਮਾਗਮ ਕਰਵਾ ਕੇ ਸੈਂਕੜੇ ਸਿੰਘਾਂ, ਸਿੰਘਣੀਆਂ, ਬੱਚਿਆਂ ਨੂੰ ਅੰਮ੍ਰਿਤ ਛਕਾ ਕੇ ਗੁਰਸਿੱਖੀ ਜੀਵਨ ਨਾਲ ਜੋੜਿਆ। ਭਾਈ ਗੁਰਮੇਜ ਸਿੰਘ ਦੇ ਸਾਥੀ ਗੁਰਦਾਸਪੁਰ ਜੇਲ੍ਹ ਵਿਚ ਬੰਦ ਸਨ। ਉਹਨਾਂ ਨੂੰ ਛੁਡਵਾਉਣ ਦੀ ਸਕੀਮ ਬਣਾਈ। ਕਿਸੇ ਤਰ੍ਹਾਂ ਸਟੇਨ ਗੰਨ ਤੇ ਪਿਸਤੌਲ, ਗੋਲੀ-ਸਿੱਕਾ ਸਾਥੀ ਸਿੰਘਾਂ ਤਕ ਜੇਲ੍ਹ ਅੰਦਰ ਪਹੁੰਚਾਇਆ। ਜਿਸ ਦੀ ਮਦਦ ਨਾਲ 27 ਜਨਵਰੀ 1986 ਨੂੰ ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਭਾਈ ਜੋਗਾ ਸਿੰਘ ਬਿਸ਼ਨੰਦੀ, ਭਾਈ ਹਰਜਿੰਦਰ ਸਿੰਘ ਕਾਕਾ ਅਖਾੜਾ ਲੁਧਿਆਣਾ, ਭਾਈ ਰੌਸ਼ਨ ਲਾਲ ਬੈਰਾਗੀ (ਵਰਪਾਲ), ਭਾਈ ਦਲਬੀਰ ਸਿੰਘ ਬਿੱਲਾ (ਵਰਪਾਲ)

ਗੁਰਦਾਸਪੁਰ ਜੇਲ੍ਹ ਵਿਚੋਂ ਭੱਜਣ ਵਿਚ ਸਫਲ ਹੋ ਗਏ। ਸਿੰਘਾਂ ਨੇ ਜੇਲ੍ਹ ਵਿਚੋਂ ਭੱਜਣ ਤੋਂ ਬਾਅਦ, ਖ਼ਾਲਿਸਤਾਨ ਆਰਮਡ ਫੋਰਸ ਦੀ ਸਥਾਪਨਾ ਕੀਤੀ, ਬਾਬਾ ਰਣਜੀਤ ਸਿੰਘ ਦਿਆਲਗੜ੍ਹ ਮੁਖੀ ਬਣਾਏ ਗਏ, ਭਾਈ ਮੱਖਣ ਸਿੰਘ ਛਿੱਥ ਲੈਫਟੀਨੈਂਟ ਜਨਰਲ ਬਣਾਇਆ ਗਿਆ। ਭਾਈ ਗੁਰਮੇਜ ਸਿੰਘ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ ਵਜੋਂ ਸਿੱਖ ਸੰਘਰਸ਼ ਪ੍ਰਤੀ ਸੇਵਾਵਾਂ ਨਿਭਾਉਂਦੇ ਰਹੇ।

ਬਾਬਾ ਜੋਗਿੰਦਰ ਸਿੰਘ ਜੀ ਨੇ ਜੇਲ੍ਹਾਂ ਵਿਚ ਬੰਦ ਸਿੰਘਾਂ ਦੀ ਰਿਹਾਈ ਲਈ 20 ਮਾਰਚ 1987 ਨੂੰ ਬਰਨਾਲਾ ਸਰਕਾਰ ਵੇਲੇ ਚੰਡੀਗੜ੍ਹ ਵਿਧਾਨ ਸਭਾ ਦਾ ਘਿਰਾਉ ਕੀਤਾ। ਸੁਰਜੀਤ ਸਿੰਘ ਬਰਨਾਲਾ ਦੀ ਅਖੌਤੀ ਪੰਥਕ ਸਰਕਾਰ ਦੀ ਪੁਲਿਸ ਨੇ ਚੰਡੀਗੜ੍ਹ ਵਿਧਾਨ ਸਭਾ ਦੇ ਸਾਹਮਣੇ ਸ਼ਾਂਤਮਈ ਘਿਰਾਉ ਕਰ ਰਹੇ ਸਿੰਘਾਂ ਉੱਤੇ ਗੋਲੀ ਚਲਾ ਕੇ ਭਾਈ ਬਲਕਾਰ ਸਿੰਘ ਤੇ ਚਾਰ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ। ਭਾਈ ਬਲਕਾਰ ਸਿੰਘ ਤੇ ਤਿੰਨ ਹੋਰ ਸਿੰਘਾਂ ਦੇ ਸ਼ਹੀਦੀ ਸਮਾਗਮ ਦੌਰਾਨ ਬਾਬਾ ਜੋਗਿੰਦਰ ਸਿੰਘ ਰੋਡੇ ਵੀ ਪਹੁੰਚੇ। ਬਹੁਤ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਦਾ ਇਕੱਠ ਹੋਇਆ।

ਭਾਈ ਗੁਰਮੇਜ ਸਿੰਘ ਢਿਲਵਾਂ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵੱਲੋਂ ਅਤੇ ਖ਼ਾਲਿਸਤਾਨ ਆਰਮਡ ਫ਼ੋਰਸ ਵੱਲੋਂ ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਭਾਈ ਮੱਖਣ ਸਿੰਘ ਛਿੱਥ ਨੇ ਸਟੇਜ ਤੋਂ ਸਿੱਖ ਸੰਗਤਾਂ ਨੂੰ ਸੰਬੋਧਨ ਕੀਤਾ ਕਿ ਖ਼ਾਲਸਾ ਜੀ, ਖੱਟੀਆਂ ਕੇਸਰੀ ਪੱਗਾਂ ਬੰਨ੍ਹਿਆਂ ਕੁਝ ਨਹੀਂ ਬਣਨਾ। ਜਿਸ ਦੇ ਦੋ ਪੁੱਤਰ ਹਨ ਉਹ ਇਕ ਤੇ ਜਿਸ ਦੇ ਪੰਜ ਪੁੱਤਰ ਹਨ, ਉਹ ਦੋ ਪੁੱਤਰ ਸਿੱਖ ਸੰਘਰਸ਼ ਵਿਚ ਹਕੂਮਤ ਵਿਰੁੱਧ ਲੜਨ ਲਈ ਦਿਉ। ਖ਼ਾਲਿਸਤਾਨ ਆਰਮਡ ਫ਼ੋਰਸ ਵਿਚ ਭਰਤੀ ਹੋਵੋ। ਸਿੱਖ ਕੌਮ ਨੂੰ ਆਜ਼ਾਦੀ ਤਾਂ ਹੀ ਪ੍ਰਾਪਤ ਹੋ ਸਕਦੀ ਹੈ। ਪੁਲਿਸ ਨੇ ਪੰਡਾਲ ਨੂੰ ਘੇਰਾ ਪਾਇਆ ਹੋਇਆ ਸੀ, ਪਰ ਸਾਰੇ ਸਿੰਘ ਭੇਸ ਵਟਾ ਕੇ ਪੁਲਿਸ ਘੇਰੇ ਵਿਚੋਂ ਨਿਕਲ ਗਏ।

10 ਅਪ੍ਰੈਲ 1986 ਨੂੰ ਅਖੌਤੀ ਪੰਥਕ ਅਕਾਲੀ ਸੁਰਜੀਤ ਸਿਹੁੰ ਬਰਨਾਲਾ ਮੁੱਖ ਮੰਤਰੀ ਪੰਜਾਬ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਪੁਲਿਸ ਭੇਜੀ, ਸ੍ਰੀ ਦਰਬਾਰ ਸਾਹਿਬ ਅੰਦਰ ਸਾਰੇ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਾਰ ਸੇਵਾ ਕਰਨ ਵਾਲੇ ਸਨ, ਲੜਾਈ ਦਾ ਢੁਕਵਾਂ ਸਾਮਾਨ ਨਾ ਹੋਣ ਕਰਕੇ, ਸਿੰਘ ਸਾਹਿਬ ਜਥੇਦਾਰ ਗੁਰਦੇਵ ਸਿੰਘ ਕਾਉਂਕੇ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਗਿਆ ਲੈ ਕੇ ਭੇਸ ਬਦਲਾ ਕੇ ਸ੍ਰੀ ਦਰਬਾਰ ਸਾਹਿਬ ਵਿਚੋਂ ਬਾਹਰ ਨਿਕਲਣ ਵਿਚ ਸਫਲ ਹੋ ਗਏ। ਭਾਈ ਗੁਰਮੇਜ ਸਿੰਘ, ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਬਾਬਾ ਮੱਖਣ ਸਿੰਘ ਛਿੱਥ ਨੇ ਸਿੱਖ ਸੰਘਰਸ਼ ਵਿਚ ਸ਼ਹੀਦ ਸਿੰਘਾਂ ਦੇ ਬੇਸਹਾਰਾ ਪਰਿਵਾਰਾਂ ਦੀਆਂ ਬੱਚੀਆਂ ਦੀ ਸ਼ਾਦੀ ਲਈ ਆਰਥਿਕ ਮਦਦ ਕੀਤੀ।

ਇਕ ਵਾਰੀ ਭਾਈ ਗੁਰਮੇਜ ਸਿੰਘ, ਬਾਬਾ ਰਣਜੀਤ ਸਿੰਘ, ਭਾਈ ਮੱਖਣ ਸਿੰਘ, ਭਾਈ ਪਰਮਜੀਤ ਸਿੰਘ ਤੁਗਲਵਾਲਾ ਵਡਾਲਾ ਬਾਂਗਰ ਦੀ ਸਟੇਜ ਤੋਂ ਇਕੱਠ ਨੂੰ ਸੰਬੋਧਨ ਕਰ ਕੇ ਟਰੈਕਟਰ ਉੱਤੇ ਤੁਗਲਵਾਲਾ ਤੋਂ ਪਿੰਡ ਹਿਸਾਰੀ ਨੂੰ ਜਾ ਰਹੇ

ਸਨ ਤੇ ਅੱਗੇ ਪੁਲਿਸ ਨੇ ਨਾਕਾ ਲਾਇਆ ਹੋਇਆ ਸੀ। ਮੁਕਾਬਲਾ ਹੋ ਗਿਆ, ਟਰੈਕਟਰ ਛੱਡ ਕੇ ਬਚ ਕੇ ਨਿਕਲ ਗਏ। ਪਿੰਡ ਦਿਆਲਗੜ੍ਹ ਨੂੰ ਜਾਣ ਵਾਲੀ ਸੜਕ ਉੱਤੇ ਬਣੇ ਗੇਟ ਉੱਤੇ ਜਨਰਲ ਰਾਜਿੰਦਰ ਸਿੰਘ ਸਪੈਰੋ ਦਾ ਨਾਮ ਮਿਟਾ ਕੇ ਭਾਈ ਗੁਰਮੇਜ ਸਿੰਘ ਤੇ ਬਾਬਾ ਰਣਜੀਤ ਸਿੰਘ, ਮੱਖਣ ਸਿੰਘ ਛਿੱਥ ਨੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਾ ਲਿਖ ਦਿੱਤਾ। ਜਿੰਨਾ ਚਿਰ ਭਾਈ ਗੁਰਮੇਜ ਸਿੰਘ, ਬਾਬਾ ਰਣਜੀਤ ਸਿੰਘ, ਭਾਈ ਮੱਖਣ ਸਿੰਘ ਜਿਉਂਦੇ ਰਹੇ, ਕਿਸੇ ਅਫ਼ਸਰ ਨੇ ਗੇਟ 'ਤੋਂ ਸੰਤ ਜਰਨੈਲ ਸਿੰਘ ਦਾ ਨਾਂ ਮਿਟਾਉਣ ਦੀ ਜੁਰਅਤ ਨਹੀਂ ਕੀਤੀ।

ਪਿੰਡ ਗਦੜੀਆਂ ਨੇੜੇ ਸੀ.ਆਰ.ਪੀ. ਦਾ ਨਾਕਾ ਲਾਇਆ ਹੋਇਆ ਸੀ। ਰਾਤ ਹਨੇਰਾ ਹੋਣ ਕਰਕੇ ਭਾਈ ਗੁਰਮੇਜ ਸਿੰਘ, ਭਾਈ ਰਣਜੀਤ ਸਿੰਘ ਦਿਆਲਗੜ੍ਹ, ਭਾਈ ਮੱਖਣ ਸਿੰਘ ਛਿੱਥ, ਭਾਈ ਪਰਮਜੀਤ ਸਿੰਘ ਨਾਕੇ 'ਤੇ ਘੇਰੇ ਗਏ। ਡੱਬਾਂ ਵਿਚ ਪਿਸਤੌਲ ਸਨ, ਸੀ.ਆਰ.ਪੀ. ਵਾਲਿਆਂ ਨੇ ਚੁਫੇਰੇ ਘੇਰਾ ਘੱਤ ਲਿਆ ਤੇ ਹੱਥ ਖੜੇ ਕਰਨ ਲਈ ਕਿਹਾ ਤੇ ਹਥਿਆਰ ਤਾਣ ਲਏ। ਅੱਗੋਂ ਸਿੰਘਾਂ ਨੇ ਗਰਜ ਕੇ ਕਿਹਾ ਕਿ ਖ਼ਬਰਦਾਰ, ਜੇ ਸਾਨੂੰ ਹੱਥ ਲਾਇਆ। ਸਿੰਘਾਂ ਦੀ ਗਰਜ ਸੁਣ ਕੇ ਸੀ.ਆਰ.ਪੀ. ਦਾ ਅਫ਼ਸਰ ਕਹਿੰਦਾ ਕਿ ਤੁਸੀਂ ਕੌਣ ਲੋਕ ਹੁੰਦੇ ਹੋ? ਸਿੰਘਾਂ ਕਿਹਾ ਕਿ ਜਿਨ੍ਹਾਂ ਨੂੰ ਫੜਨ ਵਾਸਤੇ ਤੁਸੀਂ ਨਾਕਾ ਲਾਇਆ ਹੋਇਆ ਹੈ। ਸੀ.ਆਰ.ਪੀ. ਦਾ ਮੌਕੇ ਦਾ ਅਫ਼ਸਰ ਕਹਿੰਦਾ ਕਿ ਬਾਬਾ ਜੀ, ਗੋਲੀ ਮਤ ਚਲਾਣਾ। ਹਮ ਭੀ ਨਹੀਂ ਚਲਾਏਂਗੇ। ਤੁਮ ਜਾਤੇ ਰਹਿਣਾ, ਹਮ ਲੋਕ ਤੁਮ ਲੋਕ ਕੋ ਰੋਕੇਗਾ ਨਹੀਂ। ਅਕਾਲ ਪੁਰਖ ਵਾਹਿਗੁਰੂ ਦੀ ਕਿਰਪਾ ਸਦਕਾ ਇਕ ਵੀ ਗੋਲੀ ਚਲਾਏ ਬਿਨਾਂ ਘੇਰੇ ਵਿਚੋਂ ਨਿਕਲ ਗਏ। ਭਾਈ ਗੁਰਮੇਜ ਸਿੰਘ ਜੀ ਦਾ ਸਾਥੀ ਸਿੰਘਾਂ ਨਾਲ ਬੜਾ ਪ੍ਰੇਮ ਸੀ। ਆਪ ਹਰ ਵੇਲੇ ਗੁਰਬਾਣੀ ਸ਼ਬਦਾਂ ਦਾ ਪਾਠ ਕਰਦੇ ਰਹਿੰਦੇ ਸਨ ਤੇ ਕਹਿੰਦੇ ਸਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪਾਠ ਕਰਨ ਨਾਲ ਮਨ ਨਿਰਭੈ ਤੇ ਤਕੜਾ ਹੁੰਦਾ ਹੈ। ਸ਼ਹੀਦ ਭਾਈ ਸਤਵੰਤ ਸਿੰਘ, ਭਾਈ ਕਿਹਰ ਸਿੰਘ ਦੀ ਚੜ੍ਹਦੀ ਕਲਾ ਲਈ ਪਿੰਡ ਅਗਵਾਨ ਵਿਚ ਗਿਆਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠਾਂ ਦੀ ਲੜੀ ਦੇ ਭੋਗ ਪਾਏ ਗਏ। ਪੰਜਾਬ ਵਿਚ ਖ਼ਾਲਿਸਤਾਨ ਆਰਮਡ ਫ਼ੋਰਸ ਦੇ ਖਾੜਕੂ ਦਲੇਰਾਨਾ ਐਕਸ਼ਨਾਂ ਦੀਆਂ ਧੁੰਮਾਂ ਪੈ ਗਈਆਂ ਸਨ। ਇਹਨਾਂ ਬਹਾਦਰ ਸਿੰਘਾਂ ਦੀ ਕੁਰਬਾਨੀ ਦੇ ਜਜ਼ਬੇ ਤੋਂ ਪ੍ਰਭਾਵਿਤ ਹੋ ਕੇ ਭਾਈ ਗੁਰਮੇਜ ਸਿੰਘ ਢਿਲਵਾਂ, ਬਾਬਾ ਰਣਜੀਤ ਸਿੰਘ ਦਿਆਲਗੜ੍ਹ ਦੇ ਸੰਪਰਕ ਵਿਚ ਆਉਣ ਵਾਲੇ ਸਿੰਘਾਂ, ਜਿਨ੍ਹਾਂ ਸਿੱਖ ਸੰਘਰਸ਼ਾਂ ਦੇ ਖਾੜਕੂ ਐਕਸ਼ਨਾਂ ਨਾਲ ਹਿੰਦੁਸਤਾਨੀ ਫ਼ੋਰਸਾਂ ਨੂੰ ਭਾਜੜਾਂ ਪਾਈਆਂ, ਉਹਨਾਂ ਸਿੰਘਾਂ ਦੇ ਨਾਂ ਵਰਣਨਯੋਗ ਹਨ—ਭਾਈ ਕੇਵਲ ਸਿੰਘ ਢਿਲਵਾਂ, ਭਾਈ ਕੁਲਵੰਤ ਸਿੰਘ ਕੋਟਲੀ, ਭਾਈ ਬਲਵਿੰਦਰ ਸਿੰਘ ਠੇਠਰਕੇ, ਭਾਈ ਦਾਰਾ ਸਿੰਘ ਕੋਟਲੀ, ਭਾਈ ਸ਼ਵਿੰਦਰ ਸਿੰਘ ਅਠਵਾਲ, ਭਾਈ ਮਨਜੀਤ ਸਿੰਘ ਦੁਰਗਾਬਾਦ, ਭਾਈ ਸਵਰਨ ਸਿੰਘ ਛਿੱਥ, ਭਾਈ ਕੁਲਵਿੰਦਰ ਸਿੰਘ ਕਲਾਨੌਰ, ਭਾਈ ਕੰਵਲਜੀਤ ਸਿੰਘ ਵਾਹਿਗੁਰੂ ਸਰਵਾਲੀ, ਭਾਈ ਕੰਵਲਜੀਤ ਸਿੰਘ ਕੰਬਾ ਉਰਫ਼ ਸ਼ੇਰ ਸਿੰਘ ਸ਼ੇਰ ਰਹੂਵਾਲ, ਸਿੰਘਾਂ ਨੇ ਸਿੱਖ ਸੰਘਰਸ਼

ਨੂੰ ਬੁਲੰਦੀਆਂ 'ਤੇ ਪਹੁੰਚਾਇਆ।

24 ਜੂਨ 1986 ਨੂੰ ਭਾਈ ਗੁਰਮੇਜ ਸਿੰਘ ਵਿਲਵਾਂ, ਬਾਬਾ ਰਣਜੀਤ ਸਿੰਘ ਦਿਆਲਗੜ੍ਹ ਤੇ ਭਾਈ ਮੱਖਣ ਸਿੰਘ ਛਿੱਥ ਬਟਾਲਾ ਗਏ ਹੋਏ ਸਨ। ਸਿੰਘਾਂ ਨੇ ਸਕੀਮ ਬਣਾਈ ਸੀ ਕਿ ਹਥਿਆਰ ਖ਼ਰੀਦਣ ਲਈ ਲਾਈਨ ਮਾਰਕਾ ਬੈਂਕ ਬਟਾਲਾ ਤੋਂ ਕਰਜ਼ਾ ਲਿਆ ਜਾਵੇ ਤੇ ਇਸ ਵਾਸਤੇ ਕਾਗਜ਼ ਪੱਤਰ ਵੀ ਤਿਆਰ ਕਰ ਲਏ ਸੀ ਤੇ ਬੈਂਕ ਤੋਂ ਕਰਜ਼ਾ ਮਨਜ਼ੂਰ ਵੀ ਕਰਵਾ ਲਿਆ ਸੀ ਤੇ ਕਰਜ਼ਾ ਲੈਣ ਵਾਸਤੇ ਗਏ ਸੀ। ਬਟਾਲਾ ਬੈਂਕ ਵਿਚ ਪੁਲਿਸ ਮੁਖ਼ਬਰ ਭਜਨ ਸਿਹੁੰ ਉਰਫ਼ ਚਾਚਾ ਪਿੰਡ ਕਿਲ੍ਹਾ ਟੇਕ ਸਿੰਘ ਵਾਲੇ ਨੇ ਐਸ.ਐਸ.ਪੀ. ਸੁਮੇਧ ਸੈਣੀ ਨੂੰ ਮੁਖ਼ਬਰੀ ਕਰ ਦਿੱਤੀ ਸੀ ਤੇ ਬਟਾਲੇ ਤੋਂ ਸੀ.ਆਈ.ਡੀ. ਮਗਰ ਲੱਗ ਗਈ ਸੀ। ਭਾਈ ਗੁਰਮੇਜ ਸਿੰਘ, ਬਾਬਾ ਰਣਜੀਤ ਸਿੰਘ ਤੇ ਭਾਈ ਮੱਖਣ ਸਿੰਘ ਬਟਾਲਾ ਤੋਂ ਪਿੰਡ ਕਾਲੀ ਬਾਹਮਣੀ ਦੀ ਬਹਿਕ ਉੱਤੇ ਆ ਗਏ। 24 ਜੂਨ 1986 ਦੇ ਗਰਮੀਆਂ ਦੇ ਦਿਨ ਸਨ। ਤਿੰਨੇ ਯੋਧੇ ਬੰਬੀ 'ਤੇ ਨਹਾ ਰਹੇ ਸਨ ਕਿ ਅਚਾਨਕ ਗੁਰਦਾਸਪੁਰ ਦੇ ਐਸ.ਐਸ.ਪੀ. ਸੁਮੇਧ ਸੈਣੀ ਦੀ ਅਗਵਾਈ ਹੇਠ ਪੰਜਾਬ ਪੁਲਿਸ, ਸੀ.ਆਰ.ਪੀ., ਬੀ.ਐਸ.ਐਫ਼. ਦੇ ਹਜ਼ਾਰਾਂ ਦੇ ਲਸ਼ਕਰ ਨੇ ਜ਼ਬਰਦਸਤ ਘੇਰਾ ਪਾ ਲਿਆ। ਸਿੰਘਾਂ ਕੋਲ ਲੰਬੀ ਮਾਰ ਕਰਨ ਵਾਲਾ ਹਥਿਆਰ ਉਸ ਦਿਨ ਮੌਜੂਦ ਨਾ ਹੋਣ ਕਰਕੇ, ਦਿਨ ਵੇਲੇ ਫ਼ੋਰਸਾਂ ਨਾਲ ਮੁਕਾਬਲਾ ਨਹੀਂ ਸੀ ਕਰ ਸਕਦੇ, ਪਰ ਸਿੰਘਾਂ ਦੇ ਨੇੜੇ ਆਉਣ ਤੋਂ ਸੁਰੱਖਿਆ ਫ਼ੋਰਸਾਂ ਡਰਦੀਆਂ ਸਨ। ਸੁਰੱਖਿਆ ਫ਼ੋਰਸਾਂ ਦੇ ਦਸ ਹਜ਼ਾਰ ਜਵਾਨਾਂ ਨੇ ਬੁਜ਼ਦਿਲੀ ਦਿਖਾਉਂਦਿਆਂ ਤਿੰਨ ਨਿਹੱਥੇ ਸਿੰਘਾਂ ਨੂੰ ਦੂਰ ਤੋਂ ਮਾਰ ਕਰਨ ਵਾਲੇ ਹਥਿਆਰਾਂ ਨਾਲ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਤੇ ਸਿੰਘਾਂ ਨੂੰ ਜਿਉਂਦੇ ਫੜਨ ਦੀ ਜੁਰਅਤ ਨਹੀਂ ਕੀਤੀ। ਪੁਲਿਸ ਫ਼ੋਰਸਾਂ ਦੇ ਨਾਲ ਪੁਲਿਸ ਮੁਖ਼ਬਰ ਭਜਨ ਸਿਹੁੰ ਉਰਫ਼ ਚਾਚਾ, ਪਿੰਡ ਕਿਲ੍ਹਾ ਟੇਕ ਸਿੰਘ ਵਾਲਾ ਵੀ ਨਾਲ ਸੀ।

ਭਾਈ ਗੁਰਮੇਜ ਸਿੰਘ ਵਿਲਵਾਂ, ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਲੈਫ਼ਟੀਨੈਂਟ ਜਨਰਲ ਭਾਈ ਮੱਖਣ ਸਿੰਘ ਛਿੱਥ ਪਿੰਡ ਕਾਲੀ ਬਾਹਮਣੀ ਦੀ ਬਹਿਕ (ਬੰਬੀ) 'ਤੇ ਪੁਲਿਸ ਮੁਕਾਬਲੇ ਵਿਚ ਸ਼ਹੀਦ ਹੋਣ ਦੀ ਖਬਰ ਇਲਾਕੇ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ। ਇਲਾਕੇ ਦੇ ਸਿੱਖਾਂ ਨੇ ਇਕੱਠੇ ਹੋ ਕੇ ਸਦਰ ਥਾਣਾ ਬਟਾਲਾ ਦਾ ਘਿਰਾਉ ਕੀਤਾ। ਸਿੱਖ ਸੰਗਤਾਂ ਦਾ ਰੋਹ ਵੇਖ ਕੇ ਪੁਲਿਸ ਅਧਿਕਾਰੀਆਂ ਨੇ ਤਿੰਨਾਂ ਸਿੰਘਾਂ ਦੀਆਂ ਸ਼ਹੀਦੀ ਦੇਹਾਂ ਵਾਰਸਾਂ ਦੇ ਹਵਾਲੇ ਕਰ ਦਿੱਤੀਆਂ ਤੇ ਪਿੰਡ ਵਿਚ ਲਿਜਾ ਕੇ ਸ਼ਹੀਦ ਸਿੰਘਾਂ ਦੇ ਸਸਕਾਰ ਕੀਤੇ। ਤਿੰਨਾਂ ਸ਼ਹੀਦ ਸਿੰਘਾਂ ਦੀ ਚਿਖਾ ਨੂੰ ਬਾਬਾ ਠਾਕੁਰ ਸਿੰਘ ਜੀ ਕਾਰਜਕਾਰੀ ਮੁਖੀ ਦਮਦਮੀ ਟਕਸਾਲ ਨੇ ਆਪਣੇ ਹੱਥੀਂ ਅਗਨੀ ਦਿੱਤੀ। ਸਿੱਖ ਸੰਗਤਾਂ ਨੇ ਸ਼ਹੀਦ ਸਿੰਘਾਂ ਨੂੰ ਹੰਝੂਆਂ ਭਰੀ ਵਿਦਾਇਗੀ ਦਿੱਤੀ।

ਭਾਈ ਗੁਰਮੇਜ ਸਿੰਘ ਵਿਲਵਾਂ, ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਭਾਈ ਮੱਖਣ ਸਿੰਘ ਛਿੱਥ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠਾਂ ਦੇ ਭੋਗ ਦੇ ਸ਼ਹੀਦੀ ਸਮਾਗਮ ਵਿਚ ਬਾਬਾ ਜੋਗਿੰਦਰ ਸਿੰਘ ਰੋਡੇ,

ਦਮਦਮੀ ਟਕਸਾਲ ਦੇ ਕਾਰਜਕਾਰੀ ਮੁਖੀ ਬਾਬਾ ਠਾਕੁਰ ਸਿੰਘ ਜੀ, ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਵਰਕਰਾਂ ਤੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਨੇ ਅੰਤਿਮ ਅਰਦਾਸ ਵਿਚ ਹਾਜ਼ਰੀਆਂ ਭਰੀਆਂ। ਸ਼ਹੀਦੀ ਸਮਾਗਮ ਵਿਚ ਖਾੜਕੂ ਸਿੰਘਾਂ ਦੇ ਸੰਦੇਸ਼ ਪੜ੍ਹ ਕੇ ਸੁਣਾਏ ਗਏ। ਸ਼ਹੀਦ ਸਿੰਘਾਂ ਨੂੰ ਖ਼ਾਲਿਸਤਾਨ ਦੀ ਸਥਾਪਨਾ ਦੇ ਮਹਾਨ ਸ਼ਹੀਦ ਕਰਾਰ ਦਿੱਤਾ ਗਿਆ। ਪੁਲਿਸ ਮੁਖ਼ਬਰ ਭਜਨੇ ਨੂੰ ਛੇਤੀ ਸੋਧ ਦੇਣ ਦਾ ਐਲਾਨ ਕਰ ਦਿੱਤਾ ਗਿਆ।

ਜ਼ਿਕਰਯੋਗ ਹੈ ਕਿ ਭਾਈ ਗੁਰਮੇਜ ਸਿੰਘ, ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਭਾਈ ਮੱਖਣ ਸਿੰਘ ਛਿੱਥ ਨੂੰ ਸ਼ਹੀਦ ਕਰਾਉਣ ਵਾਲੇ ਪੁਲਿਸ ਦੇ ਮੁਖ਼ਬਰ ਭਜਨ ਸਿਹੁੰ ਉਰਫ਼ ਚਾਚਾ ਕਿਲ੍ਹਾ ਟੇਕ ਸਿੰਘ ਵਾਲਾ ਨੂੰ ਜਲੰਧਰ ਦੇ ਕਿੰਗ ਹੋਟਲ ਦੇ ਸਾਹਮਣੇ ਭਾਈ ਹਰਜਿੰਦਰ ਸਿੰਘ ਜਿੰਦਾ ਅਰਜਨਪੁਰ ਨੇ ਗੋਲੀ ਮਾਰ ਕੇ ਮਾਰ ਦਿੱਤਾ ਤੇ ਸ਼ਹੀਦ ਸਿੰਘਾਂ ਦਾ ਬਦਲਾ ਲੈ ਲਿਆ। ਸ਼ਹੀਦ ਭਾਈ ਗੁਰਮੇਜ ਸਿੰਘ ਦੀ ਸ਼ਹੀਦੀ ਯਾਦ ਵਿਚ ਪਿੰਡ ਢਿਲਵਾਂ ਦੇ ਗੁਰਦੁਆਰਾ ਸਾਹਿਬ ਵਿਚ ਨਿਸ਼ਾਨ ਸਾਹਿਬ ਲੱਗਾ ਹੋਇਆ ਹੈ। ਇਲਾਕੇ ਦੀ ਸੰਗਤ ਸ਼ਹੀਦ ਸਿੰਘਾਂ ਦੀ ਯਾਦ ਹਰ ਸਾਲ 24 ਜੂਨ ਨੂੰ ਮਨਾਉਂਦੀ ਹੈ।

***

# ਸ਼ਹੀਦ ਭਾਈ ਮਨਜੀਤ ਸਿੰਘ ਖੁਜਾਲਾ
# ਲੈਫਟੀਨੈਂਟ ਜਨਰਲ-ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ



ਸਿੱਖ ਹੱਕਾਂ ਦੀ ਪ੍ਰਾਪਤੀ ਲਈ, ਸਿੱਖੀ ਸਵੈਮਾਣ ਦੀ ਬਹਾਲੀ ਖਾਤਰ, ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਆਰੰਭੇ ਗਏ ਸਿੱਖ ਸੰਘਰਸ਼ ਦੌਰਾਨ ਹਜ਼ਾਰਾਂ ਸਿੰਘਾਂ-ਸਿੰਘਣੀਆਂ ਨੇ ਸ਼ਹਾਦਤਾਂ ਦੇ ਜਾਮ ਪੀਤੇ ਹਨ। ਇਹਨਾਂ ਬਹਾਦਰ ਸਿੰਘਾਂ ਵਿਚ ਹੋਏ ਹਨ, ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਖੁਜਾਲਾ ਦੇ ਭਾਈ ਮਨਜੀਤ ਸਿੰਘ ਖੁਜਾਲਾ।

ਭਾਈ ਮਨਜੀਤ ਸਿੰਘ ਖੁਜਾਲਾ ਦਾ ਜਨਮ ਪਿੰਡ ਖੁਜਾਲਾ, ਤਹਿਸੀਲ ਤੇ ਜ਼ਿਲਾ ਗੁਰਦਾਸਪੁਰ ਵਿਖੇ ਪਿਤਾ ਸ. ਉੱਤਮ ਸਿੰਘ ਦੇ ਘਰ ਮਾਤਾ ਸਵਿੰਦਰ ਕੌਰ ਦੀ ਕੁੱਖੋਂ ਹੋਇਆ। ਭਾਈ ਸਾਹਿਬ ਨੇ ਮੁੱਢਲੀ ਵਿਦਿਆ ਪਿੰਡ ਖੁਜਾਲਾ ਦੇ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ, ਦਸਵੀਂ ਦੀ ਪੜ੍ਹਾਈ ਚੰਗੇ ਨੰਬਰਾਂ ਵਿਚ ਬਟਾਲਾ ਦੇ ਹਾਈ ਸਕੂਲ ਤੋਂ ਪਾਸ ਕੀਤੀ। ਆਪ ਬਚਪਨ ਤੋਂ ਧਾਰਮਿਕ ਖ਼ਿਆਲਾਂ ਦੇ ਸਨ। ਦਸ ਗੁਰੂ ਸਾਹਿਬਾਨ ਅਤੇ 18ਵੀਂ ਸਦੀ ਦੇ ਸਿੰਘਾਂ ਦੇ ਜੀਵਨ ਇਤਿਹਾਸ ਬੜੀ ਸ਼ਰਧਾ ਨਾਲ ਪੜ੍ਹਿਆ ਕਰਦੇ ਸਨ। ਪਿੰਡ ਖੁਜਾਲਾ ਦੇ ਗੁਰਦੁਆਰਾ ਸਾਹਿਬ ਦੇ ਗਿਆਨੀ ਜੀ ਤੋਂ ਗੁਰਬਾਣੀ ਪਾਠ ਦੀ ਸੰਥਿਆ ਕੀਤੀ ਅਤੇ ਛੋਟੀ ਉਮਰ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰ ਲੈਂਦੇ ਸਨ। ਸਿੱਖ ਗੁਰੂ ਸਾਹਿਬਾਨ ਅਤੇ ਗੁਰਸਿੱਖਾਂ ਦੇ ਜੀਵਨ, ਸਾਧ ਸੰਗਤ ਨੂੰ ਸੁਣਾ ਕੇ, ਸਿੱਖੀ ਵੱਲ ਪ੍ਰੇਰਨ ਲਈ ਚੰਗੀ ਮੁਹਾਰਤ ਰੱਖਦੇ ਸਨ। ਗੁਰਸਿੱਖੀ ਜੀਵਨ ਵਾਲੇ ਸ਼ਹੀਦਾਂ ਦੀਆਂ ਸਾਖੀਆਂ ਸੁਣਾਉਂਦੇ ਤਾਂ ਸਰੋਤੇ ਕੀਲੇ ਜਾਂਦੇ ਸਨ। ਆਪ ਦਾ ਜੀਵਨ ਸਿੱਖ ਧਰਮ ਦੇ ਪ੍ਰਚਾਰ ਨੂੰ ਸਮਰਪਿਤ ਸੀ। ਆਪ ਕੁਝ ਚਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਸਿੱਖ ਧਰਮ ਦੇ ਪ੍ਰਚਾਰ ਹੇਤ ਦੂਰ ਦੁਰਾਡੇ ਜਾਂਦੇ ਰਹੇ। ਆਪ ਨੂੰ ਹਰ ਕੋਈ ਗਿਆਨੀ ਜੀ ਕਹਿ ਕੇ ਬੁਲਾਉਂਦਾ ਸੀ। ਅਕਾਲ ਪੁਰਖ ਨੇ ਰੂਪ ਵੀ ਇਲਾਹੀ ਬਖਸਿਆ ਸੀ। ਸੋਹਣੀ ਭਰਵੀਂ ਦਾਹੜੀ ਵਾਲਾ, ਕੁੰਢੇ ਮੁਛਹਿਰੇ, ਮੋਟੀਆਂ ਅੱਖਾਂ, ਚੌੜਾ ਮੱਥਾ, ਸਿਰ 'ਤੇ ਸੁੰਦਰ ਢੰਗ ਨਾਲ ਪੱਗ ਬੰਨ੍ਹੀ 20 ਕੁ ਸਾਲ ਦਾ ਗੱਭਰੂ, ਮੰਤਰ ਮੁਗਧ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸੰਗਤ ਨੂੰ ਸਿੱਖ ਧਰਮ ਦੇ ਸ਼ਹੀਦਾਂ, ਮੁਰੀਦਾਂ ਦੇ ਇਤਿਹਾਸਕ ਪ੍ਰਸੰਗ ਬੜੇ ਹੀ ਵੈਰਾਗ ਨਾਲ ਸੁਣਾਉਂਦੇ। ਸਿੱਖੀ ਦੇ ਸ਼ਾਨਦਾਰ ਪਿਛੋਕੜ ਤੋਂ ਜਾਣੂ ਕਰਾਉਂਦੇ

ਸਨ। ਸ਼ਹੀਦ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਜਾਂਬਾਜ਼ੀ, ਸਿਦਕਦਿਲੀ ਤੇ ਸ਼ਹਾਦਤ ਨੂੰ ਬੜੇ ਸੋਹਣੇ ਸੁਚੱਜੇ ਢੰਗ ਨਾਲ ਪ੍ਰਚਾਰਦੇ ਸਨ। ਭਾਈ ਮਨਜੀਤ ਸਿੰਘ ਦਾ ਵਿਚਾਰ ਸੀ ਕਿ ਕੁਝ ਆਪਣੇ ਹੀ ਸਿੱਖਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਨਾਲ ਈਰਖਾ ਹੋ ਗਈ ਸੀ। ਉਹ ਗਾਹੇ-ਬਗਾਹੇ ਬਾਬਾ ਬੰਦਾ ਸਿੰਘ ਜੀ ਬਹਾਦਰ ਵਿਰੁੱਧ ਗੁਰੂ ਜੀ ਦਾ ਵਿਰੋਧੀ ਹੋਣ ਦਾ ਪ੍ਰਚਾਰ ਕਰਦੇ ਸਨ। ਇਸ ਵਿਚ ਬਾਬਾ ਬਿਨੋਦ ਸਿੰਘ ਮੋਹਰੀ ਸੀ, ਜਿਸ ਨੇ ਖ਼ਾਲਸੇ ਦਾ ਵੱਡਾ ਹਿੱਸਾ ਬਾਬਾ ਬੰਦਾ ਸਿੰਘ ਜੀ ਦੇ ਵਿਰੁੱਧ ਕਰ ਦਿੱਤਾ ਤੇ ਫੁੱਟ ਪਾ ਦਿੱਤੀ। ਜਿਸ ਨਾਲ ਸਿੱਖ ਰਾਜ ਨੂੰ ਤਬਾਹ ਕਰਨ ਵਿਚ ਹਕੂਮਤ ਸਫਲ ਹੋ ਗਈ। ਬਾਬਾ ਬੰਦਾ ਸਿੰਘ ਜੀ ਬਹਾਦਰ 'ਤੇ ਦੋਸ਼ ਲਾਉਣਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਿਆਹ ਨਾ ਕਰਾਉਣ ਲਈ ਹੁਕਮ ਦਿੱਤਾ ਸੀ, ਕਲਗੀ ਨਾ ਲਾਉਣ ਲਈ ਕਿਹਾ ਸੀ, ਇਹ ਦੋਸ਼ ਬੇਬੁਨਿਆਦ ਤੇ ਝੂਠੇ ਹਨ। ਗੁਰੂ ਸਾਹਿਬਾਨ ਨੇ ਗ੍ਰਹਿਸਥ ਧਰਮ ਨੂੰ ਉੱਤਮ ਤੇ ਪ੍ਰਧਾਨ ਮੰਨਿਆ ਹੈ। ਗੁਰੂ ਸਾਹਿਬ ਆਪ ਗ੍ਰਹਿਸਥੀ ਸਨ, ਫਿਰ ਕਿਵੇਂ ਬਾਬਾ ਬੰਦਾ ਸਿੰਘ ਬਹਾਦਰ ਜੀ ਉੱਤੇ ਵਿਆਹ ਕਰਾਉਣ ਸੰਬੰਧੀ ਪਾਬੰਦੀ ਲਾ ਸਕਦੇ ਸਨ। ਗੁਰੂ ਸਾਹਿਬ ਨੇ ਖ਼ਾਲਸੇ ਨੂੰ ਪਾਤਿਸ਼ਾਹੀ ਕਰਨ ਦਾ ਹੁਕਮ ਦਿੱਤਾ, ਫਿਰ ਬਾਦਸ਼ਾਹ ਦੇ ਕਲਗੀ ਲਾਉਣ 'ਤੇ ਪਾਬੰਦੀ ਕਿਵੇਂ ਹੋ ਸਕਦੀ ਹੈ। ਬਾਬਾ ਬੰਦਾ ਸਿੰਘ ਜੀ ਬਹਾਦਰ ਸਿੱਖਾਂ ਦੇ ਸਿੱਖ ਹਲੀਮੀ ਖ਼ਾਲਸਾ ਰਾਜ ਦੇ ਪਹਿਲੇ ਬਾਦਸ਼ਾਹ ਸਨ।

ਉਹਨਾਂ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ ਨਾਂ 'ਤੇ ਸਿੱਕਾ ਚਾਲੂ ਕੀਤਾ। ਸ. ਜੱਸਾ ਸਿੰਘ ਰਾਮਗੜ੍ਹੀਆ, ਨਵਾਬ ਕਪੂਰ ਸਿੰਘ ਸਿੰਘਪੁਰੀਆ, ਸ. ਜੱਸਾ ਸਿੰਘ ਆਹਲੂਵਾਲੀਆ, ਮਹਾਰਾਜਾ ਰਣਜੀਤ ਸਿੰਘ, ਸ. ਸ਼ਾਮ ਸਿੰਘ ਅਟਾਰੀ ਬਾਦਸ਼ਾਹੀ ਦੀ ਪ੍ਰਤੀਕ ਕਲਗੀ ਲਗਾਉਂਦੇ ਰਹੇ ਹਨ। ਬਾਦਸ਼ਾਹੀ ਤਖ਼ਤ 'ਤੇ ਬੈਠਣ ਨੂੰ ਬਾਬਾ ਬਿਨੋਦ ਸਿੰਘ ਈਰਖਾ ਵੱਸ ਗੁਰਗੱਦੀ ਕਹਿ ਕੇ ਪ੍ਰਚਾਰਦੇ ਹੋਏ, ਸਿੱਖਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਵਿਰੁੱਧ ਭੜਕਾਉਂਦੇ ਰਹੇ। ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਵਿਚ ਹੀ ਸਿੱਖ ਮਿਸ਼ਨ ਨੂੰ ਅੱਗੇ ਤੋਰਿਆ। ਸਿੱਖ ਰਾਜ ਕਾਇਮ ਕੀਤਾ, ਜ਼ਾਲਮ ਮੁਗ਼ਲ ਹਕੂਮਤ ਦੀਆਂ ਜੜ੍ਹਾਂ ਪੁੱਟੀਆਂ, ਕਿਰਤੀ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ। ਗੁਰੂ ਸਾਹਿਬਾਨ ਦੇ ਹੁਕਮ ਵਿਚ ਜ਼ਾਲਮ ਹਕੂਮਤ ਤੋਂ ਬਦਲਾ ਵੀ ਲਿਆ। ਗੁਰੂ ਸਾਹਿਬ ਦੇ ਹੁਕਮ ਵਿਚ ਰਹਿ ਕੇ ਅਸਹਿ ਤੇ ਅਕਹਿ ਤਸੀਹੇ ਝੱਲਦਿਆਂ, ਆਪਣੀਆਂ ਅੱਖਾਂ ਸਾਹਮਣੇ ਆਪਣੇ ਪੰਜ ਸਾਲ ਦੇ ਬੱਚੇ ਅਜੈ ਸਿੰਘ ਨੂੰ ਸ਼ਹੀਦ ਹੁੰਦਾ ਵੇਖਿਆ। ਸਿੱਖੀ ਸਿਦਕੋਂ ਨਹੀਂ ਡੋਲਿਆ, ਗੁਰੂ ਦੇ ਹੁਕਮ ਵਿਚ ਰਹਿੰਦਿਆਂ ਭਾਣਾ ਮੰਨਿਆ। ਜੇ ਹਕੂਮਤ ਨੇ ਜੰਬੂਰਾਂ ਨਾਲ ਬਾਬਾ ਬੰਦਾ ਸਿੰਘ ਬਹਾਦਰ ਦਾ ਮਾਸ ਤੋੜਿਆ ਤਾਂ ਪੁੱਛਿਆ, "ਕਿਵੇਂ ਸਿੱਖਾਂ ਦੇ ਬਾਦਸ਼ਾਹ ਮਹਿਸੂਸ ਕਰਦੈਂ ?" ਤਾਂ ਬਾਬਾ ਬੰਦਾ ਸਿੰਘ ਜੀ ਨੇ ਦ੍ਰਿੜ੍ਹ ਵਿਸ਼ਵਾਸ ਨਾਲ ਚੜ੍ਹਦੀ ਕਲਾ ਦਾ ਸਬੂਤ ਦਿੰਦਿਆਂ ਕਿਹਾ, "ਸਿੱਖੀ ਵਿਚ ਜਦੋਂ ਲਾੜਾ ਲਾੜੀ ਨੂੰ ਵਿਆਹੁਣ ਲਈ ਤਿਆਰ ਹੁੰਦਾ ਹੈ, ਉਸ ਦਾ ਰੂਪ ਨਿਖਾਰਨ ਲਈ ਉਸ ਨੂੰ ਵੱਟਣਾ ਮਲਿਆ ਜਾਂਦਾ ਹੈ, ਗੁਰੂ ਦਾ ਸਿੱਖ ਲਾੜੀ ਮੌਤ ਨੂੰ ਵਿਆਹੁਣ ਲਈ ਤਿਆਰ ਹੋ ਰਿਹਾ ਹੈ, ਵੱਟਣਾ ਮਲਿਆ

ਜਾ ਰਿਹਾ ਹੈ।''

ਜਦੋਂ ਅੱਖਾਂ ਕੱਢੀਆਂ ਗਈਆਂ ਤਾਂ ਫ਼ਰੁੱਖ਼ਸੀਅਰ ਬਾਦਸ਼ਾਹ ਨੇ ਪੁੱਛਿਆ, ''ਸਿੱਖਾ, ਹੁਣ ਕੀ ਮਹਿਸੂਸ ਕਰਦੈਂ?'' ਤਾਂ ਬਾਬਾ ਬੰਦਾ ਸਿੰਘ ਜੀ ਨੇ ਕਿਹਾ, ''ਘੋੜੀ ਚੜ੍ਹੇ ਲਾੜੇ ਨੂੰ ਸੁਰਮਾ ਅੱਖਾਂ ਵਿਚ ਪਾਇਆ ਜਾ ਰਿਹਾ ਹੈ।'' ਜੇ ਪੁੱਤਰ ਅਜੈ ਸਿੰਘ ਦਾ ਕਲੇਜਾ ਕੱਢ ਕੇ ਮੂੰਹ ਵਿਚ ਪਾਇਆ ਤਾਂ ਪੁੱਛਣ 'ਤੇ ਇਹੋ ਉੱਤਰ, ''ਘੋੜੀ ਚੜ੍ਹੇ ਲਾੜੇ ਦਾ ਮੂੰਹ ਜੂਠਾ ਕਰਾਇਆ ਜਾ ਰਿਹਾ ਹੈ।''

ਪੁੱਤਰ ਦੇ ਟੋਟੇ ਕਰ ਕੇ, ਹਾਰ ਪਰੋ ਕੇ, ਬਾਬਾ ਬੰਦਾ ਸਿੰਘ ਬਹਾਦਰ ਦੇ ਗਲ ਵਿਚ ਪਾ ਕੇ ਪੁੱਛਿਆ, ''ਸਿੱਖਾ, ਹੁਣ ਕੀ ਮਹਿਸੂਸ ਕਰਦਾ ਹੈਂ?'' ਤਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਕਿਹਾ, ''ਗਲ ਵਿਚ ਹਾਰ ਹਮੇਸ਼ਾ ਜੇਤੂ, ਲਾੜਿਆਂ ਦੇ ਪਾਏ ਜਾਂਦੇ ਹਨ। ਮੈਂ ਗੁਰੂ ਦਾ ਸਿੱਖ ਮੌਤ ਲਾੜੀ ਨੂੰ ਵਰ ਰਿਹਾ ਹਾਂ। ਮੇਰੇ ਗਲ ਵਿਚ ਹਾਰ ਪਾਇਆ ਗਿਆ ਹੈ।'' ਖ਼ਾਲਸਾ ਪੰਥ ਦਾ ਨਿਧੜਕ ਬਾਦਸ਼ਾਹ ਤੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ, ਗੁਰੂ ਦੀ ਫ਼ਤਹਿ, ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਗਜਾਉਂਦਾ ਰਿਹਾ। ਜ਼ਾਲਮ ਮੁਗ਼ਲ ਹਕੂਮਤ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਤਸੀਹੇ ਦਿੱਤੇ। ਅਖੀਰ ਤਲਵਾਰ ਦੇ ਵਾਰ ਨਾਲ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਗੁਰੂ ਦਾ ਸਿੱਖ, ਸਿੱਖ ਧਰਮ ਦੀਆਂ ਖ਼ਾਲਸਾਈ ਰਵਾਇਆਂ 'ਤੇ ਦ੍ਰਿੜ੍ਹ ਰਹਿੰਦਾ ਸ਼ਹੀਦੀ ਪ੍ਰਾਪਤ ਕਰ ਗਿਆ। ਇਤਿਹਾਸਕਾਰ ਵੀ ਸਿੱਖ ਬਾਦਸ਼ਾਹ ਨਾਲ ਬਹੁਤ ਬੇਇਨਸਾਫ਼ੀ ਕਰਦੇ ਹਨ।

ਸੰਨ 1983 ਵਿਚ ਭਾਈ ਮਨਜੀਤ ਸਿੰਘ ਖੁਜਾਲਾ ਉੜੀਸਾ ਵਿਚ ਸਿੱਖੀ ਦਾ ਪ੍ਰਚਾਰ ਕਰ ਰਹੇ ਸਨ। ਅੰਮ੍ਰਿਤਸਰ ਆਏ ਤਾਂ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਇਨਕਲਾਬੀ ਵਿਚਾਰਧਾਰਾ ਤੋਂ ਪ੍ਰਭਾਵਤ ਹੋ ਕੇ ਧਰਮਯੁੱਧ ਮੋਰਚੇ ਵਿਚ, ਆਪਾ ਵਾਰਨ ਲਈ ਜੁੱਟ ਗਏ। ਅਕਾਲ ਫ਼ੈਡਰੇਸ਼ਨ ਦੇ ਮੁਖੀ ਭਾਈ ਕੰਵਰ ਸਿੰਘ ਦੇ ਸਾਥੀ ਬਣ ਕੇ ਸਿੱਖੀ ਦੀ ਚੜ੍ਹਦੀ ਕਲਾ ਲਈ ਜੂਝਣ ਲੱਗੇ। ਜੂਨ 1984 ਵਿਚ ਹਿੰਦ ਸਰਕਾਰ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਸ੍ਰੀ ਦਰਬਾਰ ਸਾਹਿਬ ਉੱਪਰ ਫ਼ੌਜੀ ਹਮਲਾ ਕੀਤਾ ਤਾ ਫ਼ੌਜ ਦਾ ਡਟ ਕੇ ਮੁਕਾਬਲਾ ਕਰਦੇ ਰਹੇ। ਫ਼ੌਜ ਟੈਂਕ ਲੈ ਕੇ ਆ ਗਈ ਤਾਂ ਵਕਤ ਦੀ ਵਿਚਾਰ ਕਰ ਕੇ ਚੱਲਦੀ ਗੋਲੀ ਵਿਚੋਂ ਅਕਾਲ ਫੈਡਰੇਸ਼ਨ ਦੇ ਮੁਖੀ ਭਾਈ ਕੰਵਰ ਸਿੰਘ ਧਾਮੀ ਤੇ ਸਾਥੀ ਸਿੰਘਾਂ ਸਮੇਤ ਬਾਹਰ ਨਿਕਲਣ ਵਿਚ ਕਾਮਯਾਬ ਹੋ ਗਏ। ਭਾਈ ਕੰਵਰ ਸਿੰਘ ਵਿਦੇਸ਼ ਨੂੰ ਨਿਕਲ ਗਏ, ਭਾਈ ਮਨਜੀਤ ਸਿੰਘ ਖੁਜਾਲਾ ਦਾ ਮੇਲ ਭਾਈ ਸੁਖਦੇਵ ਸਿੰਘ ਸਖੀਰਾ ਨਾਲ ਹੋਇਆ। ਜੂਨ 1984 ਦੇ ਘੱਲੂਘਾਰੇ ਵਿਚੋਂ ਬਚੇ ਸਿੰਘਾਂ ਦੀ ਭਾਲ ਕੀਤੀ, ਜਥੇਦਾਰ ਦੁਰਗਾ ਸਿੰਘ, ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਕੁਲਦੀਪ ਸਿੰਘ ਮੁੱਛਲ, ਭਾਈ ਮਨਬੀਰ ਸਿੰਘ ਚਹੇੜੂ, ਭਾਈ ਮਥਰਾ ਸਿੰਘ, ਭਾਈ ਤਰਸੇਮ ਸਿੰਘ ਕੁਹਾੜ, ਭਾਈ ਅਨੋਖ ਸਿੰਘ ਬੱਬਰ, ਵੱਸਣ ਸਿੰਘ ਜ਼ਫ਼ਰਵਾਲ, ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਜਥੇਦਾਰ ਅਵਤਾਰ ਸਿੰਘ ਬ੍ਰਹਮਾ, ਗਿਆਨੀ ਅਰੂੜ ਸਿੰਘ,

ਬਾਬਾ ਰਣਜੀਤ ਸਿੰਘ ਦਿਆਲਗੜ੍ਹ ਆਦਿ ਸਿੰਘਾਂ ਨੇ ਇਕੱਠੇ ਹੋ ਕੇ, ਸਿੱਖ ਸੰਘਰਸ਼ ਨੂੰ ਪ੍ਰਚੰਡ ਕਰਨ ਲਈ ਜੰਗੀ ਪੱਧਰ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਭਾਈ ਮਨਜੀਤ ਸਿੰਘ ਖੁਜਾਲਾ ਨੇ ਆਪਣੇ ਸਾਥੀ ਸਿੰਘਾਂ ਨੂੰ ਨਾਲ ਲੈ ਕੇ ਖ਼ਾਲਿਸਤਾਨ ਆਰਮਡ ਫ਼ੋਰਸ ਦੀ ਸਥਾਪਨਾ ਕੀਤੀ ਤੇ ਖ਼ਾਲਸਾ ਰਾਜ ਲਈ ਹਿੰਦ ਹਕੂਮਤ ਦੇ ਜ਼ੁਲਮਾਂ ਵਿਰੁੱਧ ਹਥਿਆਰਬੰਦ ਸੰਘਰਸ਼ ਸ਼ੁਰੂ ਕਰ ਦਿੱਤਾ। ਖ਼ਾਲਿਸਤਾਨ ਆਰਮਡ ਫ਼ੋਰਸ ਦੇ ਭਾਈ ਮਨਜੀਤ ਸਿੰਘ ਖੁਜਾਲਾ ਡਾਇਰੈਕਟਰ ਜਨਰਲ ਸਨ। ਜਦੋਂ ਗਿਆਨੀ ਅਰੂੜ ਸਿੰਘ (ਪੰਥਕ ਕਮੇਟੀ ਮੈਂਬਰ) ਦੇ ਯਤਨਾਂ ਸਦਕਾ 6 ਜਥੇਬੰਦੀਆਂ ਦੀ ਏਕਤਾ ਹੋਈ ਤਾਂ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੀ ਸਥਾਪਨਾ ਕੀਤੀ ਗਈ, ਆਪ ਗਿਆਨੀ ਅਰੂੜ ਸਿੰਘ ਦੀ ਕਮਾਂਡ ਹੇਠ ਖ਼ਾਲਸਾ ਰਾਜ ਲਈ ਭਾਈ ਤਰਸੇਮ ਸਿੰਘ ਕੁਹਾੜ, ਭਾਈ ਕੰਵਲਜੀਤ ਸਿੰਘ ਦੇਬਾ, ਉਰਫ਼ ਸ਼ੇਰ ਸਿੰਘ ਸ਼ੇਰ ਸਾਥੀ ਸਨ ਤੇ ਇਕੱਠੇ ਰਹਿ ਕੇ ਕੰਮ ਕਰਦੇ ਸਨ।

ਭਾਰਤੀ ਸੁਰੱਖਿਆ ਫੋਰਸਾਂ 'ਤੇ ਕਈ ਹਮਲੇ ਕੀਤੇ। ਸਿੱਖ ਸੰਘਰਸ਼ ਦੇ ਵਿਰੋਧੀਆਂ ਨੂੰ ਵੀ ਸੋਧਾ ਲਾਇਆ। ਭਾਈ ਸਾਹਿਬ ਦਾ ਐਲਾਨ ਸੀ ਕਿ ਜਿਹੜਾ ਸਿੱਖਾਂ ਸਿਰ ਭਾਜੀ ਚਾੜ੍ਹੇਗਾ, ਉਸ ਨੂੰ ਨਿਉਂਦੇ ਸਮੇਤ ਭਾਜੀ ਮੋੜੀ ਜਾਵੇਗੀ। ਸਿੱਖੀ ਦੇ ਦੁਸ਼ਮਣਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

ਕਿਸੇ ਮੁਖ਼ਬਰ ਦੀ ਇਤਲਾਹ 'ਤੇ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਸਾਥੀ ਸਿੰਘਾਂ ਨੂੰ ਫੜਾਉਣ ਲਈ ਪੁਲਿਸ ਨੇ ਬੜਾ ਤਸ਼ੱਦਦ ਕੀਤਾ, ਪਰ ਆਪ ਸਿਦਕ ਵਿਚ ਅਡੋਲ ਰਹੇ। ਇਕ ਸਾਲ ਜੇਲ੍ਹ ਵਿਚ ਰਹੇ, ਬੀਮਾਰੀ ਦੀ ਹਾਲਤ ਵਿਚ ਅੰਮ੍ਰਿਤਸਰ ਜੇਲ੍ਹ ਵਿਚ ਸਨ ਤਾਂ ਇਲਾਜ ਲਈ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ ਅੰਮ੍ਰਿਤਸਰ ਦਾਖ਼ਲ ਕਰਵਾ ਦਿੱਤਾ। ਪੁਲਿਸ ਦਾ ਪਹਿਰਾ ਰਹਿੰਦਾ ਸੀ। ਇਕ ਮਹੀਨਾ ਹਸਪਤਾਲ ਵਿਚ ਰਹਿਣ ਤੋਂ ਬਾਅਦ ਇਕ ਦਿਨ ਮੌਕਾ ਮਿਲਦਿਆਂ ਹੀ ਇਕ ਸਾਥੀ ਦੀ ਸਹਾਇਤਾ ਨਾਲ ਹੱਥਕੜੀਆਂ ਅਤੇ ਬੇੜੀਆਂ ਸਮੇਤ ਰਾਤ ਨੂੰ ਹਨੇਰੇ ਦਾ ਫ਼ਾਇਦਾ ਉਠਾ ਕੇ ਹਸਪਤਾਲ ਵਿਚੋਂ ਨਿਕਲਣ ਵਿਚ ਕਾਮਯਾਬ ਹੋ ਗਏ। ਦਿਨ ਚੜ੍ਹੇ ਹਸਪਤਾਲ ਦੇ ਬੈੱਡ ਉੱਤੇ ਖਾੜਕੂ ਭਾਈ ਖੁਜਾਲਾ ਨੂੰ ਨਾ ਵੇਖ ਕੇ ਪੰਜਾਬ ਪੁਲਿਸ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਪੁਲਿਸ ਨੇ ਭਾਈ ਸਾਹਿਬ ਦੇ ਪਿੰਡ ਖੁਜਾਲਾ ਛਾਪਾ ਮਾਰਿਆ ਤੇ ਸਾਰੇ ਪਰਿਵਾਰ ਨੂੰ ਹੀ ਫੜ ਕੇ ਥਾਣੇ ਲੈ ਗਏ। ਕਈ ਦਿਨ ਘਰ ਦੇ ਬੂਹੇ ਖੁੱਲ੍ਹੇ ਹੀ ਰਹੇ। ਪੁਲਿਸ ਘਰ ਦਾ ਸਾਰਾ ਸਾਮਾਨ ਵੀ ਚੁੱਕ ਕੇ ਲੈ ਗਈ। ਇਸ ਫ਼ਰਾਰੀ ਤੋਂ ਬਾਅਦ ਭਾਈ ਮਨਜੀਤ ਸਿੰਘ ਖੁਜਾਲਾ ਦਾ ਮਿਲਾਪ ਗਿਆਨੀ ਅਰੂੜ ਸਿੰਘ, ਭਾਈ ਸ਼ੇਰ ਸਿੰਘ ਸ਼ੇਰ, ਭਾਈ ਮਨਜੀਤ ਸਿੰਘ ਠੱਠੀਆਂ ਨਾਲ ਹੋਇਆ ਤੇ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਝੰਡੇ ਹੇਠ ਖ਼ਾਲਸਾ ਰਾਜ ਦੀ ਆਜ਼ਾਦੀ ਦੀ ਲੜਾਈ ਲੜਨ ਲੱਗੇ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਗੁਰਪੁਰਬ 'ਤੇ ਨਗਰ ਕੀਰਤਨ 'ਤੇ 1986 ਵਿਚ ਹਿੰਦੂ ਗੁੰਡਾਗਰਦਾਂ ਨੇ ਹੁਸਿਆਰਪੁਰ ਵਿਖੇ ਹਮਲਾ ਕੀਤਾ। ਸਿੱਖ ਸੰਗਤਾਂ ਨੂੰ ਇੱਟਾਂ

ਪੱਥਰ ਮਾਰੇ। ਸਿੱਖ ਧਰਮ ਤੇ ਪੰਜਾਂ ਪਿਆਰਿਆਂ ਵਿਰੁੱਧ ਕੁਬੋਲ ਬੋਲੇ। ਹਿੰਦੂਆਂ ਨੇ ਹਕੂਮਤੀ ਨਸ਼ੇ ਵਿਚ ਗੁੰਡਾਗਰਦੀ ਦਾ ਨੰਗਾ ਨਾਚ ਨੱਚਿਆ। ਪੰਜਾਬ ਪੁਲਿਸ ਬੇਵੱਸ ਮੂਕ ਦਰਸ਼ਕ ਬਣ ਕੇ ਵੇਖਦੀ ਰਹੀ। ਕਿਸੇ ਵੀ ਹਿੰਦੂ ਦਹਿਸ਼ਤਪਸੰਦ 'ਤੇ ਪੁਲਿਸ ਨੇ ਕੇਸ ਦਰਜ ਨਾ ਕੀਤਾ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਗੁਰਪੁਰਬ 'ਤੇ ਕੱਢੇ ਨਗਰ ਕੀਰਤਨ 'ਤੇ ਹਿੰਦੂ ਦਹਿਸ਼ਤਗਰਦਾਂ ਦੇ ਹਮਲੇ ਨੇ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ। ਪੰਜਾਬ ਦੀ ਅਖੌਤੀ ਪੰਥਕ ਅਕਾਲੀ ਸਰਕਾਰ ਨੇ ਹਿੰਦੂ ਦਹਿਸ਼ਤਗਰਦਾਂ ਨੂੰ ਗ੍ਰਿਫ਼ਤਾਰ ਕਰ ਕੇ ਕਾਨੂੰਨੀ ਕਾਰਵਾਈ ਕਰਨ ਦੀ ਜੁਰਅਤ ਨਾ ਕੀਤੀ। ਅਖੌਤੀ ਪੰਥਕ ਅਕਾਲੀ ਸਰਕਾਰ ਦਾ ਮੁੱਖ ਮੰਤਰੀ ਸੁਰਜੀਤ ਸਿਹੁੰ ਬਰਨਾਲਾ ਦਿੱਲੀ ਦੇ ਪ੍ਰਭੂਆਂ ਨੂੰ ਖ਼ੁਸ਼ ਕਰਨ ਲਈ ਸਿੱਖ ਨੌਜਵਾਨਾਂ ਨੂੰ ਕੋਹ-ਕੋਹ ਕੇ ਤੇ ਤਸੀਹੇ ਦੇ ਕੇ ਝੂਠੇ ਮੁਕਾਬਲਿਆਂ ਵਿਚ ਖ਼ਤਮ ਕਰ ਰਿਹਾ ਸੀ। ਸੁਰਜੀਤ ਸਿਹੁੰ ਬਰਨਾਲਾ ਦੀ ਸਰਕਾਰ ਕੋਲ ਸਿਰਫ਼ ਸਿੱਖਾਂ ਉਪਰ ਸਖ਼ਤੀ ਕਰਨ ਲਈ ਕਾਨੂੰਨ ਸੀ, ਹਿੰਦੂਆਂ ਲਈ ਸਭ ਕੁਝ ਮਾਫ਼ ਸੀ। ਇਸ ਬੇਇਨਸਾਫ਼ੀ ਵਿਰੁੱਧ ਕਿਸੇ ਨੇ ਤਾਂ ਜ਼ੁਲਮ ਵਿਰੁੱਧ ਸਾਹਮਣੇ ਆਉਣਾ ਹੀ ਸੀ। ਨਵੰਬਰ 1986 ਵਿਚ ਹੁਸ਼ਿਆਰਪੁਰ ਵਿਚ ਹਿੰਦੂ ਦਹਿਸਤਗਰਦੀ ਨੂੰ ਨੱਥ ਪਾਉਣ ਲਈ ਤੇ ਸਬਕ ਸਿਖਾਉਣ ਲਈ ਕੁਝ ਖਾੜਕੂ ਸਿੰਘਾਂ ਨੇ ਇਕ ਬੱਸ ਨੂੰ ਹੁਸ਼ਿਆਰਪੁਰ ਦੇ ਪਿੰਡ ਖੁੱਡਾ ਪਾਸ ਘੇਰ ਲਿਆ ਤੇ ਰੋਹ ਵਿਚ ਆਏ ਖਾੜਕੂਆਂ ਨੇ 24 ਬੱਸ ਮੁਸਾਫ਼ਰ (ਹਿੰਦੂ) ਮਾਰ ਦਿੱਤੇ। ਇਸ ਕਾਂਡ ਦੀ ਅਗਲੇ ਦਿਨ ਜੱਗਬਾਣੀ ਅਖ਼ਬਾਰ ਵਿਚ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਲੈਟਰਪੈਡ 'ਤੇ ਭਾਈ ਮਨਜੀਤ ਸਿੰਘ ਖੁਜਾਲਾ ਨੇ ਜ਼ਿੰਮੇਵਾਰੀ ਲਈ ਸੀ ਤੇ ਹਕੀਕਤ ਵੀ ਸਪਸ਼ਟ ਕੀਤੀ ਗਈ ਸੀ ਕਿ ਖੁੱਡਾ ਬੱਸ ਕਾਂਡ ਦੀ ਮੰਦਭਾਗੀ ਘਟਨਾ ਦਾ ਅਸਲ ਪਿਛੋਕੜ ਸਿੱਖਾਂ ਦੇ ਹੁਸ਼ਿਆਰਪੁਰ ਦੇ ਨਗਰ ਕੀਰਤਨ 'ਤੇ ਜਨੂੰਨੀ ਹਿੰਦੂਸ਼ਾਹੀ ਦੀ ਹਕੂਮਤ ਦੇ ਨਸੇ ਵਿਚ ਹੈਂਕੜਸਾਹੀ ਕੀਤੀ ਸੀ, ਉਸ ਦਾ ਜਵਾਬ ਸੀ, ਜੋ ਸਿੱਖਾਂ ਸਿਰ ਭਾਜੀ ਚਾੜ੍ਹੇਗਾ, ਉਸ ਨੂੰ ਖਾਲਸੇ ਦੇ ਨਿਉਂਦੇ ਨੂੰ ਕਬੂਲਣ ਲਈ ਤਿਆਰ ਰਹਿਣਾ ਚਾਹੀਦਾ ਹੈ। ਭਾਈ ਮਨਜੀਤ ਸਿੰਘ ਖੁਜਾਲਾ ਦਾ ਐਲਾਨ ਸੀ ਕਿ ਅਸੀਂ ਕਿਸੇ ਵੀ ਨਿਰਦੋਸ਼ ਦਾ ਖ਼ੂਨ ਵਹਾਉਣ ਵਿਚ ਵਿਸ਼ਵਾਸ ਨਹੀਂ ਰੱਖਦੇ। ਜੇ ਕੋਈ ਹਕੂਮਤ ਜਾਂ ਬਹੁਗਿਣਤੀ ਹੋਣ ਦੇ ਹੰਕਾਰ ਵਿਚ ਸਿੱਖਾਂ ਉੱਤੇ ਹਮਲਾ ਕਰੇ, ਤੇ ਜੇ ਕਿਤੇ ਫਿਰ ਜੁਝਾਰੂ ਸਿੰਘਾਂ ਦੇ ਦੋਸ਼ੀ ਕਾਬੂ ਆ ਜਾਣ ਤਾਂ ਫਿਰ ਹਿੰਦੁਸਤਾਨੀ ਮੀਡੀਆ ਪਿੱਟ ਉੱਠਦਾ ਹੈ ਕਿ ਖਾੜਕੂਆਂ ਨੇ ਨਿਰਦੋਸ ਹਿੰਦੂ ਮਾਰ ਦਿੱਤੇ ਆ। ਸਰਕਾਰ ਜੋ ਮਰਜ਼ੀ ਪਰਚਾਰ ਕਰੇ, ਨਾ ਤਾਂ ਸਿੱਖਾਂ ਦੇ ਦੋਸ਼ੀ, ਨਿਰਦੋਸ ਹੀ ਹੋ ਸਕਦੇ ਹਨ ਤੇ ਨਾ ਹੀ ਨਿਹੱਥੇ ਲੱਖਾਂ ਦੀ ਗਿਣਤੀ ਵਿਚ ਸੁਰੱਖਿਆ ਫ਼ੋਰਸਾਂ ਹਿੰਦੂਆਂ ਦੀ ਰਾਖੀ ਵਾਸਤੇ ਹਿੰਦ ਹਕੂਮਤ ਨੇ ਤਾਇਨਾਤ ਕੀਤੀਆਂ। ਜਦੋਂ ਸਿੱਖਾਂ ਉੱਤੇ ਜ਼ੁਲਮ ਹੁੰਦਾ ਹੈ ਉਦੋਂ ਉਹ ਫ਼ੋਰਸਾਂ ਸਿੱਖਾਂ ਦੇ ਬਚਾਉ ਵਾਸਤੇ ਬਿਲਕੁਲ ਹਰਕਤ ਵਿਚ ਨਹੀਂ ਆਉਂਦੀਆਂ। ਇਸੇ ਲਈ ਖਾੜਕੂ ਸਿੰਘਾਂ ਨੂੰ ਇਨਸਾਫ਼ ਲੈਣ ਲਈ, ਸਿੱਖਾਂ ਦੇ ਵੈਰੀਆਂ ਨੂੰ ਆਪ ਸੋਧਾ ਲਾ ਕੇ ਗੱਡੀ ਚੜ੍ਹਾਉਣਾ ਪੈਂਦਾ ਹੈ।

10 ਫ਼ਰਵਰੀ 1987 ਨੂੰ ਕਿਸੇ ਮੁਖਬਰ ਦੀ ਮੁਖ਼ਬਰੀ 'ਤੇ ਅੰਮ੍ਰਿਤਸਰ ਦੇ ਬੱਸ ਅੱਡੇ ਤੋਂ ਪੰਜਾਬ ਪੁਲਿਸ ਨੇ ਭਾਈ ਮਨਜੀਤ ਸਿੰਘ ਖੁਜਾਲਾ ਨੂੰ ਗ੍ਰਿਫ਼ਤਾਰ

ਕਰ ਲਿਆ ਅਤੇ ਅੰਨ੍ਹਾ ਤਸ਼ੱਦਦ ਕੀਤਾ। (ਭਾਈ ਸਾਹਿਬ ਦੇ ਹੱਥ ਵੱਢ ਕੇ ਸਰੀਰ ਤੋਂ ਵੱਖ ਕਰ ਦਿੱਤੇ ਗਏ।) ਕਿਹਾ ਜਾਂਦਾ ਹੈ ਕਿ ਜਿਉਂਦੇ ਦੇ ਗਲ ਵਿਚ ਟਾਇਰ ਪਾ ਕੇ ਅੱਗ ਲਾ ਦਿੱਤੀ ਸੀ ਤੇ ਉਸੇ ਰਾਤ ਥਾਣਾ ਘਰਿੰਡਾ ਦੇ ਅਧੀਨ ਪੈਂਦੇ ਪਿੰਡ ਸਰਾਂ ਅਮਾਨਤ ਖ਼ਾਂ ਵਿਖੇ ਲਿਜਾ ਕੇ 10 ਫ਼ਰਵਰੀ 1987 ਨੂੰ ਰਾਤ ਦੇ 9 ਵਜੇ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਮਾਰ ਦਿੱਤਾ। ਆਪ ਦੇ ਭਰਾ ਜਗਦੀਸ਼ ਸਿੰਘ ਖੁਜਾਲਾ ਨੂੰ ਵੀ ਪੁਲਿਸ ਬਹੁਤ ਤੰਗ ਕਰਦੀ ਰਹੀ ਹੈ। ਭਾਈ ਮਨਜੀਤ ਸਿੰਘ ਖੁਜਾਲਾ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਦੇ ਭੋਗ ਕਿਸੇ ਗੁਪਤ ਥਾਂ 'ਤੇ ਪਾਏ ਗਏ। ਵੱਡੀ ਗਿਣਤੀ ਵਿਚ ਜੁਝਾਰੂ ਸਿੰਘਾਂ ਨੇ ਇਕੱਤਰ ਹੋ ਕੇ ਵਿਛੜੇ ਖਾੜਕੂ ਜਰਨੈਲ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਇਸ ਮਹਾਨ ਯੋਧੇ ਦੀ ਪੱਗ ਭਾਈ ਜੁਗਰਾਜ ਸਿੰਘ ਤੂਫ਼ਾਨ ਨੂੰ ਬੰਨ੍ਹੀ ਗਈ। ਭਾਈ ਮਨਜੀਤ ਸਿੰਘ ਖੁਜਾਲਾ ਦੇ ਅਧੂਰੇ ਕਾਜ ਨੂੰ ਪੂਰਾ ਕਰਨ ਦਾ ਭਾਈ ਜੁਗਰਾਜ ਸਿੰਘ ਤੂਫ਼ਾਨ ਨੇ ਪ੍ਰਣ ਲਿਆ ਤੇ ਖ਼ਾਲਸਾ ਰਾਜ ਦੀ ਸਥਾਪਨਾ ਤਕ ਸੰਘਰਸ਼ ਜਾਰੀ ਰੱਖਣ ਦਾ ਫ਼ੈਸਲਾ ਕੀਤਾ।

***

# ਸ਼ਹੀਦ ਭਾਈ ਰੇਸ਼ਮ ਸਿੰਘ ਥਾਂਦੇ
## ਡਿਪਟੀ ਚੀਫ਼-ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ



ਖਾੜਕੂ ਯੋਧੇ ਭਾਈ ਰੇਸ਼ਮ ਸਿੰਘ ਥਾਂਦੇ ਦਾ ਜਨਮ ਪਿਤਾ ਸ. ਬਲਕਾਰ ਸਿੰਘ ਚੌਧਰੀ ਦੇ ਘਰ ਮਾਤਾ ਸਰਦਾਰਨੀ ਜੀਤ ਕੌਰ ਦੀ ਕੁੱਖੋਂ ਸੰਨ 1958 ਵਿਚ ਪਿੰਡ ਥਾਂਦੇ ਨਜ਼ਦੀਕ ਅੰਮ੍ਰਿਤਸਰ ਵਿਖੇ ਹੋਇਆ। ਭਾਈ ਰੇਸ਼ਮ ਸਿੰਘ ਥਾਂਦੇ ਹੁਰੀਂ ਚਾਰ ਭੈਣ-ਭਰਾ ਸਨ। ਭਰਾ ਨਿਸ਼ਾਨ ਸਿੰਘ, ਭੈਣਾਂ ਜਸਮੇਲ ਕੌਰ, ਜਸਬੀਰ ਕੌਰ ਤੇ ਲਖਵਿੰਦਰ ਕੌਰ ਸਨ। ਭਾਈ ਰੇਸ਼ਮ ਸਿੰਘ ਨੇ ਦਸਵੀਂ ਤਕ ਵਿਦਿਆ ਪ੍ਰਾਪਤ ਕੀਤੀ ਸੀ ਤੇ ਆਪ ਦਾ ਆਨੰਦ ਕਾਰਜ ਬੀਬੀ ਕਸ਼ਮੀਰ ਕੌਰ ਨਾਲ ਹੋਈ। ਇਕ ਪੁੱਤਰ ਅਮੋਲਕਦੀਪ ਸਿੰਘ ਹੈ। ਆਪ ਦੇ ਪਿਤਾ ਸ. ਬਲਕਾਰ ਸਿੰਘ ਸੱਚੇ-ਸੁੱਚੇ ਨਿਆਂ-ਪਸੰਦ ਸੁਭਾਅ ਦੇ ਹੋਣ ਕਰਕੇ ਪਿੰਡ ਥਾਂਦੇ ਦੇ ਵਾਸੀਆਂ ਨੇ ਇਕੱਠੇ ਹੋ ਕੇ ਪਿੰਡ ਦੀ ਚੌਧਰੀ ਦੀ ਪੱਗ ਬੰਨ੍ਹਾਈ ਹੋਈ ਸੀ। (ਚੌਧਰ ਦੀ ਪੱਗ ਦਾ ਰਿਵਾਜ ਪਾਕਿਸਤਾਨੀ ਪੰਜਾਬ ਵਿਚ ਹੈ, ਭਾਰਤੀ ਪੰਜਾਬ ਵਿਚ ਇਹ ਮਾਣ ਸਿਰਫ ਪਿੰਡ ਥਾਂਦੇ ਅੰਮ੍ਰਿਤਸਰ ਨੂੰ ਹੀ ਹੈ।) ਪਿੰਡ ਦੇ ਸਾਰੇ ਝਗੜੇ ਸ. ਬਲਕਾਰ ਸਿੰਘ ਚੌਧਰੀ ਨਿਬੇੜ ਦਿੰਦੇ ਸਨ, ਹਰ ਫ਼ੈਸਲਾ ਇਨਸਾਫ਼ ਤੇ ਨਿਆਂ ਵਾਲਾ ਹੁੰਦਾ ਸੀ, ਜਿਸ ਨੂੰ ਦੋਵੇਂ ਧਿਰਾਂ ਪ੍ਰਵਾਨ ਕਰਦੀਆਂ ਸਨ। ਸ. ਬਲਕਾਰ ਸਿੰਘ ਚੌਧਰੀ ਦਾ ਪਰਿਵਾਰ ਖ਼ੁਸ਼ਹਾਲ ਸੀ। ਭਾਈ ਰੇਸ਼ਮ ਸਿੰਘ 1982 ਵਿਚ ਕੁਵੈਤ ਚਲਾ ਗਿਆ। ਦੋ ਸਾਲ ਕੁਵੈਤ ਵਿਚ ਟਰੱਕ ਡਰਾਇਵਰੀ ਕਰਦਾ ਰਿਹਾ। ਜੁਲਾਈ 1984 ਵਿਚ ਕੁਵੈਤ ਤੋਂ ਵਾਪਸ ਆ ਗਿਆ ਤੇ ਘਰ ਦਾ ਖੇਤੀਬਾੜੀ ਦਾ ਕੰਮ ਸੰਭਾਲ ਲਿਆ। ਜੂਨ 1984 ਦੀ ਸ੍ਰੀ ਦਰਬਾਰ ਸਾਹਿਬ 'ਤੇ ਹੋਈ ਫ਼ੌਜੀ ਕਾਰਵਾਈ, ਸਿੱਖਾਂ ਦਾ ਕਤਲੇਆਮ, ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਤੋਪਾਂ, ਟੈਂਕਾਂ ਨਾਲ ਢਾਹ-ਢੇਰੀ ਕਰਨ ਤੇ ਇੰਦਰਾ ਦੇ ਕਤਲ ਤੋਂ ਬਾਅਦ ਸਿੱਖਾਂ ਦੀ ਹਿੰਦੁਸਤਾਨ ਦੇ ਸ਼ਹਿਰਾਂ ਦਿੱਲੀ, ਕਾਨਪੁਰ, ਬੁਕਾਰੋ ਅਤੇ ਹੋਰ ਕਈ ਸ਼ਹਿਰਾਂ ਵਿਚ ਕੀਤੀ ਵਹਿਸ਼ੀ ਕਤਲੇਆਮ ਨਾਲ ਭਾਈ

ਰੇਸ਼ਮ ਸਿੰਘ ਦਾ ਮਨ ਬੜਾ ਦੁਖੀ ਹੋਇਆ। ਭਾਈ ਰੇਸ਼ਮ ਸਿੰਘ ਅਜਿਹੇ ਨਰਮ ਦਿਲ ਇਨਸਾਨ ਸਨ ਕਿ ਪੈਰ ਥੱਲੇ ਕੀੜੀ ਵੀ ਨਹੀਂ ਸੀ ਆਉਣ ਦਿੰਦੇ, ਪਰ ਵਕਤ ਦੀ ਹਕੂਮਤ ਦੀ ਮਸ਼ੀਨਰੀ ਨੇ ਇਕ ਨਰਮ ਦਿਲ ਤੇ ਸਾਊ ਸੁਭਾਅ ਦੇ ਸ਼ਰੀਫ਼ ਭਾਈ ਰੇਸ਼ਮ ਸਿੰਘ ਥਾਂਦੇ ਨੂੰ ਜ਼ੁਲਮੀ ਤਸ਼ੱਦਦ ਦਾ ਸ਼ਿਕਾਰ ਬਣਾ ਕੇ ਹਥਿਆਰਬੰਦ ਖਾੜਕੂ ਸਿੰਘਾਂ ਦਾ ਜਰਨੈਲ ਬਣਾ ਦਿੱਤਾ।

ਕੁਝ ਕੁ ਪੁਲਿਸ ਅਧਿਕਾਰੀ ਅਤੇ ਉਹਨਾਂ ਦੇ ਜੁੰਡੀ ਦੇ ਯਾਰ ਮੁਖ਼ਬਰ ਪਿੰਡਾਂ ਵਿਚ ਅਜਿਹੇ ਵੀ ਹਨ, ਜੋ ਇਕ ਦੂਜੇ ਲਈ ਕੜੀ ਦਾ ਕੰਮ ਕਰਦੇ ਸਨ। ਹਾਕਮ ਕਹਿੰਦਾ, ''ਸੁਣਾ ਬਈ, ਕੋਈ ਹੈ ਪੈਸੇ ਵਾਲੀ ਮੁਰਗੀ, ਸੋਨੇ ਦਾ ਆਂਡਾ ਦੇਣ ਵਾਲੀ ?'' ਚੁਗਲ ਕਹਿੰਦਾ, ''ਜੀ ਜਨਾਬ, ਫਲਾਣੇ ਦਾ ਮੁੰਡਾ ਬਾਹਰਲੇ ਦੇਸ਼ 'ਚੋਂ ਆਇਆ, ਪੈਸੇ ਵਾਹਵਾ ਲੈ ਕੇ ਆਇਆ, ਜ਼ਮੀਨ ਖ਼ਰੀਦਣ ਦਾ ਸੌਦਾ ਕਰਦਾ ਫਿਰਦਾ।'' ਹਾਕਮ ਦੀਆਂ ਅੱਖਾਂ ਵਿਚ ਚਮਕ ਆ ਜਾਂਦੀ, ਦੋਵੇਂ ਹੱਥ ਮਿਲਾਉਂਦੇ। ਫਿਰ ਪੈੱਗ ਸਾਂਝਾ ਚੱਲਦਾ। ਮੁਖ਼ਬਰ ਮੁੱਛਾਂ 'ਤੇ ਹੱਥ ਫੇਰਦਾ ਕਹਿੰਦਾ, ''ਜਨਾਬ ਜੀ, ਮੈਂ ਕਹਿੰਨਾ ਫਲਾਣੇ ਦਾ ਮੁੰਡਾ ਚੁੱਕ ਲਵੋ ਕਿ ਤੁਹਾਡੇ ਕੋਲ ਖਾੜਕੂ ਰੋਟੀ ਖਾ ਕੇ ਗਏ ਆ। ਮੈਂ ਸੂਹ ਕੱਢਦਾਂ ਜੇ ਤਾਂ ਕੋਈ ਰੋਟੀ ਖਾ ਕੇ ਗਿਆ ਹੋਵੇਗਾ ਫਿਰ ਤਾਂ ਠੀਕ ਹੈ, ਅੱਜ ਈ.....। ਨਹੀਂ ਤਾਂ ਫਿਰ ਆਪਣੇ ਮੁੰਡੇ ਰਾਤ ਨੂੰ ਭੇਜ ਦਿਆਂਗੇ ਖਾੜਕੂਆਂ ਦੇ ਭੇਸ ਵਿਚ। ਫਿਰ ਜਿਵੇਂ ਚਾਹਾਂਗੇ ਉਸੇ ਤਰ੍ਹਾਂ ਹੋਊ। ਆਪੇ ਹੀ ਹਾਜ਼ਰ ਹੋਣਗੇ। ਜੀ, ਅੱਗੋਂ ਤੁਸੀਂ ਸਿਆਣੇ ਹੋ।''

ਅਜਿਹੀ ਨੀਤੀ ਦਾ ਸ਼ਿਕਾਰ ਹੋਇਆ ਸ. ਬਲਕਾਰ ਸਿੰਘ ਚੌਧਰੀ ਥਾਂਦੇ ਦਾ ਪਰਿਵਾਰ। ਭਾਈ ਰੇਸ਼ਮ ਸਿੰਘ ਥਾਂਦੇ ਜਦੋਂ ਕੁਵੈਤ ਤੋਂ ਵਾਪਸ ਆਇਆ ਤਾਂ ਘਰ ਦੇ ਖੇਤੀਬਾੜੀ ਦੇ ਰੁਝੇਵਿਆਂ ਵਿਚ ਲੱਗ ਗਿਆ। ਪੁਲਿਸ ਨੇ ਪੈਸੇ ਝਾੜਨ ਵਾਲੀ ਚੰਗੀ ਅਸਾਮੀ ਜਾਣ ਕੇ ਤੰਗ ਕਰਨਾ ਸ਼ੁਰੂ ਕਰ ਦਿੱਤਾ ਕਿ ਤੁਹਾਡੇ ਕੋਲ ਚੋਟੀ ਦੇ ਜਰਨੈਲ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਤੇ ਭਾਈ ਕਾਰਜ ਸਿੰਘ ਥਾਂਦੇ ਦਾ ਆਉਣਾ ਜਾਣਾ ਹੈ। ਭਾਈ ਰੇਸ਼ਮ ਸਿੰਘ ਤੇ ਬਾਪੂ ਬਲਕਾਰ ਸਿੰਘ ਚੌਧਰੀ ਨੇ ਪੁਲਿਸ ਨੂੰ ਸਾਫ਼ ਸ਼ਬਦਾਂ ਵਿਚ ਕਹਿ ਦਿੱਤਾ ਕਿ ਸਾਡਾ ਖਾੜਕੂਆਂ ਨਾਲ ਕੋਈ ਲੈਣਾ-ਦੇਣਾ ਨਹੀਂ ਤੇ ਪ੍ਰਸ਼ਾਦਾ ਪਾਣੀ ਤਾਂ ਉਹਨਾਂ ਨੇ ਕਿਤੇ ਨਾ ਕਿਤੇ ਛਕਣਾ ਹੀ ਹੈ। ਜੇ ਛਕਾਉਂਦੇ ਹਾਂ ਤਾਂ ਤੁਸੀਂ ਮਾਰਦੇ ਹੋ, ਜੇ ਨਹੀਂ ਛਕਾਉਂਦੇ ਤਾਂ ਉਹ ਵੀ ਮਾਰਦੇ ਨੇ, ਅਸੀਂ ਪਰਜਾ ਕੀ ਕਰੀਏ ? ਪੁਲਿਸ ਨੂੰ ਝਾੜਾ ਝਾੜਨਾ ਪਿਆ, ਇਕ ਵਾਰੀ ਖਹਿੜਾ ਛੁਡਾਇਆ। ਕੁਝ ਚਿਰ ਬਾਅਦ ਪੁਲਿਸ ਨੇ ਭਾਈ ਰੇਸ਼ਮ ਸਿੰਘ ਥਾਂਦੇ ਨੂੰ ਫੇਰ ਚੁੱਕ ਲਿਆ ਤੇ ਇਸ ਵਾਰੀ ਪੁਲਿਸ ਵਾਲੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਤੇ ਭਾਈ ਕਾਰਜ ਸਿੰਘ ਥਾਂਦੇ ਦੇ ਮਾਤਾ-ਪਿਤਾ ਬਾਰੇ ਪੁੱਛਦੇ ਸਨ, ਜਿਨ੍ਹਾਂ ਬਾਰੇ ਉਹਨਾਂ ਨੂੰ ਕੋਈ ਥਹੁ-ਪਤਾ ਨਹੀਂ ਸੀ। ਪੁਲਿਸ ਵਾਲੇ ਵੱਡੀ ਰਕਮ ਭਾਲਦੇ ਸਨ, ਨਾ ਦੇਣ ਦੀ ਸੂਰਤ ਵਿਚ ਪੁਲਿਸ ਨੇ ਭਾਈ ਰੇਸ਼ਮ ਸਿੰਘ ਥਾਂਦੇ ਨੂੰ ਅੱਤਵਾਦੀ ਐਲਾਨ ਕੇ ਕਿ ਭਾਈ ਰੇਸ਼ਮ ਸਿੰਘ ਭਾਈ ਕਾਰਜ ਸਿੰਘ ਥਾਂਦੇ ਦਾ ਸਾਥੀ ਹੈ, ਝੂਠੇ ਕੇਸ ਦਰਜ ਕਰ ਕੇ

ਦੋ ਸਾਲ ਅੰਮ੍ਰਿਤਸਰ ਦੀ ਜੇਲ੍ਹ ਵਿਚ ਬੰਦ ਰੱਖਿਆ। ਸਤੰਬਰ 1989 'ਚ ਅਦਾਲਤ ਨੇ ਸਾਰੇ ਕੇਸਾਂ ਵਿਚ ਬਰੀ ਕਰ ਦਿੱਤਾ। ਬਰੀ ਹੋ ਜਾਣ ਤੋਂ ਬਾਅਦ ਭਾਈ ਰੇਸ਼ਮ ਸਿੰਘ ਨੇ ਸ਼ਾਂਤਮਈ ਜ਼ਿੰਦਗੀ ਜਿਊਣ ਲਈ ਘਰ ਦਾ ਕੰਮ-ਧੰਦਾ ਕਰਨਾ ਸ਼ੁਰੂ ਕਰ ਦਿੱਤਾ।

ਪੁਲਿਸ ਦੂਜੇ-ਚੌਥੇ ਦਿਨ ਭਾਈ ਰੇਸ਼ਮ ਸਿੰਘ ਦੇ ਘਰ ਗੇੜਾ ਮਾਰਦੀ, ਪਰੇਸ਼ਾਨ ਕਰਦੀ ਰਹਿੰਦੀ ਸੀ। ਅਕਤੂਬਰ 1989 ਵਿਚ ਸਾਰਾ ਪਰਿਵਾਰ ਆਪਣੀ ਗੱਡੀ ਲੈ ਕੇ, ਦੋਵੇਂ ਭਰਾ, ਦੋਵੇਂ ਭੈਣਾਂ ਤੇ ਜੀਜੇ ਤੇ ਮਾਤਾ ਜੀ ਤੇ ਸੰਗਤ ਨੂੰ ਲੈ ਕੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕਰਨ ਲਈ ਗਏ ਹੋਏ ਸਨ। ਪਿੱਛੋਂ ਪੰਜਾਬ ਪੁਲਿਸ ਪਿਤਾ ਸ. ਬਲਕਾਰ ਸਿੰਘ ਚੌਧਰੀ ਨੂੰ ਫੜ ਕੇ ਲੈ ਗਈ। ਸਭ ਤੋਂ ਵੱਧ ਪਿੰਡ ਅਤੇ ਇਲਾਕੇ ਦੀ ਸਤਿਕਾਰ ਯੋਗ ਸ਼ਖ਼ਸੀਅਤ ਬਾਪੂ ਬਲਕਾਰ ਸਿੰਘ ਚੌਧਰੀ ਉਪਰ ਪੁਲਿਸ ਨੇ ਬੜੀ ਬੇਦਰਦੀ ਨਾਲ ਤਸ਼ੱਦਦ ਕੀਤਾ। ਬਜ਼ੁਰਗ ਨੂੰ ਤੁਰਨ ਤੋਂ ਅਸਮਰੱਥ ਕਰ ਦਿੱਤਾ। 25 ਅਕਤੂਬਰ 1989 ਨੂੰ ਇਕ ਪੁਲਿਸ ਇੰਸਪੈਕਟਰ ਨੇ ਪੁਲਿਸ ਪਾਰਟੀ ਨਾਲ ਭਾਈ ਰੇਸ਼ਮ ਸਿੰਘ ਥਾਂਦੇ ਨੂੰ ਖ਼ਤਮ ਕਰਨ ਲਈ ਧਾਵਾ ਬੋਲਿਆ। ਭਾਈ ਰੇਸ਼ਮ ਸਿੰਘ ਉਸ ਵੇਲੇ ਘਰ ਨਹੀਂ ਸੀ, ਜਿਸ ਕਰਕੇ ਉਸ ਦੀ ਜਾਨ ਬਚ ਗਈ। ਹੁਣ ਭਾਈ ਸਾਹਿਬ ਨੂੰ ਯਕੀਨ ਹੋ ਗਿਆ ਕਿ ਪੁਲਿਸ ਮੈਨੂੰ ਸ਼ਾਂਤਮਈ ਜੀਵਨ ਜਿਊਣ ਨਹੀਂ ਦੇਵੇਗੀ। ਹਥਿਆਰ ਚੁੱਕਣ ਤੋਂ ਬਿਨਾਂ ਕੋਈ ਚਾਰਾ ਨਾ ਰਹਿ ਗਿਆ। ਭਾਈ ਰੇਸ਼ਮ ਸਿੰਘ ਹਿੰਦੁਸਤਾਨੀ ਹਕੂਮਤ ਦੇ ਜ਼ੁਲਮਾਂ ਤੋਂ ਤੰਗ ਆ ਕੇ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਜਥੇਦਾਰ ਭਾਈ ਪਿੱਪਲ ਸਿੰਘ ਢੋਲੇਵਾਲ ਨੂੰ ਮਿਲੇ ਅਤੇ ਆਪਣ ਦੁੱਖਾਂ ਭਰੀ ਵਿਥਿਆ ਸੁਣਾਈ। ਜਿਸ ਨੂੰ ਸੁਣ ਕੇ ਕੇ.ਐੱਲ.ਐੱਫ਼ ਦੇ ਖਾੜਕੂ ਭਾਈ ਪਿੱਪਲ ਸਿੰਘ ਨੇ ਆਪਣੀ ਫ਼ੋਰਸ ਵਿਚ ਭਰਤੀ ਕਰ ਲਿਆ। ਭਾਈ ਰੇਸ਼ਮ ਸਿੰਘ ਥਾਂਦੇ ਨੇ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਧੜੱਲੇਦਾਰ ਐਕਸ਼ਨਾਂ ਵਿਚ ਭਾਗ ਲਿਆ। ਦਿਨਾਂ ਵਿਚ ਹੀ ਭਾਈ ਰੇਸ਼ਮ ਸਿੰਘ ਚੋਟੀ ਦੇ ਖਾੜਕੂ ਸਿੰਘਾਂ ਵਿਚ ਪ੍ਰਮੁੱਖ ਮੰਨੇ ਜਾਣ ਲੱਗੇ। ਸੀ.ਆਰ.ਪੀ. ਦੀਆਂ ਚੌਂਕੀਆਂ ਉੱਤੇ ਹਮਲੇ ਕੀਤੇ, ਬਾਸਰਕੇ ਗਿੱਲਾਂ ਦੇ ਟੀ.ਵੀ. ਟਾਵਰ ਨੂੰ ਰਾਕਟ ਲਾਂਚਰਾਂ ਨਾਲ ਉਡਾ ਦਿੱਤਾ। ਪੰਥ ਦੇ ਸ਼ਰੋਮਣੀ ਗੱਦਾਰ ਲੌਂਗੋਵਾਲ ਦੇ ਜੁੰਡੀ ਦੇ ਯਾਰ ਸਾਥੀ ਸਿੱਖ ਹੱਕਾਂ ਨੂੰ ਦਿੱਲੀ ਕੋਲ ਗਹਿਣੇ ਰੱਖਣ ਵਾਲੇ ਬਲਵੰਤ ਸਿੰਘ ਗਿੱਠਮੁਠੀਆ ਨੂੰ ਲੌਂਗੋਵਾਲ ਸੰਤ ਕੋਲ ਭੇਜਣ ਵਿਚ ਭਾਈ ਰੇਸ਼ਮ ਸਿੰਘ ਨੇ ਚੰਗਾ ਹੰਭਲਾ ਮਾਰਿਆ। ਹਰਨਾਕਸ਼ ਦਾ ਰੂਪ ਧਾਰੀ ਬੈਠੇ ਗੋਬਿੰਦ ਰਾਮ, ਜਿਸ ਨੇ ਮੌਤ ਤੇ ਪਰਮਾਤਮਾ ਦੋਹਾਂ ਨੂੰ ਭੁਲਾ ਛੱਡਿਆ ਸੀ, ਜੁਝਾਰੂ ਸਿੰਘਾਂ ਦੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਸੱਥਾਂ ਵਿਚ ਲੰਮੇ ਪਾ ਕੇ ਪੁਲਿਸ ਤੋਂ ਪਟੇ ਮਰਵਾਉਂਦਾ ਹੋਇਆ ਕਹਿੰਦਾ ਹੁੰਦਾ ਸੀ, ''ਸਿੱਖੋ, ਤੁਸੀਂ (ਗੁਰੂ) ਗੋਬਿੰਦ ਸਿੰਘ ਨੂੰ ਭੁੱਲ ਜਾਓਗੇ, ਗੋਬਿੰਦ ਰਾਮ ਨੂੰ ਯਾਦ ਰੱਖੋਗੇ।''

ਇਸ ਹੰਕਾਰੀ ਦੀ ਸਰਕਾਰੀ ਕਿਲ੍ਹੇ ਅੰਦਰ ਭਾਈ ਜੁਗਰਾਜ ਸਿੰਘ ਤੂਫ਼ਾਨ ਉਰਫ਼ ਬਾਬਾ ਨੇ ਸਿੰਘਾਂ ਦੇ ਸਹਿਯੋਗ ਨਾਲ ਅਲਖ ਮੁਕਾਈ। ਪੰਜ ਖਾੜਕੂ ਜਥੇਬੰਦੀਆਂ

ਨੇ ਸਿੱਖ ਸੰਘਰਸ਼ ਪ੍ਰਤੀ ਆਪ ਦੀ ਵਫ਼ਾਦਾਰੀ ਵੇਖ ਕੇ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਡਿਪਟੀ ਜਨਰਲ ਥਾਪ ਦਿੱਤਾ।

ਭਾਈ ਰੇਸ਼ਮ ਸਿੰਘ ਦਾ ਗੁਰਬਾਣੀ ਪੜ੍ਹਨ-ਸੁਣਨ ਨਾਲ ਬੜਾ ਪ੍ਰੇਮ ਸੀ। ਖ਼ਤਰਿਆਂ ਨਾਲ ਭਿੜਨਾ ਉਸ ਦਾ ਸ਼ੌਕ ਬਣ ਗਿਆ ਸੀ, ਜੇ ਪੰਜ ਸਿੰਘ ਹੁੰਦੇ ਤਾਂ ਦਸ ਹਜ਼ਾਰ ਨੂੰ ਵੀ ਲਲਕਾਰਦਾ ਸੀ। ਆਉ ਦਿੱਲੀ ਦੀਆਂ ਤਨਖ਼ਾਹਾਂ 'ਤੇ ਪੜ੍ਹਨ ਵਾਲਿਓ, ਗੁਰੂ ਦੇ ਸਿੰਘਾਂ ਨਾਲ ਅਸਲੀ ਮੁਕਾਬਲਾ ਕਰ ਕੇ ਵੇਖੋ, ਫਿਰ ਗਿਣਤੀ ਕਰਨੀ ਸਿੰਘ ਤੁਹਾਡੇ ਕਿਵੇਂ ਸੱਥਰ ਵਿਛਾਉਂਦੇ ਆ। ਖ਼ਾਲੀ ਹੱਥ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਕੇ ਤਸੀਹੇ ਦੇ ਕੇ ਮਾਰ ਦੇਣਾ ਤੇ ਅਖ਼ਬਾਰਾਂ ਵਿਚ ਝੂਠੇ ਹੀ ਪੁਲਿਸ ਮੁਕਾਬਲੇ ਦੀਆਂ ਕਹਾਣੀਆਂ ਲਿਖਾ ਦੇਣੀਆਂ, ਇਹ ਅਸਲੀ ਮੁਕਾਬਲੇ ਨਹੀਂ। ਰਾਤ ਦੇ ਹਨੇਰੇ ਵਿਚ ਮਾਰੇ ਗਏ ਖਾੜਕੂਆਂ ਦਾ ਪੁਲਿਸ ਵਾਲਿਆਂ ਤੋਂ ਬਿਨਾਂ ਕੋਈ ਨਹੀਂ ਵੇਖਦਾ ਕਿ ਮੁਕਾਬਲਾ ਕਿਸ ਤਰ੍ਹਾਂ ਹੋਇਆ। ਜਦੋਂ ਸਿੰਘਾਂ ਦਾ ਅਸਲੀ ਮੁਕਾਬਲਾ ਹੁੰਦਾ ਹੈ ਤਾਂ ਇਕ ਪਾਸੇ ਪੰਜ ਹਥਿਆਰਬੰਦ ਸਿੰਘ ਹੋਣ ਤੇ ਦੂਜੇ ਪਾਸੇ ਹਿੰਦੁਸਤਾਨੀ ਫ਼ੋਰਸ ਦੇ ਵੀਹ ਹਜ਼ਾਰ ਆਹਲਾ ਹਥਿਆਰਾਂ ਨਾਲ ਲੈਸ ਜਵਾਨ ਘੇਰਾ ਪਾਈ ਬੈਠੇ ਹੋਣ ਤਾਂ ਪੁਲਿਸ ਤੇ ਸਿੰਘਾਂ ਦੇ ਅਸਲੀ ਮੁਕਾਬਲੇ ਨੂੰ ਦੁਨੀਆਂ ਵੇਖਦੀ ਹੈ, ਅਖ਼ਬਾਰਾਂ ਸਿੰਘਾਂ ਦੀ ਬਹਾਦਰੀ ਦੇ ਸੋਹਿਲੇ ਗਾਉਂਦੀਆਂ ਹਨ। ਭਾਈ ਰੇਸ਼ਮ ਸਿੰਘ ਥਾਂਦੇ ਦੀਆਂ ਦਲੇਰਾਨਾ ਜੁਝਾਰੂ ਕਾਰਵਾਈਆਂ ਤੋਂ ਹਕੂਮਤ ਬੌਖਲਾ ਗਈ। ਹਕੂਮਤ ਦੇ ਜ਼ੁਲਮ ਜਬਰ ਤੋਂ ਡਰਦਾ ਸਾਰਾ ਪਰਿਵਾਰ ਘਰੋਂ ਬੇਘਰ ਹੋਇਆ ਦਿਨ-ਕੱਟੀ ਕਰ ਰਿਹਾ ਸੀ। ਤਰਨ ਤਾਰਨ ਦੇ ਬਾਕੀਪੁਰ ਦੇ ਘੇਰੇ ਵਿਚ ਆ ਗਏ, ਪੁਲਿਸ ਨੇ ਫੜ ਲਿਆ ਤੇ ਨਾਂ ਪੁੱਛਿਆ ਤਾਂ ਭਾਈ ਰੇਸਮ ਸਿੰਘ ਨੇ ਬੜੇ ਠਰ੍ਹਮੇ ਨਾਲ ਕਿਹਾ, "ਜਨਾਬ, ਮੈਂ ਇਹਨਾਂ ਦਾ ਰਿਸਤੇਦਾਰ ਹਾਂ, ਜਿਥੇ ਮਰਜ਼ੀ ਲੈ ਚੱਲੋ।" ਭਾਈ ਰੇਸ਼ਮ ਸਿੰਘ ਦੇ ਚਿਹਰੇ 'ਤੇ ਭੈਅ ਜਾਂ ਚਿੰਤਾ ਦਾ ਨਿਸ਼ਾਨ ਨਾ ਦੇਖ ਕੇ ਪੁਲਿਸ ਛੱਡ ਗਈ ਕਿ ਇਹ ਤਾਂ ਸ਼ਰੀਫ਼ ਜਿਹਾ ਬੰਦਾ ਹੈ।'

ਪੰਜਾਬ ਪੁਲਿਸ ਤੇ ਹਕੂਮਤ ਭਾਈ ਰੇਸ਼ਮ ਸਿੰਘ ਦੇ ਪਰਿਵਾਰ ਨੂੰ ਵੀ ਹਰ ਹੀਲੇ ਖ਼ਤਮ ਕਰਨ 'ਤੇ ਤੁਲੀ ਹੋਈ ਸੀ। ਪਿੰਡ ਗੁਮਟਾਲਾ ਤੋਂ ਮੋਹਤਬਰ ਦੇ ਘਰੋਂ ਉਸ ਦੀ ਗ਼ੱਦਾਰੀ 'ਤੇ ਪੁਲਿਸ ਨੇ ਭਾਈ ਰੇਸ਼ਮ ਸਿੰਘ ਦੀ ਪਤਨੀ ਕਸ਼ਮੀਰ ਕੌਰ, ਭਰਜਾਈ ਵਰਿੰਦਰ ਕੌਰ, ਭਰਾ ਨਿਸ਼ਾਨ ਸਿੰਘ ਨੂੰ ਚੁੱਕ ਲਿਆ। ਮਾਤਾ ਜੀਤ ਕੌਰ ਤੇ ਭਾਈ ਰੇਸ਼ਮ ਸਿੰਘ ਥਾਂਦੇ ਨੂੰ ਪੰਜਾਬ ਪੁਲਿਸ ਦਿੱਲੀ ਤੋਂ 4-5 ਦਸੰਬਰ 1992 ਨੂੰ ਫੜਨ ਵਿਚ ਕਾਮਯਾਬ ਹੋ ਗਈ ਤੇ ਐੱਸ.ਐੱਸ.ਪੀ. ਗੁਰਦੇਵ ਸਿਹੁੰ ਸਹੋਤਾ, ਐੱਸ.ਐੱਚ.ਓ. ਜੋਗਾ ਨੇ ਮਾਨਸਾ ਜ਼ਿਲ੍ਹੇ ਦੇ ਮਾਨ ਪਿੰਡ ਦੇ ਖੇਤਾਂ ਵਿਚ ਭਾਈ ਰੇਸਮ ਸਿੰਘ ਥਾਂਦੇ ਨੂੰ ਸਮੇਤ ਚਾਰ ਖਾੜਕੂ ਸਿੰਘਾਂ ਦੇ ਪੁਲਿਸ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ। ਪੁਲਿਸ ਵੱਲੋਂ ਜਾਰੀ ਪ੍ਰੈੱਸ ਨੋਟ ਅਨੁਸਾਰ, "ਮਾਨਸਾ ਦੇ ਪਿੰਡ ਸਾਖਾ ਤੋਂ ਫੋਰਡ ਟਰੈਕਟਰ ਖੋਹ ਕੇ ਪਿੰਡ ਮਾਨ ਦੇ ਕੱਚੇ ਰਸਤੇ ਪੈ ਗਏ। ਸੁਰੱਖਿਆ ਫ਼ੋਰਸਾਂ ਐੱਸ.ਐੱਸ.ਪੀ. ਗੁਰਦੇਵ ਸਿਹੁੰ ਸਹੋਤਾ, ਐੱਸ.ਐੱਚ.ਓ. ਦੀ ਅਗਵਾਈ ਵਿਚ

ਪੱਕੀ ਸੂਚਨਾ 'ਤੇ ਪਹਿਲੀ ਦਸੰਬਰ ਤੋਂ ਵਿਸ਼ੇਸ਼ ਆਪਰੇਸ਼ਨ ਰਾਹੀਂ ਢਾਣੀਆਂ ਡੇਰਿਆਂ 'ਤੇ ਛਾਪੇ ਮਾਰ ਰਹੀਆਂ ਸਨ। ਪੱਕੀ ਇਤਲਾਹ ਮਿਲਣ 'ਤੇ ਪਿੱਛਾ ਕੀਤਾ ਤੇ ਖਾੜਕੂਆਂ ਨੂੰ ਘੇਰ ਲਿਆ, ਜਿਸ 'ਤੇ ਉਹਨਾਂ ਨੇ ਏ.ਕੇ. 56 ਅਸਾਲਟ ਰਾਈਫਲਾਂ ਨਾਲ ਸੁਰੱਖਿਆ ਫ਼ੋਰਸਾਂ ਉੱਤੇ ਗੋਲੀਆਂ ਚਲਾਈਆਂ। ਸੁਰੱਖਿਆ ਫ਼ੋਰਸਾਂ ਨੇ ਵੀ ਜਵਾਬੀ ਫ਼ਾਇਰਿੰਗ ਕੀਤੀ, ਦੋ ਘੰਟੇ ਜ਼ਬਰਦਸਤ ਮੁਕਾਬਲਾ ਚੱਲਿਆ, ਬਾਅਦ ਵਿਚ ਇਲਾਕੇ ਦੀ ਤਲਾਸ਼ੀ ਲੈਣ 'ਤੇ ਤਿੰਨ ਖਾੜਕੂਆਂ ਦੀਆਂ ਲਾਸ਼ਾਂ ਮਿਲੀਆਂ ਤੇ ਇਕ ਖਾੜਕੂ ਬਚ ਨਿਕਲਣ ਵਿਚ ਕਾਮਯਾਬ ਹੋ ਗਿਆ। ਮਾਰੇ ਗਏ ਖਾੜਕੂਆਂ ਦੀ ਪਛਾਣ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਡਿਪਟੀ ਜਨਰਲ ਰੇਸ਼ਮ ਸਿੰਘ ਥਾਂਦੇ, ਭਾਈ ਤਜਿੰਦਰ ਸਿੰਘ ਬੱਬਰ, ਭਾਈ ਸੁਰਿੰਦਰ ਸਿੰਘ ਸ਼ਿੰਦਾ ਉਰਫ਼ ਸਵਰਨਜੀਤ ਸਿੰਘ ਬੀ.ਟੀ.ਐਫ਼. ਕੇ. ਵਜੋਂ ਹੋਈ ਹੈ। ਮੁਕਾਬਲੇ ਵਾਲੀ ਥਾਂ ਤੋਂ ਤਿੰਨ ਏ.ਕੇ. 56 ਅਸਾਲਟ ਰਾਈਫਲਾਂ ਤੇ ਇਹਨਾਂ ਦੇ 6 ਮੈਗਜ਼ੀਨ ਬਰਾਮਦ ਹੋਏ।'' ਪੁਲਿਸ ਮੁਖੀ ਕੇ.ਪੀ.ਐਸ. ਗਿੱਲ ਨੇ ਪੱਤਰਕਾਰਾਂ ਦੀ ਖਚਾਖਚ ਭਰੀ ਹੋਈ ਪ੍ਰੈਸ ਕਾਨਫਰੰਸ ਨੂੰ ਦੱਸਿਆ ਕਿ ਭਾਈ ਨਵਰੂਪ ਸਿੰਘ ਢੋਟੀਆਂ, ਭਾਈ ਰੇਸ਼ਮ ਸਿੰਘ ਥਾਂਦੇ ਦੇ ਸੁਰੱਖਿਆ ਫ਼ੋਰਸਾਂ ਨਾਲ ਮੁਕਾਬਲੇ ਵਿਚ ਮਾਰੇ ਜਾਣ ਨਾਲ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਵੱਡੇ ਖਾੜਕੂਆਂ ਦਾ ਸਫ਼ਾਇਆ ਹੋ ਗਿਆ ਹੈ। ਦੋ ਹੀ ਕੇ.ਐਲ.ਐਫ਼. ਦੇ ਖਾੜਕੂ ਬਾਕੀ ਰਹਿ ਗਏ ਹਨ। ਕੁਲਦੀਪ ਸਿੰਘ ਕੀਪਾ ਅਤੇ ਪਰਗਟ ਸਿੰਘ ਫ਼ੌਜੀ ਸੰਗਤਪੁਰ ਹੀ ਰਹਿੰਦੇ ਸਨ, ਜੋ ਇਸ ਜਥੇਬੰਦੀ ਦਾ ਸੰਚਾਲਨ ਕਰਦੇ ਹਨ। ਕੇ.ਪੀ.ਐਸ. ਗਿੱਲ ਨੇ ਕਿਹਾ ਕਿ ਆਖ਼ਰੀ ਹਮਲਾ ਅਪਰੇਸ਼ਨ ਬਹੁਤ ਹੀ ਕਾਮਯਾਬ ਹੋ ਰਿਹਾ ਹੈ। ਤਿੰਨ ਮਹੀਨਿਆਂ ਵਿਚ ਖਾੜਕੂਆਂ ਦਾ ਸਫਾਇਆ ਕਰ ਦਿੱਤਾ ਜਾਵੇਗਾ।

ਪੰਜਾਬ ਪੁਲਿਸ ਦੇ ਮੁਖੀ ਕੇ.ਪੀ.ਐਸ. ਗਿੱਲ ਦੀ 5 ਦਸੰਬਰ 1992 ਦੀ ਪ੍ਰੈਸ ਕਾਨਫਰੰਸ ਅਨੁਸਾਰ, ''ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਡਿਪਟੀ ਮੁਖੀ ਭਾਈ ਰੇਸ਼ਮ ਸਿੰਘ ਥਾਂਦੇ 700 ਕਤਲਾਂ ਵਿਚ ਸ਼ਾਮਲ ਸੀ ਤੇ ਉਸ 'ਤੇ 10 ਲੱਖ ਰੁਪਏ ਦਾ ਇਨਾਮ ਰੱਖਿਆ ਸੀ। ਬਟਾਲਾ ਵਿਚ ਬੰਬ ਧਮਾਕੇ ਕਰਨ, ਅੰਮ੍ਰਿਤਸਰ ਵਿਚ ਸ਼ਿਵ ਸੈਨਾ ਦੇ ਪ੍ਰਧਾਨ ਦੇ ਘਰ 'ਤੇ ਹਮਲਾ ਕਰ ਕੇ ਚਾਰ ਸ਼ਿਵ ਸੈਨਾ ਦੇ ਵਰਕਰਾਂ ਨੂੰ ਮਾਰਨ, ਜਿਸ ਵਿਚ ਇਕ ਏ.ਐਸ.ਆਈ. ਵੀ ਮਾਰਿਆ ਗਿਆ ਸੀ, ਸੈਂਟਰਲ ਜੇਲ੍ਹ ਅੰਮ੍ਰਿਤਸਰ 'ਤੇ ਹਮਲਾ ਕਰਨ, ਬਾਸਰਕੇ ਗਿੱਲਾਂ ਟੈਲੀਵਿਯਨ ਟਾਵਰ 'ਤੇ ਰਾਕਟ ਦਾਗ ਕੇ ਤਬਾਹ ਕਰਨ, ਅੰਮ੍ਰਿਤਸਰਰ ਦੇ ਨੇੜੇ ਸਾਂਘਣਾ ਦੀ ਪੁਲਿਸ ਚੌਕੀ ਨੂੰ ਉਡਾ ਕੇ ਉਥੋਂ ਅਸਲਾ ਲੁੱਟਣ ਅਤੇ ਪੁਲਿਸ ਕਰਮਚਾਰੀਆਂ ਨੂੰ ਮਾਰਨ ਵਿਚ ਸ਼ਾਮਲ ਸੀ। ਮੰਡਿਆਲਾ ਪਿੰਡ ਦੀ ਪੁਲਿਸ ਚੌਕੀ ਤੋਂ 13 ਬੰਦੂਕਾਂ ਖੋਹਣ ਵਿਚ ਵੀ ਰੇਸਮ ਸਿੰਘ ਥਾਂਦੇ ਸਫ਼ਲ ਹੋ ਗਿਆ ਸੀ ਤੇ ਅੰਮ੍ਰਿਤਸਰ ਦੇ ਡੀ.ਐਸ.ਪੀ. ਮਹਿੰਦਰ ਸਿੰਘ ਦੇ ਭਰਾ ਨੂੰ ਅਗਵਾ ਕੀਤਾ ਸੀ। ਕੇ.ਪੀ.ਐਸ. ਗਿੱਲ ਦੇ ਅਨੁਸਾਰ ਭਾਈ ਰੇਸ਼ਮ ਸਿੰਘ ਚੋਟੀ ਦਾ ਖਾੜਕੂ ਤੇ ਇਕ ਬਹੁਤ ਹੀ ਖ਼ਤਰਨਾਕ ਖਾੜਕੂ ਸੀ। ਪੁਲਿਸ ਗੱਡੀਆਂ ਉਪਰ ਹਮਲੇ ਕਰਨ ਵਿਚ ਮਾਹਿਰ ਸੀ।''

ਪ੍ਰੈਸ ਕਾਨਫ਼ਰੰਸ ਵਿਚ ਕੇ.ਪੀ.ਐਸ. ਗਿੱਲ ਪੁਲਿਸ ਮੁਖੀ ਤੋਂ ਇਲਾਵਾ ਮਾਨਸਾ ਪੁਲਿਸ ਦੇ ਐਸ.ਐਸ.ਪੀ. ਗੁਰਦੇਵ ਸਿਹੁੰ ਸਹੋਤਾ, ਫ਼ਿਰੋਜ਼ਪੁਰ ਰੇਂਜ ਦਾ ਡੀ.ਆਈ.ਜੀ. ਬਖ਼ਸ਼ੀ ਰਾਮ ਵੀ ਮੌਜੂਦ ਸਨ।

ਹਕੂਮਤ ਵੱਲੋਂ ਭਾਈ ਰੇਸ਼ਮ ਸਿੰਘ ਥਾਂਦੇ ਨੂੰ ਪੁਲਿਸ ਮੁਕਾਬਲੇ ਵਿਚ ਮਾਰ ਦੇਣ ਤੋਂ ਬਾਅਦ ਵੀ ਬਾਪੂ ਬਲਕਾਰ ਸਿੰਘ ਚੌਧਰੀ ਦੇ ਪਰਿਵਾਰ 'ਤੇ ਪੁਲਿਸ ਦੇ ਜ਼ੁਲਮ ਦੀ ਕਹਾਣੀ ਰੁਕੀ ਨਹੀਂ। ਭਾਈ ਰੇਸ਼ਮ ਸਿੰਘ ਥਾਂਦੇ ਦੀ ਪਤਨੀ ਕਸ਼ਮੀਰ ਕੌਰ, ਭਰਾ ਨਿਸ਼ਾਨ ਸਿੰਘ ਅਤੇ ਭਰਜਾਈ ਵਰਿੰਦਰ ਕੌਰ ਨੂੰ ਪਿੰਡ ਗੁਮਟਾਲਾ ਦੇ ਇਕ ਮੋਹਤਬਰ ਦੇ ਘਰੋਂ ਪੁਲਿਸ ਨੇ ਚੁੱਕਿਆ। ਭਾਈ ਰੇਸ਼ਮ ਸਿੰਘ ਦੇ ਨਾਲ ਮਾਤਾ ਜੀਤ ਕੌਰ ਨੂੰ ਦਿੱਲੀ ਤੋਂ ਇਕ ਘਰ ਵਿਚੋਂ ਫੜਿਆ, ਜਿਨ੍ਹਾਂ ਦੀ ਉੱਘ-ਸੁੱਘ ਹੀ ਨਹੀਂ ਨਿਕਲੀ। ਪੁਲਿਸ ਨੇ ਇਹਨਾਂ ਸਾਰਿਆਂ ਨੂੰ ਖ਼ਤਮ ਕਰ ਕੇ ਲਾਸ਼ਾਂ ਖੁਰਦ-ਬੁਰਦ ਕਰ ਦਿੱਤੀਆਂ। ਸ਼ਹੀਦ ਭਾਈ ਰੇਸ਼ਮ ਸਿੰਘ ਥਾਂਦੇ ਦੀ ਭੈਣ ਬੀਬੀ ਜਸਮੇਲ ਕੌਰ ਨੇ ਦੱਸਿਆ ਕਿ ਭਾਈ ਰੇਸ਼ਮ ਸਿੰਘ ਨੂੰ ਤੇ ਮਾਤਾ ਜੀ ਨੂੰ ਦਿੱਲੀ ਤੋਂ ਇਕੱਠਿਆਂ ਨੂੰ ਇਕ ਘਰੋਂ ਫੜਿਆ ਸੀ। ਪੰਜਾਬ ਪੁਲਿਸ ਨੇ ਤਾਂ ਉਸੇ ਦਿਨ 5 ਦਸੰਬਰ 1992 ਨੂੰ ਮਾਨਸਾ ਨੇੜੇ ਮੁਕਾਬਲਾ ਬਣਾ ਕੇ ਮਾਰ ਦਿੱਤਾ। ਮਾਤਾ ਜੀ ਨੂੰ ਮਾਰ-ਖਪਾ ਦਿੱਤਾ ਹੈ। ਨਿਸ਼ਾਨ ਸਿੰਘ ਨੂੰ ਗੁਮਟਾਲਾ ਤੋਂ ਕਸ਼ਮੀਰ ਕੌਰ ਤੇ ਵਰਿੰਦਰ ਕੌਰ ਦੇ ਨਾਲ ਹੀ ਫੜਿਆ ਸੀ। ਨਿਸ਼ਾਨ ਸਿੰਘ ਨੂੰ ਪੁਲਿਸ ਨੇ ਬੋਪਾਰਾਏ ਕੋਲ ਝੂਠੇ ਪੁਲਿਸ ਮੁਕਾਬਲੇ ਵਿਚ ਮਾਰ ਦਿੱਤਾ। ਕਸ਼ਮੀਰ ਕੌਰ ਨੂੰ ਸੀ.ਆਰ.ਪੀ. ਦੇ ਹੈੱਡ ਕੁਆਰਟਰ ਅੰਮ੍ਰਿਤਸਰ ਵਿਚ ਮਾਰ ਦਿੱਤਾ ਗਿਆ। ਵਰਿੰਦਰ ਕੌਰ ਨੂੰ ਵੀ ਮਾਰ ਦਿੱਤਾ ਹੈ। ਮੇਰੇ ਪਿਤਾ ਬਲਕਾਰ ਸਿੰਘ ਚੌਧਰੀ, ਪੋਤਰੇ ਅਮੋਲਕਦੀਪ ਸਿੰਘ ਹੀ ਲੁਕ-ਛਿਪ ਕੇ ਬਚ ਸਕੇ ਹਨ। ਹੁਣ ਉਹ ਮੇਰੇ ਕੋਲ ਰਹਿੰਦੇ ਹਨ। ਪੁਲਿਸ ਨੇ ਤਾਂ ਸਾਰਾ ਪਰਿਵਾਰ ਹੀ ਮਾਰ ਦਿੱਤਾ ਹੈ। ਥਾਂਦੇ ਦੇ ਲਾਗੇ ਪਿੰਡ ਦੇ ਸਰਪੰਚ ਨੇ ਜਾਅਲੀ ਕਾਗਜ਼ ਬਣਾ ਕੇ ਮੇਰੇ ਪਿਤਾ ਦੀ ਪੈਲੀ ਧੱਕੇ ਨਾਲ ਵਾਹ ਲਈ ਕਿ ਰੇਸ਼ਮ ਸਿੰਘ ਤੇ ਨਿਸ਼ਾਨ ਸਿੰਘ ਮੇਰੇ ਤੋਂ ਪੈਸੇ ਲੈ ਕੇ ਜਾਂਦੇ ਰਹੇ ਹਨ, ਪੈਲੀ ਮੇਰੀ ਹੈ। ਮੈਂ ਤੇ ਮੇਰਾ ਪਤੀ ਵਿਦੇਸ਼ ਵਿਚ ਰਹਿੰਦੇ ਸੀ, ਉਥੋਂ ਆ ਕੇ ਕੇਸ ਕਰ ਕੇ ਅਦਾਲਤ ਰਾਹੀਂ ਪੈਲੀ ਦਾ ਕਬਜ਼ਾ ਹੱਕ ਅਸੀਂ ਲੈ ਲਿਆ ਹੈ। ਹੁਣ ਪਿਤਾ ਜੀ ਠੇਕਾ ਲੈ ਆਉਂਦੇ ਹਨ, ਹੁਣ ਤਾਂ ਸਾਰੇ ਘਰ ਦਾ ਇਕੋ ਇਕ ਚਿਰਾਗ ਅਮੋਲਕਦੀਪ ਹੈ, ਜਿਸ ਵੱਲ ਵੇਖ ਕੇ ਅਸੀਂ ਜੀਉਂਦੇ ਹਾਂ। ਇਹ ਦੱਸਦਿਆਂ ਬੀਬੀ ਜਸਮੇਲ ਕੌਰ ਦੀਆਂ ਅੱਖਾਂ ਦੇ ਹੰਝੂ ਰੋਕਿਆਂ ਵੀ ਨਹੀਂ ਰੁਕਦੇ ਸਨ। ਅਸੀਂ ਬੀਬੀ ਜੀ ਦੇ ਜ਼ਖ਼ਮ ਦੁਬਾਰਾ ਹਰੇ ਕਰ ਦਿੱਤੇ ਸਨ। ਅਸੀਂ ਹਾਲਤ ਵੇਖ ਕੇ ਪਹਿਲਾਂ ਬਿਨਾਂ ਗੱਲਬਾਤ ਕੀਤੇ ਹੀ ਮੁੜਨਾ ਚਾਹਿਆ। ਬਾਪੂ ਬਲਕਾਰ ਸਿੰਘ ਚੌਧਰੀ ਨੇ ਕਿਹਾ ਸੀ, ''ਪੁੱਤਰ ਹੌਂਸਲੇ ਨਾਲ ਸਾਰੀ ਵਿਥਿਆ ਲਿਖ ਦੇ, ਜੋ ਹੋਣਾ ਸੀ· ਉਹ ਹੋ ਗਿਆ। ਸਾਡੇ ਉਪਰ ਹੋਏ ਹਿੰਦੁਸਤਾਨੀ ਸਰਕਾਰ ਦੇ ਜ਼ੁਲਮਾਂ ਦਾ ਦੁਨੀਆਂ ਨੂੰ ਪਤਾ ਲੱਗ ਜਾਵੇ ਕਿ ਹਿੰਦੂ ਸਰਕਾਰ ਸਿੱਖਾਂ ਉੱਤੇ ਕਿੰਨਾ ਜ਼ੁਲਮ ਕਰਦੀ ਹੈ।

***

# ਸ਼ਹੀਦ ਭਾਈ ਕੁਲਦੀਪ ਸਿੰਘ ਮੁੱਛਲ
## ਡਿਪਟੀ ਚੀਫ਼-ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ

ਸਿੱਖ ਕੌਮ ਦੇ ਸਵੈਮਾਣ, ਬਾਣੀ ਅਤੇ ਬਾਣੇ, ਖਾਲਸਈ ਜੁਝਾਰੂ ਰਵਾਇਤਾਂ ਨੂੰ ਕਾਇਮ ਰੱਖਣ ਵਾਲੇ ਅਣਖੀਲੇ ਸੂਰਬੀਰ ਬਹਾਦਰ ਸਿੰਘਾਂ ਵਿਚੋਂ ਹੋਏ ਹਨ, ਸ਼ਹੀਦ ਭਾਈ ਕੁਲਦੀਪ ਸਿੰਘ ਜੀ ਮੁੱਛਲ। ਭਾਈ ਕੁਲਦੀਪ ਸਿੰਘ ਦਾ ਜਨਮ ਪਿਤਾ ਸ: ਬਚਨ ਸਿੰਘ ਦੇ ਘਰ ਮਾਤਾ ਸਰਦਾਰਨੀ ਸੁਰਜੀਤ ਕੌਰ ਦੀ ਕੁੱਖੋਂ ਸੰਨ 1957 ਵਿਚ ਪਿੰਡ ਮੁੱਛਲ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਪੰਜਵੀਂ ਤਕ ਪੜ੍ਹਾਈ ਪਿੰਡ ਮੁੱਛਲ ਦੇ ਪ੍ਰਾਇਮਰੀ ਸਰਕਾਰੀ ਸਕੂਲ ਤੋਂ ਕੀਤੀ, ਅੱਠਵੀਂ ਤਕ ਪੜ੍ਹਾਈ ਪਿੰਡ ਛੱਜਲਵੱਡੀ ਤੋਂ ਕੀਤੀ।

ਭਾਈ ਕੁਲਦੀਪ ਸਿੰਘ ਜੀ ਬਚਪਨ ਵਿਚ ਬੀਮਾਰ ਰਹਿੰਦੇ ਸਨ, ਤੇ ਦੌਰਾ ਪੈਣ ਨਾਲ ਬੇਹੋਸ਼ ਹੋ ਜਾਇਆ ਕਰਦੇ ਸਨ। ਮਾਤਾ-ਪਿਤਾ ਵੱਲੋਂ ਡਾਕਟਰੀ ਇਲਾਜ ਕਰਾਉਣ 'ਤੇ ਠੀਕ ਨਾ ਹੋਏ। ਪਿਤਾ ਸ: ਬਚਨ ਸਿੰਘ ਜੀ ਦੇ ਮਹਿਤੇ ਦਮਦਮੀ ਟਕਸਾਲ ਦੇ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਨਾਲ ਚੰਗਾ ਮੇਲ-ਮਿਲਾਪ ਆਉਣਾ ਜਾਣਾ ਸੀ, ਸੰਤ ਜੀ ਅੱਗੇ ਬੇਨਤੀ ਕੀਤੀ ਕਿ ਭੁਝੰਗੀ ਬੀਮਾਰ ਰਹਿੰਦਾ ਹੈ, ਡਾਕਟਰੀ ਇਲਾਜ ਬਥੇਰਾ ਕਰਾਇਆ ਕੋਈ ਫਾਇਦਾ ਨਹੀਂ ਹੁੰਦਾ, ਗੁਰੂ ਸਾਹਿਬ ਜੀ ਦੀ ਹਜ਼ੂਰੀ ਅਰਦਾਸ ਕਰੋ ਭੁਝੰਗੀ ਠੀਕ ਹੋ ਜਾਵੇ। ਸੰਤ ਕਰਤਾਰ ਸਿੰਘ ਜੀ ਨੇ ਕਿਹਾ—ਭਾਈ ਬਚਨ ਸਿੰਘ, ਤੂੰ ਫ਼ਿਕਰ ਨਾ ਕਰ, ਭੁਝੰਗੀ ਨੂੰ ਕਲਗੀਧਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਕੂਲ 'ਚ ਦਾਖਲ ਕਰ ਦੇਂਦੇ ਹਾਂ, ਆਪੇ ਦਸਮੇਸ਼ ਪਿਤਾ ਇਸ ਦਾ ਇਲਾਜ ਕਰਨਗੇ। ਬਚਨ ਸਿੰਘ, ਸੰਤ ਕਰਤਾਰ ਸਿੰਘ ਜੀ ਨਾਲ ਬਚਨ ਬਿਲਾਸ ਕਰਕੇ ਵਾਪਸ ਪਿੰਡ ਮੁੱਛਲ ਆ ਗਏ। ਸੰਤ ਕਰਤਾਰ ਸਿੰਘ ਜੀ ਖ਼ਾਲਸਾ ਇਹਨੀਂ ਦਿਨੀਂ ਸੱਚਖੰਡ ਵਾਸੀ ਸੰਤ ਗੁਰਬਚਨ ਸਿੰਘ ਜੀ ਖ਼ਾਲਸਾ ਦੇ ਸੱਚਖੰਡ ਬਿਰਾਜਣ ਦੇ ਸਥਾਨ ਪਿੰਡ ਮਹਿਤਾ ਵਿਖੇ ਛੱਪੜ 'ਚ ਗੱਡਿਆਂ ਨਾਲ ਮਿੱਟੀ ਪਾ ਕੇ ਪੂਰ ਰਹੇ ਸਨ। ਇਸ ਸਥਾਨ 'ਤੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ (ਮਹਿਤਾ ਦੀ ਕਾਰ ਸੇਵਾ ਅਰੰਭ ਕਰ ਚੁੱਕੇ ਸਨ, ਮੀਂਹ ਪੈਣ ਨਾਲ ਰਸਤੇ ਖਰਾਬ ਹੋਣ ਨਾਲ ਕੁਝ ਦਿਨ ਸੇਵਾ ਦਾ ਕੰਮ ਰੋਕਣਾ ਪਿਆ। ਸੰਤ ਕਰਤਾਰ ਸਿੰਘ ਜੀ ਖਾਲਸਾ ਨੇ ਜਥੇ ਦੇ ਕੁਝ ਸਿੰਘਾਂ ਨੂੰ ਕਿਹਾ ਕਿ ਸਿੰਘੋ, ਆਪਾਂ ਪਿੰਡ ਮੁੱਛਲ ਜਾਣਾ, ਤਿਆਰੀ ਕਰੋ। ਸਿੰਘਾਂ ਨੂੰ ਨਾਲ ਲੈ ਕੇ, ਸੰਤ ਕਰਤਾਰ ਸਿੰਘ ਜੀ ਖ਼ਾਲਸਾ ਪਿੰਡ ਮੁੱਛਲ ਸ; ਬਚਨ ਸਿੰਘ ਦੇ ਘਰ ਪਹੁੰਚ ਗਏ। ਸ: ਬਚਨ ਸਿੰਘ ਦੇ ਪਰਿਵਾਰ ਨੇ ਸੰਤ ਮਹਾਂਪੁਰਖਾਂ ਦੀ ਸੇਵਾ 'ਚ ਲੰਗਰ ਜਲ ਪਾਣੀ ਛਕਾਇਆ। ਉਪਰੰਤ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਗੁਰੂ ਸਾਹਿਬ ਜੀ ਚਰਨਾਂ 'ਚ ਅਰਦਾਸ ਕੀਤੀ ਕਿ ਅਕਾਲ ਪੁਰਖ ਵਾਹਿਗੁਰੂ, ਗੁਰੂ

ਨਾਨਕ-ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਕੁਲਦੀਪ ਸਿੰਘ ਭੁਝੰਗੀ ਨੂੰ ਤੇਰੇ ਦਰ-ਘਰ ਦਮਦਮੀ ਟਕਸਾਲ ਵਿਚ ਸੇਵਾ ਕਰਨ ਲਈ ਜੋੜਿਆ ਜਾਂਦਾ। ਸੱਚੇ ਪਾਤਿਸ਼ਾਹ ਜੀਉ, ਭੁਝੰਗੀ ਦੀ ਦੇਹ ਨੂੰ ਅਰੋਗਤਾ ਬਖਸ਼ਣੀ, ਸੇਵਾ ਸਿਮਰਨ ਕਰਨ ਦਾ ਉੱਦਮ/ਬਲ ਬਖ਼ਸ਼ਣਾ। ਸਿੱਖੀ ਜੀਵਨ ਬਤੀਤ ਕਰਦਿਆਂ, ਸਿੱਖ ਦਾ ਸਿੱਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਭਾਉਣਾ। ਅੰਗ ਸੰਗ ਸਦਾ ਸਹਾਈ, ਹਰ ਮੈਦਾਨ ਆਪਣੇ ਸਿੱਖ ਸੇਵਕ ਦੀ ਪੈਜ ਰੱਖਣੀ। ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ, ਭਾਈ ਕੁਲਦੀਪ ਸਿੰਘ ਭੁਝੰਗੀ ਨੂੰ ਆਪਣੇ ਜਥੇ ਨਾਲ ਲੈ ਗਏ। ਕੁਲਦੀਪ ਸਿੰਘ ਜੀ ਦਾ ਭਾਈ ਗੁਰਮੁਖ ਸਿੰਘ ਗੜ੍ਹਵਈ ਨਾਲ ਬੜਾ ਪ੍ਰੇਮ ਪਿਆਰ ਹੋ ਗਿਆ। ਦੋਵੇਂ ਭੁਝੰਗੀ ਜ਼ਿੱਦ-ਜ਼ਿੱਦ ਕੇ ਗੁਰਦੁਆਰਾ ਸਾਹਿਬ ਦੀ ਕਾਰ ਸੇਵਾ ਵਿਚ ਹਿੱਸਾ ਲੈਂਦੇ। ਕੁਲਦੀਪ ਸਿੰਘ ਦਾ ਪਿੰਡ ਮੁੱਛਲ ਹੋਣ ਕਰਕੇ 14 ਸਾਲ ਦੇ ਅਨਦਾਹੜੀਏ ਕੁਲਦੀਪ ਸਿੰਘ ਨੂੰ ਸਾਰੇ ਜਥੇ ਵਿਚ ਭਾਈ ਮੁੱਛਲ, ਬਾਬਾ ਮੁੱਛਲ ਕਹਿ ਕੇ ਬੁਲਾਉਂਦੇ ਸਨ। ਭਾਈ ਸਾਹਿਬ ਕੁਲਦੀਪ ਸਿੰਘ ਮੁੱਛਲ ਨੇ ਦਮਦਮੀ ਟਕਸਾਲ 'ਚ ਸੇਵਾ ਕਰਦਿਆਂ ਗੁਰਬਾਣੀ ਦਾ ਪਾਠ ਸੰਥਿਆ, ਗੁਰਬਾਣੀ ਕਥਾ ਦੀ ਸੰਥਿਆ ਪ੍ਰਾਪਤ ਕੀਤੀ। ਸੰਤ ਕਰਤਾਰ ਸਿੰਘ ਜੀ ਖ਼ਾਲਸਾ ਅਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਆਗਿਆ ਅਨੁਸਾਰ ਦਮਦਮੀ ਟਕਸਾਲ ਵੱਲੋਂ ਪ੍ਰਚਾਰ ਕਰਨ ਲਈ ਦੂਰ-ਦੁਰਾਡੇ ਖੇਤਰਾਂ ਵਿਚ ਧਰਮ ਪ੍ਰਚਾਰ, ਗੁਰਬਾਣੀ ਕਥਾ ਅਤੇ ਪੰਜਾਂ ਪਿਆਰਿਆਂ ਵਿਚ ਅੰਮ੍ਰਿਤ ਸੰਚਾਰ ਦੀ ਸੇਵਾ ਨਿਭਾਉਂਦੇ ਹੇ। ਸੰਤ ਕਰਤਾਰ ਸਿੰਘ ਜੀ ਖ਼ਾਲਸਾ ਦੇ ਅਕਾਲ ਚਲਾਣੇ ਤੋਂ ਬਾਅਦ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨਾਲ ਸਿੱਖ ਪੰਥ ਦੀ ਹਰ ਮੁਹਿੰਮ ਵਿਚ ਮੋਹਰੀ ਹੋ ਕੇ ਸੇਵਾ ਕਰਦੇ ਸਨ ਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਵਿਸ਼ਵਾਸ ਪਾਤਰ ਸਿੰਘਾਂ ਵਿਚੋਂ ਸਮਝੇ ਜਾਂਦੇ ਸਨ।

13 ਅਪ੍ਰੈਲ 1978 ਨੂੰ ਨਕਲੀ ਨਿਰੰਕਾਰੀਆਂ ਹੱਥੋਂ ਅੰਮ੍ਰਿਤਸਰ ਦੀ ਧਰਤੀ ਉੱਤੇ ਵਾਪਰੇ ਖ਼ੂਨੀ ਸਾਕੇ, ਜਿਸ ਵਿਚ ਦਮਦਮੀ ਟਕਸਾਲ ਅਤੇ ਅਖੰਡ ਕੀਰਤਨੀ ਜਥੇ ਦੇ 13 ਸਿੰਘ ਨਰਕਧਾਰੀ ਗੁਰਬਚਨੇ ਦੇ ਪਾਲਤੂ ਗੁੰਡਿਆਂ ਹੱਥੋਂ ਸ਼ਹੀਦ ਹੋ ਗਏ ਸਨ ਅਤੇ 150 ਤੋਂ ਵੱਧ ਸਿੰਘ ਜ਼ਖ਼ਮੀ ਹੋਏ ਸਨ, ਇਸ ਖ਼ੂਨੀ ਸਾਕੇ ਵਿਚ ਭਾਈ ਕੁਲਦੀਪ ਸਿੰਘ ਮੁੱਛਲ ਦੇ ਚਾਰ ਗੋਲੀਆਂ ਲੱਗੀਆਂ ਤੇ ਸਖ਼ਤ ਜ਼ਖ਼ਮੀ ਹੋਏ। ਜਦੋਂ ਸਿੰਘਾਂ ਵੱਲੋਂ ਨਰਕਧਾਰੀ ਗੁਰਬਚਨੇ ਨੂੰ ਦਿੱਲੀ ਉਸਦੇ ਬੰਗਲੇ ਅੰਦਰ ਹੀ ਪਰਤਾਪੇ ਜੁੰਡੀ ਦੇ ਯਾਰ ਸਮੇਤ ਸਿੰਘ ਸੂਰਮਿਆਂ ਗੋਲੀਆਂ ਮਾਰ ਕੇ ਉਡਾ ਦਿੱਤਾ ਤਾਂ ਇਸ ਕੇਸ ਵਿਚ ਪੁਲਿਸ ਭਾਈ ਕੁਲਦੀਪ ਸਿੰਘ ਮੁੱਛਲ ਦੀ ਭਾਲ ਵਿਚ ਵੀ ਛਾਪੇ ਮਾਰਦੀ ਸੀ। ਭਾਈ ਸਾਹਿਬ ਹਮੇਸ਼ਾਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਨਾਲ ਰਹਿੰਦੇ ਸਨ ਤੇ ਸੰਤ ਜੀ ਦਾ ਹਰ ਹੁਕਮ ਮੰਨਣ ਲਈ ਤਤਪਰ ਰਹਿੰਦੇ ਸਨ। ਜਦੋਂ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਵੱਲੋਂ ਨਰਕਧਾਰੀਆਂ ਵਿਰੁੱਧ ਜਹਾਦ ਸ਼ੁਰੂ ਕੀਤਾ ਗਿਆ ਤਾਂ ਸਿੰਘਾਂ ਨੇ ਕਈ ਸਿੱਖੀ ਦੇ ਦੁਸ਼ਮਣਾਂ ਨੂੰ ਨਿੰਦਕਾਂ-ਨਰਕਧਾਮ ਦੀ ਗੱਡੀ ਚੜ੍ਹਾਇਆ ਤਾਂ ਪੰਜਾਬ ਪੁਲਿਸ ਇਸ ਪਿੱਛੇ ਭਾਈ ਕੁਲਦੀਪ ਸਿੰਘ ਮੁੱਛਲ ਦੀ ਸ਼ਮੂਲੀਅਤ ਸਮਝਦੀ ਸੀ। ਪਰ ਭਾਈ

ਸਾਹਿਬ ਪੁਲਿਸ ਦੀ ਪਹੁੰਚ ਤੋਂ ਦੂਰ ਰਹੇ। ਭਾਈ ਸਾਹਿਬ ਨਿੱਘੇ ਤੇ ਅਣਖੀਲੇ ਸੁਭਾਅ ਦੇ ਸਨ, ਪੁਲਿਸ ਨੇ ਪਰਿਵਾਰ ਨੂੰ ਤੰਗ ਕਰਨਾ ਸ਼ੁਰੂ ਕੀਤਾ ਤਾਂ ਭਾਈ ਕੁਲਦੀਪ ਸਿੰਘ ਜੀ ਮਾਤਾ ਸੁਰਜੀਤ ਕੌਰ ਨੂੰ ਕਹਿਣ ਲੱਗੇ ਕਿ ਮਾਤਾ ਜੀ, ਮੈਂ ਸਿੱਖੀ ਦੀਆਂ ਖ਼ਾਲਸਾਈ, ਜੁਝਾਰੂ ਰਵਾਇਤਾਂ ਅਤੇ ਸਿੱਖੀ ਦੇ ਸਵੈਮਾਣ, ਬਾਣੀ-ਬਾਣੇ ਦੀ ਬਹਾਲੀ ਖਾਤਰ ਸੇਵਾ ਕਰਨ ਲਈ ਰਣਤੱਤੇ ਵਿਚ ਜੂਝਣ ਲਈ ਤੁਰਿਆ ਹਾਂ। ਮਾਤਾ ਜੀ, ਮੇਰੇ ਕਰਕੇ ਆਪ ਜੀ ਨੂੰ ਤੇ ਪਰਿਵਾਰ ਨੂੰ ਤਸੀਹੇ ਝੱਲਣੇ ਪੈਣੇ ਹਨ। ਮਾਤਾ ਜੀ ਪੁਲਿਸ ਫੜਨ ਆਵੇ ਤਾਂ ਕਿਸੇ ਦੇ ਘਰ ਨਹੀਂ ਲੁਕਣਾ, ਸਿੱਧਾ ਸਿਰ ਦੇਣਾ ਹੈ। ਮਾਤਾ ਜੀ ਨੇ ਪੁੱਤਰ ਦੇ ਬਚਨ ਨੂੰ ਖਿੜੇ ਮੱਥੇ ਨਿਭਾਇਆ। ਗੁਰਬਚਨੇ ਨਿਰੰਕਾਰੀ ਕਤਲ ਕਾਂਡ ਵਿਚ ਦਿੱਲੀ ਪੁਲਿਸ ਨੇ ਆਪ ਦੇ ਘਰ ਪਿੰਡ ਮੁੱਛਲ 'ਤੇ ਛਾਪਾ ਮਾਰਿਆ। ਤੇ ਮਾਤਾ ਸੁਰਜੀਤ ਕੌਰ, ਪਿਤਾ ਬਚਨ ਸਿੰਘ ਤੇ ਭਰਾ ਸੁਖਵਿੰਦਰ ਸਿੰਘ ਨੂੰ ਤਿੰਨ ਮਹੀਨੇ ਜੰਡਿਆਲੇ ਗੁਰੂ ਥਾਣੇ ਗ਼ੈਰ ਕਾਨੂੰਨੀ ਰੱਖਿਆ ਤੇ ਘੋਰ ਤਸੀਹੇ ਦਿੱਤੇ। ਪੁਲਿਸ ਦੇ ਹਰ ਤਸੀਹੇ 'ਤੇ ਮਾਤਾ ਜੀ ਵਾਹਿਗੁਰੂ ਵਾਹਿਗੁਰੂ ਦਾ ਸਿਮਰਨ ਉਚਾਰਦੇ ਰਹੇ। ਪਨਾਹ ਦਾ ਕੇਸ ਪਾ ਕੇ ਪੁਲਿਸ ਮੁਲਾਜ਼ਮ ਭਰਾ ਨੂੰ ਡਿਸਮਿਸ ਕਰ ਦਿੱਤਾ, 5 ਮਹੀਨੇ ਅੰਮ੍ਰਿਤਸਰ ਜੇਲ੍ਹ ਵਿਚ ਡੱਕੀ ਰੱਖਿਆ ਤੇ ਜ਼ਮਾਨਤ 'ਤੇ ਰਿਹਾਅ ਕੀਤਾ। ਬਾਅਦ 'ਚ ਪਰਿਵਾਰ 'ਤੇ ਪਾਏ ਝੂਠੇ ਕੇਸਾਂ ਵਿਚੋਂ ਅਦਾਲਤ ਨੇ ਬਰੀ ਕਰ ਦਿੱਤਾ।

ਜੂਨ 1984 ਦੇ ਘੱਲੂਘਾਰੇ ਵੇਲੇ ਭਾਈ ਕੁਲਦੀਪ ਸਿੰਘ ਮੁੱਛਲ ਹੋਰ ਸਾਥੀ ਸੇਵਾਦਾਰਾਂ ਨਾਲ ਦਮਦਮੀ ਟਕਸਾਲ ਵੱਲੋਂ ਜੋਧਪੁਰ (ਰਾਜਸਥਾਨ) ਦੇ ਇਲਾਕੇ 'ਚ ਕਣਕ ਦੀ ਉਗਰਾਹੀ ਕਰ ਰਹੇ ਸਨ। ਹਿੰਦੁਸਤਾਨ ਦੀ ਸਰਕਾਰ/ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੇ 40 ਹੋਰ ਗੁਰਧਾਮਾਂ ਦੀ ਤੋਪਾਂ ਤੇ ਟੈਂਕਾਂ ਨਾਲ ਤਬਾਹੀ ਅਤੇ ਹਜ਼ਾਰਾਂ ਬੇਦੋਸ਼ੇ ਸਿੱਖਾਂ, ਸਿੰਘਣੀਆਂ, ਬੱਚਿਆਂ, ਬਜ਼ੁਰਗਾਂ ਦੀ ਕਤਲੇਆਮ ਨੇ ਹੋਰ ਅਣਖੀਲੇ ਸਿੰਘਾਂ ਵਾਂਗ ਭਾਈ ਕੁਲਦੀਪ ਸਿੰਘ ਮੁੱਛਲ ਨੂੰ ਸਿੱਖ ਕੌਮ ਦੇ ਘਰ ਖ਼ਾਲਸਾ ਰਾਜ ਦੀ ਲੋੜ ਦਾ ਅਹਿਸਾਸ ਕਰਵਾਇਆ। ਦਿੱਲੀ 'ਚ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸਿੱਖਾਂ ਦੀ ਵਹਿਸ਼ੀ ਕਤਲੇਆਮ, ਜਿਉਂਦੇ ਸਿੱਖਾਂ ਨੂੰ ਗਲਾਂ 'ਚ ਬਲਦੇ ਟਾਇਰ ਪਾ ਕੇ ਸਾੜਨਾ, ਸਿੱਖਾਂ ਦੀਆਂ ਧੀਆਂ ਭੈਣਾਂ ਨਾਲ ਸਮੂਹਿਕ ਬਲਾਤਕਾਰ, ਸਿੱਖਾਂ ਦੀਆਂ ਜਾਇਦਾਦਾਂ ਲੁੱਟਣ ਦੇ ਸੰਨ 1984 ਦੇ ਜੂਨ ਅਤੇ ਨਵੰਬਰ ਦੇ ਘੱਲੂਘਾਰਿਆਂ ਨੇ ਸਮੁੱਚੀ ਸਿੱਖ ਕੌਮ ਨੂੰ ਗੁਲਾਮੀ ਦਾ ਅਹਿਸਾਸ ਕਰਵਾ ਦਿੱਤਾ ਤੇ ਬਹਾਦਰ ਸਿੰਘਾਂ ਨੇ ਲਾਮਬੰਦ ਹੋਣਾ ਸ਼ੁਰੂ ਕਰ ਦਿੱਤਾ। ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਸ਼ਹੀਦ ਭਾਈ ਸੁਖਦੇਵ ਸਿੰਘ ਸਖੀਰਾ, ਜਥੇਦਾਰ ਦੁਰਗਾ ਸਿੰਘ ਆਰਫਕੇ, ਭਾਈ ਮਨਬੀਰ ਸਿੰਘ ਚਹੇੜੂ, ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਵੱਸਣ ਸਿੰਘ ਜ਼ਫਰਵਾਲ, ਭਾਈ ਮਥਰਾ ਸਿੰਘ, ਭਾਈ ਧੰਨਾ ਸਿੰਘ, ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਗਿ: ਅਰੂੜ ਸਿੰਘ, ਭਾਈ ਅਵਤਾਰ ਸਿੰਘ ਬ੍ਰਹਮਾ, ਭਾਈ ਕੁਲਦੀਪ ਸਿੰਘ ਮੁੱਛਲ, ਭਾਈ ਸੁਖਦੇਵ ਸਿੰਘ ਦਾਸੂਵਾਲ, ਭਾਈ ਅਨੋਖ ਸਿੰਘ ਸੂਬਾ ਵੜਿੰਗ

ਸਿੰਘ, ਦੁਬਾਰਾ ਇਕੱਠੇ ਹੋ ਕੇ ਸਿੱਖ ਸੰਘਰਸ਼ ਨੂੰ ਲਾਮਬੰਦ ਕਰ ਰਹੇ ਸਨ ਤਾਂ ਭਾਈ ਕੁਲਦੀਪ ਸਿੰਘ ਮੁੱਛਲ, ਭਾਈ ਸੁਖਦੇਵ ਸਿੰਘ ਸਖ਼ੀਰਾ ਤੇ ਭਾਈ ਅਵਤਾਰ ਸਿੰਘ ਬ੍ਰਹਮਾ ਦੇ ਨਾਲ ਰਲ ਕੇ ਸੇਵਾ ਕਰ ਰਹੇ ਸਨ। ਜਥੇਦਾਰ ਦੁਰਗਾ ਸਿੰਘ ਇਨ੍ਹਾਂ ਦਾ ਬਹਾਦਰ ਤੇ ਫੁਰਤੀਲਾ ਆਗੂ ਸੀ, ਤੇ ਸੁਰੱਖਿਆ ਫੋਰਸਾਂ ਤੇ ਸੀ.ਆਰ.ਪੀ. 'ਤੇ ਬੜੀ ਬਹਾਦਰੀ ਨਾਲ ਹਮਲੇ ਕਰਕੇ ਸਿੰਘਾਂ ਨੇ ਤਹਿਲਕਾ ਮਚਾ ਦਿੱਤਾ ਸੀ। ਜਥੇਦਾਰ ਦੁਰਗਾ ਸਿੰਘ, ਜਨਰਲ ਅਵਤਾਰ ਸਿੰਘ ਬ੍ਰਹਮਾ, ਭਾਈ ਕੁਲਦੀਪ ਸਿੰਘ ਮੁੱਛਲ ਦੀ ਜਾਂਬਾਜ਼ੀ ਦੀਆਂ ਗੱਲਾਂ ਪਿੰਡਾਂ ਦੀਆਂ ਸੱਥਾਂ ਵਿਚ ਹੁੰਦੀਆਂ ਸਨ। ਖਾੜਕੂ ਸਿੰਘਾਂ ਨੇ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦੀ ਸਥਾਪਨਾ ਕੀਤੀ। ਗਿਆਨੀ ਅਰੂੜ ਸਿੰਘ ਪੰਥਕ ਕਮੇਟੀ ਮੈਂਬਰ ਮੁਖੀ ਸਨ, ਗਿਆਨੀ ਅਰੂੜ ਸਿੰਘ ਦੀ ਗ੍ਰਿਫਤਾਰੀ ਤੋਂ ਪਿਛੋਂ ਜੁਝਾਰੂ ਸਿੰਘਾਂ ਨੇ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦਾ ਭਾਈ ਅਵਤਾਰ ਸਿੰਘ ਬ੍ਰਹਮਾ ਨੂੰ ਜਰਨੈਲ ਥਾਪਿਆ, ਭਾਈ ਕੁਲਦੀਪ ਸਿੰਘ ਲਿਬਰੇਸ਼ਨ ਫੋਰਸ ਦੇ ਮੀਤ ਜਥੇਦਾਰ ਸਨ। ਜਨਰਲ ਬ੍ਰਹਮਾ ਤੇ ਭਾਈ ਕੁਲਦੀਪ ਸਿੰਘ ਮੁੱਛਲ, ਸਿੱਖ ਸੰਘਰਸ਼ 'ਚ ਇਕੱਠੇ ਵਿਚਰਦੇ ਸਨ, ਇਨ੍ਹਾਂ ਸਿੰਘਾਂ ਕੋਲ ਵਧੀਆ ਨਸਲ ਦੀਆਂ ਸੱਤ ਘੋੜੀਆਂ ਸਨ ਤੇ ਸਿੰਘ ਬਹੁਤਾ ਸਫਰ ਤੇ ਗੋਲੀ-ਸਿੱਕਾ ਤੇ ਹਥਿਆਰ ਘੋੜੀਆਂ 'ਤੇ ਹੀ ਅੱਗੇ ਪਿਛੇ ਲਿਜਾਂਦੇ ਸਨ।

ਭਾਈ ਕੁਲਦੀਪ ਸਿੰਘ ਦੇ ਭਰਾ ਸੁਖਵਿੰਦਰ ਸਿੰਘ ਦੀ ਬਰਾਤ ਪਿੰਡ ਰੱਤੋਕੇ (ਵਲਟੋਹੇ ਨੇੜੇ) ਢੁਕੀ। ਇਸ ਬਰਾਤ ਵਿਚ ਭਾਈ ਕੁਲਦੀਪ ਸਿੰਘ ਮੁੱਛਲ, ਆਪਣੇ ਸਾਥੀਆਂ ਭਾਈ ਸ਼ੇਰ ਸਿੰਘ, ਭਾਈ ਬੋਹੜ ਸਿੰਘ, ਭਾਈ ਪਿੱਪਲ ਸਿੰਘ, ਭਾਈ ਦੁਰਗਾ ਸਿੰਘ, ਭਾਈ ਗੁਰਦੇਵ ਸਿੰਘ ਉਸਮਾਨਵਾਲਾ ਸਮੇਤ ਪਹੁੰਚ ਗਏ। ਅਨੰਦ ਕਾਰਜ ਹੋ ਰਿਹਾ ਸੀ, ਪੰਜਾਬ ਪੁਲਿਸ ਤੇ ਸੀ.ਆਰ.ਪੀ. ਨੇ ਜ਼ਬਰਦਸਤ ਘੇਰਾ ਪਾ ਲਿਆ। ਪੁਲਿਸ ਨੂੰ ਪਹਿਲਾਂ ਹੀ ਖ਼ਿਆਲ ਸੀ ਕਿ ਕੁਲਦੀਪ ਸਿੰਘ ਮੁੱਛਲ ਦੇ ਭਰਾ ਦੀ ਸ਼ਾਦੀ ਦੇ ਮੌਕੇ ਬਰਾਤ ਵਿਚ ਮੁੱਛਲ ਸਮੇਤ ਹੋਰ ਵੀ ਚੋਟੀ ਦੇ ਜੁਝਾਰੂ ਜ਼ਰੂਰ ਆਉਣਗੇ। ਪੰਜਾਬ ਸਰਕਾਰ ਤੇ ਪੁਲਿਸ ਨੇ ਉਚੇਚੇ ਤੌਰ 'ਤੇ ਹੈਲੀਕਾਪਟਰ ਦਾ ਪ੍ਰਬੰਧ ਕੀਤਾ ਹੋਇਆ ਸੀ, ਕਿਉਂਕਿ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦੀ ਖਾੜਕੂ ਸਰਗਰਮੀਆਂ ਹਿੰਦੁਸਤਾਨ ਸਰਕਾਰ ਲਈ ਚੁਣੌਤੀ ਬਣੀਆਂ ਹੋਈਆਂ ਸਨ। ਪੁਲਿਸ ਤੇ ਸੀ.ਆਰ.ਪੀ. ਦੇ ਘੇਰੇ ਦਾ ਸਿੰਘਾਂ ਨੂੰ ਵੇਲੇ ਸਿਰ ਪਤਾ ਲੱਗ ਗਿਆ। ਜੁਝਾਰੂ ਸਿੰਘਾਂ ਮੌਕੇ ਦੀ ਵਿਚਾਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਤਿਆਰ ਕੀਤੀ ਤੇ ਪਿੰਡ ਰੱਤੋਕੇ ਦੇ ਗੁਰਦੁਆਰਾ ਸਾਹਿਬ ਨੂੰ ਰਵਾਨਾ ਹੋ ਗਏ। ਰਸਤੇ ਵਿਚ ਸੀ.ਆਰ.ਪੀ. ਨੇ ਰੋਕ ਲਿਆ ਤੇ ਕਿਹਾ ਕਿ ਸਿਰਫ ਪੰਜ ਬੰਦੇ ਹੀ ਪਿੰਡ ਜਾਣ ਤੇ ਬਾਕੀ ਵਾਪਸ ਆ ਜਾਣ, ਤੇ ਪਿੰਡ ਜਾਣ ਵਾਲੇ ਵੀ ਆ ਕੇ ਸੀ.ਆਰ.ਪੀ. ਦੇ ਅਫਸਰ ਦੇ ਪੇਸ਼ ਹੋਏ। ਇਸ ਹੁਕਮ ਦੀ ਤਾਮੀਲ ਹੋਈ, ਪੰਜ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਲੈ ਕੇ ਪਿੰਡ ਦੇ ਗੁਰਦੁਆਰਾ ਸਾਹਿਬ ਪਹੁੰਚ ਗਏ। ਆਪਣੇ ਬਸਤਰ/ਕੱਪੜੇ ਤੇ ਦਸਤਾਰਾਂ ਪਿੰਡ ਵਾਸੀਆਂ ਨੂੰ ਪਹਿਨਾ ਕੇ ਆਪ ਉਨ੍ਹਾਂ ਦੇ ਕੱਪੜੇ ਪਾ ਕੇ ਪਿੰਡ ਰੱਤੋਕੇ ਵਿਚ ਹੀ ਛਿਪ ਗਏ। ਪਿੰਡ ਵਾਲੇ ਸਿੱਖਾਂ ਨੇ ਜਾ ਕੇ ਸੀ.ਆਰ.ਪੀ. ਦੇ ਅਫਸਰ ਕੋਲ ਹਾਜ਼ਰੀ ਲਵਾਈ। ਇਸ ਘੇਰੇ

'ਚ ਬਹੁਤੀ ਪੁਣ-ਛਾਣ ਕਰਨ 'ਤੇ ਭਾਈ ਸ਼ੇਰ ਸਿੰਘ ਜੀ ਨੂੰ ਸੀ.ਆਰ.ਪੀ. ਨੇ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ। ਪੁਲਿਸ ਨੇ ਉਸਦੀ ਸ਼ਨਾਖਤ ਕਰ ਲਈ ਸੀ। ਜਦੋਂ ਸੀ.ਆਰ.ਪੀ. ਸ਼ਾਮ ਨੂੰ ਵਾਪਸ ਗੱਡੀਆਂ 'ਤੇ ਮੁੜ ਰਹੀ ਸੀ ਤਾਂ ਜਨਰਲ ਅਵਤਾਰ ਸਿੰਘ ਬ੍ਰਹਮਾ ਨੇ ਸੀ.ਆਰ.ਪੀ. ਦੀਆਂ ਗੱਡੀਆਂ 'ਤੇ ਹਮਲੇ ਕੀਤੇ। ਪਿੰਡ ਵਿਚ ਭੇਸ ਬਦਲ ਕੇ ਛਿਪੇ ਬੈਠੇ ਭਾਈ ਕੁਲਦੀਪ ਸਿੰਘ ਮੁੱਛਲ, ਜਥੇਦਾਰ ਦੁਰਗਾ ਸਿੰਘ, ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਭਾਈ ਪਿੱਪਲ ਸਿੰਘ, ਭਾਈ ਬੋਹੜ ਸਿੰਘ ਰਾਤ ਹਨੇਰਾ ਹੋਣ 'ਤੇ ਚੜ੍ਹਦੀ ਕਲਾ ਵਿਚ ਬਚ ਨਿਕਲਣ 'ਚ ਕਾਮਯਾਬ ਹੋ ਗਏ।

ਚੋਹਲਾ ਸਾਹਿਬ ਚੌਕੀ ਦੇ ਥਾਣੇਦਾਰ ਸ਼ਿੱਬੂ ਰਾਮ ਨੇ ਬੜੀ ਅੱਤ ਚੁੱਕੀ ਹੋਈ ਸੀ। ਬਜ਼ਾਰ 'ਚ ਜੇ ਕੋਈ ਕਾਰ, ਬੱਸ, ਟਰੱਕ, ਜੀਪ, ਸਕੂਟਰ, ਮੋਟਰ ਸਾਈਕਲ ਵਾਲਾ ਹਾਰਨ ਵਜਾ ਦੇਂਦਾ ਤਾਂ ਸ਼ਿੱਬੂ ਰਾਮ ਉਸਨੂੰ ਬੇਇੱਜ਼ਤ ਕੀਤਿਆਂ ਬਿਨਾਂ ਜਾਣ ਨਹੀਂ ਸੀ ਦੇਂਦਾ। ਚੋਹਲਾ ਸਾਹਿਬ ਦੇ ਬਜ਼ਾਰ 'ਚ ਕੋਈ ਸਾਈਕਲ ਦੀ ਘੰਟੀ ਨਹੀਂ ਸੀ ਵਜਾ ਸਕਦਾ। ਗਾਲ੍ਹਾਂ ਕੱਢ ਕੇ ਲੋਕਾਂ ਨੂੰ ਬੇਇੱਜ਼ਤ ਕਰਨਾ ਉਸਦਾ ਸ਼ੁਗਲ ਸੀ ਤੇ ਬੜਾ ਹੰਕਾਰਿਆ ਸੀ, ਮੁੱਛਾਂ ਨੂੰ ਵੱਟ ਚਾੜ੍ਹ ਕੇ ਲੋਕਾਂ 'ਤੇ ਬੜਾ ਫੂੰਹ ਫੁੰਕਾਰਾ ਰੱਖਦਾ ਸੀ, ਇਲਾਕੇ 'ਚ ਪੂਰੀ ਦਹਿਸ਼ਤ ਜਮਾ ਰਿਹਾ ਸੀ। ਇਲਾਕੇ 'ਚ ਇਹਨੀਂ ਦਿਨੀਂ ਜਨਰਲ ਅਵਤਾਰ ਸਿੰਘ ਬ੍ਰਹਮਾ ਤੇ ਸਾਥੀ ਸਿੰਘਾਂ ਦੀ ਬੜੀ ਧੁੰਮ ਸੀ, ਜਿਨ੍ਹਾਂ ਦੇ ਸਿਰਾਂ ਦੇ ਹਿੰਦੁਸਤਾਨੀ ਹਕੂਮਤ ਨੇ ਲੱਖਾਂ ਰੁਪਏ ਦੇ ਇਨਾਮ ਰੱਖੇ ਸਨ। ਸ਼ਿੱਬੂ ਰਾਮ ਜਨਰਲ ਅਵਤਾਰ ਸਿੰਘ ਬ੍ਰਹਮਾ ਨੂੰ ਗ੍ਰਿਫ਼ਤਾਰ ਕਰਕੇ ਡੀ.ਐੱਸ.ਪੀ. ਦੇ ਰੈਂਕ ਦੇ ਸੁਪਨੇ ਵੇਖ ਰਿਹਾ ਸੀ। ਲੋਕਾਂ ਨੂੰ ਕੁੱਟ ਕੇ ਭਾਈ ਅਵਤਾਰ ਸਿੰਘ ਬ੍ਰਹਮਾ ਤੇ ਸਾਥੀ ਸਿੰਘਾਂ ਨੂੰ ਫੜਾਉਣ ਲਈ ਕਹਿੰਦਾ ਸੀ, ਲੋਕ ਥਾਣੇਦਾਰ ਤੋਂ ਕੁੱਟ ਖਾ ਕੇ ਵੀ ਖਾਮੋਸ਼ ਸਨ, ਸੂਹ ਨਹੀਂ ਸੀ ਦੇਂਦੇ। ਪੇਂਡੂ ਸਿੱਖਾਂ ਦੀ ਭਾਸ਼ਾ ਵਿਚ ਜਨਰਲ ਅਵਤਾਰ ਸਿੰਘ ਬ੍ਰਹਮਾ ਨੂੰ ਮੰਡ ਦਾ ਰਾਜਾ ਕਿਹਾ ਜਾਂਦਾ ਸੀ। ਬ੍ਰਹਮਾ ਸਾਹਿਬ ਦੀ ਜਾਂਬਾਜ਼ੀ ਦੀ ਪੁਲਿਸ ਮੁਖੀ ਰਿਬੈਰੋ ਤੋਂ ਲੈ ਕੇ ਹਿੰਦੁਸਤਾਨ ਦੇ ਗ੍ਰਹਿ ਮੰਤਰੀ ਪੀ. ਚਿਦੰਬਰਮ ਦੀਆਂ ਮੀਟਿੰਗਾਂ ਵਿਚ ਚਰਚਾ ਹੁੰਦੀ ਸੀ। ਸ਼ਿੱਬੂ ਰਾਮ ਜਨਰਲ ਅਵਤਾਰ ਸਿੰਘ ਬ੍ਰਹਮਾ ਦੇ ਨਾਂ ਤੋਂ ਚਿੜਦਾ ਸੀ, ਕਹਿੰਦਾ ਸੀ—ਮੈਂ ਬਰ੍ਹੂਮੀ ਵੇਖਣੀ ਇਹ ਹੈ ਕੀ ਚੀਜ਼ ? ਸ਼ਿੱਬੂ ਰਾਮ ਥਾਣੇਦਾਰ ਵੱਲੋਂ ਜਨਰਲ ਅਵਤਾਰ ਸਿੰਘ ਬ੍ਰਹਮਾ ਨੂੰ ਬ੍ਰਹੂਮੀ ਕਹਿ ਕੇ ਖਾੜਕੂ ਲਹਿਰ ਦੇ ਜਥੇਦਾਰ ਦੁਰਗਾ ਸਿੰਘ ਨੇ ਸੁਣਿਆ ਤਾਂ ਸ਼ੇਰਦਿਲ ਦੁਰਗਾ ਸਿੰਘ ਦੇ ਤਨ-ਮਨ ਨੂੰ ਅੱਗ ਲੱਗ ਗਈ, ਪਹਿਲਾਂ ਸਿੰਘ ਨੇ ਸੋਚਿਆ ਇਸਨੂੰ ਏਥੇ ਹੀ ਚਾਟਾ ਛਕਾ ਦੇਵਾਂ। ਫਿਰ ਜਥੇਦਾਰ ਨੇ ਸੋਚਿਆ ਕਿ ਛਿੱਬੂ ਦੇ ਮਨ ਦੀ ਬਰ੍ਹੂਮੀ ਵੇਖਣ ਦੀ ਇੱਛਾ ਪੂਰੀ ਕਰਨੀ ਚਾਹੀਦੀ ਹੈ, ਇਹ ਬਰ੍ਹੂਮੀ ਵੇਖਣ ਲਈ ਕਾਹਲਾ, ਇਸਨੂੰ ਬ੍ਰਹਮ ਸਿੰਘ ਦਾ ਦੀਦਾਰ ਕਰਾਈਏ ? ਨਹੀਂ ਤਾਂ ਖ਼ਾਲਸੇ ਨੂੰ ਲਾਜ਼ ਹੈ। ਜਥੇਦਾਰ ਦੁਰਗਾ ਸਿੰਘ ਨੇ ਬੜੇ ਠਰੰਮੇ ਨਾਲ ਕਿਹਾ ਜਨਾਬ ਜੇ ਬ੍ਰਹਮਾ ਸਾਹਿਬ ਦੇ ਤੁਹਾਨੂੰ ਦਰਸ਼ਨ ਕਰਵਾ ਦੇਈਏ ਤਾਂ ਉਸਦੇ ਸਿਰ ਉੱਪਰ ਰੱਖਿਆ ਇਨਾਮ ਤੁਹਾਨੂੰ ਮਿਲੇਗਾ ਜਾਂ ਫੜਾਉਣ ਵਾਲੇ ਨੂੰ ?

ਥਾਣੇਦਾਰ ਕਹਿੰਦਾ—ਭੋਲਿਆ ਜੱਟਾ, ਇਕ ਵਾਰ ਬ੍ਰਹਮਾ ਵਿਖਾ ਦੇ, ਸਿਰ ਦਾ

ਰੱਖਿਆ ਇਨਾਮ ਤੇਰਾ ਤੇ ਅਹੁਦਾ ਵਧੇਗਾ ਮੇਰਾ। ਤੈਨੂੰ ਰਿਬੈਰੋ ਤੋਂ ਮਿਲੇਗੀ ਚਿੱਠੀ, ਤੇ ਥਾਣੇ 'ਚ ਕੁਰਸੀ ਮਿਲਿਆ ਕਰੇਗੀ, ਸਰਕਾਰੇ ਦਰਬਾਰੇ ਤੇਰੀ ਪੂਰੀ ਇੱਜ਼ਤ ਹੋਵੇਗੀ। ਸਾਰੀ ਉਮਰ ਮੌਜਾਂ ਕਰੀਂ ਮੌਜਾਂ। ਭਾਈ ਦੁਰਗਾ ਸਿੰਘ ਬ੍ਰਹਮਾ ਸਾਹਿਬ ਦੇ ਦਰਸ਼ਨ ਕਰਾਉਣ ਦਾ ਵਾਅਦਾ ਕਰਕੇ ਚਾਹ ਵਾਲੀ ਦੁਕਾਨ 'ਚੋਂ ਅਣਦੱਸੀ ਥਾਂ ਵੱਲ ਤੁਰ ਪਿਆ। ਅੱਗੇ ਗਿਆ ਤਾਂ ਜਥੇ ਦੇ ਸਿੰਘਾਂ ਨੂੰ ਮਿਲਿਆ ਤੇ ਦੱਸਿਆ ਕਿ ਚੋਹਲਾ ਸਾਹਿਬ ਚੌਕੀ ਦਾ ਥਾਣੇਦਾਰ ਸ਼ਿੱਬੂ, ਬ੍ਰਹਮਾ ਸਾਹਿਬ ਨੂੰ ਵੇਖਣ ਲਈ ਬੜਾ ਕਾਹਲਾ ਹੈ, ਉਸਨੂੰ ਡੀ.ਐੱਸ.ਪੀ. ਦਾ ਰੈਂਕ ਵੀ ਦਿਵਾਉਣਾ ਤੇ ਬ੍ਰਹਮਾ ਸਿੰਘ ਦਾ ਦੀਦਾਰ ਵੀ ਕਰਾਉਣਾ। ਸਿੰਘੋ ਤਿਆਰੇ ਕਰੋ। ਬਰੱਹਮ ਸਿੰਘ ਜੀ, ਕਮੀਜ਼ ਪਜਾਮਾ ਪਹਿਨ ਕੇ ਪੋਚਵੀਂ ਪੱਗ ਬੰਨ੍ਹ ਲਵੀਂ, ਪਸੰਦ ਕਰਨਾ ਤੈਨੂੰ, ਲਾਗੀ ਦਾ ਕੰਮ ਕਰਨ ਲਈ ਸੁਰਿੰਦਰ ਸਿੰਘ ਲੰਬਾ ਜੱਟ ਹੈ, ਤੇ ਰਾਸ਼ਨ ਚਾਹ ਪਾਣੀ ਦੀ ਸੇਵਾ ਦੀ ਜ਼ਿੰਮੇਵਾਰੀ ਪਿੱਪਲ ਸਿੰਘ, ਬੋਹੜ ਸਿੰਘ, ਭੋਲਾ ਸਿੰਘ, ਜਰਨੈਲ ਸਿੰਘ ਡੀ.ਸੀ., ਗੁਰਦੇਵ ਸਿੰਘ ਉਸਮਾਨਵਾਲਾ, ਕੁਲਦੀਪ ਸਿੰਘ ਮੁੱਛਲ ਸੰਭਾਲਣਗੇ ਤੇ ਮਿਲਣੀ ਮੈਂ ਆਪੇ ਕਰ ਲਵਾਂਗਾ ਤੇ ਸ਼ਿੱਬੂ ਨੂੰ ਦਰਸ਼ਨ ਦੇਵਾਂਗਾ। ਬ੍ਰਹਮ ਸਿੰਘ, ਜਥੇਦਾਰ ਦੁਰਗਾ ਸਿੰਘ ਦੀ ਤਜਵੀਜ਼ ਨੂੰ ਸਿੰਘਾਂ ਨੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾ ਕੇ ਪ੍ਰਵਾਨਗੀ ਦਿੱਤੀ।

ਸਿੰਘਾਂ ਨੇ ਪੂਰੀ ਤਿਆਰੀ ਕਰਕੇ ਚੋਹਲਾ ਸਾਹਿਬ ਤੋਂ ਸਰਹਾਲੀ ਵਾਲੀ ਸੜਕ 'ਤੇ ਨਹਿਰ ਉਤੇ ਪਿੰਡ ਖਾਰੇ ਵਾਲਾ ਪੁਲ 'ਤੇ ਮੋਰਚੇ ਮੱਲ ਲਏ। ਸਿੰਘਾਂ ਨੇ ਖਾੜਕੂ ਰਣਨੀਤੀ ਅਨੁਸਾਰ ਸੁਰਿੰਦਰ ਸਿੰਘ ਲੰਬਾ ਜੱਟ ਨੂੰ ਥਾਣੇਦਾਰ ਨੂੰ ਇਤਲਾਹ ਦੇਣ ਲਈ ਭੇਜਿਆ ਕਿ ਅੱਜ ਬ੍ਰਹਮਾ ਨਿਹੰਗ ਸੁੱਖੇ ਦਾ ਰੱਜਿਆ, ਬਿਨਾਂ ਹਥਿਆਰ ਤੋਂ ਚੋਹਲੇ ਤੋਂ ਸਰਹਾਲੀ ਵਾਲੀ ਸੜਕ 'ਤੇ ਘੁੰਮ ਰਿਹਾ ਹੈ, ਬਹੁਤੀ ਫੋਰਸ ਦੀ ਵੀ ਅੱਜ ਲੋੜ ਨਹੀਂ, ਬਲਵਿੰਦਰ ਸਿੰਘ ਨੇ ਕਿਹਾ ਕਿ ਜਨਾਬ, ਇਕ ਮੋਟੇ ਜਿਹੇ ਜੱਟ ਨੇ ਮੈਨੂੰ ਭੇਜਿਆ ਹੈ ਕਿ ਥਾਣੇਦਾਰ ਸਾਹਿਬ ਨੂੰ ਕਹੋ ਅੱਜ ਛਿੱਤਰ ਨਾਲ ਸਹਿਆ ਮਾਰਿਆ ਜਾ ਸਕਦਾ ਹੈ, ਉਹ ਜੱਟ ਉਸ ਪਿਛੇ ਨਿਗ੍ਹਾ ਰੱਖ ਰਿਹਾ ਹੈ। ਥਾਣੇਦਾਰ ਖੁਸ਼ ਹੋ ਗਿਆ ਤੇ ਚਾਰ ਕੁ ਪੁਲਿਸ ਦੇ ਸਿਪਾਹੀ ਲੈ ਕੇ, ਬਜ਼ਾਰਾਂ 'ਚੋਂ ਪ੍ਰਾਈਵੇਟ ਗੱਡੀ ਵਾਲੇ ਪੰਡਿਤਾਂ ਦੇ ਮੁੰਡੇ ਨੂੰ ਘੇਰ ਲਿਆ ਉਸ ਨਾਲ ਜੀਪ 'ਚ ਮਹਿਰਿਆਂ ਦਾ ਮੁੰਡਾ ਵੀ ਸੀ, ਨੂੰ ਨਾਲ ਲੈ ਕੇ ਬ੍ਰਹਮਾ ਨੂੰ ਫੜਨ ਲਈ ਜੀਪ ਚੋਹਲਾ ਸਾਹਿਬ ਤੋਂ ਸਰਹਾਲੀ ਵਾਲੀ ਸੜਕ ਨੂੰ ਚੱਲ ਪਈ। ਜਾਂਦਿਆਂ ਤਾਂ ਸੁੱਖੀ-ਸਾਂਦੀ ਲੰਘ ਗਏ, ਜਦੋਂ ਵਾਪਸ ਮੁੜਦਿਆਂ ਖਾਰੇ ਵਾਲੇ ਨਹਿਰ ਦੇ ਪੁੱਲ 'ਤੇ ਪਹੁੰਚੇ ਤਾਂ ਜਥੇਦਾਰ ਦੁਰਗਾ ਸਿੰਘ ਨੇ ਜੀਪ ਹੱਥ ਦੇ ਕੇ ਰੋਕ ਲਈ, ਨਾਲ ਹੀ ਸਾਹਮਣੇ ਇਕ ਸਿੱਖ ਨੌਜਵਾਨ ਚਿੱਟੀ ਕਮੀਜ਼ ਪਜਾਮੇ 'ਚ ਕੇਸਰੀ ਪੋਚਵੀਂ ਪੱਗ ਬੰਨ੍ਹੀ ਹੋਈ ਪੁਲ ਦੇ ਵਿਚਕਾਰ ਖੜ੍ਹਾ ਸੀ। ਜਥੇਦਾਰ ਦੁਰਗਾ ਸਿੰਘ ਕਹਿੰਦਾ ਕਿ ਥਾਣੇਦਾਰ ਤੂੰ ਕਹਿੰਦਾ ਸੀ ਬਰੁੱਮੀ ਦੇਖਣੀ ? ਸਾਹਮਣੇ ਬਰੁੱਮ ਸਿੰਘ/ਜਥੇਦਾਰ ਅਵਤਾਰ ਸਿੰਘ ਬ੍ਰਹਮਾ ਖੜ੍ਹਾ ਈ, ਪਸੰਦ ਈ ਕਰ ਲੈ। ਜਥੇਦਾਰ ਦੁਰਗਾ ਸਿੰਘ ਚੀਤੇ ਵਰਗੀ ਫੁਰਤੀ ਨਾਲ ਪਾਸੇ ਹੋ ਗਿਆ, ਪੁਲ ਦੇ ਨਾਲ ਮੋਰਚੇ ਮੱਲੀ ਬੈਠੇ ਸਿੰਘਾਂ ਨੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਆਪਣੇ ਹਥਿਆਰਾਂ 'ਚੋਂ ਫਾਇਰਿੰਗ ਖੋਹਲ

ਦਿੱਤੀ। ਬ੍ਰਹਮਾ ਸਾਹਿਬ ਨੂੰ ਫੜ ਕੇ ਡੀ.ਐੱਸ.ਪੀ. ਬਣਨ ਦੇ ਸੁਪਨੇ ਵੇਖਣ ਵਾਲਾ ਥਾਣੇਦਾਰ ਸ਼ਿਬਦੇਵ ਸਿਹੁੰ ਸ਼ਿੱਬੂ ਆਪਣੇ ਸਾਥੀ ਸਿਪਾਹੀਆਂ ਤੇ ਪ੍ਰਾਈਵੇਟ ਗੱਡੀ/ਜੀਪ ਦੇ ਡਰਾਈਵਰ ਅਤੇ ਇਕ ਹੋਰ ਸਿਵਲੀਅਨ ਪੰਡਤਾਂ ਦੇ ਮੁੰਡੇ ਨਾਲ ਸਿੰਘਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਏ। ਸਿੰਘ ਜਾਂਦੇ ਹੋਏ ਪੁਲਿਸ ਵਾਲਿਆਂ ਦਾ ਗੋਲੀ ਸਿੱਕਾ ਵੀ ਲੈ ਗਏ। ਅਗਲੇ ਦਿਨ ਦੀਆਂ ਅਖਬਾਰਾਂ ਵਿਚ ਖਬਰ ਸੀ, ਖਾਰੇ ਵਾਲਾ ਨਹਿਰ ਦੇ ਪੁੱਲ 'ਤੇ ਅੱਤਵਾਦੀਆਂ ਵੱਲੋਂ ਘਾਤ ਲਾ ਕੇ ਕੀਤੇ ਗਏ ਹਮਲੇ ਦੌਰਾਨ ਚੋਹਲਾ ਸਾਹਿਬ ਪੁਲਿਸ ਚੌਕੀ ਦਾ ਥਾਣੇਦਾਰ ਸ਼ਿੱਬੂ ਰਾਮ ਤੇ ਦੋ ਸਿਵਲੀਅਨ ਮਾਰੇ ਗਏ। ਚਾਰ ਪੁਲਿਸ ਮੁਲਾਜ਼ਮ ਜ਼ਖ਼ਮੀ ਹੋ ਗਏ। ਅੱਤਵਾਦੀ ਹਥਿਆਰ ਤੇ ਗੋਲੀ ਸਿੱਕਾ ਵੀ ਲੈ ਗਏ। ਸੁਰੱਖਿਆ ਫੋਰਸਾਂ ਨੇ ਇਲਾਕੇ ਨੂੰ ਘੇਰ ਲਿਆ ਹੈ ਤੇ ਅੱਤਵਾਦੀਆਂ ਦੀ ਭਾਲ ਜਾਰੀ ਹੈ—ਇਹ ਘਟਨਾ 1986 ਦੀ ਹੈ। ਖਾਰੇ ਵਾਲਾ ਨਹਿਰ ਦੇ ਪੁੱਲ 'ਤੇ ਸ਼ਿੱਬੂ ਰਾਮ ਥਾਣੇਦਾਰ ਕਾਂਡ ਦੇ ਕੇਸ ਵਿਚ ਪੁਲਿਸ ਨੇ ਭਾਈ ਅਵਤਾਰ ਸਿੰਘ ਬ੍ਰਹਮਾ ਤੇ ਭਾਈ ਦੁਰਗਾ ਸਿੰਘ ਦੇ ਨਾਲ ਭਾਈ ਕੁਲਦੀਪ ਸਿੰਘ ਮੁੱਛਲ ਨੂੰ ਦੋਸ਼ੀ ਨਾਮਜ਼ਦ ਕੀਤਾ ਸੀ। ਇਹਨੀਂ ਦਿਨੀਂ ਹੀ ਜਨਰਲ ਅਵਤਾਰ ਸਿੰਘ ਬ੍ਰਹਮਾ ਤੇ ਸਾਥੀ ਸਿੰਘਾਂ ਦੀ ਭਾਲ 'ਚ ਪੁਲਿਸ ਮੁਖੀ ਰਿਬੈਰੋ ਦੀ ਨਿਗਰਾਨੀ ਹੇਠ ਕੀਤਾ ਗਿਆ 5 ਸਾਵਣ, 20-21 ਜੁਲਾਈ 1986 ਨੂੰ ਮੰਡ ਅਪਰੇਸ਼ਨ ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੀ.ਆਰ.ਪੀ., ਪੰਜਾਬ ਪੁਲਿਸ ਤੇ ਬੀ.ਐੱਸ.ਐੱਫ. ਦੇ ਜਵਾਨਾਂ ਨੇ ਦਰਿਆ ਦਾ ਮੰਡ ਇਲਾਕਾ ਘੇਰ ਲਿਆ ਸੀ, ਦਰਿਆ ਦੇ ਛੰਭ ਝੱਲਾਂ ਵਿਚੋਂ ਸਿੰਘਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਸੀ, ਜਥੇਦਾਰ ਦੁਰਗਾ ਸਿੰਘ, ਜਨਰਲ ਅਵਤਾਰ ਸਿੰਘ ਬ੍ਰਹਮਾ ਦੀ ਕਮਾਂਡ ਹੇਠਾਂ ਸਿੰਘਾਂ ਦੀ ਭਾਲ ਕਰ ਰਿਹਾ ਹੈਲੀਕਾਪਟਰ ਸਿੰਘਾਂ ਨੇ ਗੋਲੀਆਂ ਨਾਲ ਫੁੰਡ ਕੇ ਹੇਠਾਂ ਸੁੱਟ ਲਿਆ ਸੀ, ਜਿਸ ਵਿਚ ਸਾਰੇ ਸਵਾਰ ਅਫਸਰ ਮਾਰੇ ਗਏ ਸਨ। ਇਸ ਖਾੜਕੂ ਕਾਰਨਾਮੇ ਤੋਂ ਬਾਅਦ, ਜਨਰਲ ਬ੍ਰਹਮਾ, ਜਥੇਦਾਰ ਦੁਰਗਾ ਸਿੰਘ, ਭਾਈ ਕੁਲਦੀਪ ਸਿੰਘ ਮੁੱਛਲ ਰਾਤ ਦੇ ਹਨੇਰੇ ਦਾ ਫਾਇਦਾ ਉਠਾ ਕੇ ਚੜ੍ਹਦੀ ਕਲਾ ਵਿਚ ਬਚ ਨਿਕਲਣ ਵਿਚ ਕਾਮਯਾਬ ਹੋ ਗਏ। ਭਾਵੇਂ ਪੁਲਿਸ ਇਹ ਕਹਿੰਦੀ ਰਹੀ ਕਿ ਹੈਲੀਕਾਪਟਰ ਉੱਚੇ ਰੁੱਖ ਨਾਲ ਅੜ ਕੇ ਡਿਗਿਆ, ਪਰ ਜਥੇਦਾਰ ਦੁਰਗਾ ਸਿੰਘ ਜਨਰਲ ਅਵਤਾਰ ਸਿੰਘ ਬ੍ਰਹਮਾ, ਭਾਈ ਕੁਲਦੀਪ ਸਿੰਘ ਮੁੱਛਲ ਨੇ ਇਸ ਦੀ ਜ਼ਿੰਮੇਵਾਰੀ ਲਈ ਸੀ। ਖਾੜਕੂ ਸਿੰਘ ਤਾਂ ਬਚ ਕੇ ਨਿਕਲ ਗਏ, ਖੇਤੀ ਕਰਨ ਵਾਲੇ ਤੇ ਮੱਝਾਂ ਚਾਰਨ ਵਾਲੇ ਸਿੱਖ ਮੁੰਡਿਆਂ ਨੂੰ ਫੜ ਕੇ ਅਖਬਾਰ ਵਿਚ ਐਲਾਨ ਕੀਤਾ ਗਿਆ ਸੀ ਕਿ ਬ੍ਰਹਮਾ ਤੇ ਮੁੱਛਲ ਦੇ ਬਹੁਤ ਸਾਰੇ ਸਾਥੀ ਮੰਡ ਅਪਰੇਸ਼ਨ ਦੌਰਾਨ ਸੁਰੱਖਿਆ ਫੋਰਸਾਂ ਨੇ ਫੜ ਲਏ ਹਨ ਤੇ ਬ੍ਰਹਮਾ, ਮੁੱਛਲ ਤੇ ਦੁਰਗਾ ਸਿੰਘ ਦੀ ਭਾਲ ਜਾਰੀ ਹੈ। ਸੁਰੱਖਿਆ ਫੋਰਸਾਂ ਦੇ ਘੇਰੇ ਵਿਚੋਂ ਸਿੰਘਾਂ ਦੇ ਨਿਕਲ ਜਾਣ 'ਤੇ ਪੁਲਿਸ ਨੇ ਆਪਣੀ ਨਮੋਸ਼ੀ 'ਤੇ ਪੜ੍ਹਦਾ ਪਾਉਣ ਲਈ ਪਹਿਲਾਂ ਫੜੇ ਪੁਲਿਸ ਹਿਰਾਸਤ ਵਿਚਲੇ ਸਿੰਘਾਂ ਨੂੰ ਦਰਿਆ ਕੰਢੇ ਲਿਆ ਕੇ ਗੋਲੀਆਂ ਮਾਰ ਕੇ ਮਾਰ ਦਿੱਤਾ ਤੇ ਕਹਿੰਦੇ ਕਿ ਘੜਕਾ ਪਿੰਡ ਲਾਗੇ ਸ਼ਹੀਦ ਸਿੰਘਾਂ ਦੇ ਸਿਰ ਵੱਢ ਕੇ ਚੌਰਾਹਿਆਂ ਵਿਚ ਟੰਗੇ ਗਏ, ਇਹ ਕਾਲੀ ਕਰਤੂਤ ਸਿੱਖਾਂ ਦੇ ਮਨਾਂ 'ਤੇ ਸਰਕਾਰੀ ਦਹਿਸ਼ਤ ਪਾਉਣ ਲਈ ਕੀਤੀ ਗਈ ਸੀ। ਸਿੱਖ ਵਿਰੋਧੀ ਪ੍ਰਚਾਰ ਕਰਨ ਵਾਲੇ

ਕੱਟੜਪੰਥੀ ਡਾਕਟਰ ਨੂੰ ਜੁਝਾਰੂ ਸਿੰਘਾਂ ਨੇ ਘੋੜ ਸਵਾਰਾਂ ਦੀ ਪੁਲਿਸ ਵਰਦੀ ਵਿਚ ਸੋਧਿਆ ਸੀ ਤੇ ਖੁੱਬਨ ਕਾਂਡ ਵਿਚ ਵੀ ਸਰਕਾਰ ਵੱਲੋਂ ਭਾਈ ਕੁਲਦੀਪ ਸਿੰਘ ਮੁੱਛਲ ਦਾ ਨਾਂ ਲਿਆ ਜਾਂਦਾ ਸੀ। ਤਹਿਸੀਲ ਤਰਨ ਤਾਰਨ ਦੇ ਵੜ੍ਹਿਆਂ ਪਿੰਡ ਦੇ ਮੋਹਤਬਰਾਂ ਨੇ ਸਿੰਘਾਂ ਦੇ ਹਥਿਆਰ ਪਾਸੇ ਕਰਕੇ ਘੇਰਾ ਪੁਆਇਆ। ਮੋਧ ਸਿੰਘ ਦੀ ਬੰਬੀ 'ਤੇ ਭਾਈ ਕੁਲਦੀਪ ਸਿੰਘ ਮੁੱਛਲ ਤੇ ਭਾਈ ਬਿੱਟੂ ਸਿੰਘ ਮੰਨਣ ਤੇ ਦੋ ਸਿੰਘ ਹੋਰ ਸਨ, ਸਿੰਘਾਂ ਨੇ ਸਰਪੰਚ ਨੂੰ ਗਾਲ੍ਹਾਂ ਵੀ ਕੱਢੀਆਂ ਕਿ ਤੂੰ ਸਾਡੇ ਹਥਿਆਰ ਪਾਸੇ ਕਰਕੇ ਗਦਾਰੀ ਕਰਕੇ ਫੜਾਇਆ ਹੈ। ਸਿੰਘਾਂ ਨੇ ਕਿਹਾ ਕਿ ਅਸੀਂ ਖੱਬੇ ਪਿੰਡ ਦੇ ਹਾਂ। ਸੀ.ਆਰ.ਪੀ. ਤੇ ਪੰਜਾਬ ਪੁਲਿਸ ਚੋਹਾਂ ਸਿੰਘਾਂ ਨੂੰ ਖੱਬੇ ਲੈ ਗਈ, ਉਥੋਂ ਵਾਲਾ ਸ਼ਰਨਦਾਤਾ ਕਹਿੰਦਾ ਹੁੰਦਾ ਸੀ, ਕੁਲਦੀਪ ਸਿੰਘ ਜੇ ਕਿਤੇ ਵਲੀ ਪੈ ਵੀ ਜਾਵੇ ਤਾਂ ਮੇਰੇ ਕੋਲ ਪੁਲਿਸ ਨੂੰ ਬਹਾਨੇ ਨਾਲ ਲੈ ਆਉਣਾ, ਮੇਰੀ ਚੱਲਦੀ ਆ ਪੁਲਿਸ 'ਚ, ਮੈਂ ਆਪੇ ਮਾਮਲਾ ਨਜਿੱਠ ਲਵਾਂਗਾ। ਪਹਿਲਾਂ ਇਸ ਤਰੀਕੇ ਨਾਲ ਕੁਲਦੀਪ ਸਿੰਘ ਨੂੰ ਪੁਲਿਸ ਦੇ ਪੰਜੇ 'ਚੋਂ ਛੁਡਾਉਣ 'ਚ ਸਫਲ ਵੀ ਹੋਇਆ ਸੀ। ਇਸ ਵਾਰੀ ਤਾਂ ਵੜ੍ਹਿਆ ਪਿੰਡ ਵਾਲੇ ਤੇ ਖੱਬੇ ਵਾਲੇ ਰਲ ਕੇ, ਭਾਈ ਕੁਲਦੀਪ ਸਿੰਘ ਮੁੱਛਲ ਤੇ ਸਿੰਘਾਂ ਨੂੰ ਫੜਾਉਣ ਲਈ ਇੱਕ-ਮਿੱਕ ਹੋਏ ਸਨ, ਜਦੋਂ ਸੀ.ਆਰ.ਪੀ. ਤੇ ਪੁਲਿਸ ਲੈ ਕੇ ਖੱਬੇ ਗਈ ਤਾਂ ਸਿੰਘਾਂ ਦਾ ਵਿਸ਼ਵਾਸ-ਪਾਤਰ ਵੀ ਮਿੱਤਰ ਧਰੋਹੀ ਬਣ ਚੁੱਕਾ ਸੀ। ਉਸ ਨੇ ਸਿੰਘਾਂ ਨੂੰ ਬਚਾਉਣ ਲਈ ਤੇ ਕੀ ਵਾਹ ਲਾਉਣੀ ਸੀ, ਮੱਥੇ ਲੱਗਣਾ ਵੀ ਮੁਨਾਸਿਬ ਨਾ ਸਮਝਿਆ। ਪੁਲਿਸ ਤੇ ਸੀ.ਆਰ.ਪੀ. ਚੌਹਾਂ ਸਿੰਘਾਂ ਨੂੰ ਪਹਿਲਾਂ ਸਰਹਾਲੀ ਥਾਣੇ ਲੈ ਕੇ ਗਏ ਤੇ ਫਿਰ ਤਰਨ ਤਾਰਨ ਥਾਣੇ ਲਿਆ ਕੇ ਤਸ਼ੱਦਦ ਕੀਤਾ ਗਿਆ। ਪੁਲਿਸ ਭਾਈ ਕੁਲਦੀਪ ਸਿੰਘ ਮੁੱਛਲ ਤੋਂ ਜਥੇਬੰਦੀ ਦੇ ਵੱਡੇ ਤੋਂ ਵੱਡੇ ਭੇਦ ਲੈਣਾ ਚਾਹੁੰਦੀ ਸੀ। ਸਿੰਘਾਂ ਦੇ ਸਿਦਕ ਅੱਗੇ, ਜ਼ਾਲਮਾਂ ਦੇ ਦਰਿੰਦਗੀ 'ਚ ਸਾਰੇ ਹਥਿਆਰ ਫੇਲ੍ਹ ਹੋ ਗਏ ਤਾਂ ਇਸੇ ਰਾਤ ਜਮੱਸਤਪੁਰ ਰੋਹੀ ਤੇ (ਨੇੜੇ ਮਾਣੋਚਾਹਲ) ਭਾਈ ਕੁਲਦੀਪ ਸਿੰਘ ਮੁੱਛਲ ਤੇ ਭਾਈ ਬਿੱਟੂ ਸਿੰਘ ਮੁੱਛਲ ਨੂੰ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਗੋਲੀਆਂ ਮਾਰ ਕੇ ੨੭ ਅਕਤੂਬਰ ੧੯੯੨ ਨੂੰ ਸ਼ਹੀਦ ਕਰ ਦਿੱਤਾ ਤੇ ਅਗਲੇ ਦਿਨ ਅਖ਼ਬਾਰਾਂ ਵਿਚ ਕੁਲਦੀਪ ਸਿੰਘ ਮੁੱਛਲ ਦੇ ਮੁਕਾਬਲੇ 'ਚ ਮਾਰੇ ਜਾਣ ਤੇ ਪੁਲਿਸ ਦੀ ਬਹਾਦਰੀ ਦੀਆਂ ਖ਼ਬਰਾਂ ਲੱਗ ਗਈਆਂ।

੨੮ ਅਕਤੂਬਰ ੧੯੯੨ ਦੇ ਅਖ਼ਬਾਰਾਂ 'ਚ ਮੁੱਖ ਖ਼ਬਰ ਸੀ, ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦਾ ਡਿਪਟੀ ਜਨਰਲ ਮੁੱਛਲ ਪੁਲਿਸ ਮੁਕਾਬਲੇ ਵਿਚ ਹਲਾਕ, ਸਾਥੀ ਬਿੱਟੂ ਵੀ ਮਾਰਿਆ ਗਿਆ। ਪੱਤਰ ਪ੍ਰੇਰਕਾਂ ਤੇ ਏਜੰਸੀਆਂ ਅਨੁਸਾਰ ਤਹਿਸੀਲ ਤਰਨ ਤਾਰਨ (ਹੁਣ ਜ਼ਿਲ੍ਹਾ) ਦੇ ਪਿੰਡ ਜਮੱਸਤਪੁਰ, ਰੋਹੀ ਤੇ ਮਾਨੋਚਾਹਲ ਤੇ ਪੰਜਾਬ ਪੁਲਿਸ ਨਾਲ ਹੋਏ ਜ਼ਬਰਦਸਤ ਮੁਕਾਬਲੇ ਦੌਰਾਨ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦਾ ਡਿਪਟੀ ਜਨਰਲ ਕੁਲਦੀਪ ਸਿੰਘ ਮੁੱਛਲ ਆਪਣੇ ਇਕ ਸਾਥੀ ਬਿੱਟੂ ਸਿੰਘ ਮੰਨਣ ਨਾਲ ਮਾਰਿਆ ਗਿਆ। ਪੰਜਾਬ ਪੁਲਿਸ ਤੇ ਸੀ.ਆਰ.ਪੀ. ਦੀ ਪਾਰਟੀ ਰਾਤ ਗਸ਼ਤ ਕਰ ਰਹੀ ਸੀ, ਕੁਝ ਸ਼ੱਕੀ ਬੰਦਿਆਂ ਨੂੰ ਵੇਖ ਕੇ ਲਲਕਾਰਿਆ ਤਾਂ ਸ਼ੱਕੀ ਬੰਦਿਆਂ ਅੱਗੋਂ ਸੁਰੱਖਿਆ ਜਵਾਨਾਂ 'ਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਅੱਗੋਂ ਸੁਰੱਖਿਆ ਜਵਾਨਾਂ ਨੇ

ਵੀ ਜਵਾਬੀ ਗੋਲੀ ਚਲਾਈ ਜੋ ਮੁਕਾਬਲਾ ਦੋ ਘੰਟੇ ਤਕ ਚਲਦਾ ਰਿਹਾ, ਬਾਅਦ 'ਚ ਇਲਾਕੇ ਦੀ ਤਲਾਸ਼ੀ ਲੈਣ 'ਤੇ ਦੋ ਸਿੱਖ ਅੱਤਵਾਦੀਆਂ ਦੀਆਂ ਲਾਸ਼ਾਂ ਮਿਲੀਆਂ। ਜਿਨ੍ਹਾਂ ਕੋਲ ਬਹੁਤੇ ਹਥਿਆਰ ਤੇ ਗੋਲੀ-ਸਿੱਕਾ ਵੀ ਮਿਲਿਆ। ਅੱਤਵਾਦੀਆਂ ਦੀ ਪਛਾਣ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦੇ ਜਨਰਲ ਅਵਤਾਰ ਸਿੰਘ ਬ੍ਰਹਮਾ ਦੀ ਸੱਜੀ ਬਾਂਹ ਸਮਝੇ ਜਾਂਦੇ ਭਾਈ ਕੁਲਦੀਪ ਸਿੰਘ ਮੁੱਛਲ ਅਤੇ ਭਾਈ ਬਿੱਟੂ ਸਿੰਘ ਮੰਨਣ ਵਜੋਂ ਹੋਈ ਹੈ। ਭਾਈ ਕੁਲਦੀਪ ਸਿੰਘ ਮੁੱਛਲ ਦਾ ਨਿਰੰਕਾਰੀ ਗੁਰਬਚਨ ਸਿਹੁੰ ਸਮੇਤ ਬਹੁਤ ਸਾਰੇ ਨਿਰੰਕਾਰੀਆਂ ਨੂੰ ਮਾਰਨ ਵਿਚ ਹੱਥ ਸੀ, ਚੋਹਲਾ ਚੌਂਕੀ ਦੇ ਥਾਣੇਦਾਰ ਸ਼ਿਵ ਸਿੰਘ ਦੀ ਗੱਡੀ 'ਤੇ ਘਾਤ ਲਾ ਕੇ ਹਮਲਾ ਕਰਨ ਵਿਚ ਵੀ ਸ਼ਾਮਲ ਸੀ, ਮਾਣਕਪੁਰ (ਪੱਟੀ) ਦੇ ਮੁਕਾਬਲੇ 'ਚ ਸੀ.ਆਰ.ਪੀ. ਦੀਆਂ ਗੱਡੀਆਂ 'ਤੇ ਵੀ ਇਸੇ ਕੁਲਦੀਪ ਸਿੰਘ ਦੇ ਬ੍ਰਹਮਾ ਗਰੁੱਪ ਨੇ ਘਾਤ ਲਾ ਕੇ ਹਮਲਾ ਕੀਤਾ ਸੀ, ਇਸ ਮੁਕਾਬਲੇ 'ਚ ਜਨਰਲ ਅਵਤਾਰ ਸਿੰਘ ਬ੍ਰਹਮਾ ਦੇ ਹੱਥ ਦੀ ਉਂਗਲ ਗੋਲੀ ਲੱਗਣ ਨਾਲ ਕੱਟੀ ਗਈ ਸੀ। ਅਬੋਹਰ ਦੇ ਡਾਕਟਰ ਨੂੰ ਵੀ ਕੁਲਦੀਪ ਸਿੰਘ ਮੁੱਛਲ ਨੇ ਹੀ ਪੁਲਿਸ ਵਰਦੀ ਵਿਚ ਘੋੜ ਸਵਾਰ ਬਣ ਕੇ ਕਤਲ ਕੀਤਾ ਸੀ। ਕੁਲਦੀਪ ਸਿੰਘ ਮੁੱਛਲ ਬਚਪਨ 'ਚ ਸੰਤ ਕਰਤਾਰ ਸਿੰਘ ਭਿੰਡਰਾਂਵਾਲੇ ਦੇ ਸੰਪਰਕ ਵਿਚ ਆਇਆ ਸੀ। 13 ਅਪ੍ਰੈਲ 1978 ਦੇ ਨਿਰੰਕਾਰੀਆਂ ਨਾਲ ਦਮਦਮੀ ਟਕਸਾਲ ਤੇ ਅਖੰਡ ਕੀਰਤਨੀ ਜਥੇ ਨਾਲ ਹੋਏ ਝਗੜੇ ਦੌਰਾਨ, 13 ਸਿੰਘ ਮਾਰੇ ਗਏ ਸਨ ਤੇ ਜ਼ਖ਼ਮੀ ਹੋਏ 150 ਸਿੰਘਾਂ ਵਿਚ ਸਖ਼ਤ ਜਖ਼ਮੀ ਹੋਇਆ ਸੀ। ਇਸ ਤੋਂ ਬਾਅਦ ਕੁਲਦੀਪ ਸਿੰਘ ਮੁੱਛਲ ਪੰਜਾਬ, ਦਿੱਲੀ ਅਤੇ ਹੋਰ ਥਾਈਂ ਹੋਏ ਨਿਰੰਕਾਰੀ ਕਤਲਾਂ ਵਿਚ ਸ਼ਾਮਲ ਸੀ, ਸਰਕਾਰ ਨੇ ਕੁਲਦੀਪ ਸਿੰਘ ਮੁੱਛਲ ਦੇ ਸਿਰ ਦਾ ਇਨਾਮ ਇਕ ਲੱਖ ਰੁਪਏ ਰੱਖਿਆ ਸੀ।

ਭਾਈ ਕੁਲਦੀਪ ਸਿੰਘ ਮੁੱਛਲ ਦਾ ਸੰਸਕਾਰ ਪੁਲਿਸ ਨੇ ਤਰਨ ਤਾਰਨ ਦੇ ਸ਼ਮਸ਼ਾਨਘਾਟ 'ਚ ਕਰ ਦਿੱਤਾ। ਪਿੰਡ ਮੰਨਣ ਦੀ ਪੰਚਾਇਤ ਤੇ ਪਰਿਵਾਰ ਆ ਕੇ ਭਾਈ ਬਿੱਟੂ ਸਿੰਘ ਮੰਨਣ ਦੀ ਲਾਸ਼ ਤਰਨ ਤਰਨ ਸ਼ਮਸ਼ਾਨਘਾਟ ਵਿਚੋਂ ਲੈ ਗਏ। ਭਾਈ ਕੁਲਦੀਪ ਸਿੰਘ ਮੁੱਛਲ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਅਖੰਡ ਸਾਹਿਬ ਜੀ ਦੇ ਪਾਠ ਦੇ ਭੋਗ ਉਨ੍ਹਾਂ ਦੇ ਘਰ ਪਿੰਡ ਮੁੱਛਲ ਵਿਖੇ ਪਾਏ ਗਏ। ਭੋਗ ਮੌਕੇ ਦਮਦਮੀ ਟਕਸਾਲ ਦੇ ਸਿੰਘਾਂ ਨੇ ਵੈਰਾਗਮਈ ਕੀਰਤਨ ਕੀਤਾ, ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿ: ਪੂਰਨ ਸਿੰਘ, ਭਾਈ ਮਨਜੀਤ ਸਿੰਘ, ਬਾਬਾ ਚਰਨ ਸਿੰਘ ਜੀ ਬੀੜ ਸਾਹਿਬ ਵਾਲੇ, ਕਵੀਸ਼ਰ ਜੋਗਾ ਸਿੰਘ ਜੋਗੀ ਨੇ ਵੀ ਹਾਜ਼ਰੀ ਭਰੀ। ਸਿੱਖ ਕੌਮ ਪ੍ਰਤੀ ਨਿਭਾਈ ਵਫਾਦਾਰੀ ਤੇ ਕੀਤੀ ਕੁਰਬਾਨੀ ਦੀ ਸ਼ਲਾਘਾ ਕੀਤੀ ਗਈ, ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਰਧਾਂਜਲੀ ਭੇਟ ਕਰਦਿਆਂ ਭਾਈ ਕੁਲਦੀਪ ਸਿੰਘ ਮੁੱਛਲ ਖਾਲਸਾ ਪੰਥ ਦਾ ਮਹਾਨ ਸੂਰਬੀਰ ਯੋਧਾ, ਅਨਮੋਲ ਹੀਰਾ ਕਰਾਰ ਦਿੱਤਾ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਕਾਰ ਸੇਵਾ ਵਾਲੇ ਬਾਬਾ ਚਰਨ ਸਿੰਘ ਜੀ ਬੀੜ ਸਾਹਿਬ ਵਾਲਿਆਂ ਨੇ ਸ਼ਹੀਦ ਭਾਈ ਕੁਲਦੀਪ ਸਿੰਘ ਮੁੱਛਲ ਦੀ ਯਾਦ ਵਿਚ ਪਿੰਡ ਮੁੱਛਲ ਦੇ ਗੁਰਦੁਆਰਾ ਸਾਹਿਬ, ਨਿਸ਼ਾਨ ਸਾਹਿਬ ਚੜ੍ਹਾਉਣ ਦੀ ਸੇਵਾ ਕੀਤੀ।

***

# ਸ਼ਹੀਦ ਬਾਬਾ ਰਣਜੀਤ ਸਿੰਘ ਦਿਆਲਗੜ੍ਹ
## ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ

ਸਿੱਖਾਂ ਦੇ ਜਾਨ ਤੋਂ ਪਿਆਰੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜ਼ਾਲਮ ਹਕੂਮਤ ਬੇ-ਅਦਬੀ ਕਰੇ, ਸਿੱਖਾਂ ਦੇ ਧਾਰਮਿਕ ਮੁਖੀ ਦੀ ਬੇ-ਰਹਿਮੀ ਨਾਲ ਹਕੂਮਤ ਹੱਥੋਂ ਸ਼ਹਾਦਤ ਹੋਵੇ, ਤਾਂ ਸਿੱਖ ਦਰਸ਼ਕ ਬਣ ਕੇ ਵੇਖਦੇ ਰਹਿਣ, ਇਹ ਕਦੀ ਨਹੀਂ ਹੋ ਸਕਦਾ। ਅਜਿਹੇ ਮੌਕੇ ਬਹਾਦਰ ਅਣਖੀਲੇ ਸਿੰਘਾਂ, ਸਰਕਾਰੀ ਉੱਚ ਅਹੁਦਿਆਂ 'ਤੇ ਬਿਰਾਜਮਾਨ ਅਣਖੀਲੇ ਮਰਦਾਂ, ਸਿੱਖ ਨੌਜਵਾਨਾਂ, ਖੇਡਣ ਦੀ ਉਮਰ ਦੇ ਕੋਮਲ ਹੱਥਾਂ, ਖੂੰਡੀ ਦੇ ਸਹਾਰੇ ਤੁਰਨ ਵਾਲੇ ਬਜ਼ੁਰਗ ਬਾਪੂਆਂ ਦੇ ਹੱਥ ਸ਼ਸਤਰਾਂ ਦੀਆਂ ਮੁੱਠਾਂ ਉੱਤੇ ਆ ਜਾਂਦੇ ਹਨ/ਆਏ ਹਨ। ਸਿੱਖਾਂ ਨੇ ਹਮੇਸ਼ਾਂ ਹੀ ਸ਼ਸਤਰਾਂ ਅਤੇ ਅਕਾਲ ਪੁਰਖ ਵਾਹਿਗੁਰੂ ਦਾ ਸਹਾਰਾ ਲੈ ਕੇ ਸਿੱਖੀ ਦੇ ਦੁਸ਼ਮਣਾਂ ਨੂੰ ਲੋਹੇ ਦੇ ਚਣੇ ਚਬਾਏ ਹਨ ਅਤੇ ਆਪਣੀਆਂ ਖ਼ਾਲਸਈ ਜੁਝਾਰੂ ਰਵਾਇਤਾਂ ਨੂੰ ਕਾਇਮ ਰੱਖਦਿਆਂ ਸ਼ਹਾਦਤਾਂ ਦੇ ਜਾਮ ਪੀਤੇ ਹਨ।

ਇਨ੍ਹਾਂ ਅਣਖ਼ੀਲੇ ਜੁਝਾਰੂ ਮਰਦ ਦਲੇਰਾਂ ਵਿੱਚੋਂ ਹੀ ਬਾਬਾ ਰਣਜੀਤ ਸਿੰਘ ਦਿਆਲਗੜ੍ਹ ਹੋਏ ਹਨ। ਬਾਬਾ ਰਣਜੀਤ ਸਿੰਘ ਦਾ ਜਨਮ ਪਿਤਾ ਸ: ਹਰਭਜਨ ਸਿੰਘ ਦੇ ਘਰ ਮਾਤਾ ਗੁਰਦੀਪ ਕੌਰ ਦੀ ਕੁੱਖੋਂ ਸੰਨ 1959 ਵਿਚ ਪਿੰਡ ਦਿਆਲਗੜ੍ਹ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਆਪ ਪੰਜ ਭਰਾ ਸਨ। ਵੱਡੇ ਭਰਾ ਸੁਖਦੇਵ ਸਿੰਘ, ਸੁਰਜੀਤ ਸਿੰਘ ਅਤੇ ਛੋਟੇ ਕੁਲਵੰਤ ਸਿੰਘ, ਜਗੀਰ ਸਿੰਘ ਸਨ ਅਤੇ ਭੈਣ ਬੀਬੀ ਸੁਖਵੰਤ ਕੌਰ ਹੈ। ਬਾਬਾ ਰਣਜੀਤ ਸਿੰਘ ਪਿਤਾ ਜੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਸਕੂਲ 'ਚ ਪੜ੍ਹਾਈ ਨਾ ਕਰ ਸਕੇ, ਪਰ ਅਕਾਲ ਪੁਰਖ ਨੇ ਬਹੁਤ ਤੇਜ਼ ਬੁੱਧੀ ਬਖ਼ਸ਼ਿਸ਼ ਕੀਤੀ। ਅਨਪੜ੍ਹ ਹੋਣ ਦੇ ਬਾਵਜੂਦ ਪੜ੍ਹ ਲੈਂਦੇ ਸਨ ਤੇ ਹਰ ਥਾਂ 'ਤੇ ਬੜੇ ਸਲੀਕੇ ਨਾਲ ਗੱਲਬਾਤ ਕਰਕੇ ਪੜ੍ਹਿਆਂ-ਲਿਖਿਆਂ ਨੂੰ ਮਾਤ ਪਾ ਦਿੰਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰ ਲੈਂਦੇ ਸਨ। ਚੰਡੀ ਦੀ ਵਾਰ ਅਤੇ ਚੌਪਈ ਸਾਹਿਬ ਦਾ ਜਾਪ ਤੁਰਦੇ ਫਿਰਦੇ ਕਰਦੇ ਰਹਿੰਦੇ ਸਨ ਅਤੇ ਦਸਮ ਗ੍ਰੰਥ ਦੀਆਂ ਹੋਰ ਬਾਣੀਆਂ ਦੇ ਨਿਤਨੇਮ ਵੀ ਕਰਦੇ। ਹਰ ਇਕ ਨੂੰ ਹੱਸ ਕੇ ਬੁਲਾਉਂਦੇ ਸਨ। ਆਪ ਦਾ ਚਿਹਰਾ ਹਰ ਵੇਲੇ ਸ਼ਾਂਤ-ਚਿੱਤ ਰਹਿੰਦਾ ਸੀ। ਆਪ ਆਪਣੇ ਭਰਾਵਾਂ ਨਾਲ ਖੇਤੀਬਾੜੀ ਦਾ ਕੰਮ ਧੰਦਾ ਕਰਦੇ ਹੋਏ ਵੀ ਉੱਚੇ ਖ਼ਿਆਲਾਂ ਦੇ ਮਾਲਕ ਸਨ। ਆਪ ਕਿਸਾਨਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਕਿਸਾਨ ਸੰਘਰਸ਼ ਵਿਚ ਮੋਹਰੀ ਹੋ ਕੇ ਅਗਵਾਈ ਕਰਦੇ ਸਨ, ਕਈ ਵਾਰ ਕਿਸਾਨ ਯੂਨੀਅਨ ਦੇ ਸੰਘਰਸ਼ ਵਿਚ ਜੇਲ੍ਹ

ਯਾਤਰਾ ਕੀਤੀ, ਆਪ ਲੁੱਟ-ਖਸੁੱਟ ਦੇ ਵਿਰੋਧੀ ਸਨ ਤੇ ਸੰਘਰਸ਼ਵਾਦੀ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਵਾਲੇ ਜੁਝਾਰੂ ਯੋਧੇ ਸਨ।

ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਲਾਲਾ ਜਗਤ ਨਰਾਇਣ ਕਤਲ ਕੇਸ ਵਿਚ 20 ਸਤੰਬਰ 1981 ਨੂੰ ਗ੍ਰਿਫ਼ਤਾਰੀ ਦੇਣ ਪਿੱਛੋਂ ਪੰਜਾਬ ਪੁਲਿਸ ਨੇ ਫਾਇਰਿੰਗ ਕਰਕੇ 24 ਸਿੰਘ ਸ਼ਹੀਦ ਕਰ ਦਿੱਤੇ, ਇਸ ਖ਼ੂਨੀ ਸਾਕੇ ਨੂੰ ਅੱਖੀਂ ਵੇਖ ਕੇ ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਜ਼ਾਲਮ ਹਕੂਮਤ ਵਿਰੁੱਧ ਜਹਾਦ ਕਰਨ ਲਈ ਦਮਦਮੀ ਟਕਸਾਲ ਦੇ ਸੰਪਰਕ 'ਚ ਆਏ। ਅੰਮ੍ਰਿਤ ਛਕ ਕੇ ਖ਼ਾਲਸਾਈ ਵਿਚਾਰਧਾਰਾ ਵਿਚ ਪ੍ਰਪੱਕ ਹੋ ਗਏ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੀ ਰਿਹਾਈ ਲਈ ਇਲਾਕੇ ਦੀਆਂ ਸੰਗਤਾਂ ਨੂੰ ਲਾਮਬੰਦ ਕਰਦੇ ਰਹੇ। ਸਿੱਖਾਂ ਦੇ ਭਾਰੀ ਦਬਾਅ, ਨਾਗੋਕੇ ਜਥੇ ਦੇ ਸਿੰਘਾਂ ਦੀਆਂ ਖਾੜਕੂ ਕਾਰਵਾਈਆਂ ਕਾਰਨ ਹਕੂਮਤ ਨੇ 15 ਅਕਤੂਬਰ 1981 ਨੂੰ ਫ਼ਿਰੋਜ਼ਪੁਰ ਜੇਲ੍ਹ ਵਿਚੋਂ ਰਿਹਾਅ ਕਰ ਦਿੱਤਾ। ਬਾਬਾ ਰਣਜੀਤ ਸਿੰਘ ਜੀ ਦਿਆਲਗੜ੍ਹ ਦਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨਾਲ ਪਿਆਰ ਵਧ ਗਿਆ। ਆਪ ਹਰ ਵਕਤ ਸਿੱਖੀ ਦੀ ਚੜ੍ਹਦੀ ਕਲ੍ਹਾ ਲਈ ਕੰਮ ਕਰਨ ਲੱਗੇ। ਸੰਨ 1983 ਵਿਚ ਆਪ ਪਿੰਡ ਦਿਆਲਗੜ੍ਹ ਦੇ ਪੰਚਾਇਤ ਮੈਂਬਰ ਚੁਣੇ ਗਏ। ਜਦੋਂ ਦਿਆਲਗੜ੍ਹ ਬੁੱਚੜਖਾਨੇ ਵਿਚ ਜਿਊਂਦੀਆਂ ਗਾਵਾਂ ਕਤਲ ਕੀਤੀਆਂ ਤਾਂ ਬਾਬਾ ਰਣਜੀਤ ਸਿੰਘ ਨੇ ਬੁੱਚੜਾਂ ਨੂੰ ਸੋਧਾ ਲਾਇਆ ਤੇ ਲੋਕਾਂ ਦੀ ਅਗਵਾਈ ਕਰਕੇ ਹਿੰਦੂਆਂ ਦੀ ਗਊ ਮਾਤਾ ਦੀ ਰੱਖਿਆ ਕੀਤੀ।

ਬਾਬਾ ਰਣਜੀਤ ਸਿੰਘ ਜੂਨ 1984 ਦੇ ਘੱਲੂਘਾਰੇ ਤਕ ਸੰਤ ਜਰਨੈਲ ਸਿੰਘ ਜੀ ਦੇ ਨਿਕਟਵਰਤੀ ਰਹੇ ਅਤੇ ਸੰਤਾਂ ਦੇ ਆਦੇਸ਼ 'ਤੇ ਸਿੱਖ ਕੌਮ ਦੇ ਗਲੋਂ ਗ਼ੁਲਾਮੀ ਲਾਹੁਣ ਲਈ ਸਿੱਖ ਸੰਘਰਸ਼ ਦੀ ਸੇਵਾ ਕਰਦੇ ਰਹੇ। ਜੂਨ 1984 ਦੇ ਘੱਲੂਘਾਰੇ ਵੇਲੇ ਆਪ, ਸੰਤਾਂ ਦੇ ਹੁਕਮ ਅਨੁਸਾਰ ਬਾਹਰ ਸਨ, ਇਸ ਪਿੱਛੋਂ ਬਾਬਾ ਸਵਰਨ ਸਿੰਘ ਜ਼ਫ਼ਰਵਾਲ ਦੀ ਰਹਿਨੁਮਾਈ ਵਿਚ ਭਾਈ ਤਰਸੇਮ ਸਿੰਘ ਕੌਹਾੜ, (ਗੁਰਦਾਸਪੁਰ) ਭਾਈ ਜਸਵਿੰਦਰ ਸਿੰਘ ਜੋਗਾ ਬਿਸ਼ਨੰਦੀ (ਫ਼ਰੀਦਕੋਟ), ਭਾਈ ਵਰਿਆਮ ਸਿੰਘ ਖੱਪਿਆਂ ਵਾਲੀ (ਮੁਕਤਸਰ), ਭਾਈ ਮੱਖਣ ਸਿੰਘ ਛਿੱਥ, ਭਾਈ ਗੁਰਮੇਜ ਸਿੰਘ ਢਿਲਵਾਂ, ਭਾਈ ਹਰਜਿੰਦਰ ਸਿੰਘ ਕਾਕਾ ਨਾਲ ਰਲ ਕੇ ਖ਼ਾਲਿਸਤਾਨ ਆਰਮਡ ਫੋਰਸ ਦੀ ਸਥਾਪਨਾ ਕੀਤੀ ਅਤੇ ਖ਼ਾਲਸਾ ਰਾਜ ਲਈ ਹਕੂਮਤ ਵਿਰੁੱਧ ਸਿੱਖ ਸੰਘਰਸ਼ ਅਰੰਭ ਕਰ ਦਿੱਤਾ। ਬਾਅਦ ਵਿਚ ਭਾਈ ਸੁਖਦੇਵ ਸਿੰਘ ਸਖ਼ੀਰਾ, ਭਾਈ ਦੁਰਗਾ ਸਿੰਘ ਆਰਫ ਕੇ, ਗਿਆਨੀ ਅਰੂੜ ਸਿੰਘ ਪੰਥਕ ਕਮੇਟੀ ਮੈਂਬਰ, ਭਾਈ ਅਵਤਾਰ ਸਿੰਘ ਬ੍ਰਹਮਾ,ਵਰਿਆਮ ਸਿੰਘ ਖੱਪਿਆਂ ਵਾਲੀ ਅਤੇ ਹੋਰ ਖਾੜਕੂ ਸਿੰਘਾਂ ਨੇ ਸੱਤ ਜਥੇਬੰਦੀਆਂ ਭੰਗ ਕਰਕੇ ਏਕਤਾ ਨਾਲ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦੀ ਸਥਾਪਨਾ ਕੀਤੀ। ਜਦੋਂ ਫਰੀਦਕੋਟ ਦੇ ਸਿੱਖ ਵਿਰੋਧੀ ਸੈਸ਼ਨ ਜੱਜ ਮਿਰਚੀਆਂ (ਸਿੰਘਾਂ ਦਾ ਪੁਲਿਸ ਨੂੰ ਰਿਮਾਂਡ ਦੇਣ 'ਚ ਮਸ਼ਹੂਰ ਸੀ ਤੇ ਅੰਮ੍ਰਿਤਧਾਰੀ ਸਿੰਘਾਂ ਨੂੰ ਸਖ਼ਤ ਸਜ਼ਾ ਸੁਣਾਉਂਦਾ ਸੀ), ਨੂੰ ਸੋਧਣ ਗਏ, ਭਾਈ ਵਰਿਆਮ ਸਿੰਘ ਖੱਪਿਆਂ ਵਾਲੀ ਪਾਸ ਠਹਿਰੇ ਤਾਂ ਭਾਈ

ਵਰਿਆਮ ਸਿੰਘ ਦੇ ਨੇੜੇ ਦੇ ਪਿੰਡ ਮਸ਼ਹੂਰ ਮੁਖ਼ਬਰ ਜੋਗਿੰਦਰ, ਜੋ ਵਰਿਆਮ ਸਿੰਘ ਦੀ ਹਰ ਸਰਗਰਮੀ ਉੱਤੇ ਮਿੰਟ-ਮਿੰਟ ਦੀ ਖ਼ਬਰ ਰੱਖਦਾ ਸੀ, ਉਸਨੇ ਮੁਖ਼ਬਰੀ ਕਰਕੇ ਪੁਲਿਸ ਨੂੰ ਬੱਸ 'ਚ ਸਫ਼ਰ ਕਰਦਿਆਂ ਮੁਕਤਸਰ ਨੇੜੇ ਭਾਈ ਵਰਿਆਮ ਸਿੰਘ, ਭਾਈ ਜਸਵਿੰਦਰ ਸਿੰਘ ਜੋਗਾ ਬਿਸ਼ਨੰਦੀ, ਭਾਈ ਹਰਜਿੰਦਰ ਸਿੰਘ ਕਾਕਾ (ਅਖਾੜਾ) ਲੁਧਿਆਣਾ ਤੇ ਬਾਬਾ ਰਣਜੀਤ ਸਿੰਘ ਦਿਆਲਗੜ੍ਹ ਨੂੰ 24 ਜੂਨ 1985 ਨੂੰ ਪੁਲਿਸ ਨੂੰ ਫੜਾ ਦਿੱਤਾ, ਉਸ ਵੇਲੇ ਚਾਰੇ ਸੂਰਮੇ ਖ਼ਾਲੀ ਹੱਥ ਸਨ। ਮੁਖ਼ਬਰ ਨੇ ਪੁਲਿਸ ਦੀਆਂ ਵਰਦੀਆਂ ਤੇ ਹਥਿਆਰ ਵੀ ਫੜਾ ਦਿੱਤੇ ਅਤੇ ਜੱਜ ਮਿਰਚੀਆਂ ਸਾਜ਼ਿਸ਼ ਕਤਲ, ਦਾ ਜੋਗਿੰਦਰ ਸਰਪੰਚ ਗਵਾਹ ਵੀ ਬਣਿਆ। ਅਦਾਲਤ ਨੇ ਪੁਲਿਸ ਨੂੰ ਤਿੰਨ ਮਹੀਨੇ ਦਾ ਪੁਲਿਸ ਰਿਮਾਂਡ ਦੇ ਦਿੱਤਾ, ਸਿੰਘ ਤਸੀਹੇ ਝੱਲਦੇ ਹੋਏ ਵੀ ਚੜ੍ਹਦੀ ਕਲਾ ਵਿਚ ਰਹੇ। ਪੁਲਿਸ ਨੇ ਜੱਜ ਕਤਲ ਦੀ ਸਾਜ਼ਿਸ਼ ਕੇਸ ਪਾ ਕੇ ਅੰਮ੍ਰਿਤਸਰ ਜੇਲ੍ਹ 'ਚ ਬੰਦ ਕਰ ਦਿੱਤਾ, ਬਾਅਦ 'ਚ ਗੁਰਦਾਸਪੁਰ ਜੇਲ੍ਹ 'ਚ ਬੰਦ ਕਰ ਦਿੱਤਾ, ਜਿਥੇ ਬਾਬਾ ਸਵਰਨ ਸਿੰਘ ਜ਼ਫ਼ਰਵਾਲ ਵੀ ਨਜ਼ਰਬੰਦ ਸਨ। ਪੰਜਾਬ ਸਰਕਾਰ ਦੀ ਪੁਲਿਸ ਦਾ ਜ਼ੁਲਮ ਤਸ਼ੱਦਦ ਆਪਣੇ ਸਰੀਰ 'ਤੇ ਝੱਲਦਿਆਂ ਹੋਇਆਂ ਵੀ ਖ਼ਾਲਸਾ ਰਾਜ ਦੀ ਸਥਾਪਨਾ ਲਈ ਆਪਣੇ ਇਰਾਦੇ ਉੱਤੇ ਦ੍ਰਿੜ੍ਹ ਨਿਸਚਾ ਰੱਖਦਿਆਂ 27 ਜਨਵਰੀ 1986 ਨੂੰ ਬਾਬਾ ਰਣਜੀਤ ਸਿੰਘ ਆਪਣੇ ਸਾਥੀਆਂ ਭਾਈ ਜਸਵਿੰਦਰ ਸਿੰਘ ਜੋਗਾ ਬਿਸ਼ਨੰਦੀ, ਭਾਈ ਹਰਜਿੰਦਰ ਸਿੰਘ ਕਾਕਾ ਅਖਾੜਾ (ਲੁਧਿਆਣਾ), ਭਾਈ ਦਲਬੀਰ ਸਿੰਘ ਬਿੱਲਾ ਵਰਪਾਲ, ਰੋਸ਼ਨ ਲਾਲ ਬੈਰਾਗੀ ਵਰਪਾਲ ਸਮੇਤ ਸੈਂਟਰਲ ਜੇਲ੍ਹ ਗੁਰਦਾਸਪੁਰ ਵਿਚੋਂ 6 ਵੱਜ ਕੇ 30 ਮਿੰਟ 'ਤੇ ਫਰਾਰ ਹੋ ਗਏ ਤੇ ਸਿੱਖ ਕੌਮ ਦੀ ਅਜ਼ਾਦੀ ਦੇ ਸੰਘਰਸ਼ ਵਿਚ ਜੁੱਟ ਗਏ। ਬਾਬਾ ਰਣਜੀਤ ਸਿੰਘ ਨੂੰ ਆਪਣੇ ਨਿਸ਼ਾਨੇ ਖ਼ਾਲਸਾ ਰਾਜ ਤੋਂ ਥਿੜਕਾਉਣ ਲਈ ਬ੍ਰਾਹਮਣਵਾਦੀ ਹਕੂਮਤ ਨੇ ਆਪ ਦੇ ਭਰਾਵਾਂ ਉੱਤੇ ਖੇਤ 'ਚ ਕੰਮ ਕਰਦਿਆਂ ਗੋਲੀ ਚਲਾਈ, ਜੋ ਗੁਰੂ ਜੀ ਦੇ ਮੇਹਰ ਸਦਕਾ ਬਚ ਗਏ। ਪੁਲਿਸ ਵੱਲੋਂ ਪਰਿਵਾਰ ਨੂੰ ਤੰਗ ਕੀਤਾ ਜਾਂਦਾ ਸੀ, ਜਿਸ ਕਰਕੇ ਛੋਟੇ ਭਾਈ, ਭਾਈ ਜਗੀਰ ਸਿੰਘ ਦਿਆਲਗੜ੍ਹ ਆਪਣੇ ਸਾਥੀਆਂ ਭਾਈ ਗੁਰਮੇਜ ਸਿੰਘ ਤੂਤ, ਭਾਈ ਜਗਤਾਰ ਸਿੰਘ ਕਪੂਰਥਲਾ ਸਮੇਤ ਵਲਟੋਹਾ ਲਾਗੇ 10 ਅਪ੍ਰੈਲ 1986 ਨੂੰ ਸ਼ਹੀਦੀ ਪ੍ਰਾਪਤ ਕਰ ਗਏ।

ਬਾਬਾ ਰਣਜੀਤ ਸਿੰਘ ਦੇ ਸਿਰ ਪੰਜਾਬ ਸਰਕਾਰ ਨੇ ਲੱਖਾਂ ਰੁਪਏ ਦਾ ਇਨਾਮ ਰੱਖਿਆ ਹੋਇਆ ਸੀ, ਜਿਸ ਦੇ ਲਾਲਚ ਵਿਚ ਆਣ ਕੇ (ਚਾਚਾ ਭਜਨ) ਪਿੰਡ ਕਿਲ੍ਹਾ ਟੇਕ ਸਿੰਘ ਨੇ ਆਪਣੀ ਜ਼ਮੀਰ ਨੂੰ ਵੇਚ ਦਿੱਤਾ, ਜੋ ਪੰਜਾਬ ਪੁਲਿਸ ਦਾ ਪਿੱਠੂ ਮੁਖ਼ਬਰ ਸੀ, ਨੇ ਸਿੱਖ ਕੌਮ ਦੇ ਤਿੰਨ ਹੀਰੇ ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਭਾਈ ਮੱਖਣ ਸਿੰਘ ਛਿੱਥ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਭਾਈ ਗੁਰਮੇਜ ਸਿੰਘ ਢਿੱਲਵਾਂ ਨੂੰ ਬਟਾਲਾ ਤੋਂ ਪੰਜ ਕਿਲੋਮੀਟਰ ਦੂਰ ਪਿੰਡ ਕਾਲੀ ਬ੍ਰਾਹਮਣੀ ਵਿਚ ਪੁਲਿਸ ਘੇਰਾ ਪੁਆ ਦਿੱਤਾ। ਐੱਸ.ਐੱਸ.ਪੀ. ਅਪਰੇਸ਼ਨ ਸਮੇਧ ਸੈਣੀ ਨੇ ਪੰਜਾਬ ਪੁਲਿਸ, ਬੀ.ਐੱਸ.ਐੱਫ. ਅਤੇ ਸੀ.ਆਰ.ਪੀ. ਦੀ ੧੨ਵੀਂ ਬਟਾਲੀਅਨ ਦੇ ਹਜ਼ਾਰਾਂ ਸਿਪਾਹੀਆਂ ਨੂੰ ਲੈ ਕੇ ਘੇਰਾ ਪਾ ਲਿਆ, ਇਕ ਪਾਸੇ ਹਿੰਦੂਸਤਾਨ ਦੀ ਹਕੂਮਤ ਦੇ

ਹਜ਼ਾਰਾਂ ਜਵਾਨ ਆਹਲਾ ਕਿਸਮ ਦੇ ਹਥਿਆਰਾਂ ਨਾਲ ਲੈਸ ਸਨ ਤੇ ਦੂਜੇ ਪਾਸੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਿੰਨ ਬਹਾਦਰ ਸੂਰਮੇ ਜੋ ਖਾਲਿਸਤਾਨ ਦੀ ਅਜ਼ਾਦੀ ਦੇ ਇਤਿਹਾਸ ਵਿਚ ਜੂਝ ਕੇ ਆਪਣਾ ਨਾਂ ਸ਼ਹੀਦੀ ਪ੍ਰਾਪਤ ਕਰ ਕੇ ਲਿਖਣ ਜਾ ਰਹੇ ਸਨ। ਹਿੰਦੁਸਤਾਨੀ ਸਰਕਾਰ ਦੀਆਂ ਬ੍ਰਾਹਮਣਵਾਦੀ ਫੋਰਸਾਂ ਹਜ਼ਾਰਾਂ ਦੀ ਗਿਣਤੀ ਵਿਚ ਹੋਣ ਦੇ ਬਾਵਜੂਦ ਵੀ ਸਿੰਘਾਂ ਨੂੰ ਜਿਉਂਦੇ-ਜੀਅ ਗ੍ਰਿਫਤਾਰ ਨਾ ਕਰ ਸਕੀਆਂ, ਆਖ਼ਿਰ ਇਕੱਲੀ ਬਹਾਦਰੀ ਵੀ ਕੀ ਕਰਦੀ, ਇਕ ਪਾਸੇ ਤਿੰਨ ਸੂਰਮੇ ਰੜ੍ਹੇ ਮੈਦਾਨ ਮੋਰਚੇ ਮੱਲੀ ਬੈਠੇ ਸਨ, ਦੁਸ਼ਮਣ ਦੇ ਆਹੂ ਲਾਹ ਰਹੇ ਸਨ, ਦੂਜੇ ਪਾਸੇ ਦੁਸ਼ਮਣ ਹਜ਼ਾਰਾਂ ਦੀ ਗਿਣਤੀ ਵਿਚ ਘੇਰਾ ਪਾਈ ਬੈਠਾ ਹੋਵੇ, ਆਖ਼ਿਰ 24 ਜੂਨ 1986 ਨੂੰ ਪੁਲਿਸ ਨੇ ਹਜ਼ਾਰਾਂ ਸਿਪਾਹੀਆਂ ਦਾ ਮੁਕਾਬਲਾ ਕਰਦੇ ਹੋਏ ਬਾਬਾ ਰਣਜੀਤ ਸਿੰਘ ਦਿਆਲਗੜ੍ਹ, ਭਾਈ ਮੱਖਣ ਸਿੰਘ ਛਿੱਥ, ਭਾਈ ਗੁਰਮੇਜ ਸਿੰਘ ਢਿੱਲਵਾਂ ਸਿੱਖੀ ਦੀਆਂ ਖ਼ਾਲਸਾਈ ਰਵਾਇਤਾਂ ਅਨੁਸਾਰ ਮੈਦਾਨੇ ਜੰਗ ਵਿਚ ਜੂਝਦੇ ਸ਼ਹੀਦੀਆਂ ਪ੍ਰਾਪਤ ਕਰ ਗਏ। ਇਲਾਕੇ ਦੀਆਂ ਸੰਗਤਾਂ ਨੇ ਭਾਰੀ ਗਿਣਤੀ ਵਿਚ ਇਕੱਤਰ ਹੋ ਕੇ ਤਿੰਨਾਂ ਸ਼ਹੀਦ ਸਿੰਘਾਂ ਦੇ ਸ਼ਹੀਦੀ ਸਰੀਰ ਹਾਸਲ ਕਰ ਲਏ ਤੇ 25 ਜੂਨ 1986 ਨੂੰ ਸਿੱਖ ਸੰਗਤਾਂ ਨੇ ਆਪਣੇ ਹੱਥੀਂ ਇਸ਼ਨਾਨ ਕਰਾ ਕੇ ਬਸਤਰ ਸਜਾ ਕੇ ਅੰਤਿਮ ਸੰਸਕਾਰ ਕਰ ਦਿੱਤਾ। ਵਿਛੜੇ ਸਿੰਘਾਂ ਨੂੰ ਸਿੱਖ ਸੰਗਤਾਂ ਨੇ ਹੰਝੂਆਂ ਭਰੀ ਸ਼ਰਧਾਂਜਲੀ ਭੇਟ ਕਰਦਿਆਂ ਸਿੱਖ ਸੰਘਰਸ਼, ਖ਼ਾਲਸਾ ਰਾਜ ਦੀ ਪ੍ਰਾਪਤੀ ਤਕ ਜਾਰੀ ਰੱਖਣ ਦਾ ਫ਼ੈਸਲਾ ਕੀਤਾ। ਬਾਬਾ ਰਣਜੀਤ ਸਿੰਘ ਦਿਆਲਗੜ੍ਹ ਨੇ ਸਿੱਖੀ ਸਿਦਕ ਨਿਭਾਉਂਦਿਆਂ ਆਪਣੇ ਸਾਥੀਆਂ ਸਮੇਤ ਖ਼ਾਲਿਸਤਾਨੀ ਸੰਘਰਸ਼ ਵਿਚ ਜੂਝਦੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਸਿੱਖ ਕੌਮ ਸ਼ਹੀਦਾਂ ਦੀ ਕੁਰਬਾਨੀ ਨੂੰ ਸਦਾ ਯਾਦ ਰੱਖੇਗੀ ਅਤੇ ਸ਼ਹੀਦਾਂ ਦੇ ਦੱਸੇ ਰਾਹ 'ਤੇ ਚੱਲ ਕੇ ਖ਼ਾਲਸਾ ਰਾਜ ਦੀ ਪ੍ਰਾਪਤੀ ਲਈ ਜੂਝਣਾ ਹੀ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

***

# ਸ਼ਹੀਦ ਭਾਈ ਬਲਵਿੰਦਰ ਸਿੰਘ ਉਰਫ਼ ਜਰਨੈਲ ਸਿੰਘ ਡੀ.ਸੀ. ਕਿਰਤੋਵਾਲ

## ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ

ਮੈਂ ਜਦੋਂ ਸ਼ਹੀਦ ਜਨਰਲ ਅਵਤਾਰ ਸਿੰਘ ਬ੍ਰਹਮਾ ਦੀ ਜੀਵਨੀ ਲਿਖਣ ਲਈ ਬ੍ਰਹਮਾ ਵਾਲਾ ਖੂਹ 'ਤੇ ਉਸਦੇ ਭਰਾਵਾਂ ਸ: ਸਾਧਾ ਸਿੰਘ ਤੇ ਸ: ਬਲਕਾਰ ਸਿੰਘ ਨੂੰ ਮਿਲਿਆ ਸੀ ਤਾਂ ਸ਼ਹੀਦ ਜਨਰਲ ਅਵਤਾਰ ਸਿੰਘ ਬ੍ਰਹਮਾ ਦੀ ਜੀਵਨੀ ਸਬੰਧੀ ਜਾਣਕਾਰੀ ਨੋਟ ਕਰਦਿਆਂ ਉਸਦੇ ਨਾਲ ਗੁਰਦੀਪ ਸਿੰਘ ਵਕੀਲ ਮਨਿਹਾਲਾ, ਜਥੇਦਾਰ ਦੁਰਗਾ ਸਿੰਘ ਆਰਫਕੇ, ਭਾਈ ਪਿੱਪਲ ਸਿੰਘ ਢੋਲੇਵਾਲ, ਜਥੇਦਾਰ ਬੋਹੜ ਸਿੰਘ ਢੋਲੇਵਾਲ, ਭਾਈ ਗੁਰਿੰਦਰ ਸਿੰਘ ਸ਼ਿੰਦਾ ਮੋਹਣਪੁਰ ਵੜਿੰਗ ਉਰਫ ਲੰਬਾ ਜੱਟ, ਭਾਈ ਕੁਲਦੀਪ ਸਿੰਘ ਮੁੱਛਲ ਅਤੇ ਭਾਈ ਜਰਨੈਲ ਸਿੰਘ ਡੀ.ਸੀ. ਕਿਰਤੋਵਾਲ ਦਾ ਜ਼ਿਕਰ ਵਾਰ ਵਾਰ ਆਉਂਦਾ ਸੀ, ਇਸ ਅਧੂਰੇ ਕਾਂਡ ਨੂੰ ਪੂਰਾ ਕਰਨ ਲਈ ਸ਼ਹੀਦ ਭਾਈ ਕੁਲਦੀਪ ਸਿੰਘ ਮੁੱਛਲ ਦੀ ਮਾਤਾ ਜੀ ਨੂੰ ਮਿਲ ਕੇ, ਉਸਦੀ ਸ਼ਹੀਦੀ ਨੂੰ ਦਰਸਾਉਂਦੀ ਜੀਵਨ ਕਹਾਣੀ ਪਿਛਲੇ ਪੰਨਿਆਂ 'ਤੇ ਲਿਖੀ ਗਈ ਹੈ। ਸ਼ਹੀਦ ਭਾਈ ਜਰਨੈਲ ਸਿੰਘ ਡੀ.ਸੀ. ਕਿਰਤੋਵਾਲ ਦੇ ਜੀਵਨ ਬਾਰੇ ਖੋਜ ਕਰਨ ਲਈ ਜਦੋਂ ਹਰੀਕੇ ਤੋਂ ਭਿੱਖੀਵਿੰਡ ਰੋਡ 'ਤੇ ਕਿਰਤੋਵਾਲ ਬੱਸ ਅੱਡੇ 'ਤੇ ਬੱਸ 'ਚੋਂ ਉਤਰ ਕੇ, ਰਿਕਸ਼ੇ ਵਾਲੇ ਨਿਹੰਗ ਸਿੰਘ ਨੂੰ ਪੁੱਛਿਆ ਕਿ ਭਾਈ ਸਾਹਿਬ ਮੈਂ ਜਰਨੈਲ ਸਿੰਘ ਡੀ.ਸੀ. ਵਾਲੇ ਕਿਰਤੋਵਾਲ ਜਾਣਾ ਹੈ, ਕਿਉਂਕਿ ਕਿਰਤੋਵਾਲ ਦੋ ਪਿੰਡ ਹਨ। ਨਿਹੰਗ ਸਿੰਘ, ਜਿਸਦਾ ਇਕ ਹੱਥ ਕੱਟਿਆ ਹੋਇਆ ਸੀ, ਖੁਸ਼ੀ ਵਿਚ ਝੂਮ ਉਠਿਆ, ਕਹਿੰਦਾ—ਭਾਅ, ਪਹਿਲਾਂ ਮੈਨੂੰ ਇਹ ਦੱਸ ਕਿ ਤੂੰ ਹੈਂ ਕੌਣ ? ਮੈਂ ਦੱਸਿਆ ਕਿ ਮੈਂ ਖਾੜਕੂ ਇਤਿਹਾਸ ਦਾ ਲੇਖਕ ਹਾਂ। ਤਾਂ ਨਿਹੰਗ ਸਿੰਘ ਕਹਿੰਦਾ ਕਿ ਫਿਰ ਤਾਂ ਸਾਡੇ ਯੋਧੇ ਦੀ ਗਾਥਾ ਦੀ ਵੀ ਕਿਤਾਬ ਲਿਖ ਦੇ, ਬੜਾ ਦਲੇਰ ਸੂਰਮਾ ਸੀ, ਸਾਧੂ ਸੁਭਾ ਸੀ। ਨਿਹੰਗ ਸਿੰਘ ਜੋ ਰਿਕਸ਼ੇ 'ਤੇ ਬੈਠਾ ਹੀ ਪ੍ਰਸ਼ਾਦਾ ਛਕਣ ਲੱਗਾ ਸੀ, ਕਹਿੰਦਾ ਕਿ ਰੋਟੀ ਫਿਰ ਛਕਾਂਗੇ, ਪਹਿਲਾਂ ਭਾਅ ਤੈਨੂੰ ਡੀ.ਸੀ. ਦੇ ਘਰ ਛੱਡ ਆਵਾਂ। ਰਿਕਸ਼ੇਵਾਲਾ ਨਿਹੰਗ ਸਿੰਘ ਦਾ ਨਾਂ ਬਿੱਕਰ ਸਿੰਘ ਤੂਫਾਨ ਸੀ, ਤੇ ਸ਼ਹੀਦ ਜਰਨੈਲ ਸਿੰਘ ਡੀ.ਸੀ. ਦਾ ਨਾਂ ਸੁਣ ਕੇ ਉਸਦੇ ਹਿਰਦੇ ਅੰਦਰ ਸ਼ਹੀਦ ਸਿੰਘ ਪ੍ਰਤੀ ਸ਼ਰਧਾ ਤੇ ਪਿਆਰ ਦਾ ਤੂਫਾਨ ਠਾਠਾਂ ਮਾਰ ਉੱਠਿਆ ਸੀ। ਮੈਂ ਰਿਕਸ਼ੇ 'ਤੇ ਬੈਠ ਗਿਆ, ਉਹ ਜਰਨੈਲ ਸਿੰਘ ਦੀ ਬਹਾਦਰੀ, ਤਿਆਗ-ਭਾਵਨਾ, ਤੇ ਸਾਧੂ ਸੁਭਾਅ ਦੇ ਕਾਰਨਾਮੇ ਸੁਣਾਉਂਦਾ ਹੋਇਆ, ਉਸਦੇ ਭਰਾਵਾਂ ਸ: ਬੰਤਾ ਸਿੰਘ ਤੇ ਸ: ਮੱਸਾ ਸਿੰਘ ਦੇ ਘਰ ਲੈ ਕੇ ਪਹੁੰਚ ਗਿਆ। ਨਿਹੰਗ ਸਿੰਘ ਖੁਸ਼ ਸੀ, ਜਿਵੇਂ ਕਿਸੇ ਨੇ ਉਸ ਦੇ ਦਿਲ ਅੰਦਰ ਵੱਸਦੇ ਪ੍ਰੀਤਮ ਦੀਆਂ ਯਾਦਾਂ ਨੂੰ ਛੇੜ ਕੇ ਅਨਹਦਨਾਦ ਸ਼ੁਰੂ ਕਰ ਦਿੱਤਾ ਹੋਵੇ।

ਪੇਸ਼ ਹੈ ਸ਼ਹੀਦ ਭਾਈ ਬਲਵਿੰਦਰ ਸਿੰਘ ਉਰਫ ਜਰਨੈਲ ਸਿੰਘ ਡੀ.ਸੀ. ਕਿਰਤੋਵਾਲ ਦੇ ਭਰਾਵਾਂ, ਸ: ਬੰਤਾ ਸਿੰਘ ਤੇ ਸ: ਮੱਸਾ ਸਿੰਘ ਨਾਲ ਮੁਲਾਕਾਤ ਦੇ ਅੰਸ਼......

ਸਵਾਲ—ਸ. ਮੱਸਾ ਸਿੰਘ, ਸ: ਬੰਤਾ ਸਿੰਘ ਜੀ, ਆਪਣੇ ਪਰਿਵਾਰ ਦੇ ਪਿਛੋਕੜ ਬਾਰੇ ਦੱਸੋ ?

ਜਵਾਬ—ਸਾਡੇ ਪਿਤਾ ਜੀ ਸ: ਸੋਹਣ ਸਿੰਘ, ਮਾਤਾ ਜੀ ਜੋਗਿੰਦਰ ਕੌਰ, ਅਸੀਂ ੬ ਭਰਾ ਤੇ ਚਾਰ ਭੈਣਾਂ ਹਾਂ। ਵੱਡੇ ਭਰਾ ਪ੍ਰੇਮ ਸਿੰਘ, ਬੰਤਾ ਸਿੰਘ, ਮੱਸਾ ਸਿੰਘ, ਕੁਲਵੰਤ ਸਿੰਘ, ਬਲਵਿੰਦਰ ਸਿੰਘ ਡੀ.ਸੀ. ਦਰਸ਼ਨ ਸਿੰਘ ਅਤੇ ਚਾਰ ਭੈਣਾਂ ਹਰਦਿਆਲ ਕੌਰ, ਰਘੁਵੀਰ ਕੌਰ, ਅਮਰਜੀਤ ਕੌਰ, ਦਰਸ਼ਨ ਕੌਰ ਹਨ। ਸਾਡਾ ਜ਼ਿਮੀਂਦਾਰ ਪਰਿਵਾਰ ਖੇਤੀਬਾੜੀ ਕਰਦਾ ਹੈ।

ਸਵਾਲ—ਬਲਵਿੰਦਰ ਸਿੰਘ ਦਾ ਜਨਮ ਕਦੋਂ ਹੋਇਆ ?

ਜਵਾਬ—ਬਲਵਿੰਦਰ ਸਿੰਘ 1989 'ਚ ਭਾਦਰੋਂ ਮਹੀਨੇ 'ਚ ਸ਼ਹੀਦ ਹੋਇਆ ਸੀ। ਉਦੋਂ 24 ਸਾਲ ਉਮਰ ਸੀ। ਇਸ ਹਿਸਾਬ ਨਾਲ ਜਨਮ 1964-65 ਦਾ ਬਣਦਾ, ਠੀਕ ਪਤਾ ਤਾਂ ਮਾਤਾ ਜੀ ਨੂੰ ਸੀ, ਉਹ ਸੁਵਰਗਵਾਸ ਹੋ ਗਈ ਹੈ।

ਸਵਾਲ—ਬਲਵਿੰਦਰ ਸਿੰਘ ਨੇ ਪੜ੍ਹਾਈ ਕਿੱਥੇ ਕੀਤੀ ਤੇ ਕਿੰਨੀਆਂ ਜਮਾਤਾਂ ਪੜ੍ਹੇ ?

ਜਵਾਬ—ਬਲਵਿੰਦਰ ਸਿੰਘ ਸਕੂਲ 'ਚ ਪੜ੍ਹਨ ਪਿਆ ਈ ਨਹੀਂ। ਛੋਟਾ ਹੁੰਦਾ ਹੀ ਸਾਧੂ ਸੁਭਾਅ ਸੀ, ਅਪਣੀ ਮਰਜ਼ੀ ਦਾ ਮਾਲਕ ਸੀ, ਨਿੱਕੇ ਹੁੰਦਿਆਂ ਕੁੱਤਾ ਤੇ ਬੱਕਰੀ ਹੱਥ 'ਚ ਫੜੀ ਫਿਰਨਾ। ਨਿੱਕੇ-ਨਿੱਕੇ ਮਾਲ ਡੰਗਰ ਨਾਲ ਬੜਾ ਪਿਆਰ ਕਰਦਾ ਸੀ। ਸੱਤ ਸਾਲ ਦੀ ਉਮਰ ਵਿਚ ਜਥੇਦਾਰ ਬਾਬਾ ਆਤਮਾ ਸਿੰਘ ਮੁੱਠਿਆਂ ਵਾਲਾ ਨਾਲ ਜਥੇ 'ਚ ਚਲੇ ਗਏ। ਗੁਰਬਾਣੀ ਪੜ੍ਹਨੀ ਜਥੇ 'ਚ ਹੀ ਸਿੱਖ ਗਏ। ਬੱਕਰੀ, ਕੁੱਤਾ ਵੀ ਨਾਲ ਹੀ ਲੈ ਗਏ ਸਨ। ਨਿਹੰਗ ਸਿੰਘਾਂ 'ਚ ਬੜੇ ਤੇਜ਼ ਘੋੜੇ ਭਜਾਉਣੇ, ਕਰਤਬ ਵਿਖਾਉਣੇ, ਦੋ ਘੋੜੇ 'ਕੱਠੇ ਭਜਾ ਕੇ ਉਪਰ ਖਲੋ ਜਾਂਦੇ ਸਨ।

ਸਵਾਲ—ਆਪ ਜੀ ਨੇ ਕਦੀ ਬਲਵਿੰਦਰ ਸਿੰਘ ਨੂੰ ਘਰ ਲਿਆਉਣ ਬਾਰੇ ਵੀ ਯਤਨ ਕੀਤਾ ?

ਜਵਾਬ—ਬੰਤਾ ਸਿੰਘ, ਮੈਂ ਤੇ ਪਿਤਾ ਜੀ, ਮੁੱਠਿਆਂ ਵਾਲੇ, ਬਲਵਿੰਦਰ ਸਿੰਘ ਨੂੰ ਲੈਣ ਗਏ ਤੇ ਕਿਹਾ ਕਿ ਬਲਵਿੰਦਰ ਸਿੰਘ ਹੁਣ ਤੂੰ ਗੱਭਰੂ ਹੋ ਗਿਆ, ਤੈਨੂੰ ਰਿਸ਼ਤਾ ਆਉਂਦਾ,ਘਰ ਚੱਲ ਤੇਰਾ ਵਿਆਹ ਕਰ ਦੇਈਏ। ਬਥੇਰਾ ਚਿਰ ਮੌਜ ਮੇਲਾ ਕਰ ਲਿਆ। ਬਲਵਿੰਦਰ ਸਿੰਘ ਕਹਿੰਦਾ ਕਿ "ਭਾਊ ! ਮੇਰਾ ਘਰ ਜਾਣ ਨੂੰ ਦਿਲ ਨਹੀਂ ਕਰਦਾ ਤੇ ਨਾ ਹੀ ਮੇਰੀ ਵਿਆਹ ਕਰਾਉਣ ਦੀ ਇੱਛਾ ਹੈ। ਮੈਂ ਤਾਂ ਅਜ਼ਾਦ ਪੰਛੀ ਹਾਂ, ਅਜ਼ਾਦ ਹੀ ਰਹਿਣਾ ਹੈ।"

ਪਿਤਾ ਜੀ ਕਹਿੰਦੇ—"ਬਲਵਿੰਦਰ ਸਿੰਘ, ਤੂੰ ਸਾਡੇ ਆਰਗੇ ਲੱਗ ਤੇ ਘਰ ਚੱਲ, ਤੇਰਾ ਵਿਆਹ ਅਸੀਂ ਕਰ ਦੇਨੇ ਆਂ, ਸਾਡਾ ਫ਼ਿਕਰ ਲੱਥੂ, ਤੂੰ ਆਪਣੇ ਘਰ ਵਾਲਾ ਬਣ ਜਾਵੇਂਗਾ। ਜੇ ਤੂੰ ਸਾਡੇ ਆਖੇ ਲੱਗ ਕੇ ਘਰ ਨਾ ਗਿਆ, ਫਿਰ ਮੈਂ ਤੈਨੂੰ ਜਿਹੜੀ ਪੈਲੀ ਆਉਂਦੀ ਉਹ ਵੀ ਨਹੀਂ ਦੇਣੀ, ਤੇਰੇ ਭਰਾਵਾਂ ਦੇ ਨਾਂ ਲਵਾ ਦੇਣੀ, ਫਿਰ ਰੋਵੇਂਗਾ।"

ਸਵਾਲ—ਫਿਰ ਅੱਗੋਂ ਬਲਵਿੰਦਰ ਸਿੰਘ ਨੇ ਕੋਈ ਜਵਾਬ ਦਿੱਤਾ ਕਿ ਨਾ ?

ਜਵਾਬ—ਬਲਵਿੰਦਰ ਸਿੰਘ ਕਹਿੰਦਾ ਕਿ ਪਿਤਾ ਜੀ, ਜੇ ਤੂੰ ਮੈਨੂੰ ਧਮਕੀ ਦੇਂਦਾ ਕਿ ਪੈਲੀ ਨਹੀਂ ਦੇਣੀ ਤਾਂ ਫਿਰ ਮੇਰੀ ਵੀ ਸੁਣ ਲੈ, ਮੈਂ ਆਪਣੇ ਹਿੱਸੇ ਦੀ ਆਉਂਦੀ ਪੈਲੀ ਵਿਚ ਜਦੋਂ ਆ ਕੇ ਨਿਹੰਗ ਸਿੰਘਾਂ ਦੇ ਝੰਡੇ ਗੱਡ ਕੇ ਡੇਰਾ ਲਾ ਲਿਆ ਤਾਂ ਨਿਹੰਗ ਸਿੰਘ ਆਪੇ ਕਬਜ਼ਾ ਛੁਡਾ ਲੈਣਗੇ। ਫਿਰ ਤਾਂ ਤੁਹਾਨੂੰ ਨਿਹੰਗ ਸਿੰਘਾਂ ਦੇ ਘੋੜਿਆਂ ਤੋਂ ਆਪਣੀ ਫਸਲ ਵੀ ਬਚਾਉਣੀ ਔਖੀ ਹੋ ਜਾਊ। ਫਿਰ ਤੁਸੀਂ ਆਖਣਾ ਡੂੰਮਣੇ/ ਮਖੀਰ ਨੂੰ ਕਾਹਨੂੰ ਛੇੜਿਆ। ਅਸੀਂ ਬੜਾ ਸਮਝਾਇਆ, ਕਈ ਵਾਰੀ ਗਏ ਲੈਣ ਵਾਸਤੇ, ਮਰਜ਼ੀ ਦਾ ਮਾਲਕ ਸੀ ਆਇਆ ਈ ਨਹੀਂ।

ਸਵਾਲ—ਬਲਵਿੰਦਰ ਸਿੰਘ ਦਾ ਨਾਂ ਜਰਨੈਲ ਸਿੰਘ ਡੀ.ਸੀ. ਕਿਵੇਂ ਪਿਆ ?

ਜਵਾਬ—ਜਥੇਦਾਰ ਬਾਬਾ ਆਤਮਾ ਸਿੰਘ ਨਿਹੰਗ ਸਿੰਘ ਮੁੱਠਿਆਂ ਵਾਲਾ ਕਹਿੰਦੇ ਹੁੰਦੇ ਸਨ, ਸਾਡੇ ਜਥੇ ਦਾ ਜਰਨੈਲ, ਇਸ ਕਰਕੇ ਸਾਰੇ ਸਿੰਘ ਜਰਨੈਲ ਸਿੰਘ ਕਹਿਣ ਲੱਗ ਪਏ। ਬਲਵਿੰਦਰ ਸਿੰਘ ਨਿੱਕੇ ਹੁੰਦੇ ਨੂੰ ਸਾਰੇ ਮਖ਼ੌਲ ਨਾਲ ਡੀ.ਸੀ. ਕਹਿੰਦੇ ਸਨ। ਬਲਵਿੰਦਰ ਸਿੰਘ ਆਮ ਨੂੰ ਜਦੋਂ ਮੋੜਵੇਂ ਜਵਾਬ ਕਹਿੰਦਾ ਹੁੰਦਾ ਸੀ। ਤੂੰ ਮੇਰੇ 'ਤੇ ਡੀ.ਸੀ. ਲੱਗਿਆਂ ? ਵਾਰ-ਵਾਰ ਡੀ.ਸੀ. ਕਹਿਣ ਨਾਲ, ਲੋਕਾਂ ਨੇ ਨਾਂ ਹੀ ਡੀ.ਸੀ. ਪਾ ਦਿੱਤਾ।

ਸਵਾਲ—ਬਾਬਾ ਆਤਮਾ ਸਿੰਘ ਮੁੱਠਿਆਂ ਵਾਲਾ ਤੋਂ ਵੱਖ ਕਿਉਂ ਹੋਇਆ ?

ਜਵਾਬ—ਬੰਤਾ ਸਿੰਘ, ਬਾਬਾ ਆਤਮਾ ਸਿੰਘ ਦੇ ਡੇਰੇ 'ਚੋਂ ਘੋੜੀਆਂ ਚੋਰੀ ਖੋਹਲ ਕੇ ਕੋਈ ਲੈ ਗਿਆ ਸੀ, ਜਿਸਦਾ ਬਲਵਿੰਦਰ ਸਿੰਘ ਉਰਫ ਜਰਨੈਲ ਸਿੰਘ ਡੀ.ਸੀ. ਨੂੰ ਬੜਾ ਦੁੱਖ ਸੀ। ਉਸਦੀ ਸਵਾਰੀ ਕਰਨ ਵਾਲੀ ਘੋੜੀ ਵੀ ਚੋਰੀ ਹੋ ਗਈ ਸੀ, ਇਸ ਦੀ ਸੂਹ ਕੱਢਣ ਲਈ ਅਜੀਤ ਸਿਹੁੰ ਪੂਹਲਾ ਨਿਹੰਗ ਦੇ ਜਥੇ 'ਚ ਜਾ ਰਲਿਆ। ਪੂਹਲਾ ਨਿਹੰਗ ਨੂੰ ਕਹਿਣ ਲੱਗਾ ਕਿ ਬਾਬਾ ਆਤਮਾ ਸਿੰਘ ਚੋਰੀ ਹੋਈਆਂ ਘੋੜੀਆਂ ਮੇਰੇ ਨਾਂ ਲਾਉਂਦਾ ਪਰ ਮੇਰਾ ਕੋਈ ਕਸੂਰ ਨਹੀਂ, ਮੈਂ ਡਰਦਾ ਭੱਜ ਗਿਆ। ਪੂਹਲੇ ਨੇ ਨਾਲ ਰਲਾ ਲਿਆ ਕਿ ਸਿੰਘ ਚੰਗਾ ਫੁਰਤੀਲਾ ਹੈ ਤੇ ਸਿੱਧਾ-ਸਾਦਾ ਹੈ, ਕਿਤੇ ਕੰਮ ਦੇਵੇਗਾ। ਜਰਨੈਲ ਸਿੰਘ ਡੀ.ਸੀ. ਨੇ ਘੋੜੀਆਂ ਦੀ ਸੂਹ ਕੱਢ ਲਈ ਕਿ ਘੋੜੀਆਂ ਪੂਹਲੇ ਨਿਹੰਗ ਨੇ ਹੀ ਚੋਰੀ ਕਰਾਈਆਂ। ਜਰਨੈਲ ਸਿੰਘ ਡੀ.ਸੀ., ਸਰੀਰ ਦਾ ਪਤਲਾ ਸੀ, ਪੂਹਲੇ ਕਹਿਣਾ, ਡੀ.ਸੀ. ਡਲੇ ਛਕਿਆ ਕਰ ਉਏ, ਤੂੰ ਤਾਂ ਉੱਕਾ ਹੀ ਮਰਿਆ ਪਿਆਂ। ਤਾਂ ਅੱਗੋਂ ਡੀ.ਸੀ. ਨੇ ਹੱਸ ਕੇ ਕਹਿਣਾ—ਬਾਬਾ ਵੇਖੀਂ ਸਹੀ ਜਦੋਂ ਤੈਨੂੰ ਕਿਤੇ ਡੀ.ਸੀ. ਨੇ ਹੱਥ ਵਿਖਾਏ। ਪੂਹਲਾ ਨਿਹੰਗ ਹੰਢਿਆ ਵਰਤਿਆ ਹੋਇਆ 12 ਪਤਨਾਂ ਦਾ ਤਾਰੂ ਸੀ, ਉਸਨੇ ਇਕ ਖਰਾਬ ਹੋਈ ਸਟੇਨਗੰਨ ਡੀ.ਸੀ. ਨੂੰ ਫੜਾ ਦਿੱਤੀ, ਜਿਸਦਾ ਡੀ.ਸੀ. ਨੂੰ ਭੇਦ ਨਹੀਂ ਸੀ। ਇਕ ਦਿਨ ਮੌਕਾ ਵੇਖ ਕੇ ਡੀ.ਸੀ. ਨੇ ਪੂਹਲੇ ਨਿਹੰਗ ਨੂੰ ਸਟੇਨਗੰਨ ਨਾਲ ਗੋਲੀਆਂ ਮਾਰਨ ਦੀ ਕੋਸ਼ਿਸ਼ ਕੀਤੀ, ਘੋੜਾ ਦੱਬਿਆ ਤਾਂ ਸਟੇਨਗੰਨ ਚੱਲੀ ਨਾ, ਮੌਕੇ ਦੀ ਵਿਚਾਰ ਕਰਕੇ ਡੀ.ਸੀ. ਸਟੇਨਗੰਨ ਲੈ ਕੇ ਹੀ ਭੱਜ ਗਿਆ। ਪੂਹਲੇ ਦੇ ਨਿਹੰਗ ਡੀ.ਸੀ. ਨੂੰ ਫੜਨ ਲਈ ਮਗਰ ਭੱਜੇ, ਪਰ ਉਸਨੇ ਡਾਹ ਨਾ ਦਿੱਤੀ।

ਸਵਾਲ—ਪੂਹਲੇ ਨਿਹੰਗ ਨੇ ਪਰਿਵਾਰ ਨੂੰ ਪ੍ਰੇਸ਼ਾਨ ਤਾਂ ਨਹੀਂ ਕੀਤਾ? ਜਾਂ ਕੋਈ ਧਮਕੀ ਵਗੈਰਾ.......?

ਜਵਾਬ—ਪੂਹਲੇ ਦੀ ਸਟੇਨਗੰਨ ਲੈ ਕੇ ਡੀ.ਸੀ. ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦੇ ਜਰਨੈਲ ਅਵਤਾਰ ਸਿੰਘ ਬ੍ਰਹਮਾ ਦੇ ਜਥੇ 'ਚ ਰਲ ਗਿਆ। ਜਿੰਨਾ ਚਿਰ ਡੀ.ਸੀ. ਜਿਉਂਦਾ ਰਿਹਾ, ਪੂਹਲਾ ਆਪ ਉਸ ਤੋਂ ਟਾਲ ਕਰਕੇ ਰਹਿੰਦਾ ਰਿਹਾ।

ਸਵਾਲ—ਭਾਈ ਅਵਤਾਰ ਸਿੰਘ ਬ੍ਰਹਮਾ ਦੇ ਨਾਲ ਰਲਣ ਤੋਂ ਬਾਅਦ ਪੁਲਿਸ ਵੀ ਤੰਗ ਕਰਦੀ ਹੋਵੇਗੀ ?

ਜਵਾਬ—ਪੁਲਿਸ ਸਾਨੂੰ ਭਰਾਵਾਂ ਨੂੰ ਫੜ ਕੇ ਥਾਣੇ ਲੈ ਜਾਂਦੀ ਸੀ, ਪਿਤਾ ਜੀ ਨੂੰ ਵੀ ਲੈ ਜਾਂਦੇ ਸੀ, ਕਹਿੰਦੇ ਸੀ ਕਿ ਡੀ.ਸੀ. ਨੂੰ ਪੇਸ਼ ਕਰ ਦੇਵੋ ? ਅਸੀਂ ਇਹੋ ਕਹਿੰਦੇ ਸੀ, ਉਹ ਤਾਂ ਨਿੱਕਾ ਹੁੰਦਾ ਸੱਤਾਂ ਸਾਲਾਂ ਦੀ ਹੀ ਘਰੋਂ ਚਲਾ ਗਿਆ, ਅਸੀਂ ਕਿਥੋਂ ਪੇਸ਼ ਕਰੀਏ। ਪੁਲਿਸ ਵਾਲੇ ਸੜਕਾਂ ਤੋਂ ਲੱਕੜਾਂ ਬਾਲਣ ਵੱਢਣ ਲਈ ਸਾਨੂੰ ਨਾਲ ਲੈ ਜਾਂਦੇ ਸੀ।

ਸਵਾਲ—ਕਦੀ ਪੁਲਿਸ ਨਾਲ ਵੀ ਆਡਾ ਲੱਗਾ ਹੋਵੇ ?

ਜਵਾਬ—ਹਰੀਕੇ ਥਾਣੇ ਦੇ ਖੁੱਲਰ ਥਾਣੇਦਾਰ ਨੂੰ ਹਰੀਕੇ ਦੇ ਭਰੇ ਬਜ਼ਾਰ 'ਚ ਘੇਰ ਲਿਆ। ਡੀ.ਸੀ. ਨੇ ਵੰਗਾਰਿਆ ਕਿ ਤੂੰ ਮੇਰੇ ਪਿਤਾ ਤੇ ਭਰਾਵਾਂ ਤੋਂ ਕੰਮ ਕਰਾਉਣਾ, ਕਹਿੰਦਾ ਪੇਸ਼ ਕਰੋ, ਮੈਂ ਜਰਨੈਲ ਸਿੰਘ ਡੀ.ਸੀ. ਆ ਗਿਆ ਈ, ਫੜ ਕੇ ਲੈ ਚੱਲ, ਜੇ ਕੋਈ ਹਿਸਾਬ ਕਰਨਾ ਤਾਂ ਕਰ ਲੈ ? ਖੁੱਲਰ ਥਾਣੇਦਾਰ ਹੱਥ ਜੋੜ ਕੇ ਖਲੋ ਗਿਆ ਕਿ ਅੱਜ ਤੋਂ ਬਾਅਦ ਤੇਰੇ ਪਰਿਵਾਰ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ। ਮੈਂ ਵੀ ਨੌਕਰੀ ਕਰਨੀ ਹੋਈ, ਇਸ ਤੋਂ ਬਾਅਦ ਹਰੀਕੇ ਪੁਲਿਸ ਨੇ ਤੰਗ ਨਹੀਂ ਕੀਤਾ। ਜੇ ਇਲਾਕੇ 'ਚ ਕੋਈ ਵਾਰਦਾਤ ਹੋ ਜਾਣ 'ਤੇ ਪਰਿਵਾਰ ਨੂੰ ਥਾਣੇ ਲੈ ਕੇ ਵੀ ਗਏ, ਪੁਲਿਸ ਵਾਲੇ ਇੱਜ਼ਤ ਨਾਲ ਹੀ ਪੇਸ਼ ਆਏ।

ਸਵਾਲ—ਜਰਨੈਲ ਸਿੰਘ ਡੀ.ਸੀ. ਦੀਆਂ ਕੋਈ ਅਜਿਹੀਆਂ ਦਲੇਰਾਨਾ ਖਾੜਕੂ ਕਾਰਨਾਮੇ ਜਿਸ ਦੀ ਲੋਕਾਂ ਵਿਚ ਚਰਚਾ ਹੋਵੇ ਜਾਂ ਕੋਈ ਪੁਲਿਸ ਮੁਕਾਬਲਾ, ਘੇਰਾ ਤੋੜ ਨਿਕਲਿਆ ਹੋਵੇ ?

ਜਵਾਬ—ਉਂਝ ਤਾਂ ਭਾਵੇਂ ਸਾਡੇ ਕੋਲ ਐਹੋ ਜਿਹੀ ਗੱਲ ਨਹੀਂ ਸੀ ਕੀਤੀ। ਪਰ ਫਿਰ ਵੀ ਪੁਲਿਸ ਵਾਲਿਆਂ ਤੋਂ, ਲੋਕਾਂ 'ਚ ਆਮ ਚਰਚਾ ਅਤੇ ਅਖ਼ਬਾਰਾਂ ਤੋਂ ਪਤਾ ਲੱਗ ਈ ਜਾਂਦਾ ਸੀ। ਜਰਨੈਲ ਸਿੰਘ ਡੀ.ਸੀ. ਜਦੋਂ ਤੋਂ ਪੂਹਲੇ ਨਿਹੰਗ ਤੋਂ ਸਟੇਨਗੰਨ ਲੈ ਕੇ ਭੱਜਿਆ ਸੀ, ਉਦੋਂ ਤੋਂ ਜਥੇਦਾਰ ਅਵਤਾਰ ਸਿੰਘ ਬ੍ਰਹਮਾ ਦਾ ਸਾਥੀ ਬਣ ਗਿਆ ਸੀ ਤੇ ਜਥੇਦਾਰ ਬ੍ਰਹਮਾ ਨਾਲ ਗੰਨਮੈਨ ਦੇ ਤੌਰ 'ਤੇ ਨਾਲ ਹੀ ਰਹਿੰਦਾ ਸੀ। ਜਥੇਦਾਰ ਅਵਤਾਰ ਸਿੰਘ ਬ੍ਰਹਮਾ ਵੱਲੋਂ ਕੀਤੇ ਵੱਡੇ ਤੋਂ ਵੱਡੇ ਖਾੜਕੂ ਕਾਰਨਾਮਿਆਂ ਵਿਚ ਸ਼ਾਮਲ ਹੁੰਦਾ ਸੀ। ਜਿਵੇਂ ਚੋਹਲਾ ਸਾਹਿਬ ਚੌਕੀ ਦੇ ਥਾਣੇਦਾਰ ਛਿੱਬੂ ਨੂੰ ਖਾਰੇ ਵਾਲੇ ਨਹਿਰ ਦੇ ਪੁੱਲ 'ਤੇ ਮਾਰਿਆ, ਜੀਪ 'ਚ ਡਰਾਈਵਰ ਤੇ ਹੋਰ ਵੀ ਮਰੇ ਸੀ, ਸਿਪਾਹੀ ਜ਼ਖ਼ਮੀ ਹੋਏ ਸਨ। ਜਥੇਦਾਰ ਬ੍ਰਹਮਾ ਸਾਹਿਬ, ਹਥਿਆਰ ਤੇ ਗੋਲੀ ਸਿੱਕਾ ਵੀ ਲੈ ਗਏ ਸਨ। ਇਸ ਹੱਲਾ ਕਰਨ ਵਾਲੇ ਸਿੰਘਾਂ 'ਚ ਡੀ.ਸੀ. ਵੀ ਸ਼ਾਮਲ ਸੀ। ਮੰਡ ਖੇਤਰ 'ਚ ਰਿਬੈਰੋ ਦੇ ਸੀ.ਆਰ.ਪੀ. ਤੇ ਪੰਜਾਬ ਪੁਲਿਸ, ਬੀ.ਐੱਸ.ਐੱਫ. ਵੱਲੋਂ ਜਨਰਲ ਬ੍ਰਹਮਾ ਦੇ ਜਥੇ

ਦੇ ਸਿੰਘਾਂ ਨੂੰ ਪਾਏ ਸਭ ਤੋਂ ਵੱਡੇ ਘੇਰੇ ਵੇਲੇ 21-22 ਜੁਲਾਈ 1986 ਵੇਲੇ, ਮੰਡ 'ਚ ਸਿੰਘਾਂ ਵੱਲੋਂ ਹੈਲੀਕਾਪਟਰ ਡੇਗਣ ਵਾਲੇ ਸਿੰਘਾਂ ਵਿਚ ਵੀ ਜਰਨੈਲ ਸਿੰਘ ਡੀ.ਸੀ. ਸ਼ਾਮਲ ਸੀ। ਮਾਣਕਪੁਰ (ਪੱਟੀ) ਦੇ ਮੁਕਾਬਲੇ 'ਚ ਤਿੰਨ ਸੀ.ਆਰ.ਪੀ. ਦੀਆਂ ਗੱਡੀਆਂ ਉਡਾ ਕੇ ਵੱਡੇ ਘੇਰੇ ਵਿਚੋਂ ਜਥੇਦਾਰ ਬ੍ਰਹਮਾ ਦੇ ਨਿਕਲਣ ਵੇਲੇ, ਜਰਨੈਲ ਸਿੰਘ ਤੇ ਸ਼ਿੰਦਾ ਲੰਬਾ ਜੱਟ ਮੋਹਨਪੁਰਾ ਵੜਿੰਗ ਵਾਲਾ ਨਾਲ ਹੀ ਸੀ.ਆਰ.ਪੀ. ਦਾ ਘੇਰਾ ਤੋੜ ਕੇ ਨਿਕਲੇ ਸਨ। ਬ੍ਰਹਮਾ ਸਾਹਿਬ ਦੀ ਇਸ ਮਾਣਕਪੁਰ ਦੇ ਮੁਕਾਬਲੇ 'ਚ ਹੱਥ ਦੀ ਵੱਡੀ ਉਂਗਲ ਗੋਲੀ ਲੱਗਣ ਨਾਲ ਕੱਟੀ ਗਈ ਸੀ। ਜੁਲਾਈ 1988 'ਚ ਜ: ਅਵਤਾਰ ਸਿੰਘ ਬ੍ਰਹਮਾ, ਭਾਈ ਸੁਰਿੰਦਰ ਸਿੰਘ ਲੰਬਾ ਜੱਟ, ਭਾਈ ਜਰਨੈਲ ਸਿੰਘ ਡੀ.ਸੀ. ਨਾਲ ਰਾਜਸਥਾਨ ਦੇ ਬਾਰਡਰ 'ਤੇ ਹਿੰਦੂ ਕੋਟ ਮੱਲ ਨੇੜੇ ਬੀ.ਐੱਸ.ਐੱਫ. ਦੇ ਘੇਰੇ 'ਚ ਆ ਗਏ ਸਨ, ਦੋ ਘੇਰੇ ਤਾਂ ਸਿੰਘਾਂ ਨੇ ਤੋੜ ਲਏ ਸੀ। ਤੀਜਾ ਘੇਰਾ ਪਾਏ ਜਾਣ 'ਤੇ ਪਿੰਡ ਝੰਡਾ ਸਿੰਘ ਵਾਲਾ ਦੇ ਜਥੇਦਾਰ ਝੰਡਾ ਸਿੰਘ ਪਾਸ ਠਹਿਰੇ ਸਨ। ਇਥੇ ਵੀ ਬੀ.ਐੱਸ.ਐੱਫ. ਨੇ ਘੇਰਾ ਪਾ ਲਿਆ, ਜਥੇਦਾਰ ਅਵਤਾਰ ਸਿੰਘ ਬ੍ਰਹਮਾ ਚਰੀ ਦੇ ਖੇਤ 'ਚ ਮੁਕਾਬਲਾ ਕਰਦੇ ਸ਼ਹੀਦ ਹੋ ਗਏ, ਡੀ.ਸੀ. ਤੇ ਲੰਬਾ ਜੱਟ ਸੁਰਿੰਦਰ ਸਿੰਘ, ਘੇਰਾ ਤੋੜ ਕੇ ਬਚ ਨਿਕਲਣ ਵਿਚ ਕਾਮਯਾਬ ਹੋ ਗਏ। ਜਥੇਦਾਰ ਅਵਤਾਰ ਸਿੰਘ ਬ੍ਰਹਮਾ ਦੀ ਸ਼ਹੀਦੀ ਦੀ ਖ਼ਬਰ ਇਨ੍ਹਾਂ ਨੇ ਹੀ ਆ ਕੇ ਦੱਸੀ ਸੀ।

ਸਵਾਲ—ਭਾਈ ਸਾਹਿਬ ਦਾ ਸੁਭਾ ਕਿਹੋ ਜਿਹਾ ਸੀ ?

ਜਵਾਬ—ਸੁਭਾ ਸਾਧੂ ਵੀ ਸੀ ਤੇ ਗਰਮ ਵੀ ਸੀ, ਦਾਨੀ ਤੇ ਦਇਆਵਾਨ ਵੀ ਸਨ, ਕਿਸੇ ਦਾ ਰੋਹਬ ਵੀ ਨਹੀਂ ਸੀ ਝੱਲਦੇ। ਜੇ ਕਿਸੇ ਨੂੰ ਨੰਗੇ ਪੈਰੀਂ ਵੇਖਿਆ, ਆਪਣੇ ਪੈਰੋਂ ਲਾਹ ਕੇ ਜੋੜਾ ਦੇ ਦੇਣਾ। ਜੇ ਕਿਸੇ ਦੇ ਕੱਪੜੇ ਪਾਟੇ ਵੇਖੇ, ਆਪਣੇ ਲਾਹ ਕੇ ਦੇ ਦੇਣੇ। ਆਪ ਕਈ ਦਿਨ ਨੰਗੇ ਪੈਰੀਂ ਹੀ ਤੁਰੇ ਫਿਰਨਾ, ਸੁਭਾ ਨਿਵੇਕਲਾ ਹੀ ਸੀ। ਘਰ ਨਾਲ ਮੋਹ ਨਹੀਂ ਸੀ। ਬੇਪਰਵਾਹ ਦਰਵੇਸ਼ਾਂ ਵਰਗਾ ਸੀ, ਜਰਨੈਲ ਸਿੰਘ ਡੀ.ਸੀ. ਲੜਨ ਮਰਨ ਲਈ ਸਦਾ ਤਿਆਰ ਹੀ ਰਹਿੰਦਾ ਸੀ।

ਸਵਾਲ—ਜਰਨੈਲ ਸਿੰਘ ਡੀ.ਸੀ. ਆਖਰੀ ਵਾਰ ਪਿੰਡ ਕਦੋਂ ਆਏ ?

ਜਵਾਬ—ਸ਼ਹੀਦੀ ਤੋਂ ਚਾਰ ਦਿਨ ਪਹਿਲਾਂ ਆਇਆ, ਗੁਰਦੁਆਰਾ ਸਾਹਿਬ ਮੱਥਾ ਟੇਕ ਕੇ ਪਿੰਡ ਦੇ ਲੋਕਾਂ ਨੂੰ ਹੱਸ ਹੱਸ ਕੇ ਮਿਲਿਆ, ਨਾਲ ਹੋਰ ਵੀ ਸਿੰਘ ਸਨ, ਬੱਸ ਇਹੋ ਗੁਣਗੁਣਾਉਂਦਾ ਫਿਰਦਾ ਸੀ, ਜੱਗ ਵਾਲਾ ਮੇਲਾ ਯਾਰੋ ਥੋੜ੍ਹੀ ਦੇਰ ਦਾ, ਹੱਸਦਿਆਂ ਰਾਤ ਲੰਘੇ ਪਤਾ ਨਹੀਂ ਸਵੇਰ ਦਾ। ਜਿਵੇਂ ਸ਼ਹੀਦੀ ਨੇੜੇ ਆਣ ਢੁਕੀ ਸੀ ਤੇ ਪਿੰਡ ਦੀਆਂ ਗਲੀਆਂ ਅਤੇ ਪਿੰਡ ਵਾਸੀਆਂ ਦੇ ਦਰਸ਼ਨ ਕਰਨ ਦਾ ਮੋਹ ਜਾਗ ਪਿਆ ਹੋਵੇ।

ਸਵਾਲ—ਭਾਈ ਸਾਹਿਬ ਜੀ ਸ਼ਹੀਦ ਕਿੱਥੇ ਤੇ ਕਦੋਂ ਹੋਏ ?

ਜਵਾਬ—ਮੰਡ 'ਚ ਪਿੰਡ ਕਰਮੂਵਾਲਾ, ਪੁਲਿਸ ਦੇ ਕਮਾਂਡੋਆਂ ਨੇ ਘਾਤ ਲਾ ਕੇ ਹਮਲਾ ਕਰਕੇ ਗੋਲੀਆਂ ਮਾਰ ਕੇ ਜਰਨੈਲ ਸਿੰਘ ਡੀ.ਸੀ. ਕਿਰਤੋਵਾਲ, ਜੁਗਰਾਜ ਸਿੰਘ ਜੱਗਾ ਸਰਪੰਚ ਰੱਤਾ ਗੁੱਦਾ ਤੇ ਸੁਖਦੇਵ ਸਿੰਘ ਕਨੇਡੀਅਨ ਨੂੰ ਸ਼ਹੀਦ ਕਰ ਦਿੱਤਾ। ਬੂਟਾ ਸਿੰਘ ਸੁਰ ਸਿੰਘ ਵਾਲਾ ਤੇ ਨਰਿੰਦਰ ਸਿੰਘ ਭੋਲਾ ਗੱਗੋਬੂਆ, ਮੰਡ ਦੀ ਕੇਲੀ/ਗਲਾਲੀ

'ਚ ਲੰਮੇ ਪੈ ਗਏ, ਸਿੰਘਾਂ ਨੇ ਹਥਿਆਰ ਪਾਸੇ ਰੱਖੇ ਹੋਏ ਸਨ, ਉਸ ਮੌਕੇ ਨਿਹੱਥੇ ਸਨ। ਸੀ.ਆਰ.ਪੀ. ਤੇ ਪੁਲਿਸ ਨੇ ਇਸ ਘਟਨਾ ਨੂੰ ਸਿੰਘਾਂ ਦੀ ਆਪਸੀ ਦੁਸ਼ਮਣੀ ਕਹਿ ਕੇ ਪ੍ਰਚਾਰਿਆ ਸੀ, ਜੋ ਸੱਚ ਨਹੀਂ ਸੀ। ਪੁਲਿਸ ਸੀ.ਆਰ.ਪੀ. ਦੇ ਚਲੇ ਜਾਣ 'ਤੇ ਕੋਲੀ/ਗੁਲਾਲੀ ਜੋ ਦਰਿਆ ਦੇ ਮੰਡ 'ਚ ਚਿੱਕੜ 'ਚ ਸੀ, ਵਿਚੋਂ ਬੂਟਾ ਸਿੰਘ ਤੇ ਨਰਿੰਦਰ ਸਿੰਘ ਭੋਲਾ ਨਿਕਲ ਕੇ ਬ੍ਰਹਮੇ ਵਾਲੇ ਖੂਹ 'ਤੇ ਪੁੱਜੇ ਤੇ ਸ: ਸਾਧਾ ਸਿੰਘ ਨੂੰ ਸਾਰੀ ਘਟਨਾ ਦੱਸੀ। ਬ੍ਰਹਮੇ ਵਾਲੇ ਖੂਹ ਤੋਂ ਨਹਾ ਕੇ ਸੁੱਕੇ ਕੱਪੜੇ ਪਾ ਕੇ ਦੋਵੇਂ ਸਿੰਘ ਅੱਗੇ ਨੂੰ ਚਲੇ ਗਏ। ਸਾਧਾ ਸਿੰਘ ਨੇ ਕਿਰਤੋਵਾਲ ਪਰਿਵਾਰ ਕੋਲ ਪਹੁੰਚ ਕੀਤੀ। ਅਸੀਂ (ਡੀ.ਸੀ. ਦੇ ਭਰਾ) ਪਿੰਡ ਵਾਸੀਆਂ ਨਾਲ ਜਾ ਕੇ, ਜਰਨੈਲ ਸਿੰਘ ਦੀ ਲਾਸ਼ ਲੈ ਆਏ ਤੇ ਪਿੰਡ ਵਿਖੇ ਸਸਕਾਰ ਕਰ ਦਿੱਤਾ। ਦੂਜੇ ਸਿੰਘਾਂ ਦੇ ਵਾਰਸ ਵੀ ਸ਼ਹੀਦ ਦਾ ਸਸਕਾਰ ਪਿੰਡ ਲਿਜਾ ਕੇ ਕੀਤਾ। ਪਿੰਡ ਦੇ ਗੁਰਦੁਆਰਾ ਸਾਹਿਬ ਸ਼ਹੀਦ ਜਰਨੈਲ ਸਿੰਘ ਡੀ.ਸੀ. ਦੀ ਤਸਵੀਰ ਵੀ ਲੱਗੀ ਹੈ। ਗੁਰਦੁਆਰਾ ਸਾਹਿਬ ਨਿਸ਼ਾਨ ਸਾਹਿਬ ਵੀ ਲੱਗਾ ਹੈ, ਸਿੱਲ 'ਤੇ ਨਾਂ ਲਿਖਿਆ ਸੀ। ਕਾਂਗਰਸੀ ਬਿਅੰਤ ਸਿਹੁੰ ਦੇ ਰਾਜ ਵੇਲੇ, ਸ਼ਹੀਦਾਂ ਦੇ ਨਿਸ਼ਾਨ ਸਾਹਿਬ ਵੱਢ ਕੇ ਪੁਲਿਸ ਲੈ ਜਾਂਦੀ ਸੀ, ਗ੍ਰੰਥੀ ਸਿੰਘ ਨੇ ਸਿਆਣਪ ਤੋਂ ਕੰਮ ਲਿਆ, ਸ਼ਹੀਦ ਦੇ ਨਾਂ ਵਾਲੀ ਸਿਲ 'ਤੇ ਸੀਮੈਂਟ ਲਾ ਦਿੱਤਾ, ਪੁਲਿਸ ਆਈ, ਵੇਖ ਕੇ ਮੁੜ ਗਈ।

ਸਵਾਲ—ਭਾਈ ਜਰਨੈਲ ਸਿੰਘ ਡੀ.ਸੀ. ਦੀ ਸ਼ਹੀਦੀ ਤੋਂ ਬਾਅਦ ਵੀ ਪੁਲਿਸ ਤੰਗ ਤਾਂ ਨਹੀਂ ਕਰਦੀ ?

ਜਵਾਬ—ਜਰਨੈਲ ਸਿੰਘ ਦੇ ਸ਼ਹੀਦ ਹੋ ਜਾਣ ਤੋਂ ਪਿਛੋਂ ਪੁਲਿਸ ਨੇ ਤਾਂ ਤੰਗ ਨਹੀਂ ਕੀਤਾ। ਪੂਹਲਾ ਨਕਲੀ ਨਿਹੰਗ ਨੇ ਜਰਨੈਲ ਸਿੰਘ ਦੀ ਸ਼ਹੀਦੀ ਤੋਂ ਪਿੱਛੋਂ ਸਾਡੇ ਪਰਿਵਾਰ ਨੂੰ ਮਾਰ ਦੇਣ ਲਈ ਆਪਣੇ ਨਿਹੰਗਾਂ ਦਾ ਹਥਿਆਰਬੰਦ ਟੋਲਾ ਭੇਜ ਕੇ ਸਾਡੇ 'ਤੇ ਹਮਲਾ ਕੀਤਾ, (ਜ਼ਖ਼ਮਾਂ ਦੇ ਫੱਟ ਵਿਖਾਉਂਦਿਆਂ) ਬਜ਼ੁਰਗ ਪਿਤਾ-ਮਾਤਾ, ਭਰਾਵਾਂ ਨੂੰ ਬੜਾ ਮਾਰਿਆ ਕੁਟਿਆ, ਆਪਣੇ ਵੱਲੋਂ ਤਾਂ ਅਜੀਤ ਪੂਹਲੇ ਦੇ ਨਿਹੰਗ ਸਾਨੂੰ ਮਾਰ ਕੇ ਸਾਰੇ ਜੀਆਂ ਨੂੰ ਸੁੱਟ ਗਏ ਸੀ, ਕਹਿੰਦੇ ਸੀ ਲਿਆਉ ਤੁਹਾਡਾ ਕਿੱਥੇ ਜਰਨੈਲ ਸਿੰਘ ਡੀ.ਸੀ., ਸਾਡੇ ਬਾਬੇ ਨੂੰ ਮਾਰ ਦੇਣ ਲੱਗਾ ਸੀ। ਪਿੰਡ ਦੇ ਲੋਕਾਂ ਦੇ 'ਕੱਠੇ ਹੋਣ 'ਤੇ ਨਿਹੰਗ ਸਾਨੂੰ ਵੱਢ ਟੁੱਕ ਕੇ ਚਲੇ ਗਏ, ਪਿੰਡ ਵਾਲਿਆਂ ਹਸਪਤਾਲ ਦਾਖਲ ਕਰਾਇਆ, ਰੱਬ ਵੱਲੋਂ ਹੀ ਬਚ ਗਏ, ਸਾਨੂੰ ਮਾਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਸੀ। ਸਾਡੀ ਜਾਨ ਦੀ ਰੱਖਿਆ ਅਕਾਲ ਪੁਰਖ ਵਾਹਿਗੁਰੂ ਨੇ ਕੀਤੀ ਹੈ। ਜਰਨੈਲ ਸਿੰਘ ਡੀ.ਸੀ. ਦੇ ਜਿਉਂਦਿਆਂ ਪੂਹਲਾ ਨਿਹੰਗ ਦੀ ਜੁਰਅਤ ਨਹੀਂ ਸੀ ਪੈਂਦੀ, ਸ਼ਹੀਦ ਹੋ ਗਿਆ ਜਰਨੈਲ ਸਿੰਘ ਤੇ ਪੂਹਲੇ ਦਾ ਗਿਰੋਹ ਸ਼ੇਰ ਬਣ ਗਿਆ। ਅਸੀਂ ਤਾਂ ਹੱਥੀਂ ਕਿਰਤ ਕਰਕੇ ਵਕਤ ਲੰਘਾਉਣ ਵਾਲੇ ਆ ਭਾਊ, ਕਈ ਕਹਿੰਦੇ ਆ ਖਾੜਕੂ ਸਿੰਘਾਂ ਨੇ ਜਾਇਦਾਦਾਂ ਬਣਾਈਆਂ, ਇਹ ਸਾਡਾ ਘਰ ਵੇਖ ਲੈ, ਸਾਰੇ ਭਰਾ ਅਜੇ ਵੀ ਕਰਜ਼ੇ ਦੇ ਮਾਰੇ ਹੋਏ ਹਾਂ। ਗਰੀਬੀ-ਦਾਵੇ ਦੇ ਦਿਨ ਕੱਟੀ ਕਰ ਰਹੇ ਹਾਂ।

***

## ਖ਼ਾਕੀ ਵਰਦੀ ਵਾਲਾ ਗ਼ੈਰਤਵੰਦ ਯੋਧਾ

# ਸ਼ਹੀਦ ਭਾਈ ਦਲਵਿੰਦਰ ਸਿੰਘ ਉਗਰੇਵਾਲ ਉਰਫ਼ ਬਾਬਾ ਚੁੱਪ—ਰਿਬੇਰੋ ਕਾਂਡ

## ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ

ਦੁਨੀਆਂ ਭਰ ਦੀਆਂ ਆਜ਼ਾਦੀ ਦੀਆਂ ਲਹਿਰਾਂ ਵਿਚ ਜਿਥੇ ਆਜ਼ਾਦੀ ਸੰਗਰਾਮੀ ਮੁਜ਼ਾਹਿਦਾਂ ਦਾ ਨਾਮ ਉਹਨਾਂ ਦੀ ਕੌਮ, ਸਭਿਆਚਾਰ, ਕੌਮੀ ਆਜ਼ਾਦੀ ਲਈ ਮਹਾਨ ਘਾਲਣਾ, ਜਬਰ, ਜ਼ੁਲਮ, ਭੁੱਖਾਂ ਤਰੇਹਾਂ, ਜੇਲ੍ਹ ਦੀਆਂ ਕਾਲ ਕੋਠੜੀਆਂ ਦੀਆਂ ਕੈਦਾਂ ਨੂੰ ਖਿੜੇ ਮੱਥੇ ਝੱਲਦਿਆਂ, ਆਪਣੇ ਸੰਕਲਪ ਦੀ ਪੂਰਤੀ ਲਈ ਦ੍ਰਿੜ੍ਹ ਵਿਸ਼ਵਾਸ, ਸਿਦਕ ਉੱਤੇ ਪਹਿਰਾ ਦਿੰਦਿਆਂ ਕੌਮੀ ਮਨੋਬਲ ਨੂੰ ਕਾਇਮ ਰੱਖਣ ਲਈ ਆਪਾ ਵਾਰਨ ਵਾਲੇ ਸੂਰਮੇ ਕੌਮੀ ਨਾਇਕ ਆਪਣਾ ਨਾਮ ਆਪਣੇ ਖ਼ੂਨ ਨਾਲ ਇਤਿਹਾਸ ਦੇ ਸਫ਼ਿਆਂ ਉੱਤੇ ਲਿਖ ਜਾਂਦੇ ਹਨ ਤੇ ਕੌਮਾਂ ਉਹਨਾਂ ਨੂੰ ਸਦਾ ਲਈ ਫ਼ਖ਼ਰ-ਮਾਣ ਨਾਲ ਯਾਦ ਕਰਦੀਆਂ ਹਨ। ਇਹਨਾਂ ਇਤਿਹਾਸ ਦੇ ਪੱਤਰਿਆਂ 'ਚ ਕੁਝ ਖਲਨਾਇਕਾਂ ਦੇ ਨਾਂ ਵੀ ਦਰਜ ਹੁੰਦੇ ਹਨ, ਜਿਹੜੇ ਕਾਨੂੰਨ ਕਚਹਿਰੀਆਂ ਤੇ ਇਨਸਾਫ਼ ਦਾ ਰਸਤਾ ਛੱਡ ਕੇ ਜਬਰ-ਜ਼ੁਲਮ ਦਾ ਰਸਤਾ ਅਖ਼ਤਿਆਰ ਕਰਦੇ ਹਨ। ਇਹਨਾਂ ਕੌਮੀ ਖਲਨਾਇਕਾਂ ਵਿਚੋਂ ਇਕ ਨਾਂ ਹੈ ਜੇ.ਐਫ਼. ਰਿਬੇਰੋ (ਜੂਲੀਓ ਫ਼ਰਾਂਸਿਸ ਰਿਬੇਰੋ)। ਇਹ ਈਸਾਈ ਦੱਸਿਆ ਜਾਂਦਾ ਹੈ। ਪੰਜਾਬ ਵਿਚ ਅਖੌਤੀ ਪੰਥਕ ਅਕਾਲੀ ਸੁਰਜੀਤ ਸਿੰਹੁ ਬਰਨਾਲਾ ਦੀ ਸਰਕਾਰ, ਸ਼ਹੀਦਾਂ ਦੀਆਂ ਲਾਸ਼ਾਂ ਉਤੋਂ ਲੰਘ ਕੇ ਪੰਜਾਬ ਉੱਤੇ ਹਕੂਮਤ ਕਰ ਰਹੀ ਸੀ। ਕੇਂਦਰੀ ਸਰਕਾਰ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ, ਗ੍ਰਹਿ ਮੰਤਰੀ ਬੂਟਾ ਸਿਹੁੰ ਵੱਲੋਂ ਪੰਜਾਬ ਪੁਲਿਸ ਦਾ ਡੀ.ਜੀ.ਪੀ. ਜੇ.ਐਫ਼. ਰਿਬੇਰੋ ਮੁਜ਼ਾਹਿਦਾਂ ਨੂੰ ਬੇਰਹਿਮੀ ਨਾਲ ਖ਼ਤਮ ਕਰਨ ਵਿਚ ਮਾਹਿਰ ਮੰਨਿਆ ਜਾਂਦਾ ਸੀ ਰਿਬੇਰੋ ਨੇ ਪੰਜਾਬ ਪੁਲਿਸ ਦੀ ਕਮਾਂਡ ਸੰਭਾਲਦਿਆਂ ਆਪਣੀ ਨੀਤੀ ਦਾ ਐਲਾਨ ਕੀਤਾ ਕਿ ਗੋਲੀ ਬਦਲੇ ਗੋਲੀ। ਜੋ ਸਿੱਖ ਖਾੜਕੂ ਹਨ, ਇਹਨਾਂ ਨੂੰ ਪੁਲਿਸ ਵੱਲੋਂ ਗੋਲੀਆਂ ਮਾਰ ਕੇ ਮਾਰ ਦਿੱਤਾ ਜਾਵੇ। ਕੋਰਟ-ਕਚਹਿਰੀਆਂ ਵਿਚ ਪੇਸ਼ ਕਰਨ ਦੀ ਕੋਈ ਲੋੜ ਨਹੀਂ। ਰਿਬੇਰੋ ਨੇ 36 ਖਾੜਕੂ ਸਿੱਖਾਂ ਦੇ ਸਿਰਾਂ ਦਾ ਇਨਾਮ ਰੱਖਿਆ ਕਿ ਮੁੱਠੀ ਭਰ ਸਿਰਫ 36 ਖਾੜਕੂ ਹਨ ਜੋ ਪੰਜਾਬ ਵਿਚ ਖਾੜਕੂ ਕਾਰਵਾਈਆਂ ਕਰ ਰਹੇ ਹਨ। ਰਿਬੇਰੋ ਦੇ ਪੁਲਿਸ ਰਾਜ ਵਿਚ ਫੜੇ ਗਏ ਖਾੜਕੂ ਨੂੰ ਅਦਾਲਤ ਵਿਚ ਪੇਸ਼ ਕਰਨ ਦੀ ਲੋੜ ਨਹੀਂ ਸੀ ਸਮਝੀ ਜਾਂਦੀ। ਝੂਠੇ ਪੁਲਿਸ ਮੁਕਾਬਲੇ ਵਿਚ

ਮਾਰ ਕੇ ਮੁਕਾਬਲੇ ਦੀ ਕਹਾਣੀ ਅਖ਼ਬਾਰਾਂ ਵਿਚ ਛਪਾ ਦਿੱਤੀ ਜਾਂਦੀ ਸੀ। ਰਿਬੇਰੋ ਨੇ ਜੇਲ੍ਹਾਂ ਵਿਚ ਬੰਦ ਖਾੜਕੂ ਸਿੰਘਾਂ ਨੂੰ 'ਪੁਲਿਸ ਹਿਰਾਸਤ ਵਿਚੋਂ ਦੌੜ ਗਏ' ਕਹਿ ਕੇ ਮਾਰ ਦਿੱਤਾ। ਖ਼ਾਲਿਸਤਾਨ ਕਮਾਂਡੋ ਫ਼ੋਰਸ ਦਾ ਮੁਖੀ ਭਾਈ ਮਨਬੀਰ ਸਿੰਘ ਚਹੇੜੂ, ਭਾਈ ਕੁਲਵਿੰਦਰ ਸਿੰਘ ਕਿੱਡ ਮੁਹਾਲੀ, ਭਾਈ ਮਨਜੀਤ ਸਿੰਘ ਭਿੰਡੀ, ਭਾਈ ਰੌਸ਼ਨ ਲਾਲ ਬੈਰਾਗੀ, ਭਾਈ ਤਰਸੇਮ ਸਿੰਘ ਕੁਹਾੜ, ਭਾਈ ਸੁਖਦੇਵ ਸਿੰਘ ਕੋਟ ਮੌਲਵੀ ਨੂੰ ਜੇਲ੍ਹਾਂ ਵਿਚੋਂ ਕੱਢ ਕੇ ਮਾਰ ਦਿੱਤਾ ਗਿਆ।

ਰਿਬੇਰੋ ਦਾ ਪੁਲਿਸ ਰਾਜ ਜੰਗਲ ਦਾ ਰਾਜ ਹੋ ਗਿਆ। ਸਿੱਖ ਸੰਘਰਸ਼ ਦੀ ਜਮਹੂਰੀਅਤ ਤਰੀਕੇ ਨਾਲ ਗੱਲ ਕਰਨ ਵਾਲਿਆਂ ਨੂੰ ਐਨ.ਐਮ. ਟਾਡਾ ਕਾਨੂੰਨ ਲਾ ਕੇ ਜੇਲ੍ਹਾਂ ਵਿਚ ਬੰਦ ਕਰ ਦਿੱਤਾ ਗਿਆ ਸੀ। ਰਿਬੇਰੋ ਦਾ ਪੁਲਿਸ ਰਾਜ 18ਵੀਂ ਸਦੀ ਦੇ ਜ਼ੁਲਮਾਂ ਨੂੰ ਮਾਤ ਪਾ ਗਿਆ। ਭਾਈ ਅਨੋਖ ਸਿੰਘ ਵੜਿੰਗ ਸੂਬਾ ਸਿੰਘ ਦੀ ਸਿਰ ਦੀ ਖੋਪਰੀ ਲਾਹ ਦਿੱਤੀ ਗਈ, ਅੱਖਾਂ ਕੱਢ ਦਿੱਤੀਆਂ ਗਈਆਂ, ਜ਼ੁਬਾਨ ਕੱਟ ਦਿੱਤੀ ਗਈ। ਪੰਥਕ ਕਮੇਟੀ ਮੈਂਬਰ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਦਾ ਅੰਗ-ਅੰਗ ਕੱਟ ਕੇ ਸ਼ਹੀਦ ਕਰਨ ਦੀਆਂ ਰਿਪੋਰਟਾਂ ਕਥਾ-ਕਹਾਣੀਆਂ ਅਖ਼ਬਾਰਾਂ-ਰਸਾਲਿਆਂ ਵਿਚ ਛਪੀਆਂ। ਜਦੋਂ ਰਿਬੇਰੋ ਨੇ ਪੰਜਾਬ ਪੁਲਿਸ ਦੇ ਡੀ.ਜੀ.ਪੀ. ਦਾ ਅਹੁਦਾ ਸੰਭਾਲਿਆ ਸੀ ਤਾਂ 36 ਖਾੜਕੂਆਂ ਦੇ ਸਿਰਾਂ ਦਾ ਇਨਾਮ ਰੱਖਿਆ ਸੀ, ਪਰ ਇਹਨੀਂ ਦਿਨੀਂ ਸੈਂਕੜੇ ਖਾੜਕੂ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ, ਅਖ਼ਬਾਰਾਂ ਖਾੜਕੂ ਸਿੰਘਾਂ ਦੀਆਂ ਲਾਸ਼ਾਂ ਦੀਆਂ ਤਸਵੀਰਾਂ ਨਾਲ ਭਰੀਆਂ ਹੁੰਦੀਆਂ ਸਨ। ਦੋ ਪਾਸੇ ਤੋਂ ਸਖ਼ਤ ਮੁਕਾਬਲਾ ਕਿਹਾ ਜਾਂਦਾ ਸੀ। ਪੁਲਿਸ ਨੂੰ ਝਰੀਟ ਤਕ ਨਹੀਂ ਸੀ ਆਉਂਦੀ। ਖ਼ਤਰਨਾਕ ਗੋਲੀ ਸਿੱਕੇ ਨਾਲ ਲੈਸ ਖਾੜਕੂ ਸ਼ਹੀਦ ਹੁੰਦੇ ਸਨ, ਅਸਲ ਸਚਿਆਈ ਨੂੰ ਸਾਰੇ ਜਾਣਦੇ ਸਨ ਕਿ ਜੇ ਕਿਤੇ ਖਾੜਕੂ ਸਿੰਘਾਂ ਨਾਲ ਅਸਲੀ ਪੁਲਿਸ ਮੁਕਾਬਲਾ ਹੋ ਜਾਵੇ ਤਾਂ ਦੁਨੀਆਂ ਦੇ ਲੋਕ ਵੇਖਦੇ ਹਨ। ਰਾਤ ਦੇ ਹਨੇਰੇ ਵਿਚ ਹੋਣ ਵਾਲੇ ਮੁਕਾਬਲੇ ਵਿਚ ਮਾਰੇ ਗਏ ਖਾੜਕੂਆਂ ਦੇ ਸ਼ਹੀਦੀ ਸਰੀਰ ਪੁਲਿਸ ਵਾਰਸਾਂ ਨੂੰ ਦਿੰਦੀ ਹੀ ਨਹੀਂ ਸੀ। ਜਦੋਂ ਕਿਤੇ ਵੀ ਲੋਕਾਂ ਨੇ ਰੋਹ ਵਿਚ ਆਪ ਕੇ ਪੁਲਿਸ ਤੋਂ ਸ਼ਹੀਦੀ ਸਰੀਰ ਖੋਹ ਲਏ ਤਾਂ ਖਾੜਕੂਆਂ ਦੇ ਸਰੀਰਾਂ ਉੱਤੇ ਪੁਲਿਸ ਦੇ ਤਸੀਹੇ ਨਾਲ ਪਏ ਨਿਸ਼ਾਨ ਸੱਚੀ ਕਹਾਣੀ ਬਿਆਨ ਕਰ ਦਿੰਦੇ ਸਨ।

ਕਿਹਾ ਜਾਂਦਾ ਹੈ ਕਿ ਭਾਈ ਅਨੋਖ ਸਿੰਘ ਦੀ ਖੋਪਰੀ ਲਾਹੁਣ ਵੇਲੇ ਅਤੇ ਭਾਈ ਗੁਰਦੇਵ ਸਿੰਘ ਉਸਮਾਨਵਾਲਾ ਪੰਥਕ ਕਮੇਟੀ ਮੈਂਬਰ ਦੀ ਪੁੱਛ-ਗਿੱਛ ਵੇਲੇ ਰਿਬੇਰੋ ਖ਼ੁਦ ਮੌਕੇ 'ਤੇ ਹਾਜ਼ਰ ਸੀ ਤੇ ਉਹ ਇਹਨਾਂ ਤੋਂ ਚੋਟੀ ਦੇ ਖਾੜਕੂ ਸਿੰਘਾਂ ਨੂੰ ਹਾਸਲ ਕਰਨਾ ਚਾਹੁੰਦਾ ਸੀ। ਰਿਬੇਰੋ ਦੇ ਹੁਕਮ 'ਤੇ ਹੀ ਭਾਈ ਅਨੋਖ ਸਿੰਘ ਦੀ ਖੋਪਰੀ ਲਾਹੀ ਗਈ। ਪੰਥਕ ਕਮੇਟੀ ਮੈਂਬਰ ਭਾਈ ਗੁਰਦੇਵ ਸਿੰਘ ਦਮਦਮੀ ਟਕਸਾਲ ਉਸਮਾਨ ਵਾਲਾ ਦਾ ਬੰਦ-ਬੰਦ ਕੱਟਿਆ ਗਿਆ। ਇਹ ਹਕੀਕਤ ਕੁਝ ਸਿੱਖ ਪੁਲਿਸ ਵਾਲਿਆਂ ਦੇ ਰਾਹੀਂ ਬਾਹਰ ਆਈ ਸੀ। ਪੰਜਾਬ ਪੁਲਿਸ ਦਾ ਮੁਖੀ ਰਿਬੇਰੋ 18ਵੀਂ ਸਦੀ ਦੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਦੇ ਜ਼ੁਲਮਾਂ ਨੂੰ ਦੁਹਰਾ

ਰਿਹਾ ਸੀ। ਰਿਬੇਰੋ ਦੇ ਜ਼ੁਲਮ ਸਿੰਘਾਂ ਲਈ ਵੰਗਾਰ ਬਣ ਗਏ ਸਨ। ਰਿਬੇਰੋ ਆਪਣੇ ਆਪ ਨੂੰ ਅਜਿੱਤ ਸਮਝਦਾ ਸੀ। ਰਿਬੇਰੋ ਕੀ ਜਾਣੇ ਕਿ ਜੁਝਾਰੂ ਖ਼ਾਲਸਾ ਜਨਮਿਆ ਹੀ ਤੇਗ ਦੀ ਧਾਰ ਵਿਚੋਂ ਹੈ। ਜੁਝਾਰੂ ਖ਼ਾਲਸੇ ਦੇ ਜਨਰਲ ਲਾਭ ਸਿੰਘ ਨੇ ਧਰਮੀ ਪੁਲਸੀਆਂ ਨਾਲ ਸੰਪਰਕ ਕਾਇਮ ਕੀਤਾ, ਜਿਹੜੇ ਜਲੰਧਰ ਪੀ.ਏ.ਪੀ. ਹੈੱਡ ਕੁਆਰਟਰ ਵਿਚ ਤਾਇਨਾਤ ਸਨ। ਜਨਰਲ ਲਾਭ ਸਿੰਘ ਪਹਿਲਾਂ ਪੁਲਿਸ ਦਾ ਸਿਪਾਹੀ ਸੀ ਤੇ ਉਸ ਦਾ ਦੋਸਤ ਭਾਈ ਦਲਵਿੰਦਰ ਸਿੰਘ ਉਗਰੇਵਾਲ ਪੀ.ਏ.ਪੀ, ਵਿਚ ਮੁਲਾਜ਼ਮ ਸੀ ਤੇ ਇਕੱਠੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਅਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਦੇ ਵਿਚਾਰ ਸੁਣਦੇ ਰਹੇ ਸਨ। ਜਨਰਲ ਲਾਭ ਸਿੰਘ ਨੇ ਦਲਵਿੰਦਰ ਸਿੰਘ ਸਿਪਾਹੀ, ਬਾਬਾ ਅਜੀਤ ਸਿੰਘ ਸਿਪਾਹੀ, ਸਰਦੂਲ ਸਿੰਘ ਸਿਪਾਹੀ (ਰਾਹਲ ਚਾਹਲ), ਬਲਵਿੰਦਰ ਸਿੰਘ ਸਿਪਾਹੀ ਨਾਲ ਅੱਖਾਂ ਦੋ ਤੋਂ ਚਾਰ ਕੀਤੀਆਂ। ਸਿੰਘ ਰਿਬੇਰੋ ਨੂੰ ਸੋਧਣ ਲਈ ਤਿਆਰੀ ਕਰਨ ਲੱਗੇ।

***

# ਗੁਰੀਲਾ ਸਿੱਖ ਯੁੱਧ ਦਾ ਅਹਿਮ ਹਿੱਸਾ ਰਿਬੇਰੋ ਹਮਲਾ ਕਾਂਡ

ਭਾਈ ਦਲਵਿੰਦਰ ਸਿੰਘ ਦਾ ਜਨਮ ਪਿਤਾ ਸ. ਰਤਨ ਸਿੰਘ ਦੇ ਘਰ ਮਾਤਾ ਸਵਿੰਦਰ ਕੌਰ ਦੀ ਕੁੱਖੋਂ ਸੰਨ 1961 ਵਿਚ ਪਿੰਡ ਉਗਰੇਵਾਲ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਵੱਡੇ ਭਰਾ ਸੁਖਵਿੰਦਰ ਸਿੰਘ, ਜਸਬੀਰ ਸਿੰਘ, ਦਲਵਿੰਦਰ ਸਿੰਘ ਉਰਫ਼ ਬਾਬਾ ਚੁੱਪ, ਛੋਟਾ ਭਰਾ ਡਾਕਟਰ ਪਲਵਿੰਦਰ ਸਿੰਘ, ਚਾਰ ਭੈਣਾਂ—ਸਵਰਨ ਕੌਰ, ਅਮਰੀਕ ਕੌਰ, ਪਰਮਜੀਤ ਕੌਰ, ਰਾਜਵਿੰਦਰ ਕੌਰ ਹਨ। ਭਾਈ ਦਲਵਿੰਦਰ ਸਿੰਘ ਨੇ ਮੁੱਢਲੀ ਵਿਦਿਆ ਸਰਕਾਰੀ ਹਾਈ ਸਕੂਲ ਮਿਰਜ਼ਾ ਜਨ ਤੋਂ ਹਾਸਲ ਕੀਤੀ, ਆਈ.ਟੀ.ਆਈ. ਬਟਾਲਾ ਤੋਂ ਕੀਤੀ। ਭਾਈ ਸਾਹਿਬ ਫੁੱਟਬਾਲ ਦੇ ਚੋਟੀ ਦੇ ਖਿਡਾਰੀ ਸਨ। ਸਾਧੂ ਸੰਤਾਂ ਦੀ ਸੰਗਤ ਕਰਨਾ ਬਚਪਨ ਤੋਂ ਸੁਭਾਅ ਸੀ। ਭਾਈ ਸਾਹਿਬ ਨੂੰ ਜੋ ਪੁਲਿਸ ਦੀ ਨੌਕਰੀ ਤੋਂ ਤਨਖ਼ਾਹ ਮਿਲਦੀ ਸੀ, ਘਰ ਨਹੀਂ ਸੀ ਦਿੰਦੇ। ਕੁਝ ਗੁਰਦੁਆਰਾ ਸਾਹਿਬ ਦੀ ਸੇਵਾ ਵਿਚ ਪਾ ਦਿੰਦੇ ਸਨ ਤੇ ਕੁਝ ਲੋੜਵੰਦਾਂ ਦੀ ਮਦਦ ਕਰਦੇ ਰਹਿੰਦੇ ਸਨ। ਸੁਭਾਅ ਸਾਧੂਆਂ ਵਾਲਾ ਸੀ, ਗੱਲ ਸੁਣ ਲੈਂਦੇ ਸਨ ਪਰ ਜਵਾਬ ਨਹੀਂ ਸੀ ਦਿੰਦੇ। ਹਰ ਵੇਲੇ ਪਰਮਾਤਮਾ ਦਾ ਵਾਹਿਗੁਰੂ ਵਾਹਿਗੁਰੂ ਸਿਮਰਨ ਕਰਦੇ ਰਹਿੰਦੇ ਸਨ। ਜੂਨ 1984 ਦੇ ਘੱਲੂਘਾਰੇ ਤੋਂ ਪਹਿਲਾਂ ਜਦੋਂ ਵੀ ਛੁੱਟੀ ਮਿਲਦੀ, ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਦੇ ਵਿਚਾਰ ਸੁਣਨ ਜ਼ਰੂਰ ਜਾਂਦੇ ਸਨ। ਸੰਨ 1983 ਵਿਚ ਮਹਿਤਾ ਚੌਂਕ ਤੋਂ ਦਮਦਮੀ ਟਕਸਾਲ ਦੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਸਿੱਖੀ ਜੀਵਨ ਦੇ ਪੱਕੇ ਪਾਂਧੀ ਬਣ ਗਏ। ਗੁਟਕਾ ਸਾਹਿਬ ਤੋਂ ਗੁਰਬਾਣੀ ਦਾ ਪਾਠ ਸਹਿਜ ਸੁਭਾਅ ਨਾਲ ਕਰਦੇ ਰਹਿੰਦੇ। ਭਾਈ ਸਾਹਿਬ ਦੇ ਜੀਵਨ ਦੀ ਤਬਦੀਲੀ ਦਾ ਕੋਈ ਅੰਦਾਜ਼ਾ ਲਾ ਹੀ ਨਹੀਂ ਸੀ ਸਕਦਾ, ਜਦੋਂ ਕਿ ਉਹ ਕਿਸੇ ਨਾਲ ਬੋਲਦੇ ਨਹੀਂ ਸਨ।

ਜਲੰਧਰ ਪੀ.ਏ.ਪੀ. 'ਚ ਡਿਊਟੀ ਕਰਦਿਆਂ ਜਨਰਲ ਲਾਭ ਸਿੰਘ ਅਤੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੇ ਸੰਪਰਕ ਵਿਚ ਆਏ। ਇਲਾਕੇ ਦਾ ਪੁਲਿਸ ਮੁਲਾਜ਼ਮ ਮਨਜੀਤ ਸਿੰਘ ਕਾਉਂਟਾ, ਬਲਵਿੰਦਰ ਸਿੰਘ, ਸਰਦੂਲ ਸਿੰਘ ਪੀ.ਏ.ਪੀ. ਦੇ ਮੁਲਾਜ਼ਮ ਸਿੱਖ ਸੰਘਰਸ਼ ਵਿਚ ਯੋਗਦਾਨ ਪਾਉਣ ਲਈ ਤਿਆਰ ਹੋਏ।

ਜੁਝਾਰੂ ਜਰਨੈਲ ਭਾਈ ਲਾਭ ਸਿੰਘ ਪੰਜਵੜ, ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਭਾਈ ਜਸਪਾਲ ਸਿੰਘ ਉਰਫ਼ ਧੰਨਾ ਸਿੰਘ, ਪੁਲਿਸ ਮੁਲਾਜ਼ਮਾਂ ਦਲਵਿੰਦਰ ਸਿੰਘ, ਅਜੀਤ ਸਿੰਘ, ਸਰਦੂਲ ਸਿੰਘ, ਬਲਵਿੰਦਰ ਸਿੰਘ ਨੇ ਸਿੱਖਾਂ ਉੱਤੇ ਬੇਇੰਤਹਾ ਜ਼ੁਲਮ ਕਰਨ ਵਾਲੇ ਪੰਜਾਬ ਪੁਲਿਸ ਦੇ ਮੁਖੀ ਰਿਬੇਰੋ ਦਾ ਸਿਰ ਵੱਢ ਦੇ ਹਰਿਮੰਦਰ ਸਾਹਿਬ ਲਿਆਉਣ ਦੀ ਪਲਾਨਿੰਗ ਕੀਤੀ ਸੀ। ਪਲਾਨਿੰਗ ਅਨੁਸਾਰ ਅਫ਼ਸਰਾਂ ਵਰਗੀ

ਜੀਪ ਦਾ ਪ੍ਰਬੰਧ ਕੀਤਾ ਗਿਆ। ਪੁਲਿਸ ਅਫ਼ਸਰਾਂ ਦੀਆਂ ਵਰਦੀਆਂ ਦਾ ਵੀ ਪ੍ਰਬੰਧ ਕੀਤਾ ਗਿਆ। ਦੂਜੇ ਸਿੰਘ ਗੰਨਮੈਨ ਦੇ ਰੂਪ ਵਿਚ ਤੇ ਬਲਵਿੰਦਰ ਸਿੰਘ ਨੇ ਡੀ.ਐਸ.ਪੀ. ਦੀ ਵਰਦੀ ਪਾਈ। ਸਾਰੇ ਯੋਧੇ ਤਿਆਰ-ਬਰ-ਤਿਆਰ ਹੋ ਕੇ ਗੁਪਤ ਟਿਕਾਣੇ ਤੋਂ ਜੀਪ ਵਿਚ ਸਵਾਰ ਹੋ ਕੇ 3 ਅਕਤੂਬਰ 1986 ਨੂੰ ਜਲੰਧਰ ਪੀ.ਏ.ਪੀ. ਹੈੱਡ-ਕੁਆਰਟਰ ਪਹੁੰਚ ਗਏ। ਸੰਤਰੀ ਨੇ ਅਫ਼ਸਰਾਂ ਦੀ ਗੱਡੀ ਵੇਖ ਕੇ ਸਲੂਟ ਮਾਰ ਕੇ ਅੰਦਰ ਲੰਘਾ ਦਿੱਤਾ। ਪੁਲਿਸ ਜੀਪ ਅਫ਼ਸਰਾਂ ਦੀਆਂ ਗੱਡੀਆਂ ਵਾਲੀ ਥਾਂ 'ਤੇ ਪਾਰਕ ਕਰ ਦਿੱਤੀ। ਪੁਲਿਸ ਵਰਦੀ ਵਿਚ ਸੱਤ ਸਿੱਖ ਜੁਝਾਰੂ ਯੋਧੇ ਜੀਪ ਵਿਚੋਂ ਉਤਰ ਕੇ ਗੇਟ ਵਾਲੇ ਸੰਤਰੀਆਂ ਦੀਆਂ ਗੰਨਾਂ ਵਿਚੋਂ ਮੈਗਜ਼ੀਨ ਕੱਢ ਲਿਆਏ ਤੇ ਦਾਬੇ ਮਾਰੇ ਕਿ ਕੈਸੀ ਗ਼ਲਤ ਸੈਟਿੰਗ ਕੀਤੀ ਹੈ, ਦਫ਼ਤਰ ਵਿਚ ਹਾਜ਼ਰ ਹੋਣਾ, ਜਦੋਂ ਅਸੀਂ ਬੁਲਾਵਾਂਗੇ। ਡੀ.ਐਸ.ਪੀ. ਤੇ ਪੂਰੀ ਗਾਰਦ ਪੁਲਿਸ ਦੇ ਮੁਖੀ ਡੀ.ਜੀ.ਪੀ ਜੂਲੀਓ ਫਰਾਂਸਿਸ ਰਿਬੇਰੋ (ਜੇ.ਐਫ਼. ਰਿਬੇਰੋ) ਦੀ ਰਿਹਾਇਸ਼ ਵੱਲ ਵਧ ਰਹੀ ਸੀ, ਉਸ ਅਹਾਤੇ ਦੇ ਕੋਲ ਪਹੁੰਚੇ ਤਾਂ ਸੰਤਰੀ ਨੇ ਪਛਾਣ ਲਿਆ ਤੇ ਕਹਿੰਦਾ—ਬਲਵਿੰਦਰ ਸਿਆਂ, ਓਏ ਤੂੰ ਕੀ ਬਣਿਆ ਫਿਰਦਾਂ? ਇਧਰ ਕੀ ਕਰ ਦੇਣ ਲੱਗੇ ਜੇ? ਸਿੰਘਾਂ ਨੇ ਸਮਝ ਲਿਆ ਕਿ ਇਹ ਰੌਲਾ ਪਾਉਣ ਲੱਗਾ। ਸਾਨੂੰ ਇਸ ਨੇ ਰਿਹਾਇਸ਼ ਅੰਦਰ ਨਹੀਂ ਲੰਘਣ ਦੇਣਾ। ਸੰਤਰੀ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਰਿਬੇਰੋ ਅਹਾਤੇ ਅੰਦਰ ਫੁੱਲਾਂ ਦੀਆਂ ਕਿਆਰੀਆਂ ਵਿਚ ਆਪਣੀ ਪਤਨੀ ਨਾਲ ਸੈਰ ਕਰ ਰਿਹਾ ਸੀ। ਸਿੰਘਾਂ ਨੇ ਉੱਚੀ ਕੰਧ 'ਤੇ ਚੜ੍ਹ ਕੇ ਰਿਬੇਰੋ 'ਤੇ ਗੋਲੀਆਂ ਚਲਾਈਆਂ, ਜਿਨ੍ਹਾਂ ਨਾਲ ਉਹ ਮਾਮੂਲੀ ਜ਼ਖ਼ਮੀ ਹੋਇਆ। ਰਿਬੇਰੋ ਟਰੇਂਡ ਅਫ਼ਸਰ ਸੀ, ਉਹ ਧਰਤੀ 'ਤੇ ਲੇਟ ਗਿਆ। ਰਿਬੇਰੋ ਦੀ ਘਰਵਾਲੀ ਵੀ ਲੇਟ ਗਈ। ਸਿੰਘਾਂ ਸਮਝਿਆ ਕਿ ਗੋਲੀਆਂ ਵੱਜਣ ਨਾਲ ਮਰ ਗਿਆ। ਸਿੰਘ ਪੈਦਲ ਹੀ ਦੂਜੇ ਗੇਟ ਵਿਚ ਦੀ ਭੱਜ ਕੇ ਪੀ.ਏ.ਪੀ. ਹੈੱਡ ਕੁਆਰਟਰ ਤੋਂ ਬਾਹਰ ਨਿਕਲ ਗਏ। ਅੱਗੇ ਟਰੱਕ ਸਿੰਘਾਂ ਦੀ ਉਡੀਕ ਕਰ ਰਿਹਾ ਸੀ, ਉਸ ਵਿਚ ਚੜ੍ਹ ਕੇ ਫ਼ਰਾਰ ਹੋ ਗਏ। ਸਿੰਘਾਂ ਟਰੱਕ ਛੱਡ ਦਿੱਤਾ, ਵਰਦੀਆਂ ਲਾਹ ਕੇ ਸਿਵਲ ਕੱਪੜੇ ਪਾ ਲਏ ਤੇ ਇਕੱਲਾ-ਇਕੱਲਾ ਹੋ ਕੇ ਕੋਈ ਸਾਈਕਲ 'ਤੇ, ਕੋਈ ਖੋਤੀ ਰੇੜੇ 'ਤੇ ਚੜ੍ਹ ਕੇ ਅੱਗੇ ਦੀ ਅੱਗੇ ਨਿਕਲ ਗਏ। ਸਿੰਘਾਂ ਦੇ ਇਸ ਦਲੇਰਾਨਾ ਹਮਲੇ ਵਿਚ ਰਿਬੇਰੋ ਜ਼ਖ਼ਮੀ ਹੋ ਕੇ ਬਚ ਗਿਆ। ਸਿੰਘਾਂ ਨੇ ਇਹ ਦਰਸਾ ਦਿੱਤਾ ਕਿ ਰਿਬੇਰੋ! ਤੇਰੇ ਜ਼ੁਲਮਾਂ ਅੱਗੇ ਸਿੱਖ ਦੱਬੇ ਨਹੀਂ। ਸਿੰਘਾਂ ਦੇ ਇਰਾਦੇ ਅਟੱਲ ਹਨ ਜਿਨ੍ਹਾਂ ਨੂੰ ਮੌਤ ਦਾ ਭੈ ਦੇ ਕੇ ਵਿਸਾਰਿਆ ਨਹੀਂ ਜਾ ਸਕਦਾ। ਸਿੰਘ ਮਰਦੇ ਰਹਿਣਗੇ, ਮਾਰਦੇ ਰਹਿਣਗੇ, ਮੁੱਕਣਗੇ ਨਹੀਂ। ਰਿਬੇਰੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਿੱਖ ਅੱਤਵਾਦੀਆਂ ਨੇ ਤਾਂ ਮੈਨੂੰ ਦੂਜੇ ਜਹਾਨ ਮੌਤ ਦੇ ਘਰ ਭੇਜ ਦਿੱਤਾ ਸੀ। ਗੌਡ (ਪਰਮਾਤਮਾ) ਨੇ ਬਚਾ ਕੇ ਰੱਖ ਲਿਆ। ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਰਿਬੇਰੋ ਦੇ ਸਿਵਲ ਕੱਪੜੇ ਖ਼ੂਨ ਤੇ ਮਿੱਟੀ ਨਾਲ ਲਿੱਬੜੇ ਹੋਏ ਸਨ। ਇਕ ਪੱਤਰਕਾਰ ਨੇ ਸਵਾਲ ਕੀਤਾ ਕਿ ਡੀ.ਜੀ.ਪੀ. ਸਾਹਿਬ! ਤੁਸੀਂ ਕਹਿੰਦੇ ਸੀ ਕਿ ਪੰਜਾਬ ਵਿਚ 36 ਅੱਤਵਾਦੀ ਕਾਰਵਾਈਆਂ ਕਰ ਕੇ ਅੱਤਵਾਦ ਚਲਾ ਰਹੇ ਹਨ। ਕਿੰਨੇ ਪੁਲਿਸ ਨੇ ਹੁਣ ਤਕ ਗ੍ਰਿਫ਼ਤਾਰ ਕੀਤੇ ਹਨ? ਕਿੰਨੇ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਹਨ। ਪੱਤਰਕਾਰ ਦੇ ਸਵਾਲ ਦਾ ਰਿਬੇਰੋ ਨੇ ਕੋਈ ਜਵਾਬ ਨਾ ਦਿੱਤਾ। ਇਕ ਹੋਰ ਪੱਤਰਕਾਰ ਨੇ ਸਵਾਲ ਕੀਤਾ ਕਿ ਡੀ.ਜੀ.ਪੀ. ਸਾਹਿਬ!

ਤੁਸੀਂ 'ਅੱਤਵਾਦ ਨੂੰ ਕੁਚਲ ਦਿਆਂਗੇ, ਅੱਤਵਾਦ ਖ਼ਤਮ ਹੋ ਰਿਹਾ ਹੈ' ਕਹਿੰਦੇ ਰਹਿੰਦੇ ਹੋ। ਅੱਤਵਾਦੀ ਪੁਲਿਸ ਫ਼ੋਰਸਾਂ ਦੇ ਦਬਾਅ ਕਾਰਨ ਬਾਹਰ ਵਿਦੇਸ਼ਾਂ ਨੂੰ ਦੌੜ ਰਹੇ ਹਨ। ਇਹ ਤਾਂ ਇਸ ਦੇ ਉਲਟ ਸਭ ਤੋਂ ਸੁਰੱਖਿਅਤ ਕਿਲ੍ਹੇ ਅੰਦਰ ਆ ਕੇ ਆਪ ਜੀ ਉੱਤੇ ਹਮਲਾ ਕਰ ਦਿੱਤਾ। ਰਿਬੇਰੋ ਨੇ ਇਸ ਸਵਾਲ ਦੇ ਜਵਾਬ ਤੋਂ ਟਾਲਾ ਵੱਟ ਲਿਆ। ਕੁਝ ਚਿਰ ਬਾਅਦ ਰਿਬੇਰੋ ਨੇ ਬਿਆਨ ਦਿੱਤਾ ਕਿ ਗੋਲੀ ਬਦਲੇ ਗੋਲੀ, ਪੰਜਾਬ ਸਮੱਸਿਆ ਦਾ ਹੱਲ ਨਹੀਂ। ਅੱਤਵਾਦ ਕੈਂਸਰ ਰੋਗ ਹੈ। ਇਹ ਵਧ ਰਿਹਾ ਹੈ। ਇਸ ਦਾ ਰਾਜਨੀਤਕ ਹੱਲ ਕੱਢਣਾ ਚਾਹੀਦਾ ਹੈ। ਅਗਲੇ ਦਿਨ ਤੜਕੇ 4 ਅਕਤੂਬਰ 1986 ਨੂੰ ਪੰਜਾਬ ਪੁਲਿਸ ਨੇ ਭਾਈ ਦਲਵਿੰਦਰ ਸਿੰਘ ਉਰਫ਼ ਬਾਬਾ ਚੁੱਪ ਦੇ ਪਿੰਡ ਉਗਰੇਵਾਲ ਨੂੰ ਘੇਰਾ ਪਾ ਲਿਆ ਤੇ ਦਲਵਿੰਦਰ ਸਿੰਘ ਦੇ ਪਿਤਾ ਸ. ਰਤਨ ਸਿੰਘ ਤੇ ਭਰਾ ਪਲਵਿੰਦਰ ਸਿੰਘ ਨੂੰ ਫੜ ਕੇ ਥਾਣਾ ਡੇਰਾ ਬਾਬਾ ਨਾਨਕ ਲੈ ਗਏ ਤੇ ਭਾਈ ਦਲਵਿੰਦਰ ਸਿੰਘ ਬਾਰੇ ਪੁੱਛਣ ਲੱਗੇ ਕਿ ਉਸ ਦੇ ਕਿਸ ਦੇ ਨਾਲ ਸੰਬੰਧ ਹਨ, ਤੇ ਕਿਥੇ ਹੈ? ਪਿਤਾ ਰਤਨ ਸਿੰਘ ਤੇ ਭਰਾ ਪਲਵਿੰਦਰ ਸਿੰਘ ਨੇ ਕਿਹਾ—ਦਲਵਿੰਦਰ ਸਿੰਘ ਤਾਂ ਘਰ ਵਿਚ ਜਾਂ ਪਿੰਡ ਵਿਚ ਕਦੇ ਬੋਲਿਆ ਹੀ ਨਹੀਂ, ਉਸ ਦੇ ਸੰਬੰਧ ਕਿਸੇ ਨਾਲ ਕੀ ਹੋਣੇ ਨੇ। ਉਹਨੂੰ ਤਾਂ ਸਾਰੇ ਬਾਬਾ ਚੁੱਪ ਕਹਿੰਦੇ ਹਨ। ਥਾਣੇਦਾਰ ਕਹਿੰਦਾ—ਚੁੱਪ ਦੀ ਚੁੱਪ ਹੀ ਵੱਡੇ ਪੁਆੜੇ ਦੀ ਜੜ੍ਹ ਆ। ਜਿਸਨੇ ਏਨਾ ਵੱਡਾ ਭੇਦ ਨਹੀਂ ਖੁੱਲ੍ਹਣ ਦਿੱਤਾ। ਫਿਰ ਵੀ ਤੁਹਾਨੂੰ ਪਤਾ ਹੋਊ, ਕਿਸੇ ਨੂੰ ਤਾਂ ਮਿਲਦਾ ਹੋਵੇਗਾ। ਪਿਤਾ ਤੇ ਭਰਾ ਨੇ ਕਿਹਾ—ਦਲਵਿੰਦਰ ਸਿੰਘ ਨੇ ਜਲੰਧਰ ਡਿਊਟੀ 'ਤੇ ਸਾਨੂੰ ਨਹੀਂ ਪਤਾ ਕੀ ਕੀਤਾ। ਪਿੰਡ ਦੀ ਪੰਚਾਇਤ ਨੇ ਜਾ ਕੇ ਸਫ਼ਾਈ ਦਿੱਤੀ ਕਿ ਦਲਵਿੰਦਰ ਸਿੰਘ ਪਿੰਡ ਘੱਟ ਹੀ ਆਇਆ। ਉਹ ਤਾਂ ਕਿਸੇ ਨਾਲ ਬੋਲਦਾ ਹੀ ਨਹੀਂ ਸੀ। ਉਸ ਬਾਰੇ ਕੁਝ ਨਹੀਂ ਦੱਸ ਸਕਦੇ। ਅਸੀਂ ਤਾਂ ਉਸ ਨੂੰ ਸਾਧੂ ਸੁਭਾਅ ਮੰਨਦੇ ਹਾਂ। ਥਾਣੇਦਾਰ ਨੇ ਕਿਹਾ—ਇਹੋ ਜਿਹੇ ਹੋਰ ਬਣਾਉ ਸਾਧੂ ਸੁਭਾਅ। ਪੁਲਿਸ ਦੇ ਮੁਖੀ ਉੱਤੇ ਹਮਲਾ ਕਰਨ ਵਾਲੇ ਨੂੰ ਸਾਧੂ ਸੁਭਾਅ ਦੱਸਦੇ ਆ। ਪੰਚਾਇਤ ਦੀ ਜ਼ਿੰਮੇਵਾਰੀ ਵਿਚ ਪਿਤਾ ਤੇ ਭਰਾ ਨੂੰ ਛੱਡ ਦਿੱਤਾ।

ਰਿਬੇਰੋ 'ਤੇ ਹਮਲਾ ਕਰਨ ਤੋਂ ਬਾਅਦ ਭਾਈ ਦਲਵਿੰਦਰ ਸਿੰਘ ਭਗੌੜਾ ਹੋ ਗਿਆ ਤੇ ਉਹ ਕਦੀ ਵੀ ਆਪਣੇ ਪਿੰਡ ਉਗਰਵਾਲ ਨਹੀਂ ਆਇਆ ਤੇ ਨਾ ਹੀ ਉਸ ਨੇ ਅਖ਼ਬਾਰਾਂ ਵਿਚ ਬਿਆਨ ਲਗਾ ਕੇ ਸ਼ੁਹਰਤ ਹਾਸਲ ਕਰਨ ਦੀ ਕੋਸ਼ਿਸ਼ ਕੀਤੀ। ਜਿਸ ਸਦਕਾ ਪਰਿਵਾਰ ਵੀ ਪੁਲਿਸ ਦੀ ਮਾਰ ਤੋਂ ਬਚਿਆ ਰਿਹਾ। ਜੁਝਾਰੂ ਸਿੰਘਾਂ ਨੇ ਯੋਧੇ ਦਾ ਨਾਮ ਬਾਬਾ ਚੁੱਪ ਰੱਖਿਆ ਹੋਇਆ ਸੀ। ਸਿੱਖ ਸੰਘਰਸ਼ ਵਿਚ ਵਿਚਰਦੇ ਹੋਏ ਭਾਈ ਦਲਵਿੰਦਰ ਸਿੰਘ ਤੇ ਭਾਈ ਗੁਰਦੀਪ ਸਿੰਘ ਵਕੀਲ ਮਨਿਹਾਲਾ ਨੂੰ ਅਜਨਾਲਾ ਬਾਰਡਰ ਤੋਂ ਬੀ.ਐਸ.ਐਫ਼. ਨੇ ਫੜ ਲਿਆ ਤੇ ਪੰਜਾਬ ਪੁਲਿਸ ਦੇ ਹਵਾਲੇ ਕਰ ਦਿੱਤਾ। ਪੰਜਾਬ ਪੁਲਿਸ ਨੇ ਬੇਹੱਦ ਤਸੀਹੇ ਦਿੱਤੇ। ਪੁਲਿਸ ਵਾਲੇ ਸਿੰਘਾਂ ਤੋਂ ਵੱਡੇ ਭੇਦ ਲੈਣਾ ਚਾਹੁੰਦੇ ਸੀ। ਦੋਹਾਂ ਸਿੰਘਾਂ ਦੇ ਸਿਦਕ ਅੱਗੇ ਪੁਲਿਸ ਦਰਿੰਦਗੀ ਦੇ ਸਾਰੇ ਹਥਿਆਰ ਫੇਲ੍ਹ ਹੋ ਗਏ ਤੇ ਸਿੰਘਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਤੇ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਖਾੜਕੂਆਂ ਦੀ ਪਛਾਣ ਤੋਂ ਬਾਅਦ ਵਿਚ ਐਲਾਨ ਕੀਤਾ ਕਿ ਖਾੜਕੂ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਭਾਈ ਗੁਰਦੀਪ ਸਿੰਘ ਵਕੀਲ ਮਨਿਹਾਲਾ ਅਤੇ ਭਾਈ ਦਲਵਿੰਦਰ ਸਿੰਘ ਉਰਫ਼ ਬਾਬਾ ਚੁੱਪ ਵਾਸੀ

ਉਗਰੇਵਾਲ ਸਨ। ਭਾਈ ਦਲਵਿੰਦਰ ਸਿੰਘ ਉਰਫ਼ ਬਾਬਾ ਚੁੱਪ ਦੇ ਨਾਂ ਨਾਲ ਖਾੜਕੂਆਂ ਵਿਚ ਜਾਣਿਆ ਜਾਂਦਾ ਸੀ ਤੇ ਪੀ.ਏ.ਪੀ. ਦਾ ਭਗੌੜਾ ਸਾਬਕਾ ਸਿਪਾਹੀ ਸੀ। ਭਾਈ ਦਲਵਿੰਦਰ ਸਿੰਘ ਪੀ.ਏ.ਪੀ. ਦੇ ਸਿਪਾਹੀ ਤੇ ਕੁਝ ਹੋਰ ਮੁਲਾਜ਼ਮਾਂ ਨੇ ਖਾੜਕੂਆਂ ਨਾਲ ਰਲ ਕੇ 4 ਅਕਤੂਬਰ 1986 ਨੂੰ ਜਲੰਧਰ ਪੀ.ਏ.ਪੀ. ਹੈੱਡ ਕੁਆਰਟਰ ਵਿਚ ਉਸ ਵੇਲੇ ਦੇ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਪੁਲਿਸ ਜੂਲੀਓ ਫਰਾਂਸਿਸ ਰਿਬੇਰੋ ਉਪਰ ਕਾਤਲਾਨਾ ਹਮਲਾ ਕੀਤਾ ਸੀ। ਜਿਸ ਵਿਚ ਜੇ.ਐਫ਼. ਰਿਬੇਰੋ ਤੇ ਉਸ ਦੀ ਪਤਨੀ ਮਾਮੂਲੀ ਜ਼ਖ਼ਮੀ ਹੋ ਕੇ ਬਚ ਗਏ ਸਨ। ਪੀ.ਏ.ਪੀ. ਹੈੱਡ ਕੁਆਰਟਰ ਵਿਚ ਖਾੜਕੂਆਂ ਨੇ ਇਕ ਸਿਪਾਹੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਪੰਜਾਬ ਪੁਲਿਸ ਦੀ ਇਹ ਬਹੁਤ ਵੱਡੀ ਸਫਲਤਾ ਹੈ।

ਭਾਈ ਦਲਵਿੰਦਰ ਸਿੰਘ ਤੇ ਭਾਈ ਗੁਰਦੀਪ ਸਿੰਘ ਵਕੀਲ ਮਨਿਹਾਲਾ ਦੀ ਸ਼ਹੀਦੀ ਦੀ ਖ਼ਬਰ ਅਖ਼ਬਾਰਾਂ ਵਿਚ ਛਪਣ 'ਤੇ ਪੜ੍ਹ ਕੇ ਪਰਿਵਾਰਾਂ ਨੂੰ ਪਤਾ ਲੱਗਿਆ ਸੀ। ਸ਼ਹੀਦ ਦਲਵਿੰਦਰ ਸਿੰਘ ਉਰਫ਼ ਬਾਬਾ ਚੁੱਪ ਅਤੇ ਸ਼ਹੀਦ ਭਾਈ ਗੁਰਦੀਪ ਸਿੰਘ ਵਕੀਲ ਮਨਿਹਾਲਾ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ 17 ਜੂਨ 1990 ਨੂੰ ਪਿੰਡ ਉਗਰੇਵਾਲ ਡਾਕਖ਼ਾਨਾ ਦਾਮੂਨੰਗਲ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਪਾਏ ਗਏ। ਇਸ ਮੌਕੇ ਦੂਰੋਂ ਨੇੜਿਉਂ ਸਿੱਖ ਸੰਗਤਾਂ ਅੰਤਿਮ ਅਰਦਾਸ ਵਿਚ ਸ਼ਾਮਲ ਹੋਈਆਂ। ਦਮਦਮੀ ਟਕਸਾਲ ਦੇ ਰਾਗੀ ਸਿੰਘਾਂ ਨੇ ਕਥਾ ਕੀਰਤਨ ਦੀ ਸੇਵਾ ਨਿਭਾਈ। ਦਮਦਮੀ ਟਕਸਾਲ ਵੱਲੋਂ ਭਾਈ ਮਲਕੀਤ ਸਿੰਘ ਨੇ ਭਾਈ ਦਲਵਿੰਦਰ ਸਿੰਘ ਉਗਰੇਵਾਲ ਵੱਲੋਂ ਸਿੱਖ ਕੌਮ ਦੀਆਂ ਖ਼ਾਲਸਾਈ ਜੁਝਾਰੂ ਰਵਾਇਤਾਂ ਕਾਇਮ ਰੱਖਦਿਆਂ ਕੀਤੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਕਿ ਭਾਈ ਦਲਵਿੰਦਰ ਸਿੰਘ ਉਰਫ਼ ਬਾਬਾ ਚੁੱਪ ਨੇ ਕਿਸੇ ਵੀ ਗ਼ਰੀਬ ਦਾ ਜਾਂ ਵੀਰ ਦਾ ਦਿਲ ਨਹੀਂ ਦੁਖਾਇਆ। ਖਾੜਕੂ ਜਥੇਬੰਦੀਆਂ ਦੇ ਮਤਭੇਦਾਂ ਵਿਚ ਚੁੱਪ ਹੀ ਰਹੇ। ਸਿੱਖ ਸੰਘਰਸ਼ ਦੀ ਸੇਵਾ ਚੁੱਪ ਰਹਿ ਕੇ ਕੀਤੀ, ਵਿਚਰਦੇ ਵੀ ਚੁੱਪ ਹੀ ਰਹੇ। ਇਸੇ ਕਰਕੇ ਜੁਝਾਰੂ ਸਿੰਘਾਂ ਵਿਚ ਪਿਆਰ ਨਾਲ ਬਾਬਾ ਚੁੱਪ ਜੀ ਕਹਿ ਕੇ ਬੁਲਾਏ ਜਾਂਦੇ ਸਨ। ਭਾਈ ਦਲਵਿੰਦਰ ਸਿੰਘ ਉਰਫ਼ ਬਾਬਾ ਚੁੱਪ ਸਿੱਖ ਕੌਮ ਦੇ ਅਨਮੋਲ ਹੀਰੇ ਸਨ। ਜਿਨ੍ਹਾਂ ਸਿੱਖ ਸੰਘਰਸ਼ ਨੂੰ ਬੁਲੰਦੀਆਂ ਉੱਤੇ ਪਹੁੰਚਾਉਣ ਲਈ ਆਪਣਾ ਯੋਗਦਾਨ ਪਾਇਆ ਹੈ। ਭਾਈ ਗੁਰਦੀਪ ਸਿੰਘ ਮਨਿਹਾਲਾ ਸਿੱਖ ਸੰਘਰਸ਼ ਦੇ ਸੂਝਵਾਨ ਜੁਝਾਰੂ ਯੋਧੇ ਸਨ, ਜਿਨ੍ਹਾਂ ਦੇ ਤੇਜ਼ ਦਿਮਾਗ ਤੇ ਉੱਚੀ ਸੋਚ ਸਦਕਾ ਜੁਝਾਰੂ ਸਿੰਘਾਂ ਨੇ ਪਿਆਰ ਨਾਲ ਵਕੀਲ ਦਾ ਖ਼ਿਤਾਬ ਦਿੱਤਾ ਹੋਇਆ ਸੀ। ਸਿੰਘਾਂ ਨੇ ਜ਼ਾਲਮਾਂ ਨੂੰ ਲੋਹੇ ਦੇ ਚਣੇ ਵੀ ਚਬਾਏ ਤੇ ਫੜੇ ਜਾਣ 'ਤੇ ਜਬਰ ਦਾ ਟਾਕਰਾ ਸਬਰ ਨਾਲ ਕੀਤਾ, ਅਕਾਲ ਪੁਰਖ ਵਾਹਿਗੁਰੂ ਦੇ ਭਾਣੇ ਵਿਚ ਰਹਿੰਦਿਆਂ ਸ਼ਹਾਦਤ ਦਾ ਜਾਮ ਪੀਤਾ ਹੈ। ਸਿੱਖ ਕੌਮ ਸ਼ਹੀਦ ਸਿੰਘਾਂ ਦੀਆਂ ਸਿੱਖ ਸੰਘਰਸ਼ ਪ੍ਰਤੀ ਸੇਵਾਵਾਂ ਦੀ ਸ਼ਲਾਘਾ ਕਰਦੀ ਹੈ ਤੇ ਸ਼ਹੀਦ ਸਿੰਘਾਂ ਨੂੰ ਨਮਸਤਕ ਕਰਦੀ ਹੋਈ ਸ਼ਰਧਾਂਜਲੀ ਭੇਟ ਕਰਦੀ ਹੈ। ਇਸ ਮੌਕੇ ਸ਼ਹੀਦੀ ਅਰਦਾਸ ਵਿਚ ਬਾਬਾ ਜੋਗਿੰਦਰ ਸਿੰਘ ਰੋਡੇ (ਪਿਤਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ), ਸੁੱਚਾ ਸਿੰਘ ਛੋਟੇਪੁਰ ਨੇ ਵੀ ਸ਼ਹੀਦਾਂ ਨੂੰ ਸਰਧਾਂਜਲੀ ਭੇਟ ਕੀਤੀ।

***

# ਭਾਈ ਤਾਰੂ ਸਿੰਘ ਦੀ ਸ਼ਹੀਦੀ ਦੇ ਵਾਰਿਸ
# ਸ਼ਹੀਦ ਭਾਈ ਅਨੋਖ ਸਿੰਘ ਬੱਬਰ

ਖਾੜਕੂ ਸਿੰਘ ਭਾਈ ਅਨੋਖ ਸਿੰਘ ਬੱਬਰ ਦੀ ਸਹੀਦੀ ਦੀ ਸਿੱਖਾਂ ਵਿਚ ਚੱਲਦੀ ਆਉਂਦੀ ਦੰਦ-ਕਥਾ ਸੁਣ ਕੇ 18ਵੀਂ ਸਦੀ ਦੇ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਯਾਦ ਆ ਜਾਂਦੀ ਹੈ। ਸ਼ਹੀਦ ਭਾਈ ਤਾਰੂ ਸਿੰਘ ਜੀ ਪੂਹਲਾ ਪਿੰਡ (ਨੇੜੇ ਭਿੱਖੀਵਿੰਡ, ਅੰਮ੍ਰਿਤਸਰ) ਦੇ ਵਾਸੀ ਸਨ। ਅਠਾਰ੍ਹਵੀਂ ਸਦੀ ਵਿਚ ਖਾੜਕੂ ਸਿੰਘਾਂ ਦੀ ਲੰਗਰ-ਪਾਣੀ, ਬਸਤਰਾਂ-ਸ਼ਸਤਰਾਂ ਦੀ ਸੇਵਾ ਕਰਿਆ ਕਰਦੇ ਸਨ, ਆਪ ਖੇਤੀ-ਬਾੜੀ ਕਰਦੇ ਹੋਏ ਵੀ ਸਿੰਘ ਸੰਘਰਸ਼ ਨਾਲ ਜੁੜੇ ਹੋਏ ਸਨ, ਆਪ ਭੁੱਖੇ ਰਹਿ ਕੇ ਵੀ ਸਿੰਘਾਂ ਦੀਆਂ ਲੋੜਾਂ ਪੂਰੀਆਂ ਕਰ ਕੇ ਖ਼ੁਸ ਰਹਿੰਦੇ ਸਨ। ਹਕੂਮਤ ਜ਼ਕਰੀਆ ਖਾਨ ਸੂਬੇਦਾਰ ਲਾਹੌਰ ਨੇ ਸੰਨ 1745 ਵਿਚ ਭਾਈ ਤਾਰੂ ਸਿੰਘ ਜੀ ਨੂੰ ਪੁਲਿਸ ਭੇਜ ਦੇ ਫੜ ਕੇ ਲਾਹੌਰ ਮੰਗਵਾਇਆ ਸੀ। ਸੂਬਾ ਲਾਹੌਰ ਦੀ ਕਚਹਿਰੀ ਵਿਚ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਉਣ 'ਤੇ ਸੂਬਾ ਜ਼ਕਰੀਆ ਖ਼ਾਨ ਨੇ ਕਿਹਾ ਸੀ, "ਤਾਰੂ ਸਿੰਘ, ਫ਼ਤਹਿ ਬੁਲਾ ਕੇ ਤੂੰ ਬਾਗ਼ੀ ਸਿੱਖ ਹੋਣ ਦਾ ਇਕਬਾਲ ਕਰ ਲਿਆ ਹੈ। ਬਗ਼ਾਵਤ ਦੀ ਸਜ਼ਾ ਮੌਤ ਹੈ ਤੇ ਤੂੰ ਹੁਣ ਦੱਸ ਕਿ ਤੈਨੂੰ ਇਸਲਾਮ ਧਰਮ ਕਬੂਲ ਹੈ ਜਾਂ ਮੌਤ?" ਤਾਂ ਭਾਈ ਤਾਰੂ ਸਿੰਘ ਜੀ ਨੇ ਕਿਹਾ ਸੀ ਕਿ ਮੈਂ ਸਿੱਖ ਹਾਂ ਤੇ ਮੇਰਾ ਸਿੱਖੀ ਸਿਦਕ, ਮੇਰਾ ਗੁਰੂ ਕੇਸਾਂ ਸਵਾਸਾਂ ਸੰਗ ਨਿਭਾਏਗਾ। ਮੈਂ ਇਸਲਾਮ ਕਿਉਂ ਕਬੂਲ ਕਰਾਂ, ਜਦੋਂ ਦੁੱਖ-ਸੁਖ ਦੋਵੇਂ ਪਾਸੇ ਇਕੋ ਜਿਹੇ ਹਨ ਤੇ ਮਰਨਾ ਇਸਲਾਮ ਵਿਚ ਵੀ ਪੈਂਦਾ ਹੈ। ਫਿਰ ਕਿਉਂ ਸਿੱਖੀ ਤੋਂ ਬੇਮੁੱਖ ਹੋਵਾਂ? ਸਿੱਖ ਦਾ ਸੱਚਾ ਸੁੱਚਾ ਉੱਤਰ ਸੁਣ ਕੇ ਸੂਬਾ ਜ਼ਕਰੀਆ ਖ਼ਾਨ ਬੌਖਲਾ ਗਿਆ ਤੇ ਕਹਿ ਦਿੱਤਾ ਸੀ ਕਿ ਜਿਸ ਸਿੱਖੀ ਸਿਦਕ ਕੇਸਾਂ ਦੀ ਗੱਲ ਕਰਦਾ ਹੈਂ, ਜੁੱਤੀਆਂ ਮਾਰ ਕੇ ਉਡਾ ਦੇਵਾਂਗਾ। ਤਾਂ ਭਾਈ ਤਾਰੂ ਸਿੰਘ ਜੀ ਨੇ ਸਿੱਖੀ ਵਿਚ ਰੰਗੇ ਹੋਏ ਨੇ ਕਿਹਾ ਸੀ ਕਿ ਮੇਰੀ ਸਿੱਖੀ ਦੀ ਲਾਜ ਮੇਰਾ ਗੁਰੂ ਗੋਬਿੰਦ ਸਿੰਘ ਜੀ ਰੱਖੇਗਾ ਤੇ ਤੈਨੂੰ ਸਿੱਖ ਜੁੱਤੀ ਅੱਗੇ ਲਾ ਕੇ ਲਿਜਾਵਾਂਗਾ। ਜ਼ਕਰੀਆ ਖ਼ਾਨ ਨੇ ਹੁਕਮ ਦਿੱਤਾ ਕਿ ਨਾਈ ਸੱਦੋ ਤੇ ਇਸ ਦੇ ਸਿਰ ਦੇ ਵਾਲ ਕੱਟ ਦੇਵੋ। ਵੇਖਾਂਗਾ ਇਸ ਦਾ ਗੁਰੂ ਇਸ ਦੀ ਸਿੱਖੀ ਦੀ ਲਾਜ ਕਿਵੇਂ ਰੱਖਦਾ ਹੈ।

ਨਾਈ ਭਾਈ ਤਾਰੂ ਸਿੰਘ ਜੀ ਦੇ ਕੇਸ ਕੈਂਚੀ ਨਾਲ ਕੱਟ ਨਾ ਸਕੇ ਤੇ ਅੰਨ੍ਹੇ ਹੋ ਗਏ। ਸੂਬਾ ਜ਼ਕਰੀਆ ਖ਼ਾਨ ਨੇ ਆਪਣੇ ਜੁਲਮ ਨੂੰ ਹੋਰ ਸਿਖ਼ਰ 'ਤੇ ਪਹੁੰਚਾਉਂਦਿਆਂ ਮੋਚੀ ਨੂੰ ਸੱਦ ਕੇ ਭਾਈ ਤਾਰੂ ਸਿੰਘ ਜੀ ਦੇ ਸਿਰ ਦੀ ਖੋਪਰੀ ਰੰਬੀ ਨਾਲ 9

ਜੂਨ 1745 ਨੂੰ ਲੁਹਾ ਦਿੱਤੀ ਪਰ ਸਿੰਘ ਨੇ ਸੀਅ ਨਾ ਉਚਰੀ। ਸੂਬਾ ਜ਼ਕਰੀਆ ਖ਼ਾਨ ਨੂੰ ਪਿਸਾਬ ਦਾ ਬੰਨ੍ਹ ਪੈ ਗਿਆ ਤਾਂ ਤੜਪਣ ਲੱਗਾ। ਵੈਦਾਂ ਹਕੀਮਾਂ ਤੋਂ ਠੀਕ ਨਾ ਹੋਇਆ ਤਾਂ ਖ਼ਾਲਸੇ ਦੀ ਸ਼ਰਨ ਆਇਆ। ਪੰਜ ਸਿੰਘਾਂ ਦਾ ਹੁਕਮ ਹੋਇਆ ਕਿ ਭਾਈ ਤਾਰੂ ਸਿੰਘ ਦੇ ਪੈਰ ਦੀ ਜੁੱਤੀ ਸੂਬਾ ਜ਼ਕਰੀਆ ਖ਼ਾਨ ਦੇ ਸਿਰ ਵਿਚ ਮਾਰਨ ਨਾਲ ਪਿਸ਼ਾਬ ਆਏਗਾ ਪਰ ਮੌਤ ਸਿਰ ਉੱਤੇ ਰਹੇਗੀ। ਸਿਰ ਦੀ ਖੋਪਰੀ ਲੁਹਾ ਕੇ ਸੂਬੇ ਨੇ ਲਾਹੌਰ ਦੇ ਮਿਸਤਰੀ ਸਿੰਘਾਂ ਰਾਹੀਂ ਭਾਈ ਤਾਰੂ ਸਿੰਘ ਨੂੰ ਚੁਕਵਾ ਦਿੱਤਾ ਸੀ ਕਿ ਜਦੋਂ ਇਸ ਦੇ ਸਵਾਸ ਪੂਰੇ ਹੋ ਜਾਣ, ਇਸ ਦਾ ਸਸਕਾਰ ਕਰਵਾ ਦੇਣਾ। ਭਾਈ ਤਾਰੂ ਸਿੰਘ ਜੀ ਦੇ ਪੈਰ ਦੀ ਜੁੱਤੀ ਸੂਬਾ ਜ਼ਕਰੀਆ ਖ਼ਾਨ ਆਪਣੇ ਹੱਥ ਨਾਲ ਆਪਣੇ ਸਿਰ ਵਿਚ 22 ਦਿਨ ਮਾਰਦਾ ਰਿਹਾ, ਜੁੱਤੀ ਮਾਰਨ ਨਾਲ ਪਿਸ਼ਾਬ ਆਉਂਦਾ ਸੀ, ਨਹੀਂ ਤਾਂ ਪੀੜ ਨਾਲ ਤੜਪਦਾ ਸੀ। ਆਖ਼ਰ ਸਿਰ ਜੁੱਤੀ ਦੀ ਮਾਰ ਨਾਲ ਪੋਲਾ ਹੋ ਗਿਆ, ਗਿੱਝ ਵਗਣ ਲੱਗ ਪਈ। 1 ਜੁਲਾਈ 1745 ਨੂੰ ਇਸ ਦੁਨੀਆਂ ਤੋਂ ਸਦਾ ਲਈ ਚਲਾ ਗਿਆ। ਭਾਈ ਤਾਰੂ ਸਿੰਘ ਜੀ ਵੀ ਜ਼ਕਰੀਆ ਖ਼ਾਨ ਦੀ ਮੌਤ ਸੁਣ ਕੇ 1 ਜੁਲਾਈ 1745 ਨੂੰ ਸਹੀਦੀ ਪ੍ਰਾਪਤ ਕਰ ਕੇ ਸਿੱਖ ਇਤਿਹਾਸ ਵਿਚ ਅਮਰ ਹੋ ਗਏ।

## ਸ਼ਹੀਦ ਖਾੜਕੂ ਭਾਈ ਅਨੋਖ ਸਿੰਘ ਬੱਬਰ ਬਾਰੇ ਅਖ਼ਬਾਰਾਂ ਦੀਆਂ ਸੁਰਖ਼ੀਆਂ ਇਤਿਹਾਸ ਦੇ ਪੰਨੇ ਬਣ ਗਈਆਂ

ਖਾੜਕੂ ਯੋਧੇ ਭਾਈ ਅਨੋਖ ਸਿੰਘ ਬੱਬਰ ਦਾ ਜਨਮ ਸੰਨ 1953 ਵਿਚ ਪਿਤਾ ਸ. ਮੱਖਣ ਸਿੰਘ ਦੇ ਘਰ ਮਾਤਾ ਨਿਰੰਜਣ ਕੌਰ ਜੀ ਦੀ ਕੁੱਖੋਂ ਪਿੰਡ ਵੜਿੰਗ ਸੂਬਾ ਸਿੰਘ, ਨੇੜੇ ਖਡੂਰ ਸਾਹਿਬ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਆਪ ਜੀ ਚਾਰ ਭਰਾ—ਵੱਡੇ ਭਰਾ ਭਾਈ ਜੋਗਾ ਸਿੰਘ, ਭਾਈ ਸੰਤੋਖ ਸਿੰਘ, ਭਾਈ ਅਨੋਖ ਸਿੰਘ ਬੱਬਰ ਅਤੇ ਛੋਟੇ ਭਾਈ ਹਰਦੀਪ ਸਿੰਘ ਜੀ ਸਨ, ਜੋ ਪਿੰਡ ਵੜਿੰਗ ਸੂਬਾ ਸਿੰਘ ਵਿਚ ਖੇਤੀ-ਬਾੜੀ ਕਰਦੇ ਹੋਏ ਗੁਰਸਿੱਖੀ ਜੀਵਨ ਬਤੀਤ ਕਰ ਰਹੇ ਸਨ। ਭਾਈ ਸਾਹਿਬ ਜੀ ਨੇ ਖਡੂਰ ਸਾਹਿਬ ਤੋਂ ਬਾਰ੍ਹਵੀਂ ਤਕ ਵਿਦਿਆ ਪ੍ਰਾਪਤ ਕੀਤੀ। ਸੰਨ 1973 ਵਿਚ ਅੰਮ੍ਰਿਤ ਛਕ ਲਿਆ ਅਤੇ ਗੁਰਸਿੱਖੀ ਜੀਵਨ ਵਿਚ ਪਰਪੱਕ ਹੋ ਗਏ। ਆਪ ਜੀ ਬਚਪਨ ਤੋਂ ਹੀ ਸਿੱਖੀ ਦੇ ਸੱਚੇ ਆਸ਼ਕ ਸਨ ਤੇ ਸੇਵਾ ਸਿਮਰਨ ਤੇ ਲੋੜਵੰਦਾਂ ਦੀ ਸਹਾਇਤਾ ਕਰ ਕੇ ਖ਼ੁਸ਼ ਰਹਿੰਦੇ ਸਨ। ਭਾਈ ਸਾਹਿਬ ਜੀ ਨੂੰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਕਰੀ ਮਿਲ ਗਈ ਤੇ ਗੋਲਕ ਇੰਸਪੈਕਟਰ ਦੀ ਸੇਵਾ/ਡਿਊਟੀ ਬੜੀ ਇਮਾਨਦਾਰੀ ਨਾਲ ਨਿਭਾਉਂਦੇ ਰਹੇ। ਕਿਹਾ ਜਾਂਦਾ ਹੈ ਕਿ ਇਕ ਵਾਰ ਗੁਰਦੁਆਰਾ ਮੁਕਤਸਰ ਸਾਹਿਬ ਵਿਖੇ ਮੱਸਿਆ ਦਾ ਚੜ੍ਹਾਵਾ ਗੋਲਕ ਦੀ ਗਿਣਤੀ ਵਾਸਤੇ ਗਏ, ਜੋ ਚੌਦਾਂ ਹਜ਼ਾਰ ਹੋਇਆ। ਦੂਜੀ ਵਾਰ ਗਏ ਤਾਂ ਚੜ੍ਹਾਵਾ ਗੋਲਕ ਵਿਚੋਂ ਬੱਤੀ ਹਜ਼ਾਰ ਨਿਕਲਿਆ। ਨਾਲ ਦੇ ਸਾਥੀ ਕਹਿੰਦੇ ਕਿ ਜਥੇਦਾਰ ਜੀ, ਚੌਦਾਂ ਹਜ਼ਾਰ ਤੋਂ ਉਪਰਲੇ ਬਾਰੇ ਆਪਾਂ ਸੋਚ ਲਈਏ ? ਤਾਂ ਭਾਈ ਸਾਹਿਬ ਨੇ ਕਿਹਾ ਕਿ ਗੁਰੂ ਮਹਾਰਾਜ ਨੂੰ ਆਪਾਂ ਹਾਜ਼ਰ-ਨਾਜਰ ਸਮਝਦੇ ਹਾਂ ਤਾਂ ਫਿਰ ਸਾਡੇ ਮਨ ਵਿਚ ਅਜਿਹਾ

ਫੁਰਨਾ ਆਉਣਾ ਵੀ ਪਾਪ ਹੈ। ਭਾਈ ਸਾਹਿਬ ਜੀ ਨੂੰ ਸ਼੍ਰੋਮਣੀ ਕਮੇਟੀ ਤੋਂ ਜੋ ਤਨਖ਼ਾਹ ਮਿਲਦੀ ਸੀ, ਉਹ ਅਖੰਡ ਕੀਰਤਨ ਸਮਾਗਮਾਂ ਵਿਚ ਖ਼ਰਚ ਕਰ ਦਿੰਦੇ ਸਨ। ਆਪ ਜੀ ਹਰ ਵੇਲੇ 'ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ' ਗੁਰਮੰਤ੍ਰ ਦਾ ਜਾਪ ਕਰਦੇ ਰਹਿੰਦੇ ਸਨ। ਆਪ ਜੀ ਦਾ ਸਿੱਖੀ ਬਾਣੇ ਤੇ ਗੁਰਬਾਣੀ ਨਾਲ ਬੜਾ ਪਿਆਰ ਸੀ। ਭਾਈ ਫ਼ੌਜਾ ਸਿੰਘ ਜੀ ਆਪ ਦੇ ਬੜੇ ਪਿਆਰੇ ਮਿੱਤਰ ਸਨ ਤੇ ਉਹਨਾਂ ਦੀ ਅਗਵਾਈ ਹੇਠ ਸ਼ਸਤਰ-ਵਿਦਿਆ ਦਾ ਅਭਿਆਸ ਕੀਤਾ।

13 ਅਪਰੈਲ 1978 ਦੇ ਅੰਮ੍ਰਿਤਸਰ ਵਿਚ ਨਿਰੰਕਾਰੀ ਗੁਰਬਚਨੇ ਵੱਲੋਂ ਜੋ ਸਿੰਘਾਂ ਉੱਤੇ ਖ਼ੂਨੀ ਸਾਕਾ ਵਰਤਾਇਆ ਗਿਆ, ਜਿਸ ਵਿਚ ਭਾਈ ਫ਼ੌਜਾ ਸਿੰਘ ਸਮੇਤ 13 ਸਿੰਘ ਸ਼ਹੀਦ ਹੋਏ ਤੇ 150 ਗੰਭੀਰ ਰੂਪ ਵਿਚ ਨਿਰੰਕਾਰੀਆਂ ਦੀਆਂ ਗੋਲੀਆਂ, ਛਵ੍ਹੀਆਂ ਨਾਲ ਫੱਟੜ ਹੋਏ। ਇਹ ਖ਼ੂਨੀ ਸਾਕਾ 13 ਅਪਰੈਲ 1978 ਵਿਚ ਨਿਰੰਕਾਰੀਆਂ ਵੱਲੋਂ ਕੀਤੀ ਸਿੰਘਾਂ ਦੀ ਕਤਲੇਆਮ ਭਾਈ ਅਨੋਖ ਸਿੰਘ ਬੱਬਰ ਦੀਆਂ ਅੱਖਾਂ ਸਾਹਮਣੇ ਹੋਈ। ਉਸ ਦਿਨ ਤੋਂ ਹੀ ਭਾਈ ਸਾਹਿਬ ਨੇ ਨਕਲੀ ਨਿਰੰਕਾਰੀਆਂ ਨੂੰ ਸੋਧਣ ਲਈ ਕਮਰ-ਕੱਸਾ ਕਰ ਲਿਆ। ਭਾਈ ਸੁਖਦੇਵ ਸਿੰਘ ਬੱਬਰ ਦਾਸੂਵਾਲ ਨੇ ਹਮ-ਖ਼ਿਆਲ ਸਿੰਘਾਂ ਦੀ ਇਕ ਗੁਪਤ ਬੈਠਕ ਬੁਲਾਈ, ਜਿਸ ਵਿਚ ਭਾਈ ਅਨੋਖ ਸਿੰਘ ਬੱਬਰ, ਭਾਈ ਸੁਲੱਖਣ ਸਿੰਘ ਵੈਰੋਵਾਲ, ਬੱਬਰ ਖ਼ਾਲਸਾ ਦੇ ਬਾਨੀ ਭਾਈ ਸਾਹਿਬ ਭਾਈ ਤਲਵਿੰਦਰ ਸਿੰਘ ਬੱਬਰ, ਭਾਈ ਵਧਾਵਾ ਸਿੰਘ, ਭਾਈ ਸੁਖਦੇਵ ਸਿੰਘ ਚੱਬਾ, ਭਾਈ ਕੁਲਵੰਤ ਸਿੰਘ, ਭਾਈ ਮਨਮੋਹਨ ਸਿੰਘ ਉਰਫ਼ ਭਾਈ ਮਹਿੰਦਰ ਸਿੰਘ ਅਤੇ ਹੋਰ ਗੁਪਤ ਸੇਵਾ ਕਰਨ ਵਾਲੇ ਸਿੰਘ ਸ਼ਾਮਲ ਹੋਏ। ਇਸ ਵਿਚ ਨਕਲੀ ਨਿਰੰਕਾਰੀਆਂ ਨੂੰ ਚਣੇ ਚਬਾਉਣ ਲਈ ਬੱਬਰ ਖ਼ਾਲਸਾ ਦੀ ਸਥਾਪਨਾ ਕੀਤੀ ਗਈ। ਦਮਦਮੀ ਟਕਸਾਲ ਅਤੇ ਬੱਬਰ ਖ਼ਾਲਸਾ ਦੇ ਸਿੰਘਾਂ ਨੇ ਨਕਲੀ ਨਿਰੰਕਾਰੀਆਂ ਨੂੰ ਦਿਨ-ਦੀਵੀਂ ਸੋਧੇ ਲਾਏ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਪਹਿਲਾਂ ਹੀ ਆਪਣੇ ਸਿੰਘਾਂ ਨਾਲ ਨਕਲੀ ਨਿਰੰਕਾਰੀਆਂ ਵਿਰੁੱਧ ਜਹਾਦ ਸ਼ੁਰੂ ਕੀਤਾ ਹੋਇਆ ਸੀ। ਸੰਤ ਜਰਨੈਲ ਸਿੰਘ ਜੀ ਅਤੇ ਸਾਥੀ ਸਿੰਘਾਂ ਵੱਲੋਂ ਆਰੰਭੇ ਜਹਾਦ ਨਾਲ ਨਕਲੀ ਨਿਰੰਕਾਰੀਆਂ ਦੀਆਂ ਕੂੜ-ਕੁਪੱਤ ਦੀਆਂ ਦੁਕਾਨਾਂ ਪੰਜਾਬ ਅੰਦਰ ਬੰਦ ਹੋ ਗਈਆਂ। ਤਰਨ ਤਾਰਨ, ਅਜਨਾਲਾ, ਚੰਡੀਗੜ੍ਹ ਵਿਚ ਸੋਧੇ ਨਿਰੰਕਾਰੀਆਂ ਵਿਚ ਭਾਈ ਅਨੋਖ ਸਿੰਘ ਬੱਬਰ ਦੇ ਸੱਥਾਂ ਵਿਚ ਚਰਚੇ ਹੋ ਰਹੇ ਸਨ। ਭਾਈ ਸਾਹਿਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਕਰੀ ਛੱਡ ਕੇ ਖਾੜਕੂ ਸੰਘਰਸ਼ ਵਿਚ ਵਿਚਰਨ ਲੱਗੇ। ਭਾਈ ਅਨੋਖ ਸਿੰਘ ਬੱਬਰ ਦਾ ਦਮਦਮੀ ਟਕਸਾਲ ਦੇ ਭਾਈ ਸੁਖਦੇਵ ਸਿੰਘ ਸਖੀਰਾ ਨਾਲ ਬੜਾ ਗੂੜ੍ਹਾ ਪਿਆਰ ਸੀ। ਆਪ ਸਦਾ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤਿਆਰ ਰਹਿੰਦੇ ਸਨ।

ਨਵੰਬਰ 1984 ਦੇ ਸਿੱਖ ਕਤਲੇਆਮ ਦੀ ਭਾਜੀ ਮੋੜਨ ਲਈ ਸਿੰਘਾਂ ਨੇ ਮਈ 1985 ਵਿਚ ਦਿੱਲੀ ਟਰਾਂਜ਼ਿਸਟਰ ਬੰਬ ਕਾਂਡ ਕਰ ਕੇ ਰਾਜਧਾਨੀ ਨੂੰ ਹਿਲਾ ਕੇ ਰੱਖ ਦਿੱਤਾ। ਪੁਲਿਸ ਸੂਤਰਾਂ ਨੇ ਇਸ ਕਾਂਡ ਪਿੱਛੇ ਭਾਈ ਅਨੋਖ ਸਿੰਘ ਬੱਬਰ ਦਾ ਦਿਮਾਗ ਮੰਨਿਆ।

ਡੇਹਲੋਂ ਪੁਲਿਸ (ਲੁਧਿਆਣਾ) ਨੇ ਪਹਿਲੀ ਵਾਰ ਗ੍ਰਿਫ਼ਤਾਰ ਕਰ ਲਿਆ। ਇਹ ਸਹਿਜ-ਸੁਭਾਅ ਦੀ ਗ੍ਰਿਫ਼ਤਾਰੀ ਹੋਈ ਸੀ ਅਤੇ ਅਣਜਾਣ ਜਾਂ ਸਿੱਖੀ ਦੇ ਹਮਦਰਦ ਪੁਲਿਸ ਵਾਲਿਆਂ ਨੇ ਭਾਈ ਸਾਹਿਬ ਦੀ ਗ੍ਰਿਫ਼ਤਾਰੀ ਪਾ ਕੇ ਜੁਡੀਸ਼ੀਅਲ ਹਿਰਾਸਤ ਵਿਚ ਭੇਜ ਦਿੱਤਾ। ਜਦੋਂ ਉੱਚ ਪੁਲਿਸ ਅਫ਼ਸਰਾਂ ਨੂੰ ਭਾਈ ਅਨੋਖ ਸਿੰਘ ਬੱਬਰ ਦੀ ਗ੍ਰਿਫ਼ਤਾਰੀ ਦੇ ਐਲਾਨ ਦਾ ਪਤਾ ਲੱਗਿਆ ਤਾਂ ਪਿੱਟ ਉੱਠੇ। ਅਫ਼ਸਰਾਂ ਨੇ ਵਾਰਸਾਂ ਨੂੰ ਵੀ ਗ੍ਰਿਫ਼ਤਾਰੀ ਬਾਰੇ ਪਿੰਡ ਵੜਿੰਗ ਸੂਬਾ ਸਿੰਘ ਇਤਲਾਹ ਭੇਜ ਦਿੱਤੀ। ਲੁਧਿਆਣਾ ਦੀ ਅਦਾਲਤ ਵਿਚ ਪੇਸ਼ੀ ਲਈ ਭਾਈ ਸਾਹਿਬ ਨੂੰ ਪੁਲਿਸ ਲੈ ਕੇ ਆਈ। ਵੱਡੇ ਭਰਾ ਸੰਤੋਖ ਸਿੰਘ ਜੀ ਤੇ ਮਾਤਾ ਨਿਰੰਜਨ ਕੌਰ ਜੀ ਤੇ ਭਾਈ ਸੁਲੱਖਣ ਸਿੰਘ ਵੈਰੋਵਾਲ ਦੀ ਸਿੰਘਣੀ ਬੀਬੀ ਮਨਜਿੰਦਰ ਕੌਰ ਜੀ ਵੀ ਸ੍ਰੀ ਦਰਬਾਰ ਸਾਹਿਬ ਤੋਂ ਦੇਗ ਦਾ ਪ੍ਰਸ਼ਾਦਿ ਲੈ ਕੇ ਲੁਧਿਆਣਾ ਕਚਹਿਰੀ ਵਿਚ ਪਹੁੰਚ ਗਏ। ਬਖ਼ਸ਼ੀਖ਼ਾਨੇ ਵਿਚ ਮਾਤਾ ਜੀ ਭਾਈ ਅਨੋਖ ਸਿੰਘ ਬੱਬਰ ਨੂੰ ਮਿਲੇ, ਗੱਲਾਂ ਕੀਤੀਆਂ, ਦੇਗ ਦਾ ਪ੍ਰਸ਼ਾਦਿ ਲਿਆ, ਪੁਲਿਸ ਮੁਲਾਜ਼ਮਾਂ ਨੇ ਵੀ ਦੇਗ ਦਾ ਪ੍ਰਸ਼ਾਦਿ ਛਕਿਆ। ਭਾਈ ਸੰਤੋਖ ਸਿੰਘ ਜੀ ਬਖ਼ਸ਼ੀਖ਼ਾਨੇ ਵਿਚ ਮਿਲ ਕੇ ਬਾਹਰ ਨਿਕਲੇ ਹੀ ਸਨ ਕਿ ਭਾਈ ਅਨੋਖ ਸਿੰਘ ਬੱਬਰ ਦੇ ਸਾਥੀਆਂ ਨੇ ਛੁਡਾਉਣ ਲਈ ਹੱਲਾ ਬੋਲ ਦਿੱਤਾ। ਭਾਈ ਸਾਹਿਬ ਸਾਥੀਆਂ ਨੂੰ ਰੋਕਦੇ ਰਹੇ ਕਿ ਮੇਰੇ ਛੁਡਾਉਣ ਪਿੱਛੇ ਨਿਰਦੋਸ਼ ਮੁੰਡੇ/ਭਾਵ ਪੁਲਿਸ ਮੁਲਾਜ਼ਮਾਂ ਨੂੰ ਨਾ ਮਾਰੋ, ਪਰ ਸਿੰਘਾਂ ਨੇ ਕੋਈ ਨਾ ਸੁਣੀ। ਗੋਲੀਆਂ ਕੜ-ਕੜ ਚੱਲੀ ਗਈਆਂ, ਪੁਲਿਸ ਵਾਲੇ ਵੀ ਮਾਰੇ ਗਏ ਤੇ ਛੁਡਾਉਣ ਆਏ ਦੋ ਸਿੰਘ ਵੀ ਪੁਲਿਸ ਦੀ ਗੋਲੀ ਨਾਲ ਸ਼ਹੀਦ ਹੋ ਗਏ। ਜਿਹਨਾਂ ਵਿਚ ਇਕ ਭਈਏ ਤੋਂ ਅੰਮ੍ਰਿਤ ਛਕ ਕੇ ਸਿੰਘ ਸਜਿਆ ਸੀ। ਸਾਥੀ ਸਿੰਘ ਜੈਕਾਰੇ ਗਜਾਉਂਦੇ ਹੋਏ ਭਾਈ ਅਨੋਖ ਸਿੰਘ ਬੱਬਰ ਨੂੰ ਜੀਪ ਵਿਚ ਬਿਠਾ ਕੇ ਕਚਹਿਰੀਆਂ ਤੋਂ ਫ਼ਰਾਰ ਹੋ ਗਏ। ਅੱਗੇ ਪੁਲਿਸ ਨਾਕਾ ਸੀ, ਜੀਪ ਛੱਡ ਦੇ ਪੈਦਲ ਹੀ ਭੱਜਣ ਵਿਚ ਸਫਲ ਹੋ ਗਏ। ਇਸੇ ਦਿਨ ਹੀ ਜਨਰਲ ਲਾਭ ਸਿੰਘ ਪੰਜਵੜ ਦੀ ਅਗਵਾਈ ਵਿਚ ਖ਼ਾਲਿਸਤਾਨ ਕਮਾਂਡੋ ਫ਼ੋਰਸ ਵੱਲੋਂ ਲੁਧਿਆਣਾ ਵਿਚ ਸਭ ਤੋਂ ਵੱਡਾ ਬੈਂਕ ਡਾਕਾ 5 ਕਰੋੜ 76 ਲੱਖ ਦਾ ਮਾਰਿਆ ਗਿਆ। ਭਾਈ ਸੰਤੋਖ ਸਿੰਘ ਤੇ ਬੀਬੀ ਮਨਜਿੰਦਰ ਕੌਰ ਨੂੰ ਲੈ ਕੇ ਬਚਦੇ-ਬਚਾਉਂਦੇ ਘਰ ਵਾਪਸ ਪਰਤੇ।

ਭਾਈ ਅਨੋਖ ਸਿੰਘ ਬੱਬਰ ਜੀ ਦੇ ਮਨ ਵਿਚ ਬਚਪਨ ਤੋਂ ਹੀ ਸਿੱਖੀ ਤੋਂ ਕੁਰਬਾਨ ਹੋਣ ਦਾ ਜਜ਼ਬਾ ਸੀ। ਆਪ ਜੇਲ੍ਹਬੰਦੀ ਦੀ ਜ਼ਿੰਦਗੀ ਜਿਊਣ ਨਾਲੋਂ, ਬੇਗ਼ੈਰਤੀ ਦੀ ਜ਼ਿੰਦਗੀ ਜਿਊਣ ਨਾਲੋਂ ਅਣਖ, ਬਹਾਦਰੀ ਦੀ ਮੌਤ ਮਰਨ ਨੂੰ ਅਸਲੀ ਜ਼ਿੰਦਗੀ ਸਮਝਦੇ ਸਨ। ਆਪ ਇਸ ਅਵਸਥਾ ਵਿਚ ਪਹੁੰਚ ਚੁੱਕੇ ਸਨ ਕਿ ਜ਼ਿੰਦਗੀ ਦਾ ਚਾਅ ਨਹੀਂ ਸੀ, ਮੌਤ ਦਾ ਭੈਅ ਨਹੀਂ ਵੀ ਸੀ। ਪੰਜਾਬ ਪੁਲਿਸ ਜਿੰਨਾ ਭਾਈ ਅਨੋਖ ਸਿੰਘ ਬੱਬਰ ਨੂੰ ਖ਼ਤਰਨਾਕ ਅੱਤਵਾਦੀ ਪ੍ਰਚਾਰ ਰਹੀ ਸੀ, ਉਤਨਾ ਹੀ ਉਹ ਲੋਕ-ਦਿਲਾਂ ਉੱਤੇ ਰਾਜ ਕਰ ਰਹੇ ਸਨ। ਲੋਕ ਭਾਈ ਅਨੋਖ ਸਿੰਘ ਬੱਬਰ ਨੂੰ ਸਿੱਖ ਕੌਮ ਲਈ ਕੁਰਬਾਨੀ ਕਰਨ ਲਈ ਸਦਾ ਤਿਆਰ ਰਹਿਣ ਵਾਲਾ ਜੁਝਾਰੂ ਖਾੜਕੂ ਜਰਨੈਲ ਸਮਝਦੇ ਸਨ। ਜਦੋਂ ਪੰਜਾਬ ਪੁਲਿਸ ਮੁਖੀ ਜੂਲੀਓ ਫ਼ਰਾਂਸਿਸ ਰਿਬੇਰੋ (ਜੇ.ਐੱਫ਼. ਰਿਬੇਰੋ) ਨੇ ਪੰਜਾਬ

ਪੁਲਿਸ ਦੀ ਕਮਾਨ ਸੰਭਾਲੀ ਸੀ ਤਾਂ 36 ਖਾੜਕੂ ਸਿੰਘਾਂ ਦੇ ਸਿਰਾਂ ਦੇ ਇਨਾਮ ਰੱਖੇ ਸਨ। ਇਹਨਾਂ ਵਿਚ ਭਾਈ ਅਨੋਖ ਸਿੰਘ ਬੱਬਰ ਦਾ ਨਾਂ ਪ੍ਰਮੁੱਖ ਸੀ। ਰਿਬੇਰੋ ਨੇ ਇਹ ਵੀ ਕਿਹਾ ਸੀ ਕਿ ਅਨੋਖ ਸਿੰਘ ਬੱਬਰ ਬੰਬ ਬਣਾਉਣ ਅਤੇ ਚਲਾਉਣ ਵਿਚ ਮਾਹਿਰ ਹੈ। ਭਾਈ ਸਾਹਿਬ ਦੇ ਵੱਡੇ ਭਰਾ ਸ. ਸੰਤੋਖ ਸਿੰਘ ਨੇ ਦੱਸਿਆ ਕਿ ਲੁਧਿਆਣਾ ਕਚਹਿਰੀ ਦੀ ਫ਼ਰਾਰੀ ਤੋਂ ਬਾਅਦ ਭਾਈ ਅਨੋਖ ਸਿੰਘ ਬੱਬਰ ਪਿੰਡ ਮਿਲਣ ਆਇਆ। ਮਾਤਾ ਜੀ ਨੂੰ ਮਿਲਿਆ, ਹੋਰ ਵੀ ਮਾਤਾਵਾਂ ਆਈਆਂ, ਕਹਿੰਦੀਆਂ ਕਿ ਪੁੱਤ ਅਨੋਖ ਸਿੰਘ ਬੱਬਰ, ਜੁਗ-ਜੁਗ ਜੀਉ, ਵਾਹਿਗੁਰੂ ਤੈਨੂੰ ਤੱਤੀ ਹਵਾ ਨਾ ਲੱਗਣ ਦੇਵੇ। ਜਵਾਨੀਆਂ ਮਾਣ। ਭਾਈ ਅਨੋਖ ਸਿੰਘ ਬੱਬਰ ਕਹਿੰਦਾ, ਪਰਚਾ ਪਿਆ ਸੀ, ਮਾਤਾ ਜੀ, ਫ਼ੇਲ੍ਹ ਹੋ ਗਿਆ। ਸਾਥੀ ਸਿੰਘਾਂ ਨੇ ਮਜਬੂਰ ਕਰ ਕੇ ਛੁਡਾ ਲਿਆਂਦਾ। ਹੋ ਸਕਦਾ ਹੈ ਕਿ ਸ਼ਹੀਦੀ ਪ੍ਰਾਪਤ ਕਰਨ ਦਾ ਮੌਕਾ ਹੱਥ ਨਾ ਆਵੇ। ਮੈਂ ਚਾਹੁੰਦਾ ਹਾਂ ਕਿ ਭਾਈ ਤਾਰੂ ਸਿੰਘ ਜੀ ਅਤੇ ਭਾਈ ਮਨੀ ਸਿੰਘ ਜੀ ਵਾਂਗ ਸਿੱਖੀ ਤੋਂ ਕੁਰਬਾਨ ਹੋ ਕੇ ਸੱਚਖੰਡ ਜਾਵਾਂ। ਮਾਤਾ ਜੀ, ਮੈਨੂੰ ਅਸੀਸ ਦਿਉ ਕਿ ਮੈਂ ਜ਼ਾਲਮ ਦਾ ਹਰ ਜ਼ੁਲਮ ਖਿੜੇ ਮੱਥੇ ਝੱਲਾਂ, ਜ਼ੁਬਾਨੋਂ ਸੀਅ ਨਾ ਕਰਾਂ। ਅਜਿਹੇ ਚੜ੍ਹਦੀ ਕਲਾ ਵਾਲੇ ਬਚਨ-ਬਿਲਾਸ ਕਰ ਕੇ ਮਾਤਾ ਨੂੰ ਮੱਥਾ ਟੇਕ ਕੇ ਘਰੋਂ ਤੁਰਿਆ। ਫਿਰ ਦੁਬਾਰਾ ਘਰ ਵਾਪਸ ਨਹੀਂ ਆਇਆ। ਬਾਹਰ-ਅੰਦਰ ਸੁਨੇਹਾ ਭੇਜ ਕੇ ਮਿਲ ਜਾਂਦਾ ਸੀ।

ਅਗਸਤ 1987 ਵਿਚ ਜਲੰਧਰ ਪੁਲਿਸ ਦੇ ਇੰਸਪੈਕਟਰ ਸੁਰਜੀਤ ਸਿਹੁੰ ਨੇ ਸਾਈਕਲ 'ਤੇ ਜਾਂਦਾ ਗ੍ਰਿਫ਼ਤਾਰ ਕਰ ਲਿਆ। ਭਾਈ ਅਨੋਖ ਸਿੰਘ ਬੱਬਰ ਤੋਂ ਪੁੱਛ-ਗਿੱਛ ਕਰਨ ਲਈ ਪੰਜਾਬ ਪੁਲਿਸ ਦਾ ਮੁਖੀ ਮੌਕੇ 'ਤੇ ਆਇਆ। ਭਾਈ ਸਾਹਿਬ ਨੇ ਆਪਣਾ ਨਾਮ ਅਨੋਖ ਸਿੰਘ ਬੱਬਰ ਦੱਸਿਆ, ਪਿਤਾ ਦਾ ਨਾਂ ਗੁਰੂ ਗੋਬਿੰਦ ਸਿੰਘ ਜੀ, ਵਾਸੀ ਅਨੰਦਪੁਰ ਸਾਹਿਬ ਦੱਸਿਆ। ਪੁਲਿਸ ਵਾਲੇ ਵੱਡੇ ਤੋਂ ਵੱਡੇ ਭੇਦ ਭਾਈ ਅਨੋਖ ਸਿੰਘ ਬੱਬਰ ਤੋਂ ਲੈਣਾ ਚਾਹੁੰਦੇ ਸਨ ਪਰ ਉਹਨਾਂ ਦੇ ਪੱਲੇ ਨਿਰਾਸਾ ਹੀ ਪਈ। ਪੁਲਿਸ ਤਸ਼ੱਦਦ ਕਰ ਰਹੀ ਸੀ, ਭਾਈ ਅਨੋਖ ਸਿੰਘ ਬੱਬਰ ਵਾਹਿਗੁਰੁ-ਵਾਹਿਗੁਰੂ ਮੰਤਰ ਦਾ ਜਾਪ ਕਰ ਰਹੇ ਸਨ। ਭਾਈ ਸਾਹਿਬ ਦੇ ਸਿਦਕ ਅੱਗੇ ਪੁਲਿਸ ਦੀ ਦਰਿੰਦਗੀ ਦੇ ਸਾਰੇ ਹਥਿਆਰ ਫੇਲ੍ਹ ਹੋ ਰਹੇ ਸਨ। ਆਖ਼ਰ ਸੁਰਜੀਤ ਸਿਹੁੰ ਨਾਂ ਦੇ ਇੰਸਪੈਕਟਰ ਨੇ ਭਾਈ ਅਨੋਖ ਸਿੰਘ ਬੱਬਰ ਦੇ ਸਿਰ ਦੀ ਖੋਪਰੀ ਲਾਹ ਦਿੱਤੀ ਕਿ ਤੂੰ ਕਹਿੰਦਾ ਹੁੰਦਾ ਸੀ ਮੈਂ ਭਾਈ ਤਾਰੂ ਸਿੰਘ ਵਾਂਗ ਸ਼ਹੀਦ ਹੋਣਾ ਹੈ। ਲੈ ਮੈਂ ਤੇਰੀ ਇਹ ਰੀਝ ਵੀ ਪੂਰੀ ਕਰ ਦੇਵਾਂ। ਖੋਪਰੀ ਲੱਥ ਜਾਣ 'ਤੇ ਭਾਈ ਅਨੋਖ ਸਿੰਘ ਬੱਬਰ ਨੇ ਕਿਹਾ ਸੀ, "ਤੂੰ ਸਿੱਖ ਹੋ ਕੇ ਮੇਰੇ ਉੱਤੇ ਜ਼ੁਲਮ ਕਰ ਰਿਹਾ ਹੈਂ, ਪਰ ਤੈਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਜੇ ਤਾਰੂ ਸਿੰਘ ਦੀ ਖੋਪਰੀ ਲੱਥੀ ਸੀ ਤਾਂ ਸੂਬਾ ਜ਼ਕਰੀਆ ਖ਼ਾਨ ਵੀ ਨਹੀਂ ਸੀ ਬਚ ਸਕਿਆ। ਭਾਈ ਤਾਰੂ ਸਿੰਘ ਜ਼ਕਰੀਏ ਨੂੰ ਅੱਗੇ ਲਾ ਕੇ ਲੈ ਗਿਆ ਸੀ। ਤੂੰ ਵੀ ਹੁਣ ਇਸ ਰੰਗਲੀ ਦੁਨੀਆਂ ਵਿਚ ਬਹੁਤਾ ਚਿਰ ਨਹੀਂ ਰਹਿ ਸਕੇਂਗਾ. ਭਾਈ ਅਨੋਖ ਸਿੰਘ ਬੱਬਰ ਦਾ ਖੋਪਰੀ ਲੱਥੀ ਤੋਂ ਸਰੀਰ ਖ਼ੂਨ ਨਾਲ ਲੱਥ-ਪੱਥ ਸੀ, ਸਰੀਰ ਦਾ ਅੰਗ-ਅੰਗ ਪਹਿਲਾਂ ਹੀ ਤੋੜ ਛੱਡਿਆ ਸੀ। ਵਾਹਿਗੁਰੂ-ਵਾਹਿਗੁਰੂ

ਦਾ ਜਾਪ ਵੀ ਦਰਿੰਦਿਆਂ ਨੂੰ ਵਿਹੁ ਵਾਂਗ ਲੱਗ ਰਿਹਾ ਸੀ। ਪੁਲਿਸ ਦੇ ਦਰਿੰਦੇ ਅਜੇ ਜ਼ੁਲਮ ਦੀਆਂ ਹੋਰ ਸਿਖਰਾਂ ਛੂਹਣਾ ਚਾਹੁੰਦੇ ਸਨ। ਭਾਈ ਅਨੋਖ ਸਿੰਘ ਬੱਬਰ ਦੀਆਂ ਅੱਖਾਂ ਵਿਚ ਰਾਈਫ਼ਲ ਦੀਆਂ ਸੰਗੀਨਾਂ ਚੁਭੋ ਦਿੱਤੀਆਂ, ਜੀਭ ਵੀ ਸੰਗੀਨ ਨਾਲ ਕੱਟ ਦਿੱਤੀ। ਇਸ ਹਾਲਤ ਵਿਚ ਥਾਣਾ ਵੈਰੋਵਾਲ ਲਿਜਾਇਆ ਗਿਆ। ਖੋਪਰੀ ਲੱਥ ਜਾਣ 'ਤੇ ਭਾਈ ਅਨੋਖ ਸਿੰਘ ਬੱਬਰ ਅੱਠ ਦਿਨ ਜ਼ਖ਼ਮੀ ਹਾਲਤ ਵਿਚ ਜ਼ਿੰਦਾ ਰਹੇ। ਆਖ਼ਰ ਪੁਲਿਸ ਨੇ ਵੈਰੋਵਾਲ ਥਾਣੇ ਅਧੀਨ ਭਾਈ ਅਨੋਖ ਸਿੰਘ ਬੱਬਰ ਦੀ ਦੇਹ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਅਤੇ ਭਾਈ ਅਨੋਖ ਸਿੰਘ ਬੱਬਰ ਦੇ ਪੁਲਿਸ ਮੁਕਾਬਲੇ ਵਿਚ ਮਾਰੇ ਜਾਣ ਅਤੇ ਪੁਲਿਸ ਦੀ ਬਹਾਦਰੀ ਦੀਆਂ ਖ਼ਬਰਾਂ ਅਗਲੇ ਦਿਨ ਅਖ਼ਬਾਰਾਂ ਵਿਚ ਲੱਗ ਗਈਆਂ।

ਕੁਝ ਚਿਰ ਬਾਅਦ ਪੁਲਿਸ ਇੰਸਪੈਕਟਰ ਸੁਰਜੀਤ ਸਿਹੁੰ ਪੁਲਿਸ ਪਾਰਟੀ ਸਮੇਤ ਗਸ਼ਤ 'ਤੇ ਜਾ ਰਿਹਾ ਸੀ। ਜਲੰਧਰ ਜ਼ਿਲ੍ਹੇ ਅੰਦਰ ਖਾੜਕੂ ਸਿੰਘਾਂ ਨੇ ਬਾਰੂਦੀ ਸੁਰੰਗ ਨਾਲ ਜੀਪ ਉਡਾ ਦਿੱਤੀ। ਜਿਸ ਵਿਚ ਸੁਰਜੀਤ ਸਿਹੁੰ ਸਮੇਤ ਹੋਰ ਪੁਲਿਸ ਮੁਲਾਜ਼ਮ ਵੀ ਮਾਰੇ ਗਏ ਸਨ। ਜੱਗ ਬਾਣੀ ਅਖ਼ਬਾਰ ਦੀ ਸੁਰਖ਼ੀ ਅਨੁਸਾਰ ਇਹ ਬੰਬ ਧਮਾਕਾ ਭਾਈ ਗੁਰਿੰਦਰ ਸਿੰਘ ਭਾਗੋਵਾਲ ਅਤੇ ਭਾਈ ਗੁਰਨਾਮ ਸਿੰਘ ਦਾਬਾਂਵਾਲਾ ਨੇ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ ਸੀ।

ਤਰਨ ਤਾਰਨ ਸ਼ਮਸ਼ਾਨ ਘਾਟ ਵਿਚ ਪੁਲਿਸ ਨੇ ਭਾਈ ਅਨੋਖ ਸਿੰਘ ਬੱਬਰ ਦਾ ਸਸਕਾਰ ਕਰ ਦਿੱਤਾ। ਪਿੰਡ ਵੜਿੰਗ ਸੂਬਾ ਸਿੰਘ ਵਿਖੇ ਪਰਿਵਾਰ ਨੂੰ ਸੁਨੇਹਾ ਭੇਜਿਆ ਕਿ ਅਨੋਖ ਸਿੰਘ ਬੱਬਰ ਪੁਲਿਸ ਨਾਲ ਮੁਕਾਬਲਾ ਕਰਦਾ ਮਾਰਿਆ ਗਿਆ ਸੀ, ਹੁਣ ਉਸ ਦੀ ਸ਼ਨਾਖ਼ਤ ਹੋ ਗਈ ਹੈ। ਪਿੰਡ ਦੇ ਲੋਕ ਤੇ ਪਰਿਵਾਰ ਭਾਈ ਅਨੋਖ ਸਿੰਘ ਬੱਬਰ ਦੇ ਫੁੱਲ ਚੁਗ ਲਿਆਏ। ਘਰ ਵਿਚ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਪਾਏ ਗਏ। ਅਖੰਡ ਕੀਰਤਨੀ ਜਥੇ ਦੇ ਸਿੰਘਾਂ ਨੇ ਕੀਰਤਨ ਕੀਤਾ। ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਪੂਰਨ ਸਿੰਘ ਸਰਧਾਂਜਲੀ ਭੇਟ ਕਰਨ ਲਈ ਸ਼ਹੀਦੀ ਸਮਾਗਮ ਵਿਚ ਪਹੁੰਚੇ ਤੇ ਕਿਹਾ ਕਿ ਭਾਈ ਅਨੋਖ ਸਿੰਘ ਬੱਬਰ ਜੀ ਦੀ ਸ਼ਹਾਦਤ ਨੇ 18ਵੀਂ ਸਦੀ ਦੇ ਸਹੀਦ ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਦੀ ਯਾਦ ਦੁਹਰਾ ਦਿੱਤੀ ਹੈ। ਇਸ ਮੌਕੇ 'ਤੇ ਸਿੱਖ ਸੰਗਤਾਂ ਦਾ ਭਾਰੀ ਇਕੱਠ ਸ਼ਹੀਦ ਨੂੰ ਸਰਧਾ ਦੇ ਫੁੱਲ ਭੇਟ ਕਰਨ ਲਈ ਆਇਆ ਹੋਇਆ ਸੀ।

ਬੇਅੰਤੇ ਬੁੱਚੜ ਦੇ ਰਾਜ ਵੇਲੇ ਪੰਜਾਬ ਅੰਦਰ ਸਰਕਾਰੀ ਅੱਤਵਾਦ ਦੀ ਚੱਲੀ ਹਨੇਰੀ ਦੌਰਾਨ ਪੁਲਿਸ ਭਾਈ ਅਨੋਖ ਸਿੰਘ ਬੱਬਰ ਦੇ ਪਿਤਾ ਬਾਬਾ ਮੱਖਣ ਸਿੰਘ ਨੂੰ ਘਰੋਂ ਫੜ ਕੇ ਲੈ ਗਈ ਅਤੇ ਮਾਰ ਕੇ ਖਪਾ ਦਿੱਤਾ। ਲਾਸ਼ ਵੀ ਨਹੀਂ ਦਿੱਤੀ। ਭਾਈ ਸੰਤੋਖ ਸਿੰਘ, ਭਾਈ ਜੋਗਾ ਸਿੰਘ, ਭਾਈ ਹਰਦੀਪ ਸਿੰਘ ਨੇ ਆਪਣੇ ਪਿਤਾ ਜੀ ਦੀ ਘਰੋਂ ਗ੍ਰਿਫ਼ਤਾਰੀ ਅਤੇ ਪੁਲਿਸ ਵੱਲੋਂ ਲਾਪਤਾ ਕਰਨ ਸੰਬੰਧੀ ਪਟੀਸ਼ਨ ਚੰਡੀਗੜ੍ਹ ਵਿਚ ਦਾਇਰ ਕੀਤੀ ਹੋਈ ਹੈ, ਜਿਸ ਦਾ ਅਜੇ ਤਕ ਕੋਈ ਫ਼ੈਸਲਾ ਨਹੀਂ ਹੋਇਆ ਕਿਉਂਕਿ ਇਹ ਹਿੰਦੁਸਤਾਨ ਹੈ। ***

# ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ
# ਬੱਬਰ ਖ਼ਾਲਸਾ



ਖਾੜਕੂ ਸੰਘਰਸ਼ ਦੌਰਾਨ ਹਜ਼ਾਰਾਂ ਸਿੱਖ ਜੁਝਾਰੂਆਂ ਨੇ ਸ਼ਹੀਦੀਆਂ ਪਾਈਆਂ ਹਨ। ਇਸ ਲੰਮੀ ਸੂਚੀ ਵਿਚੋਂ ਬਹੁਤ ਸਾਰੇ ਜੁਝਾਰੂ ਕਿਸੇ ਅਹਿਮ ਕਾਰਨਾਮੇ ਨੂੰ ਅੰਜ਼ਾਮ ਦੇਣ ਕਾਰਨ ਸਿੱਖ ਮਾਨਸਿਕਤਾ ਨੂੰ ਬਾਰ-ਬਾਰ ਪ੍ਰਭਾਵਿਤ ਕਰਦੇ ਰਹੇ ਹਨ। ਜਦੋਂ ਵੀ ਇਹ ਮੁੱਦਾ ਉੱਠਦਾ ਹੈ ਤਾਂ ਆਪ-ਮੁਹਾਰੇ ਉਸ ਮੁੱਦੇ ਨਾਲ ਸੰਬੰਧਤ ਜੁਝਾਰੂ ਦਾ ਜ਼ਿਕਰ ਵੀ ਆ ਜਾਂਦਾ ਹੈ। ਪੰਜਾਬ ਅੰਦਰ ਇਹਨੀਂ ਦਿਨੀਂ ਦਰਿਆਈ ਪਾਣੀਆਂ ਦਾ ਮਸਲਾ ਭਖਿਆ ਹੋਇਆ ਹੈ। ਇਹ ਮਸਲਾ ਆਰੰਭ ਤੋਂ ਹੀ ਪੰਜਾਬ ਦੀ ਸਿਆਸਤ ਵਿਚ ਉੱਥਲ-ਪੁੱਥਲ ਮਚਾਉਂਦਾ ਰਿਹਾ ਹੈ। ਜਿਸ ਸਤਲੁਜ-ਜਮਨਾ ਲਿੰਕ ਨਹਿਰ ਦੀ ਨੀਂਹ ਇੰਦਰਾ ਗਾਂਧੀ ਨੇ ਰੱਖੀ ਅਤੇ ਜਿਸ ਦੀ ਬਰਨਾਲਾ ਸਰਕਾਰ ਨੇ ਉਸਾਰੀ ਸ਼ੁਰੂ ਕਰਵਾਈ, ਉਸ ਨੂੰ ਰੋਕਣ ਦੀ ਜ਼ਿੰਮੇਵਾਰੀ ਜੁਝਾਰੂਆਂ ਨੇ ਨਿਭਾਈ।

ਗੱਲ 23 ਜੁਲਾਈ 1990 ਦੀ ਹੈ। ਸਵੇਰ ਦੇ 10-30 ਵਜੇ ਦਾ ਵਕਤ ਸੀ। ਚੰਡੀਗੜ੍ਹ ਦੇ ਸੈਕਟਰ 26 ਵਿਚ ਐੱਸ.ਵਾਈ.ਐੱਲ. ਦੇ ਮੁੱਖ ਦਫ਼ਤਰ ਵਿਚ ਦਫ਼ਤਰੀ ਅਮਲਾ ਕੰਮਾਂ-ਕਾਰਾਂ ਵਿਚ ਰੁੱਝਾ ਹੋਇਆ ਸੀ। ਦੂਜੀ ਮੰਜ਼ਿਲ ਦੇ ਇਕ ਕਮਰੇ ਵਿਚ ਅਫ਼ਸਰਾਂ ਦੀ ਮੀਟਿੰਗ ਚੱਲ ਰਹੀ ਸੀ। ਇਸ ਮੌਕੇ ਚਾਰ ਜੁਝਾਰੂ ਸਿੰਘ ਸਕੂਟਰਾਂ ਉਪਰ ਇਸ ਦਫ਼ਤਰ ਪਹੁੰਚੇ। ਦੂਜੀ ਮੰਜ਼ਿਲ 'ਤੇ ਪਹੁੰਚ ਕੇ ਜਿਉਂ ਹੀ ਇਹ ਮੀਟਿੰਗ ਵਾਲੇ ਕਮਰੇ ਵੱਲ ਵਧੇ ਤਾਂ ਸੇਵਾਦਾਰ ਭੋਲਾ ਪ੍ਰਸ਼ਾਦ ਨੇ ਇਹਨਾਂ ਜੁਝਾਰੂਆਂ ਨੂੰ ਰੋਕਿਆ। ਸਿੰਘਾਂ ਦੇ ਹੱਥਾਂ ਵਿਚ ਸਾਇਲੈਂਸਰ ਲੱਗੇ ਪਿਸਤੌਲ ਵੇਖ ਕੇ ਸੇਵਾਦਾਰ ਘਬਰਾ ਗਿਆ ਤੇ ਉਸ ਨੇ ਪਿੱਛੇ ਨੂੰ ਭੱਜ ਇਕ ਦਮ ਦੂਜੀ ਮੰਜ਼ਿਲ ਤੋਂ ਹੇਠਾਂ ਛਾਲ ਮਾਰ ਦਿੱਤੀ। ਸਕਿੰਟਾਂ ਵਿਚ ਹੀ ਸਾਰੇ ਸਿੰਘ ਮੀਟਿੰਗ ਵਾਲੇ ਕਮਰੇ ਵਿਚ ਦਾਖ਼ਲ ਹੋਏ ਅਤੇ ਐੱਸ.ਵਾਈ.ਐੱਲ. ਦੇ ਮੁੱਖ ਇੰਜੀਨੀਅਰ ਐੱਮ.ਐੱਸ. ਸੀਕਰੀ ਨੂੰ ਗੋਲੀ ਮਾਰ ਦਿੱਤੀ। ਇਸ ਮੌਕੇ ਨਿਗਰਾਨ ਇੰਜੀਨੀਅਰ ਅਵਤਾਰ ਸਿੰਘ ਔਲਖ ਵੀ ਮਾਰਿਆ ਗਿਆ। ਸਾਰੇ ਸਿੰਘ ਆਰਾਮ ਨਾਲ ਦਫ਼ਤਰੋਂ ਨਿਕਲੇ ਤੇ ਸਕੂਟਰਾਂ ਉਪਰ ਸਵਾਰ ਹੋ ਕੇ ਫ਼ਰਾਰ ਹੋ ਗਏ। ਇਸ ਐਕਸ਼ਨ ਮਗਰੋਂ ਸਰਕਾਰ ਨੂੰ ਹੱਥਾਂ-ਪੈਰਾਂ

ਦੀ ਪੈ ਗਈ ਤੇ ਸਤਲੁਜ-ਯਮੁਨਾ ਲਿੰਕ ਨਹਿਰ ਦਾ ਕੰਮ ਤੁਰੰਤ ਬੰਦ ਹੋ ਗਿਆ।

ਨਹਿਰ ਦੀ ਉਸਾਰੀ ਰੋਕਣ ਲਈ ਇਹ ਕਾਰਨਾਮਾ ਭਾਈ ਬਲਵਿੰਦਰ ਸਿੰਘ ਜਟਾਣਾ ਅਤੇ ਉਸ ਦੇ ਸਾਥੀਆਂ ਨੇ ਕੀਤਾ ਸੀ। ਪਤਾ ਲੱਗਿਆ ਹੈ ਕਿ ਭਾਈ ਜਗਤਾਰ ਸਿੰਘ ਪੰਜੋਲਾ, ਭਾਈ ਬਲਬੀਰ ਸਿੰਘ ਫ਼ੌਜੀ ਮਕਰੋੜ ਅਤੇ ਭਾਈ ਹਰਮੀਤ ਸਿੰਘ ਭਾਊਵਾਲ ਨੇ ਇਸ ਕਾਰਵਾਈ ਵਿਚ ਉਸ ਦਾ ਸਾਥ ਦਿੱਤਾ ਸੀ। ਚਮਕੌਰ ਸਾਹਿਬ ਦੇ ਨਾਲ ਲੱਗਦੇ ਪਿੰਡ ਜਟਾਣੇ ਦਾ ਇਹ ਨੌਜਵਾਨ ਐੱਮ.ਏ. ਦੀ ਪੜ੍ਹਾਈ ਵਿਚੇ ਛੱਡ ਕੇ ਸਿੱਖ ਸੰਘਰਸ ਵਿਚ ਕੁੱਦਿਆ ਸੀ। ਉਸ ਦੀ ਦ੍ਰਿੜ੍ਹਤਾ, ਲਗਨ, ਸਪੱਸ਼ਟਤਾ ਅਤੇ ਗੁਰਸਿੱਖੀ ਵਾਲਾ ਜੀਵਨ ਵੇਖ ਕੇ ਬੱਬਰ ਖ਼ਾਲਸਾ ਨੇ ਉਸ ਨੂੰ ਮਾਲਵੇ ਦਾ ਮੁਖੀ ਥਾਪਿਆ ਸੀ। ਦਰਮਿਆਨੇ ਕੱਦ ਵਾਲਾ ਭਾਈ ਬਲਵਿੰਦਰ ਸਿੰਘ ਖਾੜਕੂ ਸਫ਼ਾਂ ਵਿਚ ਬਹੁਤ ਹਰਮਨ ਪਿਆਰਾ ਸੀ। ਆਗੂ ਵਾਲੇ ਸਾਰੇ ਗੁਣ ਵਾਹਿਗੁਰੂ ਨੇ ਉਸ ਅੰਦਰ ਖੁੱਲ੍ਹੇ ਦਿਲ ਨਾਲ ਬਖ਼ਸ਼ੇ ਸਨ।

ਭਾਈ ਬਲਵਿੰਦਰ ਸਿੰਘ ਦੀ ਲਹਿਰ ਪ੍ਰਤੀ ਦ੍ਰਿੜ੍ਹਤਾ ਕਾਰਨ ਪੁਲਿਸ ਹੱਥ ਧੋ ਕੇ ਉਸ ਦੇ ਮਗਰ ਪੈ ਗਈ। ਦਬਾਅ ਪਾਉਣ ਲਈ ਉਸ ਦੇ ਪਰਿਵਾਰ ਨੂੰ ਹਰ ਰੋਜ਼ ਥਾਣਿਆਂ ਵਿਚ ਘੜੀਸਿਆ ਜਾਂਦਾ ਰਿਹਾ। ਸਰਕਾਰ ਨੇ ਉਸ ਦੇ ਸਿਰ ਦਾ ਮੁੱਲ 16 ਲੱਖ ਰੁਪਏ ਰੱਖ ਦਿੱਤਾ, ਪਰ ਇਹਨਾਂ ਗੱਲਾਂ ਦੀ ਸੂਰਮੇ ਕੀ ਪ੍ਰਵਾਹ ਕਰਦੇ ਹਨ? ਭਾਈ ਜਟਾਣਾ ਗੁਪਤ ਜੀਵਨ ਦੀਆਂ ਬਾਰੀਕੀਆਂ ਅਤੇ ਪੈਂਤੜਿਆਂ ਤੋਂ ਜਾਣੂ ਸੀ। ਉਹ ਲੋਕਾਂ ਦੀ ਹਮਦਰਦੀ ਹਾਸਲ ਕਰਨ ਦਾ ਕੋਈ ਵੀ ਮੌਕਾ ਨਹੀਂ ਖੁੰਝਾਉਂਦਾ ਸੀ। ਭਾਈ ਚਰਨਜੀਤ ਸਿੰਘ ਚੰਨਾ, ਭਾਈ ਹਰਮੀਤ ਸਿੰਘ ਭਾਊਵਾਲ, ਭਾਈ ਜਸਵਿੰਦਰ ਸਿੰਘ ਕਾਲਾ ਭਾਊਵਾਲ, ਭਾਈ ਭਗਤ ਸਿੰਘ ਭਗਤਾ ਰੋਪੜ, ਭਾਈ ਬਿਸ਼ੇਸ਼ਰ ਸਿੰਘ ਫ਼ੌਜੀ ਲੁਹਾਰੀ (ਫ਼ਤਹਿਗੜ੍ਹ ਸਾਹਿਬ), ਭਾਈ ਧਿਆਨ ਸਿੰਘ ਜੰਝੋੜੀ, ਭਾਈ ਬਲਦੇਵ ਸਿੰਘ ਭੱਕੂਮਾਜਰਾ, ਭਾਈ ਦਵਿੰਦਰ ਸਿੰਘ ਖੇੜੀ, ਭਾਈ ਅਮਰਜੀਤ ਸਿੰਘ ਖੇੜੀ, ਭਾਈ ਗੁਰਮੀਤ ਸਿੰਘ ਆਖੀ, ਭਾਈ ਫੁਲਤਾਰ ਸਿੰਘ ਫ਼ਿਰੋਜ਼ਪੁਰ ਤੇ ਭਾਈ ਦਲਜੀਤ ਸਿੰਘ ਦੱਲੀ ਪਥਰੇੜੀ ਵਾਲੇ ਵਰਗੇ ਸਾਥੀਆਂ ਨਾਲ ਮਿਲ ਕੇ ਭਾਈ ਬਲਵਿੰਦਰ ਸਿੰਘ ਨੇ ਮਾਲਵੇ ਵਿਚ ਕਈ ਕਾਰਨਾਮੇ ਕੀਤੇ।

29 ਅਗਸਤ 1991 ਨੂੰ ਜੁਝਾਰੂਆਂ ਨੇ ਚੰਡੀਗੜ੍ਹ ਵਿਚ ਐੱਸ.ਐੱਸ.ਪੀ. ਸੁਮੇਧ ਸੈਣੀ ਉਪਰ ਹਮਲਾ ਕੀਤਾ, ਜਿਸ ਵਿਚ ਉਸ ਦਾ ਡਰਾਈਵਰ ਅਤੇ ਬਾਡੀਗਾਰਡ ਮਾਰੇ ਗਏ। ਇਸੇ ਰਾਤ ਨਿਹੰਗਾਂ ਦਾ ਇਕ ਟੋਲਾ ਖੁਮਾਣੋਂ ਕੋਲ ਉੱਚੇ ਜਟਾਣੇ ਪਿੰਡ ਪਹੁੰਚਿਆ। ਇਹ ਟੋਲਾ ਭਾਈ ਬਲਵਿੰਦਰ ਸਿੰਘ ਦਾ ਘਰ ਲੱਭਦਾ ਰਿਹਾ, ਉਹਨਾਂ ਨੂੰ ਪਤਾ ਲੱਗਾ ਕਿ ਭਾਈ ਬਲਵਿੰਦਰ ਸਿੰਘ ਦਾ ਪਿੰਡ ਤਾਂ ਚਮਕੌਰ ਸਾਹਿਬ ਦੇ ਕੋਲ ਹੈ। ਕਾਤਲਾਂ ਦਾ. ਇਹ ਟੋਲਾ ਤੜਕੇ ਸਵੇਰ ਦੇ ਵਕਤ ਜਟਾਣੇ ਪਹੁੰਚਿਆ ਤੇ ਭਾਈ ਬਲਵਿੰਦਰ ਸਿੰਘ ਦੇ ਮਕਾਨ ਦਾ ਬੂਹਾ ਖੜਕਾਇਆ। ਜਿਉਂ ਹੀ ਘਰਦਿਆਂ ਨੇ ਦਰਵਾਜ਼ਾ ਖੋਲ੍ਹਿਆ ਤਾਂ ਇਸ ਨਿਹੰਗ ਟੋਲੇ ਨੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਭਾਈ ਬਲਵਿੰਦਰ ਸਿੰਘ ਦੀ ਦਾਦੀ ਦਵਾਰਕੀ ਕੌਰ (80 ਸਾਲ), ਚਾਚੀ/ਮਾਸੀ

ਜਸਮੇਰ ਕੌਰ (40 ਸਾਲ), ਭੈਣ ਮਨਪ੍ਰੀਤ ਕੌਰ (13 ਸਾਲ), ਤੇ ਪੋਲੀਓ ਗ੍ਰਸਤ ਭਾਣਜਾ ਸਿਮਰਨਜੀਤ ਸਿੰਘ (5 ਸਾਲ) ਨੂੰ ਕਤਲ ਕਰ ਕੇ ਲਾਸ਼ਾਂ ਉੱਪਰ ਕੱਪੜੇ ਸੁੱਟ ਕੇ ਅੱਗ ਲਾ ਦਿੱਤੀ ਗਈ। ਸੜਦਾ-ਬਲਦਾ ਘਰ ਛੱਡ ਕੇ ਪੂਰੀ ਤਸੱਲੀ ਨਾਲ ਕਾਤਲ ਟੋਲਾ ਚਲਾ ਗਿਆ।

ਸਰਕਾਰ ਦੇ ਇਸ ਕਹਿਰ ਨੇ ਭਾਈ ਜਟਾਣੇ ਨੂੰ ਬਹੁਤ ਭਿਆਨਕ ਮਾਨਸਿਕ ਸੰਤਾਪ ਦਿੱਤਾ ਪਰ ਉਸ ਨੇ ਆਪਣੇ ਆਪ ਉਪਰ ਕਾਬੂ ਰੱਖਿਆ। ਉਹ ਡੋਲਿਆ ਨਹੀਂ, ਸਿਦਕ ਤੋਂ ਕੰਮ ਲਿਆ।

ਭਾਈ ਬਲਵਿੰਦਰ ਸਿੰਘ ਦੇ ਪਰਿਵਾਰ ਨੂੰ ਕਤਲ ਕਰਨ ਅਤੇ ਘਰ ਫੂਕ ਦੇਣ ਤੋਂ 5-6 ਦਿਨ ਮਗਰੋਂ 4 ਸਤੰਬਰ 1991 ਨੂੰ ਇਕ ਹੋਰ ਭਾਣਾ ਵਾਪਰਿਆ। ਕਿਸੇ ਮੁਖ਼ਬਰ ਦੀ ਪੱਕੀ ਸੂਹ 'ਤੇ ਪਟਿਆਲਾ ਜ਼ਿਲ੍ਹੇ ਦੇ ਪਿੰਡ ਸਾਧੂਗੜ੍ਹ ਕੋਲ ਪੁਲਿਸ ਪਾਰਟੀ ਨਾਕਾ ਲਾਈ ਬੈਠੀ ਸੀ। ਬਾਅਦ ਦੁਪਹਿਰ 2-30 ਵਜੇ ਦੇ ਕਰੀਬ ਚਿੱਟੀ ਜਿਪਸੀ ਸੀ.ਐਚ.-01 8206 ਅੰਬਾਲਾ ਵੱਲੋਂ ਆਈ। ਪੁਲਿਸ ਨੇ ਜਿਪਸੀ ਨੂੰ ਰੁਕਣ ਦਾ ਇਸ਼ਾਰਾ ਕੀਤਾ, ਜਿਪਸੀ ਚਲਾ ਰਹੇ ਭਾਈ ਬਲਵਿੰਦਰ ਸਿੰਘ ਜਟਾਣਾ ਨੇ ਰੁਕਣ ਦੀ ਥਾਂ ਜਿਪਸੀ ਇਕ ਦਮ ਘੁਮਾ ਕੇ ਸੈਦਪੁਰ ਵੱਲ ਭਜਾਉਣੀ ਚਾਹੀ। ਜਿਪਸੀ ਉਲਟ ਗਈ ਤੇ ਬਲਵਿੰਦਰ ਸਿੰਘ ਆਪਣੇ ਸਾਥੀ ਚਰਨਜੀਤ ਸਿੰਘ ਝੱਲੀਆ ਖ਼ੁਰਦ ਸਮੇਤ ਝੋਨੇ ਦੇ ਖੇਤਾਂ ਵੱਲ ਦੌੜ ਪਿਆ। ਪੁਲਿਸ ਨੇ ਅੰਨ੍ਹੇਵਾਹ ਫ਼ਾਇਰਿੰਗ ਕੀਤੀ। ਦੋਨਾਂ ਸੂਰਮਿਆਂ ਕੋਲ ਬਹੁਤ ਥੋੜ੍ਹਾ ਅਸਲਾ ਸੀ ਜੋ ਛੇਤੀ ਹੀ ਖ਼ਤਮ ਹੋ ਗਿਆ। ਪੁਲਿਸ ਨੇ ਦੋਨਾਂ ਨੂੰ ਸ਼ਹੀਦ ਕਰ ਦਿੱਤਾ।

ਭਾਈ ਬਲਵਿੰਦਰ ਸਿੰਘ ਜਟਾਣਾ ਦੀ ਸ਼ਹੀਦੀ ਦੀ ਖ਼ਬਰ ਜਿਉਂ ਹੀ ਇਲਾਕੇ ਵਿਚ ਫੈਲੀ, ਆਪ-ਮੁਹਾਰੇ ਲੋਕ ਇਕੱਠੇ ਹੋ ਗਏ। ਅਕਾਲੀ ਲੀਡਰ ਗੁਰਚਰਨ ਸਿੰਘ ਟੌਹੜਾ, ਸ਼ੇਰ ਸਿੰਘ ਡੂਮਛੇੜੀ, ਕਰਨੈਲ ਸਿੰਘ ਪੰਜੋਲੀ ਆਦਿ ਦੇ ਯਤਨਾਂ ਸਦਕਾ ਦੋਹਾਂ ਸੂਰਮਿਆਂ ਦੀਆਂ ਲਾਸ਼ਾਂ ਮਿਲ ਗਈਆਂ, ਜਿਹਨਾਂ ਦਾ ਉਹਨਾਂ ਦੇ ਪਿੰਡ ਵਿਚ ਹਜ਼ਾਰਾਂ ਲੋਕਾਂ ਦੀ ਹਾਜ਼ਰੀ ਵਿਚ ਸਸਕਾਰ ਕਰ ਦਿੱਤਾ ਗਿਆ।

4 ਸਤੰਬਰ 2004 ਨੂੰ ਭਾਈ ਬਲਵਿੰਦਰ ਸਿੰਘ ਜਟਾਣਾ ਨੂੰ ਸ਼ਹੀਦ ਹੋਇਆ 13 ਵਰ੍ਹੇ ਹੋ ਗਏ ਹਨ। ਭਾਈ ਬਲਵਿੰਦਰ ਸਿੰਘ ਜਟਾਣਾ ਦੇ ਪਰਿਵਾਰ ਨੇ ਸਰਕਾਰੀ ਕਹਿਰ ਨੂੰ ਕਿਵੇਂ ਝੱਲਿਆ, ਉਹ ਆਪਣੇ-ਆਪ ਵਿਚ ਲੂੰ-ਕੰਡੇ ਖੜੇ ਕਰਨ ਦੀ ਇਕ ਮਿਸਾਲ ਹੈ।

ਪੇਸ਼ ਹੈ ਭਾਈ ਬਲਵਿੰਦਰ ਸਿੰਘ ਜਟਾਣਾ ਦੇ ਬਿਰਧ ਪਿਤਾ ਸ. ਸੋਹਣ ਸਿੰਘ ਨਾਲ ਇੰਟਰਵਿਊ ਦਾ ਸਾਰ-ਅੰਸ਼। ਇਸ ਮੌਕੇ ਭਾਈ ਬਲਵਿੰਦਰ ਸਿੰਘ ਦੇ ਚਾਚਾ ਰਾਮਦਾਸ ਸਿੰਘ ਵੀ ਹਾਜ਼ਰ ਸਨ, ਜਿਹਨਾਂ ਨੇ ਬੇਅੰਤ ਤਸੀਹੇ ਝੱਲੇ। ਭਾਈ ਬਲਵਿੰਦਰ ਸਿੰਘ ਦੇ ਚਾਚੇ ਦੇ ਪੁੱਤਰ ਹਰਪ੍ਰੀਤ ਸਿੰਘ ਰਿੰਕੂ ਤੇ ਦਲਬੀਰ ਸਿੰਘ ਬੰਟੀ ਵੀ ਕੋਲ ਹੀ ਬੈਠੇ ਸਨ।

**? ਬਾਪੂ ਜੀ! ਆਪਣੇ ਪਰਿਵਾਰਕ ਪਿਛੋਕੜ ਬਾਰੇ ਦੱਸੋ?**

ਸ. ਸੋਹਣ ਸਿੰਘ: ਮੇਰੀ ਉਮਰ 73-74 ਵਰ੍ਹੇ ਹੋਣੀ ਐ। ਐਹ ਰਾਮਦਾਸ ਸਿੰਘ ਮੈਥੋਂ ਛੋਟਾ ਐ ਤੇ ਸਾਡਾ ਤੀਜਾ ਭਰਾ ਅਜੀਤ ਸਿੰਘ ਐ। ਬਲਵਿੰਦਰ ਸਿੰਘ ਦੇ ਨਾਨਕੇ ਸਲੇਮਪੁਰ ਪਿੰਡ ਜੀ ਮਕੜੌਨੇ ਲਾਗੇ। ਸ਼ਾਇਦ 1958 'ਚ ਮੇਰਾ ਵਿਆਹ ਹੋਇਆ। ਨਸੀਬ ਕੌਰ ਨਾਂ ਸੀ ਬਲਵਿੰਦਰ ਦੀ ਮਾਂ ਦਾ। ਮੈਂ ਆਪਣੀ ਸਾਲੀ ਜਸਮੇਰ ਕੌਰ ਦਾ ਰਿਸ਼ਤਾ ਆਪਣੇ ਭਰਾ ਰਾਮਦਾਸ ਸਿੰਘ ਨੂੰ ਕਰਵਾਇਆ। ਮੇਰੇ ਭਰਾ ਦੇ ਵਿਆਹ ਤੋਂ ਪਹਿਲਾਂ ਹੀ ਬਲਵਿੰਦਰ ਦੀ ਮਾਂ ਬੀਮਾਰ ਹੋ ਗਈ। ਓਹੜ-ਪੋਹੜ ਤਾਂ ਕੀਤਾ ਪਰ ਉਹ ਮੈਨੂੰ ਸਦਾ ਲਈ ਛੱਡ ਗਈ।

? **ਬਲਵਿੰਦਰ ਹੋਰੀਂ ਕਿੰਨੇ ਭੈਣ-ਭਰਾ ਸੀ?**

— ਬਲਵਿੰਦਰ ਹੋਰੀਂ ਦੋ ਭਰਾ ਸੀ ਪਰ ਅਸੀਂ ਛੋਟਾ ਮੁੰਡਾ ਪਵਨ ਸਿੰਘ ਮੁਸਕਾਬਾਦ ਵਾਲੀ ਮੇਰੀ ਭੈਣ ਨੂੰ ਦੇ ਦਿੱਤਾ ਹੋਇਆ ਹੈ। ਸਾਡੇ ਕੋਲ ਤਾਂ ਇਹ ਬਲਵਿੰਦਰ ਈ ਸੀ। ਕੁੜੀ ਵੱਡੀ ਸੀ ਦੋਹਾਂ ਤੋਂ ਸੁਰਿੰਦਰ ਕੌਰ। ਉਹ ਦਤਾਰਪੁਰ ਵਿਆਹੀ ਹੋਈ ਆ।

? **ਬਲਵਿੰਦਰ ਦਾ ਸੁਭਾਅ ਬਚਪਨ ਵਿਚ ਕਿਹੋ ਜਿਹਾ ਸੀ?**

— ਉਹ ਸ਼ੁਰੂ ਤੋਂ ਹੀ ਪੜ੍ਹਨ-ਲਿਖਣ ਦਾ ਬੜਾ ਸ਼ੌਕੀਨ ਸੀ। ਪਹਿਲੋਂ ਪਿੰਡ ਪੜ੍ਹਿਆ, ਫਿਰ ਬੀ.ਏ. ਬੇਲੇ ਤੋਂ ਕੀਤੀ। ਐੱਮ.ਏ. ਰੋਪੜ ਤੋਂ ਕਰਦਾ ਸੀ ਜਦੋਂ ਚੱਕਰ ਪਿਆ। ਊਂ, ਸ਼ੁਰੂ ਤੋਂ ਈ ਸਿੱਖੀ ਵੱਲ ਬੜਾ ਖ਼ਿਆਲ ਸੀ ਬਲਵਿੰਦਰ ਦਾ। ਪਿੰਡ ਵਿਚ ਧਾਰਮਿਕ ਪ੍ਰੋਗਰਾਮਾਂ ਵੇਲੇ ਸਭ ਤੋਂ ਮੂਹਰੇ ਹੁੰਦਾ ਸੀ।

? **ਰੋਪੜ ਦਾ ਕੀ ਚੱਕਰ ਪੈ ਗਿਆ ਸੀ?**

— ਜਦੋਂ ਉਹ ਰੋਪੜ ਪੜ੍ਹਨ ਲੱਗਿਆ ਤਾਂ ਉਥੇ ਕਾਲਜ ਵਿਚ ਅਖੰਡ ਪਾਠ ਕਰਵਾਇਆ। ਪਹਿਲੋਂ ਕਾਲਜ ਕਦੇ ਅਖੰਡ ਪਾਠ ਨਹੀਂ ਸੀ ਹੋਇਆ। ਬਲਵਿੰਦਰ ਨੇ ਆਪਣੇ ਨਾਲ ਹੋਰ ਮੁੰਡੇ ਇਕੱਠੇ ਕਰ ਕੇ ਪ੍ਰਿੰਸੀਪਲ ਨਾਲ ਗੱਲਬਾਤ ਕੀਤੀ। ਕਾਫੀ ਖਹਿਬਾਜ਼ੀ ਹੋਈ, ਮਗਰੋਂ ਕਾਲਜ ਵਾਲੇ ਮੰਨ ਗਏ। ਸ਼ਾਇਦ ਦਰਸ਼ਨ ਸਿੰਘ ਰਾਗੀ (ਸਿੰਘ ਸਾਹਿਬ) ਵੀ ਆਇਆ ਸੀ ਭੋਗ ਉੱਤੇ।

? **ਕਿਹੜੇ ਸਾਲ ਦੀ ਗੱਲ ਆ ਇਹ?**

— 1985 ਦੀ ਆ ਮੇਰੇ ਖ਼ਿਆਲ 'ਚ।

? **ਚੱਕਰ ਕੀ ਪੈ ਗਿਆ ਸੀ?**

— ਇਹਨੇ ਜਦੋਂ ਐੱਮ.ਏ. ਦੇ ਪੇਪਰ ਦੇਣੇ ਸੀ ਤਾਂ ਕਹਿਣ ਲੱਗਾ, ਬਈ ਮੈਂ ਰੋਪੜ ਕਮਰਾ ਲੈ ਕੇ ਉਥੇ ਈ ਤਿਆਰੀ ਕਰਨੀ ਐ। ਅਸੀਂ ਆਖਿਆ ਕਿ ਚਲੋ ਠੀਕ ਆ ਪਰ ਤੂੰ ਹਫ਼ਤੇ ਵਿਚ ਇਕ-ਦੋ ਵਾਰ ਮਿਲ ਜਾਇਆ ਕਰੀਂ। ਇਹ ਕਈ ਮੁੰਡੇ ਉਥੇ ਇਕੱਠੇ ਰਹਿੰਦੇ ਸੀ। ਇਕ ਬੁੱਧਵਾਰ ਨੂੰ ਇਹਨੇ ਪਿੰਡ ਆਉਣਾ ਸੀ, ਆਇਆ ਈ ਨਾ। ਅਸੀਂ ਉਡੀਕਦੇ ਰਹੇ। ਸੋਮਵਾਰ

ਨੂੰ ਮੈਂ ਬਲਵਿੰਦਰ ਦੇ ਚਾਚੇ ਰਾਮਦਾਸ ਨੂੰ ਰੋਪੜ ਭੇਜਿਆ ਕਿ ਪਤਾ ਕਰੇ, ਪਰ ਜਦ ਨੂੰ ਉਹ ਖ਼ੁਦ ਹੀ ਘਰ ਆ ਗਿਆ।

? **ਵਿਰੋਂ ਗੱਲ ਕੀ ਸੀ ?**

— ਬਲਵਿੰਦਰ ਨੇ ਈ ਦੱਸਿਆ ਸੀ ਬਈ ਕੋਈ ਮੋਹਲੀ ਦਾ ਮੁੰਡਾ ਸਾਡੇ ਕੋਲ ਰਾਤ ਕੱਟ ਗਿਆ ਸੀ, ਜਿਸ ਕਾਰਨ ਪਟਿਆਲੇ ਦੀ ਪੁਲਿਸ ਕਮਰੇ ਵਿਚ ਰਹਿਣ ਵਾਲੇ ਚਾਰਾਂ ਮੁੰਡਿਆਂ ਨੂੰ ਲੈ ਗਈ ਸੀ। ਪਟਿਆਲੇ ਚਾਰਾਂ ਉਪਰ ਬੇਹੱਦ ਤਸ਼ੱਦਦ ਹੋਇਆ। ਮੈਨੂੰ ਤਾਂ ਇਹ ਬਾਅਦ ਵਿਚ ਪਤਾ ਲੱਗਿਆ। ਉਦੋਂ ਤਾਂ ਬਲਵਿੰਦਰ ਨੇ ਕੁਝ ਨਹੀਂ ਦੱਸਿਆ। ਦੋ-ਚਾਰ ਦਿਨ ਘਰ ਰਹਿ ਕੇ ਉਹ ਫਿਰ ਰੋਪੜ ਚਲਾ ਗਿਆ। ਕਮਰਾ ਬਦਲ ਲਿਆ ਤੇ ਉਥੇ ਰਹਿਣ ਲੱਗ ਪਿਆ।

? **ਅੱਗੇ ਕੀ ਹੋਇਆ ?**

— ਫਿਰ ਵਿਸਾਖੀ ਤੋਂ ਇਕ ਦਿਨ ਮਗਰੋਂ ਪੁਲਿਸ ਦਾ ਛਾਪਾ ਪੈ ਗਿਆ ਇਥੇ। ਕਹਿੰਦੇ ਖੇੜੀ ਪਿੰਡ ਵਿਚ ਕੋਈ ਬੰਦਾ ਮਾਰ'ਤਾ।

? **ਅੱਛਾ.....!**

— ਬਲਵਿੰਦਰ ਵਿਸਾਖੀ ਵਾਲੇ ਦਿਨ ਆਇਆ ਸੀ ਘਰੇ। ਉਹਨੇ ਆਪਣੀਆਂ ਸਾਰੀਆਂ ਫ਼ੋਟੋਆਂ ਵਗ਼ੈਰਾ ਇਧਰ-ਉਧਰ ਕਰ ਦਿੱਤੀਆਂ। ਪੁਲਿਸ ਅਗਲੇ ਦਿਨ ਆਈ।

? **ਕੋਈ ਨਾਲ ਵੀ ਸੀ ਬਲਵਿੰਦਰ ਦੇ ?**

ਬੰਟੀ (ਬਲਵਿੰਦਰ ਦੇ ਚਾਚੇ ਦਾ ਮੁੰਡਾ) : ਮੁੰਡਾ ਤਾਂ ਕਦੇ ਵੀ ਕੋਈ ਓਦੂੰ ਪਹਿਲੋਂ ਘਰ ਨਹੀਂ ਸੀ ਆਇਆ। ਇਕ ਫ਼ੈਡਰੇਸ਼ਨ ਵਾਲਾ ਇੰਦਰਜੀਤ ਆਇਆ ਕਰਦਾ ਸੀ, ਸ਼ਾਇਦ ਰਤਨਗੜ੍ਹ ਦਾ ਸੀ।

? **ਕਿਹੜੇ ਥਾਣੇ ਦੀ ਪੁਲਿਸ ਸੀ ?**

— ਚਮਕੌਰ ਸਾਹਿਬ ਥਾਣੇ ਦੀ ਪੁਲਿਸ ਆਈ ਸੀ। ਮੈਂ ਤਾਂ ਘਰ ਨਹੀਂ ਸੀ, ਇਹਨੂੰ (ਰਾਮਦਾਸ ਸਿੰਘ ਵੱਲ ਇਸ਼ਾਰਾ ਕਰ ਕੇ) ਲੈ ਗਏ, ਇਹਨੂੰ 14 ਦਿਨ ਥਾਣੇ ਰੱਖਿਆ। ਮਗਰੋਂ ਮੈਂ ਪੇਸ਼ ਹੋ ਗਿਆ। ਪੁੱਛਦੇ ਰਹੇ ਬਲਵਿੰਦਰ ਕਿਥੇ ਆ ? ਮੈਂ ਕਿਹਾ, ਮੈਨੂੰ ਤਾਂ ਪਤਾ ਨਹੀਂ। ਕਹਿੰਦੇ ਦੱਲੀ ਕੋਲ ਹੋਊ ਪਥਰੇੜੀ। ਕਹਿੰਦੇ ਸਾਨੂੰ ਪਤਾ ਲੈ ਕੇ ਦੱਸੀਂ ? ਮੈਂ ਹਾਮੀ ਭਰ ਦਿੱਤੀ। ਪੁਲਿਸ ਨੇ ਮੈਨੂੰ ਛੱਡ ਦਿੱਤਾ।

? **ਭਗੌੜਾ ਹੋਣ ਮਗਰੋਂ ਤੁਸੀਂ ਉਹਨੂੰ ਮਿਲੇ ?**

— ਹਾਂ, ਕਿਸੇ ਬੰਦੇ ਰਾਹੀਂ ਮੈਂ ਉਹਨੂੰ ਮਿਲਿਆ। ਮੈਂ ਉਹਨੂੰ ਆਖਿਆ ਬਈ ਤੂੰ ਪੇਸ਼ ਹੋ ਜਾ, ਸਾਨੂੰ ਕਾਹਨੂੰ ਪ੍ਰੇਸ਼ਾਨ ਕਰਦਾਂ। ਕਹਿੰਦਾ ਜੇ ਮੈਂ ਪੇਸ਼ ਹੋ ਗਿਆ ਤਾਂ ਮੈਨੂੰ ਪੁਲਿਸ ਨੇ ਝੂਠੇ ਮੁਕਾਬਲੇ ਵਿਚ ਮਾਰ ਸੁੱਟਣਾ। ਫਿਰ ਮੈਂ ਲੜ ਕੇ ਕਿਉਂ ਨਾ ਮਰਾਂ ? ਮੇਰੇ ਮੂੰਹੋਂ ਨਿਕਲਿਆ, ਪੁੱਤ ! ਜੇ ਤੂੰ ਪੇਸ਼ ਨਹੀਂ

ਹੋਣਾ ਤਾਂ ਕੁਝ ਕਰ ਕੇ ਮਰੀਂ। ਕੁਝ ਕਰ ਕੇ ਮਰੇਂਗਾ ਤਾਂ ਸਾਨੂੰ ਕੋਈ ਅਫ਼ਸੋਸ ਨਹੀਂ ਹੋਊਗਾ।

? **ਪਰਿਵਾਰ ਦੇ ਹੋਰ ਕਿਸੇ ਮੈਂਬਰ ਨੂੰ ਵੀ ਮਿਲਿਆ?**

— ਹਾਂ, ਮਿਲਦਾ ਰਿਹਾ। ਘਰ ਵੀ ਆਇਆ ਕਈ ਵੇਰ, ਅੱਧੀ ਕੁ ਰਾਤੋਂ ਆਉਣਾ। ਕੋਈ ਨਾ ਕੋਈ ਜੁਝਾਰੂ ਨਾਲ ਵੀ ਹੁੰਦਾ ਸੀ। ਲਵੇਰਾ ਆਪਣੇ ਘਰ ਦਾ ਹੁੰਦਾ ਹੀ ਸੀ। ਬਲਵਿੰਦਰ ਦੀ ਚਾਚੀ ਨੇ ਝੱਟ ਦੁੱਧ ਗਰਮ ਕਰ ਦੇਣਾ। ਤਕਰੀਬਨ ਸਾਰੇ ਹੀ ਜੁਝਾਰੂ ਆਪਣੇ ਘਰ ਆਏ ਹੋਣੇ ਨੇ ਉਹਦੇ ਨਾਲ ਦੇ।

? **ਪਿੰਡ 'ਚੋਂ ਕਿਸੇ ਨੇ ਪੁਲਿਸ ਕੋਲ ਚੁਗ਼ਲੀ ਨਾ ਕੀਤੀ?**

— ਪਿੰਡ ਵਿਚ ਉਹਦਾ ਬਹੁਤ ਸਤਿਕਾਰ ਸੀ। ਹਰੇਕ ਇੱਜ਼ਤ ਕਰਦਾ ਸੀ। ਕਦੇ ਵੀ ਕਿਸੇ ਨੇ ਕੋਈ ਗੱਲ ਨਹੀਂ ਕੀਤੀ। ਉਂ ਤਾਂ ਉਹ ਦਿਨੇ ਤਾਂ ਕਦੇ ਦਿਖਾਈ ਨਹੀਂ ਦਿੱਤਾ। ਹਨੇਰੇ-ਸਵੇਰੇ ਹੀ ਆਉਂਦਾ ਸੀ। ਮੈਨੂੰ ਤਾਂ ਲੱਗਦਾ ਨੀਂ ਬਈ ਪਿੰਡ ਦੇ ਕਿਸੇ ਬੰਦੇ ਨੂੰ ਕਦੇ ਉਹ ਮਿਲਿਆ ਹੋਊ।

? **ਬਲਵਿੰਦਰ ਦੇ ਭਗੌੜਾ ਹੋਣ ਮਗਰੋਂ ਪੁਲਿਸ ਦਾ ਕੀ ਰਵੱਈਆ ਰਿਹਾ?**

— ਪੁਲਿਸ ਦਾ ਇਕ ਚੱਕਰ ਈ ਚੱਲ ਪਿਆ। ਕਦੇ ਕੋਈ ਥਾਣੇ, ਕਦੇ ਕਿਸੇ ਦੂਜੇ ਥਾਣੇ। ਕਦੇ ਫੜ ਲੈਣਾ, ਕਦੇ ਛੱਡ ਦੇਣਾ। ਕੋਈ ਈ ਥਾਣਾ ਹੋਣਾ ਜਿਹੜਾ ਅਸੀਂ ਨਹੀਂ ਦੇਖਿਆ। ਮੈਨੂੰ, ਮੇਰੇ ਐਸ ਭਰਾ ਰਾਮਦਾਸ ਸਿੰਘ ਨੂੰ ਤੇ ਹੋਰਨਾਂ ਰਿਸ਼ਤੇਦਾਰਾਂ ਨੂੰ ਪੁਲਿਸ ਨੇ ਵਖਤ ਪਾਈ ਰੱਖਿਆ।

? **ਮਾਰ-ਕੁੱਟ ਵੀ ਕਰਦੇ ਸੀ?**

— ਦਬਕੇ ਮਾਰਦੇ ਤੇ ਡਰਾਵੇ ਦਿੰਦੇ ਰਹਿੰਦੇ ਸੀ ਕਿ ਬਲਵਿੰਦਰ ਨੂੰ ਫੜਾਉ। ਕਈ ਚੰਗੇ ਵੀ ਬਥੇਰੇ ਸੀ ਪੁਲਸੀਏ। ਰੋਪੜ ਦਾ ਇਕ ਹੌਲਦਾਰ ਸੀ, ਸ਼ਾਇਦ ਸ਼ਿੰਦਾ ਸੀ ਉਹਦਾ ਨਾਉਂ। ਇਕ ਵਾਰ ਮੈਂ ਰੋਟੀ ਖਾਣ ਲੱਗਾ। ਕੋਲ ਖੜ੍ਹੇ ਪੁਲਸੀਏ ਨੂੰ ਜਦੋਂ ਪਤਾ ਲੱਗਾ ਕਿ ਮੈਂ ਬਲਵਿੰਦਰ ਸਿੰਘ ਜਟਾਣੇ ਦਾ ਪਿਉ ਹਾਂ ਤਾਂ ਉਹ ਸਾਨੂੰ ਗਾਲ੍ਹਾਂ ਦੇਣ ਲੱਗ ਪਿਆ ਤੇ ਕਹਿੰਦਾ ਇਹਨਾਂ ਨੂੰ ਕਾਹਦੀ ਰੋਟੀ, ਜਿਹੜੇ ਪੁਲਿਸ ਨੂੰ ਮਾਰਦੇ ਫਿਰਦੇ ਆ। ਮੈਂ ਉਥੇ ਹੀ ਰੋਟੀ ਛੱਡ ਦਿੱਤੀ। ਦੂਜੇ ਪੁਲਸੀਏ ਨੇ ਮੇਰੀਆਂ ਇੰਨੀਆਂ ਮਿੰਨਤਾਂ ਕੀਤੀਆਂ ਕਿ ਜੇ ਘਰ ਦਾ ਵੀ ਕੋਈ ਹੁੰਦਾ ਤਾਂ ਸ਼ਾਇਦ ਐਨਾ ਖਿਆਲ ਨਾ ਕਰਦਾ। ਉਹਨੇ ਮੈਨੂੰ ਬਹੁਤ ਪਿਆਰ ਨਾਲ ਮਜਬੂਰ ਕਰ ਕੇ ਰੋਟੀ ਖੁਆਈ। ਨਾਲੇ ਆਖੀ ਜਾਵੇ, ਜਿਹੜੇ ਅੱਗੇ ਦਿਨ ਸੀ, ਉਹ ਨਹੀਂ ਰਹੇ ਤੇ ਜਿਹੜੇ ਹੁਣ ਨੇ ਇਹ ਵੀ ਨਹੀਂ ਰਹਿਣੇ। ਇਕ ਹੋਰ ਪੁਲਸੀਆ ਸੀ, ਉਹ ਆਖਿਆ ਕਰੇ ਕਿ ਬਲਵਿੰਦਰ ਬੰਦਾ ਏ ਬੰਦਾ।. ਪਰ ਇਕ ਰਾਧੇ ਸ਼ਾਮ ਥਾਣੇਦਾਰ ਸੀ, ਉਹਨੇ ਸਾਨੂੰ ਬੜੀ ਤੰਗੀ ਦਿੱਤੀ।

? **ਤੁਸੀਂ ਕੀ ਸਮਝਦੇ ਹੋ ਕਿ ਪੁਲਿਸ ਦਾ ਰਵੱਈਆ ਸਾਰਿਆਂ ਖਾੜਕੂਆਂ ਦੇ ਪਰਿਵਾਰਾਂ ਪ੍ਰਤੀ ਇਕੋ ਜਿਹਾ ਸੀ?**

— ਨਹੀਂ, ਸ਼ਾਇਦ ਬਲਵਿੰਦਰ ਹੋਰਾਂ ਦਾ ਵੀ ਫ਼ਰਕ ਸੀ ਕਿ ਉਹ ਨਾਜਾਇਜ਼ ਕੰਮ ਨਹੀਂ ਸੀ ਕਰਦੇ। ਉਹਨਾਂ ਦੀ ਆਪਣੀ ਬਹੁਤ ਇੱਜਤ ਸੀ ਇਲਾਕੇ ਵਿਚ। ਬਾਕੀ ਹਰ ਬੰਦੇ ਦਾ ਆਪਣਾ ਸੁਭਾਅ ਹੁੰਦਾ ਹੈ। ਰਾਧੇ ਸ਼ਾਮ ਥਾਣੇਦਾਰ ਸਾਨੂੰ ਤੰਗ ਹੀ ਕਰਦਾ ਰਿਹਾ। ਇਕ ਵਾਰੀ ਇਥੇ ਰੇਡ ਕਰਨ ਆਇਆ। ਸਾਈਡ ਵਾਲੀ ਬਾਰੀ ਨੂੰ ਵੇਖ ਕੇ ਕਹਿੰਦਾ, ਇਥੋਂ ਦੀ ਲੰਘ ਗਿਆ ਹੋਣਾ ਬਲਵਿੰਦਰ। ਮੈਂ ਆਖਿਆ ਬਾਰੀ ਵਿਚ ਪੱਕੀ ਚੁਗਾਠ ਏ, ਸਰੀਏ ਫਿੱਟ ਨੇ, ਐਂ ਕਿਵੇਂ ਵਿਚ ਦੀ ਲੰਘ ਜਾਊ। ਪਰ ਉਹ ਅਬਾ-ਤਬਾ ਬੋਲੀ ਗਿਆ। ਨਾਲ ਦੇ ਪੁਲਸੀਏ ਰੋਕਦੇ ਵੀ ਰਹੇ ਪਰ ਉਹ ਮੈਨੂੰ ਫੜ ਕੇ ਰੋਪੜ ਥਾਣੇ ਲੈ ਗਿਆ। ਉਥੇ ਦਬਕੇ ਮਾਰਦਾ ਰਿਹਾ ਤੇ ਡਰਾਵੇ ਦਿੰਦਾ ਰਿਹਾ। ਉਹਨੇ ਬਹੁਤ ਪਰੇਸ਼ਾਨ ਕੀਤਾ।

ਬੰਟੀ : ਇਹੀ ਰਾਧੇ ਸ਼ਾਮ ਥਾਣੇਦਾਰ ਇਥੇ ਇਕ ਵਾਰੀ ਕਹਿੰਦਾ ਸੀ ਕਿ ਤੁਸੀਂ ਬਲਵਿੰਦਰ ਨੂੰ ਫੜਾਉਂਦੇ ਨਹੀਂ, ਅਸੀਂ ਘਰ ਨੂੰ ਅੱਗ ਲਾ ਦੇਣੀ ਆ। ਤਾਂ ਮੇਰੀ ਮਾਂ ਨੇ ਉਹਨੂੰ ਤੀਲਾਂ ਵਾਲੀ ਡੱਬੀ ਫੜਾ ਦਿੱਤੀ ਬਈ ਤੂੰ ਹੁਣੇ ਅੱਗ ਲਾ ਦੇ। ਫੇਰ ਤਾਹਾਂ-ਠਾਹਾਂ ਦੇਖੇ।

**? ਮਾਤਾ ਤਾਂ ਫੇਰ ਦਲੇਰ ਸੀ?**

ਸੋਹਣ ਸਿੰਘ : ਹਾਂ ਜੀ, ਬੜੀ ਦਲੇਰ ਦਿਲ ਸੀ। ਇਕ ਵੇਰ ਸਾਨੂੰ ਫੜਨ ਮਾਛੀਵਾੜੇ ਦੀ ਪੁਲਿਸ ਆਈ ਸੀ। ਉਹਨਾਂ ਪੁਲਸੀਆਂ ਦੀ ਉਹਨੇ ਚੰਗੀ ਕੁਪੱਤ ਕੀਤੀ। ਉਹ ਗੱਲ ਕਹਿਣ ਲੱਗੀ ਝੱਕਦੀ ਨਹੀਂ ਸੀ। ਦੱਸਦੇ ਆ ਉਹਦੀ ਲਾਸ਼ 'ਤੇ ਬਹੁਤ ਰਗੜਾਂ ਸੀ, ਲੱਗਦਾ ਬਈ ਕਾਤਲਾਂ ਨਾਲ ਟੱਕਰ ਉਹਨੇ ਜ਼ਰੂਰ ਲਈ ਹੋਊ। ਗੋਲੀ ਉਹਦੇ ਮੱਥੇ ਵਿਚ ਮਾਰੀ ਹੋਈ ਸੀ। ਸਾਇਦ ਪੰਜ-ਛੇ ਜਣਿਆਂ ਨੇ ਲੱਤਾਂ ਬਾਹਾਂ ਤੋਂ ਫੜ ਕੇ ਗੋਲੀ ਮਾਰੀ ਹੋਵੇ। ਉਂਞ ਦੱਸਦੇ ਆ ਬਈ ਜਿੱਦਣ ਸੈਣੀ ਉਪਰ ਹਮਲਾ ਹੋਇਆ ਉਦੋਂ ਲੋਕਾਂ ਨੇ ਕਿਹਾ ਸੀ ਬਈ ਇਧਰ-ਓਧਰ ਪੈਜੋ। ਪਰ ਇਹ ਦਲੇਰ ਸੀ ਕਹਿੰਦੀ, ਕੋਈ ਗੱਲ ਨੀਂ ਵੱਧ ਤੋਂ ਵੱਧ ਫੜ ਕੇ ਲੈ ਜਾਣਗੇ।

**? ਸੈਣੀ 'ਤੇ ਹਮਲੇ ਮਗਰੋਂ ਲੋਕਾਂ ਨੇ ਇਹੋ ਜਿਹੇ ਸ਼ੰਕੇ ਕਿਉਂ ਕੀਤੇ?**

ਬੰਟੀ : ਸੈਣੀ ਸਾਡੇ ਪਰਿਵਾਰ ਦੇ ਮਗਰ ਬਹੁਤ ਬੁਰੀ ਤਰ੍ਹਾਂ ਪਿਆ ਹੋਇਆ ਸੀ। ਬਲਵਿੰਦਰ ਦਾ ਜਿਹੜਾ ਭਰਾ ਪਵਨ ਸਿੰਘ ਭੂਆ ਨੇ ਪਾਲਿਆ ਹੋਇਆ ਏ ਨਾ, ਉਹਦਾ ਵਿਆਹ ਸੀ। ਉਸ ਦੀ ਬਾਰਾਤ ਸਮਰਾਲੇ ਕੋਲ ਘੁੰਗਰਾਲੀ ਪਿੰਡ ਵਿਚ ਗਈ ਸੀ। ਆਨੰਦ ਕਾਰਜ ਤੋਂ ਇਕ ਦਮ ਬਾਅਦ ਪੁਲਿਸ ਆ ਗਈ ਅਤੇ ਮੇਰਾ ਦਿੱਲੀ ਵਾਲਾ ਭਰਾ ਗੁਰਮੁਖ ਸਿੰਘ ਚੁੱਕ ਲਿਆ। ਮੇਰੇ ਕੁਰਾਲੀ ਵਾਲੇ ਚਾਚੇ ਦਾ ਪੁੱਤਰ ਹਰਜਿੰਦਰ ਸਿੰਘ ਅਤੇ ਮੋਰਿੰਡੇ ਵਾਲੇ ਕੁਲਬੀਰ ਸਿੰਘ ਨੂੰ ਪੁਲਿਸ ਚੁੱਕ ਕੇ ਲੈ ਗਈ। ਜਦੋਂ ਘੁੰਗਰਾਲੀ ਪਿੰਡ ਤੋਂ ਬਾਰਾਤ ਵਾਪਸ ਆ ਰਹੀ ਸੀ ਤਾਂ ਪੁਲਿਸ ਨੇ ਰਸਤੇ ਵਿਚ ਗੱਡੀਆਂ ਰੋਕ ਕੇ ਵਿਆਹ ਵਾਲੇ

ਮੁੰਡੇ (ਪਵਨ ਸਿੰਘ) ਨੂੰ ਵੀ ਚੁੱਕ ਲਿਆ। ਇਹਨਾਂ ਨੂੰ ਹਫ਼ਤਾ ਥਾਣਿਆਂ ਵਿਚ ਈ ਰੱਖਿਆ, ਬੇਤਹਾਸ਼ਾ ਤਸ਼ੱਦਦ ਕੀਤਾ। ਉਹਨਾਂ ਦੀ ਹਾਲਤ ਦੇਖਣਯੋਗ ਵੀ ਨਹੀਂ ਸੀ। ਇਉਂ ਹੀ ਸਾਡੀ ਦਤਾਰਪੁਰੀ ਵਾਲੀ ਭੈਣ ਦੇ ਘਰ ਪੁਲਿਸ ਰੇਡਾਂ ਮਾਰਦੀ ਰਹਿੰਦੀ ਸੀ। ਬਲਵਿੰਦਰ ਦੇ ਜੀਜੇ ਨੂੰ ਬੜੀ ਵੇਰ ਪੁਲਿਸ ਨੇ ਚੁੱਕਿਆ। ਸੁਮੇਧ ਸੈਣੀ ਉਪਰ ਜਦੋਂ ਚੰਡੀਗੜ੍ਹ ਬੰਬ ਚੱਲਿਆ ਤਾਂ ਫਿਰ ਇਹਦਾ ਸ਼ੱਕ ਬਲਵਿੰਦਰ ਦੇ ਗਰੁੱਪ ਉਪਰ ਆਉਣਾ ਸੁਭਾਵਿਕ ਹੀ ਸੀ। ਪਿੰਡ ਦੇ ਲੋਕਾਂ ਨੂੰ ਮਹਿਸੂਸ ਹੋਇਆ ਕਿ ਪੁਲਿਸ ਬਦਲੇ ਦੀ ਕਾਰਵਾਈ ਕਰ ਸਕਦੀ ਹੈ। ਤਾਹੀਉਂ ਲੋਕ ਘਰਦਿਆਂ ਨੂੰ ਏਧਰ-ਓਧਰ ਪੈਣ ਲਈ ਆਖਦੇ ਸੀ। ਜਿੱਦਣ ਘਰ ਉਪਰ ਹਮਲਾ ਹੋਇਆ, ਓਦਣ ਮੈਂ ਤੇ ਮੇਰੇ ਪਿਤਾ ਰਾਏਕੋਟ ਥਾਣੇ ਬੰਦ ਸੀ ਤੇ ਤਾਇਆ ਜੀ ਚਮਕੌਰ ਸਾਹਿਬ। ਅਸੀਂ ਬਚ ਗਏ, ਘਰ ਜਿੰਨੇ ਕੁ ਜੀਅ ਸੀ, ਸਾਰੇ ਮਾਰੇ ਗਏ।

? **ਘਰ ਉਪਰ ਹਮਲੇ ਵਾਲੇ ਦਿਨ ਦੀ ਗੱਲ ਦੱਸੋ?**

ਸੋਹਣ ਸਿੰਘ: ਮੈਂ ਤਾਂ ਚਮਕੌਰ ਸਾਹਿਬ ਥਾਣੇ ਬੰਦ ਸੀ ਉਦੋਂ। ਮੇਰਾ ਭਰਾ ਰਾਏਕੋਟ ਥਾਣੇ ਸੀ। ਇਹ ਬੰਟੀ ਵੀ ਨਾਲ ਈ ਸੀ ਰਾਏਕੋਟ।

ਬੰਟੀ: ਸਾਨੂੰ ਤਾਂ ਲੋਕਾਂ ਤੋਂ ਈ ਪਤਾ ਲੱਗਿਆ। ਜਿੱਦਣ ਸੁਮੇਧ ਸੈਣੀ ਉਪਰ ਚੰਡੀਗੜ੍ਹ ਬੰਬ ਚੱਲਿਆ ਤਾਂ ਇਥੇ ਪਿੰਡ ਆਥਣੇ ਜਿਹੇ ਕੋਈ ਓਪਰਾ ਬੰਦਾ ਆਇਆ। ਉਹ ਇਥੇ ਘਰ ਆ ਕੇ ਪਤਾ ਕਰ ਕੇ ਗਿਆ ਬਈ ਪਰਿਵਾਰ ਦੇ ਕਿੰਨੇ ਜੀਅ ਘਰ ਨੇ। ਸਾਡੇ ਇਕ ਮੁੰਡੇ ਨੂੰ ਪਿੰਡ ਕਿਸੇ ਨੇ ਰਾਤ ਨੂੰ ਆਪਣੇ ਵੱਲ ਪਾ ਲਿਆ ਸਾਵਧਾਨੀ ਵਜੋਂ। ਘਰ ਮੇਰੀ ਮਾਂ ਜਸਮੇਰ ਕੌਰ ਸੀ, ਮੇਰੀ ਸਤਵੀਂ ਵਿਚ ਪੜ੍ਹਦੀ ਭੈਣ ਮਨਪ੍ਰੀਤ ਕੌਰ ਸੀ, ਦਾਦੀ ਦੁਆਰਕੀ ਕੌਰ ਤੇ ਬਲਵਿੰਦਰ ਦਾ ਭਾਣਜਾ ਸੀ 6 ਕੁ ਸਾਲ ਦਾ। ਇਸ ਭਾਣਜੇ (ਹਰਸਿਮਰਨਜੀਤ) ਦੀਆਂ ਲੱਤਾਂ ਨੂੰ ਪੋਲੀਓ ਸੀ। ਪਤਾ ਲੱਗਿਆ ਕਿ ਰਾਤੀਂ 3-4 ਵਜੇ ਨਿਹੰਗ ਆਏ ਸੀ। ਉਹਨਾਂ ਕੁੰਡਾ ਖੜਕਾਇਆ। ਜਦੋਂ ਕੁੰਡਾ ਖੋਲ੍ਹਿਆ ਤਾਂ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਮਗਰੋਂ ਲਾਸ਼ਾਂ ਉੱਤੇ ਕੱਪੜੇ ਸੁੱਟ ਕੇ ਮਕਾਨ ਨੂੰ ਅੱਗ ਲਗਾ ਦਿੱਤੀ।

(ਇਹ ਆਮ ਚਰਚਾ ਹੈ ਕਿ 29 ਅਗਸਤ 1991 ਨੂੰ ਬਲਵਿੰਦਰ ਸਿੰਘ ਜਟਾਣਾ ਦੇ ਪਰਿਵਾਰ ਦਾ ਕਤਲੇਆਮ ਨਕਲੀ ਨਿਹੰਗ ਅਜੀਤ ਸਿੰਘ ਪੂਹਲਾ ਦੇ ਕਾਤਲ ਟੋਲੇ ਨੇ ਕੀਤਾ ਹੈ।)

? **ਪਰ ਰਾਤ ਨੂੰ ਕੁੰਡਾ ਕਿਉਂ ਖੋਲ੍ਹਿਆ?**

— ਪੁਲਿਸ ਤਾਂ ਆਉਂਦੀ ਹੀ ਰਹਿੰਦੀ ਸੀ। ਘਰਦਿਆਂ ਨੇ ਸੋਚਿਆ ਹੋਣੈ ਮਸਾਂ ਪੁੱਛ-ਪੜਤਾਲ ਲਈ ਪੁਲਿਸ ਆਈ ਹੈ। ਇਸ ਗੱਲ ਦਾ ਚਿਤ ਚੇਤਾ ਵੀ ਨੀ ਸੀ।

? **ਤੁਹਾਨੂੰ ਕਦੇ ਜਿਸਮਾਨੀ ਤਸ਼ੱਦਦ ਦਾ ਸ਼ਿਕਾਰ ਵੀ ਬਣਨਾ ਪਿਆ?**

ਸੋਹਣ ਸਿੰਘ : ਇਕ ਵੇਰ ਚੰਡੀ ਮੰਦਰ ਕੋਲ ਕੋਈ ਡੀ.ਐੱਸ.ਪੀ. ਮਾਰਿਆ ਗਿਆ। ਉਦੋਂ ਵੀ ਸਾਨੂੰ ਲੈ ਗਿਆ। ਸਾਨੂੰ ਹਰਿਆਣੇ ਦੇ ਕਈ ਥਾਣਿਆਂ ਵਿਚ ਰੱਖਿਆ। ਚੰਡੀ ਮੰਦਰ ਥਾਣੇ, ਨਾਰਾਇਣਗੜ੍ਹ ਥਾਣੇ, ਐੱਚ.ਐੱਮ.ਟੀ., ਅੰਬਾਲੇ ਵਗੈਰਾ ਥਾਣਿਆਂ ਵਿਚ ਲਈ ਫਿਰਦੇ ਰਹੇ। ਅੰਬਾਲੇ ਵੀ ਸ਼ਾਇਦ। ਇਕ ਦਿਨ ਪੁੱਛਣ ਲੱਗੇ ਬਈ ਕਿਥੇ ਆ ਬਲਵਿੰਦਰ ? ਦਬਕੇ ਮਾਰਦੇ ਰਹੇ, ਡਰਾਵੇ ਦਿੰਦੇ ਰਹੇ, ਫਿਰ ਪਟਾ ਲੈ ਆਏ। ਪਾਸੇ ਕਰ ਕੇ ਮੇਰੇ ਚਾਰ-ਪੰਜ ਪਟੇ ਮਾਰੇ। ਕਹਿੰਦੇ ਦੱਸ, ਮੈਂ ਕਿਹਾ ਦੱਸਦਾਂ, ਉਹ ਰੁਕ ਗਿਆ। ਮੈਂ ਆਖਿਆ, "ਜੋ ਕੁਝ ਮੈਨੂੰ ਪਤਾ ਸੀ, ਦੱਸ ਦਿੱਤਾ। ਏਦੂੰ ਵੱਧ ਮੈਨੂੰ ਕੱਖ ਪਤਾ ਨਹੀਂ, ਲੈ ਹੁਣ ਬੇਸ਼ੱਕ ਗੋਲੀ ਮਾਰ ਦੇ।" ਕਈ ਦਿਨਾਂ ਮਗਰੋਂ ਸਾਨੂੰ ਛੱਡ ਦਿੱਤਾ। ਅਸੀਂ ਦੋਵੇਂ ਭਾਈ 22 ਕੁ ਦਿਨ ਮਗਰੋਂ ਘਰ ਆਏ।

? **ਤੁਹਾਨੂੰ ਆਪਣੇ ਪੁੱਤਰ ਉੱਤੇ ਬਹੁਤ ਮਾਣ ਆਇਆ ਹੋਵੇ, ਕੋਈ ਉਹ ਗੱਲ ਦੱਸੋ ?**

— ਇਕ ਵੇਰ ਚਮਕੌਰ ਥਾਣੇ ਮੈਂ ਤੇ ਇਹ ਬੰਟੀ (ਭਤੀਜਾ) ਬੰਦ ਸੀ। ਉਦੋਂ 88 ਦੇ ਹੜ੍ਹ ਆਏ ਸੀ। ਇਕ ਪੁਲਸੀਆ ਉਥੇ ਨਵਾਂ ਹੀ ਆਇਆ ਸੀ, ਆ ਕੇ ਕਹਿੰਦਾ, ਚਲੋ ਥਾਣੇ ਦੀ ਛੱਤ ਉੱਤੇ ਮਿੱਟੀ ਸੁੱਟੋ। ਮੈਂ ਆਖਿਆ ਕਿ ਚਾਹ ਪੀ ਕੇ ਸੁੱਟ ਦਿੰਦੇ ਆਂ। ਏਨੀ ਗੱਲ 'ਤੇ ਈ ਉਹ ਪੁਲਸੀਆ ਗਾਲ੍ਹ ਕੱਢ ਕੇ ਮੇਰੇ ਰਫ਼ਲ ਦਾ ਬੱਟ ਮਾਰਨ ਲੱਗਿਆ। ਝੱਲੀਆਂ ਖ਼ੁਰਦ ਵਾਲੇ ਚਰਨਜੀਤ ਸਿੰਘ ਚੰਨੇ ਦਾ ਪਿਉ ਇਕ ਦਮ ਉਹਨੂੰ ਕਹਿੰਦਾ, ਦੇਖ ਲੈ, ਸੋਚ ਕੇ ਹੱਥ ਚੁੱਕੀਂ। ਰੌਲਾ-ਗੌਲਾ ਸੁਣ ਕੇ ਮੁਨਸ਼ੀ ਕੋਲੋਂ ਸ਼ਿੰਦਾ ਹੌਲਦਾਰ ਭੱਜ ਕੇ ਆਇਆ। ਆ ਕੇ ਉਸ ਪੁਲਸੀਏ ਨੂੰ ਗਾਲ੍ਹਾਂ ਕੱਢਦਾ ਆਖਣ ਲੱਗਾ, "ਸ਼ੇਰ ਦੀ ਪੂਛ ਨੂੰ ਹੱਥ ਲਾਉਨੈਂ, ਜੇ ਪਤੰਦਰਾ ਪਤਾ ਲੱਗ ਗਿਆ, ਤੈਨੂੰ ਤਾਂ ਪਾਤਾਲ ਵਿਚ ਹੀ ਨਹੀਂ ਛੱਡਣਾ ਓਸ।" ਮੈਨੂੰ ਇਸ ਮੌਕੇ ਆਪਣੇ ਪੁੱਤਰ ਉੱਤੇ ਬੜਾ ਮਾਣ ਆਇਆ। ਬਾਅਦ ਵਿਚ ਉਹੀ ਪੁਲਸੀਆ ਸਾਨੂੰ ਚਾਹ-ਪਾਣੀ ਪੁੱਛਿਆ ਕਰੇ। ਬੜਾ ਖ਼ਿਆਲ ਰੱਖਿਆ ਕਰੇ।

? **ਬਾਪੂ ਜੀ, ਆਪਣੇ ਸਿੰਘਾਂ ਨੇ ਜੋ ਲੜਾਈ ਲੜੀ, ਉਹ ਜਾਇਜ਼ ਐ ?**

— ਹਾਂ, ਬਿਲਕੁਲ ਜਾਇਜ਼ ਐ। ਸਿੰਘਾਂ ਨੇ ਕੁਝ ਵੀ ਗ਼ਲਤ ਨਹੀਂ ਕੀਤਾ। ਆਪਣਾ ਹੱਕ ਈ ਮੰਗਦੇ ਸੀ, ਹੱਕਾਂ ਲਈ ਲੜਾਈ ਸੀ।

? **ਬਲਵਿੰਦਰ ਸਿੰਘ ਦੀ ਸ਼ਹੀਦੀ ਬਾਰੇ ਦੱਸੋ ?**

ਬੰਟੀ : ਦਰਅਸਲ ਇਹਨਾਂ ਦੀ ਮੁਖ਼ਬਰੀ ਹੋਈ ਐ। ਕਿਸੇ ਕੈਟ ਨੂੰ ਪੱਕਾ ਪਤਾ ਸੀ। ਇਹ ਫ਼ਤਹਿਗੜ੍ਹ ਸਾਹਿਬ ਕੋਲ ਸੈਦਪੁਰ ਪਿੰਡ ਵਿਚ ਸੀਗੇ, ਉਥੇ ਘੇਰਾ ਪੈ ਗਿਆ। ਨਾਲ ਝੱਲੀਆਂ ਖ਼ੁਰਦ ਵਾਲਾ ਚਰਨਜੀਤ ਸਿੰਘ ਸੀ। ਇਥੇ ਦੋਹਾਂ ਨੇ ਮੁਕਾਬਲਾ ਕੀਤਾ। ਪਰ ਪੁਲਿਸ ਬਹੁਤ ਸੀ, ਦੋਵੇਂ ਇਥੇ ਸ਼ਹੀਦ ਹੋ ਗਏ। ਇਹ 1 ਸਤੰਬਰ 1991 ਦੀ ਗੱਲ ਹੈ। ਇਥੋਂ ਲਾਸ਼ਾਂ ਚੁੱਕ ਕੇ ਫ਼ਤਹਿਗੜ੍ਹ

ਸਾਹਿਬ ਲੈ ਆਏ। ਮੈਂ ਤੇ ਬਾਪੂ ਜੀ ਰਾਏਕੋਟ ਥਾਣੇ ਈ ਸੀ। ਓਦਣ ਪੁਲਸੀਏ ਸਾਡੇ ਨਾਲ ਬਲਵਿੰਦਰ ਬਾਰੇ ਕੁਝ ਜ਼ਿਆਦਾ ਈ ਗੱਲਾਂ ਕਰਦੇ ਰਹੇ। 5 ਕੁ ਵਜੇ ਸਾਨੂੰ ਰਾਏਕੋਟੋਂ ਖਮਾਣੋਂ ਥਾਣੇ ਲਈ ਤੋਰ ਲਿਆ। ਉਥੇ ਚਮਕੌਰ ਸਾਹਿਬ ਵਾਲੀ ਪੁਲਿਸ ਬੈਠੀ ਸੀ। ਜਦ ਤਕ ਸਾਨੂੰ ਬਾਈ ਜੀ ਦੀ ਸ਼ਹੀਦੀ ਦਾ ਪਤਾ ਲੱਗ ਗਿਆ।

ਸੋਹਣ ਸਿੰਘ: ਜਦੋਂ ਫ਼ਤਹਿਗੜ੍ਹ ਸਾਹਿਬ ਲਾਸ਼ਾਂ ਆਈਆਂ ਤਾ ਪੋਸਟ ਮਾਰਟਮ ਮਗਰੋਂ ਇਥੇ ਪਿੰਡ ਲੈ ਆਏ। ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ਼ੇਰ ਸਿੰਘ ਡੂਮਛੇੜੀ, ਕਰਨੈਲ ਸਿੰਘ ਪੰਜੋਲੀ, ਅਮਰੀਕ ਸਿੰਘ ਮਾਵੀ ਸੀ, ਹੋਰ ਵੀ ਬਹੁਤ ਲੀਡਰ ਆਏ। ਪੁਲਸੀਏ ਮੈਨੂੰ ਕਹਿੰਦੇ, ਛੇਤੀ ਸਸਕਾਰ ਕਰ ਦੇ। ਮੈਂ ਆਖਿਆ, ਜੀਹਦੇ ਪਿੱਛੇ ਤੁਸੀਂ ਮੇਰੇ ਭਰਾ-ਭਤੀਜੇ ਫੜੇ ਹੋਏ ਨੇ ਉਹ ਹੀ ਨਹੀਂ ਰਿਹਾ ਤਾਂ ਫਿਰ ਮੇਰੇ ਰਿਸ਼ਤੇਦਾਰਾਂ ਨੂੰ ਛੱਡੋ। ਮੈਂ ਅੜ ਗਿਆ ਕਿ ਮੈਂ ਇਹਨਾਂ ਦੇ ਆਉਣ ਤਕ ਸਸਕਾਰ ਨਹੀਂ ਕਰਨਾ। ਫਿਰ ਇਕ ਥਾਣੇਦਾਰ ਮੁਹੰਮਦ ਮੁਸਤਫ਼ਾ ਰਾਹੀਂ ਪਹੁੰਚ ਕਰ ਕੇ ਇਹਨਾਂ ਨੂੰ ਇਥੇ ਲੈ ਆਂਦਾ। ਸਸਕਾਰ ਵੇਲੇ ਬੇਹੱਦ ਇਕੱਠ ਸੀ। ਲੋਕਾਂ ਵਿਚ ਬਹੁਤ ਰੋਹ ਸੀ।

***

# ਸ਼ਹੀਦ ਭਾਈ ਮਨਜੀਤ ਸਿੰਘ ਦਰਗਾਬਾਦ
# ਬੱਬਰ ਖ਼ਾਲਸਾ



ਵੀਹਵੀਂ ਸਦੀ ਦੇ ਮਹਾਨ ਇਨਕਲਾਬੀ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਸਿੱਖ ਕੌਮ ਦੇ ਗਲੋਂ ਗੁਲਾਮੀ ਦੀਆਂ ਜੰਜੀਰਾਂ ਲਾਹੁਣ ਲਈ ਆਰੰਭੇ ਗਏ ਮੌਜੂਦਾ ਸਿੱਖਾਂ ਦੇ ਕੌਮੀ ਸੰਘਰਸ਼ ਦੌਰਾਨ ਬਹੁਤ ਸਾਰੇ ਜੁਝਾਰੂ ਸਿੰਘਾਂ ਨੇ ਸੂਰਮਗਤੀ ਵਾਲੇ ਖਾੜਕੂ ਦਲੇਰਾਨਾ ਕਾਰਨਾਮੇ ਕਰ ਕੇ ਹਕੂਮਤ ਦੇ ਪੁਰਜ਼ਿਆਂ ਦੇ ਪਰਖਚੇ ਉਡਾ ਕੇ ਦਿੱਲੀ ਦਾ ਤਖ਼ਤ ਕੰਬਾ ਦਿੱਤਾ ਤੇ ਸ਼ਹਾਦਤਾਂ ਦੇ ਜਾਮ ਪੀਤੇ। ਇਹਨਾਂ ਸੂਰਬੀਰ ਬਹਾਦਰਾਂ ਵਿਚੋਂ ਹੋਏ ਹਨ ਖਾੜਕੂ ਯੋਧੇ ਭਾਈ ਮਨਜੀਤ ਸਿੰਘ ਦਰਗਾਬਾਦ।

ਭਾਈ ਮਨਜੀਤ ਸਿੰਘ ਦਾ ਜਨਮ ਗੁਰਸਿੱਖੀ ਜੀਵਨ ਵਾਲੇ ਪਰਿਵਾਰ ਵਿਚ ਪਿਤਾ ਸਰਦਾਰ ਅਰਜਨ ਸਿੰਘ ਦੇ ਘਰ ਮਾਤਾ ਜਸਵੰਤ ਕੌਰ ਦੀ ਕੁੱਖੋਂ 12 ਦਸੰਬਰ 1962 (26 ਮੱਘਰ ਬਿਕ੍ਰਮੀ ਸੰਮਤ 2019) ਨੂੰ ਪਿੰਡ ਦਰਗਾਬਾਦ ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ। ਇਹਨਾਂ ਦੇ ਛੋਟੇ ਭਰਾ ਕੁਲਦੀਪ ਸਿੰਘ ਹਨ। ਭਾਈ ਸਾਹਿਬ ਦਾ ਪਰਿਵਾਰ ਸ਼ੁਰੂ ਤੋਂ ਹੀ ਸਿੱਖੀ ਦੀ ਜੁਝਾਰੂ ਵਿਚਾਰਧਾਰਾ ਦਾ ਮੁੱਦਈ ਰਿਹਾ ਹੈ। ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਅੰਗਰੇਜ ਹਕੂਮਤ ਵਿਰੁੱਧ ਸਿੱਖਾਂ ਦੇ ਲਗਾਏ ਗਏ ਗੁਰੂ ਕਾ ਬਾਗ ਦੇ ਮੋਰਚੇ, ਜੈਤੋ ਦੇ ਮੋਰਚੇ ਵਿਚ ਆਪ ਦੇ ਪੜਦਾਦਾ ਜਥੇਦਾਰ ਬੇਲਾ ਸਿੰਘ ਅੱਗੇ ਹੋ ਕੇ ਹਿੱਸਾ ਲੈਂਦੇ ਰਹੇ। ਗੁਰੂ ਕਾ ਬਾਗ ਦੇ ਮੋਰਚੇ ਵਿਚ ਅੰਗਰੇਜ ਪੁਲਿਸ ਅਫ਼ਸਰ ਬੀ.ਟੀ. ਦੀਆਂ ਡਾਂਗਾਂ ਦੀ ਕੁੱਟ ਆਪਣੇ ਸਰੀਰ ਉੱਤੇ ਝੱਲੀ, ਮੁਲਤਾਨ ਵਿਚ ਦੋ ਸਾਲ ਜੇਲ੍ਹ ਕੱਟੀ। ਗੁਰਦੁਆਰਾ ਸੁਧਾਰ ਲਹਿਰ ਵਿਚ ਹਿੱਸਾ ਲਿਆ। ਦੇਸ਼ ਦੀ ਆਜਾਦੀ ਤੋਂ ਬਾਅਦ ਬਾਬਾ ਬੇਲਾ ਸਿੰਘ ਜੀ ਅਕਸਰ ਹੀ ਝੂਰਿਆ ਕਰਦੇ ਸਨ ਕਿ ਸਿੱਖਾਂ ਨੇ ਕੁਰਬਾਨੀਆਂ ਦੇ ਕੇ ਗੋਰੇ ਅੰਗਰੇਜ਼ਾਂ ਨੂੰ ਤਾਂ ਕੱਢ ਦਿੱਤਾ, ਸਾਡੇ ਮੂਰਖ ਲੀਡਰਾਂ ਨੇ ਨਹਿਰੂ ਨਾਲ ਜੱਫੀਆਂ ਪਾ ਕੇ ਪੰਜਾਬ ਦੇ ਸਿੱਖ ਹੱਕਾਂ ਦੀ ਬਲੀ ਦੇ ਕੇ ਸਿੱਖ ਕੌਮ ਨੂੰ ਕਾਲੇ ਅੰਗਰੇਜ਼ਾਂ ਦੇ ਗ਼ੁਲਾਮ ਕਰ ਦਿੱਤਾ ਹੈ।

ਸਮੇਂ ਨੇ ਕਰਵਟ ਲਈ, ਜਿਨ੍ਹਾਂ ਦਿਨਾਂ ਵਿਚ ਪੰਜਾਬ ਵੰਡਿਆ ਜਾ ਰਿਹਾ ਸੀ, ਸਿੱਖਾਂ ਨੂੰ ਕਾਲੇ ਅੰਗਰੇਜਾਂ ਦੀ ਗ਼ੁਲਾਮੀ ਦੇ ਸੰਗਲਾਂ ਵਿਚ ਬੰਨ੍ਹਿਆ ਜਾ ਰਿਹਾ ਸੀ,

2 ਜੂਨ 1947 ਨੂੰ ਮਾਲਵੇ ਦੀ ਧਰਤੀ ਉੱਤੇ ਹੀ ਆਜ਼ਾਦੀ ਸੰਗਰਾਮੀ ਬਾਬਾ ਜੋਗਿੰਦਰ ਸਿੰਘ ਦੇ ਘਰ ਮਾਤਾ ਨਿਹਾਲ ਕੌਰ ਦੀ ਕੁੱਖੋਂ ਸਿੱਖਾਂ ਦੀ ਆਜ਼ਾਦੀ ਲਈ ਦੁਬਾਰਾ ਸੰਘਰਸ਼ ਵਿੱਢਣ ਲਈ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਦਾ ਜਨਮ ਪਿੰਡ ਰੋਡੇ ਵਿਖੇ ਹੋਇਆ। ਸਮਾਂ ਬੀਤਦਾ ਗਿਆ, ਬਾਬਾ ਬੇਲਾ ਸਿੰਘ ਨੇ ਸਮੇਂ ਦੇ ਕਈ ਉਤਰਾਅ-ਚੜ੍ਹਾਅ ਦੇਖੇ। ਬਾਬਾ ਬੇਲਾ ਸਿੰਘ ਦੇ ਘਰ 12 ਦਸੰਬਰ 1962 ਨੂੰ ਪੜਪੋਤੇ ਨੇ ਜਨਮ ਲਿਆ, ਜਿਸ ਦਾ ਨਾਮ ਮਨਜੀਤ ਸਿੰਘ ਰੱਖਿਆ ਗਿਆ। ਮਨਜੀਤ ਸਿੰਘ ਨੂੰ ਦਾਦੇ ਨੇ ਪੜ੍ਹਨ ਲਈ ਸਕੂਲ ਵਿਚ ਦਾਖਲ ਕਰਾ ਦਿੱਤਾ। ਪਿਤਾ ਸ. ਅਰਜਨ ਸਿੰਘ ਦੀ ਮੌਤ ਹੋ ਗਈ ਸੀ। ਮਨਜੀਤ ਸਿੰਘ ਨੇ ਮੁੱਢਲੀ ਵਿਦਿਆ ਪਿੰਡ ਦਰਗਾਬਾਦ ਸਕੂਲ ਤੋਂ ਹਾਸਲ ਕੀਤੀ। ਫਿਰ ਡੀ.ਏ.ਵੀ. ਕਾਲਜ ਬਟਾਲਾ ਤੋਂ ਐਫ਼.ਏ. ਪਾਸ ਕੀਤੀ। ਮਨਜੀਤ ਸਿੰਘ ਸੰਨ 1983 ਦੇ ਦਿਨਾਂ ਵਿਚ ਭਾਈ ਗੁਰਮੇਜ ਸਿੰਘ ਢਿਲਵਾਂ, ਬਾਬਾ ਰਣਜੀਤ ਸਿੰਘ ਦਿਆਲਗੜ੍ਹ ਦੇ ਨਾਲ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਵਿਚਾਰ ਸੁਣਨ ਜਾਂਦਾ ਰਿਹਾ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੇ ਇਨਕਲਾਬੀ ਵਿਚਾਰਾਂ ਨੇ ਸਿੱਖ ਨੌਜਵਾਨਾਂ ਦੇ ਦਿਲਾਂ ਤੋਂ ਭਾਰਤ ਦੀ ਸਿੱਖਾਂ ਵਾਸਤੇ ਅਖੌਤੀ ਆਜ਼ਾਦੀ ਦਾ ਮੁਲੰਮਾ ਲਾਹ ਦਿੱਤਾ।

ਸਿੱਖ ਨੌਜਵਾਨਾਂ ਨੇ ਸੰਤ ਜਰਨੈਲ ਸਿੰਘ ਜੀ ਦੀ ਵਿਚਾਰਧਾਰਾ ਕਿ 'ਸਿੱਖੋ, ਮਰਨਾ ਸਿੱਖੋਗੇ ਤਾਂ ਗਲੋਂ ਗ਼ੁਲਾਮੀ ਲਹਿਣੀ ਹੈ' ਨੂੰ ਪ੍ਰਵਾਨ ਕਰ ਲਿਆ ਤੇ ਸਿੱਖ ਗੱਭਰੂ ਸਿਰਾਂ 'ਤੇ ਕਫਨ ਬੰਨ੍ਹ ਕੇ ਸਿੱਖ ਕੌਮ ਦੀ ਆਜ਼ਾਦੀ ਲਈ ਮੈਦਾਨੇ-ਜੰਗ ਵਿਚ ਜੂਝਣ ਲਈ ਮੈਦਾਨ ਵਿਚ ਆ ਗਏ। ਲੋਹੇ ਨਾਲ ਲੋਹਾ ਖੜਕਣ ਲੱਗਾ। ਸਿੱਖਾਂ ਉੱਤੇ ਹਿੰਦੁਸਤਾਨੀ ਫ਼ੋਰਸਾਂ ਦੀ ਜ਼ੁਲਮੀ ਗੋਲੀ ਦਾ ਜਵਾਬ ਗੋਲੀ ਨਾਲ ਦਿੱਤਾ ਜਾਣ ਲੱਗਾ।

ਜੂਨ 1984 ਵਿਚ ਹਿੰਦੁਸਤਾਨੀ ਸਰਕਾਰ ਦੀ ਜ਼ਾਲਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਕਿ ਅੱਗੇ ਤੋਂ ਕੋਈ ਵੀ ਸਿੱਖ ਕੌਮ ਦੀ ਆਜ਼ਾਦੀ, ਖਾਲਸਈ ਰਵਾਇਤਾਂ, ਸਿੱਖ ਹੱਕਾਂ ਦੀ ਗੱਲ ਕਰਨ ਦੀ ਜੁਰਅਤ ਨਾ ਕਰ ਸਕੇ, ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਬਰਖ਼ਿਲਾਫ਼ ਹੀ ਨਹੀਂ, ਸਮੁੱਚੀ ਸਿੱਖ ਕੌਮ ਦੇ ਬਰਖ਼ਿਲਾਫ਼ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਅਤੇ ਪੰਜਾਬ ਦੇ 37 ਹੋਰ ਗੁਰਦੁਆਰਿਆਂ ਉਪਰ ਫ਼ੌਜ ਤੋਂ ਤੋਪਾਂ ਟੈਂਕਾਂ ਨਾਲ ਹਮਲਾ ਕੀਤਾ ਗਿਆ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੀ ਕਮਾਂਡ ਹਠ ਸਿੰਘਾਂ ਨੇ ਬਹਾਦਰੀ ਨਾਲ ਮੁਕਾਬਲਾ ਕੀਤਾ। ਹਿੰਦੁਸਤਾਨੀ ਫ਼ੌਜਾਂ ਦੇ ਸੱਥਰ ਵਿਛਾ ਦਿੱਤੇ। ਸਿੰਘ ਆਖ਼ਰੀ ਸਾਹ ਤੇ ਆਖ਼ਰੀ ਗੋਲੀ ਤਕ ਲੜਦੇ ਹੋਏ ਸ਼ਹੀਦ ਹੋ ਗਏ। ਫੌਜ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਮਨਾਉਣ ਆਈਆਂ ਸਿੱਖ ਸੰਗਤਾਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਟੈਂਕਾਂ, ਮਸ਼ੀਨਗੰਨਾਂ ਦੀਆਂ ਗੋਲੀਆਂ ਨਾਲ ਸਹੀਦ ਕਰ ਦਿੱਤਾ। ਪਿੰਡਾਂ ਵਿਚੋਂ ਅੰਮ੍ਰਿਤਧਾਰੀ ਸਿੰਘਾਂ ਦੀ [illegible] ਕੀਤੀ ਗਈ, ਸਿੱਖਾਂ ਦੀ ਇੱਜ਼ਤ ਪੈਰਾਂ ਵਿਚ ਰੋਲ ਦਿੱਤੀ ਗਈ। ਪੰਜ ਮਹੀਨੇ ਮਗਰੋਂ 31 ਅਕਤੂਬਰ 1984 ਨੂੰ ਭਾਈ ਬੇਅੰਤ ਸਿੰਘ, ਭਾਈ ਸਤਵੰਤ

ਸਿੰਘ ਨੇ ਜੂਨ 1984 ਵਿਚ ਸਿੱਖਾਂ ਉਪਰ ਵਰਤਾਏ ਘੱਲੂਘਾਰੇ ਦੀ ਜ਼ਿੰਮੇਵਾਰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਉਸ ਦੇ ਸੁਰੱਖਿਆ ਕਿਲ੍ਹੇ ਅੰਦਰ ਹੀ ਗੋਲੀਆਂ ਮਾਰ ਕੇ ਬਦਲਾ ਲਿਆ ਤਾਂ ਉਸ ਦੇ ਛੋਕਰੇ ਰਾਜੀਵ ਗਾਂਧੀ ਨੇ ਨਵੰਬਰ 1984 ਵਿਚ ਆਪਣੀ ਮਾਂ ਦਾ ਬਦਲਾ ਨਿਰਦੋਸ਼ ਸਿੱਖਾਂ ਦੀ ਕਤਲੇਆਮ ਕਰਵਾ ਕੇ ਲਿਆ ਤਾਂ ਸਿੱਖਾਂ ਨੂੰ ਆਪਣੀ ਅਣਖ, ਗ਼ੈਰਤ, ਸਵੈਮਾਣ ਦੀ ਬਹਾਲੀ ਖ਼ਾਤਰ ਖ਼ਾਲਿਸਤਾਨ ਦੀ ਸਥਾਪਨਾ ਲਈ ਹਥਿਆਰ ਚੁੱਕਣੇ ਪਏ।

ਭਾਈ ਮਨਜੀਤ ਸਿੰਘ ਦਰਗਾਬਾਦ ਗੁਪਤ ਰੂਪ ਵਿਚ ਸੇਵਾ ਕਰਦੇ ਰਹੇ। ਭਾਈ ਸਾਹਿਬ ਨੇ ਬੱਬਰ ਖ਼ਾਲਸਾ ਮਾਝਾ ਜ਼ੋਨ ਦੇ ਕਮਾਂਡਰ ਭਾਈ ਗੁਰਨਾਮ ਸਿੰਘ ਦਾਬਾਂਵਾਲ (ਮਾਸਟਰ), ਭਾਈ ਸੁਖਵਿੰਦਰ ਸਿੰਘ ਦਾਬਾਂਵਾਲ ਦੇ ਸੰਪਰਕ ਵਿਚ ਆ ਗਏ। ਭਾਈ ਸੁਖਦੇਵ ਸਿੰਘ ਚੱਬਾ, ਭਾਈ ਗੁਰਿੰਦਰ ਸਿੰਘ ਗਿੰਦਾ ਭਾਗੋਵਾਲ ਨਾਲ ਰਹਿ ਕੇ ਸਿੱਖ ਸੰਘਰਸ਼ ਵਿਚ ਹਿੱਸਾ ਲੈਣ ਲੱਗੇ। ਭਾਈ ਮਨਜੀਤ ਸਿੰਘ ਸ਼ੁਰੂ ਤੋਂ ਹੀ ਸਾਊ ਸੁਭਾਅ ਦੇ ਸਨ। ਗੁਰਬਾਣੀ ਦਾ ਸਿਮਰਨ ਕਰਨ ਵਾਲੇ ਸਨ। ਜਦੋਂ ਵੀ ਕਿਸੇ ਐਕਸਨ ਨੂੰ ਜਾਂਦੇ, ਜਾਣ ਲੱਗਿਆਂ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਸਨ ਕਿ ਸੱਚੇ ਪਾਤਸ਼ਾਹ ਵਾਹਿਗੁਰੂ ਕਿਸੇ ਨਿਰਦੋਸ਼ ਬੇਗੁਨਾਹ ਦਾ ਨੁਕਸਾਨ ਨਾ ਕਰਾਵੀਂ। ਦੁਸ਼ਟਾਂ ਨੂੰ ਸੋਧਣ ਦਾ ਬਲ ਬਖ਼ਸ਼ੀਂ। ਭਾਈ ਮਨਜੀਤ ਸਿੰਘ ਨਿੱਜੀ ਝਗੜਿਆਂ ਤੋਂ ਸਦਾ ਨਿਰਲੇਪ ਰਹਿੰਦੇ ਸਨ। ਬੇਦੋਸ਼ੇ ਹਿੰਦੂ ਮਾਰਨ ਦੇ ਵਿਰੁੱਧ ਸਨ, ਇਲਾਕੇ ਵਿਚੋਂ ਹਿੰਦੂਆਂ ਦੀ ਹਿਜਰਤ ਨੂੰ ਰੋਕਿਆ। ਲੁਟੇਰਾ ਗਰੋਹਾਂ ਅਤੇ ਹਥਿਆਰਬੰਦ ਹਿੰਦੁਸਤਾਨੀ ਸੁਰੱਖਿਆ ਫ਼ੋਰਸਾਂ ਜੋ ਸਿੱਖਾਂ ਉੱਤੇ ਜ਼ੁਲਮ ਕਰਦੀਆਂ ਸਨ, ਉਹਨਾਂ ਨੂੰ ਨਿਸ਼ਾਨਾ ਬਣਾਉਂਦੇ। ਭਾਈ ਮਨਜੀਤ ਸਿੰਘ ਦਰਗਾਬਾਦ ਦਾ ਨਾਂ ਚੋਟੀ ਦੇ ਖਾੜਕੂ ਸਿੰਘਾਂ ਮੋਹਰਲੀ ਕਤਾਰ ਵਿਚ ਆਉਂਦਾ ਹੈ। ਜੁਝਾਰੂ ਯੋਧਿਆਂ ਨੇ ਸਰਕਾਰੀ ਫ਼ੋਰਸਾਂ ਉੱਤੇ ਗੁਰੀਲਾ ਹਮਲੇ ਤੇ ਗੱਡੀਆਂ ਉੱਤੇ ਗਰਨੇਡ ਹਮਲੇ ਕਰਨੇ ਆਰੰਭ ਕਰ ਦਿੱਤੇ ਤਾਂ ਪਹਿਲਾਂ ਭਾਈ ਗੁਰਿੰਦਰ ਸਿੰਘ ਭਾਗੋਵਾਲ ਨੇ ਸੀ.ਆਰ.ਪੀ. ਦੀ ਗੱਡੀ ਉੱਤੇ ਗਰਨੇਡ ਹਮਲੇ ਆਰੰਭ ਕੀਤੇ। ਦਰਗਾਬਾਦ ਵਿਚ ਬੀ.ਐਸ.ਐਫ. ਦੀ ਜਿਪਸੀ ਬੰਬ ਧਮਾਕੇ ਨਾਲ ਉਡਾਈ। ਉਸ ਦਾ ਅਗਲਾ ਹਿੱਸਾ ਉੱਡ ਗਿਆ। ਜਾਨੀ ਨੁਕਸਾਨ ਨਾ ਹੋਇਆ। ਉਸ ਦੀ ਜ਼ਿੰਮੇਵਾਰੀ ਅਖ਼ਬਾਰਾਂ ਵਿਚ ਲਈ। ਮੀਆਂਕੋਟ ਵਿਚ ਪੰਜਾਬ ਪੁਲਿਸ ਦਾ ਕੈਂਟਰ ਬੰਬ ਧਮਾਕੇ ਨਾਲ ਉਡਾਉਣ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ, ਕੈਂਟਰ ਵਿਚ ਸਵਾਰ ਸਾਰੇ ਪੁਲਿਸ ਵਾਲੇ ਮਾਰੇ ਗਏ ਸਨ ਤੇ ਕੈਂਟਰ ਬੁਰੀ ਤਰ੍ਹਾਂ ਤਬਾਹ ਹੋ ਗਿਆ ਸੀ। ਮਰੜੀ ਕਲਾਂ ਪੁਲਿਸ ਚੌਂਕੀ ਦੀ ਗੱਡੀ, ਬੀ.ਐਸ.ਐਫ. ਦੀ ਗੱਡੀ ਡਾਲੇ ਚੱਕ ਵਿਚ ਬੰਬ ਧਮਾਕੇ ਨਾਲ ਉਡਾਉਣ ਦੀ ਜ਼ਿੰਮੇਵਾਰੀ ਲਈ। ਭਾਈ ਮਥਰਾ ਸਿੰਘ ਤੇ ਹੋਰ ਜੁਝਾਰੂ ਸਿੰਘਾਂ ਦੇ ਕਾਤਲ ਨੂੰ ਫਿਲੌਰ ਟਰੈਨਿੰਗ ਸੈਂਟਰ ਵਿਚ ਬੰਬ ਪਹੁੰਚਾ ਕੇ ਹਰਚਰਨ ਸੂਰੀ ਅਤੇ ਰਾਮ ਮੂਰਤੀ ਨੂੰ ਬੰਬ ਧਮਾਕੇ ਨਾਲ ਉਡਾਇਆ, ਇਸ ਦੀ ਵੀ ਚਾਰ ਜਥੇਬੰਦੀਆਂ ਵੱਲੋਂ ਜ਼ਿੰਮੇਵਾਰੀ ਲਈ ਗਈ ਸੀ। ਭਾਈ ਮਨਜੀਤ ਸਿੰਘ ਦਰਗਾਬਾਦ ਆਪਣੇ ਸਾਥੀ ਭਾਈ ਜਸਵੰਤ ਸਿੰਘ

ਬਿਜਲੀਵਾਲ ਨਾਲ ਆਪਣੇ ਪਿੰਡ ਦਰਗਾਬਾਦ ਆਪਣੇ ਦਾਦਾ ਜੀ ਨੂੰ ਮਿਲਣ ਆਇਆ। ਸੀ.ਆਰ.ਪੀ. ਦੀ ਚੌਂਕੀ ਵਾਲਿਆਂ ਨੂੰ ਪਤਾ ਲੱਗ ਗਿਆ। ਜਦੋਂ ਦੋਵੇਂ ਸਿੰਘ ਪਿੰਡੋਂ ਬਾਹਰ ਖੇਤਾਂ ਵਿਚ ਜਾ ਰਹੇ ਸਨ, ਸਿੰਘਾਂ ਨੇ ਖੇਸਾਂ ਦੀਆਂ ਬੁੱਕਲਾਂ ਮਾਰੀਆਂ ਹੋਈਆਂ ਸਨ। ਸੀ.ਆਰ.ਪੀ. ਨੇ ਨਿਹੱਥੇ ਸਮਝ ਕੇ ਸਿੰਘਾਂ ਨੂੰ ਫੜਨਾ ਚਾਹਿਆ। ਸੀ.ਆਰ.ਪੀ. ਦਾ ਥਾਣੇਦਾਰ ਸੀ.ਆਰ.ਪੀ. ਦੇ ਵੀਹ ਜਵਾਨਾਂ ਨਾਲ, 'ਹੱਥ ਖੜੇ ਕਰੋ ਔਰ ਰੁਕ ਜਾਉ, ਹਮ ਲੋਕ ਗੋਲੀ ਸੇ ਮਾਰ ਡਾਲੇਂਗੇ' ਕਹਿ ਰਿਹਾ ਸੀ। ਨੇੜੇ ਚਲੇ ਗਏ। ਜਦੋਂ ਸਿੰਘਾਂ ਨੇ ਨੇੜੇ ਆਉਣ 'ਤੇ ਹੱਥ-ਗੋਲੇ ਸੁੱਟੇ ਤਾਂ ਸੀ.ਆਰ.ਪੀ. ਦੇ ਜਵਾਨ ਬਚਾਉ-ਬਚਾਉ, ਸਿੰਘੋਂ ਨੇ ਮਾਰ ਡਾਲਾ, ਮਾਰ ਡਾਲਾ ਕਹਿ ਕੇ ਖੇਤਾਂ ਵਿਚੋਂ ਪਿੰਡ ਨੂੰ ਭੱਜੇ ਜਾ ਰਹੇ ਸਨ। ਦੋਵੇਂ ਸਿੰਘ ਭਾਈ ਮਨਜੀਤ ਸਿੰਘ ਤੇ ਭਾਈ ਜਸਵੰਤ ਸਿੰਘ ਬਿਜਲੀ ਜੈਕਾਰੇ ਲਾਉਂਦੇ ਹੋਏ ਸੀ.ਆਰ.ਪੀ. ਦੇ ਜਵਾਨਾਂ ਦੇ ਮਗਰ ਭੱਜ ਰਹੇ ਸਨ। ਪਿੰਡ ਦਰਗਾਬਾਦ ਦੇ ਵਾਸੀ ਕੋਠਿਆਂ ਦੀਆਂ ਛੱਤਾਂ ਤੋਂ ਸਿੰਘਾਂ ਅੱਗੇ ਸੀ.ਆਰ.ਪੀ. ਦੇ ਜਵਾਨਾਂ ਨੂੰ ਭੱਜਦੇ ਹੋਏ ਅੱਖੀਂ ਵੇਖ ਰਹੇ ਸਨ। ਇਸ ਮੁਕਾਬਲੇ ਦੀ ਸੱਚਾਈ ਤੇ ਜ਼ਿੰਮੇਵਾਰੀ ਮਾਘੀ ਮੇਲੇ ਤੋਂ ਅਗਲੇ ਦਿਨ 1991 ਵਿਚ ਅੱਜ ਦੀ ਆਵਾਜ਼ ਅਖ਼ਬਾਰ ਵਿਚ ਭਾਈ ਧਰਮ ਸਿੰਘ ਤੇ ਹੋਰ ਸਿੰਘਾਂ ਵੱਲੋਂ ਛਪਾਈ ਗਈ ਸੀ। ਇਲਾਕੇ ਵਿਚ ਖਾੜਕੂ ਕਾਰਵਾਈ ਹੋ ਜਾਣ 'ਤੇ ਪੁਲਿਸ ਆਪ ਦੇ ਦਾਦੇ ਤੇ ਭਰਾ ਨੂੰ ਫੜ ਕੇ ਲੈ ਜਾਂਦੀ ਸੀ। ਸਿੰਘ ਦੀ ਬਹਾਦਰੀ ਨੂੰ ਜਾਣਦੀ ਹੋਈ ਕਿ ਫੜਦੇ ਜ਼ਰੂਰ, ਕੁਝ ਨਹੀਂ ਸੀ ਕਹਿੰਦੇ। ਅਜੀਤ ਪੂਹਲੇ ਨਿਹੰਗ ਨੇ ਅਖ਼ਬਾਰਾਂ ਵਿਚ ਬਿਆਨ ਦਿੱਤਾ ਕਿ ਖ਼ਾਲਿਸਤਾਨੀ ਯੋਧੇ ਮੇਰੇ ਬੰਦਿਆਂ ਨਾਲ ਮੁਕਾਬਲਾ ਕਰ ਕੇ ਵੇਖਣ, ਮੇਰੇ ਸਾਹਮਣੇ ਆਉਣ। ਭਾਈ ਮਨਜੀਤ ਸਿੰਘ ਨੇ ਕਿਹਾ, "ਪੂਹਲੇ, ਇਹ ਅਸੀਂ ਜਾਣਦੇ ਹਾਂ। ਤੂੰ ਸਾਨੂੰ ਪੁਲਿਸ ਦਾ ਘੇਰਾ ਹੀ ਪਵਾਉਣਾ ਹੈ। ਫਿਰ ਵੀ ਤੇਰਾ ਸਵਾਗਤ ਕਰਨ ਲਈ ਖ਼ਾਲਸਾ ਤਿਆਰ-ਬਰ-ਤਿਆਰ ਹੈ। ਇਹ ਦੱਸ ਤੂੰ ਮੁਕਾਬਲਾ ਕਰਨ ਲਈ ਕਿਸ ਜਗ੍ਹਾ 'ਤੇ ਆਉਣਾ? ਸਿੰਘ ਉਥੇ ਪੁੱਜਣਗੇ। ਆਪਾਂ ਬਹਾਦਰੀ ਦਾ ਚਾਅ ਲਾਹ ਲਈਏ। ਪਰ ਪੂਹਲਾ ਆਇਆ ਨਾ।

17 ਸਤੰਬਰ 1990 ਨੂੰ ਭਾਈ ਮਨਜੀਤ ਸਿੰਘ ਦਰਗਾਬਾਦ, ਭਾਈ ਸੁਖਦੇਵ ਸਿੰਘ ਚੱਬਾ, ਭਾਈ ਧਰਮ ਸਿੰਘ, ਭਾਈ ਦਲਬੀਰ ਸਿੰਘ ਬੀਰਾ ਘਸੀਟਪੁਰ ਤੋਂ ਰਾਤ ਵੇਲੇ ਢਡਿਆਲਾ ਨੱਤ ਵਿਚ ਭਾਈ ਚੜ੍ਹਤ ਸਿੰਘ ਹੁਰਾਂ ਪਾਸ ਮੀਟਿੰਗ ਵਿਚ ਸ਼ਾਮਲ ਹੋਣ ਵਾਸਤੇ ਜਾਣਾ ਸੀ। ਭਾਈ ਦਲਬੀਰ ਸਿੰਘ ਖ਼ਾਲੀ ਹੱਥ ਜਾ ਰਹੇ ਸਨ। ਕਮਾਦ ਵਾਲੀ ਡੰਡੀ ਉੱਤੇ ਪੰਜਾਬ ਪੁਲਿਸ ਦੇ ਡੀ.ਐਸ.ਪੀ. ਅਜਾਇਬ ਸਿਹੁੰ ਤੇ ਇੰਸਪੈਕਟਰ ਸੰਤਾ ਸਿਹੁੰ ਦੀ ਅਗਵਾਈ ਵਿਚ ਪੁਲਿਸ ਨੇ ਲੁਕ ਕੇ ਨਾਕਾ ਲਾਇਆ ਹੋਇਆ ਸੀ, ਜਦੋਂ ਰਸਤੇ ਤੋਂ ਭਾਈ ਦਲਬੀਰ ਸਿੰਘ ਬੀਰਾ ਲੰਘ ਰਿਹਾ ਸੀ ਤਾਂ ਲੁਕੇ ਹੋਏ ਪੁਲਿਸ ਦੇ ਜਵਾਨਾਂ ਨੇ ਉਸ ਨੂੰ ਕਾਬੂ ਕਰ ਲਿਆ ਤੇ ਉਸ ਦਾ ਮੂੰਹ ਘੁੱਟ ਲਿਆ। ਉਸ ਦੀ ਆਵਾਜ ਨਿਕਲਣ ਨਾ ਦਿੱਤੀ। ਪੁਲਿਸ ਵਾਲੇ ਹੋਰ ਸਿਕਾਰ ਦੀ ਉਡੀਕ ਵਿਚ ਹੁਸ਼ਿਆਰ ਹੋ ਕੇ ਲੁਕ ਗਏ। ਕੁਝ ਚਿਰ ਉਡੀਕਣ ਤੋਂ ਬਾਅਦ ਭਾਈ ਮਨਜੀਤ

ਸਿੰਘ, ਭਾਈ ਸੁਖਦੇਵ ਸਿੰਘ ਚੱਬਾ, ਭਾਈ ਧਰਮ ਸਿੰਘ ਨਿਹੱਥੇ ਹੀ ਤੁਰ ਪਏ। ਜਦੋਂ ਕਮਾਦ ਦੀ ਖਾਲ ਦੀ ਵੱਟ ਉੱਤੇ ਜਾ ਰਹੇ ਸਨ ਤਾਂ ਨਾਕਾ ਲਾ ਕੇ ਬੈਠੇ ਪੰਜਾਬ ਪੁਲਿਸ ਦੇ ਜਵਾਨਾਂ, ਜੋ ਸਿਵਲ ਕੱਪੜਿਆਂ ਵਿਚ ਸਨ, ਉਹਨਾਂ ਨੇ ਤਿੰਨਾਂ ਸਿੰਘਾਂ ਨੂੰ ਜੱਫੇ ਪਾ ਲਏ। ਭਾਈ ਮਨਜੀਤ ਸਿੰਘ ਕਹਿੰਦੇ, ਅਸੀਂ ਲੁਟੇਰੇ ਨਹੀਂ ਭਾਊ। ਅਸੀਂ ਤਾਂ ਸਿੰਘ ਹਾਂ ਐਵੇਂ ਕਿਉਂ ਹੱਥੋਪਾਈ ਹੋਈ ਜਾਂਦੇ ਓ। ਸਿੰਘਾਂ ਨੇ ਤਾਂ ਇਹ ਸਮਝਿਆ ਸੀ ਕਿ ਕਿਤੇ ਸਿੰਘਾਂ ਨੇ ਲੁਟੇਰਿਆਂ ਦੀ ਭਾਲ ਵਿਚ ਨਾਕਾ ਲਾਇਆ ਹੈ। ਭਾਈ ਸੁਖਦੇਵ ਸਿੰਘ ਚੱਬਾ ਕਹਿੰਦਾ ਕਿ ਪੁਲਿਸ ਵਾਲੇ ਜੇ, ਤਕੜੇ ਹੋਵੋ। ਭਾਈ ਸੁਖਦੇਵ ਸਿੰਘ ਚੱਬਾ ਇਹ ਕਹਿੰਦਾ ਪੁਲਿਸ ਵਾਲਿਆਂ ਨਾਲ ਹੱਥੋ-ਪਾਈ ਹੋ ਕੇ ਧੱਕਾ-ਮੁੱਕੀ ਕਰਦਾ ਛੁੱਟ ਕੇ ਭੱਜ ਗਿਆ। ਭਾਈ ਮਨਜੀਤ ਸਿੰਘ ਦਰਗਾਬਾਦ ਨੇ ਪੁਲਿਸ ਵਾਲਿਆਂ ਦੇ ਕਾਬੂ ਵਿਚ ਆ ਜਾਣ ਉੱਤੇ ਸਾਈਨਾਈਡ ਦਾ ਕੈਪਸੂਲ ਖਾ ਕੇ ਸਹੀਦੀ ਦੇ ਦਿੱਤੀ। ਪੁਲਿਸ ਵਾਲੇ ਦੋ ਘੰਟੇ ਤਕ ਭੱਜੇ ਸਿੰਘਾਂ ਦੀ ਸੇਧ ਵਿਚ ਗੋਲੀਬਾਰੀ ਕਰਦੇ ਰਹੇ। ਭਾਈ ਸੁਖਦੇਵ ਸਿੰਘ ਚੱਬਾ ਤੇ ਭਾਈ ਧਰਮ ਸਿੰਘ ਕੁਝ ਦੂਰੀ 'ਤੇ ਜਾ ਕੇ ਧਰਤੀ ਉੱਤੇ ਲੇਟ ਕੇ ਬਚ ਨਿਕਲੇ। ਜਦੋਂ ਕਿਸੇ ਪਾਸੇ ਥੋੜ੍ਹੀ ਜਿਹੀ ਹਰਕਤ ਚਾਨਣੀ ਰਾਤ ਵਿਚ ਹੁੰਦੀ ਤਾਂ ਪੁਲਿਸ ਵਾਲੇ ਐਲ.ਐਮ.ਜੀ. ਨਾਲ ਜ਼ੋਰਦਾਰ ਫਾਇਰਿੰਗ ਕਰਦੇ। ਐਲ.ਐਮ.ਜੀ. ਦੀ ਫ਼ਾਇਰਿੰਗ ਸਿੰਘਾਂ ਦੇ ਸਿਰਾਂ ਦੇ ਉਪਰੋਂ ਦੀ ਲੰਘ ਜਾਂਦੀ। ਪੁਲਿਸ ਵਾਲਿਆਂ ਨੇ ਭਾਈ ਦਲਬੀਰ ਸਿੰਘ ਨੂੰ ਮੌਕੇ ਉੱਤੇ ਹੀ ਕੁੱਟਣਾ ਸ਼ੁਰੂ ਕਰ ਦਿੱਤਾ ਕਿ ਦੱਸ ਇਹ ਕੌਣ ਸਨ? ਭਾਈ ਦਲਬੀਰ ਸਿੰਘ ਇਹੋ ਕਹਿੰਦਾ ਰਿਹਾ ਕਿ ਮੈਂ ਨਹੀਂ ਜਾਣਦਾ। ਖਿਝੇ ਹੋਏ ਪੁਲਸੀਆਂ ਨੇ ਭਾਈ ਦਲਬੀਰ ਸਿੰਘ ਬੀਰਾ ਘਸੀਟਪੁਰ ਨੂੰ ਵੀ ਗੋਲੀਆਂ ਮਾਰ ਕੇ ਮਾਰ ਦਿੱਤਾ ਤੇ ਲਾਸ਼ਾਂ ਗੱਡੀ ਵਿਚ ਸੁੱਟ ਕੇ ਗੁਰਦਾਸਪੁਰ ਸਿਵਲ ਹਸਪਤਾਲ ਲੈ ਗਏ। ਸਿੰਘਾਂ ਨੇ ਆਪਣਾ ਸੂਹੀਆ ਗੁਰਦਾਸਪੁਰ ਹਸਪਤਾਲ ਭੇਜਿਆ। ਜਿਸ ਨੇ ਦੱਸਿਆ ਕਿ ਮਨਜੀਤ ਸਿੰਘ ਦਰਗਾਬਾਦ ਤੇ ਭਾਈ ਦਲਬੀਰ ਸਿੰਘ ਬੀਰਾ ਘਸੀਟਪੁਰ ਦੀਆ ਲਾਸ਼ਾਂ ਪੋਸਟ ਮਾਰਟਮ ਲਈ ਹਸਪਤਾਲ ਵਿਚ ਪੁੱਜੀਆਂ ਸਨ। ਭਾਈ ਮਨਜੀਤ ਸਿੰਘ, ਭਾਈ ਦਲਬੀਰ ਸਿੰਘ ਦੀਆਂ ਸਹੀਦੀ ਦੇਹਾਂ ਲੈਣ ਵਾਸਤੇ ਇਲਾਕੇ ਦੇ ਸਿੱਖਾਂ ਨੇ ਇਕੱਠੇ ਹੋ ਕੇ ਮੰਗ ਕੀਤੀ। ਪੁਲਿਸ ਨੇ ਇਕੱਠੇ ਹੋਏ ਸਿੱਖਾਂ ਉੱਤੇ ਲਾਠੀਚਾਰਜ ਕੀਤਾ ਤੇ ਦੋਵਾਂ ਸਿੰਘਾਂ ਦਾ ਇਕੱਠੇ ਹੀ ਪੁਲਿਸ ਨੇ ਸਸਕਾਰ ਕਰ ਦਿੱਤਾ। ਸਾਥੀ ਸਿੰਘ ਉਸੇ ਰਾਤ ਸ਼ਮਸ਼ਾਨ ਘਾਟ ਵਿਚੋਂ ਪਾਣੀ ਨਾਲ ਚਿਖਾ ਠੰਡੀ ਕਰ ਕੇ ਫੁੱਲ ਚੁਗ ਕੇ ਲੈ ਗਏ।

***

## ਖਾੜਕੂ ਸਿੰਘਾਂ ਵੱਲੋਂ ਪ੍ਰੈਸ ਨੂੰ ਭੇਜੇ ਗਏ ਪ੍ਰੈਸ ਨੋਟ ਦੀ ਵੰਨਗੀ

# ਚਾਰ ਖਾੜਕੂ ਜਥੇਬੰਦੀਆਂ ਵੱਲੋਂ 21 ਸਤੰਬਰ 1990 ਨੂੰ ਗੁਰਦਾਸਪੁਰ ਬੰਦ ਦਾ ਸੱਦਾ

ਜਲੰਧਰ 19 ਸਤੰਬਰ (ਪ.ਨ.) ਬੱਬਰ ਖ਼ਾਲਸਾ ਦੇ ਮੁਖੀ ਭਾਈ ਸੁਖਦੇਵ ਸਿੰਘ, ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਮੁਖੀ ਭਾਈ ਪਰਮਜੀਤ ਸਿੰਘ ਪੰਜਵੜ, ਖਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਭਾਈ ਗੁਰਜੰਟ ਸਿੰਘ ਬੁੱਧਸਿੰਘ ਵਾਲਾ, ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਭਾਈ ਦਲਜੀਤ ਸਿੰਘ ਬਿੱਟੂ, ਬੱਬਰ ਖ਼ਾਲਸਾ ਮਾਝਾ ਜੋਨ ਦੇ ਮੁਖੀ ਭਾਈ ਸੁਖਦੇਵ ਸਿੰਘ ਚੱਬਾ, ਭਾਈ ਧਰਮ ਸਿੰਘ, ਭਾਈ ਚੜ੍ਹਤ ਸਿੰਘ, ਭਾਈ ਕੁਲਦੀਪ ਸਿੰਘ ਫ਼ੌਜੀ ਨੇ ਇਕ ਸਾਂਝੇ ਪ੍ਰੈਸ ਬਿਆਨ ਰਾਹੀਂ ਬੱਬਰ ਖ਼ਾਲਸਾ ਦੇ ਬਟਾਲਾ ਪੁਲਿਸ ਜ਼ਿਲ੍ਹੇ ਦੇ ਮੁਖੀ ਭਾਈ ਮਨਜੀਤ ਸਿੰਘ ਦਰਗਾਬਾਦ ਅਤੇ ਉਹਨਾਂ ਦੇ ਇਕ ਸਹਿਯੋਗੀ ਸਿੰਘ ਭਾਈ ਦਲਬੀਰ ਸਿੰਘ ਨੂੰ ਸਰਧਾਂਜਲੀ ਦੌਰਾਨ ਵੱਡਮੁੱਲਾ ਯੋਗਦਾਨ ਪਾਉਂਦੇ ਹੋਏ ਜਾਮ-ਏ-ਸ਼ਹਾਦਤ ਪੀ ਗਏ ਹਨ। ਉਹਨਾਂ ਕਿਹਾ ਕਿ ਇਹ ਇਕ ਇਹੋ ਜਿਹੇ ਸੱਚੇ-ਸੁੱਚੇ ਸਿੰਘ ਸਨ, ਜਿਨ੍ਹਾਂ ਨੇ ਲੁੱਟਾਂ-ਖੋਹਾਂ ਤੇ ਜਬਰੀ ਉਗਰਾਹੀਆਂ ਵਿਰੁੱਧ ਇਕ ਸਖ਼ਤ ਸਟੈਂਡ ਲਿਆ ਹੋਇਆ ਸੀ। ਉਹਨਾਂ ਦੇ ਨਾਂ 'ਤੇ ਲੋਟੂ ਅਨਸਰਾਂ ਦੇ ਦਿਲ ਦਹਿਲ ਜਾਂਦੇ ਸਨ। ਭਾਈ ਸਾਹਿਬ ਦੀ ਸ਼ਹੀਦੀ ਕਾਰਨ ਸਹਿਯੋਗੀ ਸਿੰਘਾਂ ਅਤੇ ਖ਼ਾਸ ਕਰਕੇ ਇਲਾਕੇ ਦੀ ਸਾਧ ਸੰਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਕਿਉਂਕਿ ਉਹਨਾਂ ਨੇ ਇਲਾਕੇ ਦੀਆਂ ਸੰਗਤਾਂ ਦੀ ਲੋਟੂ ਟੋਲਿਆਂ ਵੱਲੋਂ ਡਟ ਕੇ ਰਾਖੀ ਕੀਤੀ।

ਭਾਈ ਸਾਹਿਬ ਗੁਰਬਾਣੀ ਦੇ ਪਰਪੱਕ, ਅੰਮ੍ਰਿਤਧਾਰੀ ਰਹਿਤ ਦੇ ਪੂਰਨ ਸਿੰਘ ਸਨ, ਜਿਨ੍ਹਾਂ ਨੇ ਪੁਰਾਤਨ ਸਮੇਂ ਦੇ ਸਿੰਘਾਂ ਦੇ ਇਤਿਹਾਸ ਨੂੰ ਦੁਹਰਾ ਕੇ ਸਿੱਖ ਸੰਗਤਾਂ ਵਿਚ ਅਜਿਹੀ ਪੁਜ਼ੀਸਨ ਬਣਾ ਲਈ ਸੀ ਕਿ ਅੱਜ ਭਾਈ ਸਾਹਿਬ ਦੀ ਸ਼ਹੀਦੀ ਦੀ ਖ਼ਬਰ ਜਿਸ ਸਿੰਘ ਨੇ ਸੁਣੀ, ਉਹ ਹੀ ਸੋਗ ਵਿਚ ਡੁੱਬ ਗਿਆ। ਭਾਈ ਸਾਹਿਬ ਨੂੰ ਗੁਪਤ ਸੇਵਾ ਕਰਨ ਦਾ ਹੀ ਚਾਅ ਸੀ ਅਤੇ ਉਹਨਾਂ ਦੀ ਗੁਪਤ ਰਹਿਣ ਦੀ ਚਾਹ ਵੀ ਪੂਰੀ ਹੋ ਗਈ। ਜਦੋਂ ਉਹ ਗੁਪਤ ਤੌਰ 'ਤੇ ਹੀ ਜਾਮ-ਏ-ਸ਼ਹਾਦਤ ਪੀ ਗਏ। ਉਪਰੋਕਤ ਖਾੜਕੂ ਸਿੰਘਾਂ ਦੀਆਂ ਪੰਥ ਪ੍ਰਤੀ ਕੀਤੀਆਂ ਸੇਵਾਵਾਂ ਦੀ ਭਰਪੂਰ ਸ਼ਲਾਘਾ ਕਰਦੇ ਹੋਏ ਉਹਨਾਂ ਨੂੰ ਸਾਂਭਣ ਦਾ ਪ੍ਰਣ ਕਰਦੇ ਹਾਂ ਕਿ ਭਾਈ ਸਾਹਿਬ ਵੱਲੋਂ ਪਾਏ ਪੂਰਨਿਆਂ ਉਪਰ ਚੱਲਦੇ ਹੋਏ ਸਿੱਖ ਸੰਘਰਸ਼ ਨੂੰ ਬੁਲੰਦੀਆਂ ਉਪਰ ਪਹੁੰਚਾਉਣਗੇ। ਉਪਰੋਕਤ ਖਾੜਕੂ ਸਿੰਘਾਂ ਪ੍ਰਤੀ ਆਪਣੀ ਅਪਣੱਤ ਅਤੇ ਪਿਆਰ ਜਾਹਿਰ ਕਰਦਿਆਂ ਹੋਇਆ 21-9-1990 ਦਿਨ ਸ਼ੁੱਕਰਵਾਰ ਨੂੰ ਜ਼ਿਲ੍ਹਾ ਗੁਰਦਾਸਪੁਰ ਵਿਚ ਮੁਕੰਮਲ ਬੰਦ ਦਾ ਸੱਦਾ ਦਿੰਦੀਆਂ ਹਨ। ਅਸੀਂ ਸਮੂਹ ਸਾਧ ਸੰਗਤ ਨੂੰ ਬੇਨਤੀ ਕਰਦੇ ਹਾਂ ਕਿ

21-9-1990 ਨੂੰ ਮੁਕੰਮਲ ਬੰਦ ਕੀਤਾ ਜਾਵੇ। ਦੋਧੀ ਵੀਰ ਸ਼ਹਿਰਾਂ ਨੂੰ ਦੁੱਧ ਲੈ ਕੇ ਨਾ ਆਉਣ, ਸਕੂਲ, ਕਾਲਜ, ਪੰਜਾਬ ਰੋਡਵੇਜ਼, ਬਟਾਲਾ ਅਤੇ ਪੰਜਾਬ ਰੋਡਵੇਜ਼ ਪਠਾਨਕੋਟ ਦੀਆਂ ਬੱਸਾਂ, ਪ੍ਰਾਈਵੇਟ ਬੱਸਾਂ, ਕਾਰਖਾਨੇ ਮੁਕੰਮਲ ਬੰਦ ਰੱਖੇ ਜਾਣ। ਖ਼ਾਸ ਕਰਕੇ ਫ਼ਤਹਿਗੜ੍ਹ ਚੂੜੀਆਂ, ਬਟਾਲਾ, ਘੁਮਾਣ, ਸ੍ਰੀ ਹਰਿਗੋਬਿੰਦਪੁਰ, ਕਲਾਨੌਰ, ਡੇਰਾ ਬਾਬਾ ਨਾਨਕ, ਕਾਦੀਆਂ, ਧਾਰੀਵਾਲ, ਦੀਨਾਨਗਰ, ਗੁਰਦਾਸਪੁਰ ਸ਼ਹਿਰ ਵਿਚ ਵੱਖ-ਵੱਖ ਮੁਜ਼ਾਹਿਦਾਂ (ਖਾੜਕੂ ਸਿੰਘਾਂ) ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ ਤਾਕਿ ਬ੍ਰਾਹਮਣਵਾਦੀ ਸੋਚ ਦੇ ਧਾਰਨੀ ਲੋਕ ਪੁਲਿਸ ਦੇ ਮੁਖਬਰ ਇਸ ਬੰਦ ਨੂੰ ਅਸਫਲ ਬਣਾਉਣ ਲਈ ਕੋਈ ਕੋਝੀ ਹਰਕਤ ਨਾ ਕਰਨ। ਅਸੀਂ ਅਖੀਰ ਵਿਚ ਸਮੂਹ ਸਾਧ ਸੰਗਤ ਨੂੰ ਅਪੀਲ ਕਰਦੇ ਹਾਂ ਕਿ ਨਿਮਰਤਾ ਦੇ ਪੁੰਜ ਭਾਈ ਮਨਜੀਤ ਸਿੰਘ ਦਰਗਾਬਾਦ, ਭਾਈ ਦਲਬੀਰ ਸਿੰਘ ਘਸੀਟਪੁਰ ਪ੍ਰਤੀ ਆਪਣੇ ਪਿਆਰ ਦਾ ਸਬੂਤ ਦਿੰਦੇ ਹੋਏ ਬੰਦ ਵਿਚ ਮੁਕੰਮਲ ਬੰਦ ਰੱਖ ਕੇ ਸਿਵਾਏ ਆਪਣੇ ਦਿਲ ਦੀ ਧੜਕਣ ਦੇ ਗੁਰਦਾਸਪੁਰ ਜ਼ਿਲ੍ਹੇ ਵਿਚ ਹੋਰ ਕੁਝ ਚੱਲਦਾ ਨਜ਼ਰ ਨਾ ਆਵੇ। ਡਾਕਟਰੀ ਸਹਾਇਤਾ ਅਤੇ ਕਿਸਾਨਾਂ ਦੀ ਝੋਨੇ ਦੀ ਫ਼ਸਲ ਮੰਡੀਆਂ ਵਿਚ ਲਿਜਾਣ ਦੀ ਖੁੱਲ੍ਹ ਹੈ। ਬਾਕੀ ਸਭ ਗੁਰਦਾਸਪੁਰ ਜ਼ਿਲ੍ਹੇ ਵਿਚ ਬੰਦ ਰਹੇ। ਇਹੋ ਭਾਈ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਜਾਰੀ ਕਰਤਾ

ਭਾਈ ਚੜ੍ਹਤ ਸਿੰਘ ਘਸੀਟਪੁਰ

*(19 ਸਤੰਬਰ 1990 ਦੀ ਅੱਜ ਦੀ ਆਵਾਜ਼ ਵਿਚੋਂ ਉਤਾਰਾ)*

ਭਾਈ ਮਨਜੀਤ ਸਿੰਘ ਦਰਗਾਬਾਦ, ਭਾਈ ਦਲਬੀਰ ਸਿੰਘ ਬੀਰਾ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ 26 ਦਸੰਬਰ 1990 ਨੂੰ ਪਿੰਡ ਦਰਗਾਬਾਦ ਉਹਨਾਂ ਦੇ ਘਰ ਪਾਏ ਗਏ। ਜਿਸ ਵਿਚ ਇਲਾਕੇ ਦੀ ਸਮੂਹ ਸਾਧ ਸੰਗਤ ਸ. ਸਿਮਰਨਜੀਤ ਸਿੰਘ ਮਾਨ, ਅਕਾਲੀ ਦਲ ਅੰਮ੍ਰਿਤਸਰ ਜਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਬਾਬਾ ਸਵਰਨ ਸਿੰਘ ਜ਼ਫਰਵਾਲ, ਬਾਪੂ ਤਰਲੋਕ ਸਿੰਘ (ਪਿਤਾ ਸਹੀਦ ਭਾਈ ਸਤਵੰਤ ਸਿੰਘ), ਅਕਾਲੀ ਦਲ ਅੰਮ੍ਰਿਤਸਰ ਦੇ ਸ. ਸੁੱਚਾ ਸਿੰਘ ਛੋਟੇਪੁਰ, ਚਰਨਜੀਤ ਸਿੰਘ ਵਾਲੀਆ, ਦਮਦਮੀ ਟਕਸਾਲ ਦੇ ਸਿੰਘਾਂ ਨੇ ਕੀਰਤਨ ਕੀਤਾ। ਸ. ਸਿਮਰਨਜੀਤ ਸਿੰਘ ਮਾਨ ਨੇ ਸਿੱਖ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਈ ਮਨਜੀਤ ਸਿੰਘ ਸੰਤ ਸਿਪਾਹੀ ਯੋਧਾ ਸੀ, ਸੂਰਮੇ ਨੇ 18ਵੀਂ ਸਦੀ ਦੇ ਸਿੰਘਾਂ ਦੀਆਂ ਜੁਝਾਰੂ ਰਵਾਇਤਾਂ ਨੂੰ ਕਾਇਮ ਰੱਖਿਆ, ਮਜਲੂਮਾਂ ਦੀ ਢਾਲ ਬਣ ਕੇ ਰੱਖਿਆ ਕੀਤੀ। ਬਲੈਕ ਕੈਟਾਂ, ਲੁਟੇਰਿਆਂ ਤੇ ਸਰਕਾਰੀ ਜਾਬਰ ਅੱਤਵਾਦੀ ਟੋਲਿਆਂ, ਸਰਕਾਰੀ ਫ਼ੋਰਸਾਂ ਨਾਲ ਮੱਥਾ ਲਾਇਆ ਤੇ ਸਿੱਖੀ ਦੇ ਸਵੈਮਾਣ ਦੀ ਬਹਾਲੀ ਖ਼ਾਤਰ ਸ਼ਹੀਦੀ ਪ੍ਰਾਪਤ ਕੀਤੀ ਹੈ। ਜੁਝਾਰੂ ਸਿੰਘਾਂ ਨੂੰ ਭਾਈ ਮਨਜੀਤ ਸਿੰਘ ਦੁਰਗਾਬਾਦ ਵੱਲੋਂ ਸਿੱਖ ਸੰਘਰਸ਼ ਪ੍ਰਤੀ ਅਪਣਾਈਆਂ ਨੀਤੀਆਂ ਉੱਤੇ ਡਟ ਕੇ ਪਹਿਰਾ ਦੇਣਾ ਹੋਵੇਗਾ ਤਾਂ ਕਿ ਸ਼ਹੀਦ ਸਿੰਘਾਂ ਦੇ ਅਧੂਰੇ ਕਾਰਜ ਨੂੰ ਪੂਰਾ ਕੀਤਾ ਜਾ ਸਕੇ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥



ਜੂਨ 1984 ਦੇ ਹਮਲੇ ਤੋਂ ਪਹਿਲਾਂ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਸਵੀਰ

ਖ਼ੁਦਾ ਤੁਮ ਕੋ ਨਹੀਂ ਕਹਿਤੇ, ਮਗਰ ਸ਼ਾਨ-ਏ-ਖ਼ੁਦਾ ਤੁਮ ਹੋ



ਨੌਜਵਾਨਾਂ ਦਿਲਾਂ ਦੀ ਧੜਕਣ ਅਤੇ ਦੁਸ਼ਮਣ ਲਈ ਖ਼ੌਫ਼

**ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ**

14ਵੇਂ ਮੁਖੀ-ਦਮਦਮੀ ਟਕਸਾਲ

ਖੰਡਰਾਤ ਬਤਾ ਰਹੇ ਹੈਂ, ਸ਼ਹਾਦਤ ਅਜ਼ੀਮ ਥੀ



ਹਿੰਦੂ ਹਕੂਮਤ ਵੱਲੋਂ ਸਿੱਖ ਕੌਮ ਨੂੰ ਸਦੀਵੀਂ ਗੁਲਾਮ ਬਨਾਉਣ ਲਈ ਕੀਤੇ ਗਏ ਹਮਲੇ ਤੋਂ ਬਾਅਦ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਦਰਦਮਈ ਦ੍ਰਿਸ਼।

## ਰਾਤ ਨੇ ਕਸਾਈਆਂ ਦੀ ਕਰੀ ਹੈ, ਭਾਵੇਂ ਰੀਸ ਹੋ।
## ਉਹ ਕੀ ਜਾਣੇ ਤਲੀਆਂ ਤੇ ਵੀ, ਉੱਗ ਖਲੋਂਦੇ ਸੀਸ ਹੋ। (ਉਦਾਸੀ)



ਸਿੱਖ ਕੌਮ ਨਾਲ ਮੁੱਢ ਤੋਂ ਹੀ ਵੈਰ ਕਮਾਉਂਦੇ ਆ ਰਹੇ ਹਿੰਦੂ ਸਮਾਜ ਦੇ ਅੱਤ ਦੀ ਸਿਖਰ ਦਰਬਾਰ ਸਾਹਿਬ ਤੇ ਕੀਤਾ ਫੌਜੀ ਹਮਲਾ ਸੀ। ਇਸ ਹਮਲੇ ਦੀ ਮੁੱਖ ਦੋਸ਼ੀ ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਕੀਤੇ ਜ਼ੁਲਮਾਂ ਦੀ ਸਜ਼ਾ ਭਾਈ ਸਤਵੰਤ ਸਿੰਘ ਅਤੇ ਭਾਈ ਬੇਅੰਤ ਸਿੰਘ ਵਲੋਂ ਬਖਸ਼ੀ ਗਿੱਦੇ ਦਾਣ ਦਾ ਕਿਸੇ ਕਲਾਕਾਰ ਵਲੋਂ ਚਿਤਰਿਆ ਚਿਤਰ।





ਸ਼ਹੀਦ ਭਾਈ ਬੇਅੰਤ ਸਿੰਘ ਆਪਣੀ ਪਤਨੀ ਬੀਬੀ ਬਿਮਲ ਕੌਰ ਨਾਲ





ਇੰਦਰਾ ਗਾਂਧੀ ਦੇ ਅਗ ਰੱਖਿਅਕ ਵਜੋਂ ਖੜ੍ਹੇ ਸ਼ਹੀਦ ਭਾਈ ਬੇਅੰਤ ਸਿੰਘ ਦੀਆਂ ਪੁਰਾਣੀਆਂ ਤਸਵੀਰਾਂ





ਦਮਦਮੀ ਟਕਸਾਲ ਵਲੋਂ ਸਿੱਖ ਕੌਮ ਲਈ ਸਿਰ ਦੇਣ ਦੀ ਪਰੰਪਰਾ ਨੂੰ ਕਾਇਮ ਰੱਖਣ ਵਾਲੇ ਜੰਗਜੂ ਯੋਧੇ
ਸ਼ਹੀਦ ਭਾਈ ਮੇਜਰ ਸਿੰਘ ਨਾਗੋਕੇ



ਸਿੱਖ ਕੌਮ ਦੇ ਆਜ਼ਾਦ ਘਰ 'ਖ਼ਾਲਿਸਤਾਨ' ਦੀ ਪ੍ਰਾਪਤੀ ਲਈ ਜੱਦੋ-ਜਹਿਦ ਕਰਨ ਲਈ
ਸ੍ਰੀ ਅਕਾਲ ਤਖ਼ਤ ਸਾਹਿਬ ਸਨਮੁੱਖ ਦਮਦਮੀ ਟਕਸਾਲ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ
ਦੇ ਸੱਦੇ ਤੇ ਜੁੜ ਬੈਠਾ 'ਸਰਬੱਤ ਖ਼ਾਲਸਾ-1986' ਦਾ ਠਾਠਾਂ ਮਾਰਦਾ ਇਕੱਠ ।



ਸਿੱਖ ਸੰਘਰਸ਼ ਦੀ ਮੁਢਲੀ ਪੰਥਕ ਕਮੇਟੀ ਦੀ ਮੀਟਿੰਗ ਵਿੱਚ ਜੁੜ ਬੈਠੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ,
ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਗਿ. ਭਾਈ ਅਰੂੜ ਸਿੰਘ, ਭਾਈ ਧੰਨਾ ਸਿੰਘ
ਅਤੇ ਵੱਸਣ ਸਿੰਘ ਜਫਰਵਾਲ ।



'ਡੂੰਘੀ ਗੰਭੀਰ ਸੋਚਣੀ 'ਚ ਡੁਬੀ ਹੋਈ ਪੰਥ ਦੀ ਗੰਭੀਰ ਖਾੜਕੂ ਸਖਸ਼ੀਅਤ
ਸਹੀਦ ਜਨਰਲ ਭਾਈ ਲਾਭ ਸਿੰਘ



ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ
ਸ਼ਹੀਦ ਭਾਈ ਗੁਰਜੀਤ ਸਿੰਘ ਝੋਕ ਹਰੀਹਰ ਨਾਲ



ਭਾਈ ਬਲਵਿੰਦਰ ਸਿੰਘ ਮਾਨੋਚਾਹਲ, ਭਾਈ ਚਰਨਜੀਤ ਸਿੰਘ ਚੰਨੀ,
ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਗੁਰਜੀਤ ਸਿੰਘ ਝੋਕ ਹਰੀਹਰ ਨਾਲ



ਅਨੋਖੀ ਖਾੜਕੂ ਜੋੜੀ ਸਹੀਦ ਭਾਈ ਹਰਜਿੰਦਰ ਸਿੰਘ ਜਿੰਦਾ
ਅਤੇ ਸ਼ਹੀਦ ਜਨਰਲ ਭਾਈ ਲਾਭ ਸਿੰਘ



ਭਾਈ ਮਲਕੀਤ ਸਿੰਘ ਰਾਜਸਥਾਨੀ ਨਾਲ ਬੈਠੇ ਹੋਏ



ਖ਼ਾਲਿਸਤਾਨੀ ਜਰਨੈਲ ਦੇ ਸ਼ਹੀਦੀ ਮੁੱਖ ਦੇ ਆਖਰੀ ਦਰਸ਼ਨ



ਚੁਣ-ਚੁਣ ਕੇ ਸਿਖ ਪੰਥ ਦੇ ਦੋਖੀਆਂ ਨੂੰ ਸੋਧਾ ਲਾਉਣ ਵਾਲੇ
ਖਾੜਕੂ ਲੈਫ.ਜਨ: ਸ਼ਹੀਦ ਭਾਈ ਗੁਰਮੁਖ ਸਿੰਘ ਨਾਗੋਕੇ



ਦੁਸ਼ਮਣ ਨੂੰ ਅਸਲੀ ਮੁਕਾਬਲਿਆਂ ਦਾ ਪਾਠ ਪੜ੍ਹਾ ਕੇ
ਜਮਪੁਰੀ ਪਹੁੰਚਾਉਣ ਵਾਲੇ ਸ਼ਹੀਦ ਭਾਈ ਸੁਖਵਿੰਦਰ ਸਿੰਘ ਪੱਪੂ ਨਾ







ਉਮਰ ਦੇ ਵੱਖ-ਵੱਖ ਪੜਾਵਾਂ ਨੂੰ ਦ੍ਰਿਸ਼ਮਾਨ ਕਰਦੀਆਂ ਸ਼ਹੀਦ ਭਾਈ ਮਥਰਾ ਸਿੰਘ ਉਰਫ ਭਾਈ ਹਰਵਿੰਦਰ ਸਿੰਘ ਦੀਆਂ ਕੁਝ ਤਸ



ਸੰਤ ਜਰਨੈਲ ਸਿੰਘ ਭਿੰਡਰਾਵਾਲਿਆਂ ਦੀ ਅਗਵਾਈ ਅਤੇ ਬਿਤਾਏ ਪਲਾਂ
ਨੂੰ ਜੂਝ ਕੇ ਸਫਲਾ ਕਰਨ ਵਾਲੇ ਭਾਈ ਜਗਬੀਰ ਸਿੰਘ ਜੱਗਾ ਨਾਗੋਕੇ



ਭਾਈ ਮਹਿੰਦਰ ਸਿੰਘ ਲੁਬਾਣਿਆਂ ਵਾ



ਸਹੀਦ ਭਾਈ ਸੁਖਦੇਵ ਸਿੰਘ ਸਖ਼ੀਰਾ
ਦਮਦਮੀ ਟਕਸਾਲ



ਸ਼ਹੀਦ ਭਾਈ ਸੁਖਦੇਵ ਸਿੰਘ ਸਖ਼ੀਰਾ ਦਾ ਸ਼ਹੀਦੀ ਸਰੂਪ



ਸਹੀਦ ਭਾਈ ਹਰਜਿੰਦਰ ਸਿੰਘ ਠੱਕਰ ਸੰਧੂ
ਦਮਦਮੀ ਟਕਸਾਲ



ਸ਼ਹੀਦ ਭਾਈ ਬਿਕਰਮਜੀਤ ਸਿੰਘ ਕੰਮੋਕੇ



ਸ਼ਹੀਦ ਭਾਈ ਤਰਸੇਮ ਸਿੰਘ ਕੁਹਾੜ







ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸ਼ਹੀਦ ਡਾ. ਭਾਈ ਗੁਰਨਾਮ ਸਿੰਘ ਬੁੱਟਰ ਦੀਆਂ ਕੁਝ ਤਸਵੀਰਾਂ।



ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ



ਬਾਬਾ ਮਾਨੋਚਾਹਲ ਸੰਤ ਭਿੰਡਰਾਂਵਾਲਿਆਂ ਦੀ ਸੰਗਤ ਵਿੱਚ



ਆਧੁਨਿਕ ਹਥਿਆਰਾਂ ਨਾਲ ਲੈਸ ਖ਼ਾਲਿਸਤਾਨ ਸੰਘਰਸ਼ ਦੇ ਬਾਬਾ ਬੋਹੜ ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ



ਸ਼ਹੀਦ ਹੋਏ ਸਿੰਘ ਦੇ ਸਿਰਹਾਣੇ ਖਿੜਖੜਾਉਂਦੀਆਂ
ਹੋਈਆਂ ਹਿੰਦੋਸਤਾਨੀ ਗੀਦੀ ਧਾੜਾਂ



ਰਟੌਲ ਦੇ ਖੇਤਾਂ 'ਚ ਡੁੱਬਿਆ ਕੌਮ ਦਾ ਸੂਰਜ
ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ



ਸਹੀਦ ਡਾ. ਭਾਈ ਬਰਜਿੰਦਰ ਸਿੰਘ ਪੰਜਵੜ੍ਹ



ਸ਼ਹੀਦ ਭਾਈ ਕਾਰਜ ਸਿੰਘ ਥਾਦੇ





ਸ਼ਹੀਦ ਭਾਈ ਰਛਪਾਲ ਸਿੰਘ ਛੰਦੜਾ ਅਤੇ ਸ਼ਹੀਦ ਭਾਈ ਸੁਖਵਿੰਦਰ ਸਿੰਘ ਸੰਘਾ



ਸ਼ਹੀਦ ਭਾਈ ਭੁਪਿੰਦਰ ਸਿੰਘ ਭਿੰਦਾ ਕੰਮੋਕੇ



ਸ਼ਹੀਦ ਭਾਈ ਰਛਪਾਲ ਸਿੰਘ ਛੰਦੜਾ ਨੂੰ ਕੋਹ-ਕੋਹ ਕੇ ਸਹੀਦ ਕੀਤੇ
ਜਾਣ ਦੀ ਗਵਾਹੀ ਭਰਦਾ ਹੋਇਆ ਦ੍ਰਿਸ



ਸ਼ਹੀਦ ਭਾਈ ਬਿਕਰਮਜੀਤ ਸਿੰਘ ਨਾਰਲਾ



ਸ਼ਹੀਦ ਭਾਈ ਗੁਰਮੁੱਖ ਸਿੰਘ ਬੱਗਾ ਉਰਫ ਗੰਭੀਰ ਸਿੱਟਾ



ਸ਼ਹੀਦ ਭਾਈ ਤਰਸੇਮ ਸਿੰਘ ਮੱਤੇਵਾਲ ਅਤੇ ਸ਼ਹੀਦ ਭਾਈ ਸੀਤਲ ਸਿੰਘ ਮੱਤੇਵਾਲ



ਸ਼ਹੀਦ ਬੀਬੀ ਨਰਿੰਦਰ ਕੌਰ ਮਤੇਵਾਲ





ਸ਼ਹੀਦ ਭਾਈ ਸੀਤਲ ਸਿੰਘ ਮੱਤੇਵਾਲ ਦੇ ਸ਼ਹੀਦੀ ਸਰੂਪ ਦੇ ਦਰਸ਼ਨ



ਸ਼ਹੀਦ ਭਾਈ ਅਰੂੜ ਸਿੰਘ



ਸ਼ਹੀਦ ਭਾਈ ਵਰਿਆਮ ਸਿੰਘ ਖੱਪਿਆਂਵਾਲੀ



ਸ਼ਹੀਦ ਭਾਈ ਮਨਜੀਤ ਸਿੰਘ ਖੁਜਾਲਾ



ਖ਼ਾਲਿਸਤਾਨ ਦੀ ਪ੍ਰਾਪਤੀ ਲਈ ਹਥਿਆਰਬੰਦ ਸੰਘਰਸ਼ ਕਰਕੇ ਕੌਮ ਦਾ ਸਿਰ ਉੱਚਾ ਕਰਨ ਵਾਲੇ
ਸ਼ਹੀਦ ਭਾਈ ਅਵਤਾਰ ਸਿੰਘ ਬ੍ਰਹਮਾ



ਸ਼ਹੀਦ ਭਾਈ ਅਵਤਾਰ ਸਿੰਘ ਬ੍ਰਹਮਾ



ਸ਼ਹੀਦ ਭਾਈ ਅਵਤਾਰ ਸਿੰਘ ਬ੍ਰਹਮਾ ਦੇ ਅੰਤਿਮ ਦਰਸ਼ਨ




ਸ਼ਹੀਦ ਭਾਈ ਗੁਰਮੇਜ ਸਿੰਘ ਵਿਲਵਾਂ




ਸ਼ਹੀਦ ਬਾਬਾ ਰਣਜੀਤ ਸਿੰਘ ਦਿਆਲਗੜ੍ਹ



ਲੋਕ ਨਾਇਕ ਸ਼ਹੀਦ ਭਾਈ ਜੁਗਰਾਜ ਸਿੰਘ ਤੂਫਾਨ



ਸ਼ਹੀਦ ਭਾਈ ਜੁਗਰਾਜ ਸਿੰਘ ਤੂਫਾਨ
ਦਾ ਸ਼ਹੀਦੀ ਸਰੂਪ





ਸ਼ਹੀਦ ਭਾਈ ਜੁਗਰਾਜ ਸਿੰਘ ਸਮਾਲਸਰ



ਸ਼ਹੀਦ ਭਾਈ ਕੁਲਦੀਪ ਸਿੰਘ ਮੁੱਛਲ



ਸ਼ਹੀਦ ਭਾਈ ਕਾਰਜ ਸਿੰਘ ਥਾਂਦੇ ਆਪਣੀ ਸਿੰਘਣੀ
ਸ਼ਹੀਦ ਬੀਬੀ ਕਸ਼ਮੀਰ ਕੌਰ ਨਾਲ



ਸ਼ਹੀਦ ਭਾਈ ਮਨਜੀਤ ਸਿੰਘ ਦਰਗਾਬਾਦ



ਸ਼ਹੀਦ ਭਾਈ ਅਨੋਖ ਸਿੰਘ ਬੱਬਰ



ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ





ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ



ਸ. ਮਨਿੰਦਰ ਸਿੰਘ ਬਾਜਾ

ਹਥਿਆਰਬੰਦ ਖਾੜਕੂ ਸੰਘਰਸ਼ ਨੂੰ ਕੋਰੇ ਕਾਗਜ਼ ਦੀ ਹਿੱਕ ਤੇ ਚਿਤਰਨ ਵਾਲੇ ਪੰਥਕ ਲਿਖਾਰੀਆਂ ਵਿਚ ਸ. ਮਨਿੰਦਰ ਸਿੰਘ ਬਾਜਾ ਦਾ ਨਾਮ ਆਉਂਦਾ ਹੈ। ਹਿੰਦੁਸਤਾਨੀ ਸਰਕਾਰਾਂ ਦੇ ਕਹਿਰਾਂ ਨੂੰ ਜਿਥੇ ਸਿੱਖ ਕੌਮ ਨੇ ਆਪਣੇ ਪਿੰਡੇ ਤੇ ਹੰਢਾਇਆ ਹੈ, ਉਥੇ ਹੀ ਖ਼ਾਲਿਸਤਾਨ ਦੀ ਪ੍ਰਾਪਤੀ ਲਈ ਬਾਗੀ ਬਣ ਕੇ ਹਿੰਦੂ ਹਾਕਮਾਂ ਅਤੇ ਉਹਨਾਂ ਦੇ ਕਰਿੰਦਿਆਂ ਦੇ ਦੰਦ ਖੱਟੇ ਕਰਨ ਤੁਰੀ ਸਿੱਖ ਨੌਜਵਾਨੀ ਨੇ ਵੀਂਹਵੀ ਸਦੀ ਦੇ ਆਖਰੀ ਦਹਾਕਿਆਂ ਦੌਰਾਨ ਕਈ ਸ਼ਾਨਾਂਮੱਤੇ ਇਤਿਹਾਸ ਸਿਰਜੇ ਹਨ। ਦੁਸ਼ਮਣ ਦੀਆਂ ਗੋਲੀਆਂ ਦੀ ਵਾਛੜ ਅੱਗੇ ਸੀਨਾ ਤਾਣ ਕੇ ਸ਼ਹੀਦ ਹੋਏ ਯੋਧਿਆਂ ਦੀ ਦਾਸਤਾਨ ਨੂੰ ਹਥਲੀ ਪੁਸਤਕ 'ਖਾੜਕੂ ਯੋਧੇ' ਅੰਦਰ ਬਾਖੂਬੀ ਬਿਆਨਿਆ ਗਿਆ ਹੈ। ਸ਼ਹੀਦ ਸਿੰਘਾਂ ਦੇ ਮਾਪਿਆਂ ਨਾਲ ਗੱਲਬਾਤ ਕਰਕੇ ਸੱਚ ਨੂੰ ਸਾਹਮਣੇ ਲਿਆਉਣ ਦੀ ਮੁਹਾਰਤ ਸ. ਮਨਿੰਦਰ ਸਿੰਘ ਬਾਜਾ ਵਿੱਚ ਵਿਸ਼ੇਸ਼ ਹੈ। ਪੁਰਾਣੀਆਂ ਅਖ਼ਬਾਰਾ ਫੋਲ ਕੇ, ਉਹਨਾਂ ਵਿੱਚ ਪੰਜਾਬ ਪੁਲਿਸ ਅਤੇ ਹਿੰਦੂ ਹਕੂਮਤ ਦੇ ਪ੍ਰਭਾਵ ਅਧੀਨ ਛਪਦੀਆਂ ਰਹੀਆਂ ਫਰਜ਼ੀ ਖ਼ਬਰਾਂ ਦਾ ਹਵਾਲਾ ਦੇ ਕੇ ਸੱਚ ਕਹਿਣ ਦੀ ਹਿੰਮਤ ਲਿਖਾਰੀ ਵੱਲੋਂ ਕੀਤੀ ਗਈ ਹੈ, ਕਿ ਕਿਵੇਂ ਗ੍ਰਿਫਤਾਰ ਕੀਤੇ ਗਏ ਖਾੜਕੂ ਸਿੰਘਾਂ ਨੂੰ ਬੇਤਹਾਸ਼ਾ ਤਸ਼ੱਦਦ ਕਰਨ ਤੋਂ ਬਾਅਦ ਉਹਨਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾ ਦਿੱਤੇ ਜਾਂਦੇ ਰਹੇ ਅਤੇ ਵਾਰਿਸਾਂ ਨੂੰ ਸ਼ਹੀਦੀ ਦੇਹਾਂ ਵੀ ਨਾ ਦਿੱਤੀਆਂ ਜਾਂਦੀਆਂ। ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਆਰੰਭੇ ਮੌਜੂਦਾ ਸਿੱਖ ਸੰਘਰਸ਼ ਦੇ ਉਹਨਾਂ ਸੂਰਮਿਆਂ ਦੀ ਯਾਦ "ਖਾੜਕੂ ਯੋਧੇ" ਸਦੀਵੀ ਕਰ ਦੇਵੇਗੀ, ਜੋ ਕੌਮ ਦੀ ਆਜ਼ਾਦੀ ਲਈ ਸਿਰ-ਧੜ ਦੀਆਂ ਬਾਜ਼ੀਆ ਲਾ ਦਸਮੇਸ਼ ਪਿਤਾ ਦੀ ਗੋਦ ਵਿਚ ਜਾ ਬਿਰਾਜੇ ਹਨ। ਲਿਖਾਰੀ ਨੇ ਚੋਜੀ ਪ੍ਰੀਤਮ ਦੇ ਸਪੂਤਾਂ ਵੱਲੋ ਦੁਸ਼ਮਣ ਫੋਰਸਾਂ ਦੇ ਨਾਸੀਂ ਧੂਆਂ ਚੜਾ ਦੇਣ ਵਾਲੇ ਮੁਕਾਬਲਿਆਂ ਨੂੰ ਬਹੁਤ ਹੀ ਸੋਹਣੇ ਸ਼ਬਦਾਂ ਨਾਲ ਨਿਵਾਜਿਆ ਹੈ। ਹਿੰਦੁਸਤਾਨ ਅੰਦਰ ਗੁਲਾਮ ਰਹਿ ਕੇ ਦਿਨ ਕੱਟੀਆਂ ਕਰ ਰਹੀ ਸਿੱਖ ਕੌਮ ਆਜ਼ਾਦੀ ਦੀ ਮੰਗ ਨੂੰ ਬੁਲੰਦ ਕਰਨ ਵਿਚ ਹਥਲੀ ਪੁਸਤਕ ਅੰਤਰਰਾਸ਼ਟਰੀ ਪੱਧਰ ਤੇ ਉਚੇਰੀ ਭੂਮਿਕਾ ਨਿਭਾਵੇਗੀ। ਦਾਸ ਦੀ ਗੁਰੂ ਸਾਹਿਬ ਦੇ ਚਰਨਾਂ ਵਿਚ ਜੋਦੜੀ ਹੈ ਕਿ ਕਲਮੀ ਸੰਘਰਸ਼ ਕਰਨ ਵਾਲੇ ਸਮੂਹ ਸਿੱਖਾਂ ਉਪਰ ਮਿਹਰ ਭਰਿਆ ਹੱਥ ਰੱਖਣ ਤਾਂ ਜੋ ਇਤਿਹਾਸ ਸਿਰਜ ਰਹੇ ਸੂਰਿਆਂ ਦਾ ਇਤਿਹਾਸ ਸਾਂਭਿਆ ਜਾ ਸਕੇ।

- ਬਘੇਲ ਸਿੰਘ ਬਾਗੀ


ਪ੍ਰਕਾਸ਼ਕ—

**ਗੁਰਮਤਿ ਪੁਸਤਕ ਭੰਡਾਰ (31 ਨੰਬਰ ਵਾਲੇ)**

ਦੁਕਾਨ ਨੰ.: 154, ਘੰਟਾ ਘਰ ਮਾਰਕੀਟ, ਅੰਮ੍ਰਿਤਸਰ

ਫੋਨ : 0183-5101231 ਮੋਬਾਇਲ : 98726-58302, 98151-61234

ਨੋਟ: ਇਹ ਦੁਕਾਨ ਇਸ ਮਾਰਕੀਟ 'ਚੋਂ ਬਦਲ ਕੇ ਨਵੀਂ ਬਣੀ ਘੰਟਾਂ ਘਰ ਮਾਰਕੀਟ (ਸਕੂਟਰ ਸਟੈਂਡ ਦੇ ਉਪਰ) 154 ਨੰਬਰ ਵਿਚ ਜਾ ਚੁੱਕੀ ਹੈ